

read more on:
www.parwazparkashan.com
ISSN 2321- 4449
47
ਕਹਾਣੀ ਧਾਰਾ
ਮੇਰੇ ਪੁਰਖੇ ਅੰਕ
40/-
ਅਕਤੂਬਰ-ਦਸੰਬਰ, 2017

***ਅਕਤੂਬਰ-ਦਸੰਬਰ,2017 ਅੰਕ :47***

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

ਕਹਾਣੀ ਧਾਰਾ

**e-mail:**
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**(ਕਾਲਜ ਲਾਇਬਰੇਰੀ ਲਈ 500/-)**
**10 ਅੰਕ: ਡਾਲਰ:40, ਤੇ ਪੌਂਡ: 35**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

ਸੰਪਾਦਕੀ-ਭਗਵੰਤ ਰਸੂਲਪੁਰੀ-2

***ਇਕ ਅੰਕ ਦੇ ਲੇਖਕ***

1. ਡਾ. ਜਗਤਾਰ-4
2. ਜਸਵੰਤ ਸਿੰਘ ਵਿਰਦੀ-7
3. ਰਾਮ ਸਰੂਪ ਅਣਖੀ-10
4. ਕਰਾਂਤੀ ਪਾਲ-12
5. ਦਲਬੀਰ ਚੇਤਨ-15
6. ਸਰਘੀ-17
7. ਡਾ.ਐੱਸ.ਤਰਸੇਮ-23
8. ਅਤਰਜੀਤ-27
9. ਦਰਸ਼ਨ ਸਿੰਘ ਧੀਰ-37
10. ਸਿਰੀ ਰਾਮ ਅਰਸ਼-42
11. ਪ੍ਰੇਮ ਗੋਰਖੀ-48
12. ਸਰੂਪ ਸਿਆਲਵੀ-50
13. ਮੇਜਰ ਮਾਂਗਟ-59
14. ਕੁਲਜੀਤ ਮਾਨ-69
15. ਕੇਵਲ ਸਿੰਘ ਪਰਵਾਨਾ-78
16. ਭੂਰਾ ਸਿੰਘ ਕਲੇਰ-81
17. ਬਲੀਜੀਤ -84
18. ਭਗਵੰਤ ਰਸੂਲਪੁਰੀ-90
19. ਮੋਹਨ ਲਾਲ ਫਿਲੌਰੀਆ-96
20. ਸੁਖਦੇਵ ਸਿੱਧੂ-99
21. ਸ਼ਰਨਜੀਤ ਕੌਰ-104
22. ਐਸ. ਆਰ ਲੱਧੜ-106
23. ਰਘਬੀਰ ਸਿੰਘ ਮਾਨ-109
24. ਭੋਲਾ ਸਿੰਘ ਸੰਘੇੜਾ-112
25. ਦਵਿੰਦਰ ਮੰਡ-116
26. ਨਿਰਮਲ ਨਿੰਮਾ ਲੰਗਾਹ-122
27. ਜਗਵਿੰਦਰ ਜੋਧਾ-126
28. ਗੁਰਮੀਤ ਸਿੰਘ ਸਿੰਗਲ-132
29. ਹਰਪ੍ਰੀਤ ਸਿੰਘ ਹੁੰਦਲ-140
30. ਮੰਗਤ ਰਾਮ-143
31. ਪਵਿੱਤਰ ਕੌਰ ਮਾਟੀ-148
32. ਸੁਰਜੀਤ ਸੁਮਨ-152
33. ਐੱਚ ਐਸ ਡਿੰਪਲ-157
34. ਸਰੋਜ-165
35. ਸੋਹਜ ਦੀਪ-167
36. ਦਵਿੰਦਰ ਕੌਰ (ਕੈਨੇਡਾ)-172
37. ਕਰਨੈਲ ਚੰਦ-178
38. ਸਰਣ ਕੁਮਾਰ ਲਿੰਬਾਲੇ-181

***ਆਲੋਚਨਾ :***

1. ਬਲਦੇਵ ਸਿੰਘ 'ਸੜਕਨਾਮਾ' ਦੀਆਂ ਕਹਾਣੀਆਂ :ਨਿਮਨ ਵਰਗ ਦੀ ਪੇਸ਼ਕਾਰੀ/ - ਰਾਜਪ੍ਰੀਤ ਸ਼ਰਮਾ-183
2. ਨਾਰੀਵਾਦ ਅਤੇ ਅਜੋਕੀ ਪੰਜਾਬੀ ਕਹਾਣੀ/ -ਬਲਜਿੰਦਰ ਸਿੰਘ-187

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ**
**(ਪ੍ਰਕਾਸ਼ਨ ਮਿਤੀ 10 ਅਕਤੂਬਰ, 2017)**

## ਸੰਪਾਦਕੀ

# ਪੁਰਖਿਆ ਦਾ ਕੱਚ-ਸੱਚ/- ਭਗਵੰਤ ਰਸੂਲਪੁਰੀ

ਬੈਠਿਆ ਬੈਠਿਆ ਸੋਚ ਲਿਆ ਬਈ ਲੇਖਕਾਂ ਕੋਲੋਂ ਉਨ੍ਹਾਂ ਦੇ ਪੁਰਖਿਆ ਬਾਰੇ ਲਿਖਵਾ ਲਿਆ ਜਾਵੇ। ਸੋ ਤਿਆਰੀ ਸ਼ੁਰੂ ਕਰ ਦਿੱਤੀ। ਪਰਚੇ ਦੇ ਨਾਲ ਹੀ ਸੂਚਨਾ ਵਾਲੇ ਰੁੱਕੇ ਪਾ ਦਿੱਤੇ। ਫਿਰ ਮੇਲ ਤੇ ਫੋਨ ਕਰਕੇ ਸੁਨੇਹੇ ਲਾ ਦਿੱਤੇ। ਪਹਿਲਾਂ ਪਹਿਲ ਥੋੜਾ ਹੁੰਘਾਰਾ ਮਿਲਿਆ। ਫਿਰ ਇਕ ਦਮ ਲੇਖਕਾਂ ਦੇ ਆਪਣੇ ਪੁਰਖਿਆ ਬਾਰੇ ਲੇਖ ਆਉਣ ਲੱਗ ਪਏ। ਐਨਾ ਮੈਟਰ ਹੋ ਗਿਆ ਕਿ ਤਿੰਨ ਸੌ ਪੰਨਿਆ ਤੋਂ ਉਪਰ ਦਾ ਮੈਟਰ ਹੋ ਗਿਆ। ਕਾਫੀ ਮੈਟਰ ਰੱਖ ਲਿਆ ਹੈ। ਜਿਨ੍ਹਾਂ ਨੂੰ ਅਗਲੇ ਅੰਕਾਂ ਵਿਚ ਛਾਪਿਆ ਜਾਵੇਗਾ।

ਮੇਰੀ ਇੱਛਾ ਤਾਂ ਇਹੀ ਸੀ ਲੇਖਕ ਆਪਣੇ ਪੁਰਖਿਆ ਬਾਰੇ ਖੁੱਲ੍ਹ ਕੇ ਲਿਖਣ। ਉਨ੍ਹਾਂ ਦੇ ਚੰਗੇ ਮਾੜੇ ਪੱਖ ਲਿਖਣ ਅਤੇ ਪੁਰਖਿਆ ਦਾ ਉਨ੍ਹਾਂ ਤੇ ਕਿੰਨ੍ਹਾ ਕੁ ਅਸਰ ਹੈ ਅਤੇ ਉਨ੍ਹਾਂ ਦੀ ਸੋਚ ਨੂੰ ਪੁਰਖੇ ਕਿਵੇਂ ਪ੍ਰਭਾਵਿਤ ਕਰਦੇ ਹਨ ਵੀ ਲਿਖਣ। ਕਾਫੀ ਹੱਦ ਤੱਕ ਮੈਂ ਸਫ਼ਲ ਵੀ ਹੋਇਆ ਹਾਂ।

ਮਨ ਵਿਚ ਸੋਚਣ ਲੱਗਾ ਕਿ ਅਸੀਂ ਪੁਰਖੇ ਕਿਨ੍ਹਾਂ ਨੂੰ ਕਹੀਏ। ਉਹ ਜਿਨ੍ਹਾਂ ਨੇ ਸਾਨੂੰ ਜਨਮ ਦਿੱਤਾ ਜਾਂ ਉਹ ਜਿਹੜੇ ਸਾਡੇ ਮਾਂ-ਪਿਓ ਦੇ ਮਾਂ ਬਾਪ ਹਨ। ਜਾਂ ਉਹ ਜਿਨ੍ਹਾਂ ਤੋਂ ਅਸੀਂ ਆਲੇ ਦੁਆਲੇ ਦੀ ਸਮਾਜਿਕ ਸੂਝ ਪ੍ਰਾਪਤ ਕਰਦੇ ਹਾਂ। ਲੇਖਕਾਂ ਦੇ ਪੁਰਖੇ ਕਿਹੜੇ ਹਨ ਜਾਂ ਸਾਡੀ ਪ੍ਰਕ੍ਰਿਤੀ ਸਾਡੇ ਪੁਰਖੇ ਹਨ।

ਲੇਖਕਾਂ ਦੇ ਅਸਲ ਪੁਰਖੇ ਤਾਂ ਉਹ ਵਿਛੜ ਗਏ ਜਾਂ ਬਜ਼ੁਰਗ ਲੇਖਕ ਹਨ ਜਿਨ੍ਹਾਂ ਦੀਆਂ ਲਿਖਤਾਂ ਪੜ੍ਹ ਪੜ੍ਹ ਕੇ ਨਵਾਂ ਲਿਖਾਰੀ ਬਣਦਾ ਹੈ। ਆਪਣੇ ਤੋਂ ਸੀਨੀਅਰ ਲੇਖਕ ਹੀ ਨਵੇਂ ਲੇਖਕਾਂ ਦੇ ਪੁਰਖੇ ਹਨ। ਇਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਅਸੀਂ ਸਮਾਜ ਦੀ ਸੂਝ ਰੱਖਦੇ ਹਾਂ। ਸਾਨੂੰ ਇਤਿਹਾਸ, ਸਮਾਜ ਸ਼ਾਸ਼ਤਰ ਅਤੇ ਫਲਸਫ਼ੇ ਦੀ ਸੋਝੀ ਆਉਂਦੀ ਹੈ। ਸਾਹਿਤ ਦੀ ਗਤੀ ਦਾ ਪਤਾ ਲੱਗਦਾ ਹੈ ਅਤੇ ਲਿਖਤਾਂ ਦੇ ਵਿਕਾਸ ਦਾ ਪਤਾ ਲੱਗਦਾ ਹੈ।

ਤਕਰੀਬਨ ਸਾਰਿਆਂ ਨੇ ਆਪਣੇ ਆਪਣੇ ਪੁਰਖਿਆ ਦੀਆਂ ਖੂਬੀਆਂ ਨੂੰ ਬਿਆਨ ਕੀਤਾ ਹੈ। ਮਸਲਨ ਬਈ ਉਨ੍ਹਾਂ ਦੇ ਪੁਰਖੇ ਬੜੇ ਉੱਚੇ, ਸੁੱਚੇ, ਇਮਾਨਦਾਰ, ਸਿਆਣੇ, ਹਰ ਇਕ ਦੇ ਕੰਮ ਆਉਣ ਵਾਲੇ ਆਦਿ ਤੇ ਸਭ ਕੁੱਝ ਸੱਚਾ, ਉੱਚਾ, ਪਾਕਿ, ਪਵਿੱਤਰ ਤੇ ਸ਼ਲੀਨ ਵਿਹਾਰ ਵਾਲੇ ਸਨ। ਇਹ ਇਕ ਪੱਖ ਹੈ। ਬੰਦੇ ਦਾ ਦੂਜਾ ਪੱਖ ਲੁਕਿਆ ਰਹਿ ਗਿਆ। ਬੰਦਾ ਗੁਣ ਤੇ ਦੋਸ਼ਾ ਨਾਲ ਹੀ ਪੂਰਾ ਬੰਦਾ ਬਣਦਾ ਹੈ। ਬੰਦੇ ਦਾ ਸਾਰਾ ਕੁੱਝ ਚੰਗਾ ਤਾਂ ਹੁੰਦਾ ਹੀ ਨਹੀਂ ਉਹ ਮਾੜਾ ਵੀ ਹੁੰਦਾ। ਕਮੀਨਾ ਵੀ ਹੋ ਜਾਂਦਾ। ਘਟੀਆਂ ਵੀ ਬਣ ਜਾਂਦਾ। ਉਹ ਬੰਦਾ ਕਿੱਥੇ ਹੈ? ਮੇਰਾ ਲੇਖਕਾਂ ਨੂੰ ਵੀ ਸਵਾਲ ਹੈ। ਬਈ ਤੁਹਾਡੇ ਪੁਰਖਿਆ ਦੇ ਉਹ 'ਗੁਣ' ਕਿੱਥੇ ਤੁਸੀਂ ਲਕੋ ਲਏ ਨੇ? ਇਹਦਾ ਮਤਲਬ ਤੁਸੀਂ ਜਾਂ ਤਾਂ ਝੂਠ ਲਿਖਿਆ ਜਾਂ ਫਿਰ ਉਹ ਪੱਖ ਲਕੋ ਲਿਆ। ਲਿਖਣ ਵਾਲਿਆਂ ਨੇ ਦੀਵੇ ਦੀ ਰੌਸ਼ਨੀ ਤਾਂ ਦਿਖਾ ਦਿੱਤੀ। ਦੀਵੇ ਥੱਲੇ ਜਿਹੜਾ 'ਹਨੇਰਾ' ਹੈ, ਉਹਨੂੰ ਆਪਣੇ ਕੋਲ ਰੱਖ ਲਿਆ। ਪੁਰਖਿਆ ਬਾਰੇ ਲਿਖਣਾ ਬੜਾ ਟੇਢਾ ਕਾਰਜ ਹੁੰਦਾ ਹੈ। ਸਮਾਜਿਕ ਦਬਾ, ਪਰਿਵਾਰਕ ਸਹਿਮ, ਆਪਣਾ ਬਣਿਆ ਹੋਇਆ ਸਮਾਜਿਕ ਰੁਤਬਾ, ਆਪਣੇ ਬਾਰੇ ਤੇ ਆਪਣੇ ਪੁਰਖਿਆ ਦਾ 'ਸੱਚ' ਲਿਖਣਾ ਆਪਣੇ ਆਪ ਨੂੰ ਚੌਰਾਹੇ ਵਿਚ ਨੰਗਾ ਕਰਨਾ ਹੁੰਦਾ ਹੈ। ਭਲਾ ਇਹ ਕੰਮ ਕੌਣ ਕਰੇਗਾ। ਕੀ ਪੰਜਾਬੀ ਲੇਖਕ ਮਰਾਠੀ ਲੇਖਕ ਸ਼ਰਣ ਕੁਮਾਰ ਲਿੰਬਾਲੇ ਬਣ ਸਕਦਾ ਹੈ? ਨਹੀਂ ਬਿਲਕੁੱਲ ਨਹੀਂ। ਉਹ ਆਪਣੇ ਪੁਰਖਿਆ ਬਾਰੇ ਲਿਖਦਾ ਹੈ ਕਿ ਮੇਰੀ ਮਾਂ ਉੱਚ ਜਾਤੀ ਦੇ ਬ੍ਰਾਹਮਣ ਦੀ ਰਖੇਲ ਸੀ। ਤੇ ਮੈਂ ਉਸ ਦਾ ਨਜਾਇਜ਼ ਬੀਜ ਅਕਰਮਾਸ਼ੀ ਭਾਵ ਹਰਾਮ ਦੀ ਔਲਾਦ ਹਾਂ। ਤੇ ਹੋਰ ਰੌਂਗਟੇ ਖੜੇ ਕਰਨ ਵਾਲੇ ਪ੍ਰਸੰਗ। ਪਰ ਇਸ ਦੇ ਬਾਵਜੂਦ ਵੀ ਲੇਖਕ ਦੇ ਇਨ੍ਹਾਂ ਲੇਖਾਂ ਵਿਚੋਂ ਕੁੱਝ ਪ੍ਰਸੰਗ ਮਾਸਟਰ ਪੀਸ ਬਣਨ ਦੀ ਸਮਰੱਥਾ ਰੱਖਦੇ ਹਨ। ਮਸਲਨ ਬਲੀਜੀਤ ਦੇ ਮਾਮੇ ਦਾ ਪ੍ਰਸੰਗ....

ਸੰਸਾਰ ਦੇ ਵੱਡੇ ਵਿਦਵਾਨ, ਇਤਿਹਾਸਕਾਰ, ਫ਼ਲਾਸਫ਼ਰ ਅਤੇ ਕਲਾਕਾਰ ਸਾਡੇ ਪੁਰਖੇ ਹਨ। ਗੁਰੂ ਨਾਨਕ ਦੇਵ, ਸ਼ੇਖ਼ ਫਰੀਦ, ਸੰਤ ਕਬੀਰ, ਗੁਰੂ ਰਵਿਦਾਸ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਨਾਵਲਕਾਰ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਡਾ. ਜਗਤਾਰ, ਕੁਲਵੰਤ ਸਿੰਘ ਵਿਰਕੇ ਵਰਗੇ ਵੱਡੇ ਕੱਦ ਦੇ ਸਾਹਿਤਕਾਰ ਵੀ ਸਾਡੇ ਪੁਰਖੇ ਹਨ। ਮੇਰੇ ਹੀ ਨਹੀਂ ਹਰ ਲਿਖਾਰੀ ਦੇ ਪੁਰਖੇ ਹਨ। ਉਨ੍ਹਾਂ ਦੀਆਂ ਲਿਖਤਾਂ ਦੇ ਜੀਨਸ ਅਤੇ ਪ੍ਰੇਰਨਾ ਲੈ ਕੇ ਅਸੀਂ ਲਿਖਣ ਲੱਗੇ ਹਾਂ। ਉਨ੍ਹਾਂ ਦਾ ਲਿਖਿਆ ਸਾਹਿਤ ਸਾਡੀ ਇਤਿਹਾਸਕ ਪ੍ਰੰਪਰਾ ਹੈ। ਭੂਸ਼ਨ ਨੇ ਪੁਰਖੇ- ਪਿਤਾ ਬਾਰੇ ਕਿਤੇ ਲਿਖਿਆ ਹੈ-

ਪਿਤਾ ਇਕ ਸ਼ਬਦ ਹੈ, ਸੰਕਲਪ ਹੈ, ਸੰਬੋਧਨ ਹੈ।
ਕੈਸਾ ਵਿਰੋਧਾਭਾਸ ਹੈ ਇਹ ਕੈਸਾ ਅਪਵਾਦ ਹੈ
ਪਿਤਾ ਹਰਨਾਖ਼ਸ਼ ਹੈ, ਬੇਟਾ ਪ੍ਰਹਿਲਾਦ ਹੈ।
ਰਾਮ ਮਰਿਯਾਦਾ ਹੈ, ਦਸ਼ਰਥ ਸਿੱਧਾਂਤ ਹੈ
ਪਿਤਾ ਪੁਰਖੀ ਨਾਟਕ ਦਾ ਇਹੋ ਹੀ ਦੁਖਾਂਤ ਹੈ।
ਕਸ਼ਯਪ ਨਿਜ ਬੀਜ ਕੋ ਹੈਰਾਨ ਹੋ ਕੇ ਦੇਖਤੇ
'ਦਿੱਤੀ' ਜੰਮੇ ਦੈਂਤ ਤੇ 'ਅਦਿੱਤੀ' ਜੰਮੇ ਦੇਵਤੇ।
ਇਕ ਖੁਸ਼ ਹੁੰਦਾ ਏਥੇ ਦੂਸਰੇ ਨੂੰ ਮਾਰਕੇ।
ਭਾਵੇਂ ਏਕ ਪਿਤਾ ਸਭ ਏਕਸ ਕੇ ਬਾਰਕੇ।
ਆਦਮੀ ਦੀ ਬੋਲੀ ਵਿਚ ਪਿਤਾ ਇਕ ਰਿਸ਼ਤਾ ਹੈ।
ਕਿਸੇ ਲਈ ਜਮ ਦੂਤ , ਕਿਸੇ ਲਈ ਫਰਿਸ਼ਤਾ ਹੈ।
ਦ੍ਰਿਸ਼ਟੀ ਦਾ ਭਰਮ ਸਭ ਸ੍ਰਿਸਟੀ ਦੀ ਲੀਲਾ ਹੈ।
ਜੀਵਨ ਸਨਾਤਨ ਹੈ, ਪਿਤਾ ਤਾਂ ਵਸੀਲਾ ਹੈ।
ਆਪਣੇ ਵਜੂਦ ਰਾਹੀਂ ਪਿਤਾ ਨੂੰ ਜੇ ਜਾਣਾਂਗੇ।
ਤਾਂ ਹੀ ਪਰਮ ਸੱਚ, ਪਰਮ ਪਿਤਾ ਨੂੰ ਪਛਾਣਾਂਗੇ।

## ਪੰਜਾਬ ਕਲਾ ਪ੍ਰੀਸ਼ਦ ਦਾ ਵਕਾਰ ਮੁੜ ਬਹਾਲ

ਪਿਛਲੇ ਕੁੱਝ ਸਾਲਾ ਤੋਂ ਪੰਜਾਬ ਕਲਾ ਪ੍ਰੀਸ਼ਦ ਦੀ ਚੋਣ ਅਤੇ ਚੇਅਰਮੈਨੀ ਨੂੰ ਲੈ ਕੇ ਪੰਜਾਬੀ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ ਵਿਚ ਤਿੱਖੀ ਨੁਕਤਾ ਚੀਨੀ ਹੁੰਦੀ ਰਹੀ ਹੈ। ਪ੍ਰਸਿੱਧ ਲੇਖਕਾਂ ਨੇ ਆਪਣੇ ਆਪ ਨੂੰ ਬੇਇੱਜ਼ਤ ਹੋਇਆ ਸਮਝਿਆ ਜਦੋਂ ਉਨ੍ਹਾਂ ਦੇ ਸਿਰ 'ਤੇ ਅਸਲੋਂ ਨਵੇਂ 'ਬੁੱਧੀਜੀਵੀ' ਨੂੰ ਬਿਠਾ ਦਿੱਤਾ ਗਿਆ। ਜਦੋਂ ਸਰਕਾਰ ਬਦਲੀ ਤੇ ਨਵਜੋਤ ਸਿੰਘ ਸਿੱਧੂ ਨੂੰ ਸੱਭਿਆਚਾਰ ਵਿਭਾਗ ਦਾ ਮੰਤਰੀ ਬਣਾ ਦਿੱਤਾ ਗਿਆ ਤਾਂ ਉਨ੍ਹਾਂ ਨੇ ਪੰਜਾਬ ਕਲਾ ਪ੍ਰੀਸ਼ਦ ਦਾ ਵਕਾਰ ਮੁੜ ਬਹਾਲ ਕਰਨ ਬਾਰੇ ਸੋਚਿਆ। ਉਨ੍ਹਾਂ ਚੇਅਰਮੈਨ ਦੇ ਅਹੁਦੇ ਲਈ ਪੰਜਾਬੀ ਦੇ ਵੱਡੇ ਕੱਦ ਦੇ ਸਾਹਿਤਕਾਰ ਪਦਮ ਸ਼੍ਰੀ ਸੁਰਜੀਤ ਪਾਤਰ ਦੀ ਚੋਣ ਕੀਤੀ। ਜਿਸ ਨੂੰ ਸਭ ਨੇ 'ਸ਼ੁੱਭ ਸ਼ਗਨ ਕਿਹਾ' ਉਨ੍ਹਾਂ ਦੇ ਨਾਲ ਸਕੱਤਰ ਜਨਰਲ ਦੇ ਅਹੁਦੇ ਲਈ ਲਖਵਿੰਦਰ ਜੌਹਲ ਦੀ ਚੋਣ ਕੀਤੀ ਗਈ। ਇਸ ਕਾਰਜ ਲਈ ਨਵਜੋਤ ਸਿੰਘ ਸਿੱਧੂ ਵਧਾਈ ਦੇ ਪਾਤਰ ਹਨ। ਜਿਨ੍ਹਾਂ ਨੇ ਪੰਜਾਬੀ ਲੇਖਕਾਂ, ਕਲਾਕਾਰਾਂ ਦਾ ਪੰਜਾਬ ਕਲਾ ਪ੍ਰੀਸ਼ਦ ਵਿਚ ਮੁੜ ਵਿਸ਼ਵਾਸ ਸੁਰਜੀਤ ਕੀਤਾ ਹੈ। ਅਸੀਂ 'ਕਹਾਣੀ ਧਾਰਾ' ਰਾਹੀਂ ਵਧਾਈ ਤਾਂ ਦਿੰਦੇ ਹੀ ਹਾਂ ਆਸ ਵੀ ਰੱਖਦੇ ਹਾਂ ਕਿ ਇਹ ਟੀਮ ਚੇਤੇ ਰੱਖਣ ਯੋਗ ਕਾਰਜ ਜ਼ਰੂਰ ਕਰੇਗੀ। ਸਰੋਤ ਤਾਂ ਹਨ ਹੀ ਨਾਲ ਇਨ੍ਹਾਂ ਸੂਝਵਾਨਾਂ ਕੋਲ ਸਮਰੱਥਾ ਵੀ ਹੈ।

## ਵਿਛੜੇ ਲੇਖਕਾਂ ਦੇ ਪੁਰਖੇ :

# ਅਮੁੱਕ ਵਣਵਾਸ ਦਾ ਸਰਾਪ/ - ਡਾ. ਜਗਤਾਰ

ਮੌਤ ਨੇ ਮੇਰੇ ਜਨਮ ਤੋਂ ਪਹਿਲਾਂ ਹੀ ਮੇਰਾ ਪਿੱਛਾ ਕਰਨਾ ਆਰੰਭ ਕਰ ਦਿੱਤਾ ਸੀ। ਬਾਪੂ ਜੀ ਦਾ ਝਗੜਾ ਆਪਣੇ ਭਤੀਜੇ ਨਾਲ ਚਲ ਰਿਹਾ ਸੀ। ਕਾਣੀ-ਵੰਡ ਦੇ ਮਸਲੇ ਤੋਂ ਖ਼ਫ਼ਾ ਹੋ ਕੇ ਪਿਤਾ ਜੀ ਨੇ ਘਰ ਸ੍ਹਾਮਣਲਾ ਬਾਗ਼ ਅੱਗ ਲਾ ਕੇ ਸਾੜ ਦਿੱਤਾ ਸੀ। ਜਿਸ ਦੀਆਂ ਤਾਰੀਖਾਂ ਕਚਿਹਰੀ ਵਿਚ ਪੈ ਰਹੀਆਂ ਸਨ। ਸਾਡੇ ਚੁਬਾਰੇ ਦੀਆਂ ਬਾਰੀਆਂ ਬੰਦ ਕਰਨ ਦਾ ਯਤਨ ਕੀਤਾ। ਮੇਰੀਆਂ ਜਨਮ ਦਾਤੀ ਤੇ ਕਰਮ ਦਾਤੀ ਮਾਵਾਂ ਡਾਂਗਾਂ ਲੈ ਕੇ ਖੜੋ ਗਈਆਂ। ਮੈਂ ਮਾਂ ਦੇ ਗਰਭ ਵਿਚ ਸਾਂ। ਤਾਏ ਦੀ ਨੂੰਹ ਕਹਿਣ ਲੱਗੀ, “ਮਾਰੋ ਇਹਦੇ ਢਿੱਡ ਵਿਚ ਲੱਤ ਤੇ ਜੰਮਣ ਤੋਂ ਪਹਿਲਾਂ ਹੀ ਸਪੋਲੀਏ ਦਾ ਸਿਰ ਚਿੱਥ ਛੱਡੋ।” ਮੈਂ ਮੌਤ ਤੋਂ ਬਚ ਗਿਆ ਪਰ ਮੌਤ ਨੇ ਮੇਰਾ ਅੱਜ ਤੱਕ ਪਿੱਛਾ ਨਹੀਂ ਛੱਡਿਆ।

ਕਹਿੰਦੇ ਹਨ ਜਦੋਂ ਮੇਰਾ ਜਨਮ ਹੋਇਆ ਤਾਂ ਮੈਨੂੰ ਰੂੜੀ ਦੇ ਢੇਰ ਤੇ ਸੁਟ ਆਏ। ਫੇਰ ਮੇਰੇ ਬਰਾਬਰ ਸਤਨਾਜਾ ਤੇ ਸੱਤ ਧਾਤਾਂ ਤੋਲ ਕੇ ਰੂੜੀ ਤੇ ਸੁਟ ਆਏ ਤੇ ਮੈਨੂੰ ਚੁਕ ਲਿਆਏ। ਮੇਰੇ ਕੰਨ ਵਿੰਧੇ ਗਏ ਪਰ ਜਦੋਂ ਨੱਕ ਵਿੰਨਣ ਲੱਗੇ ਤਾਂ ਮੈਂ ਅਜਿਹਾ ਚੀਕ-ਚਿਹਾੜਾ ਪਾਇਆ ਕਿ ਉਹਨਾਂ ਨੂੰ ਸਾਰੇ ਹਥਿਆਰ ਸੁਣੇ ਪਏ। ਵਿੱਝੇ ਹੋਏ ਕੰਨਾਂ ਦੇ ਨਿਸ਼ਾਨ ਮੇਰੇ ਵਿਅਕਤਿਤਵ ਦਾ ਪੂਰਨ ਬਣ ਗਏ ਹਨ।

ਵਿੱਝਿਆਂ ਕੰਨਾਂ ਕਾਰਨ ਮੈਂ ਗੋਰਖ ਤਾਂ ਨਹੀਂ ਬਣ ਸਕਿਆ ਪਰ ਕਦੇ ਕਦੇ ਧੀਦੋ ਤੇ ਕਦੇ ਕਦੇ ਪੂਰਨ ਜ਼ਰੂਰ ਬਣਿਆ ਹਾਂ। ਤੇ ਆਪਣੇ ਨੱਕ ਦੀ ਲਾਜ ਲਈ ਅੱਜ ਵੀ ਹਰ ਹਥਿਆਰ ਚੁੱਕਣ ਲਈ ਤਿਆਰ ਹਾਂ। ਜਦੋਂ ਜੰਮਿਆਂ ਸਾਂ ਤਾਂ ਅੱਕੀ ਦਾਈ (ਇਕ ਮੁਸਲਮਾਨ ਔਰਤ) ਨੇ ਬਾਪੂ ਕੋਲੋਂ ਬੱਕਰੀ ਮੰਗ ਲਈ। ਬੱਕਰੀ ਗੁੰਗੀ ਸੀ ਜੋ ਬਾਪੂ ਨੇ ਅੱਕੀ ਦਾਈ ਨੂੰ ਬਖ਼ਸ਼ੀਸ਼ ਵਜੋਂ ਦੇ ਦਿੱਤੀ। ਮੇਰੇ ਖਿਆਲ ਅਨੁਸਾਰ ਬਾਪੂ ਨੇ ਬੱਕਰੀ ਅੱਕੀ ਨੂੰ ਬਖ਼ਸ਼ ਕੇ ਮੇਰੀ ਬੇਜ਼ਬਾਨੀ ਦਾਨ ਕਰ ਦਿੱਤੀ ਸੀ।

ਸ਼ਾਇਦ ਏਸੇ ਲਈ ਮੈਂ ਅੱਜ ਤਕ ਕਿਸੇ ਸਰਕਾਰ, ਸ਼ਰੀਕੇ, ਭਾਈਚਾਰੇ ਜਾਂ ਅਫ਼ਸ਼ਰਸ਼ਾਹੀ ਅੱਗੇ ਗੁੰਗਾ ਨਹੀਂ ਹੋਇਆ।

ਮੇਰਾ ਵੱਡਾ ਭਰਾ ਮੇਰੇ ਜਨਮ ਤੋਂ ਪਹਿਲਾਂ ਹੀ ਮਰ ਗਿਆ ਸੀ ਏਸੇ ਲਈ ਮਾਂ ਨੂੰ ਮੇਰੀ ਖ਼ਾਤਰ ਏਨੇ ਪਟੌਂਟੇ ਕਰਨੇ ਪਏ।

ਮੇਰੀ ਮਾਂ ਲਕਸ਼ਮੀ ਦੇਵੀ ਸੀ ਪਰ ਮੈਨੂੰ ਕਦੇ ਵੀ ਮਾਇਆ ਨਾਲ ਮੋਹ ਨਹੀਂ ਜਾਗਿਆ। ਭੂਆ ਪਾਰਬਤੀ ਨੇ ਮੇਰੇ ਜੰਮਦੇ ਦੇ ਹੱਥ ਗੁੜ੍ਹਤੀ ਵਿਚ ਕਲਮ ਫੜਾ ਕੇ ਮੈਨੂੰ ਸ਼ਾਇਦ ਸਰਾਪ ਦਿੱਤਾ ਸੀ, ਸਰਸਵਤੀ ਦੀ ਝੋਲੀ ਪਾ ਕੇ। ਮੈਨੂੰ ਨਾ ਲੱਛਮੀ ਦਾ ਸੁਖ ਮਿਲਿਆ ਨਾ ਪਾਰਬਤੀ ਦਾ ਮੋਹ। ਪਰ ਮੈਂ ਭੂਆ ਦੇ ਸਰਾਪ ਨੂੰ ਵਰ ਸਮਝ ਕੇ ਹੰਢਾ ਰਿਹਾ ਹਾਂ।

ਮਾਂ ਵੀ ਅਜੀਬ ਭਰਮਣ ਸੀ। ਕਿਸੇ ਭਾਈ ਨੇ ਕਿਹਾ, “ਪੁੱਤ ਦੇ ਗਲ ਵਿਚ ਸੋਨੇ ਦੀ ਜੰਜੀਰ ਮੰਤਰਵਾ ਕੇ ਪੁਆ। ਜਦੋਂ ਤੇਰਾ ਪੁੱਤਰ 12 ਵਰ੍ਹਿਆਂ ਦਾ ਹੋਵੇ ਉਹ ਜੰਜੀਰ ਅੰਮ੍ਰਿਤਸਰ ਹਰੀਮੰਦਰ ਚੜ੍ਹ ਦੇਵੀਂ। ਮਾਂ ਨੇ ਇੰਜ ਹੀ ਕੀਤਾ। ਪਰ ਉਹ ਜੰਜੀਰ ਅੱਜ ਤਕ ਹਰੀਮੰਦਰ ਨਹੀਂ ਚੜ੍ਹਾਈ ਗਈ। ਮਾਂ ਕਹਿੰਦੀ ਸੀ, “ਤੇਰੇ ਗਲ ਵਿਚੋਂ ਕਿਸੇ ਲਾਹ ਲਈ ਹੈ।” ਪਰ ਮੈਂ ਸਮਝਦਾ ਸਾਂ ਉਹ ਘਰ ਵਿਚ ਹੀ ਖੁਰ ਗਈ।

ਕਿਸੇ ਮੌਲਾਣੇ ਨੇ ਕਿਹਾ, 'ਪੱਤਰ ਦੇ ਗੰਜ ਭਰਿਆ ਕਰ। ਮਾਂ ਤਾਜੀਏ ਵਾਲੇ ਦਿਨ ਹਰ ਸਾਲ ਮੇਰੀ ਖ਼ਾਤਰ ਗੰਜ ਭਰਵਾਉਂਦੀ ਰਹੀ। ਕਿਸੇ ਨੇ ਕਿਹਾ ਕਿ, "ਪੁੱਤਰ ਦੇ ਪੰਜ ਸਾਲ ਘਰ ਦਾ ਕੱਪੜਾ ਨਾ ਪ੍ਰਾਵੀਂ।" ਸੋ ਮਾਂ ਮੰਗ ਮੰਗ ਕੇ ਕੱਪੜੇ ਪੁਆਉਂਦੀ ਰਹੀ।

ਇਕ ਵਾਰੀ ਕਿਸੇ ਰਿਸ਼ਤੇਦਾਰ ਨੇ ਮਿਹਣਾ ਮਾਰ ਦਿੱਤਾ ਮਾਂਗਵੇਂ ਕੱਪੜਿਆ ਦਾ, ਮਾਂ ਬਹੁਤ ਰੋਈ। ਘਰ ਦੇ ਪਛਵਾੜੇ ਮੇਰੇ ਪਿਉ ਦਾ ਇਕ ਮਿੱਤਰ ਰੌਸ਼ਨਦੀਨ ਰਹਿੰਦਾ ਸੀ। ਉਸ ਨੇ ਕਿਹਾ, "ਪੰਜ ਸਾਲ ਕੱਪੜੇ ਮੈਂ ਪੁਆਵਾਂਗਾ।" ਮੇਰੇ ਬਚਪਨ ਦਾ ਬਹੁਤ ਸਾਰਾ ਹਿੱਸਾ ਰੌਸ਼ਨਦੀਨ ਦੇ ਘਰ ਬੀਤਿਆ। ਮੈਂ ਉਸ ਦੇ ਘਰੋਂ ਰੋਟੀ ਪਾਨੀ ਵੀ ਖਾ ਪੀ ਲੈਂਦਾ ਸਾਂ ਜਿਸ ਕਾਰਨ ਹਾਣੀ ਮੈਨੂੰ ਮੁਸਲਾ ਮੁਸਲਾ ਕਹਿ ਕੇ ਛੇੜਦੇ ਸਨ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਮੈਂ ਕਬੀਰ ਤੇ ਸ਼ਾਹ ਹੁਸੈਨ ਦੇ ਕਬੀਲੇ ਵਿਚ ਪਲ ਰਿਹਾ ਸਾਂ। ਮੈਂ ਰੌਸ਼ਨਦੀਨ ਦੇ ਪੁੱਤਰਾਂ ਬਸ਼ੀਰ, ਸ਼ਰੀਫ਼ ਤੇ ਹੁਸੈਨ ਨਾਲ ਨਮਾਜ਼ ਪੜ੍ਹਨ ਦਾ ਅਭਿਆਸ ਵੀ ਕਰਦਾ ਸਾਂ। ਉਸ ਦੀ ਪਤਨੀ ਜੀਵੀ ਦੀ ਭਤੀਜੀ ਜਾਂ ਸ਼ਾਇਦ ਹੋਰ ਕੋਈ ਰਿਸ਼ਤੇਦਾਰ। ਮੀਨਾ ਉਸ ਕੋਲ ਰਹਿੰਦੀ ਸੀ। ਉਹ ਕਿਹਾ ਕਰਦੀ ਸੀ, "ਮੈਂ ਤੇਰੇ ਨਾਲ ਨਿਕਾਹ ਪੜਵਾਵਾਂਗੀ।" ਤੇ ਸਾਰੇ ਹੱਸ ਪੈਂਦੇ ਸਨ।

ਪਰ ਵੰਡ ਨੇ ਮੈਨੂੰ ਉਹਨਾਂ ਤੋਂ ਨਖੇੜ ਦਿੱਤਾ। ਜਦੋਂ ਮੈਂ ਕਾਫ਼ਲੇ ਨਾਲ ਪਾਕਿਸਤਾਨ ਤੋਂ ਆਪਣੇ ਪਿੰਡ ਪੁਜਾ ਤਾਂ ਉਹਨਾਂ ਦਾ ਆਲ੍ਹਣਾ ਤੀਲੀ ਤੀਲੀ ਹੋ ਚੁੱਕਾ ਸੀ।

ਛੇ ਵਰ੍ਹਿਆਂ ਦਾ ਹੋਇਆ ਤਾਂ ਘਰ ਦਿਆਂ ਨੇ ਪਤਾਸੇ ਵੰਡ ਕੇ ਨਾਲ ਦੇ ਪਿੰਡ ਸਕੂਲੇ ਦਾਖਲ ਕਰਵਾ ਦਿੱਤਾ। ਪਰ ਮੈਨੂੰ ਸਕੂਲ ਅੱਕ ਵਾਂਗ ਕੌੜਾ ਲਗਦਾ ਸੀ, ਸੋ ਮੈਂ ਸਦਾ ਸਕੂਲ ਤੋਂ ਦੌੜਨ ਦਾ ਯਤਨ ਕਰਦਾ। ਛੁੱਟੀ ਵਾਲੇ ਦਿਨ ਸਾਰਾ ਦਿਨ ਚਮਿਆਰਾਂ ਦੇ ਮੁੰਡਿਆਂ ਨਾਲ ਨੱਕੀ ਪੂਰ ਖੇਡਦਾ ਰਹਿੰਦਾ। ਮਾਂ ਨੂੰ ਕੌਡੀਆਂ ਖੇਡਣ ਨਾਲ ਏਨੀ ਘਿਰਣਾ ਨਹੀਂ ਸੀ ਜਿਨੀ ਚਮਿਆਰਿਆਂ ਦੇ ਮੁੰਡਿਆਂ ਨਾਲ ਖੇਡਣ ਕਰਕੇ ਸੀ।

ਅਸਲ ਵਿਚ ਉਹ ਜ਼ਮਾਨਾ ਛੂਤ ਛਾਤ ਦੀ ਬੀਮਾਰੀ ਤੇ ਕੱਟੜਤਾ ਦਾ ਜ਼ਮਾਨਾ ਸੀ।

ਪਿੰਡ ਵਿਚ ਬਹੁਤ ਸਾਰੀਆਂ ਘਣੀਆਂ ਬੋਹੜਾਂ ਸਨ। ਜੇ ਕੌਡੀਆਂ ਤੋਂ ਹਟਦਾ ਤਾਂ ਜੰਗ ਪਲੰਘਾ ਖੇਡਣ ਲਗ ਪੈਂਦਾ।

ਇਹ ਦਿਨ ਦੂਸਰੀ ਆਲਮਗੀਰ ਜੰਗ ਦੇ ਸਨ। ਵੱਡਾ ਭਰਾ ਤਾਲੀਮ ਪੂਰੀ ਕਰਕੇ, ਦੱਸਵੀਂ ਪਿੱਛੋਂ ਭਰਤੀ ਹੋ ਕੇ ਰੰਗੂਨ ਚਲਾ ਗਿਆ ਸੀ। ਘਰ ਵਿਚ ਮਾਂ ਹਰ ਸਮੇਂ ਰੋਂਦੀ ਰਹਿੰਦੀ ਸੀ। ਕਦੇ ਕਿਸੇ ਜਹਾਜ਼ ਨੇ ਲੰਘਣਾ ਤਾਂ ਪਿੰਡ ਦੇ ਬੱਚਿਆਂ ਨੇ ਦੌੜ ਕੇ ਲੁਕ ਜਾਣਾ। ਮੈਂ ਜੰਗਬਾਜ਼ਾਂ ਦੇ ਕੀਰਨੇ ਪਾਉਣੇ।

ਉਹਨਾਂ ਹੀ ਦਿਨਾਂ ਵਿਚ ਕੁਝ ਲੋਕ ਸ਼ੀਸ਼ਾ (ਟੁੱਟੀਆਂ ਭੱਜੀਆਂ ਬੋਤਲਾਂ ਆਦਿ) ਖਰੀਦਣ ਪਿੰਡ ਵਿਚ ਆਉਂਦੇ ਸਨ, ਮਾਂ ਮੈਨੂੰ ਖੋਲਿਆਂ ਆਦਿ ਵਿਚ ਨਹੀਂ ਜਾਣ ਦਿੰਦੀ ਸੀ। ਪਰ ਮੈਂ ਆਪਣੇ ਬੇਲੀਆਂ ਤੇ ਹਾਣੀਆਂ ਤੋਂ ਪਿਛੋਂ ਨਹੀਂ ਸੀ ਰਹਿਣਾ ਚਾਹੁੰਦਾ, ਸੋ ਮੈਂ ਘਰੋਂ ਬੋਤਲਾਂ ਚੋਰੀ ਕਰਕੇ ਤੋੜ ਕੇ ਕੱਚ ਦੀ ਵੱਡੀ ਸਾਰੀ ਢੇਰੀ ਬਣਾ ਕੇ ਹਾਣੀਆਂ ਨੂੰ ਮਾਤ ਕਰ ਦੇਣਾ।

ਮੇਰੀ ਇਹ ਆਦਤ ਗਈ ਨਹੀਂ। ਮੈਂ ਆਪਣਾ ਨੁਕਸਾਨ ਕਰਾ ਕੇ ਵੀ ਹਰ ਹਾਲਤ ਵਿਚ ਬਾਜ਼ੀ ਮਾਰਨ ਦੀ ਕੋਸ਼ਿਸ਼ ਕਰਦਾ ਹਾਂ।

ਕਣਕਾਂ ਦੀ ਬਜਾਈ ਤੋਂ ਪਿਛੋਂ ਬਾਪੂ ਜੀ ਮਹਾਂ ਭਾਰਤ ਦੀ ਕਥਾ ਸੁਣਿਆ ਕਰਦੇ ਸਨ। ਇਹ ਕਥਾ ਸਾਡੇ ਪਿੰਡ ਦਾ ਇਕ ਆਦਿ ਧਰਮੀ ਦਲੀਪਾ ਕਰਦਾ ਹੁੰਦਾ ਸੀ। ਸਰੰਗੀ ਤੇ ਉਸ ਦਾ ਸਾਥ ਮਹਿੰਗਾ ਆਦਿ ਧਰਮੀ ਦਿੰਦਾ ਸੀ। ਲੋਕ ਰੋਟੀ ਪਾਣੀ ਤੋਂ ਵਿਹਲੇ ਹੋ ਕੇ ਬਾਹਰ ਬੋਹੜਾ ਹੇਠਾਂ ਥੜਿਆਂ ਉੱਤੇ ਆ ਬਹਿੰਦੇ

ਸਨ। ਇਹ ਕਥਾ ਰਾਤੀਂ 10 ਕੁ ਵਜੇ ਆਰੰਭ ਹੋ ਕੇ ਸਵੇਰੇ ਕੁੱਕੜ ਦੀ ਬਾਂਗ ਨਾਲ ਖਤਮ ਹੁੰਦੀ। ਬਾਪੂ ਜੀ ਰੋਜ਼ ਇਕ ਚਾਂਦੀ ਦਾ ਰੁਪਈਆ ਦਲੀਪੇ ਨੂੰ ਦਿੰਦੇ। ਮੈਨੂੰ ਬਭਰੂਵਾਹਨ, ਵੀਰ ਅਭਿਮਨੂੰ, ਘਟੌਂਤ ਕੱਚ, ਦੀ ਕਥਾ ਬਹੁਤ ਚੰਗੀ ਲਗਦੀ। ਕ੍ਰਿਸ਼ਨ ਜੀ ਤੋਂ ਵੀ ਮੈਂ ਬਹੁਤ ਪ੍ਰਭਾਵਿਤ ਸਾਂ।

ਕਈ ਵਾਰੀ ਪਿੰਡ ਵਿਚ ਝੀਰ ਖ਼ੁਆਜਾ-ਖ਼ਿਜ਼ਰ ਦਾ ਛੱਪੜ ਵਿਚ ਬੇੜਾ ਤਾਰਦੇ। ਜਿਸ ਨੂੰ ਸਾਲ ਕਰਾਉਣਾ ਕਹਿੰਦੇ ਸਨ। ਉਸ ਤੋਂ ਪਿੱਛੋਂ ਨਕਲਾਂ ਜਾਂ ਰਾਸ ਪੈਂਦੀ। ਰਾਸ ਸ੍ਰੀ ਕ੍ਰਿਸ਼ਨ ਜੀ ਬਾਰੇ ਪਾਈ ਜਾਂਦੀ ਪਰ ਨਕਲਾਂ ਸੱਸੀ ਪੁੰਨੂੰ, ਸੋਹਣੀ ਮਹੀਵਾਲ ਜਾਂ ਮਿਰਜ਼ਾਂ ਤੇ ਹੀਰ ਰਾਂਜੇ ਬਾਰੇ ਹੁੰਦੀਆਂ ਸਨ। ਲੈਂਪਾਂ ਦੇ ਚਾਨਣੇ ਵਿਚ ਸਾਰੀ ਸਾਰੀ ਰਾਤ ਝਾਕੀਆਂ ਪੇਸ਼ ਹੁੰਦੀਆਂ ਪਰ ਕਈ ਵਾਰੀ ਸ਼ਰਾਬੀਆਂ ਦੀ ਖਹਿ ਬਾਜ਼ੀ ਕਾਰਨ ਵਿਚੇ ਹੀ ਬੰਦ ਕਰਨੀਆਂ ਪੈਂਦੀਆਂ। ਇਸ ਤਰ੍ਹਾਂ ਮੈਂ ਆਪਣੇ ਵਿਰਸੇ ਤੋਂ ਵਾਕਫ਼ ਹੁੰਦਾ ਗਿਆ।

ਕੱਤਕ ਦੇ ਨੌਰਾਤਿਆਂ ਵਿਚ ਸਾਡੇ ਨਾਲ ਦੇ ਪਿੰਡ ਬੁੰਡਾਲੇ ਵਿਖੇ ਦੁਸਹਿਰਾ ਹੁੰਦਾ। ਤਿੰਨ-ਚਾਰ ਏਕੜ ਜ਼ਮੀਨ ਦੀਆਂ ਬਾਹੀਆਂ ਦੁਆਲੇ ਲੋਕ ਜੁੜ ਕੇ ਬਹਿ ਜਾਂਦੇ। ਤਿੰਨ ਬਾਹੀਆਂ ਮਰਦਾਂ ਤੇ ਇਕ ਤੀਵੀਆਂ ਦੀਆਂ ਹੁੰਦੀਆਂ ਸੀ, ਅਸੀਂ ਦੋਹਾਂ ਵਿਚੋਂ ਕਿਸੇ ਵਿਚ ਵੀ ਬੈਠ ਸਕਦੇ ਸਾਂ। ਇਸ ਤਰ੍ਹਾਂ ਮਹਾਂ ਭਾਰਤ ਦੀ ਕਥਾ ਤੇ ਰਮਾਇਣ ਰਾਹੀਂ ਤੇ ਮੇਲੇ ਦੀਆਂ ਝਾਕੀਆਂ ਰਾਹੀਂ ਮੈਂ ਹਰ ਵਰ੍ਹੇ ਬਹੁਤ ਕੁਝ ਵੇਖਦਾ ਸਾਂ।

ਜਦੋਂ ਮੁਹੱਰਮ ਦੇ ਦਿਨ ਆਉਂਦੇ ਤਾਂ ਅਸੀਂ ਰੁੜਕੇ ਤਾਅਜ਼ੀਏ ਵੇਖਣ ਜਾਂਦੇ। ਮੁਸਲਮਾਨ ਉੱਚੀ ਉੱਚੀ ਰਮਸੀਏ ਪੜ੍ਹਦੇ, ਸੰਗਲ ਤੇ ਛੁਰੀਆਂ ਮਾਰ ਮਾਰ ਜਿਸਮ ਜ਼ਖ਼ਮੀ ਕਰ ਲੈਂਦੇ।

ਸਾਥੋਂ ਛੇ ਸੱਤ ਮੀਲ ਦੀ ਵਿੱਥ ਤੇ ਗੁਰਦਵਾਰਾ ਮਊ ਸਾਹਿਬ ਸੀ ਇਥੇ ਹਾੜ ਦੀ ਉਨੀ ਵੀਹ ਤਰੀਕ਼ ਨੂੰ ਇਕ ਮੇਲਾ ਜੁੜਦਾ। ਜਿੱਥੇ ਗੁਰੂ ਅਰਜਨ ਸਾਹਿਬ ਵਿਆਹੇ ਹੋਏ ਸਨ। ਅਸੀਂ ਉਥੇ ਸੇਵਾ ਕਰਨ ਲਈ ਜਾਂਦੇ। ਢੱਡ ਸਾਰੰਗੀ ਨਾਲ ਗਾਈਆਂ ਜਾਂਦੀਆਂ ਵਾਰਾਂ ਵੀ ਮੈਨੂੰ ਬਹੁਤ ਹੀ ਚੰਗੀਆਂ ਲਗਦੀਆਂ !

ਫ਼ਗਨ ਦੇ ਮਹੀਨੇ ਸਾਡੇ ਪਿੰਡ ਵਿਚੋਂ ਨਗਾਹੇ ਨੂੰ ਜਾਣ ਵਾਲੇ ਸੰਗ ਲੰਘਦੇ। ਸਵੇਰ ਤੋਂ ਹੀ ਹਰਿਆਂ, ਕਾਲਿਆਂ ਤੇ ਲਾਲ ਰੱਤੇ ਚੋਗਿਆਂ ਵਾਲੇ ਮਲੰਗ ਆਉਣੇ ਆਰੰਭ ਹੋ ਜਾਂਦੇ। ਭਿਆਨਿਕ ਚਿਹਰੇ, ਘੋਨ ਮੋਨੇ ਸਿਰ, ਮੁਤਹਿਲੇ ਚੁੱਕੇ ਹੋਏ। ਕਈਆਂ ਦੇ ਕੰਨਾਂ ਵਿਚ ਵੱਡੀਆਂ ਵੱਡੀਆਂ ਮੁੰਦਰਾਂ ਹੁੰਦੀਆਂ। ਨਚਾਰ ਭੰਗੜਾ ਪਾਉਂਦੇ। ਇਹ ਮੇਲਾ ਇਸਤਰੀਆਂ ਲਈ ਵਰਜਤ ਸੀ।

ਇਸ ਤਰ੍ਹਾਂ ਗੰਗਾ ਜਮਨੀ ਤਹਿਜ਼ੀਬ ਵਿਚ ਪਲ ਕੇ ਮੈਂ ਜਦੋਂ ਬਾਰ੍ਹਾਂ ਵਰ੍ਹਿਆਂ ਦਾ ਹੋਇਆ ਤਾਂ ਪਾਕਿਸਤਾਨ ਬਣ ਗਿਆ। ਮੈਨੂੰ ਜ਼ਿਲ੍ਹਾ ਸੇਖੂਪੁਰਾ ਤੋਂ ਕਾਫਲੇ ਨਾਲ ਭਾਰਤ ਆਉਣਾ ਪਿਆ। ਪਿਛਲੇ 42 ਵਰ੍ਹਿਆਂ ਤੋਂ ਮੈਂ ਨ-ਘਰਾ ਤੁਰਿਆ ਫਿਰਦਾ ਹਾਂ। ਮੇਰੇ ਨਾਲ ਰਾਮ ਦਾ ਵਣਵਾਸ ਵੀ ਹੈ, ਪਾਂਡੂਆਂ ਦਾ ਵਣਵਾਸ ਵੀ ਹੈ, ਪੂਰਨ ਨੂੰ ਮਿਲਿਆ ਸਜ਼ਾ ਦਾ ਸਰਾਪ ਵੀ ਹੈ ਤੇ ਰਾਂਝੇ ਦਾ ਵਿਰਲਾਪ ਵੀ। ਮੌਤ ਵੀ ਮੇਰੇ ਨਾਲ ਤੁਰ ਰਹੀ ਹੈ ਜੋ ਜੰਮਣ ਤੋਂ ਪਹਿਲਾਂ ਹੀ ਤੁਰ ਪਈ ਸੀ। ਤੇ ਨਗਾਹੇ ਨੂੰ ਜਾ ਰਿਹਾ ਸੰਗ ਵੀ ਮੇਰੇ ਨਾਲ ਨਾਲ ਤੁਰ ਰਿਹਾ ਹੈ। ਇੰਜ ਲਗਦਾ ਹੈ ਉਹਨਾਂ ਸਿਰ ਮੁੰਨੇ ਭਿਆਨਕ ਚਿਹਰਿਆ ਵਾਲੇ ਮਲੰਗਾਂ ਨਾਲ ਮੈਂ ਵੀ ਜੱਲੀ ਪਾ ਰਿਹਾ ਹਾਂ। ਪਰ ਇਹ ਵਣਵਾਸ ਕਦੋਂ ਮੁਕੇਗਾ ਮੈਂ ਨਹੀਂ ਜਾਣਦਾ। ਇਹ ਸੰਗ ਕਿੱਥੇ ਰੁਕੇਗਾ ਕੁਝ ਪਤਾ ਨਹੀਂ। ਪਰ ਮੈਂ ਸਰਸਵਤੀ ਦੀ ਉਂਗਲੀ ਫੜੀ ਤੁਰਿਆ ਜਾ ਰਿਹਾ ਹਾਂ। ਅਜੇ ਝਵਿੰਆ ਨਹੀਂ, ਲਿਫ਼ਿਆ ਨਹੀਂ, ਡਰਿਆ ਨਹੀਂ, ਝੁਕਿਆ ਨਹੀਂ। ⊘

# ਬਚਪਨ ਦੀ ਮਾਂ/-ਜਸਵੰਤ ਸਿੰਘ ਵਿਰਦੀ

'ਮਿੱਤਰਾਂ ਵਾਂਗ ਸੜਕਾਂ ਵੀ ਸਾਨੂੰ ਕਦੀ ਨਹੀਂ ਵਿੱਸਰਦੀਆਂ! ਹੁਸ਼ਿਆਰਪੁਰ ਵਲ ਜਾਂਦੀ ਬਸ ਵਿਚ ਬੈਠਾ ਮੈਂ ਸੋਚ ਰਿਹਾ ਸਾਂ। ਉਸ ਵੇਲੇ ਮੈਂ ਨਾ ਚਾਹੁੰਦਾ ਹੋਇਆ ਵੀ ਭਾਵੁਕ ਹੋ ਗਿਆ ਸਾਂ। ਪਤਾ ਨਹੀਂ ਕਿਵੇਂ ਇਸ ਤਰ੍ਹਾਂ ਮਹਿਸੂਸ ਹੋਇਆ ਸੀ ਜਿਵੇਂ ਪਲਾਂ-ਛਿਣਾਂ ਵਿਚ ਹੀ ਮੇਰਾ ਬਚਪਨ ਮੇਰੇ ਨਾਲ ਉਸ ਸੜਕ ਤੇ ਟੁਰਨ ਲੱਗ ਪਿਆ ਹੋਵੇ। ਪਰ ਨਹੀਂ, ਇਹ ਗੱਲ ਸ਼ਾਇਦ ਠੀਕ ਨਹੀਂ। ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰਾ ਬਚਪਨ ਪਹਿਲਾਂ ਹੀ ਉਸ ਸੜਕ ਤੇ ਬੜੀ ਦੇਰ ਤੋਂ ਟੁਰਿਆ ਚਲਿਆ ਜਾ ਰਿਹਾ ਸੀ। ਮੈਂ ਹੀ ਉਹਨੂੰ ਕਦੀ ਨਹੀਂ ਸੀ ਮਿਲਿਆ। ਜ਼ਿੰਦਗੀ ਨੇ ਏਨੀ ਵਿਹਲ ਹੀ ਕਿੱਥੇ ਦਿੱਤੀ ਸੀ ਕਿ ਬਚਪਨ ਦੇ ਦਿਨਾਂ ਨੂੰ ਚੇਤੇ ਕਰਕੇ ਮੈਂ ਮਨ ਨੂੰ ਸਕੂਨ ਦੇ ਸਕਦਾ। ਵਰ੍ਹੇ ਬੀਤਦੇ ਜਾਂਦੇ ਨੇ ਤੇ ਬਚਪਨ ਸਾਡੇ ਨਾਲੋਂ ਵਿਛੜ ਕੇ ਪਿੱਛੇ ਕਿਤੇ ਦੂਰ ਰਹਿ ਜਾਂਦਾ ਹੈ।

ਮੈਨੂੰ ਅੱਜ ਵੀ ਚੇਤੇ ਹੈ ਮੇਰੀ ਮਾਂ ਆਪਣੇ ਸਹੁਰੇ ਪਿੰਡ ਜੌਹਲਾਂ ਵਿਚ ਖੇਤਾਂ ਨਾਲ ਲਗਦੇ ਘਰ 'ਚ ਬੈਠੀ ਲਗਾਤਾਰ ਕਈ ਦਿਨਾਂ ਤਕ ਸੂਤ ਕਤਦੀ ਰਹਿੰਦੀ, ਤੇ ਫੇਰ ਮੈਨੂੰ ਉਂਗਲੀ ਲਾ ਕੇ ਇਸ ਛੋਟੀ ਜਿਹੀ ਪ੍ਰਤੀਤ ਹੁੰਦੀ ਸੜਕੇ ਪੈ ਜਾਂਦੀ। ਅਸੀਂ ਹੌਲੀ ਹੌਲੀ ਟੁਰਦੇ ਹੋਏ ਪੈਂਡਾ ਮਾਰ ਕੇ ਆਦਮਪੁਰ ਜੌਹਲਾਂ ਤੋਂ ਹੁਸ਼ਿਆਰਪੁਰ ਵਲ ਬਾਰਾਂ ਕਿਲੋਮੀਟਰ। ਦੇ ਖੱਦਰ ਭੰਡਾਰ ਤਕ ਪੁਜ ਜਾਂਦੇ ਸਾਂ। ਉਦੋਂ ਇਸ ਸੜਕੇ ਦੇ ਦੋਵੀਂ ਪਾਸੀ ਟਾਲ੍ਹੀਆਂ ਤੇ ਸ਼ਹਿਤੂਤ ਹੁੰਦੇ ਸਨ। ਗਰਮੀਆਂ ਵਿਚ ਉਹਨਾਂ ਬਿਰਛਾਂ ਦੀ ਛਾਂ ਸਾਨੂੰ ਬੜਾ ਸੁਖ ਬਖਸ਼ਦੀ ਸੀ। ਉਹਨਾਂ ਦੇ ਪਰਛਾਵੇਂ ਵੀ ਸਾਡੇ ਨਾਲ ਹੀ ਟੁਰਦੇ ਰਹਿੰਦੇ ਸਨ।

ਮੇਰੀ ਮਾਂ ਦਾ ਕੱਦ ਛੋਟਾ ਸੀ। ਪਰ ਉਹਦੀ ਚਾਲ ਵਿਚ ਬਹੁਤ ਤੇਜ਼ੀ ਹੁੰਦੀ ਸੀ। ਉਸ ਦੀਆਂ ਛੋਟੀਆਂ ਗੋਲ ਅੱਖਾਂ ਵਿਚ ਮੈਂ ਸ਼ਾਇਦ ਹੀ ਕਦੀ ਧੁੰਦਲਾਪਨ ਤੱਕਿਆ ਹੋਵੇ। ਤਕਿਆ ਹੋਵੇ ਤਾਂ ਮੈਨੂੰ ਚੇਤਾ ਨਹੀਂ।

ਆਦਮਪੁਰ ਵਿਚ ਖੱਦਰ ਭੰਡਾਰ ਦੇ ਖੁੱਲ੍ਹਣ ਨਾਲ ਮੇਰੇ ਪਿਤਾ ਵਰਗੇ ਮਾਮੂਲੀ ਆਮਦਨ ਵਾਲੇ ਲੋਕਾਂ ਦੀਆਂ ਮਿਹਨਤੀ ਦੇ ਸੰਘਰਸ਼ਸੀਲ ਘਰਾਂ ਵਾਲੀਆਂ ਨੂੰ ਵਿਹਲ ਪੂਰੀ ਕਰਨ ਦਾ ਆਹੁਰ ਅਤੇ ਰਸੋਈ ਵਿਚ ਮਹੀਨੇ ਭਰ ਲਈ ਅੱਗ ਬਲਦੀ ਰਖਣ ਦਾ ਵਸੀਲਾ ਲਭ ਪਿਆ ਸੀ। ਸਾਡੇ ਘਰ ਵਿਚ ਤਾਂ ਹਾੜ ਸਿਆਲ ਸਦਾ ਹੀ ਬਾਜਰੇ ਦੀ ਰੋਟੀ ਪੱਕਦੀ ਸੀ। ਉਦੋਂ ਕਣਕ ਮਹਿੰਗੀ ਤੇ ਬਾਜਰਾ ਸਸਤਾ ਸੀ। ਮੇਰੀ ਮਾਂ ਦੀ ਬੜੀ ਇੱਛਾ ਸੀ ਕਿ ਉਹ ਸਾਨੂੰ ਵੀ ਕਦੀ ਕਣਕ ਖੁਆਵੇ ਪਰ ਉਹ ਹੱਸ ਕੇ ਕਹਿੰਦੀ, ਕੋਦਰੇ 'ਚ ਕਣਕ ਨਾਲੋਂ ਬਹੁਤੀ ਤਾਕਤ ਐ ਪੁੱਤਰ।'

ਫੇਰ ਜਦੋਂ ਉਹ ਮਹਿਸੂਸ ਕਰਦੀ ਕਿ ਉਹਦੀ ਇਸ ਗੱਲ ਨੇ ਸਾਨੂੰ ਨਹੀਂ ਪੋਹਿਆ ਤਾਂ ਗੰਭੀਰ ਹੋ ਕੇ ਫੇਰ ਕਹਿੰਦੀ, 'ਬਾਬੇ ਨਾਨਕ ਨੇ ਵੀ ਭਾਈ ਲਾਲੋ ਦੇ ਘਰੋਂ ਕੋਦਰੇ ਦੀ ਰੋਟੀ ਹੀ ਖਾਧੀ ਸੀ।

ਉਸ ਵੇਲੇ ਮਾਂ ਦਾ ਚਿਹਰਾ ਵੇਖ ਕੇ ਜੀਅ ਕਰਦਾ, ਉਸ ਚਿਹਰੇ ਨਾਲ ਲਗ ਕੇ ਬੰਦਾ ਵਿਲਖ ਵਿਲਖ ਕੇ ਰੋਵੇ। ਪਰ ਉਹ ਆਪਣਾ ਚਿਹਰਾ ਸਾਡੇ ਵਲ ਨਹੀਂ ਸੀ ਕਰਦੀ। ਜਿਵੇਂ ਦਿਲ ਦੇ ਜ਼ਖ਼ਮ ਲੁਕਾ ਰਹੀ ਹੋਵੇ। ਪਰ ਸਾਨੂੰ ਏਨੀ ਅਕਲ ਕਿਥੇ ਸੀ ਕਿ ਉਹਦੇ ਦਿਲ ਨੂੰ ਨਾ ਫਰੋਲੀਏ।

ਤਾਂ ਕੀ ਭਾਈ ਲਾਲੋ ਵੀ ਸਾਡੇ ਵਰਗਾ ਗਰੀਬੜਾ ਸੀ ਮਾਂ?' ਮੈਂ ਪੁੱਛਦਾ ਤਾਂ ਮਾਂ ਸਾਨੂੰ ਸਾਰਿਆਂ ਭਰਾਵਾਂ ਨੂੰ ਹਿੱਕ ਨਾਲ ਲਾ ਕੇ ਕਹਿੰਦੀ, ''ਅਸੀਂ ਕਦੋਂ ਗਰੀਬੜੇ ਆਂ ਪੁੱਤਰ!'

'ਸਾਡੇ ਘਰ ਕੋਦਰਾ ਜੁ..."

"ਤੁਸੀਂ ਵੱਡੇ ਹੋ ਕੇ ਨਸੀਬਾ ਨੂੰ ਨਹੀਂ ਬਦਲ ਦਿਉਗੇ।" ਉਹ ਇਕ ਆਸ ਦੇ ਵਿਸ਼ਵਾਸ ਨਾਲ ਕਹਿੰਦੀ ਤੇ ਮੈਂ ਜ਼ੋਰ ਨਾਲ ਕਹਿ ਉੱਠਦਾ, ਜ਼ਰੂਰ ਬਦਲਾਂਗੇ, ਮਾਂ!"

ਇਸ ਗੱਲ ਨਾਲ ਮਾਂ ਦੀਆਂ ਛੋਟੀਆਂ ਛੋਟੀਆਂ ਅੱਖਾਂ ਵਿਚ ਚਮਕ ਆ ਜਾਂਦੀ ਤੇ ਲਗਦਾ ਜਿਵੇਂ ਸਾਡਾ ਭਵਿੱਖ ਰੌਸ਼ਨ ਹੋ ਗਿਆ ਹੈ।

ਮੇਰਾ ਪਿਤਾ ਪੁਲਾਂ ਦਾ ਕਾਰੀਗਰ ਸੀ ਤੇ ਉਹ ਸਾਲ ਵਿਚੋਂ ਦਸ ਮਹੀਨੇ ਜ਼ਰੂਰ ਘਰੋਂ ਬਾਹਰ, ਦਰਿਆਵਾਂ ਤੇ ਬਣ ਰਹੇ ਪੁਲਾਂ ਤੇ ਰਹਿੰਦਾ ਸੀ। ਜਦੋਂ ਕਈ ਉਹ ਘਰ ਆਉਂਦਾ, ਮਾਂ ਚਰਖਾ ਛੱਡ ਦਿੰਦੀ, ਪਰ ਪਿਤਾ ਦੇ ਜਾਣ ਮਗਰੋਂ ਫੇਰ ਉਹ ਚਰਖੇ ਨੂੰ ਲੈ ਕੇ ਬਹਿ ਜਾਂਦੀ।

ਜੌਹਲਾਂ ਪਿੰਡ ਤੋਂ ਆਦਮਪੁਰ ਤੱਕ ਦਾ ਰਾਹ ਮੀਲਾਂ ਦੇ ਨਾਲ ਵਿਚ ਤਾਂ ਭਾਵੇਂ ਬਹੁਤਾ ਲੰਮਾ ਨਹੀਂ ਸੀ ਪਰ ਸਾਡੇ ਪੈਰਾਂ ਲਈ ਉਹ ਬੜਾ ਵੱਡਾ ਫਾਸਲਾ ਸੀ ਤੇ ਮੁਕਣ ਵਿਚ ਹੀ ਨਹੀਂ ਸੀ ਆਉਂਦਾ। ਕਈ ਵਾਰ ਮਾਂ ਮੈਨੂੰ ਲੈ ਕੇ ਹਫਤੇ ਮਗਰੋਂ ਹੀ ਆਦਮਪੁਰ ਦੇ ਰਾਹੇ ਪੈ ਜਾਂਦੀ ਤੇ ਕਦੀ ਤੀਜੇ ਦਿਨ ਹੀ। ਜਾਂਦਿਆਂ ਹੋਇਆਂ ਉਹਦੇ ਸਿਰ ਤੇ ਕੱਤੇ ਹੋਏ ਸੂਤ ਦੀ ਪੰਡ ਹੁੰਦੀ ਤੇ ਵਾਪਸੀ ਤੇ ਅਣ ਕੱਤੇ ਰੂੰ ਦੀ ਪੰਡ। ਹਰ ਸਾਲ ਹੀ ਕਿਤਾਬਾਂ ਕਾਪੀਆਂ ਦੀ ਕੀਮਤ ਬਾਰੇ ਸੋਚ ਕੇ ਸਕੂਲ ਦੀ ਪੜ੍ਹਾਈ ਵਾਲੀ ਗੱਲ ਅਗਲੇ ਵਰ੍ਹੇ ਤੇ ਜਾ ਪੈਂਦੀ... ਅਤੇ ਫੇਰ ਹੋਰ ਅਗਲੇ ਵਰ੍ਹੇ ਤੇ...

'ਹੋਰ ਮਾਵਾਂ ਦੇ ਪੁੱਤ ਪੜ੍ਹਨ ਜਾਂਦੇ ਨੇ ਤਾਂ ਮੇਰਾ ਰੁਗ ਭਰਿਆ ਜਾਂਦਾ... ਮੇਰੇ ਬੱਚੇ ਕਿਤਾਬਾਂ ਖੁਣੋਂ ਸਖਣੇ ਘਰ ਬੈਠੇ ਨੇ!' ਮਾਂ ਜਿਵੇਂ ਆਪਣੇ ਆਪ ਨੂੰ ਹੀ ਕਹਿੰਦੀ। ਉਹ ਆਦਮਪੁਰ ਦੇ ਰਾਹੇ ਬੜੀ ਤੇਜ਼ੀ ਨਾਲ ਟੁਰਦੀ ਸੀ ਪਰ ਫੇਰ ਵੀ ਅਸੀਂ ਲੋਕ ਜ਼ਮਾਨੇ ਨਾਲੋਂ ਪਛੜ ਗਏ ਸਾਂ।

ਉਦੋਂ ਆਦਮਪੁਰ ਦੇ ਖੱਦਰ ਭੰਡਾਰ ਨੇ ਸਾਡੀ ਜ਼ਿੰਦਗੀ ਵਿਚ ਜਿਹੜਾ ਥੋੜ੍ਹਾ ਜਿਹਾ ਨਿੱਘ ਲਿਆਂਦਾ ਸੀ, ਉਹ ਬਹੁਤ ਥੋੜ੍ਹਾ ਸੀ। ਉਹਦੇ ਨਾਲ ਗੁਰਬਤ ਦੀ ਸਿੱਲ੍ਹ ਨੂੰ ਦੂਰ ਨਹੀਂ ਸੀ ਕੀਤਾ ਜਾ ਸਕਦਾ।

'ਪਰ ਮੈਂ ਹਿੰਮਤ ਕਿਉਂ ਛੱਡਾਂ?" ਮਾਂ ਵਾਰ ਵਾਰ ਕਹਿੰਦੀ। ਉਹ ਪੂਣੀ ਪੂਣੀ ਕਰਕੇ ਸਾਰਾ ਦਿਨ ਸੂਤ ਕਤਦੀ ਸੀ, ਤੇ ਫੇਰ ਸੂਤ ਦੀ ਪੰਡ ਚੁਕ ਕੇ ਮੇਰੇ ਨਾਲ ਟੁਰ ਪੈਂਦੀ ਸੀ। ਪਰ ਆਪਣੀ ਉਹ ਪੰਡ ਉਹਨੇ ਮੈਨੂੰ ਕਦੀ ਨਹੀਂ ਸੀ ਚੁਕਾਈ। ਮੈਨੂੰ ਇਸ ਗੱਲ ਦਾ ਅਰਮਾਨ ਹੀ ਰਿਹਾ ਕਿ ਮੈਂ ਕਿਉਂ ਨਾ ਅੱਗੇ ਵਧ ਕੇ ਮਾਂ ਦੇ ਸਿਰ ਦੀ ਉਹ ਸੂਤ ਵਾਲੀ ਪੰਡ ਆਪ ਚੁਕ ਲਈ! ਪਰ ਹੁਣ... ਮੈਨੂੰ ਲਗਦਾ ਹੈ ਕਿ ਮਾਂ ਮੇਰੇ ਅੱਗੇ ਅੱਗੇ ਬੜੀ ਤੇਜ਼ੀ ਨਾਲ ਜਾ ਰਹੀ ਹੈ, ਅਤੇ ਆਪਣੀ ਪੰਡ ਨੂੰ ਮੇਰਾ ਹੱਥ ਵੀ ਨਹੀਂ ਲਗਣ ਦੇਣਾ ਚਾਹੁੰਦੀ।

ਮੇਰਾ ਨਾਨਕਾ ਪਿੰਡ ਕੰਦੋਲਾ ਆਦਮਪੁਰ ਦੇ ਨੇੜੇ ਹੀ ਹੈ। ਪਰ ਸਾਡੇ ਕੋਲ ਏਨਾ ਸਮਾਂ ਨਹੀਂ ਸੀ ਹੁੰਦਾ ਕਿ ਕਦੀ ਆਦਮਪੁਰ ਤੋਂ ਅੱਗੇ ਲੰਘ ਕੇ ਕੰਦੋਲੇ ਦੀ ਸੀਮਾ ਵਿਚ ਜਾ ਪੁਜਦੇ। ਮੇਰੇ ਨਾਨੇ ਦੇ ਘਰ ਨਾਲ ਦੇ ਬਗੀਚੇ ਵਿਚ ਅਮਰੂਦ, ਅਨਾਰ, ਪੀਪੀਤੇ, ਨਿੰਬੂ ਅਤੇ ਅੰਬਾਂ ਦੇ ਬਿਰਛ ਲੱਗੇ ਹੋਏ ਹੁੰਦੇ ਸਨ। ਆਦਮਪੁਰ ਵਲ ਜਾਂਦਿਆਂ ਹੋਇਆਂ ਕਦੀ ਕਦੀ ਮਾਂ ਮੈਨੂੰ ਦਸਦੀ, 'ਹੁਣ ਸਾਡੇ ਘਰ ਬਗੀਚੇ 'ਚ ਅਮਰੂਦ ਪੱਕੇ ਹੋਣਗੇ!' ਕਦੀ ਕਹਿੰਦੀ, 'ਐਸ ਰੁੱਤ 'ਚ ਸਾਡੇ ਘਰ ਅਨਾਰ ਬੜੇ ਮਹਿਕਦੇ ਨੇ!'

'ਫੇਰ ਆਪਾਂ ਕਿਸੇ ਦਿਨ ਚਲੀਏ ਮਾਂ, ਕੰਦੋਲੇ ਨੂੰ।' ਮੈਂ ਅਨਾਰ, ਅਮਰੂਦ ਤੇ ਪਪੀਤੇ ਦੇ ਫ਼ਲਾਂ ਦੀ ਮਹਿਕ ਨੂੰ ਮਹਿਸੂਸ ਕਰਕੇ ਕਹਿੰਦਾ, ਪਰ ਮਾਂ ਹਉਕਾ ਭਰ ਕੇ ਕਹਿੰਦੀ, ਚਲਾਂਗੇ...।" ਪਰ ਉਹ ਦਿਲ ਵਿਚ ਦੁਖੀ ਜ਼ਰੂਰ ਹੁੰਦੀ, ਤੇ ਕਹੀ ਜਾਂਦੀ , 'ਚਲਾਂਗੇ।'

ਪਰ ਉਹ ਦਿਨ ਕਦੀ ਨਾ ਆਇਆ। ਗੱਲ ਇਹ ਸੀ ਕਿ ਸਾਡੇ ਨਾਨੇ ਨੇ ਆਪਣੀਆਂ ਚੋਹਾਂ ਧੀਆਂ ਦੇ ਵਿਆਹਾਂ ਵੇਲੇ ਘਰ ਅਤੇ ਘਰ ਨਾਲ ਦੇ ਬਗੀਚਾ ਗਹਿਣੇ ਪਾ ਦਿੱਤਾ ਸੀ। ਉਥੇ ਮਹਿਕਣ ਵਾਲੇ ਅਨਾਰ ਤੇ ਅਮਰੂਦ ਹੁਣ ਸਾਡੇ ਨਾਨੇ ਦੇ ਨਹੀਂ ਸੀ ਰਹੇ। ਮਾਂ ਕੇਵਲ ਉਦੋਂ ਦੀਆਂ ਹੀ ਗੱਲਾਂ ਕਹੀ ਜਾ ਰਹੀ ਸੀ ਜਦੋਂ ਉਸ ਦੇ ਵਿਆਹ ਤੋਂ ਪਹਿਲਾਂ ਫਲਾਂ ਦਾ ਉਹ ਬਗੀਚਾ ਉਹਦੇ ਮਾਪਿਆਂ ਕੋਲ ਸੀ। ਜਾਂ ਉਹ ਭਰਮ ਪਾਲ ਰਹੀ ਸੀ ਕਿ ਉਹ ਬਗੀਚਾ ਉਥੇ ਹੀ ਸੀ। ਮੇਰੀ ਉਮਰ ਦੇ ਪਹਿਲੇ ਵਰ੍ਹੇ ਉਥੇ ਬੀਤੇ ਸਨ। ਨਾਨੀ ਦਾ ਮੇਰੇ ਨਾਲ ਬਹੁਤ ਮੋਹ ਸੀ।

ਫਲਾਂ ਦੇ ਉਸ ਬਗੀਚੇ ਵਿਚ ਮੇਰੀ ਮਾਂ ਅਤੇ ਉਸ ਦੀਆਂ ਭੈਣਾਂ ਦਾ ਬਚਪਨ ਬੀਤਿਆ ਸੀ ਉਥੇ ਉਹਨਾਂ ਨੇ ਸਾਵਨਰੁੱਤ ਨੂੰ ਪੀਂਘਾਂ ਪਾਈਆਂ ਤੇ ਚੜ੍ਹਦੀ ਜਵਾਨੀ ਦੇ ਸੁਪਨੇ ਮਹਿਕਾਏ ਸਨ। ਉਹ ਬਗੀਚਾ ਸਾਡੀ ਮਾਂ ਦੇ ਦਿਲ ਦੀ ਧੜਕਣ ਵਿਚ ਵੱਸਿਆ ਹੋਇਆ ਸੀ। ਸਾਡੇ ਨਾਨੇ ਨੇ ਜਿਹੜਾ ਬਗੀਚਾ ਪਹਿਲਾਂ ਗਹਿਣੇ ਪਾਇਆ ਤੇ ਫੇਰ ਵੇਚਿਆ ਸੀ, ਉਹ ਧਰਤੀ ਦਾ ਇਕ ਟੋਟਾ ਸੀ, ਪਰ ਜਿਹੜਾ ਬਗੀਚਾ ਮਾਂ ਦੇ ਦਿਲ ਵਿਚ ਮਹਿਕਦਾ ਮੌਲਦਾ ਰਿਹਾ, ਉਹ ਨਹੀਂ ਸੀ ਕਦੀ ਵਿਕ ਸਕਦਾ।

'ਸਾਡੇ ਵਾਂਗ ਕੋਈ ਗਰੀਬ ਨਾ ਹੋਵੇ!' ਮਾਂ ਭਾਵੁਕ ਹੋ ਕੇ ਕਈ ਵਾਰ ਬੁਸ ਬੁਸ ਕਰਦੀ ਹੋਈ ਕਹਿੰਦੀ ਤੇ ਸਾਡੇ ਦਿਲਾਂ ਵਿਚ ਇਸ ਤਰ੍ਹਾਂ ਦੀ ਭਾਵਨਾ ਭਰਦੀ ਕਿ ਗਰੀਬੀ ਬੰਦੇ ਦਾ ਸਿਰ ਉੱਚਾ ਨਹੀਂ ਹੋਣ ਦਿੰਦੀ। ਗਰੀਬ ਆਦਮੀ ਦੀ ਧੀ ਭੈਣ ਦੀ ਇੱਜ਼ਤ ਵੀ ਹਰ ਵੇਲੇ ਖ਼ਤਰੇ ' ਰਹਿੰਦੀ ਹੈ।

'ਕਿਉਂ ਮਾਂ? ਮੈਂ ਬੜੀ ਮਾਸੂਮੀਅਤ ਨਾਲ ਪੁੱਛਦਾ ਤਾਂ ਉਹ ਜਵਾਬ ਦਿੰਦੀ, 'ਇਹ ਤੁਸੀਂ ਵੱਡੇ ਹੋ ਕੇ ਜਾਣੋਗੇ।' ਪਰ ਫੇਰ ਕੁਝ ਰੁਕ ਕੇ ਜੋਸ਼ ਨਾਲ ਕਹਿੰਦੀ, ''ਤੁਸੀਂ ਉਹਨਾਂ ਲੋਕਾਂ 'ਚ ਨਹੀਂ ਰਲੋਗੇ ਜਿਹੜੇ ਦੂਜਿਆਂ ਦੀ ਲੁਟ ਖੋਹ ਕਰਦੇ ਨੇ...।''

ਮਾਂ ਅਸੀਂ ਤੈਨੂੰ ਜ਼ਰੂਰ ਚੰਗੇ ਦਿਨ ਦਿਖਾਵਾਂਗੇ!' ਮੈਂ ਮਨ ਹੀ ਮਨ 'ਚ ਦੁਹਰਾਉਂਦਾ ਪਰ ਮਾਂ ਨੂੰ ਇਹ ਗੱਲ ਕਦੀ ਨਹੀਂ ਸਾਂ ਕਹਿੰਦਾ। ਮੈਨੂੰ ਵੀ ਇਹ ਆਸ ਕਿਥੇ ਸੀ ਕਿ ਮੈਂ ਉਸ ਨੂੰ ਕੋਈ ਸੁੱਖ ਦਾ ਦਿਨ ਦਿਖਾ ਸਕਾਂਗਾ। ਅਸੀਂ ਉਹਨੂੰ ਕਦੀ ਵੀ ਸੁੱਖ ਦਾ ਸਾਹ ਲੈਂਦਿਆਂ ਨਾ ਵੇਖਿਆ। ਪਤਾ ਨਹੀਂ ਸੁਖ ਦਾ ਸਾਹ ਕਿਵੇਂ ਆਉਂਦਾ ਹੈ।

ਹੁਣ ਵੀ ਮੈਂ ਜਦੋਂ ਜਲੰਧਰੋਂ ਹੁਸ਼ਿਆਰਪੁਰ ਵਾਲੀ ਸੜਕ ਤੇ ਬਸ 'ਚ ਬੈਠਦਾ ਆਪਣੇ ਜੌਹਲਾਂ ਪਿੰਡ ਕੋਲੋਂ ਅੱਗੇ ਵਧਦਾ ਹਾਂ ਤਾਂ ਮੈਨੂੰ ਲਗਦਾ ਹੈ ਜਿਵੇਂ ਮੇਰੀ ਮਾਂ ਅੱਜ ਵੀ ਮੇਰੇ ਬਚਪਨ ਨੂੰ ਉਂਗਲੀ ਲਾਈ ਆਦਮਪੁਰ ਦੇ ਖੱਦਰ ਭੰਡਾਰ ਵਲ ਵਧੀ ਜਾ ਰਹੀ ਹੈ। ਕਈ ਵਾਰ ਕਿਸੇ ਮਾਂ ਵਰਗੇ ਚਿਹਰੇ ਵਾਲੀ ਨਾਰੀ ਦੇਹੀ ਨੂੰ ਮੈਂ ਜ਼ੋਰ ਨਾਲ ਪੁਕਾਰ ਕੇ ਕਹਿਣਾ ਚਾਹੁੰਦਾ ਹਾਂ , 'ਮਾਂ! ਦੱਸ ਤੇਰੀ ਜਾਨ ਤੋੜ ਮਿਹਨਤ ਦਾ ਕੀ ਮੁੱਲ ਪਿਆ...ਅਸੀਂ ਤਾਂ ਉਥੇ ਦੇ ਉਥੇ ਹੀ ਰਹੇ।''

ਮੇਰੀ ਇਹ ਗੱਲ ਸੁਣ ਕੇ ਮੇਰੀ ਮਾਂ ਦਾ ਜ਼ਰੂਰ ਹੀ ਦਿਲ ਟੁੱਟ ਜਾਵੇਗਾ। ਮੈਨੂੰ ਖਿਆਲ ਆਉਂਦਾ ਹੈ।

ਬਸੰਤ ਦੇ ਕਈ ਮੋਹ ਭਰੇ ਦਿਨਾਂ 'ਚ ਹੁਸ਼ਿਆਰਪੁਰ ਵਾਪਸੀ ਤੇ ਮੈਂ ਕਈ ਵਾਰ ਆਦਮਪੁਰ ਕੋਲ ਉਤਰ ਕੇ ਖੱਦਰ ਭੰਡਾਰ ਵਿਚ ਝਾਤੀ ਮਾਰਦਾ ਹੋਇਆ 'ਮਾਂ!' ਕਹਿ ਕੇ ਜਲੰਧਰ ਵਲ ਪੈਦਲ ਹੀ ਚਲ ਪੈਂਦਾ ਹਾਂ। ਜਿਵੇਂ ਆਪਣੀ ਮਾਂ ਦੀ ਉਂਗਲੀ ਫੜ ਕੇ ਟੁਰ ਰਿਹਾ ਹੋਵਾਂ। ਪਰ ਫੇਰ ਖਿਆਲ ਆਉਂਦਾ ਹੈ ਇਹ ਨਿਰੀ ਭਾਵੁਕਤਾ ਹੈ। ਮੇਰੀ ਮਾਂ ਹੁਣ ਕਿਤੇ ਨਹੀਂ ਰਹੀ। ਉਹ ਕੇਵਲ ਮੇਰੇ ਦਿਲ ਵਿਚ ਹੀ ਵਸਦੀ ਹੈ, ਅਤੇ ਮੇਰੇ ਨਾਲ ਹੀ ਮਰੇਗੀ।'⊘

## ਪਿਓ-ਪੁੱਤ ਦੇ ਪੁਰਖੇ :

# ਜੱਟ ਬਾਮ੍ਹਣ/- ਰਾਮ ਸਰੂਪ ਅਣਖੀ

ਢਾਹ ਕੇ ਬਣਾਏ ਆਪਣੇ ਨਵੇਂ ਮਕਾਨ ਦੇ ਡਰਾਇੰਗ ਰੂਮ ਵਿਚ ਹੁਣ ਸਿਰਫ਼ ਦੋ ਹੀ ਵੱਡੀਆਂ ਤਸਵੀਰਾਂ ਕੰਧ ਉੱਤੇ ਸਜਾਈਆਂ ਹੋਈਆਂ ਹਨ। ਇਕ ਮੇਰੇ ਪਿਓ ਦੀ ਅਤੇ ਇਕ ਤਸਵੀਰ ਵਾਰਸ ਸ਼ਾਹ ਦੀ, ਵਾਰਸ ਦੀ ਹੀਰ ਪੜ੍ਹ ਪੜ੍ਹ ਹੀ ਮੈਂ ਬਚਪਨ ਵਿਚ ਬੈਂਤਾਂ ਲਿਖਣ ਲੱਗਿਆ ਸੀ। ਮੈਂ ਆਪਣੇ ਪਿਓ ਨੂੰ ਹੁਣ ਤੱਕ ਵੀ ਯਾਦ ਰੱਖਦਾ ਹਾਂ ਅਤੇ ਪਿਆਰ ਕਰਦਾ ਹਾਂ, ਉਹਨੇ ਕਦੇ ਵੀ ਮੈਨੂੰ ਬੁਰਾ ਭਲਾ ਨਹੀਂ ਆਖਿਆ ਸੀ, ਨਾ ਕਦੇ ਗਾਲ੍ਹ ਕੱਢੀ ਨਾ ਕਦੇ ਕੁੱਟਿਆ-ਮਾਰਿਆ। ਬੱਸ ਉਹਦੀ ਇਕੋ ਵੱਡੀ ਤਮੰਨਾ ਸੀ ਕਿ ਮੈਂ ਪੜ੍ਹ ਲਿਖ ਕੇ ਕੋਈ ਅਫ਼ਸਰ ਬਣਾਂ ਅਤੇ ਛਾਂ ਵਿਚ ਬੈਠਿਆਂ ਕਰਾਂ, ਉਹਦੇ ਲਈ ਸਭ ਤੋਂ ਵੱਡਾ ਅਫਸਰ ਪਿੰਡ ਦਾ ਮਾਲ-ਪਟਵਾਰੀ ਸੀ, ਮੈਂ ਪਟਵਾਰੀ ਤਾਂ ਨਾ ਬਣਿਆ, ਸਕੂਲ ਮਾਸਟਰ ਲੱਗ ਗਿਆ, ਫੇਰ ਲੇਖਕ ਬਣ ਗਿਆ ਅਤੇ ਪੜ੍ਹਾਈ ਵਿਚ ਸੋਲ੍ਹਾਂ ਜਮਾਤਾਂ ਪਾਰ ਕੀਤੀਆਂ। ਸਕੂਲ ਮਾਸਟਰ ਲੇਖਕ ਤੇ ਸੋਲ੍ਹਾਂ ਜਮਾਤਾਂ ਮੇਰੇ ਪਿਓ ਲਈ ਸਭ ਨਖਿੱਧ ਸੀ, ਖ਼ੈਰ...

ਜੱਟਾਂ ਦੇ ਪੂਰੇ ਅਗਵਾੜ ਵਿਚ ਸਾਡਾ ਇੱਕੋ ਘਰ ਬਾਮ੍ਹਣਾਂ ਦਾ ਸੀ, ਅਸੀਂ ਖੇਤੀ ਦਾ ਕੰਮ ਕਰਦੇ, ਮੇਰੇ ਪਿਓ ਕੋਲ ਸੱਠ ਕਿੱਲੇ ਜ਼ਮੀਨ ਸੀ। ਬਾਪੂ ਸਰੀਰ ਦਾ ਕਮਜ਼ੋਰ ਸੀ, ਕੋਈ ਨਾ ਕੋਈ ਬੀਮਾਰੀ ਉਹਨੂੰ ਚਿੰਬੜੀ ਰਹਿੰਦੀ, ਏਸੇ ਕਰਕੇ ਉਹਤੋਂ ਐਨੀ ਜ਼ਮੀਨ ਦਾ ਕੰਮ ਸੰਭਦਾ ਨਹੀਂ ਸੀ, ਦੁਖੀ ਰਹਿੰਦਾ, ਉਹ ਬਿਲਕੁਲ ਨਹੀਂ ਚਾਹੁੰਦਾ ਸੀ ਕਿ ਮੈਂ ਵੀ ਖੇਤੀ ਦੇ ਕੰਮ ਵਿਚ ਉਲਝਾਂ, ਅਗਵਾੜ ਦੇ ਜੱਟ ਉਹਦੇ ਜਜਮਾਨ ਹੀ ਉਹਦੀ ਵੱਡੀ ਜਾਇਦਾਦ ਸਨ, ਜ਼ਮੀਨ ਜਿਵੇਂ ਉਹਦੀ ਜਾਇਦਾਦ ਨਹੀਂ ਸੀ। ਗਜ਼ਬ ਇਹ ਕਿ ਉਹ ਜੱਟਾਂ ਨਾਲ ਲੜਦਾ ਝਗੜਦਾ ਵੀ ਰਹਿੰਦਾ, ਮੁਕੱਦਮੇ ਛੇੜੀ ਰੱਖਦਾ, ਧੀਆਂ-ਪੁੱਤਾਂ ਦੇ ਵਿਆਹ-ਕਾਰਜਾਂ ਅਤੇ ਮਰਗਾਂ ਉੱਤੇ ਬੇਥਾਹ ਖਰਚ ਕਰਦਾ। ਜ਼ਮੀਨ ਗਹਿਣੇ ਧਰ ਦਿੰਦਾ, ਬੈਅ ਵੀ ਕਰ ਦਿੰਦਾ। ਜ਼ਮੀਨ ਨੂੰ ਸਮਝਦਾ ਹੀ ਕੁਝ ਨਹੀਂ ਸੀ। ਐਵੇਂ ਕੌਡੀਆਂ ਦੇ ਭਾਅ ਵਾਢਾ ਧਰ ਰੱਖਿਆ ਸੀ। ਜਦੋਂ ਉਹ ਮਰਿਆ, ਸਾਡੇ ਕੋਲ ਸਿਰਫ ਪੱਚੀ ਕਿੱਲੇ ਜ਼ਮੀਨ ਸੀ।

ਮੈਨੂੰ ਸਕੂਲ ਭੇਜ ਕੇ ਉਹਨੇ ਮੇਰੇ ਉੱਤੇ ਵੱਡਾ ਉਪਕਾਰ ਕੀਤਾ। ਬਾਰਾਂ ਜਮਾਤਾਂ ਤੱਕ ਮੈਨੂੰ ਬਾਪੂ ਨੇ ਪੜ੍ਹਾਇਆ, ਸੋਲਾਂ ਤੱਕ ਮੈਂ ਆਪ ਪੜ੍ਹ ਗਿਆ। ਸਕੂਲ ਮਾਸਟਰੀ ਤੋਂ ਰਿਟਾਇਰ ਹੋ ਕੇ ਪੈਨਸ਼ਨ ਹੋ ਗਈ। ਹੁਣ ਅੱਠ ਨੌਂ ਹਜ਼ਾਰ ਮਹੀਨੇ ਦੀ ਪੈਨਸ਼ਨ ਹੈ। ਧੀ ਪੁੱਤ ਕੋਈ ਸਿਆਣੇ ਨਾ ਸਿਆਣੇ, ਢੋਲਿਆਂ ਦੀਆਂ ਲਾਈਦੀਆਂ ਨੇ। ਤੀਮੀ ਆਦਮੀ ਤੋਂ ਪੈਸੇ ਮੁੱਕਦੇ ਨਹੀਂ। ਜੇ ਬਾਪੂ ਨੇ ਮੈਨੂੰ ਨਾ ਪੜ੍ਹਾਇਆ ਹੁੰਦਾ ਤਾਂ ਮੈਂ ਵੀ ਉਹਦੇ ਵਾਂਗ ਖੇਤੀ ਕਰਦਾ ਹੁੰਦਾ ਅਤੇ ਛੋਟੇ ਕਿਸਾਨ ਦਾ ਨਰਕ ਭੋਗਦਾ। ਆੜ੍ਹਤੀਆਂ ਤੇ ਬੈਂਕਾਂ ਦਾ ਕਰਜ਼ਾਈ ਹੁੰਦਾ। ਸ਼ਾਇਦ ਹੁਣ ਤੱਕ ਕਦੋਂ ਦਾ ਸਲਫਾਸ ਖਾ ਕੇ ਮਰ ਗਿਆ ਹੁੰਦਾ।

ਬਾਪੂ ਇਕ ਛੋਟਾ ਕਿਸਾਨ ਸੀ, ਖੇਤੀ ਦੇ ਕੰਮ ਵਿਚ ਮੈਂ ਉਹਨੂੰ ਬਹੁਤ ਔਖਾ ਰਹਿੰਦਾ ਦੇਖਿਆ ਸੀ। ਉਹ ਮਾਨਸਿਕ ਅਤੇ ਸਰੀਰਕ ਪੱਖੋਂ ਦਿਨ ਰਾਤ ਉੱਖੜਿਆ ਰਹਿੰਦਾ। ਆਰਥਿਕ ਪੱਖੋਂ ਥੱਲੇ ਲੱਗਿਆ ਹੋਇਆ ਸੀ। ਇਸ ਦੇ ਬਾਵਜੂਦ ਰੰਗੜਾਊ ਪੂਰਾ। ਆ ਗਾਂ ਨਹੀਂ ਸੀ ਕਹਿਣ ਦਿੰਦਾ ਕਿਸੇ ਨੂੰ ਡਾਂਗ ਤੇ ਡੇਰਾ ਰੱਖਦਾ। ਵਿਆਹਾਂ, ਮਰਗਾਂ ਤੇ ਮੁਕੱਦਮਿਆਂ ਵਿਚ ਅੱਧੀ ਤੋਂ ਵੱਧ ਜ਼ਮੀਨ ਫੂਕ ਦਿੱਤੀ। ਜਦੋਂ ਮੈਂ ਕਹਾਣੀਆਂ ਲਿਖਣ ਲੱਗਿਆ ਤਾਂ ਬਹੁਤ ਸਾਰੀਆਂ ਕਹਾਣੀਆਂ ਵਿਚ ਉਹੀ ਸੀ, ਮੇਰਾ ਪਿਓ। ਮੈਂ ਉਹਨੂੰ ਸਾਰੇ ਦਾ ਸਾਰਾ ਪੇਸ਼ ਕਰਨਾ ਚਾਹੁੰਦਾ ਸੀ, ਪਰ ਉਹ ਮੇਰੀਆਂ ਕਹਾਣੀਆਂ ਵਿਚ ਜਿਵੇਂ ਪੂਰੀ ਤਰ੍ਹਾਂ ਆਇਆ ਨਾ ਹੋਵੇ। ਫੇਰ ਉਹ ਨਾਵਲਾਂ ਵਿਚ ਆਉਣ ਲੱਗਿਆ। ਉਹ ਜੱਟ-ਬਾਮ੍ਹਣ ਸੀ। ਮੇਰੇ ਵੱਡ ਆਕਾਰੀ ਨਾਵਲ 'ਕੋਠੇ ਖੜ੍ਹਕ

ਸਿੰਘ' ਵਿਚ ਮੈਂ ਬਾਪੂ ਨੂੰ ਹੀ ਪੇਸ਼ ਕੀਤਾ ਹੈ। ਮੱਲਣ ਸਿੰਘ ਉਹਦਾ ਜੱਟ-ਰੂਪ ਸੀ ਅਤੇ ਗੋਂਦੀ ਰਾਮ ਉਹਦਾ ਬਾਮ੍ਹਣ ਰੂਪ। 'ਕੋਠੇ ਖੜਕ ਸਿੰਘ' ਵਿਚ ਜਿਵੇਂ ਮੈਂ ਉਹਨੂੰ ਸੰਪੂਰਨ ਪੇਸ਼ ਕਰ ਦਿੱਤਾ ਹੋਵੇ, ਪਰ ਨਹੀਂ ਮੇਰਾ ਪਿਓ ਪਿੰਡ ਦੇ ਸਮੁੱਚੇ ਛੋਟੇ ਕਿਸਾਨਾਂ ਦਾ ਪ੍ਰਤੀਨਿਧ ਰੂਪ ਸੀ। ਅਜਿਹੇ ਹੀ ਸਨ ਉੱਨੀ-ਇੱਕੀ ਬਾਕੀ ਪਿੰਡ ਦੇ ਕਿਸਾਨ। ਮੇਰੇ ਅਗਲੇ ਨਾਵਲਾਂ ਵਿਚ ਵੀ ਉਹ ਆਉਂਦਾ ਰਿਹਾ, 'ਪਰਤਾਪੀ' ਵਿਚ ਵੀ ਉਹ ਕਿਧਰੇ ਨਾ ਕਿਧਰੇ ਹਾਜ਼ਰ ਹੈ। 'ਦੁੱਲੇ ਦੀ ਢਾਬ' ਵਿਚ ਬਾਪੂ ਕਈ ਵਾਰ ਪੇਸ਼ ਹੁੰਦਾ ਰਿਹਾ। 'ਜ਼ਮੀਨਾਂ ਵਾਲੇ' ਵਿਚ ਉਹ ਫੇਰ ਹੈ।

ਬਾਪੂ ਚੰਗਾ ਸੀ ਮਾੜਾ ਸੀ, ਉਹ ਮੇਰੀਆਂ ਗਲਪ ਰਚਨਾਵਾਂ ਲਈ ਇਕ ਸਿੰਬਲ ਬਣ ਗਿਆ। ਇਕ ਖਜ਼ਾਨਾ ਹੈ ਉਹ ਮੇਰੇ ਲਈ, ਜਿਸ ਵਿਚੋਂ ਪੂੰਜੀ ਲੈ ਕੇ ਸਿਰਜਣਸ਼ੀਲਤਾ ਵਿਚ ਮੇਰਾ ਕੰਮ ਆਸਾਨ ਹੋ ਜਾਂਦਾ ਹੈ, ਪਰ ਮੈਂ ਉਹਨੂੰ ਕਿੰਨੀ ਕੁ ਉਮਰ ਲਿਖਦਾ ਰਹਾਂਗਾ? ਹਾਲਾਤ ਬਦਲ ਗਏ ਹਨ। ਕਿਸਾਨੀ ਦਾ ਕੰਮ ਉਹ ਪੁਰਾਣਾ ਨਹੀਂ ਰਿਹਾ। ਪਰ ਮੈਂ ਕਲਪਨਾ ਕਰ ਲੈਂਦਾ ਹਾਂ ਕਿ ਜੇ ਬਾਪੂ ਜਿਊਂਦਾ ਰਹਿੰਦਾ ਤਾਂ ਉਹਦੇ ਹਾਲਾਤ ਵੀ ਬਦਲ ਚੁੱਕੇ ਹੁੰਦੇ, ਅੱਜ ਜੇ ਕਿਸਾਨਾਂ ਵਾਂਗ। ਪਰ ਇਕ ਗੱਲ ਹੈ, ਉਹਨੇ ਸਲਫਾਸ ਕਦੇ ਨਹੀਂ ਖਾਣੀ ਸੀ। ਉਹ ਨਰਕ ਦਾ ਕੀੜਾ ਸੀ। ਉਹ ਸੰਵੇਦਨਸ਼ੀਲ ਨਹੀਂ ਸੀ। ਉਹਦੇ ਦੁੱਖ ਹੀ ਉਹਦੀ ਦਾਰੂ ਸਨ। ਉਹਦੇ ਕੋਲ ਸੁਪਨੇ ਜ਼ਰੂਰ ਸਨ। ਉਹ ਸੋਚਦਾ ਸੀ ਕਿ ਮੈਂ ਉਹਦਾ ਪੁੱਤਰ ਵੱਡਾ ਹੋ ਕੇ ਕਮਾਈ ਕਰਾਂਗਾ, ਗਹਿਣੇ ਧਰੀ ਭੋਇੰ ਛੁਡਾ ਲਵਾਂਗਾ। ਮਾਲ ਪਟਵਾਰੀ ਬਣ ਜਾਂਦਾ ਤਾਂ ਹੋਰ ਜ਼ਮੀਨ ਖਰੀਦ ਵੀ ਸਕਦਾ ਸੀ।

ਉਹ ਸ਼ਰਾਬ ਨਹੀਂ ਪੀਂਦਾ ਸੀ ਅਤੇ ਨਾ ਹੀ ਮਾਸ ਮਿੱਟੀ ਵੱਲ ਝਾਕਦਾ ਸੀ। ਪੂਰਾ ਸਨਾਤਨੀ ਸੀ। ਫੀਮ ਜ਼ਰੂਰ ਖਾਂਦਾ। ਫੀਮ ਖਾਧੇ ਬਗੈਰ ਉਹਦਾ ਸਰਦਾ ਨਹੀਂ ਸੀ। ਸਰੀਰੋਂ ਕਮਜ਼ੋਰ ਸੀ। ਖੇਤੀ ਦਾ ਕੰਮ ਤਾਂ ਬੰਦੇ ਨੂੰ ਤੋੜ ਕੇ ਰੱਖ ਦਿੰਦਾ ਹੈ। ਕੰਮ ਕਰਕੇ ਉਹ ਫੀਮ ਖਾਂਦਾ ਸੀ। ਜਦੋਂ ਉਹ ਫੀਮ ਕਰਕੇ ਘਰ ਵਿਚ ਕਲੇਸ਼ ਰੱਖਦਾ ਸੀ। ਮੈਨੂੰ ਡਰ ਸੀ ਕਿ ਉਹ ਪਹਿਲਾਂ ਤਾਂ ਘਰ ਦੇ ਫਜ਼ੂਲ ਖਰਚਾਂ ਕਰਕੇ ਜ਼ਮੀਨ ਗਹਿਣੇ ਧਰਦਾ ਰਿਹਾ ਹੈ, ਹੁਣ ਫੀਮ ਮੂੰਹੇਂ ਬਾਕੀ ਰਹਿੰਦੀ ਜ਼ਮੀਨ ਵੀ ਚੱਬ ਦੇਵੇਗਾ। ਨਿੱਤ ਦੇ ਕਲੇਸ਼ ਤੋਂ ਉਹਨੇ ਫੀਮ ਛੱਡੀ ਸੀ, ਛੇ ਸਾਲ ਬੀਮਾਰ ਰਿਹਾ ਤੇ ਆਖਰ ਮਰ ਗਿਆ। ਪੱਕੀ ਗੱਲ ਹੈ, ਜੇ ਉਹ ਫੀਮ ਖਾਂਦਾ ਰਹਿੰਦਾ ਤਾਂ ਪੰਜ ਸੱਤ ਸਾਲ ਹੋਰ ਜਿਊਂਦਾ ਰਹਿ ਸਕਦਾ ਸੀ। ਫੀਮ ਖਾਣ ਕਰਕੇ ਉਹਦਾ ਪੇਟ ਠੀਕ ਰਹਿੰਦਾ ਸੀ। ਉਹ ਬਿਆਸੀ ਸਾਲ ਦਾ ਸੀ, ਜਦੋਂ ਮਰਿਆ, ਮੇਰਾ ਚਾਚਾ ਪਚਾਨਵੇਂ ਦਾ ਹੋ ਕੇ ਮਰਿਆ ਸੀ। ਬਾਪੂ ਵੀ ਨੱਬੇ ਤੋਂ ਉੱਤੇ ਜਾ ਸਕਦਾ ਸੀ ਪਰ ਜੇ ਉਹ ਜਿਊਂਦਾ ਰਹਿੰਦਾ ਤਾਂ ਵੀ ਘਰ ਵਿਚ ਉਹਦਾ ਕੀ ਸਹਾਰਾ ਸੀ। ਫੇਰ ਵੀ ਜੇ ਹੋਰ ਜਿਊਂਦਾ ਰਹਿੰਦਾ ਉਹ ਤਾਂ ਚੰਗਾ ਹੀ ਸੀ। ਬਜ਼ੁਰਗਾਂ ਦਾ ਤਾਂ ਬੈਠਿਆਂ ਦਾ ਆਸਰਾ ਰਹਿੰਦੈ। ਘਰ ਦਾ ਬੰਨ੍ਹ ਹੁੰਦੇ ਨੇ ਬੁੜ੍ਹੇ। ਬਾਪੂ ਮਰ ਕੇ ਘਰ ਨੂੰ ਖਾਲੀ ਕਰ ਗਿਆ।

ਬਾਪੂ ਵਿਚ ਇਕ ਵੀ ਗੁਣ ਨਹੀਂ ਸੀ। ਫੇਰ ਮੈਂ ਉਹਦੀਆਂ ਕਿੰਨੀਆਂ ਗੱਲਾਂ ਕਰੀਂ ਜਾਂਦਾ ਹਾਂ। ਉਹਨੂੰ ਕਿੰਨਾ ਯਾਦ ਕਰਦਾ ਹਾਂ। ਉਹਦੀ ਤਸਵੀਰ ਮਾਨਸਾ ਦੇ ਇਕ ਮਸ਼ਹੂਰ ਪੇਂਟਰ ਤੋਂ ਐਨਲਾਰਜ ਕਰਵਾ ਕੇ ਮਕਾਨ ਦੇ ਨਵੇਂ ਡਰਾਇੰਗ ਰੂਮ ਵਿਚ ਟੰਗ ਰੱਖੀ ਹੈ। ਬਾਪੂ ਮੈਨੂੰ ਕਿਸੇ ਵੀ ਦੇਵੀ-ਦੇਵਤੇ ਨਾਲੋਂ ਵੱਧ ਹੈ। ਉਹਦੀਆਂ ਅੱਖਾਂ ਵਿਚ ਨਿਰਛਲਤਾ ਹੈ। ਦਾੜ੍ਹੀ ਮੁੱਛਾਂ ਤੋਂ ਉਹ ਸਾਊ ਲੱਗਦਾ ਹੈ। ਸਿਰ ਉੱਤੇ ਰੱਸੇ ਵਾਂਗ ਵਲ੍ਹੇਟ ਕੇ ਬੰਨ੍ਹੀ ਪੱਗ ਤੋਂ ਨਿਰਾ ਪੇਂਡੂ ਧੌਲੇ ਦਾ ਵਸਨੀਕ। ਉਹਦਾ ਕੁੜਤਾ ਕਿਸੇ ਅਣਜਾਣ ਦਰਜ਼ੀ ਨੇ ਸਿਉਤਾਂ ਹੋਵੇਗਾ। ਕਾਲਰ ਬਹੁਤ ਛੋਟੇ ਹਨ, ਉਦੋਂ ਰਿਵਾਜ਼ ਹੋਵੇਗਾ। ਪਰ ਬਾਪੂ ਨੂੰ ਕਾਲਰਾਂ ਨਾਲ ਕੀ, ਉਹਨੂੰ ਤਾਂ ਕੁੜਤਾ ਚਾਹੀਦਾ ਸੀ। ਉਹਨੇ ਆਪਣੀ ਜ਼ਿੰਦਗੀ ਨੂੰ ਕਾਲਰ ਨਹੀਂ ਲਾਏ ਸਨ, ਬੱਸ ਕੁੜਤੇ ਵਾਂਗ ਹੀ ਬਾਪੂ ਜ਼ਿੰਦਗੀ ਹੰਢਾ ਕੇ ਚੱਲਿਆ ਗਿਆ।

ਪਤਾ ਨਹੀਂ ਕਦੋਂ ਬਾਪੂ ਮੇਰੇ ਅਗਲੇ ਕਿਸੇ ਨਾਵਲ ਵਿਚ ਫੇਰ ਟਪਕ ਪਵੇ। ਮੈਨੂੰ ਉਹਦਾ ਇੰਤਜ਼ਾਰ ਹੈ।

# ਨੱਥੂ ਬਾਬਾ ਉਰ.ਫ ਨੱਥੂ ਬੁੜ੍ਹਾ/ - ਕਰਾਂਤੀ ਪਾਲ

ਪਿੰਡ ਵਿੱਚ ਅੱਠ ਅਗਵਾੜ ਸਨ। ਸਾਡਾ ਖੁੱਡੀ ਦਾ ਅਗਵਾੜ ਸੀ। ਖੁੱਡੀ ਸ਼ਾਇਦ ਇਸ ਕਰਕੇ ਪਿਆ ਹੋਵੇਗਾ ਕਿਉਂਕਿ ਇਸ ਪਾਸੇ ਖੁੱਡੀ ਨਾਂ ਦਾ ਇਕ ਛੋਟਾ ਜਿਹਾ ਪਿੰਡ ਸੀ। ਛੋਟੀ ਖੁੱਡੀ। ਇਸ ਅਗਵਾੜ ਦੇ ਅਗਾਂਹ ਦੋ ਠੁੱਲੇ ਸਨ। ਮਸਤੂ ਦਾ ਠੁੱਲਾ ਤੇ ਦਿਆਲੇ ਕਾ ਠੁੱਲਾ। ਇਨ੍ਹਾਂ ਨੂੰ ਮਸਤੂ ਪੱਤੀ ਤੇ ਦਿਆਲਾ ਪੱਤੀ ਵੀ ਆਖਦੇ ਸਨ। ਸਾਡਾ ਘਰ ਦਿਆਲਾ ਪੱਤੀ ਵਿੱਚ ਸੀ।

ਇਸੇ ਪੱਤੀ ਵਿੱਚ ਦੋ ਘਰ ਬਾਣੀਆਂ ਦੇ ਸਨ, ਦੋ ਘਰ ਸੁਨਿਆਰਾਂ ਦੇ ਤਿੰਨ-ਚਾਰ ਘਰ ਤਰਖਾਣਾਂ ਦੇ ਇਕ ਘਰ ਮਰਾਸੀਆ ਦਾ ਤੇ ਉੱਨੀ ਵੀਹ ਘਰ ਜੱਟਾਂ ਦੇ। ਬਾਹਮਣਾਂ ਦਾ ਸਾਡਾ ਇਕੱਲਾ ਘਰ ਸੀ।

ਸਾਡੇ ਘਰ ਕੋਲ ਪਿੰਡ ਦੇ ਸਾਰੇ ਬਾਹਮਣਾਂ ਨਾਲੋਂ ਵੱਧ ਜ਼ਮੀਨ ਸੀ, ਪਿੰਡ ਵਿੱਚ ਅੱਸੀ ਘਰ ਬਾਹਮਣਾਂ ਦੇ ਸਨ। ਪੁਰਖ਼ੇ ਆਖਦੇ ਸਨ, ਭਲੇ ਵੇਲਿਆਂ ਵਿੱਚ ਜੱਟ-ਲੋਕਾਂ ਨੂੰ ਜ਼ਮੀਨ ਦਾ ਐਨਾ ਮੋਹ ਨਹੀਂ ਹੁੰਦਾ ਸੀ। ਉਦੋਂ ਲੋਕਾਂ ਵਿੱਚ ਐਨੀ ਤਮ੍ਹਾ ਵੀ ਨਹੀਂ ਸੀ। ਲਾਗੀਆਂ-ਤੱਬੀਆਂ ਨੂੰ ਉਹ ਐਵੇਂ ਹੀ ਜ਼ਮੀਨਾਂ ਸੰਭਾਲ ਦਿੰਦੇ ਸਦਾ ਵਾਸਤੇ। ਸੋ ਏਦਾਂ ਹੀ ਸਾਡੇ ਬਜ਼ੁਰਗਾਂ ਨੂੰ ਪਿੰਡ ਦੇ ਧਾਲੀਵਾਲ ਜੱਟਾਂ ਨੇ ਇਹ ਸੱਤਰ ਘੁਮਾਂ ਜ਼ਮੀਨ ਐਵੇਂ-ਐਵੇਂ ਵਿੱਚ ਹੀ ਦਿੱਤੀ ਹੋਵੇਗੀ। ਆਖਿਆ ਹੋਵੇਗਾ, "ਲੈ ਬਈ ਬਾਬਾ, ਵਗਲ ਲੈ ਜਿੱਥੋਂ ਤਾਈਂ ਵਗਲਣੀ ਐ ਧਰਤੀ, ਤੇਰੀ ਹੀ ਤੇਰੀ।"

ਸਾਡਾ ਦਾਦਾ ਇੰਦਰ ਰਾਮ ਵਾਹੀ ਦਾ ਕੰਮ ਕਰਦਾ। ਉਸ ਤੋਂ ਛੋਟਾ ਭਾਗਾ ਮਰਜ਼ੀ ਦਾ ਮਾਲਕ ਸੀ। ਉਹ ਹਰਖੀ ਬੰਦਾ ਸੀ। ਐਵੇਂ ਹੀ ਝਗੜਾ ਖੜਾ ਕਰ ਲੈਂਦਾ। ਭਾਗੇ ਤੋਂ ਛੋਟਾ ਨੱਥੂ ਸੀ। ਦਾਦਾ ਤੇ ਨੱਥੂ ਦੋਵੇਂ ਇਕੱਠੇ ਹੋ ਕੇ ਭਾਗੇ ਨੂੰ ਡਾਗਾਂ ਨਾਲ ਕੁੱਟਦੇ। ਉਹਦੇ ਹੱਡ-ਗੋਡੇ ਤੋੜ ਦਿੰਦੇ। ਪਰ ਫੇਰ ਉਨ੍ਹਾਂ ਦੋਹਾਂ ਵਿਚੋਂ ਕੋਈ ਇੱਕ ਇਕੱਲਾ ਖੇਤ ਨਾ ਜਾਂਦਾ। ਇਕੱਲੇ ਨੂੰ ਤਾਂ ਭਾਗਾ ਵਾਧੂ ਸੀ। ਕਈ ਕਈ ਦਿਨ ਉਹ ਦੋਵੇਂ ਇਕੱਠੇ ਰਹਿੰਦੇ। ਤਿੰਨ ਭਰਾਵਾਂ ਦਾ ਸਮਝੌਤਾ ਹੋ ਜਾਂਦਾ।

ਭਾਗਾ ਕੰਮ ਘੱਟ ਹੀ ਕਰ ਕੇ ਰਾਜ਼ੀ ਸੀ। ਉਸਨੂੰ ਅਸਲ ਵਿੱਚ ਮਿਰਗੀ ਦੇ ਦੌਰੇ ਪੈਂਦੇ ਸਨ। ਉਹਦੀ ਘਰ ਵਾਲੀ ਮਰ ਚੁੱਕੀ ਸੀ। ਨੱਥੂ ਖੇਤ ਵਿੱਚ ਕਹੀ ਖੁਰਪੇ ਦਾ ਕੰਮ ਹੀ ਕਰਦਾ ਉਸਨੇ ਹਲ ਦਾ ਮੁੰਨਾ ਕਦੇ ਨਹੀਂ ਫੜਿਆ। ਉਹ ਛੜਾ ਸੀ। ਉਸਦੀ ਨਜ਼ਰ ਕਮਜ਼ੋਰ ਸੀ। ਕਬੂਤਰਾ ਦਾ ਪੂਰਾ ਸ਼ੌਕੀ। ਭਾਗਾ ਸੰਤਾਲੀ ਤੋਂ ਪਹਿਲਾਂ ਮਰ ਗਿਆ ਸੀ। ਰਾਤ ਨੂੰ ਮਿਰਗੀ ਦਾ ਦੌਰਾ ਪਿਆ ਤੇ ਉਹ ਮੰਜੇ ਤੇ ਸੁੱਤਾ ਪਿਆ ਹੀ ਰਹਿ ਗਿਆ। ਮੇਰਾ ਦਾਦਾ 1971 ਵਿੱਚ ਪੂਰਾ ਹੋ ਗਿਆ। ਨੱਥੂ ਸੌ ਸਾਲ ਦਾ ਪੂਰਾ ਹੋਇਆ। ਉਸਨੇ ਸੱਤ ਸਾਲ ਦੀ ਉਮਰ ਵਿੱਚ ਕਬੂਤਰ ਲਿਆਂਦੇ ਸਨ ਤੇ 90 ਸਾਲ ਤਕ ਉਹ ਕਬੂਤਰਾਂ ਦੀ ਸੇਵਾ ਕਰਦਾ ਰਿਹਾ। ਘਰ ਵਿੱਚ ਕਬੂਤਰਾਂ ਦਾ ਖੁੱਡਾ ਅੱਜ ਵੀ ਹੈ, ਨੱਥੂ ਨਿੱਤ ਆਥਣ ਨੂੰ ਖੁੱਡੇ ਦਾ ਬਾਰ ਖੋਲ ਕੇ ਕੂੰਡੇ ਵਿੱਚ ਨਵਾਂ ਪਾਣੀ ਭਰਦਾ ਤੇ ਕਬੂਤਰਾਂ ਅੱਗੇ ਚੋਗ ਪਾਉਂਦਾ। ਖੁੱਡੇ ਦੇ ਬਾਰ ਮੂਹਰੇ ਬੈਠਕੇ ਕਬੂਤਰਾਂ ਦੀ ਗੁਟਰਗੂੰ-ਗੁਟਰਗੂੰ ਸੁਣਨ। ਉਹਨੂੰ ਚੰਗੀ ਲਗਦੀ।

ਧੋਲਾ ਧਾਲੀਵਾਲ ਜੱਟਾਂ ਦਾ ਪਿੰਡ ਹੈ। ਪਿੰਡ ਦੇ ਪੁਰਾਣੇ ਬੰਦੇ ਦਸਦੇ ਹੁੰਦੇ ਕਿ ਇਹ 'ਦੀਨਾ-ਕਾਂਗੜ' ਵਿੱਚੋਂ ਬੱਝਿਆ ਪਿੰਡ ਹੈ। ਉਹੀ 'ਦੀਨਾ ਕਾਂਗੜ' ਜਿੱਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਨੇ ਜ.ਫਰਨਾਮਾ' ਲਿਖਿਆ ਸੀ। ਬਾਦਸ਼ਾਹ ਅਕਬਰ ਨੇ ਇੱਥੋਂ ਦੇ ਹੀ ਧਾਲੀਵਾਲ ਜੱਟਾਂ ਨਾਲ ਰਿਸ਼ਤੇਦਾਰੀ ਪਾਈ ਸੀ, ਜਿਨ੍ਹਾਂ ਨੂੰ ਹੁਣ ਤੱਕ 'ਮੀਏਂ-ਕੇ' ਆਖਿਆ ਜਾਂਦਾ ਹੈ।

ਇਹ ਵੀ ਦਸਦੇ ਹਨ ਕਿ ਅਸੀਂ ਮਾਰਕੰਡਾ ਗੋਤ ਦੇ ਬਾਹਮਣ ਜੋ ਇਨ੍ਹਾਂ ਧਾਲੀਵਾਲ ਜੱਟਾਂ ਦੇ ਕੁਲ

ਪ੍ਰੋਹਤ ਸੀ, ਮਾਰਕੰਡੇ ਰਿਸ਼ੀ ਦੀ ਔਲਾਦ ਹਾਂ। ਉਹੀ ਮਾਰਕੰਡਾ ਰਿਸ਼ੀ ਜਿਹੜਾ ਸਰਸਵਤੀ ਉੱਤੇ ਮੋਹਤ ਹੋ ਗਿਆ ਸੀ। ਰਿਸ਼ੀ ਕੋਲੋਂ ਲੁਕਦੀ ਛਿਪਦੀ ਸਰਸਵਤੀ ਨਦੀ ਬਣ ਤੁਰੀ ਤਾਂ ਮਾਰਕੰਡੇ ਨੇ ਵੀ ਉਹਦੇ ਮਗਰ ਦਰਿਆ ਦਾ ਰੂਪ ਧਾਰ ਲਿਆ।

ਦਾਦਾ ਜਿਸ ਨੂੰ ਅਸੀਂ ਬਾਬਾ ਆਖਦੇ ਸੀ ਤੁਰ ਜਾਣ ਤੋਂ ਬਾਅਦ ਨੱਥੂ ਹੀ ਬਾਬਾ ਬਣ ਕੇ ਰਹਿ ਗਿਆ ਸੀ, ਨੱਥੂ ਬਾਬਾ ਦੂਰ ਦੂਰ ਤਕ ਆਪਣੇ ਕਬੂਤਰਾਂ ਕਰਕੇ ਮਸਹੂਰ ਸੀ। ਧੌਲੇ ਦੇ ਲਾਗੇ ਪਿੰਡ ਹੰਢਿਆਏ ਦਾ ਬੰਦਾ ਜਾਤ ਦਾ ਨਾਈ, ਚਰੰਜੀ ਲਾਲ ਬਾਬੇ ਦਾ ਯਾਰ ਸੀ। ਉਨ੍ਹਾਂ ਦੇ ਲਿਹਾਜ਼ ਦਾ ਅਧਾਰ ਕਬੂਤਰ ਸਨ। ਉਹ ਵੀ ਕਬੂਤਰਾਂ ਦੀਆਂ ਸ਼ਰਤਾਂ ਲਾਉਂਦਾ। ਇਕੱਠੇ ਸ਼ਰਤਾਂ ਲਾਉਣ ਦੂਰ-ਦੂਰ ਤਕ ਜਾਂਦੇ। ਇੱਕ ਦੂਜੇ ਤੋਂ ਕਬੂਤਰਾਂ ਦਾ ਲੈਣ ਦੇਣ ਵੀ ਰਹਿੰਦਾ। ਦੋਹਾਂ ਨੂੰ ਵਧੀਆ ਤੋਂ ਵਧੀਆ ਕੁੱਤਾ ਰੱਖਣ ਦਾ ਵੀ ਸ਼ੌਕ ਸੀ। ਚਰੰਜੀ ਲਾਲ ਘੋੜੀ ਵੀ ਰੱਖਦਾ। ਘੋੜੀ ਤੇ ਚੜ੍ਹਕੇ ਉਹ ਸਾਡੇ ਪਿੰਡ ਧੌਲੇ ਆਉਂਦਾ। ਇਹੀ ਚਰੰਜੀ ਲਾਲ ਦੇ ਘਰ ਰਹਿ ਕੇ ਸਾਡੇ ਪਿਓ ਨੇ ਪੜ੍ਹਾਈ ਕੀਤੀ, ਦਾਦੀ ਨੇ ਉਨ੍ਹਾਂ ਨੂੰ ਪੰਜਵੀਂ ਜਮਾਤ 'ਚ ਲਾਇਆ ਸੀ। ਚਰੰਜੀ ਨੇ ਦਾਦੀ ਨੂੰ ਕਿਹਾ ਕਿ ਪਿੰਡੋਂ ਨਿੱਤ ਆਉਣ ਦੀ ਕੋਈ ਲੋੜ ਨੀਂ, ਆਵਦਾ ਲੀੜਾ-ਕੱਪੜਾ ਚੱਕ ਲਿਆਵੇ, ਤੇ ਇੱਥੇ ਰਹੇ। ਇਹ ਸਭ ਕੁਝ ਨੱਥੂ ਬਾਬੇ ਕਰਕੇ ਸੀ।

ਸਾਡੇ ਦਾਦੇ ਕੋਲ ਸੱਠ ਕਿੱਲੇ ਜ਼ਮੀਨ ਸੀ। ਦਾਦਾ ਝਗੜੇਬਾਜ਼ ਸੀ, ਹੈਂਕੜਬਾਜ਼ ਵੀ ਅਤੇ ਹੱਡ ਦਾ ਰੱਖ ਬਹੁਤਾ ਕਰਦਾ ਸੀ। ਵਿਆਹ-ਸ਼ਾਦੀਆਂ ਅਤੇ ਮਰਨਿਆਂ ਪਰਨਿਆਂ ਤੇ ਬੇਹੱਦ ਖਰਚ ਕਰਦਾ, ਸਾਰੀ ਉਮਰ ਉਹ ਬਾਣੀਆਂ ਦਾ ਕਰਜ਼ਦਾਰ ਰਿਹਾ। ਜ਼ਮੀਨ ਗਹਿਣੇ ਟਿਕੀ ਰਹਿੰਦੀ। ਹੋਰ ਜ਼ਮੀਨ ਬੈਅ ਕਰ ਦਿੰਦਾ। ਜਦੋਂ ਉਹ ਪੂਰਾ ਹੋਇਆ ਤਾਂ ਸਾਡੇ ਕੋਲ ਜ਼ਮੀਨ ਸਿਰਫ਼ 24 ਕਿੱਲੇ ਰਹਿ ਗਈ, ਬਾਕੀ ਸਾਰੀ ਜ਼ਮੀਨ ਉਸ ਨੇ ਵੇਚ ਦਿੱਤੀ। ਅੱਧੀ ਗਹਿਣੇ ਸੀ। ਹਾਲਾਂਕਿ ਦਾਦੇ ਦੀ ਜ਼ਮੀਨ ਬੈਅ ਕਰਨ ਦਾ ਕਿਸੇ ਨੂੰ ਕੋਈ ਗ਼ਮ ਨਹੀਂ ਸੀ।

ਇਸ ਤਰ੍ਹਾਂ ਦਾਦੇ ਤੋਂ ਬਾਅਦ ਜ਼ਮੀਨ 24 ਕਿੱਲਿਆਂ ਵਿੱਚੋਂ ਬਾਰਾਂ ਕਿੱਲੇ ਨੱਥੂ ਬਾਬੇ ਦੇ ਨਾਂ ਬੋਲਣ ਲੱਗੀ, ਨੱਥੂ ਬਾਬੇ ਨੇ ਸਾਰੀ ਉਸ ਹਲ ਵਾਹੁਣ ਤੋਂ ਬਿਨਾਂ ਉੱਤਲੇ ਕੰਮ ਸਾਰੇ ਕੀਤੇ। ਹਰ ਸਾਲ ਦੋ ਤਿੰਨ ਵਿੱਘੇ ਖਰਬੂਜ਼ੇ ਜ਼ਰੂਰ ਬਿਜਵਾਉਂਦਾ। ਖਰਬੂਜਿਆਂ ਦੀ ਰੁੱਤ ਜਦੋਂ ਪੂਰੇ ਜੋਬਨ ਤੇ ਹੁੰਦੀ, ਉਨ੍ਹਾਂ ਦਿਨ੍ਹਾਂ ਵਿੱਚ ਉਹ ਖੇਤ ਹੀ ਰਾਤ ਕੱਟਦਾ। ਤੜਕੇ-ਤੜਕੇ ਖਰਬੂੜਿਆਂ ਦੀਆਂ ਵੇਲਾਂ ਨੂੰ ਧੂੜ਼ ਦਿੰਦਾ ਫਿਰਦਾ। ਟੁੱਟੀ ਜਿਹੀ ਤੱਕੜੀ ਲਈ ਇੱਟਾਂ ਦੇ ਵੱਟੇ ਬਣਾਏ ਹੁੰਦੇ। ਪਿੰਡ ਦੇ ਛੋਟੇ ਹਟਬਾਣੀਏ ਉਹਦੇ ਕੋਲੋਂ ਖ਼ਰਬੂਤੇ ਲੈ ਕੇ ਜਾਂਦੇ ਅੱਗੋਂ ਪਿੰਡ 'ਚ ਵੇਚਦੇ।

ਨੱਥੂ ਬਾਬੇ ਨੂੰ ਪੈਸਿਆਂ ਪੱਖੋਂ ਕੋਈ ਘਾਟ ਨਾ ਹੁੰਦੀ ਉਹ ਆਪਣੇ ਦੋ ਭਤੀਜਿਆਂ ਨੂੰ ਹੀ ਆਪਣੀ ਔਲਾਦ ਮੰਨਦਾ। ਉਹ ਆਪਣੇ ਭਤੀਜਿਆਂ ਨਾਲੋਂ ਵੱਧ ਉਨ੍ਹਾਂ ਦੇ ਅੱਗੋਂ ਜੁਆਕਾਂ ਨੂੰ ਪਿਆਰ ਕਰਦਾ। ਕਦੇ ਕਦੇ ਪੈਸੇ ਵੀ ਦੇ ਦਿਆ ਕਰਦਾ।

ਸਾਰੀ ਉਮਰ ਛੜਾ ਰਹਿਣ ਕਰਕੇ ਉਸਨੇ ਆਪਣੇ ਕੁਝ ਅਸੂਲ ਬਣਾ ਲਏ ਸਨ। ਉਸ ਦੇ ਅਸੂਲਾਂ ਤੇ ਜੋ ਨਾ ਚਲਦਾ, ਉਹ ਉਸ ਤੋਂ ਦੂਰ ਹੋ ਜਾਂਦਾ ਪਰ ਪਤਾ ਨਾ ਲੱਗਣ ਦਿੰਦਾ। ਸਾਰੇ ਜੁਆਕਾਂ ਨੂੰ ਉਹ ਕਿੰਨੇ ਪੈਸੇ ਖ਼ਰਚਣ ਲਈ ਦਿੰਦਾ ਹੈ ਇਹ ਭੇਦ ਬਾਬੇ ਦੇ ਜੁਆਕ ਨੂੰ ਪਤਾ ਹੁੰਦਾ।

ਮੈਂ ਆਪਣੇ ਸੰਯੁਕਤ ਪਰਿਵਾਰ ਵਿੱਚ ਚਾਚੇ ਦੇ ਜੁਆਕਾਂ ਤੋਂ ਵੱਡਾ ਤੇ ਆਪਣੇ ਭੈਣ-ਭਾਈਆਂ 'ਚ ਸਭ ਤੋਂ ਛੋਟਾ ਸੀ। ਪਹਿਲੀ ਜਮਾਤ ਤੋਂ ਲੈ ਕੇ ਚੌਥੀ ਮੈਂ ਗੌਰਮਿੰਟ ਹਾਈ ਸਕੂਲ ਰੂੜੇ ਕੇ ਕਲਾਂ ਤੋਂ ਅਤੇ ਪੰਜਵੀਂ ਧੌਲੇ ਤੋਂ ਕਰਕੇ ਛੇਵੀਂ 'ਚ ਬਰਨਾਲੇ ਗੋਰਮਿੰਟ ਸਕੂਲ 'ਚ ਆ ਦਾਖਲਾ ਲੈ ਲਿਆ। ਪਿਤਾ ਜੀ ਵੀ ਸਕੂਲ ਮਾਸਟਰ ਬਰਨਾਲੇ ਹੀ ਸਨ। ਬਰਨਾਲੇ ਹੀ ਘਰ ਬਣ ਗਿਆ ਸੀ। ਪਰ ਮੈਂ ਪਿੰਡ ਦਾ ਖਹਿੜਾ ਨਾ

ਛੱਡਿਆ, ਹਫ਼ਤੇ ਦਸ ਦਿਨਾਂ ਬਾਅਦ ਪਿੰਡ ਜਾਵਾ।

ਜਦੋਂ ਮੈਂ ਰੂੜੇ ਕੇ ਕਲਾਂ ਪੜ੍ਹਦਾ ਸੀ ਉਦੋਂ ਸਕੂਲੋਂ ਬੱਸ ਅੱਡੇ ਤੋਂ ਘਰ ਪੈਦਲ ਆਉਣਾ ਤਾਂ ਬਾਬਾ ਸੱਥ ਵਿੱਚ ਬੈਠਾ ਮੈਨੂੰ ਵੇਖ ਕੇ ਆਖਦਾ ਮੇਰਾ ਪਾੜ੍ਹੂ ਪੁੱਤ ਆ ਗਿਆ। ਪੰਜਵੀਂ ਵਿੱਚ ਪੜ੍ਹਦਿਆਂ ਮੇਰੀ ਮਾਂ ਪੂਰੀ ਹੋ ਗਈ। ਬਾਪ ਨੇ ਹੋਰ ਵਿਆਹ ਕਰਵਾ ਲਿਆ। ਵੱਡਾ ਭਰਾ ਤੇ ਦੋ ਭੈਣਾਂ ਧੌਲੇ ਸੰਯੁਕਤ ਪਰਿਵਾਰ ਦਾ ਹਿੱਸਾ ਬਣੀਆਂ ਰਹੀਆਂ। ਮੇਰੀ ਚਾਚੀ ਜਿਸ ਨੂੰ ਮੈਂ ਭੈਣ ਆਖਦਾ ਹਾਂ( ਕਿਉਂਕਿ ਇਕ ਮੇਰੀ ਮਾਂ ਆਪਣੇ ਦਿਉਰ ਨੂੰ ਆਪਣੀ ਭਤੀਜੀ ਦਾ ਸਾਕ ਲਿਆਈ ਸੀ) ਉਸ ਨੇ ਸਾਂਭਿਆ।

ਜਦੋਂ ਮੇਰਾ ਪਿਉ ਨਵੀਂ ਬੀਬੀ ਲੈ ਕਿ ਆਇਆ ਤਾਂ ਉਸਨੇ ਸਭ ਤੋਂ ਪਹਿਲਾਂ ਮੈਨੂੰ ਦੱਸਿਆ। ਮੈਂ ਆਪਣੀ ਮਾਂ ਨੂੰ ਵੀ ਬੀਬੀ ਆਖਦਾ ਸੀ। ਮੈਂ ਅੱਗੋਂ ਘਰੇ ਸਾਰਿਆਂ ਨੂੰ ਦੱਸ ਦਿੱਤਾ। ਪਿੰਡੋਂ ਸਾਰਾ ਸਮਾਨ ਚੁੱਕ ਕੇ ਪਿਉਂ ਬਰਨਾਲੇ ਲੈ ਗਿਆ। ਬਰਨਾਲੇ ਮੇਰੇ ਪਿਉ ਦਾ ਮਕਾਨ ਬਣਾਉਣ ਦਾ ਮਤਲਬ ਇਹ ਸੀ ਕਿ ਉਹ ਮੇਰੀ ਮਾਂ ਨੂੰ ਪਿੰਡ 'ਚ ਨਹੀਂ ਰੱਖਣਾ ਚਾਹੁੰਦਾ ਸੀ। ਸ਼ਹਿਰ ਫਿਰ ਵੀ ਸ਼ਹਿਰ ਹੁੰਦਾ ਹੈ। ਪਿੰਡ ਦਾ ਕਲਚਰ ਹੋਰ ਹੁੰਦਾ ਹੈ। ਮੇਰੀ ਮਾਂ ਫਿਰ ਪੰਜਾਬਣ ਵੀ ਨਹੀਂ ਸੀ। ਗੈਰ ਪੰਜਾਬਣਾਂ ਨੂੰ ਪਿੰਡ ਵਾਲੇ ਹੋਰ ਨਜ਼ਰ ਨਾਲ ਵੇਖਦੇ ਹਨ।

ਮੈਂ ਬਰਨਾਲੇ ਜਾ ਕੇ ਛੇਵੀਂ ਜਮਾਤ ਵਿੱਚ ਦਾਖਲਾ ਲੈ ਲਿਆ। ਮੇਰੀ ਵੱਡੀ ਭੈਣ ਵੀ ਬਰਨਾਲੇ ਆ ਗਈ। ਵੱਡਾ ਭਰਾ ਤੇ ਸਭ ਤੋਂ ਵੱਡੀ ਭੈਣ ਧੌਲੇ ਹੀ ਰਹੇ।

ਨੱਥੂ ਬਾਬਾ ਅਜੇ ਜਿਉਂਦਾ ਸੀ। ਮੈਂ ਜਦੋਂ ਪਿੰਡ ਜਾਣਾ ਉਸਨੂੰ ਚਾਅ ਚੜ੍ਹ ਜਾਂਦਾ ਸੀ। ਮੈਨੂੰ ਉਹ ਅੱਗੇ ਨਾਲੋਂ ਵੱਧ ਪਿਆਰ ਕਰਨ ਲੱਗ ਪਿਆ ਸੀ। ਬਾਕੀ ਜੁਆਕਾਂ ਨੂੰ ਛੱਡ ਕੇ ਮੈਂ ਅਗਲੀਆਂ ਜਮਾਤਾਂ ਪੂਰੀਆਂ ਕਰਦਾ ਗਿਆ। ਜਦੋਂ ਮੈਂ ਅੱਠਵੀਂ ਜਮਾਤ 'ਚ ਪਹੁੰਚਿਆ ਤਾਂ ਮੈਨੂੰ ਬਾਬੇ ਨੇ ਆਰ ਐਮ ਆਈ ਕੰਪਨੀ ਦਾ ਸਾਈਕਲ ਲੈ ਕੇ ਦਿੱਤਾ ਤੇ ਨਾਲ ਹੀ ਇਸ ਗੱਲ ਤੇ ਜੋਰ ਪਾਇਆ ਕਿ ਕਿਸੇ ਨੂੰ ਦੱਸੀ ਨਾ ਕਿ ਮੈਂ ਤੈਨੂੰ ਸਾਈਕਲ ਲੈ ਕੇ ਦਿੱਤਾ ਹੈ ਨਹੀਂ ਤਾਂ ਮੇਰੇ...। ਬਾਬਾ ਨੱਥੂ ਰਾਮ ਪਿਆਰ ਸਭ ਨੂੰ ਕਰਦਾ ਸੀ ਪਰ ਮੈਂ ਹੋਰ ਜੁਆਕਾਂ ਵਾਂਗ ਉਸ ਦੇ ਕੰਨ ਨਹੀਂ ਖਾਂਦਾ ਸੀ ਅਤੇ ਦੂਜਾ ਮੈਂ ਸ਼ਹਿਰ 'ਚ ਰਹਿਣ ਕਰਕੇ ਕਾਫ਼ੀ ਸਮੇਂ ਬਾਅਦ ਪਿੰਡ ਗੇੜਾ ਮਾਰਦਾ ਸੀ। ਤੀਜਾ ਮੈਂ ਬਿਨਾਂ ਮਾਂ ਦਾ ਬੱਚਾ ਸੀ।

ਮੇਰੀ ਨਵੀਂ ਆਈ ਬੀਬੀ ਦੇ ਪਹਿਲਾਂ ਜੋ ਬੱਚਾ ਹੋਇਆ, ਉਹ ਕੁੜੀ ਸੀ। ਮੈਂ ਪਿੰਡ ਗਿਆ ਅਤੇ ਸਭ ਤੋਂ ਪਹਿਲਾਂ ਨੱਥੂ ਬਾਬੇ ਨੇ ਪੁੱਛਿਆ ਕਿ ਤੇਰੀ ਬੀਬੀ ਦੇ ਕੀ ਹੋਇਆ ਹੈ, ਮੈਂ ਕਿਹਾ, "ਕੁੜੀ।" ਉਸ ਨੇ ਲੰਬਾ ਸਾਹ ਲੈਂਦਿਆਂ ਆਪਣੇ ਕ੍ਰਿਸ਼ਨ ਦਾ ਸ਼ੁਕਰੀਆ ਅਦਾ ਕੀਤਾ ਕਿਉਂਕਿ ਨੱਥੂ ਬਾਬਾ ਕ੍ਰਿਸ਼ਨ ਦਾ ਭਗਤ ਸੀ।

ਬੀਬੀ ਦੇ ਦੂਜਾ ਜੁਆਕ ਵੀ ਕੁੜੀ ਹੀ ਹੋਈ। ਉਦੋਂ ਵੀ ਜਦੋਂ ਨੱਥੂ ਬਾਬੇ ਨੂੰ ਪਤਾ ਲੱਗਿਆ ਤਾਂ ਉਹ ਅੰਦਰੋਂ ਅੰਦਰੀਂ ਖੁਸ਼ ਹੋਇਆ। ਮੈਨੂੰ ਇਕ ਦਿਨ ਪਿੰਡ ਗਏ ਨੂੰ ਬਾਬਾ ਆਖਦਾ ਹੈ ਇਹ ਸਭ ਕੁਝ ਮੇਰੇ ਕ੍ਰਿਸ਼ਨ ਦੇ ਕਹਿਣ 'ਤੇ ਹੋਇਆ ਹੈ। ਮੈਂ ਪੁੱਛਿਆ, ਉਹ ਕਿਵੇਂ? ਕਹਿਣ ਲੱਗਾ ਕੇ ਮੁੰਡਾ ਹੋ ਜਾਂਦਾ ਤਾਂ ਪੁੱਤ ਜ਼ਮੀਨ ਵੰਡੀ ਜਾਂਦੀ। ਤੁਹਾਡੇ ਨਾਲ ਤਾਂ ਮੇਰਾ ਮੋਹ ਹੈ ਪਰ ਉਹ ਕੌਣ ਹੈ? ਕਿੱਥੋਂ ਆਈ ਹੈ? ਮੈਨੂੰ ਕੀ ਪਤਾ?

ਨੱਥੂ ਬਾਬਾ ਅਸਲ ਦੇ ਵਿੱਚ ਆਪਣੇ 12 ਕਿੱਲਿਆਂ ਬਾਰੇ ਸੋਚ ਰਿਹਾ ਸੀ। ਜਦੋਂ ਉਸ ਦੀ ਉਮਰ ਹੋਰ ਵੱਧਦੀ ਗਈ ਤਾਂ ਉਸਨੇ ਜਿਉਂਦੇ ਜੀਅ ਆਪਣੀ ਜ਼ਮੀਨ ਆਪਣੇ ਭਤੀਜਿਆਂ ਦੇ ਜੁਆਕਾਂ ਦੇ ਨਾਂ ਮਤਲਬ ਕਿ ਤਿੰਨ ਤਿੰਨ ਕਿੱਲੇ ਮੇਰੇ ਤੇ ਮੇਰੇ ਵੱਡੇ ਭਰਾ ਦੇ ਨਾਂ। ਦੋ ਦੋ ਕਿੱਲੇ ਮੇਰੇ ਚਾਚੇ ਦੇ ਤਿੰਨਾਂ ਮੁੰਡਿਆਂ ਦੇ ਨਾਂ ਲਵਾ ਦਿੱਤੀ। ਨੱਥੂ ਬਾਬਾ ਸਾਰੀ ਉਮਰ ਵੈਸ਼ਨੂੰ ਰਿਹਾ। ਚਾਹ ਦਾ ਆਦੀ ਵੀ ਘੱਟ ਸੀ। ਘਿਓ-ਪੰਜ਼ੀਰੀ ਉਸ ਦੀ ਜਾਨ ਸੀ। ਜੇਕਰ ਕੋਈ ਰੋਟੀ ਉਸਨੂੰ ਬਿਨਾਂ ਸ਼ਬਜੀ 'ਚ ਘਿਉ ਪਾ ਕੇ ਦਿੰਦਾ ਤਾਂ ਉਹ ਗੁੱਸੇ 'ਚ ਲਾਲ ਹੋ ਜਾਂਦਾ ਤੇ ਅੰਦਰੋਂ ਅੰਦਰੀ ਝੂਰਦਾ ਰਹਿੰਦਾ। ਸਰਦੀ ਹੋਵੇ ਚਾਹੇ ਗਰਮੀ ਉਹ ਕੋਸੇ ਪਾਣੀ ਨਾਲ

ਦਿਨ ਵਿੱਚ ਦੋ ਵਾਰ ਸਵੇਰੇ ਤੇ ਸ਼ਾਮ ਨਹਾਉਂਦਾ। ਠਾਕਰਾਂ ਦੀ ਪੂਜਾ ਕਰਦਾ। ਬਾਹਰਲੇ ਘਰੇ ਹੀ ਰਹਿੰਦਾ।

ਨੱਥੂ ਬਾਬਾ ਜੋ ਅਖੀਰ 'ਚ ਆ ਕੇ ਨੱਥੂ ਬੁੜਾ ਬਣ ਗਿਆ। ਜਿਸ ਦੀ ਮੌਤ ਦਾ ਇੰਤਜ਼ਾਰ ਸਭ ਕਰਨ ਲੱਗੇ। ਸਾਡਾ ਤੇ ਮੇਰੇ ਚਾਚੇ ਦਾ ਪਰਿਵਾਰ ਵੱਡਾ ਹੋ ਰਿਹਾ ਸੀ। ਚਾਚੇ ਦੇ ਮੁੰਡੇ ਉਡਾਰ ਹੋ ਗਏ ਸਨ। ਸਭ ਇਹੀ ਸੋਚ ਰਹੇ ਸਨ ਕਿ ਇਹ ਬੁੜ੍ਹਾ ਕਦ ਪੂਰਾ ਹੋਵੇ ਤੇ ਕਦ ਜ਼ਮੀਨ ਵੰਡੀ ਜਾਵੇ। ਸੌ ਸਾਲ ਦੀ ਉਮਰ ਭੋਗ ਕੇ ਨੱਥੂ ਬੁੜਾ ਚੱਲ ਵਸਿਆ। ਅੱਜ ਉਸ ਨੂੰ ਗਿਆ ਕਈ ਸਾਲ ਹੋ ਗਏ। ਪਰ ਅੱਜ ਮੈਂ ਸੋਚਦਾਂ ਹਾਂ ਕਿ ਉਸ ਨੇ ਸਾਰੀ ਉਮਰ ਹੰਢਾ ਕੇ ਕੀ ਖੱਟਿਆ।

ਅੱਜ ਮੈਂ ਜਦੋਂ ਪਿੰਡ ਜਾਂਦਾ ਹਾਂ ਤਾਂ ਇਹੀ ਆਖਦਾ ਹਾਂ ਕਿ ਮੈਂ ਨੱਥੂ ਬਾਬੇ ਦਾ ਪੋਤਾ ਹਾਂ। ਨੱਥੂ ਬੁੜ੍ਹੇ ਦੀ ਚਾਹੇ ਆਪਣੀ ਕੋਈ ਔਲਾਦ ਨਹੀਂ ਸੀ ਪਰ ਪਿੰਡ ਵਿੱਚ ਉਸ ਦੀ ਹੋਂਦ 'ਮਾਰਕੰਡੇ ਪਰਿਵਾਰ' ਨਾਲ ਇੰਝ ਜੁੜੀ ਹੋਈ ਹੈ ਕਿ ਉਸ ਦੇ ਨਾਂ ਤੋਂ ਬਿਨਾਂ ਇਸ ਦੀ ਕੋਈ ਪਹਿਚਾਣ ਨਹੀਂ। ⊘

(**ਸੰਪਰਕ-92165-35617** )

## ਪਿਓ-ਧੀ ਦੇ ਪੁਰਖੇ :

## ਮਾਲਾਂ ਦਾ ਪੋਤਾ/ -ਦਲਬੀਰ ਚੇਤਨ

ਸਰਕਾਰੀ ਕਾਲਜ਼ਾਂ 'ਚ ਭਾਵੇਂ ਚੇਤਾ ਹਾਂ, (ਚੇਤਰ) ਪਰ ਅਸਲੀ ਤੌਰ ਉਤੇ ਜੇਠਾ ਹਾਂ। ਮਾਂ ਪਿਉ ਦਾ ਵੀ ਜੇਠਾ ਪੁੱਤ ਤੇ ਜੰਮਿਆ ਵੀ ਜੇਠ ਦੇ ਮਹੀਨੇ। ਉਂਜ ਉਸੇ ਦਿਨ ਛੇਵੇਂ ਗੁਰੂ ਹਰਗੋਬਿੰਦ ਦਾ ਜਨਮ ਦਿਨ ਵੀ ਸੀ।

ਦਾਦੇ ਦਾ ਪੰਜਵਾਂ ਵਿਆਹ ਸੀ ਤੇ ਦਾਦੀ 'ਮਾਲਾਂ' ਪੰਜਵੀਂ ਵਿਉਹੜ ਬਣ ਕੇ ਆਈ ਸੀ। ਦਾਦੇ ਦੀਆਂ ਪਹਿਲੀਆਂ ਚਾਰ ਔਰਤਾਂ ਮਰ ਚੁੱਕੀਆਂ ਸਨ ਤੇ ਇਹ ਕਿਵੇਂ ਹੋ ਸਕਦਾ ਸੀ ਕਿ ਪਿੰਡ ਦਾ ਆਲ੍ਹਾ ਨੰਬਰਦਾਰ ਤੇ 'ਭੌਇ ਨਈਂ ਦਾ ਸਾਈਂ' ਔਰਤ ਅਤੇ ਔਲਾਦ ਤੋਂ ਬਗੈਰ ਹੀ ਰਹਿ ਜਾਂਦਾ? ਦਾਦੀ ਮਾਲਾਂ ਦਾ ਪੇਕਾ ਨਾਂ ਤਾਂ ਭਾਗੋ ਸੀ ਪਰ ਵਿਆਹੁਤਾ ਰਸਮਾਂ ਤੋਂ ਇਲਾਵਾ, ਪੰਜਵੀਂ ਔਰਤ ਹੋਣ ਕਰਕੇ, ਉਹਨੇ ਇਕ ਖਾਸ ਰਸਮ ਨੂੰ ਵੀ ਪੂਰਾ ਕਰਨਾ ਸੀ ਤੇ ਇਸ ਰਸਮ ਕਰਕੇ ਉਹ ਮੇਰੇ ਪੁਰਖਿਆਂ ਦੇ ਘਰ 'ਮਾਲਣ' ਬਣ ਕੇ ਆਈ ਤੇ ਹੌਲੀ ਹੌਲੀ 'ਮਾਲਾਂ' ਬਣ ਗਈ।

ਰਸਮ ਸੀ ਕਿ ਵਿਆਹ ਕੇ ਲਿਆਂਦੀ ਔਰਤ ਬਾਹਰਲੇ ਬੂਹਿਓਂ ਬਾਹਰ ਖੜੀ ਸੀ। ਦਾਦੇ ਨੇ ਅੰਦਰ ਵੜ ਕੇ ਬੂਹੇ ਨੂੰ ਜੰਦਰਾ ਮਾਰ ਦਿੱਤਾ। ਵਿਆਹ ਕੇ ਲਿਆਂਦੀ ਔਰਤ ਲਈ ਇਕ ਛਿੱਕੂ ਵਿਚ ਕੁਝ ਫੁੱਲ ਪਾ ਦਿੱਤੇ ਗਏ ਤੇ ਉਸ ਛਿੱਕੂ ਨੂੰ ਸਿਰ ਉੱਤੇ ਚੁੱਕ ਕੇ 'ਭਾਗੋ' , 'ਮਾਲਣ' ਬਣ ਗਈ। ਛਿੱਕੂ ਨੂੰ ਸਿਰ ਉੱਤੇ ਚੁੱਕੀ, ਪੌੜੀ ਰਾਹੀਂ ਭਾਗੋ ਨੇ ਬਾਹਰਲੀ ਕੰਧ ਪਾਰ ਕੀਤੀ ਤੇ ਅੰਦਰ ਵੜ ਕੇ ਜੰਦਰਾ ਖੋਲ੍ਹ ਦਿੱਤਾ। ਜੁੜੇ ਮੇਲ ਨੇ ਖੁਸ਼ੀ ਪ੍ਰਗਟਾਈ, "ਇਸ ਘਰ ਮਾਲਣ ਫੁੱਲ ਲੈ ਕੇ ਆਈ ਆ... ਬੰਦ ਜੰਦਰੇ ਖੁੱਲ੍ਹ ਗਏ ਨੇ... ਵਧਾਈਆਂ ਹੋਣ ਵਧਾਈਆਂ।"

ਛਿੱਕੂ ਦੇ ਚਿੰਨਾਤਮਕ ਫੁੱਲ ਜਦੋਂ ਅਸਲ ਜ਼ਿੰਦਗੀ 'ਚ ਖਿੜੇ ਤਾਂ ਤਿੰਨਾਂ ਭਰਾਵਾਂ ਵਿਚੋਂ ਸਭ ਤੋਂ ਵੱਡੇ ਮੇਰੇ ਪਿਤਾ ਜੀ ਸਨ ਤੇ ਅੱਗੋਂ ਫੇਰ ਸਭ ਤੋਂ ਵੱਡਾ ਮੈਂ ਸਾਂ।

ਬੜਾ ਕੁਝ ਜੋ ਵੇਖਿਆ ਨਹੀਂ ਸਿਰਫ ਸੁਣਿਆ ਹੈ, ਉਹਦੇ ਵਿਚ ਇਹ ਵੀ ਸ਼ਾਮਲ ਹੈ ਕਿ ਸੱਤ ਸੱਤ ਕਾਮੇਂ ਪੱਕੇ ਤੌਰ ਉੱਤੇ ਦਾਦੇ ਦੇ ਨਾਲ ਵਾਹੀ ਜੋਤੀ ਵਿਚ ਹੱਥ ਵਟਾਉਂਦੇ ਸਨ। ਉਹਨਾਂ ਵਿਚੋਂ ਇਕ ਕਾਮਾਂ ਵੀਹਾਂ ਬਾਈਆਂ ਵਰ੍ਹਿਆਂ ਤੋਂ ਲਗਾਤਾਰ ਨਾਲ ਚੱਲਿਆ ਰਿਹਾ ਸੀ ਤੇ ਦਾਦੇ ਦੀ ਮੌਤ ਤੋਂ ਬਾਅਦ ਉਹ ਮੇਰੇ

ਪਿਤਾ ਤੇ ਚਾਚਿਆਂ ਨੂੰ ਦਾਦੇ ਵਾਂਗ ਹੁਕਮ ਦੇਣ ਦਾ ਅਧਿਕਾਰੀ ਵੀ ਸਮਝਦਾ ਸੀ।

ਦਾਦੇ ਦੀ ਸਭ ਤੋਂ ਵੱਡੀ ਹਸਰਤ ਪੋਤੇ ਦਾ ਮੂੰਹ ਵੇਖਣਾ ਸੀ ਪਰ ਮੇਰੇ ਪ੍ਰਗਟ ਹੋਣ ਤੋਂ ਸਾਲ ਕੁ ਪਹਿਲਾਂ ਹੀ ਉਹ ਦੁਨੀਆਂ ਨੂੰ ਅਲਵਿਦਾ ਕਹਿ ਗਏ। ਮੇਰਾ ਨਾਮਕਰਨ ਵੀ ਉਸੇ ਕਾਮੇ ਮੁਣਸ਼ਾ ਸਿੰਘ ਨੇ ਹੀ ਕੀਤਾ। ਘਰ ਦੇ ਕੋਈ ਹੋਰ ਨਾਂ ਰੱਖਣਾ ਚਾਹੁੰਦੇ ਸਨ। ਜਦ ਘਰ ਦਿਆਂ ਨੇ ਮੁਣਸ਼ਾ ਸਿੰਘ ਦੇ ਨਾਂ ਨੂੰ ਸਵੀਕਾਰ ਨਾ ਕੀਤਾ ਤਾਂ ਉਹਨੇ ਨਿਹੋਰੇ ਨਾਲ ਆਖਿਆ, "ਜੇ ਅੱਜ ਨੰਬਰਦਾਰ ਜੀਉਂਦਾ ਹੁੰਦਾ ਤਾਂ ਮੇਰੀ ਗੱਲ ਇੰਜ ਨਾ ਅਦੂਲੀ ਜਾਂਦੀ। ਘਰ ਦੇ ਉਹਦੇ ਮੋਹ ਅੱਗੇ ਨਿਹੱਥੇ ਜਿਹੇ ਹੋ ਗਏ ਤੇ ਉਹਦੇ ਐਲਾਨੇ ਨਾਂ ਨੂੰ ਹੀ ਸਵੀਕਾਰ ਕਰ ਲਿਆ।

ਮਾਂ ਮਾਲਾਂ ਮੇਰੇ ਜਨਮ ਵੇਲੇ ਦੀਆਂ ਬਰਕਤਾਂ ਬਾਰੇ ਦੱਸਦੀ ਹੁੰਦੀ ਸੀ, "ਦੁੱਧ ਦੀਆਂ ਕਾੜ੍ਹਨੀਆਂ ਵੱਡੇ ਸਾਰੇ ਮੰਜੇ ਉੱਤੇ ਮਸਾਂ ਪੂਰੀਆਂ ਆਉਂਦੀਆਂ ਸਨ। ਬਾਹਰ ਕੰਮ ਕਰਨ ਵਾਲਿਆਂ ਦੀਆਂ ਰੋਟੀਆਂ, ਇਕ ਕਾਮਾਂ ਵਹਿੰਗੀ ਵਿਚ ਲੈ ਕੇ ਜਾਂਦਾ ਹੁੰਦਾ ਸੀ। ਤੇਰੇ ਜੰਮਣ ਉੱਤੇ ਸਾਰੇ ਪਿੰਡ ਵਿੱਚ ਜਿਹੜਾ ਗੁੜ ਵੰਡਿਆ ਉਹ ਘਰ ਦਾ ਹੀ ਸੀ।

ਜਦੋਂ ਕਦੇ ਜਾਰਜ ਪੰਚਮ ਹਿੰਦੁਸਤਾਨ ਆਇਆ ਤਾਂ ਸਰਕਾਰ ਨੇ ਪੰਜਾਬ ਵਿਚੋਂ ਜਿਹੜੇ ਕੁਝ ਬੰਦੇ ਸੱਦੇ ਉਹਨਾਂ ਵਿਚ ਮੇਰਾ ਦਾਦਾ ਵੀ ਸੀ। ਸ਼ਿਰਕਤ ਕਰਨ ਵਾਲਿਆਂ ਨੂੰ ਜਾਰਜ ਪੰਚਮ ਵਲੋਂ ਇੱਕ ਇੱਕ ਅੰਗੂਠੀ ਤੋਹਫ਼ੇ ਦੇ ਤੌਰ ਉੱਤੇ ਦਿੱਤੀ ਗਈ ਸੀ। ਮੇਰੇ ਦਾਦੇ ਦੀ ਖ਼ਾਹਸ਼ ਸੀ ਕਿ ਉਹਦੇ ਘਰ ਪੋਤਾ ਹੋਵੇ ਤੇ ਉਹ ਆਪਣੇ ਹੱਥੀਂ ਅੰਗੂਠੀ ਪੋਤੇ ਦੀ ਉਂਗਲ ਵਿਚ ਪਾਵੇ। ਆਪਣੇ ਹੱਥੀਂ ਵਾਲੀ ਉਹਦੀ ਇਹ ਇੱਛਾ ਪੂਰੀ ਨਾ ਹੋਈ ਪਰ ਜਦੋਂ ਸੁਰਤ ਸੰਭਾਲੀ ਤਾਂ ਘਰ ਦਿਆਂ ਨੇ ਉਹ ਅੰਗੂਠੀ ਮੈਨੂੰ ਦਿੰਦਿਆਂ ਦਾਦੇ ਦੀ ਖਾਹਸ਼ ਬਾਰੇ ਵੀ ਦੱਸਿਆ। ਮੈਨੂੰ ਉਸ ਅੰਗੂਠੀ ਵਿਚੋਂ ਦਾਦੇ ਦੇ ਦਰਸ਼ਨ ਹੁੰਦੇ ਪ੍ਰਤੀਤ ਹੋਣ ਲੱਗੇ। ਪਰ ਜਦੋਂ ਸਚੀਂ ਮੁੱਚੀਂ 'ਸੁਰਤ' ਸੰਭਾਲੀ ਤਾਂ ਮੇਰਾ ਨਾਇਕ ਸ਼ਹੀਦ ਭਗਤ ਸਿੰਘ ਬਣ ਗਿਆ ਤੇ ਉਸੇ ਦਿਨ ਤੋਂ ਮੈਨੂੰ ਉਹ ਅੰਗੂਠੀ ਗੁਲਾਮੀਂ ਦਾ ਚਿੰਨ੍ਹ ਜਾਪਣ ਲੱਗ ਪਈ। ਇਕ ਦਿਨ ਪਤਾ ਨਹੀਂ ਕੀ ਸੋਚ ਕੇ ਮੈਂ ਆਪਣੇ ਪੁਰਖੇ ਦੀ ਨਿਸ਼ਾਨੀ ਨੂੰ ਛੱਪੜ ਦੇ ਪਾਣੀ ਵਿਚ ਸੁੱਟ ਆਇਆ।

ਬਹੁਤ ਛੋਟਾ ਸਾਂ ਸ਼ਾਇਦ ਤੀਸਰੀ ਜਾਂ ਚੌਥੀ ਵਿਚ ਪੜ੍ਹਦਾ ਸਾਂ ਕਿ ਮੈਨੂੰ ਪੜ੍ਹਾਉਣ ਵਾਲੀ ਅਧਿਆਪਕਾ ਮੇਰੇ ਲਈ ਆਦਰਸ਼ ਔਰਤ ਸੀ। ਅਧਿਆਪਕ ਦੇ ਪਿਤਾ ਜੀ ਅਕਾਲੀ ਦਲ ਦੇ ਪ੍ਰਧਾਨ ਰਹਿ ਚੁੱਕੇ ਸਨ ਤੇ ਉਹਨੀਂ ਦਿਨੀਂ ਉਹ ਆਪਣੀ ਧੀ ਕੋਲ ਹੀ ਆਖਰੀ ਉਮਰ ਬਿਤਾ ਰਹੇ ਸਨ। ਉਹ ਇਕੱਲੇ ਹੀ ਬੈਠੇ ਤਾਸ਼ ਖੇਡਦੇ ਰਹਿੰਦੇ। ਕਦੇ ਕਦਾਈਂ ਕੁੱਝ ਪੱਤੇ ਮੈਨੂੰ ਫੜਾ ਦਿੰਦੇ। ਮੈਨੂੰ ਤਾਂ ਪੱਤਿਆਂ ਦੀ ਕੋਈ ਸੋਝੀ ਨਹੀਂ ਸੀ-- ਉਹ ਮੇਰੀ ਵਾਰੀ ਵੀ ਆਪ ਹੀ ਖੇਡਦੇ ਤੇ ਮੈਨੂੰ ਦੱਸਦੇ ਕਿ ਆਹ ਪੱਤਾ ਸੁੱਟ...! ਇੰਝ ਉਹ ਕੋਈ ਸਰ ਆਪ ਜਿੱਤ ਜਾਂਦੇ ਤੇ ਕੋਈ ਮੈਨੂੰ ਜਤਾ ਦਿੰਦੇ। ਪਤਾ ਨਹੀਂ ਸਿਆਸਤ ਦੀ ਬਾਜ਼ੀ ਹਾਰਨ ਤੋਂ ਬਾਅਦ ਉਹ ਤਾਸ਼ ਦੀਆਂ ਬਾਜ਼ੀਆਂ ਜਿੱਤਕੇ ਕੋਈ ਘਾਟ ਪੂਰੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜਾਂ ਸ਼ਾਇਦ ਮੈਨੂੰ ਤਿਆਰ ਕਰ ਰਹੇ ਸਨ ਕਿ ਹਾਰ ਕੇ ਵੀ ਹਾਰ ਨਹੀਂ ਮੰਨੀਦੀ।

ਪਿਓ ਅਕਾਲੀ ਪਰ ਧੀ ਪੂਰੀ ਕਾਮਰੇਡ। ਉਹ ਗੀਤ ਨਜ਼ਮਾਂ ਵੀ ਲਿਖਦੇ ਹੁੰਦੇ ਸਨ। ਸ਼ਹੀਦ ਗਹਿਲ ਸਿੰਘ ਦੀ ਬਰਸੀ ਉੱਤੇ ਉਹ ਨਿੱਕੀਆਂ ਨਿੱਕੀਆਂ ਸਤਰਾਂ ਗੱਤਿਆਂ ਉੱਤੇ ਸਾਨੂੰ ਲਿਖ ਦਿੰਦੇ। ਅਸੀਂ ਉਹਨਾਂ ਗੱਤਿਆਂ ਨੂੰ ਹਵਾ ਵਿਚ ਉਛਾਲਦੇ ਤੇ ਉਹਨਾਂ ਸਤਰਾਂ ਨੂੰ ਉੱਚੀ ਉੱਚੀ ਗਾਉਂਦੇ, ਪੰਜ ਕੋਹ ਪੈਡਲ ਮਾਰ ਸ਼ਹੀਦ ਦੀ ਬਰਸੀ ਉੱਤੇ ਪਹੁੰਚਦੇ ਤੇ ਉਥੇ ਜੋਗਿੰਦਰ ਬਾਹਰਲੇ ਦੇ ਅਪੇਰੇ ਵੇਖਦੇ!

ਇਹ ਮੇਰੀ ਅਧਿਆਪਕਾ ਕੁਝ ਨਾ ਕੁਝ ਲਿਖਦੇ ਹੀ ਰਹਿੰਦੇ ਤੇ ਉਸ ਕਾਪੀ ਵਾਲੀ ਲਿਖਤ ਦਾ ਉਤਾਰਾ ਮੇਰੇ ਰਾਹੀਂ ਕਾਗਜ਼ ਉੱਤੇ ਕਰਵਾਉਂਦੇ। ਉਹ ਕਾਗਜ਼ ਮੈਂ ਹੀ ਚਾਚੇ ਬਲਵੰਤ ਨੂੰ ਦੇਣੇ ਹੁੰਦੇ ਸਨ। ਉਹੋ ਜਿਹਾ

ਹੀ ਕੁਝ ਲਿਖਿਆ ਚਾਚਾ ਬਲਵੰਤ ਮੈਨੂੰ ਦਿੰਦਾ ਤੇ ਮੈਂ ਉਹ ਲਿਖਤ ਆਪਣੀ ਅਧਿਆਪਕਾ ਨੂੰ ਲਿਆ ਦਿੰਦਾ। ਵੱਡਿਆਂ ਹੋ ਕੇ ਤਾਂ ਸਾਰੀ ਗੱਲ ਸਮਝ ਆ ਗਈ, ਪਰ ਉਦੋਂ ਨਹੀਂ ਸੀ ਪਤਾ ਕਿ ਮੈਂ ਦੋ ਪਿਆਰਿਆ ਵਿਚ ਕਾਸਿਦ ਦਾ ਕੰਮ ਵੀ ਕਰ ਰਿਹਾ ਸਾਂ।

ਮੈਂ ਸਿਰਫ ਪੰਜਵੀਂ ਤੱਕ ਹੀ ਉਹਨਾਂ ਕੋਲੋਂ ਪੜ੍ਹਿਆ ਤੇ ਪੰਜਵੀਂ ਤੱਕ ਕੋਰਸ ਦੀਆਂ ਕਿਤਾਬਾਂ ਤੋਂ ਇਲਾਵਾ ਉਹਨਾਂ ਕਈ ਹੋਰ ਕਿਤਾਬਾਂ ਵੀ ਪੜ੍ਹਾ ਦਿੱਤੀਆਂ। ਕਈ ਵਾਰ ਸੋਚਦਾ ਹਾਂ ਕਿ ਇਹ ਪੜ੍ਹਨ ਪੜ੍ਹਾਉਣ ਦੇ ਲਿਖਣ ਲਿਖਾਉਣ ਦੀ ਚਿਣਗ ਉਹਨਾਂ ਦੀ ਹੀ ਮੁਬਾਰਕ ਸੋਚ ਦੀ ਦੇਣ ਹੈ।

ਆਪਣੀ ਪਹਿਲੀ ਚੋਰੀ ਵੀ ਮੈਂ ਇਸੇ ਉਮਰ ਵਿਚ ਕੀਤੀ ਜੋ ਬੜਾ ਚਿਰ ਪਛਤਾਵਾ ਤੇ ਸਹਿਮ ਜਿਹਾ ਬਣ ਕੇ ਮਨ ਵਿਚ ਰੜਕਦੀ ਰਹੀ। ਇਕ ਹਮ ਜਮਾਤਣ ਕੁੜੀ ਬੜੀ ਹੀ ਚੰਗੀ ਲੱਗਦੀ ਹੁੰਦੀ ਸੀ। ਉਦੋਂ ਕਦੇ ਸੋਚਿਆ ਵੀ ਨਹੀਂ ਸੀ ਕਿ ਉਸਤੋਂ ਚੰਗਾ ਹੋਰ ਵੀ ਕੋਈ ਹੋ ਸਕਦਾ ਹੈ। ਲਾਗੇ ਲਾਗੇ ਘਰ ਸਨ ਤੇ ਅਸੀਂ ਖੇਡਦੇ ਮੱਲਦੇ ਵੀ ਇਕੱਠੇ। ਜੀਹਦੇ ਸਿਰ ਮੀਟੀ ਹੁੰਦੀ ਉਹ ਲੱਭਦਾ ਜਾਂ ਲੱਭਦੀ ਰਹਿੰਦੀ ਤੇ ਅਸੀਂ ਬੜੇ ਆਰਾਮ ਨਾਲ ਉਸ ਕੁੜੀ ਦੀ ਮਾਂ ਨਾਲ ਮੰਜੇ ਉੱਤੇ ਦੋਵੇਂ ਲੰਮੇ ਪਏ ਹੁੰਦੇ।

ਪਿਤਾ ਜੀ ਫੌਜ ਵਿਚ ਨੌਕਰੀ ਕਰਦੇ ਸਨ। ਸ਼ਾਇਦ ਇਸੇ ਲਈ ਮੇਰੇ ਬੀ ਜੀ ਉਠਦੇ ਬੈਠਦੇ 'ਦੇਸੀਂ ਪਰਦੇਸੀਂ ਸੁੱਖ ਰੱਖੀਂ' ਦੀ ਅਰਦਾਸ ਹੀ ਕਰਦੇ ਰਹਿੰਦੇ। ਰੇਡੀਓ ਉੱਤੇ ਲੜਾਈ ਦੀਆਂ ਖਬਰਾਂ ਸੁਣਦੇ ਮਸੋਸੇ ਜਿਹੇ ਜਾਂਦੇ। ਸਾਡੇ ਘਰ ਵਿਚ ਸਭ ਤੋਂ ਵੱਧ ਖੁਸ਼ੀ ਉਦੋਂ ਹੁੰਦੀ ਜਦੋਂ ਪਿਤਾ ਜੀ ਛੁੱਟੀ ਆਏ ਹੁੰਦੇ ਤਏ ਉਹਨਾਂ ਦੇ ਜਾਣ ਵਾਲੇ ਦਿਨ ਏਨਾਂ ਓਦਰ ਜਾਂਦੇ ਕਿ ਬੀ ਜੀ ਆਪ ਗਰਾਹੀਆਂ ਤੋੜ ਤੋੜ ਦਿੰਦੇ ਪਰ ਸਾਥੋਂ ਰੋਟੀ ਨਾ ਖਾਧੀ ਜਾਂਦੀ। ਕਦੇ ਕਦਾਈਂ ਗਰਮੀਆਂ ਦੀਆਂ ਛੁੱਟੀਆਂ ਵਿਚ ਪਿਤਾ ਹੋਰਾਂ ਕੋਲ ਜਾ ਕੇ ਰਹਿਣਾ ਸਾਨੂੰ ਨਵੀਂ ਦੁਨੀਆਂ ਮਿਲ ਜਾਣ ਜਿਹਾ ਲੱਗਦਾ। ਇਕ ਵਾਰ ਅਸੀਂ ਸਾਰਾ ਪਰਿਵਾਰ ਹੀ ਉਹਨਾਂ ਕੋਲ ਕਸੌਲੀ ਗਏ। ਇਹ ਨਵੇਂ ਦਿੱਸਹਦਿਆਂ ਨੂੰ ਛੂਹਣ ਵਰਗੀ ਗੱਲ ਸੀ। ਜ਼ਿੰਦਗੀ ਦੇ ਟੇਢੇ ਮੇਢੇ ਤੇ ਉੱਚੇ ਨੀਵੇਂ ਰਾਹਾਂ ਦੀ ਜਾਣਕਾਰੀ ਨਹੀਂ ਸੀ। ⊘

## ਕੁਵੇਲੇ ਤੁਰ ਗਿਆ ਬਾਪ / - ਡਾ. ਸਰਘੀ

ਬੰਦਾ ਆਪਣੇ ਆਪ ਨੂੰ ਨਹੀਂ ਆਪਣੇ ਪੁਰਖੇ ਵੀ ਜਿਉਂਦਾ ਹੈ। ਸਾਡੇ ਕਾਰ ਵਿਹਾਰਾਂ ਤੇ ਵਿਚਾਰਾਂ ਵਿੱਚੋਂ ਪੁਰਖੇ ਕਦੇ ਮਨਫ਼ੀ ਨਹੀਂ ਹੁੰਦੇ। ਉਮਰਾਂ ਦੀ ਅਉਧ ਪੁਗਾ, ਸਾਡੇ ਪੁਰਖੇ ਸਾਡੇ ਤੋਂ ਰੁਖ਼ਸਤ ਹੋ ਜਾਂਦੇ ਹਨ, ਪਰ ਇਹ ਪੁਰਖੇ ਹਮੇਸ਼ਾਂ ਸਾਡੇ ਅੰਗ-ਸੰਗ ਰਹਿੰਦੇ ਹਨ। ਉਹਨਾਂ ਦੀਆਂ ਕਹੀਆਂ ਸੁਣੀਆਂ ਜ਼ਿੰਦਗੀ ਦੀ ਰਮਜ਼ ਸਮਝਾ ਦੇਂਦੀਆਂ ਹਨ। ਸਰੀਰਕ ਪੱਖੋਂ ਬੇਸ਼ੱਕ ਇਹ ਪੁਰਖੇ ਵਿਛੜ ਚੁੱਕੇ ਹੁੰਦੇ ਹਨ; ਪਰ ਅਉੜਾਂ ਮਾਰੇ ਦਿਨਾਂ 'ਚ ਵੀ ਉਹ ਸਾਡੇ ਲਈ ਮੋਢਾ ਬਣ ਖਲੋਂਦੇ ਹਨ ਤੇ ਸਾਡੀਆਂ ਖੁਸ਼ੀਆਂ 'ਚ ਵੀ ਆਪਣੀ ਹਾਜ਼ਰੀ ਲੁਆਉਣਾ ਨਹੀਂ ਭੁੱਲਦੇ। ਉਹਨਾਂ ਨੂੰ ਚੇਤੇ ਕਰ ਹਰ ਦੁੱਖ ਤੇ ਸੁੱਖ ਸਮੇਂ ਅੱਖਾਂ 'ਚ ਨਮੀ ਤੈਰ ਆਉਂਦੀ ਹੈ। ਇਹ ਪੁਰਖੇ ਸਾਡੀਆਂ ਉਮਰਾਂ ਨੂੰ ਬੰਨ੍ਹ ਲਾਅ ਦੇਂਦੇ ਹਨ ਅਤੇ ਇਹਨਾਂ ਦੇ ਖਿਆਲਾਂ ਦੀ ਮੌਜੂਦਗੀ ਸਾਨੂੰ ਬਚਪਨ ਤੇ ਜਵਾਨੀ ਦੇ ਦਿਨਾਂ ਦੀ ਪਰਿਕਰਮਾ ਕਰਾ ਦੇਂਦੀ ਹੈ।

ਕਰੋਗੇ ਯਾਦ ਤੋਂ ਹਰ ਬਾਤ ਯਾਦ ਆਏਗੀ।
ਗੁਜ਼ਰਤੇ ਵਕਤ ਦੀ ਹਰ ਮੌਜ਼ ਲਹਿਰ ਜਾਏਗੀ

ਭੁਪਿੰਦਰ ਦੀ ਗਾਈ ਇਹ ਗਜ਼ਲ ਮੈਨੂੰ ਮੇਰੇ ਪੁਰਖਿਆਂ ਕੋਲ ਲੈ ਜਾਂਦੀ ਹੈ- ਕਦੇ ਕੁਵੇਲੇ ਤੁਰ ਗਿਆ ਬਾਪ ਯਾਦ ਆਉਂਦਾ ਹੈ ਅਤੇ ਕਦੇ ਬੜੇ ਵੇਲੇ ਨਾਲ ਤੁਰੇ ਗਾਏ ਦਾਦਾ ਦਾਦੀ . .। ਤੇ ਕਦੇ ਵਤਨੋਂ ਦੂਰ ਬੈਠੇ

ਚਾਚੇ ਚਾਚੀਆਂ ਤੇ ਮਾਂ ਯਾਦ ਆਉਂਦੀ ਹੈ।

ਮੈ ਆਪਣੇ ਪੁਰਖਿਆਂ ਬਾਰੇ ਬਹੁਤੀਆਂ ਗੱਲਾਂ ਆਪਣੇ ਬਾਪ ਤੇ ਆਪਣੇ ਦਾਦੇ ਦਾਦੀ ਕੋਲੋਂ ਸੁਣੀਆਂ ਸੀ। ਮੇਰੇ ਪੁਰਖਿਆਂ ਦਾ ਪਿੰਡ ਤਾਰਾਗੜ੍ਹ (ਤਲਾਵਾਂ) ਜਿਹੜਾ ਅੰਮ੍ਰਿਤਸਰ ਤੋਂ 20 ਕਿਲੋਮੀਟਰ ਦੀ ਵਿੱਥ ਤੇ ਹੈ। ਮੇਰਾ ਬਾਪ ਦਲਬੀਰ ਚੇਤਨ ਆਪਣੀ ਇੰਟਰਵਿਊ 'ਚ ਆਪਣੇ ਪੁਰਖਿਆਂ ਦਾ ਹਵਾਲਾ ਦੇਂਦੇ ਲਿਖਦੇ ਹਨ ਕਿ, "ਜਦੋਂ ਮੈਂ ਹੋਸ਼ ਸੰਭਾਲੀ ਬਾਰ ਵੱਸ ਕੇ ਉਜੜ ਚੁੱਕੀ ਸੀ। ਮੇਰੇ ਪਿੰਡ ਦਿਆਂ ਵੱਡ-ਵਡੇਰਿਆਂ ਨੇ ਏਧਰੋਂ ਜਾ ਕੇ ਹੀ ਇਸੇ ਹੀ ਨਾਂ ਦਾ ਪਿੰਡ (ਤਲਾਵਾ) ਪਾਕਿਸਤਾਨ 'ਚ ਵਸਾਇਆ ਸੀ। ਬਾਰ ਵਸਾਉਣ ਵੇਲੇ ਸਾਰੇ ਵੱਡ ਵਡੇਰੇ ਸਾਰੀ ਹੀ ਜ਼ਮੀਨ ਬਗੈਰ ਕਿਸੇ ਲਿਖਤ ਪੜ੍ਹਤ ਦੇ ਮੇਰੇ ਬਾਬਿਆਂ ਨੂੰ ਦੇ ਗਏ ਸੀ ਤੇ ਇਸੇ ਤਰ੍ਹਾਂ ਸਾਡੀ ਸਰਦਾਰੀ ਅੱਧੇ ਪਿੰਡ ਦੀ ਮਾਲਕੀ ਤੱਕ ਪਹੁੰਚ ਗਈ ਸੀ।" ਮੇਰੇ ਦਾਦਾ ਜੀ ਦੱਸਦੇ ਹੁੰਦੇ ਸਨ ਕਿ ਬਾਹਰ ਕੰਮ ਵਾਲੇ ਕਾਮਿਆਂ ਦੀਆਂ ਰੋਟੀਆਂ ਵਹਿੰਗੀ ਉਤੇ ਜਾਂਦੀਆਂ ਹੁੰਦੀਆਂ ਸਨ। ਕਾਮਿਆਂ ਦੀ ਗਿਣਤੀ ਯਾਦ ਰੱਖਣੀ ਔਖੀ ਸੀ। ਪ੍ਰੰਤੂ ਜਦ ਬਾਰ ਉਜੜ ਗਈ, ਤਦ ਜਿਹੜੇ ਪੁਰਖੇ ਉਧਰੋਂ ਉਜੜ ਕੇ ਆਏ ਸੀ . . . ਸਭ ਨੇ ਉਹਨਾਂ ਦੇ ਹਿੱਸੇ ਦੀ ਜ਼ਮੀਨ ਖੜ੍ਹੀਆਂ-ਖਲੋਤੀਆਂ ਫ਼ਸਲਾਂ ਸਮੇਤ ਉਹਨਾਂ ਦੇ ਹਵਾਲੇ ਕਰ ਦਿੱਤੀ।

ਜਦੋਂ ਜ਼ਮੀਨ ਕਈ ਹਿੱਸਿਆਂ 'ਚ ਵੰਡੀ ਗਈ ਤਾਂ ਮੇਰੇ ਦਾਦੇ ਨੂੰ ਉਹਨਾਂ ਦੇ ਪਿਤਾ ਨੇ ਆਖਿਆ ਸੀ, "ਪੁੱਤਰਾ ! ਹੁਣ ਪਹਿਲੀ ਵਾਲੀ ਸਰਦਾਰੀ ਤਾਂ ਨਹੀਂ ਰਹੀ, ਪਰ ਪਿੰਡ ਵਿੱਚ ਆਪਣਾ ਦਬਦਬਾ ਪੁਲਿਸ ਦੀ ਜਾਂ ਫੌਜ਼ ਦੀ ਨੌਕਰੀ ਕਰਕੇ ਕਾਇਮ ਰੱਖਿਆ ਜਾ ਸਕਦਾ ਹੈ।" ਮੇਰੇ ਦਾਦਾ ਜੀ ਨੂੰ ਪਤਾ ਸੀ ਕਿ ਉਹਨਾਂ ਦੇ ਸੁਭਾਅ ਨੂੰ ਪੁਲਿਸ ਦੀ ਨੌਕਰੀ ਰਾਸ ਨਹੀਂ ਆਉਣੀ, ਇਸ ਲਈ ਉਹਨਾਂ ਨੇ ਫੌਜ਼ ਦੀ ਹਵਾਲਦਾਰੀ ਨੂੰ ਤਰਜ਼ੀਹ ਦਿੱਤੀ। ਮੇਰੇ ਦਾਦਾ ਜੀ ਨੂੰ ਪੜ੍ਹਨ ਦਾ ਬਹੁਤ ਸ਼ੌਂਕ ਸੀ। ਅਸੀਂ ਉਹਨਾਂ ਨੂੰ ਹੀਰ 'ਦਯਾ ਸਿੰਘ', ਕਰਤਾਰ ਸਿੰਘ ਕਲਾਸਵਾਲੀਆਂ ਦਾ 'ਬੰਦਾ ਬਹਾਦਰ' ਤੇ ਜੋਗਾ ਸਿੰਘ ਦਾ ਕਿੱਸਾ ਗਾਉਦਿਆਂ ਦੀ ਸੁਣਿਆ। ਸਾਡੇ ਨਾਲ ਗੱਲਾਂ ਕਰਦੇ ਅਕਸਰ ਉਹ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਤੇ ਹੋਰ ਕਵੀਆਂ ਦੀਆਂ ਸਤਰਾਂ ਗੁਣਗਣਾਉਂਦੇ ਰਹਿੰਦੇ ਸਨ।

ਆਪਣੀ ਅਖੀਰਲੀ ਉਮਰ ਤੱਕ ਮੇਰੇ ਦਾਦਾ ਜੀ ਸੋਹਣੀ ਤਰ੍ਹਾਂ ਬਣ-ਫੱਬ ਕੇ ਰਹਿੰਦੇ ਸੀ। ਆਪਣੀ ਜਵਾਨੀ ਨੂੰ ਚੇਤੇ ਕਰਦਿਆਂ ਅਕਸਰ ਉਹ ਕਹਿੰਦੇ ਹੁੰਦੇ ਸਨ, "ਮੈਂ ਪਿੰਡ ਦਾ ਸਭ ਤੋਂ ਪਹਿਲੀ ਦਸਵੀਂ ਪਾਸ ਤੇ ਸੁਨੱਖਾ ਮੁੰਡਾ ਸੀ।" ਉਹਨਾਂ ਦੀ ਇਸ ਮੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਸੀ। ਉਮਰਾਂ ਬੀਤਣ 'ਤੇ ਵੀ ਉਹਨਾਂ ਦੇ ਚਿਹਰੇ 'ਤੇ ਇੱਕ ਸਕੂਨ ਸੀ . .। ਉਹਨਾਂ ਦੇ ਇਸ ਸਕੂਨ ਵਿੱਚ ਪਰਿਵਾਰ ਦੀ ਖ਼ੁਸ਼ਹਾਲੀ ਸ਼ਾਮਿਲ ਸੀ। ਇੱਕ ਵਾਰ ਜਦ ਕਿਸੇ ਰਿਸ਼ਤੇਦਾਰ ਨੇ ਉਹਨਾਂ ਨੂੰ ਕਿਹਾ, "ਗਿਆਨ ਸਿਆਂ, ਪੈਸਾ ਧੇਲਾ ਤੇਰੇ ਕੋਲ ਬਹੁਤ ਹੈ, ਪਰ ਤੂੰ ਭੋਇੰ ਬਹੁਤੀ ਨਹੀਂ ਬਣਾਈ।" ਤਾਂ ਉਹਨਾਂ ਦਾ ਜਵਾਬ ਸੀ, " ਮੈਂ ਆਪਣੇ ਧੀਆਂ ਪੁੱਤ ਪੜ੍ਹਾ ਦਿੱਤੇ-ਮੇਰੀ ਇਹੀ ਭੋਇੰ ਹੈ।" ਉਹ ਪੁੱਤਾਂ ਨਾਲੋਂ ਵੀ ਜ਼ਿਆਦਾ ਆਪਣੀਆਂ ਨੂੰਹਾਂ ਨੂੰ ਮਾਣ ਦੇਂਦਿਆਂ ਕਹਿੰਦੇ ਹੁੰਦੇ ਸਨ, "ਇਹ ਮੇਰੇ ਕਮਾਊ ਪੁੱਤ ਹਨ, ਜੇ ਇਹ ਪੜ੍ਹੀਆਂ ਲਿਖੀਆਂ ਨਾਂ ਹੁੰਦੀਆਂ, ਤਾਂ ਅਸੀਂ ਕਿੱਥੇ ਤਰੱਕੀ ਕਰਣੀ ਸੀ।"

ਫੌਜੀ ਹੋਣ ਕਰਕੇ ਉਹਨਾਂ ਦੇ ਜ਼ਿੰਦਗੀ ਜੀਣ ਦੇ ਕੁਝ ਢੰਗ ਵਧੀਆ ਵੀ ਸਨ, ਪਰ ਉਹਨਾਂ ਦੀਆਂ ਕੁਝ ਗੱਲਾਂ ਮੇਰੀ ਦਾਦੀ ਨੂੰ ਪਸੰਦ ਨਹੀਂ ਸੀ ਆਉਂਦੀਆਂ। ਮਸਲਨ ਉਹਨਾਂ ਦੀ ਰੋਜ਼ਾਨਾ ਖ਼ੁਰਾਕ ਵਿੱਚੋਂ ਟੱਬਰ ਦਾ ਕੋਈ ਜੀਅ ਹਿੱਸੇਦਾਰ ਨਹੀਂ ਸੀ ਬਣ ਸਕਦਾ...। ਉਹਨਾਂ ਦੀ ਇਸ ਆਦਤ ਤੋਂ ਪ੍ਰੇਸ਼ਾਨ ਹੋਈ ਮੇਰੀ ਦਾਦੀ ਨੇ ਕਿਹਾ, "ਸਾਰਾ ਟੱਬਰ ਲਾਗੇ ਬੈਠਾ ਹੁੰਦਾ, ਪਰ ਮਜ਼ਾਲ ਈ ਫ਼ਲ-ਫਰੂਟ ਖਾਂਦਿਆਂ ਬੰਦਾ ਲਾਗੇ-ਬੰਨ੍ਹੇ ਕਿਸੇ ਨੂੰ ਸੁਲਾਹ ਹੀ ਮਾਰ ਲਵੇ।" ਇਹੋ ਜਿਹੇ ਵੇਲੇ ਮੇਰੇ ਦਾਦੇ ਨੇ ਮੁਸਕਰਾਉਂਦਿਆਂ ਜਵਾਬ ਦਿੱਤਾ,

"ਭਾਗਵਾਨੇ ! ਜਦੋਂ ਮੈਂ ਦਵਾਈ ਖਾਂਦਾ; ਉਦੋ ਵੀ ਮੈਂ ਕੱਲਿਆ ਖਾਂਦਾ. . . ਉਦੋਂ ਕਿਹੜਾ ਸਾਰਾ ਟੱਬਰ ਖਾਂਦਾ।"

ਉਹਨਾਂ ਦੇ ਕਾਰ-ਵਿਹਾਰ ਤੋਂ ਮੈਂ ਸਿੱਖਿਆ ਸੀ ਕਿ ਕੰਮ ਕਰਨ ਵਾਲੇ ਹੱਥ, ਪਾਠ ਕਰਨ ਵਾਲੇ ਬੁੱਲ੍ਹਾਂ ਤੋਂ ਵਧੇਰੇ ਪਵਿੱਤਰ ਹੁੰਦੇ ਹਨ। ਕਾਰ-ਵਿਹਾਰ ਦੇ ਕੋਰੇ-ਕਰਾਰੇ ਹੋਣ ਦੇ ਬਾਵਜੂਦ ਕਿਸੇ ਦੀ ਔਖੇ ਵੇਲੇ ਉਹਦੀ ਬਾਹ ਫੜ੍ਹਨੀ-ਮੇਰੇ ਦਾਦੇ ਦੇ ਹਿੱਸੇ ਆਇਆ ਸੀ। ਆਪਣੀ ਅੰਤਲੀ ਉਮਰੇ ਵੀ ਉਹ ਮੋਹ ਮਾਇਆ ਤੋਂ ਨਿਰਲੇਪ ਨਹੀਂ ਸੀ ਹੋ ਸਕੇ। ਧਾਰਮਿਕ ਰੁਚੀਆਂ ਦੀ ਮਾਲਿਕ ਸਾਡੀ ਇੱਕ ਆਂਟੀ ਨੇ ਉਹਨਾਂ ਨੂੰ ਸਲਾਹ ਦਿੱਤੀ ਕਿ, "ਤੁਸੀਂ ਇਸ ਉਮਰੇ ਪੈਸਿਆਂ ਦੀਆਂ ਗੱਲਾਂ ਨਾਂ ਕਰਿਆ ਕਰੋ, ਪੰਜਾਂ ਬਾਣੀਆਂ ਦਾ ਪਾਠ ਪੜ੍ਹਿਆ ਕਰੋ, ਤੁਹਾਡਾ ਅੱਗਾ ਸਵਾਰਿਆ ਜਾਊ।" ਤਾਂ ਉਹਨਾਂ ਦਾ ਜਵਾਬ ਸੀ, "ਬੀਬਾ ! ਇਹ ਧੀਆਂ ਪੁੱਤਾਂ ਮੇਰਾ ਅੱਗਾ ਹੀ ਹਨ . . .ਜੇ ਸਾਰੀ ਉਮਰ ਪੰਜ ਬਾਣੀਆਂ ਦਾ ਪਾਠ ਹੀ ਪੜ੍ਹਦਾ ਰਹਿੰਦਾ . . .ਤਾਂ ਧੀਆਂ ਪੁੱਤਾਂ ਨੂੰ ਭੁੱਖ-ਨੰਗ ਤੋਂ ਸਿਵਾਂ ਮੈਂ ਕੀ ਦੇ ਸਕਦਾ ਸੀ. . . ਪੰਜਾਂ ਬਾਣੀਆਂ ਦਾ ਪਾਠ ਭਾਵੇਂ ਮੈਂ ਰੋਜ਼ ਨਹੀਂ ਪੜ੍ਹਦਾ . . . ਪਰ ਪੰਜਾਂ ਬਾਣੀਆਂ ਦੇ ਸਾਰੇ ਸੰਸਕਾਰ ਮੇਰੇ ਧੀਆਂ ਪੁੱਤਾਂ 'ਚ ਹੈ ਗੇ।"

ਨਿੱਤ ਵਰਤੋਂ ਦੀ ਆਪ ਭਾਸ਼ਾ 'ਚ ਉਹ ਪੰਜਾਬੀ/ਅੰਗ੍ਰੇਜ਼ੀ ਦੇ ਮੁਹਾਵਰੇ ਦਹੁਰਾਉਂਦੇ ਸਨ. . .। ਜਦ ਮੈਂ ਤੇ ਮੇਰੀ ਛੋਟੀ ਭੈਣ ਮੇਘਨਾ ਨੇ ਕਿਸੇ ਕੰਮ ਤੋਂ ਕੰਨਾਂ-ਘੇਸਲ ਮਾਰਨੀ ਤਾਂ ਉਹ ਫੱਟ ਕਹਿੰਦੇ ਹੁੰਦੇ ਸੀ, " ਆਈ ਸਟਾਊਟ, ਦਉ ਸਟਾਊਟ, ਹੂਅ ਵਿੱਲ ਪੁੱਟ ਦਾ ਡਸਟ ਆਊਟ (ਮੈਂ ਵੀ ਰਾਣੀ, ਤੂੰ ਵੀ ਰਾਣੀ, ਕੌਣ ਭਰੂਗਾ ਪਾਣੀ). . .। ਮੇਰੇ ਭਰਾ ਨਵਚੇਤਨ ਨਾਲ ਉਹਨਾਂ ਦੀ ਉਸ ਵੇਲੇ ਨਹੀਂ ਸੀ ਬਣਦੀ, ਜਦ ਉਹ ਦਾਦੇ ਦਾ ਕੰਮ ਕਰਨ ਵਿੱਚੋਂ ਢਿੱਲ-ਮੱਠ ਵਰਤ ਜਾਂਦਾ ਸੀ. . .। ਅਜਿਹੇ ਵੇਲੇ ਗੁੱਸੇ 'ਚ ਆਏ ਮੇਰੇ ਦਾਦਾ ਜੀ ਅਕਸਰ ਕਿਹਾ ਕਰਦੇ ਸੀ, "ਅੱਜ ਤੋਂ ਬਾਅਦ, ਮੈਂ ਨਹੀਂ ਕਹਿਣਾ ਤੈਨੂੰ ਕੋਈ ਕੰਮ . . .।" ਤੀਜੇ ਕੁ ਦਿਨ ਫਿਰ ਉਹਦੇ ਸਕੂਟਰ ਪਿੱਛੇ ਬੈਠੇ ਹੁੰਦੇ ਤਾਂ ਅਸੀਂ ਹੱਸਣ ਲੱਗ ਪੈਂਦੇ। ਸਾਨੂੰ ਹੱਸਦਿਆਂ ਵੇਖ ਉਹ ਜਵਾਬ ਦੇਂਦੇ, "ਇੱਕੋ ਹੱਟੀ, ਉਹ ਵੀ ਕੁਪੱਤੀ, ਮੁੜ-ਮੁੜ ਜਾਣਾ ਉਸੇ ਹੱਟੀ।"

ਮੇਰੀਆਂ ਕਹਾਣੀਆਂ ਪੜ੍ਹ ਅਕਸਰ ਮੇਰੇ ਸਮਕਾਲੀ ਕਹਿ ਦੇਂਦੇ ਹਨ,. . "ਤੇਰੀਆਂ ਕਹਾਣੀਆਂ ਵਿੱਚ ਸ਼ਬਦਾਵਲੀ ਬੜ੍ਹੀ ਜਾਨਦਾਰ ਹੁੰਦੀ ਹੈ. . ਤਾਂ ਇਹੋ ਜਿਹੇ ਵੇਲੇ ਮੈਨੂੰ ਆਪਣੇ ਦਾਦੇ-ਦਾਦੀ ਦੀ ਯਾਦ ਆਉਂਦੀ ਹੈ। ਮੇਰੀ ਦਾਦੀ ਕੋਰੀ ਅਨਪੜ੍ਹ ਸੀ। ਪਰ ਜਿੰਨਾ ਫੋਕਲੋਰ ਉਹਨਾਂ ਨੂੰ ਆਉਂਦਾ ਸੀ, ਯੂਨੀਵਰਸਿਟੀ ਦੇ ਫੋਕਲੋਰ ਨਾਲ ਸਬੰਧਿਤ ਵਿਦਵਾਨ ਨੂੰ ਵੀ ਨਹੀਂ ਆਉਂਦਾ ਹੋਣਾ। ਮੇਰੀ ਦਾਦੀ ਗਿੱਧਿਆ 'ਚ ਨੱਚਣ, ਗਾਉਣ ਦੀ ਬਹੁਤ ਸ਼ੋਕੀਨ ਸੀ। ਉਮਰ ਬੀਤਣ ਦੇ ਬਾਵਜੂਦ ਉਹਨਾਂ ਨੇ ਆਪਣੇ ਇਸ ਸ਼ੋਂਕ ਨੂੰ ਬਰਕਰਾਰ ਰੱਖਿਆ ਸੀ। ਆਪਣੀ ਹੋਸ਼ 'ਚ ਮੈਂ ਆਪਣੀ ਦਾਦੀ ਨੂੰ ਨਾ ਕਿਸੇ ਗਿੱਧੇ ਵਿੱਚ ਹਾਰਦੀ ਵੇਖਿਆ ਸੀ ਤੇ ਨਾ ਹੀ ਸਿੱਠਣੀਆਂ-ਸੁਹਾਗਾਂ ਵਿੱਚ। ਸੂਝ, ਸਮਝ ਤੇ ਸੁਹਜ਼ ਵਿੱਚ ਮੇਰੀ ਦਾਦੀ ਆਪਣੇ ਸਮੇਂ ਤੋਂ ਅੱਗੇ ਸੀ। ਜਦ ਪਿੰਡ ਰਹਿੰਦੇ ਸੀ ਤਾਂ ਕੋਈ ਗੁਆਂਢਣ ਮੇਰੀ ਦਾਦੀ ਨੂੰ ਕਹਿਣ ਲੱਗੀ, "ਹਰਬੰਸ ਕੁਰੇ ! ਤੂੰ ਆਪਣੀਆਂ ਨੂੰਹਾਂ ਬੜ੍ਹੀਆਂ ਅਜ਼ਾਦ ਕੀਤੀਆ, ਸਿਰ ਤੇ ਚੁੰਨੀ ਲੈ ਕੇ ਨਹੀਂ ਰੱਖਦੀਆਂ," ਦਾਦੀ ਨੇ ਉਸੇ ਵੇਲੇ ਉਹਨੂੰ ਜਵਾਬ ਦੇਂਦਿਆ ਕਿਹਾ ਸੀ, "ਮੇਰੀਆਂ ਨੂੰਹਾਂ ਤੇਰੀਆਂ ਨੂੰਹਾਂ ਵਰਗੀਆਂ ਨਹੀਂ, ਜਿਹੜੀਆਂ ਘੁੰਡ ਕੱਡਕੇ ਤੇਰੇ ਨਾਲ ਰੋਜ਼ ਆਡਾ ਲਾਉਂਦੀਆਂ।" ਗੁਆਢਣ ਚੁੱਪ ਕਰਕੇ ਤੁਰਦੀ ਬਣੀ ਸੀ ਤੇ ਮੇਰੀ ਦਾਦੀ ਆਪਣੀਆਂ ਨੂੰਹਾਂ ਨਾਲ ਹੱਸਦੀ-ਹੱਸਦੀ ਦੂਹਰੀ ਚੋਹਰੀ ਹੋ ਗਈ ਸੀ। ਫਿਰ ਹਾਸੇ 'ਚ ਹੀ ਮੇਰੀ ਮਾਂ ਤੇ ਚਾਚੀ ਨੂੰ ਕਹਿਣ ਲੱਗੀ, "ਮੈਂ ਆਪਣੀਆਂ ਨੂੰਹਾਂ ਨੂੰ ਜੋ ਮਰਜੀ ਕਹਾ, ਪਰ ਕੋਈ ਦੂਜਾ ਮੇਰੀਆਂ ਨੂੰਹਾਂ ਨੂੰ ਕੁਝ ਕਵੇ, ਇਹ ਨਹੀਂ ਮੇਰੇ ਤੋਂ ਬਰਦਾਸ਼ਤ ਹੁੰਦਾ।" ਆਪਣੇ ਨੌਕਰੀ ਕਰਦੇ ਨੂੰਹਾਂ-ਪੁੱਤਾਂ ਤੇ ਉਹ ਫ਼ਖ਼ਰ ਕਰਦੀ ਤੇ ਪੋਤੇ-ਪੋਤੀਆਂ ਨੂੰ ਚੰਗਾ ਪੜ੍ਹਦਿਆ ਵੇਖ ਉਹ ਦੂਣ-ਸਵਾਈ ਹੋ ਜਾਂਦੀ. . .। ਉਹ ਅਕਸਰ ਕਹਿੰਦੇ ਹੁੰਦੇ ਸੀ, "ਮੈਂ

ਸਭ ਤੋਂ ਵੱਧ ਖੁਸ਼ ਉਦੋਂ ਹੁੰਦੀ ਹਾਂ. . .ਜਦ ਮੇਰੇ ਧੀਆਂ ਪੁੱਤ ਬਣ-ਫੱਬ ਕੇ ਬਾਹਰ ਨਿਕਲਦੇ।

ਜ਼ਿੰਦਗੀ ਵਿਚ ਹਰ ਰਿਸ਼ਤੇ ਦੀ ਆਪਣੀ ਥਾਂ ਹੈ, ਪਰ ਹਰ ਉਸ ਰਿਸ਼ਤੇ ਦੇ ਖੁੱਸਣ ਦਾ ਦੁੱਖ ਜ਼ਿਆਦਾ ਹੁੰਦਾ ਹੈ, ਜਿਸ ਰਿਸ਼ਤੇ ਦੇ ਨਿੱਘ ਨੂੰ ਅਸੀਂ ਕਈ ਰੂਪਾਂ ਵਿੱਚ ਮਾਣਿਆ ਹੋਵੇ... ਦੁਨਿਆਵੀ ਰਿਸ਼ਤਿਆਂ ਦਲਬੀਰ ਚੇਤਨ ਮੇਰਾ ਬਾਪ ਸੀ- ਪਰ ਉਹ ਮੇਰੀ ਜ਼ਿੰਦਗੀ ਦਾ ਉਤਸ਼ਾਹ ਸੀ- ਪ੍ਰੇਰਣਾ ਸ੍ਰੋਤ ਸੀ। ਵਿਹਾਰੀ ਜ਼ਿੰਦਗੀ 'ਚ ਵਿਚਰਦਿਆਂ ਉਹਨਾਂ ਦੀਆਂ ਕਹੀਆਂ ਗੱਲਾਂ ਇਕ ਮਨ ਦੀ ਕਿਸੇ ਨੁਕਰੇ ਜਾ ਬੈਠੀਆਂ। ਉਹ ਗੱਲਾਂ ਜ਼ਿੰਦਗੀ ਜੀਣ ਦਾ ਫਲਸਫ਼ਾ ਬਣ ਉਕਰ ਗਈਆਂ ਤੇ ਉਹਨਾਂ ਦੀਆਂ ਕਹਾਣੀਆਂ 'ਚ ਲਿਖੇ ਅੱਖਰ ਮੇਰੇ ਲਈ ਇਬਾਰਤਾਂ ਬਣ ਖਲੋਤੇ...।

ਮੇਰੇ ਬਾਪ ਨੇ ਕਿਹਾ ਸੀ ...।

...ਮੇਰੇ ਬੱਚੇ ਸੱਚ ਨੂੰ ਜੀਣ, ਫਰੇਬ ਨਾ ਜੀਣ...।

...ਦੋਸਤੀ 'ਚ ਵਿਚਾਰਾਂ ਦਾ ਹੇਰ-ਫੇਰ ਹੋ ਸਕਦਾ... ਪਰ ਕਮੀਨਗੀ ਤੇ ਵਿਸ਼ਵਾਸਘਾਤ ਦੋਸਤੀ ਦੇ ਵਹੀਖਾਤੇ ਵਿਚੋਂ ਮਨਫ਼ੀ ਹੁੰਦੇ ਨੇ...।

...ਦੋਸਤੀ ਦੇ ਵਹੀਖਾਤੇ 'ਚ ਸਿਰਫ਼ ਦੇਣਾ ਹੀ ਹੁੰਦਾ ਹੈ... ਉਥੇ ਮੰਗਣ ਜਾਂ ਲੈਣ ਵਰਗੀ ਕੋਈ ਟਰਾਂਜੈਕਸ਼ਨ ਨਹੀਂ ਹੁੰਦੀ।

...ਕਦੇ ਵੀ ਬੇਗਾਨੇ ਪੈਰਾਂ ਦਾ ਸਫ਼ਰ ਨਾ ਕਰੋ। ਬੇਗਾਨੇ ਪੈਰਾਂ ਦਾ ਸਫ਼ਰ ਕਰਕੇ ਲੋਕ ਬਹੁਤ ਕੁਝ ਹਾਸਿਲ ਕਰਕੇ ਵੀ ਕੰਗਾਲ ਹੀ ਬਣੇ ਰਹਿੰਦੇ ਨੇ...।

ਉਹਨਾਂ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਮੈਂ ਅਕਸਰ ਕਹਿੰਦੀ ਹੁੰਦੀ ਸੀ, "ਡੈਡ! ਅੱਜ ਦੀ ਮਤਲਬਪ੍ਰਸਤ ਦੁਨੀਆਂ ਵਿਚ ਜੇ ਇਹ ਫਲਸਫ਼ਾ ਸਾਹ ਨਲੀ ਵਿਚ ਚਲਾ ਜਾਵੇ ਤਾਂ ਜੀਣਾ ਔਖਾ ਹੋ ਜਾਵੇ।" ਉਸੇ ਪਲ ਉਹ ਕਹਿਣ ਲੱਗੇ, "ਤੁਹਾਡੇ ਅੰਦਰ ਵੀ ਮੇਰਾ ਹੀ ਖ਼ੂਨ ਹੈ। ਫਿਰ ਤੁਸੀਂ ਇਸ ਸਭ ਕਾਸੇ ਤੋਂ ਕਿਵੇਂ ਭੱਜ ਸਕੋਗੇ।" ਉਹ ਅਕਸਰ ਕਿਹਾ ਕਰਦੇ ਸੀ, "ਰੋਟੀ ਖਾਣ ਤੋਂ ਪਹਿਲਾਂ ਹਮੇਸ਼ਾ ਉਸ ਰੱਬ ਅੱਗੇ ਅਰਦਾਸ ਕਰੋ ਕਿ ਸਭ ਨੂੰ ਰੱਜਵੀਂ ਰੋਟੀ ਤੇ ਸਿਰ 'ਤੇ ਛਾਂ ਦਾ ਟੋਟਾ ਨਸੀਬ ਹੋਵੇ।" ਅੱਜ ਜਦੋਂ ਫੁੱਟਪਾਥਾਂ ਤੇ ਨੰਗ-ਧੜੰਗ ਸੁੱਤੇ ਲੋਕਾਂ ਨੂੰ ਵੇਖਕੇ ਅੱਖਾਂ ਨਮ ਹੋ ਜਾਂਦੀਆਂ ਹਨ ਤਾਂ ਸੋਚਦੀ ਹਾਂ, ਵਾਕਿਆ ਹੀ 'ਖ਼ੂਨ ਦੀ ਤਾਸੀਰ' ਕਿੰਨੀ ਕੁ ਬਦਲ ਸਕਦੀ ਹੈ।

ਮੈਨੂੰ ਯਾਦ ਹੈ ਚੁਰਾਸੀ ਦੇ ਦੰਗਿਆਂ ਤੋਂ ਬਾਅਦ ਜਦ ਅੰਮ੍ਰਿਤਾ ਪ੍ਰੀਤਮ ਦੀ ਕਲਮ ਚੁੱਪ ਰਹੀ ਤਾਂ ਉਹ ਕਾਫ਼ੀ ਭਰੇ-ਪੀਤੇ ਰਹਿੰਦੇ ਸਨ। ਉਹਨਾਂ ਨੂੰ ਗਿਲਾ ਸੀ ਕਿ ਜਿਸ ਅੰਮ੍ਰਿਤਾ ਨੇ 47 ਵੇਲੇ ਵਾਰਿਸ ਨੂੰ ਉਲਾਮਾ ਦਿੱਤਾ ਸੀ ਤੇ ਕਬਰਾਂ ਵਿਚੋਂ ਬੋਲਣ ਲਈ ਕਿਹਾ ਸੀ, ਅੱਜ ਉਹ ਅੰਮ੍ਰਿਤਾ ਚੁੱਪ ਕਿਉਂ ਸੀ, ਕੀ 'ਅੱਖਰਾਂ ਦੀ ਜਾਈ' ਕੋਲ ਇਸ ਵੇਲੇ ਦੀ ਤ੍ਰਾਸਦੀ ਨੂੰ ਜ਼ਬਾਨ ਦੇਣ ਵਾਲੇ ਲਫ਼ਜ਼ ਮੁੱਕ ਗਏ ਸਨ...। ਜਦ ਅੰਮ੍ਰਿਤਾ ਪ੍ਰੀਤਮ 'ਰਾਜ ਸਭਾ' ਦੀ ਮੈਂਬਰ ਬਣੀ ਤਾਂ ਉਹਨਾਂ ਵੱਲੋਂ ਭੇਜੇ ਖ਼ਤਾਂ ਉਪਰ ਉਹ 'ਰਾਜ ਸਭਾ' ਦੀ ਮੁਹਰ ਹੁੰਦੀ ਸੀ...। ਉਹ ਖ਼ਤ ਉਹਨਾਂ ਪੜ੍ਹੇ ਬਗੈਰ ਵਗਦੇ ਪਾਣੀਆਂ ਹਵਾਲੇ ਕਰ ਦਿੱਤੇ ਸਨ। ਉਹਨਾਂ ਮੁਤਾਬਿਕ ਜਦ ਮੁਹੱਬਤੀ ਸਰਨਾਮਿਆਂ ਉਪਰ ਅਹੁਦਿਆਂ ਦੀਆਂ ਮੁਹਰਾਂ ਲੱਗ ਜਾਣ ਤਾਂ ਦੋਸਤੀਆਂ ਦੇ ਅਕਸ ਧੁੰਦਲੇ ਪੈ ਜਾਂਦੇ ਹਨ।

ਆਪਣੇ ਪਾਠਕਾਂ ਦੇ ਹੁੰਗਾਰੇ ਨੂੰ ਉਹ ਹਰ ਮਾਨ-ਸਨਮਾਨ ਤੋਂ ਉਚਾ ਸਮਝਦੇ ਸਨ। ਜਦ ਵੀ ਉਹਨਾਂ ਦੀ ਕੋਈ ਕਹਾਣੀ ਅਖ਼ਬਾਰ ਵਿਚ ਜਾਂ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੁੰਦੀ ਤਾਂ ਕਈ-ਕਈ ਦਿਨ ਪਾਠਕਾਂ ਦੇ ਫੋਨ ਆਉਂਦੇ ਰਹਿੰਦੇ। ਪਾਠਕਾਂ ਦੀਆਂ ਲੰਮੀਆਂ ਚੌੜੀਆਂ ਚਿੱਠੀਆਂ ਵੇਖ ਕੇ ਮੈਂ ਕਿਹਾ ਡੈਡੀ ਤੁਹਾਨੂੰ ਨਹੀਂ ਲੱਗਦਾ ਤੁਸੀਂ ਵੀ 'ਸਾਹਿਤ ਅਕਾਦਮੀ ਐਵਾਰਡ' ਦੇ ਹੱਕਦਾਰ ਹੋ। ਉਹਨਾਂ ਦਾ ਜਵਾਬ ਸੀ, "ਬੇਟੇ! ਮੈਂ ਚਾਹੁੰਦਾ ਹਾਂ, ਇਹੋ ਜਿਹੇ ਸਨਮਾਨ ਹਮੇਸ਼ਾ ਕਿਤਾਬਾਂ ਨੂੰ ਮਿਲਣ...। ਪਰ ਅੱਜਕੱਲ੍ਹ ਇਹ ਮਾਨ-ਸਨਮਾਨ

'ਜੁਗਾੜ ਬੰਧੂ' ਲੇਖਕਾਂ ਤੱਕ ਸੀਮਤ ਹੋ ਕੇ ਰਹਿ ਗਏ ਹਨ। ਸਾਡੇ ਦਾਈਏ ਬਹੁਤ ਉਚੇ ਹਨ, ਕਦੀ ਵਾਰੀ ਆ ਹੀ ਜਾਵੇਗੀ।" ਪਰ ਇਹ ਵਾਰੀ ਕਿਸ ਤਰ੍ਹਾਂ ਦੀ ਸੀ। ਉਹ ਜੋ ਚੁੱਪ ਚੁਪੀਤਾ ਜ਼ਿੰਦਗੀ ਦੇ ਹਰ ਸੂਖ਼ਮ ਅਹਿਸਾਸ ਨੂੰ ਆਪਣੀ ਕਲਮ ਰਾਹੀਂ ਜ਼ਬਾਨ ਦੇ ਰਿਹਾ ਸੀ। ਪਲਾਂ ਛਿਣਾਂ ਵਿੱਚ 'ਦਲਬੀਰ ਚੇਤਨ ਯਾਦਗਾਰੀ ਪੁਰਸਕਾਰ' ਵਿੱਚ ਤਬਦੀਲ ਹੋ ਗਿਆ ਸੀ।

'ਕੋਰਾ ਕਾਗਜ਼' ਵਿੱਚ ਉਹ ਲਿਖਦੇ ਹਨ, "ਜਿਵੇਂ ਮੈਂ ਜਿਊਣਾ ਚਾਹੁੰਦਾ ਹਾਂ... ਜੀ ਨਹੀਂ ਸਕਿਆ ਤੇ ਜਿਵੇਂ ਮੈਨੂੰ ਜਿਊਣ ਲਈ ਕਿਹਾ ਗਿਆ, ਮੈਂ ਜੀਣਾ ਨਹੀਂ ਚਾਹਿਆ।" ਮੈਨੂੰ ਲੱਗਦਾ ਹੈ ਇਹ ਹਰ ਇੰਟਲੈਕਚੁਅਲ ਬੰਦੇ ਦੀ ਹੋਣੀ ਹੈ। ਪਰ ਸਾਰੀ ਉਮਰ ਮੈਂ ਉਹਨਾਂ ਨੂੰ ਆਪਣੇ ਹਰ ਦੁਨਿਆਵੀ ਰਿਸ਼ਤੇ ਨਾਲ ਮਣਾਂ-ਮੂੰਹੀ ਮੋਹ ਕਰਦੇ ਵੇਖਿਆ ਹੈ। ਮੇਰੇ ਬਾਪ ਵਿੱਚ ਉਹ ਸਭ ਕੁਝ ਸੀ ਜੋ ਪਰੰਪਰਕ ਭਾਰਤੀ ਪਤੀ ਵਿਚ ਹੁੰਦਾ ਹੈ। ਉਹ ਮੇਰੀ ਮਾਂ ਦੇ ਹੱਥਾਂ ਦੇ ਮੋਹਨਾਮੇ ਤੋਂ ਵੀ ਇਨਕਾਰੀ ਨਹੀਂ ਸੀ। ਪਰ ਰਿਸ਼ਤਿਆਂ ਦੇ ਆਰ-ਪਾਰ ਜਾ ਕੇ ਮਨ-ਚਾਹਿਆ ਜੀਣ ਦੀ ਤਲਬ ਉਹਨਾਂ ਵਿੱਚ ਬਰਕਰਾਰ ਸੀ। ਇਹ ਤਲਬ ਉਹਨਾਂ ਦੇ ਆਖਰੀ ਦਿਨਾਂ ਵਿਚ ਚਰਮ ਸੀਮਾ 'ਤੇ ਸੀ। ਆਪਣੀ ਤਲਬ ਤੋਂ ਸੁਰਖ਼ਰੂ ਹੋਣ ਲਈ ਉਹਨਾਂ ਬੋਤਲ ਮੂੰਹ ਨੂੰ ਲਾ ਲਈ ਸੀ।

ਜ਼ਿੰਦਗੀ ਨੂੰ ਸੂਰਮਗਤੀ ਨਾਲ ਜੀਣ ਦਾ ਹੋਕਾ ਦੇਣ ਵਾਲਾ ਬੰਦਾ ਪਤਾ ਨਹੀਂ ਜ਼ਿੰਦਗੀ ਨੂੰ ਪਿੱਠ ਕਰਕੇ ਕਿਉਂ ਖਲੋ ਗਿਆ ਸੀ। ਆਖਰੀ ਦਿਨਾਂ ਵਿੱਚ ਹੱਥੀਂ ਸਿਰਜੀਆਂ ਦੋਸਤੀਆਂ ਤੇ ਮੁਹੱਬਤੀ ਰਿਸ਼ਤਿਆਂ ਤੇ ਅਜਿਹਾ ਤਾਂਡਵ ਨਾਚ ਨੱਚਿਆ ਸੀ ਕਿ ਮੁਹੱਬਤਾਂ ਤੇ ਦੋਸਤੀਆਂ ਮੂਕ ਦਰਸ਼ਕ ਬਣ ਵਹਿੰਦੀਆਂ ਰਹਿ ਗਈਆਂ ਸੀ ਤੇ ਉਹ ਆਪਣੀ ਹਯਾਤੀ ਦੇ ਪੈਂਡੇ ਮੁਕਾ ਗਏ।

ਉਹਨਾਂ ਦੀਆਂ ਕਹਾਣੀਆਂ ਵਿਚਲੇ ਮੁਹੱਬਤੀ ਫਲਸਫ਼ੇ ਨੂੰ ਪੜ੍ਹ ਕਈ ਵਾਰ ਮੈਂ ਸੋਚਦੀ ਹਾਂ ਮੇਰੇ ਬਾਪ ਨੇ ਮੁਹੱਬਤ ਵੀ ਕਿੰਨੇ ਦਿਲਕਸ਼ ਅੰਦਾਜ਼ 'ਚ ਕੀਤੀ ਹੋਵੇਗੀ। ਰਿਸ਼ਤਿਆਂ ਦੇ ਆਰ ਪਾਰ ਖਲੋਤੇ ਉਹ ਲਿਖਦੇ ਹਨ "ਉਂਝ ਜਨਮਾਂ ਦੇ ਚੱਕਰ ਨੂੰ ਮੰਨਾਂ ਜਾਂ ਨਾ, ਪਰ ਮੋਹ ਵੱਸ ਹੋਇਆ ਮੈਂ ਪਤਾ ਨਹੀਂ ਕਿਉਂ ਮੰਨ ਲੈਂਦਾ ਹਾਂ ਕਿ ਪਿਆਰ ਵਿਚ ਜ਼ਰੂਰ ਪਿਛਲੇ ਜਨਮਾਂ ਦਾ ਲੇਖਾ ਜੋਖਾ ਸ਼ਾਮਿਲ ਹੁੰਦਾ ਹੋਵੇਗਾ। ਨਹੀਂ ਤਾਂ ਇਵੇਂ ਕਿਵੇਂ ਹੋ ਸਕਦਾ ਹੈ ਕਿ ਅਛੋਪਲੇ ਜਿਹੇ ਕੋਈ ਤੁਹਾਡੀ ਜ਼ਿੰਦਗੀ ਵਿੱਚ ਸ਼ਾਮਿਲ ਹੋ ਜਾਵੇ ਕਿ ਤੁਸੀਂ ਸਭ ਕੁਝ ਭੁੱਲ-ਵਿਸਾਰ ਕੇ ਬਸ ਆਪਣੇ ਆਪ ਨੂੰ ਬੇਵੱਸ ਜਿਹੇ ਸਮਝਣ ਲੱਗ ਪਵੋ।"

ਬਾਪ ਦੇ 'ਰਿਸ਼ਤਿਆਂ ਦੇ ਆਰ ਪਾਰ' ਦੇ ਸੱਚ ਤੋਂ ਮੇਰੀ ਮਾਂ ਵੀ ਇਨਕਾਰੀ ਨਹੀਂ ਸੀ। ਪਰ ਆਮ ਔਰਤਾਂ ਵਾਂਗ ਉਹ ਇਹਨਾਂ ਰਿਸ਼ਤਿਆਂ ਤੋਂ ਖਿਝਦੀ ਨਹੀਂ ਸੀ। ਕਈ ਵਾਰ ਟਿੱਚਰ ਮਖੌਲ 'ਚ ਮਾਂ ਨੂੰ ਇਹਨਾਂ ਰਿਸ਼ਤਿਆਂ ਬਾਰੇ ਪੁੱਛੀਏ ਤਾਂ ਉਹ ਮੇਰੇ ਪਿਉ ਨੂੰ ਬਾਇੱਜ਼ਤ ਬਰੀ ਕਰਦੀ ਹੋਈ ਕਹਿੰਦੇ ਹੈ, "ਧੀਏ! ਉਹਨੇ ਕਦੇ ਮੇਰੇ ਤੋਂ ਉਹਲਾ ਨਹੀਂ ਸੀ ਰੱਖਿਆ... ਤੇਰਾ ਪਿਉ ਹੈ ਹੀ ਏਨਾ ਚੰਗਾ ਸੀ। ਕੋਈ ਵੀ ਔਰਤ ਉਹਨੂੰ ਮੁਹੱਬਤ ਕਰ ਸਕਦੀ ਸੀ। ਦੁੱਖ ਦਰਦ ਨਾਲ ਝੰਬੀਆਂ ਔਰਤਾਂ ਦੇ ਦੁੱਖ-ਦਰਦ ਵੰਢਾਉਂਦਾ ਉਹ ਉਹਨਾਂ ਦਾ ਹੀ ਹਿੱਸਾ ਹੋ ਨਿਬੜਦਾ ਸੀ।" ਹੁਣ ਕਈ ਵਾਰ ਇਕੱਲੀ ਰਹਿ ਗਈ ਮਾਂ ਆਪਣੀ ਇਕੱਲ ਤੋਂ ਘਬਰਾ, ਖਿਝ ਜਾਂਦੀ ਹੈ ਤੇ ਤੁਰ ਜਾਣ ਵਾਲੇ ਨਾਲ ਆਡਾ ਲਾਈ ਕਹਿੰਦੀ ਹੈ, "ਸਰਦਾਰਾ! ਬੇਗਾਨਿਆਂ ਦੇ ਦੁੱਖਾਂ ਨੂੰ ਦਿਲ ਤੇ ਲਾ ਤੁਰਦਾ ਬਇਉ... ਹੁਣ ਮੇਰੇ ਦੁੱਖ ਸੁਣਨ ਵਾਲਾ ਕੌਣ ਹੈ।"

ਡਾ. ਅਜੀਤ ਸੂਦ ਨੇ ਕਿਹਾ ਸੀ, "ਦਲਬੀਰ ਜੀ! ਡੇਢ ਮਹੀਨੇ ਵਿੱਚ ਤੁਸੀਂ ਬਿਲਕੁਲ ਠੀਕ ਹੋ ਜਾਣਾ, ਦਵਾਈ ਤੋਂ ਅੱਕਣਾ ਨਹੀਂ।" ਉਸ ਸਮੇਂ ਜ਼ਿੰਦਗੀ ਨੂੰ ਭਰਪੂਰਤਾ ਨਾਲ ਮਾਣਨ ਵਾਲੇ ਨੇ ਕਿਹਾ ਸੀ, "ਡਾਕਟਰ ਸਾਹਿਬ ਮੈਂ ਤਾਂ ਜ਼ਿੰਦਗੀ ਤੋਂ ਨਹੀਂ ਅੱਕਿਆ ਦਵਾਈ ਤੋਂ ਕੀ ਅੱਕਣਾ।" ਪਰ ਪਤਾ ਨਹੀਂ ਜ਼ਿੰਦਗੀ ਏਨੀ ਛੇਤੀ ਉਹਨਾਂ ਤੋਂ ਕਿਉਂ ਅੱਕ ਗਈ ਸੀ। ਅੰਮ੍ਰਿਤਾ ਪ੍ਰੀਤਮ ਲਿਖਦੀ ਹੈ:

ਰਲ ਗਈ ਸੀ ਏਸ ਵਿਚ ਇੱਕ ਬੂੰਦ ਤੇਰੇ ਇਸ਼ਕ ਦੀ
ਇਸ ਲਈ ਮੈਂ ਉਮਰ ਦੀ ਸਾਰੀ ਕੁੜਿਤਣ ਪੀ ਲਈ।

ਪਰ ਉਸ ਮੁਹੱਬਤਾਂ ਦੇ ਭਰ ਵਗਦੇ ਦਰਿਆ ਨੂੰ ਨਫ਼ਰਤ ਦੀ ਇੱਕ ਬੂੰਦ ਨੇ ਤਹਿਸ ਨਹਿਸ ਕਰਕੇ ਰੱਖ ਦਿੱਤਾ ਸੀ। ਉਹ ਜੋ 'ਪਾਲਕ ਦਾ ਬੂਟਾ' ਸੀ ਤੇ ਆਪਣਿਆਂ ਦੀ ਹਰ ਕੁੜੱਤਣ ਨੂੰ ਆਪਣੇ ਅੰਦਰ ਸਮੋਅ ਉਹਨਾਂ ਨੂੰ ਸਹਿਜ ਕਰ ਦੇਂਦਾ ਸੀ। ਪਰ ਬਿਮਾਰੀ ਦੀ ਕੁੜੱਤਣ ਉਹਨਾਂ ਤੋਂ ਜ਼ਰੀ ਨਹੀਂ ਗਈ ਸੀ। 26 ਦਸੰਬਰ ਦੀ ਸਵੇਰ ਮੇਰੀ ਮਾਂ ਮੇਰੇ ਕੋਲ ਆ ਕੇ ਕਹਿਣ ਲੱਗੀ, " ਤੇਰੇ ਡੈਡੀ ਤੈਨੂੰ ਯਾਦ ਕਰ ਰਹੇ ਨੇ... ਉਹਨਾਂ ਅੱਗੇ ਜਾ ਕੇ ਰੋਈ ਨਾ... ਇਹ ਰੂਹਾਂ ਕਿਤੇ ਲੱਭਣੀਆਂ।" ਮੈਂ ਉਹਨਾਂ ਦੇ ਕਮਰੇ ਵਿੱਚ ਪਹੁੰਚ ਗਈ ਸੀ। ਮੈਂ ਕਿਹਾ, "ਸਤਿ ਸ੍ਰੀ ਅਕਾਲ ਡੈਡੀ", ਉਹਨਾਂ ਬੜ੍ਹੇ ਹਠ ਨਾਲ ਜਵਾਬ ਦਿੱਤਾ। ਮੈਂ ਆਪਣੇ ਬਾਪ ਦੇ ਚਿਹਰੇ ਨੂੰ ਵੇਖ ਰਹੀ ਸੀ। ਦਗ ਦਗ ਕਰਦੇ ਚਿਹਰੇ 'ਤੇ ਪੀਲੱਤਣ ਦਾ ਪੋਚਾ ਫਿਰਿਆ ਹੋਇਆ ਸੀ। ਮੈਂ ਉਹਨਾਂ ਕੋਲ ਹੀ ਬੈਠ ਗਈ। "ਸਰਘ, ਤੇਰਾ ਮੇਰਾ ਏਨਾ ਹੀ ਸਾਥ ਸੀ।" ਇਹ ਗੱਲ ਕਹਿ ਉਹ ਚੁੱਪ ਹੋ ਗਏ ਸੀ, ਤੇ ਇੱਕ ਟੱਕ ਮੇਰੀ ਬੇਟੀ ਨੂੰ ਨਿਹਾਰਦੇ ਰਹੇ... ਤੇ ਮੈਂ ਉਸ ਤੁਰ ਜਾਣ ਵਾਲੇ ਵਰਗੀ ਬਲਵਾਨ ਨਹੀਂ ਸੀ, ਆਪਣੀ ਬੇਬਸੀ ਸਮੇਤ ਉਥੋਂ ਉਠ ਖੜ੍ਹੀ ਹੋਈ।

ਉਹ ਪਲ ਕਿਵੇਂ ਦੇ ਹੁੰਦੇ ਹਨ, ਜਦ ਤੁਹਾਨੂੰ ਪਤਾ ਹੁੰਦਾ ਹੈ, ਤੁਹਾਡਾ ਕੋਈ ਬਹੁਤ ਪਿਆਰਾ ਤੁਹਾਡੇ ਤੋਂ ਸਦਾ ਲਈ ਵਿਛੜ ਰਿਹਾ ਹੈ। ਪਰ ਤੁਸੀਂ ਕੁਝ ਵੀ ਕਰਨ ਦੇ ਅਸਮਰੱਥ ਹੁੰਦੇ ਹੋ। ਉਹ ਆਪਣੀਆਂ ਰਚਨਾਵਾਂ ਅੰਦਰ ਘਟਨਾਵਾਂ ਨੂੰ ਅਜਿਹੀ ਤਰਤੀਬੀ ਨਾਲ ਵਿਉਂਤਦੇ ਸਨ ਅਤੇ ਆਪਣੇ ਪਾਤਰਾਂ ਨੂੰ ਦੁੱਖ ਵਿੱਚ ਘਿਰਿਆ ਵੇਖਕੇ ਉਹਨਾ ਲਈ ਭੁੱਬਾਂ ਮਾਰ ਉੱਠਦੇ ਸਨ। ਪਰ ਆਪਣੀ ਜ਼ਿੰਦਗੀ ਦੀ ਕਹਾਣੀ ਵਿਚ ਅਜਿਹੀ ਬੇਤਰਤੀਬੀ ਭਰ ਗਏ ਸਨ ਕਿ ਉਹਨਾਂ ਦੇ ਤੁਰ ਜਾਣ ਤੋਂ ਬਾਅਦ ਘਰ ਵਿਚ ਆਈ ਹਰ ਖ਼ੁਸ਼ੀ ਅੱਖਾਂ ਵਿੱਚ ਨਮੀਂ ਲੈ ਆਉਂਦੀ ਹੈ।

ਚੱਲਦੀ ਗੱਡੀ ਵਿੱਚ ਮੈਂ 'ਪਰਵੇਜ਼ ਸੰਧੂ 'ਦੀ ਕਹਾਣੀ 'ਟਾਹਣੀਉਂ ਟੁੱਟੇ' ਪੜ੍ਹ ਰਹੀ ਸੀ। ਕਹਾਣੀ ਦੇ ਅੰਤ ਤੱਕ ਪਹੁੰਚਦਿਆਂ ਮੈਨੂੰ ਆਪਣਾ ਬਾਪ ਯਾਦ ਆ ਗਿਆ। ਕਹਾਣੀ ਦੇ ਨਾਇਕ ਕੋਲ ਸ਼ਬਦ ਸਨ, ਪਰ ਉਹਦੇ ਕੋਲ ਬੈਠੇ ਉਹਦੇ ਬੱਚਿਆਂ ਕੋਲ ਉਹਨਾਂ ਸ਼ਬਦਾਂ ਦੇ ਅਰਥ ਨਹੀਂ ਸਨ। ਇਸ ਲਈ ਉਹ ਬੇਬੱਸ ਸਨ। ਸਾਨੂੰ ਇਹ ਸੋਚ ਹੋਰ ਵੀ ਲਤਾੜ ਦੇਂਦੀ ਕਿ ਜਿਗਰ ਭਾਵੇਂ ਉਹਨਾਂ ਦਾ ਸਾਥ ਛੱਡ ਰਿਹਾ ਸੀ। ਪਰ ਦਿਮਾਗ ਵਿੱਚ ਅਜੇ ਵੀ ਵਲਵਲੇ ਫੁੱਟ ਰਹੇ ਸਨ ਤੇ ਉਸ ਪਲ ਤੁਸੀਂ ਕਿੰਨੇ ਵਲੂੰਧਰ ਜਾਂਦੇ ਹੋ, ਜਦ ਜਾਣ ਵਾਲਾ ਕਹਿੰਦਾ ਹੈ, "ਬੜੇ ਹੀ ਕੰਮ ਰਹਿ ਗਏ... ਕੁਝ ਕਰ ਲਉ ਯਾਰ... ਅਜੇ ਜਾਣ ਨੂੰ ਜੀਅ ਨਹੀਂ ਕਰਦਾ। ਡੈਡ, ਤੇਰੇ ਤੁਰ ਜਾਣ ਦਾ ਸੱਲ ਕਲੇਜੇ ਨੂੰ ਧੂਹ ਪਾਉਂਦਾ ਹੈ ਤੇ ਆਂਦਰਾਂ ਦਾ ਰੁੱਗ ਕਿਵੇਂ ਭਰਿਆ ਜਾਂਦਾ- ਤੇਰੇ ਤੁਰ ਜਾਣ ਤੋਂ ਬਾਅਦ ਸਮਝ ਵਿੱਚ ਆਇਆ।"

ਕਈ ਵਾਰ ਮੈਨੂੰ ਲੱਗਦਾ ਹੈ ਜੇ ਉਹ ਜਿਉਂਦੇ ਹੁੰਦੇ ਤਾਂ ਸ਼ਾਇਦ ਮੈਂ ਕਹਾਣੀਆਂ ਨਾ ਲਿਖਦੀ। ਅੱਜ ਜਦੋਂ ਕਿਧਰੇ ਕਿਸੇ 'ਕਹਾਣੀ ਗੋਸ਼ਟੀ' ਤੇ ਮੇਰੇ ਬਾਪ ਦੇ ਨਾਮ ਰਾਹੀਂ ਮੇਰਾ ਹਵਾਲਾ ਦਿੱਤਾ ਜਾਂਦਾ ਹੈ ਤਾਂ ਤਸੱਲੀ ਹੁੰਦੀ ਹੈ... ਮੇਰਾ ਬਾਪ ਕਿਤੇ ਨਹੀਂ ਗਿਆ। ਉਹ ਤਾਂ ਬੱਸ ਸਾਡੇ ਆਸ-ਪਾਸ ਹੀ ਨੇ ਤੇ ਕਹਿ ਰਹੇ ਨੇ, "ਮੇਰੇ ਕੁਮਲਿਓ ! ਮੈਂ ਕਿਤੇ ਨਹੀਂ ਗਿਆ... ਐਵੇਂ ਨਾ ਬੱਸ...।"

ਸੋ ਦੋਸਤੋ ! ਮੇਰੇ 'ਚ ਜੇ ਕੁਝ ਚੰਗਾ ਹੈ, ਉਹ ਮੇਰੇ ਪੁਰਖਿਆਂ ਦਾ ਹੀ ਤਾਂ ਹੈ... ਜੋ ਕੁਝ ਮੰਦਾ ਹੈ, ਉਹ ਵੀ ਮੇਰੇ ਪੁਰਖਿਆ ਦਾ ਹੀ ਹੈ... ਕਿਉਂਕਿ ਬੰਦਾ ਆਪਣੇ ਆਪ ਨੂੰ ਨਹੀਂ, ਆਪਣੇ ਪੁਰਖੇ ਹੀ ਜੀਅ ਰਿਹਾ ਹੁੰਦਾ ਹੈ।

(**ਸੰਪਰਕ-99888-54454**)

# ਤਲਖ਼ ਸੁਭਾ ਵਾਲੇ ਬਜ਼ੁਰਗ /- ਡਾ.ਐੱਸ.ਤਰਸੇਮ

ਜਦੋਂ ਅਸੀਂ ਤਪੇ ਆ ਵਸੇ, ਉਥੇ ਪਿੰਡ ਸੇਲਬਰਾਹ ਤੋਂ ਇਕ ਭਾਈ ਜੀ ਆਉਂਦਾ ਹੁੰਦਾ ਸੀ। ਇਹ 1953-56 ਦੀ ਗੱਲ ਹੈ। ਉਹਦੇ ਨੀਲੀ ਪੱਗ ਤੇ ਚਿੱਟਾ ਕੁੜਤਾ-ਕਛਹਿਰਾ ਪਹਿਨਿਆ ਹੁੰਦਾ ਸੀ ਤੇ ਹੱਥ ਵਿਚ ਇਕ ਟਾਕੂਆ ਹੁੰਦਾ ਸੀ। ਉਸ ਦੇ ਆਉਣ ਦਾ ਕਾਰਨ ਸਭ ਨੂੰ ਪਤਾ ਸੀ। ਉਹ ਸਾਡੇ ਪਿੰਡ ਸ਼ਹਿਣੇ ਦੀ ਜ਼ਮੀਨ ਦੀ ਪੈਦਾਵਾਰ ਦਾ ਦਸਵੰਧ ਲੈਣ ਆਉਂਦਾ ਹੁੰਦਾ ਸੀ। ਜਿੰਨਾ ਸਰਦਾ, ਮਾਂ ਤੇ ਭਰਾ ਭਾਈ ਜੀ ਨੂੰ ਦੇ ਦਿੰਦੇ। ਉਸ ਤੋਂ ਅੱਗੇ ਭਾਈ ਜੀ ਵੀ ਕੋਈ ਕਿੰਤੂ-ਪਰੰਤੂ ਨਹੀਂ ਸੀ ਕਰਦਾ। ਜਦੋਂ ਮੈਂ ਕੁਝ ਵੱਡਾ ਹੋਇਆ ਤਾਂ ਮੇਰੀ ਇਹ ਸਮਝ ਬਣੀ ਕਿ ਸੇਲਬਰਾਹ ਦੇ ਗੁਰਦੁਆਰੇ ਦਾ ਭਾਈ ਜੀ ਸਾਥੋਂ ਉਗਰਾਹੀ ਕਿਉਂ ਕਰਨ ਆਉਂਦਾ ਹੈ। ਭਾਵੇਂ ਅਸੀਂ ਜਾਤ ਦੇ ਅੱਗਰਵਾਲ ਸੀ ਪਰ ਸਾਡੇ ਵੱਡ-ਵਡੇਰੇ ਸਿੱਖ ਧਰਮ ਦੇ ਅਨੁਯਾਈ ਹੋਣਗੇ। ਮੇਰੇ ਦਾਦਕੇ ਹੀ ਨਹੀਂ, ਮੇਰੇ ਨਾਨਕੇ ਵੀ ਇਸ ਰਾਹ 'ਤੇ ਹੀ ਚਲਦੇ ਹੋਣਗੇ, ਕਿਉਂਕਿ ਮੇਰੇ ਨਾਨੇ ਦੌਲਤ ਰਾਮ ਦੇ ਦਾਹੜੀ ਕੇਸ ਹੁੰਦੇ ਸੀ ਤੇ ਉਸ ਦੇ ਵੱਡੇ ਭਰਾ ਜੰਗੀਰੀ ਮੱਲ ਦੇ ਵੀ ਦਾਹੜੀ ਕੇਸ ਹੁੰਦੇ ਸੀ। ਮੇਰਾ ਇਕ ਮਾਮਾ ਅਰਜਨ ਵੀ ਦਾਹੜੀ ਕੇਸ ਰਖਦਾ ਹੁੰਦਾ ਸੀ। ਉਸ ਪਿੱਛੋਂ ਜਦੋਂ ਅਸੀਂ ਪਹਿਲਾਂ ਮੋਗੇ ਤੇ ਫੇਰ ਤਪਾ ਮੰਡੀ ਆ ਵਸੇ ਤਾਂ ਦਾਹੜੀ ਕੇਸ ਰੱਖਣ ਦਾ ਇਹ ਸਿਲਸਿਲਾ ਮੇਰੇ ਵੱਡੇ ਭਰਾ ਨੇ ਹੀ ਤਿਆਗ ਦਿੱਤਾ। ਉਂਜ ਪੰਜਾਬੀ ਲਿਖਣ ਪੜ੍ਹਨ ਨਾਲ ਉਸ ਦਾ ਲਗਾਓ ਬਣਿਆ ਰਿਹਾ। ਉਹ ਉਰਦੂ ਅੱਖਰਾਂ ਵਿਚ ਪੰਜਾਬੀ ਕਵਿਤਾ ਲਿਖਦਾ ਹੁੰਦਾ ਸੀ। ਕਦੇ-ਕਦੇ ਉਹ ਉਰਦੂ ਵਿਚ ਵੀ ਕਵਿਤਾ ਲਿਖਦਾ। ਇਸ ਤੋਂ ਪਹਿਲਾਂ ਮੇਰੀ ਨਾਨੀ ਨੂੰ ਮੈਂ ਜਪੁਜੀ ਦਾ ਪਾਠ ਕਰਦੇ ਅਨੇਕਾਂ ਵਾਰ ਸੁਣਿਆ ਸੀ। ਮੇਰੀ ਮਾਂ ਜਪੁਜੀ ਦਾ ਪਾਠ ਵੀ ਕਰਦੀ ਤੇ ਹੋਰ ਕਈ ਕਿਸਮ ਦੇ ਪੰਜਾਬੀ ਭਜਨ ਗਾਉਂਦੀ। ਇਸ ਨਾਲ ਬਚਪਨ ਤੋਂ ਹੀ ਮੇਰੀ ਇਹ ਸਮਝ ਬਣ ਗਈ ਸੀ ਕਿ ਮੇਰੇ ਨਾਨਕਿਆਂ ਵੱਲੋਂ ਵੀ ਤੇ ਮੇਰੇ ਦਾਦਕਿਆਂ ਵੱਲੋਂ ਵੀ ਸਭ ਬਜ਼ੁਰਗ ਸਿੱਖ ਧਰਮ ਨਾਲ ਸਬੰਧਤ ਹੋਣਗੇ। ਮੇਰੀ ਨਾਨੀ ਦੇ ਪੇਕੇ ਪਿੰਡ 'ਬੱਲੂਆਣੇ', ਜ਼ਿਲ੍ਹਾ ਬਠਿੰਡਾ ਵਿਚ ਸਨ। ਜਦੋਂ ਮੈਂ ਇਕ ਵਾਰ ਨਾਨੀ ਦੇ ਭਤੀਜੇ ਦੇ ਵਿਆਹ ਆਪਣੀ ਮਾਂ ਨਾਲ ਬੱਲੂਆਣੇ ਗਿਆ, ਉਥੇ ਵੀ ਰਹਿਤ ਮਰਯਾਦਾ ਤੇ ਬੋਲ-ਚਾਲ ਪੱਖੋਂ ਸਿੱਖੀ ਦਾ ਹੀ ਪ੍ਰਭਾਵ ਸੀ। ਮੇਰੀ ਨਾਨੀ ਦੇ ਭਤੀਜੇ ਪਤਾ ਨਹੀਂ ਪਿੰਡ ਕਾਰਨ ਜਾਂ ਬਹੁਤੀ ਜੱਟ ਆਬਾਦੀ ਕਾਰਨ ਵਿਆਹ ਵਿਚ ਸ਼ਰਾਬ ਪੀ ਰਹੇ ਸਨ ਅਤੇ ਇਕ ਪਾਸੇ ਮਾਸ ਰਿੱਝ ਰਿਹਾ ਸੀ। ਮੈਨੂੰ ਇਹ ਗੱਲ ਬਹੁਤ ਓਪਰੀ ਲੱਗੀ, ਜਿਸ ਕਾਰਨ ਮੈਂ ਆਪਣੀ ਮਾਂ ਨੂੰ ਉਥੋਂ ਜਾਣ ਲਈ ਜ਼ਿੱਦ ਪੈ ਗਿਆ ਅਤੇ ਮੇਰੀ ਮਾਂ ਨੇ ਕਿਸੇ ਨਾਲ ਮੈਨੂੰ ਬਠਿੰਡੇ ਦੀ ਗੱਡੀ ਚੜ੍ਹਾ ਦਿੱਤਾ।

×××××

ਸ਼ਹਿਣੇ ਪਿੰਡ ਵਿਚ ਸਾਨੂੰ ਪਾਲੀਕੇ ਕਹਿ ਕੇ ਬੁਲਾਇਆ ਜਾਂਦਾ ਹੈ। ਅਸਲ ਵਿਚ ਪਾਲੀ ਰਾਮ ਮੇਰੇ ਪੜਦਾਦੇ ਘਨ੍ਹੱਈਆ ਮੱਲ ਦਾ ਵੱਡਾ ਭਰਾ ਸੀ। ਇਹ ਵਡੇਰੇ ਤਿੰਨ ਭਰਾ ਸਨ—ਪਾਲੀ ਰਾਮ, ਘਨ੍ਹੱਈਆ ਮੱਲ ਤੇ ਧਿਆਨਾ ਮੱਲ। ਸਾਡੇ ਕੋਲ ਪਿੰਡ ਸ਼ਹਿਣੇ ਵਿਚ ਸੈਂਕੜੇ ਕਿੱਲੇ ਜ਼ਮੀਨ ਹੁੰਦੀ ਸੀ। ਭਾਵੇਂ ਇਹ ਵੀ ਠੀਕ ਹੈ ਕਿ ਬਹੁਤੀ ਜ਼ਮੀਨ ਪਾਲੀ ਦੀ ਔਲਾਦ ਕੋਲ ਸੀ ਪਰ ਜ਼ਮੀਨ ਦੇ ਚਾਰ ਵੱਡੇ ਟੱਕ ਤਾਂ ਘਨ੍ਹੱਈਆ ਮੱਲ ਕੋਲ ਵੀ ਸਨ। ਇਹ ਏਨੀ ਜ਼ਮੀਨ ਕਿੱਥੋਂ ਤੇ ਕਿਵੇਂ ਆਈ, ਇਸ ਪਿੱਛੇ ਵੀ ਇਕ ਕਹਾਣੀ ਹੈ।

ਪਿੰਡ ਸ਼ਹਿਣੇ ਦੀ ਨੰਬਰਦਾਰੀ ਪਾਲੀ, ਘਨ੍ਹੱਈਆ ਤੇ ਧਿਆਨਾ ਮੱਲ ਕੋਲ ਹੋਵੇ ਵੀ, ਇਸ ਦਾ ਪਤਾ ਮਾਂ ਦੀ ਦੱਸੀ ਇਸ ਗੱਲ ਤੋਂ ਲਗਦਾ ਸੀ ਕਿ ਸਾਡੇ ਬਜ਼ੁਰਗ ਸ਼ਹਿਣੇ ਪਿੰਡ ਦਾ ਮਾਮਲਾ (ਲਗਾਨ) ਭਰਨ ਲਈ ਦਿੱਲੀ ਜਾਂਦੇ ਹੁੰਦੇ ਸਨ। ਜਾਣ-ਆਉਣ ਲਈ ਬਜ਼ੁਰਗ ਘੋੜੀ ਵਰਤਦੇ ਸਨ। ਚਾਂਦੀ ਦੇ ਰੁਪਈਏ

ਲਗਾਨ ਵਜੋਂ ਜਮ੍ਹਾਂ ਕਰਵਾਏ ਜਾਣੇ ਹੁੰਦੇ ਸਨ। ਬਜ਼ੁਰਗ ਦੋਵੇਂ ਖੁਰਜੀਆਂ ਚਾਂਦੀ ਦੇ ਰੁਪਈਆਂ ਦੀਆਂ ਭਰ ਕੇ ਲਿਜਾਂਦੇ। ਪਰ ਇਕ ਵਾਰ ਜਦੋਂ ਦਿੱਲੀ ਪਹੁੰਚੇ, ਉਥੇ ਲੁੱਟ ਮੱਚੀ ਹੋਈ ਸੀ। ਪਤਾ ਨਹੀਂ ਬਜ਼ੁਰਗ ਨੇ ਲਗਾਨ ਜਮ੍ਹਾਂ ਕਰਵਾਇਆ ਜਾਂ ਨਹੀਂ, ਮਾਂ ਦੇ ਦੱਸਣ ਅਨੁਸਾਰ ਆਉਂਦਾ ਹੋਇਆ ਬੁੜ੍ਹਾ ਦੋਵੇਂ ਖੁਰਜੀਆਂ ਵਿਚ ਸੋਨੇ ਤੇ ਚਾਂਦੀ ਦੀਆਂ ਇੱਟਾਂ ਲੱਦ ਲਿਆਇਆ। ਉਹ ਇੱਟਾਂ ਉਸ ਨੇ ਆ ਕੇ ਆਪਣੇ ਵੱਡੇ ਭਰਾ ਪਾਲੀ ਰਾਮ ਨੂੰ ਫੜਾ ਦਿੱਤੀਆਂ, ਜਿਸ ਦਾ ਨਤੀਜਾ ਇਹ ਨਿੱਕਲਿਆ ਕਿ ਪਾਲੀ ਰਾਮ ਨੇ ਜਿਹੜੀ ਵੀ ਜ਼ਮੀਨ ਖਰੀਦੀ, ਬਹੁਤੀ ਆਪਣੇ ਨਾਂ ਕਰਵਾ ਲਈ। ਜ਼ਮੀਨ ਘਨ੍ਹੱਈਆ ਮੱਲ ਦੇ ਨਾਂ ਵੀ ਕਰਵਾਈ ਗਈ ਤੇ ਧਿਆਨਾ ਮੱਲ ਦੇ ਨਾਂ ਵੀ ਪਰ ਵੱਡੀ ਢੇਰੀ ਪਾਲੀ ਰਾਮ ਦੇ ਹਿੱਸੇ ਆ ਜਾਣ ਕਾਰਨ ਸਾਡੇ ਕੋਲ ਸ਼ਹਿਣੇ ਦੀ ਨਹਿਰ ਦੇ ਦੋਵੀਂ ਪਾਸੀਂ ਜਿਹੜੀ ਜ਼ਮੀਨ ਆਈ, ਉਹ ਪਾਲੀ ਰਾਮ ਵਾਂਗ ਹਜ਼ਾਰਾਂ ਕਿੱਲੇ ਨਹੀਂ ਸੀ, ਸੈਂਕੜੇ ਕਿੱਲੇ ਹੀ ਸੀ। ਇਹੋ ਕਾਰਨ ਹੈ ਕਿ ਸਾਡੇ ਖ਼ਾਨਦਾਨ ਵਿਚ ਜਾਇਦਾਦ ਕਾਰਨ ਕਾਟੋ-ਕਲੇਸ਼ ਚਲਦਾ ਰਿਹਾ। ਮਾਂ ਦੱਸਦੀ ਹੁੰਦੀ ਸੀ ਕਿ ਸਾਡੇ ਬਾਬੇ ਨਰੈਣਾ ਮੱਲ ਦੇ ਸਮੇਂ ਵਿਚ ਵੀ ਬੁੜ੍ਹੀਆਂ ਸਵੇਰੇ ਏਨੀਆਂ ਰੋਟੀਆਂ ਪਕਾ ਕੇ ਨਾਲ ਬੰਨ੍ਹਦੀਆਂ ਤਾਂ ਜੋ ਲੁਧਿਆਣੇ ਤਰੀਕ ਭੁਗਤਣ ਲਈ ਜਾਣ ਸਮੇਂ ਖਾਣ-ਪੀਣ ਦੀ ਕੋਈ ਦਿੱਕਤ ਨਾ ਆਵੇ (ਉਦੋਂ ਪਿੰਡ ਸ਼ਹਿਣੇ ਨੂੰ ਜ਼ਿਲ੍ਹਾ ਲੁਧਿਆਣਾ ਲਗਦਾ ਹੁੰਦਾ ਸੀ ਅਤੇ ਸਾਡਾ ਪਿੰਡ ਅੰਗਰੇਜ਼ੀ ਇਲਾਕਾ ਕਹਾਉਂਦਾ ਹੁੰਦਾ ਸੀ) ਨਾਲ ਦੇ ਬਹੁਤੇ ਪਿੰਡ ਜਿਵੇਂ ਮੇਰਾ ਨਾਨਕਾ ਪਿੰਡ ਮੌੜਾਂ ਅਤੇ ਨਾਲ ਦੇ ਪਿੰਡ ਢਿੱਲਵਾਂ ਅਤੇ ਉਗੋਕੇ ਇਹ ਰਿਆਸਤੀ ਇਲਾਕੇ ਵਿਚ ਸਨ। ਪਰ ਮੌੜਾਂ ਤੇ ਢਿੱਲਵਾਂ ਵਿਚ ਦੋ ਰਾਜਿਆਂ ਦਾ ਰਾਜ ਸੀ। ਅੱਧੇ ਪਿੰਡ ਨੂੰ ਪਟਿਆਲਾ ਰਿਆਸਤ ਲਗਦੀ ਹੁੰਦੀ ਸੀ ਤੇ ਅੱਧੇ ਪਿੰਡ ਨੂੰ ਨਾਭਾ (ਹੁਣ ਵੀ ਮੌੜਾਂ ਤੇ ਢਿੱਲਵਾਂ ਦੋਵੇਂ ਪਿੰਡਾਂ ਵਿਚ ਦੋ ਦੋ ਪੰਚਾਇਤਾਂ ਹਨ—ਮੌੜਾਂ ਪਟਿਆਲਾ ਤੇ ਮੌੜਾਂ ਨਾਭਾ ਤੇ ਇਸੇ ਤਰ੍ਹਾਂ ਢਿਲਵਾਂ ਪਟਿਆਲਾ ਤੇ ਢਿੱਲਵਾਂ ਨਾਭਾ। ਜਦੋਂ ਮੈਂ ਆਪਣੀ ਮਾਂ ਨਾਲ 1952-53 ਵਿਚ ਤਪੇ ਤੋਂ ਸ਼ਹਿਣੇ ਜਾਂਦਾ ਹੁੰਦਾ ਸੀ, ਉਦੋਂ ਢਿੱਲਵਾਂ ਅਤੇ ਮੌੜਾਂ ਪਿੰਡ ਦੇ ਰਾਹ ਵਿਚ ਦੋ ਵੱਡੇ ਵੱਡੇ ਗੋਲ ਪੱਥਰ ਲੱਗੇ ਹੁੰਦੇ ਸਨ ਜੋ ਪਿੰਡ ਦੀ ਇਲਾਕਾਈ ਵੰਡ ਦੇ ਸਬੂਤ ਸਨ ਅਤੇ ਇਹ ਵੰਡ ਹੁਣ ਤਕ ਵੀ ਕਾਇਮ ਹੈ।

ਭਾਵੇਂ 1940 ਤੋਂ ਪਹਿਲਾਂ ਮੇਰਾ ਪਿਉ ਤੇ ਮੇਰੇ ਚਾਚੇ ਤਾਇਆਂ ਨੇ ਵੱਡੇ ਵਪਾਰ ਦੇ ਲਾਲਚ ਕਾਰਨ ਮੋਗੇ ਕਾਰੋਬਾਰ ਸ਼ੁਰੂ ਕਰ ਲਿਆ ਸੀ ਪਰ ਆਪਸ ਵਿਚ ਖੜਕੇ-ਦੜਕੇ ਕਾਰਨ ਅਸੀਂ ਮੋਗਾ ਛੱਡ ਕੇ ਪਹਿਲਾਂ ਸ਼ਹਿਣੇ ਪਿਉ ਦੀ 1930-32 ਵਿਚ ਬਣਾਈ ਹਵੇਲੀ ਵਿਚ ਆ ਟਿਕੇ ਤੇ ਪਿੱਛੋਂ ਮੇਰੇ ਬਜ਼ੁਰਗਾਂ ਦੇ ਝਗੜੇ ਕਾਰਨ 1940 ਵਿਚ ਅਸੀਂ ਤਪੇ ਆ ਵਸੇ। ਮੇਰਾ ਤਪੇ ਦੇ ਉਸ ਹੱਟ-ਹਾਤੇ ਵਿਚ ਹੀ 1942 ਵਿਚ ਜਨਮ ਹੋਇਆ।

ਬਜ਼ੁਰਗਾਂ ਦੇ ਤਲਖ਼ ਸੁਭਾ ਕਾਰਨ ਮੁਕੱਦਮੇਬਾਜ਼ੀ ਵੀ ਆਮ ਚਲਦੀ ਰਹੀ ਅਤੇ ਜਾਗੀਰਦਾਰੀ ਪ੍ਰਭਾਵ ਕਾਰਨ ਸਾਡਾ ਇਕ ਬਜ਼ੁਰਗ ਜਦੋਂ ਵੀ ਕਦੇ ਬਾਹਰ ਜਾਂਦਾ, ਉਹ ਲਖਨਊ ਜ਼ਰੂਰ ਜਾਂਦਾ ਹੁੰਦਾ ਸੀ। ਇਹ ਗੱਲ ਮੈਨੂੰ ਮੇਰੀ ਮਾਂ ਨੇ ਨਹੀਂ ਸੀ ਦੱਸੀ, ਤਾਏ ਦੇ ਪੁੱਤਰ ਮੇਘ ਰਾਜ ਨੇ ਦੱਸੀ ਸੀ। ਜਿਹੜਾ ਬਜ਼ੁਰਗ ਲਖਨਊ ਜਾਂਦਾ ਹੁੰਦਾ ਸੀ, ਸ਼ਾਇਦ ਉਹੀ ਘਨੱਈਆ ਮੱਲ ਸੀ। ਉਹ ਕਈ ਕਈ ਦਿਨ ਲਖਨਊ ਰਹਿ ਕੇ ਆਉਂਦਾ। ਵੱਡਾ ਹੋ ਕੇ ਮੈਂ ਇਹ ਹਿਸਾਬ ਲਾਇਆ ਕਿ ਸਾਡਾ ਇਹ ਪੜਦਾਦਾ ਰੰਡੀਆਂ ਦੇ ਕੋਠੇ ’ਤੇ ਵੀ ਜਾਂਦਾ ਹੋਵੇਗਾ। ਜਦੋਂ ਇਹ ਗੱਲ ਮੈਂ ਆਪਣੇ ਕਿਸੇ ਹੋਰ ਹਮ-ਉਮਰ ਸਾਕ-ਸਬੰਧੀ ਨਾਲ ਸਾਂਝੀ ਕੀਤੀ ਤਾਂ ਉਸ ਨੇ ਇਸ ਗੱਲ ਦੀ ਤਸਦੀਕ ਕਰ ਦਿੱਤੀ ਕਿ ਜਾਗੀਰਦਾਰੀ ਦੌਰ ਵਿਚ ਪੈਸੇ ਵਾਲੇ ਲੋਕ ਇਸ ਤਰ੍ਹਾਂ ਦੀ ਜ਼ਿੰਦਗੀ ਅਕਸਰ ਗੁਜ਼ਾਰਦੇ ਹੁੰਦੇ ਸਨ। ਪਰ ਉਸ ਨੇ ਇਹ ਵੀ ਦੱਸਿਆ ਕਿ ਪੈਸੇ ਵਾਲਿਆਂ ਦੀ ਇਹ ਦੂਹਰੀ ਕਿਸਮ ਦੀ ਜ਼ਿੰਦਗੀ ਵਿਚ ਦਿਖਾਵੇ ਲਈ ਧਰਮ ਅਤੇ ਅਸਲ ਵਿਚ ਅੱਯਾਸ਼ੀ ਦਾ ਪ੍ਰਭਾਵ ਸੀ।

ਮੈਨੂੰ ਇਹ ਗੱਲ ਕਿਸੇ ਹੱਦ ਤਕ ਠੀਕ ਲੱਗੀ, ਕਿਉਂਕਿ ਬਾਬਾ ਘਨ੍ਹੱਈਆ ਹਰਿਦਵਾਰ ਦਾ ਬਹਾਨਾ ਲਾ ਕੇ ਪਿੰਡੋਂ ਜਾਂਦਾ। ਹਾਂ, ਹਰਿਦਵਾਰ ਜ਼ਰੂਰ ਜਾਂਦਾ ਹੋਵੇਗਾ। ਗੰਗਾ ਵਿਚ ਗੋਤੇ ਵੀ ਲਾਉਂਦਾ ਹੋਵੇਗਾ ਪਰ ਉਸ ਵਿਚ ਲਖਨਊ ਦਾ ਆਨੰਦ ਮਾਣਨ ਦੀ ਝਾਕ ਵੀ ਜ਼ਰੂਰ ਹੁੰਦੀ ਹੋਵੇਗੀ। ਉਂਜ ਤਾਏ ਦੇ ਇਕ ਵੱਡੇ ਮੁੰਡੇ ਤੋਂ ਇਹ ਵੀ ਪਤਾ ਲੱਗਿਆ ਕਿ ਬਾਬੇ ਘਨ੍ਹੱਈਏ ਨੂੰ ਸ਼ਾਇਰੀ ਦਾ ਬੜਾ ਸ਼ੌਕ ਸੀ। ਸੰਭਵ ਹੈ ਕਿ ਉਹ ਖ਼ੁਦ ਵੀ ਸ਼ਾਇਰੀ ਕਰਦਾ ਹੋਵੇ ਪਰ ਉਸ ਦਾ ਮੇਰੇ ਕੋਲ ਕੋਈ ਸਬੂਤ ਨਹੀਂ ਹੈ। ਹਾਂ, ਉਸ ਦਾ ਇਹ ਸ਼ੌਕ ਹੀ ਸ਼ਾਇਦ ਪਹਿਲਾਂ ਮੇਰੇ ਭਰਾ ਹਰਬੰਸ ਲਾਲ ਗੋਇਲ ਦੀ ਉਰਦੂ, ਪੰਜਾਬੀ ਤੇ ਹਿੰਦੀ ਦੀ ਸ਼ਾਇਰੀ ਦੇ ਰੂਪ ਵਿਚ ਪ੍ਰਗਟ ਹੋਇਆ ਤੇ ਸ਼ਾਇਦ ਇਸੇ ਕਾਰਨ ਹੀ ਮੇਰੀ ਕਲਮ ਘਸਾਈ ਵੀ ਉਸ ਖ਼ੂਨ ਦੀ ਪੈਦਾਵਾਰ ਹੋਵੇ। ਮੇਰਾ ਤਾਇਆ ਬਾਲਾ ਰਾਮ ਜਿਹੜਾ ਜੁਆਨੀ ਦੀ ਉਮਰ ਵਿਚ ਹੀ ਪਲੇਗ ਦੀ ਬੀਮਾਰੀ ਕਾਰਨ ਸਦਾ ਲਈ ਸਾਨੂੰ ਛੱਡ ਗਿਆ ਸੀ, ਉਸ ਅੰਦਰ ਵੀ ਸ਼ਾਇਰੀ ਦਾ ਸ਼ੌਕ ਜ਼ਰੂਰ ਹੋਵੇਗਾ। ਇਹ ਗੱਲ ਮੇਰੀ ਤਾਈ ਤੇ ਮੇਰੀ ਮਾਂ ਦੀ ਦੱਸੀ ਉਸ ਗੱਲ ਤੋਂ ਸਿੱਧ ਹੁੰਦੀ ਹੈ ਜੋ ਉਹ ਤਾਏ ਦੇ ਮਖੌਲੀਏ ਸੁਭਾ ਸਬੰਧੀ ਦੱਸਿਆ ਕਰਦੀਆਂ ਸਨ। ਉਹਨਾਂ ਦੇ ਦੱਸਣ ਅਨੁਸਾਰ ਤਾਈ ਤੇ ਮੇਰੀ ਮਾਂ ਇਕ ਵਾਰ ਸ਼ਹਿਣੇ ਵਿਚ ਆਏ ਜੈਨੀ ਸਾਧੂਆਂ ਦੀ ਕਥਾ ਸੁਣ ਕੇ ਜਦੋਂ ਘਰ ਵਾਪਸ ਆ ਰਹੀਆਂ ਸਨ ਤਾਂ ਰਾਹ ਵਿਚ ਤਾਏ ਬਾਲਾ ਰਾਮ ਨੇ ਉਹਨਾਂ ਨੂੰ ਰੋਕ ਕੇ ਪੁੱਛਿਆ, "ਕਿੱਥੇ ਗਈਆਂ ਸੀ?" ਮਾਂ ਦਾ ਤਾਂ ਘੁੰਡ ਕੱਢਿਆ ਹੋਇਆ ਸੀ ਤੇ ਮੇਰੀ ਤਾਈ ਭੰਤੀ ਜੋ ਮੇਰੀ ਮਾਸੀ ਵੀ ਸੀ ਅਤੇ ਵੱਡੇ ਤਾਏ ਚਮਨ ਲਾਲ ਦੀ ਘਰਵਾਲੀ ਹੋਣ ਕਾਰਨ ਬਾਲਾ ਰਾਮ ਤੋਂ ਘੁੰਡ ਵੀ ਨਹੀਂ ਸੀ ਕੱਢਦੀ, ਕਹਿਣ ਲੱਗੀ ਕਿ ਅਸੀਂ ਤਾਂ ਜੈਨ ਸਾਧੂਆਂ ਦੀ ਕਥਾ ਸੁਣ ਕੇ ਆਈਆਂ ਹਾਂ ਅਤੇ ਜੋ ਮੰਤਰ ਜੈਨ ਸਾਧੂਆਂ ਨੇ ਦਿੱਤਾ ਹੈ, ਉਹ ਯਾਦ ਕਰਦੀਆਂ ਆਉਂਦੀਆਂ ਸੀ। ਮੰਤਰ ਦੀ ਪਹਿਲੀ ਤੁਕ ਸ਼ਾਇਦ ਇਸ ਤਰ੍ਹਾਂ ਸੀ :

"ਨਮੋ ਹਰੀ ਹੰਨਤਾ ਨਮ"

ਮੈਨੂੰ ਇਹ ਯਾਦ ਨਹੀਂ ਕਿ ਅਸਲੀ ਤੁਕ ਕੀ ਹੈ। ਇਹ ਤਾਂ ਮਾਂ ਹੁਰਾਂ ਦੇ ਸੁਣਾਏ ਮੰਤਰ ਦੀ ਹੀ ਕੋਈ ਅਰਧ ਸ਼ੁੱਧ ਜਾਂ ਅਸ਼ੁੱਧ ਪੰਕਤੀ ਹੀ ਹੈ। ਤਾਈ ਦੇ ਦੱਸੇ ਮੰਤਰ ਨੂੰ ਸੁਣ ਕੇ ਤਾਏ ਨੇ ਉਦੋਂ ਹੀ ਇਹ ਬੰਦ ਪੇਸ਼ ਕਰ ਦਿੱਤਾ।

"ਨਮੋ ਹਰੀ ਹੰਨਤਾ ਨੰਗ
ਜੱਸੀ ਨੂੰ ਹੋ ਗਈ ਖੰਘ
ਭੂਰੀਆ ਤੰਗ
ਡਾਲੀ ਦੇ ਕੰਨ ਬੰਦ।"

ਤਾਏ ਦੀ ਤੁਕਬੰਦੀ ਵਿਚ ਆਏ ਵਿਅਕਤੀ ਸਾਡੇ ਪਿੰਡ ਸ਼ਹਿਣੇ ਦੇ ਬਾਜ਼ਾਰ ਤੇ ਅਗਵਾੜ ਵਿਚੋਂ ਹੀ ਸਨ। ਤਾਏ ਦੀ ਇਹ ਤੁਕਬੰਦੀ ਹੁਣ ਮੈਨੂੰ ਕਿਸੇ ਸਾਧਾਰਨ ਜਿਹੀ ਪੈਰੋਡੀ ਦਾ ਭੁਲੇਖਾ ਪਾਉਂਦੀ ਹੈ।

ਇਹ ਤਾਂ ਰਹੀ ਮੇਰੇ ਦਾਦਕਿਆਂ ਨਾਲ ਸਬੰਧਤ ਪੁਰਖਿਆਂ ਦੀ ਗੱਲ। ਲਉ ਇਕ ਗੱਲ ਮੇਰੇ ਨਾਨਕਿਆਂ ਦੀ ਚੜ੍ਹਾਈ ਦੀ ਵੀ ਸੁਣ ਲਉ। ਪਹਿਲਾਂ ਮੈਂ ਆਪਣੇ ਨਾਨੇ ਤੇ ਉਸ ਦੇ ਵੱਡੇ ਭਰਾ ਦੀ ਗੱਲ ਕਰ ਆਇਆ ਹਾਂ। ਮੇਰੇ ਨਾਨੇ ਦੀ ਪਿੰਡ ਮੌੜਾਂ ਵਿਚ ਏਨੀ ਚੜ੍ਹਾਈ ਸੀ ਕਿ ਉਸ ਦੀ ਵੱਡੀ ਹੱਟ ਨੂੰ ਵੇਖ ਕੇ ਕਿਸੇ ਨੇ ਇਹ ਬੋਲੀ ਜੋੜ ਦਿੱਤੀ ਹੋਵੇਗੀ :

ਖੱਟੀ ਵੇਖੀ ਦੌਲਤ ਦੀ, ਜੀਹਦੀ ਹੱਟ 'ਤੇ ਗਾਡਰ ਚੜ੍ਹਦਾ
ਪੁੱਛਿਓ ਜੰਗੀਰੀ ਮੱਲ ਤੋਂ, ਬਈ ਉਹ ਫੀਮ ਕਾਸ ਨੂੰ ਚਰਦਾ

ਜੰਗੀਰੀ ਮੱਲ ਨਾਨੇ ਦਾ ਵੱਡਾ ਭਰਾ ਸੀ ਤੇ ਉਹ ਫੀਮ ਜ਼ਿਆਦਾ ਹੀ ਖਾਂਦਾ ਹੋਵੇਗਾ ਕਿ ਕਿਸੇ ਨੇ

ਇਸ ਬੋਲੀ ਵਿਚ ਉਸ ਦਾ ਨਾਂ ਇਸ ਢੰਗ ਨਾਲ ਫਿੱਟ ਕਰ ਦਿੱਤਾ। ਮੈਂ ਖ਼ੁਦ ਉਹ ਗਾਡਰਾਂ ਵਾਲੀ ਦੁਕਾਨ ਵੇਖੀ ਹੈ, ਜਿਸ ਦੀ ਚੌੜਾਈ ਘੱਟੋ-ਘੱਟ ਤੀਹ-ਪੈਂਤੀ ਫੁੱਟ ਹੋਵੇਗੀ ਅਤੇ ਜਿਸ ਉਤੇ ਦੂਹਰੇ ਪੱਕੇ ਚੁਬਾਰੇ ਬਣੇ ਹੋਏ ਸਨ ਅਤੇ ਉਹ ਚੁਬਾਰਿਆਂ ਦੀਆਂ ਖਿੜਕੀਆਂ ਦੇ ਰੰਗਦਾਰ ਸ਼ੀਸ਼ੇ ਲੱਗੇ ਹੋਏ ਸਨ, ਇਹ ਸਾਰਾ ਨਜ਼ਾਰਾ ਅੱਜ ਵੀ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਿਹਾ ਹੈ। ਇਸੇ ਚੁਬਾਰੇ ਸਾਹਮਣੇ ਦੂਜੇ ਚੁਬਾਰੇ ਵਿਚ ਨਾਨੀ ਦੁੱਧ ਰਿੜਕਦੀ ਹੁੰਦੀ ਸੀ। ਉਸ ਸਮੇਂ ਮੇਰੇ ਮਾਮੇ ਕੁੰਦਨ ਲਾਲ ਨੇ ਘੋੜੀ ਵੀ ਰੱਖੀ ਹੋਈ ਸੀ ਅਤੇ ਵੱਡੇ ਨੌਹਰੇ (ਪਸ਼ੂਆਂ ਵਾਲਾ ਘਰ) ਵਿਚ ਮਾਮੇ ਦੀਆਂ ਕਈ ਮੱਝਾਂ ਵੀ ਖੜ੍ਹੀਆਂ ਹੁੰਦੀਆਂ ਸਨ ਪਰ ਮੇਰੀ ਹੀ ਸੁਰਤ ਵਿਚ ਮੈਂ ਆਪਣੇ ਮਾਮੇ ਨੂੰ ਬਿਰਧ ਅਵਸਥਾ ਵਿਚ ਭੁੱਚੋ ਦੇ ਨੇੜੇ ਲਹਿਰਾ ਬੇਗਾ ਵਿਚ ਛੋਟੀ ਜਿਹੀ ਹੱਟ ਕਰਦੇ ਵੇਖਿਆ ਹੈ। ਜੋੜੀਆਂ ਘੋੜੀਆਂ ਸਭ ਸੁਪਨੇ ਦੀਆਂ ਗੱਲਾਂ ਬਣ ਕੇ ਰਹਿ ਗਈਆਂ। ਪਿੰਡ ਸ਼ਹਿਣੇ ਦੀ ਬਣਾਈ ਮੇਰੇ ਪਿਉ ਦੀ ਹਵੇਲੀ ਅਤੇ ਚਾਚੇ ਤਾਇਆਂ ਦੇ ਨਾਲ ਜੁੜਵੇਂ ਘਰ ਤਾਏ ਮਥਰਾ ਦਾਸ ਦਾ ਵੱਡਾ ਬਾਗ਼ ਹੁਣ ਸ਼ਹਿਣੇ ਵਿਚ ਕਿਤੇ ਨਹੀਂ ਹੈ। ਹੁਣ ਤਾਂ ਤਪੇ ਵਿਚ ਵੀ ਵੱਡਾ ਹੱਟ ਹਾਤਾ ਤਾਂ ਕੀ ਅਤੇ ਤਾਏ ਮਥਰਾ ਦਾਸ ਦੇ ਦੂਹਰੇ ਹੱਟ ਹਾਤੇ ਦੀ ਗੱਲ ਤਾਂ ਛੱਡੋ; ਹੁਣ ਸਾਡੇ ਪੁਰਖਿਆਂ ਦਾ ਨਾ ਤਪਾ ਮੰਡੀ ਵਿਚ ਅਤੇ ਨਾ ਸ਼ਹਿਣੇ ਵਿਚ ਕੋਈ ਨਾਂ ਨਿਸ਼ਾਨ ਹੈ। ਸਿਰਫ਼ ਤਾਏ ਮਥਰਾ ਦਾਸ ਤੋਂ ਛੋਟੇ ਚਾਚਾ ਮਨਸਾ ਰਾਮ ਦੇ ਹਿੱਸੇ ਵਿਚ ਆਇਆ ਉਹ ਵੱਡਾ ਦਰਵਾਜ਼ਾ ਹੈ ਜਿੱਥੋਂ ਦੀ ਲੰਘ ਕੇ ਉਹ ਅੱਗੇ ਨਵੇਂ ਉਸਾਰੇ ਘਰਾਂ ਵਿਚ ਰਹਿੰਦੇ ਹਨ। ਸਾਡੀ ਵੱਡੀ ਹਵੇਲੀ ਜੋ ਪਿੱਛੇ ਜਿਹੇ ਤੀਜੇ ਥਾਂ ਵਿਕ ਗਈ ਸੀ, ਨੂੰ ਢਾਹ ਕੇ ਕਿਸੇ ਨੇ ਵਗਲ ਮਾਰਿਆ ਹੋਇਆ ਹੈ। ਹੁਣ ਤਾਂ ਸਿਰਫ਼ ਪਾਲੀਕੇ ਖ਼ਾਨਦਾਨ ਦਾ ਨਾਂ ਇਸ ਲਈ ਕਾਇਮ ਹੈ, ਕਿਉਂਕਿ ਇਸ ਦੇ ਵਡੇਰੇ ਪਹਿਲਾਂ ਆਪਸ ਵਿਚਲੀਆਂ ਲੜਾਈਆਂ ਵਿਚ ਰੁੱਝੇ ਰਹਿੰਦੇ ਸਨ ਤੇ ਫੇਰ ਜੇ ਆਪਸ ਵਿਚ ਸੁਲਾਹ ਹੋ ਜਾਂਦੀ ਤਾਂ ਤੂਤੜੇ ਤੇ ਜਟਾਣੇ ਅਗਵਾੜ ਦੇ ਜੱਟਾਂ ਨਾਲ ਡਾਂਗ ਸੋਟੇ 'ਤੇ ਉਤਰ ਆਉਂਦੇ ਸਨ। ਮੇਰੇ ਗਰਮ ਸੁਭਾ ਨੂੰ ਵੇਖ ਕੇ ਹੁਣ ਵੀ ਸਾਡੇ ਜਾਣੂ ਕਹਿ ਦਿੰਦੇ ਹਨ ਕਿ ਬਈ ਪਾਲੀਕਿਆਂ ਵਿਚੋਂ ਤਾਂ ਬੱਸ ਤੂੰ ਰਹਿ ਗਿਆ ਜਿਹੜਾ ਕਿਸੇ ਦੀ ਟੈਂ ਨਹੀਂ ਮੰਨਦਾ। ਪਰ 75 ਸਾਲ ਦੇ ਤਰਸੇਮ ਦੇ ਖਾੜਕੂ ਸੁਭਾ ਦੀਆਂ ਗੱਲਾਂ ਵੀ ਹੁਣ ਬੀਤੇ ਦੀ ਕਹਾਣੀ ਬਣ ਕੇ ਰਹਿ ਗਈਆਂ ਹਨ।

(**ਸੰਪਰਕ : 95015-36644**)


**ਪਰਵਾਜ਼ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਹੋ ਰਿਹਾ ਸਰੂਪ ਸਿਆਲਵੀ ਦਾ ਨਵਾਂ ਕਹਾਣੀ ਸੰਗ੍ਰਹਿ**

**ਚੀਰ ਹਰਨ**

# ਪੁਰਖਿਆ ਦਾ ਕੁਰਸੀਨਾਮਾ/ -ਅਤਰਜੀਤ

ਮੈਂ ਜਦ ਆਪਣੇ ਪਰਿਵਾਰ ਦਾ ਕੁਰਸੀਨਾਮਾ ਪੜਤਾਲ਼ਦਾ ਹਾਂ ਤਾਂ ਇਹ ਜੇ ਬਹੁਤਾ ਪਿੱਛੇ ਨਹੀਂ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ਼ ਤੱਕ ਜੜ੍ਹਾਂ ਫੈਲਾਈ ਦਿਸਦਾ ਹੈ। ਸਾਡੇ ਵਡੇਰੇ ਪੰਜਾਬ ਸਿੰਘ ਤੇ ਮਤਾਬ ਸਿੰਘ ਨੂੰ ਮੈਂ ਲੱਭ ਲੈਂਦਾ ਹਾਂ। ਪੰਜਾਬ ਸਿੰਘ ਦੇ ਦੋ ਪੁੱਤਰ ਸਨ : ਜਵਾਹਰ ਸਿੰਘ ਤੇ ਪ੍ਰੇਮ ਸਿੰਘ। ਮਤਾਬ ਸਿੰਘ ਦੇ ਦੋ ਪੁੱਤਰ : ਅਮਰ ਸਿੰਘ ਤੇ ਮਾਣਕ ਸਿੰਘ। ਮਾਣਕ ਸਿੰਘ ਜਮਾਂਦਰੂ ਸੂਰਮਾ ਸੀ। ਉਹ ਆਪਣੀ ਸੂੰਹ ਨਾਲ਼ ਖੇਤੀ ਦੇ ਅਨੇਕਾਂ ਕੰਮ ਕਰਨ ਦੇ ਸਮਰੱਥ ਸੀ। ਆਪੇ ਹੀ ਗੱਡਾ ਜੋੜ ਕੇ ਖੇਤ ਲੈ ਜਾਂਦਾ। ਟੋਹ-ਟੋਹ ਕੇ ਕੱਖ ਪੱਠਾ ਵੱਢ ਕੇ ਗੱਡਾ ਲੱਦ ਲੈਂਦਾ ਤੇ ਬਲ਼ਦ ਜੋੜ ਕੇ ਘਰ ਲਿਆ ਸੁਟਦਾ। ਇਕ ਵੱਡੀ ਲੱਕੜ ਦਾ ਗੋਲ਼ ਟੋਟਾ ਹੁੰਦਾ ਜਿਸ ਉਪਰ ਟੋਕੇ ਨਾਲ਼ ਕੁਤਰਾ ਕਰਕੇ ਪਸ਼ੂਆਂ ਮੂਹਰੇ ਸੁੱਟ ਦਿੰਦਾ। ਮੈਂ ਵੀਹ ਵੀਹ ਸਾਲ ਦੀ ਇਕ ਪੀੜ੍ਹੀ ਮੰਨ ਕੇ ਚਲਦਾ ਹਾਂ।

ਸਾਡੇ ਕੁਰਸੀਨਾਮੇ ਮੁਤਾਬਿਕ ਜਵਾਹਰ ਸਿੰਘ ਦੇ ਅੱਗੋਂ ਦੋ ਪੁੱਤ : ਚੰਨਣ ਸਿੰਘ ਤੇ ਹਰੀ ਸਿੰਘ ਹੋਏ। ਚੰਨਣ ਸਿੰਘ ਦੇ ਦੋ ਪੁੱਤ : ਬਖਤੌਰ ਸਿੰਘ ਅਤੇ ਪ੍ਰਸਿੰਨ ਸਿੰਘ (ਮੇਰਾ ਬਾਪ) ਹਰੀ ਸਿੰਘ ਦੇ ਤਿੰਨ ਧੀਆਂ (ਚਤਿੰਨ ਕੌਰ, ਮੁਖਤਿਆਰ ਕੌਰ ਤੇ ਭਾਨੋ) ਇਕ ਬੇਟਾ ਜਗਰੂਪ ਮੇਰਾ ਚਾਚਾ ਮੈਥੋਂ ਇਕ ਸਾਲ ਛੋਟਾ। ਬਖਤੌਰ ਸਿੰਘ ਤਾਏ ਦਾ ਇਕ ਬੇਟਾ (ਨਛੱਤਰ ਸਿੰਘ) ਦੋ ਧੀਆਂ ਦੀਪੋ ਤੇ ਸੀਤੋ। ਪ੍ਰਸਿੰਨ ਸਿੰਘ ਦੇ ਦੋ ਪੁੱਤ ਮੈਂ ਅਤੇ ਬਲਵਿੰਦਰ ਤੇ ਇਕ ਸਾਡੀ ਫੌਤ ਹੋ ਚੁੱਕੀ ਭੈਣ ਬਲਬੀਰ। ਡੂੰਘੀ ਘੋਖ ਪੜਤਾਲ਼ ਕਰਨ ਤੇ ਪਤਾ ਲਗਦਾ ਹੈ ਕਿ ਕੁਰਸੀਨਾਮੇ ਦੀਆਂ ਇਹ ਸਾਰੀਆਂ ਪੀੜ੍ਹੀਆਂ ਦੇ ਲੋਕ ਅੰਮ੍ਰਿਤਧਾਰੀ ਅਤੇ ਰਹਿਤ ਜੁਗਤ ਦੇ ਧਾਰਨੀ ਸਨ। ਬਾਕੀ ਵਿਹੜੇ ਦੇ ਲੋਕਾਂ ਦੇ ਨਾਂ ਨਾਲ਼ ਸਿੰਘ ਘੱਟ ਵੱਧ ਹੀ ਲਾਉਂਦੇ ਸਨ ਲੋਕ।

ਮੈਂ ਨਹੀਂ ਕਹਿ ਸਕਦਾ ਕਿ ਖੇਤੀ-ਬਾੜੀ ਦੇ ਨਾਲ਼ ਸਾਡੇ ਵਡਿੱਕਿਆਂ ਨੇ ਤਾਣੀ ਦਾ ਕੰਮ ਕਦੋਂ ਸਿੱਖਿਆ, ਪਹਿਲਾਂ ਜ਼ਰੂਰ ਹੀ ਉਹ ਮਲੀਨ ਕਿੱਤੇ ਕਰਦੇ ਹੋਣਗੇ। ਮੇਰਾ ਬਾਪ ਗੱਤਕੇ ਦਾ ਕਮਾਲ ਦਾ ਖਿਡਾਰੀ ਸੀ ਜਿਸਦੀਆਂ ਇਲਾਕੇ ਵਿਚ ਧੁੰਮਾਂ ਪਈਆਂ ਹੁੰਦੀਆਂ ਸਨ। ਇਕ ਲੰਮੇ ਸਰੀਏ ਦੇ ਦੁਹੀਂ ਪਾਸੀਂ ਵਲ੍ਹੇਟੀਆਂ ਲੀਰਾਂ ਉਪਰ ਮਿੱਟੀ ਦਾ ਪਾ ਕੇ ਲਾਈ ਅੱਗ (ਇਸ ਨੂੰ ਮਲ੍ਹਟੀ ਕਹਿੰਦੇ ਸਨ) ਕਦੇ ਗੋਲ ਚੱਕਰ ਵਿੱਚ ਕਦੇ ਲੱਤਾਂ ਦੇ ਹੇਠਾਂ ਦੀ ਘੁਮਾਉਂਦੇ ਦੀ ਵੀ ਭਿਣਕ ਜਿਹੀ ਹੀ ਪੈਂਦੀ ਹੈ। ਸਾਡਾ ਪਰਿਵਾਰ ਮੁਜ਼ਾਰਾ ਪਰਿਵਾਰ ਸੀ ਤੇ ਸਰਦਾਰ ਗਰਬਖ਼ਸ਼ ਸਿੰਘ ਦੀ ਜ਼ਮੀਨ ਵਾਹੁੰਦਾ ਸੀ।

ਮੇਰਾ ਮਨਸ਼ਾ ਆਪਣੇ ਖਾਨਦਾਨ ਦੀ ਕੋਈ ਉਚਤਾ ਦਰਸਾਉਣਾ ਹਰਗਿਜ਼ ਨਹੀਂ ਤਾਂ ਵੀ ਇਤਿਹਾਸਕ ਪੱਖ 'ਤੇ ਨਿਗਾਹ ਮਾਰਿਆਂ ਇਹ ਦੱਸਣਾ ਕੁਥਾਂ ਨਹੀਂ ਕਿ ਇਸ ਤਰ੍ਹਾਂ ਦੀ ਕਿੱਤਾ ਵੰਡ ਦੇ ਅਧੀਨ ਇਕ ਵਰਗ ਦੇ ਲੋਕਾਂ ਵਿਚ ਹੀ ਜਾਤ ਦਰ ਜਾਤ ਦੀਆਂ ਕਈ ਤਹਿਆਂ ਵੇਖਣ ਨੂੰ ਮਿਲ ਜਾਂਦੀਆਂ ਹਨ। ਸਾਡੇ ਪੰਜਾਬ ਸਿੰਘ, ਮਤਾਬ ਸਿੰਘ ਬਜ਼ੁਰਗਾਂ ਦੇ ਅਗਲੇ ਪੰਜ ਅੰਮ੍ਰਿਤਧਾਰੀ ਪਰਿਵਾਰ ਹੀ ਇਕ ਦੂਜੇ ਦਾ ਚੁੱਲ੍ਹੇ ਪੱਕਿਆ ਖਾਂਦੇ ਸਨ, ਹੋਰ ਕਿਸੇ ਦੇ ਘਰ ਦਾ ਰਿੱਝਿਆ-ਪੱਕਿਆ ਨਹੀਂ ਸੀ ਖਾਂਦੇ।

ਪਹਿਲੀ ਸੰਸਾਰ ਜੰਗ ਵਿਚ ਸਾਡੇ ਦੋ ਬਜ਼ੁਰਗਾਂ, ਬਾਬਾ ਹਰੀ ਸਿੰਘ ਅਤੇ ਬਾਬਾ ਹਰਨਾਮ ਸਿੰਘ ਨੂੰ ਜਬਰੀ ਫੌਜ ਵਿਚ ਭਰਤੀ ਕਰਕੇ ਜੰਗ ਵਿਚ ਝੋਕ ਦਿੱਤਾ ਗਿਆ ਤੇ ਜੰਗ ਖ਼ਤਮ ਹੁੰਦੇ ਸਾਰ ਨਾਂ ਕੱਟ ਕੇ ਬਗੈਰ ਮੁਆਵਜ਼ਾ ਜਾਂ ਪੈਨਸ਼ਨ ਦੇ ਘਰੇ ਭੇਜ ਦਿੱਤਾ। ਬਾਬਾ ਹਰਨਾਮ ਸਿੰਘ ਨੇ ਬਹੁਤ ਸਾਰੀਆਂ ਗਊਆਂ ਰੱਖ ਲਈਆਂ ਤੇ ਚਰਵਾਹੇ ਦਾ ਕਿੱਤਾ ਅਪਣਾ ਲਿਆ। ਬਾਬਾ ਹਰੀ ਸਿੰਘ ਨੇ ਦਰਖ਼ਤਾਂ ਦੀ ਵਾਢ ਦਾ ਤੇ ਫਿਰ ਜੋਬਨ ਰੁੱਤੇ ਹੀ ਦੁਹੇਂ ਕਲਾਂ ਛੁੱਟਣ ਨਾਲ਼ ਫੌਤ ਹੋ ਗਿਆ।

ਸਾਡੀਆਂ ਰਿਸ਼ਤੇਦਾਰੀਆਂ ਵੀ ਅਸਾਧਾਰਨ ਕਿਸਮ ਦੇ ਲੋਕਾਂ ਨਾਲ਼ ਸਨ। ਮੇਰਾ ਨਾਨਾ ਸੰਤਾ ਸਿੰਘ ਸਿੱਖੀ ਨਾਲ਼ ਸੰਬੰਧਤ ਚਿੰਨ੍ਹਾਂ-ਕੜੇ, ਕੰਘੇ, ਕਿਰਪਾਨਾਂ ਆਦਿ ਦਾ ਬਾਜ਼ਾਰ ਲਾਉਂਦਾ। ਉਸ ਨੇ ਦਰਵਾਜ਼ੇ ਵਿਚ ਬਹੁਤ ਹੀ ਪੰਦਰਾਂ ਕੁ ਫੁੱਟ ਲੰਮੀ ਚਾਰ ਪੰਜ ਫੁੱਟ ਚੌੜੀ ਨਕਾਸੀ ਕੀਤੀ ਲੱਕੜ ਦੀਆਂ ਫੱਟੀਆਂ ਨਾਲ਼ ਖ਼ੂਬਸੂਰਤ ਪੜਛੱਤੀ ਬਣਾਈ ਹੋਈ ਸੀ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖੇ ਹੋਏ ਸਨ। ਲੱਕੜ ਦੀ ਪਾਲਕੀ ਦੀ ਛੱਤ ਬਹੁਤ ਹੀ ਸੁੰਦਰ ਜ਼ਰੀ ਗੋਟੇ ਦੀ ਕਢਾਈ ਕੀਤੇ ਰੇਸ਼ਮੀ ਕੱਪੜੇ ਦੀ ਸੀ। ਮੋਰ ਦੇ ਖੰਭਾਂ ਦੀ ਉਹ ਬਹੁਤ ਹੀ ਸੁੰਦਰ ਚੌਰ ਬਣਾਉਂਦਾ। ਕਹਿੰਦੇ ਹਨ ਕਿ ਮੇਰੇ ਬਾਪ ਤੇ ਮਾਸੜ ਦੀਆਂ ਬਰਾਤਾਂ ਇਕੋ ਦਿਨ ਜੱਸੀ ਪਹੁੰਚੀਆਂ ਸਨ, ਅਨੋਖੇ ਅੰਦਾਜ਼ ਵਿਚ। ਮੇਰੇ ਬਾਬੇ ਦੇ ਹੱਥ ਵਿਚ ਕੇਸਰੀ ਨਿਸ਼ਾਨ ਸੀ। ਮੇਰੇ ਬਾਪ ਦੇ ਗਲ਼ ਵਿਚ ਢੋਲਕੀ ਪਾਈ ਹੋਈ ਤੇ ਮਾਸੜ ਚਿਮਟਾ ਵਜਾ ਰਿਹਾ ਸੀ। ਬਾਹਰਲੇ ਅੱਡੇ ਤੋਂ ਕੀਰਤਨ ਕਰਦੀਆਂ ਦੋਵੇਂ ਬਰਾਤਾਂ ਜੰਨ ਵਲ਼ਾਹੇ ਪੁੱਜੀਆਂ ਸਨ।

ਸਿੱਖੀ ਦੀ ਪੁਨਰ ਸੁਰਜੀਤੀ ਦੀ ਲਹਿਰ ਅਤੇ ਰਾਜਨੀਤਕ ਅੰਦੋਲਨਾਂ ਵਿਚ ਭਾਗ ਲੈਣ ਵਾਲ਼ੇ ਅਤੇ ਸਿਦਕ ਨਾਲ਼ ਜੇਲ੍ਹਾਂ ਕੱਟਣ ਵਾਲ਼ੇ ਸਾਡੇ ਪਿੰਡ ਦੇ ਪੰਜ ਸਿੰਘਾਂ ਦਾ ਉਲੇਖ ਕਰਨਾ ਨਹਾਇਤ ਜ਼ਰੂਰੀ ਹੈ। ਜਥੇਦਾਰ ਨੰਦ ਸਿੰਘ, ਬਾਬਾ ਹਜ਼ੂਰਾ ਸਿੰਘ ਛੋਟੇ ਬੀਰ ਸਿੰਘ ਦਾ ਬਾਪ, ਜਥੇਦਾਰ ਚੇਤਨ ਸਿੰਘ, ਇਕ ਮਜ਼੍ਹਬੀ ਸਿੰਘ ਇੰਦਰ ਸਿੰਘ ਅਤੇ ਸਾਡਾ ਬਾਬਾ ਚੰਨਣ ਸਿੰਘ। ਇਨ੍ਹਾਂ ਨੇ ਜਥਿਆਂ ਦੀ ਸੇਵਾ ਲਈ ਖ਼ੂਹਾਂ ਵਿਚ ਖੰਡ ਦੀਆਂ ਬੋਰੀਆਂ ਹੀ ਉਲ਼ਟਾ ਦਿੱਤੀਆਂ ਸਨ। ਚੇਤਨ ਸਿੰਘ ਆਪਣੇ ਸਮੇਂ ਦਾ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਬੀ. ਏ. ਪਾਸ ਸੀ, ਅੰਗਰੇਜ਼ ਸਰਕਾਰ ਉਸਨੂੰ ਤਹਿਸੀਲਦਾਰ ਦੇ ਅਹੁਦੇ ਦੀ ਪੇਸ਼ਕਸ਼ ਕਰਦੀ ਰਹੀ ਪਰ ਉਹ ਇਸਨੂੰ ਠੁਕਰਾਉਂਦਾ ਰਿਹਾ ਤੇ ਜੇਲ੍ਹੀ ਜੀਵਨ ਨੂੰ ਜ਼ਿੰਦਗੀ ਦਾ ਸ਼ਿੰਗਾਰ ਬਣਾਉਂਦਾ ਰਿਹਾ। ਇਨ੍ਹਾਂ ਪੰਜਾਂ ਨੇ ਸੰਗਰੂਰ ਦੇ ਰਾਜੇ ਵੱਲੋਂ ਜ਼ਮੀਨ ਦਾ ਲਗਾਨ ਵਧਾ ਦੇਣ ਦੇ ਵਿਰੋਧੀ ਅੰਦੋਲਨ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ ਸੀ। ਲੰਮੀ ਭੁੱਖ ਹੜਤਾਲ਼ ਕਾਰਨ ਹਾਲਤ ਵਿਗੜਦੀ ਵੇਖ ਕੇ ਇਨ੍ਹਾਂ ਨੂੰ ਜਦ ਰਿਹਾ ਕੀਤਾ ਗਿਆ ਤਾਂ ਸਾਡੇ ਬਾਬੇ ਦੀ ਹਾਲਤ ਸਭ ਤੋਂ ਵੱਧ ਮਾੜੀ ਸੀ। ਉਸਨੂੰ ਰਾਮਪੁਰੇ ਤੋਂ ਸਰਦਾਰਨੀ ਦੀ ਗੱਡੀ ਵਿਚ ਪਾ ਕੇ ਲਿਆਂਦਾ ਸੀ। ਇਸ ਮੋਰਚੇ ਵਿਚ ਇੰਦਰ ਸਿੰਘ ਮਜ਼੍ਹਬੀ ਸਿੱਖ ਨੂੰ ਅਤਿ ਦੇ ਤਸ਼ੱਦਦ ਦਾ ਸਾਮ੍ਹਣਾ ਕਰਨਾ ਪਿਆ ਕਿਉਂਕਿ ਉਹ ਜੁਆਨੀ ਅਤੇ ਸਿੱਖੀ ਜੋਸ਼ ਵਿਚ ਆ ਕੇ ਸੱਕੇ ਵਜ਼ੀਰ ਦਾ ਨਾਂ ਲੈ ਲੈ ਕੇ (ਤੂੰ ਜ਼ਾਤ ਦਾ ਸੱਕਾ ਤੇਰੀ ਭੈਣ ਦਾ ਮਾਰਿਆ ਨੱਕਾ) ਗਾਲ੍ਹਾਂ ਰਾਹੀਂ ਨਾਅਰੇ ਲਾਉਂਦਾ ਰਿਹਾ ਸੀ। ਇਸ ਖੁੰਧਕ ਵਿਚ ਉਸਨੂੰ ਪੁੱਠਾ ਲਟਕਾ ਕੇ ਕਸਾਈਆਂ ਦੀ ਤਰ੍ਹਾਂ ਪੇਸ਼ ਆਉਂਦਿਆਂ, ਉਸ ਯੋਧੇ ਦੇ ਮੂੰਹ ਵਿਚ ਕੁੱਤੇ ਦਾ ਗੰਦ ਵੀ ਪਾਇਆ ਗਿਆ। ਇਸ ਦੇ ਬਾਵਜੂਦ ਉਹ ਆਪਣੇ ਸਿਦਕ 'ਤੇ ਕਾਇਮ ਰਿਹਾ ਸੀ। ਮੇਰਾ ਤਾਇਆ ਵੀ ਇਸ ਮੋਰਚੇ ਵਿਚ ਤਮਾਸ਼ਬੀਨ ਸੀ। ਬਾਬਾ ਹਜ਼ੂਰਾ ਸਿੰਘ ਤੇ ਅੰਬੋ ਸੰਤ ਕੁਰ ਦੇ ਅੰਤਲੇ ਦਿਨ ਔਖਾਂ ਭਰੇ ਹੀ ਰਹੇ। ਬੀਰ ਸਿੰਘ 'ਨਿਰਵੈਰ' ਨੇ ਆਪਣੇ ਜਨਮ ਦੇਣ ਵਾਲ਼ਿਆਂ ਨੂੰ ਇਕ ਕੱਚੀ ਜਿਹੀ ਕੋਠੜੀ ਦਿੱਤੀ ਹੋਈ ਸੀ ਜਿੱਥੇ ਦੋਵੇਂ ਜੀਅ ਜੂਨ ਕੱਟ ਰਹੇ ਸਨ, ਭੁੱਖੇ ਤਿਹਾਏ ਰਹਿ ਕੇ। ਕਈ ਵਾਰ ਸਾਡੀ ਅੰਬੋ ਸੰਤ ਕੁਰ ਨੇ ਆਪਣੀ ਹਮਨਾਮੀ ਸੰਤ ਕੁਰ ਨੂੰ ਸੇਰ ਧਸੇਰ ਆਟਾ ਕੋਟਾ ਦੇ ਦੇਣਾ।

ਪਿੰਡ ਦੇ ਫੌਜ 'ਚੋਂ ਆਏ ਬਜ਼ੁਰਗ ਹੀਰਾ ਨੇ ਪਿੰਡ ਵਿਚ ਕੁੜੀਆਂ ਨੂੰ ਗੁਰਮੁਖੀ ਅਤੇ ਹਿਸਾਬ ਆਦਿ ਪੜ੍ਹਾਉਣ ਲਈ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ, ਜਿੱਥੇ ਮੇਰੀ ਇਕ ਭੈਣ ਦੀਪੋ ਅਤੇ ਭੂਆ ਭਾਨੋ ਨੇ ਦੋ ਦੋ ਤਿੰਨ ਤਿੰਨ ਜਮਾਤਾਂ ਤੱਕ ਤਾਲੀਮ ਹਾਸਲ ਕੀਤੀ ਸੀ।

ਮੇਰੇ ਜਨਮ ਮੌਕੇ ਬਾਬੇ ਦਾ ਹੁਕਮ ਸੀ ਕਿ ਬਾਲ ਨੂੰ ਗੁੜ ਜਾਂ ਸ਼ਹਿਦ ਦੀ ਗੁੜ੍ਹਤੀ ਨਹੀਂ ਦੇਣੀ। ਬਜ਼ੁਰਗਾਂ ਨੂੰ ਖੇਤੋਂ ਬੁਲਾਇਆ ਗਿਆ। ਸਕੇ ਪਰਿਵਾਰਾਂ ਦੇ ਪੰਜ ਜੀਆਂ ਨੇ ਅਸ਼ਨਾਨ ਸੋਧ ਕੇ ਸ਼ੁੱਧ ਜਲ ਖੂਹ ਤੋਂ ਲਿਆਂਦਾ। ਮੇਰੀ ਦਾਦੀ ਪਤਾਸ਼ੇ ਲੈ ਕੇ ਆਈ। ਕੌਲੀ ਕੁ ਜਿੱਡਾ ਬਾਟਾ ਤੇ ਢਾਈ ਤਿੰਨ ਇੰਚ ਦਾ ਖੰਡਾ

ਆਪਣੀ ਸੁਰਤ ਵਿਚ ਮੈਂ ਘਰ ਵਿਚ ਪਿਆ ਵੇਖਦਾ ਰਿਹਾਂ ਮੇਰੇ ਜੀਵਨ ਦੀ ਮੁੱਢਲੀ ਨਿਸ਼ਾਨੀ। ਪੰਜ ਸਿੰਘਾਂ ਨੇ ਅੰਮ੍ਰਿਤ ਦੀ ਘੁੱਟ ਮੇਰੇ ਮੂੰਹ ਵਿਚ ਪਾਈ ਸੀ। ਇਹੋ ਜਿਹੇ ਮਾਹੌਲ ਵਿਚ ਮੈਨੂੰ ਜੀਉ ਆਇਆਂ ਆਖਿਆ ਗਿਆ। 1955 ਦੇ ਭਿਆਨਕ ਹੜ੍ਹਾਂ ਕਾਰਨ ਢਹਿ ਗਏ ਮਕਾਨ ਵਿੱਚ ਮੇਰੇ ਜੀਵਨ ਦੀ ਇਹ ਨਿਸ਼ਾਨੀ ਮਿੱਟੀ ਵਿੱਚ ਦਬ ਗਈ।

ਅਸੀਂ ਖੇਤਾਂ ਵਿੱਚੋਂ ਬੂੰਈਆਂ ਇਕੱਠੀਆਂ ਕਰਕੇ ਲਿਆਉਂਦੇ ਜਿਨ੍ਹਾਂ ਦੀ ਸੁਆਹ ਦਾ ਮੇਰੀ ਮਾਂ ਇਕ ਘੜੇ ਵਿਚ ਘੋਲ (ਖਾਰ) ਬਣਾ ਲੈਂਦੀ। ਕਈ ਦਿਨਾਂ ਤੱਕ ਇਹ ਘੋਲ ਸ਼ਰਾਬ ਦੇ ਘੋਲ ਵਾਂਗ ਉਠ ਖੜ੍ਹਦਾ। ਘਰ ਦੇ ਮੈਲੇ ਲੀੜੇ-ਕੱਪੜੇ, ਵਿਛੌਣੇ-ਵਿਛੌਣੀਆਂ ਇਸ ਘੋਲ ਵਿਚ ਭਿਉਂ ਦਿੱਤੇ ਜਾਂਦੇ। ਫਿਰ ਮਾਂ ਇਹ ਸਭ ਕੁਝ ਸਿਰ 'ਤੇ ਉਠਾਉਂਦੀ ਅਤੇ ਵੱਡੀ ਡੇਰੇ ਵਾਲੀ ਢਾਬ 'ਤੇ ਧੋ-ਧੋ ਕੇ ਰੇਤੇ ਵਿਚ ਦੱਬ ਦਿੰਦੀ। ਰੇਤਾ ਪਾਣੀ ਸੋਕ ਲੈਂਦਾ ਤੇ ਅਧ ਸੁੱਕੇ ਕੱਪੜੇ ਬੱਠਲ 'ਚ ਰੱਖ ਉਹ ਘਰ ਆ ਜਾਂਦੀ। ਬਹੁਤ ਦੇਰ ਬਾਅਦ ਉਸ ਨੇ ਸਾਬਣ ਬਣਾਉਣ ਦਾ ਤਰੀਕਾ ਲੱਭਿਆ। ਰਿੰਡਾਂ ਦੇ ਉਹ ਬੀ ਇਕੱਠੇ ਕਰ ਲੈਂਦੀ। ਭੰਨ ਕੇ ਗਿਰੀਆਂ ਕੱਢ ਕੇ ਕੁੱਟ ਲੈਂਦੀ। ਕਾਸਟਕ ਦਾ ਘੋਲ ਪਾ ਕੇ ਕੌਲੀ ਨਾਲ ਸਾਬਣ ਦੀਆਂ ਟਿੱਕੀਆਂ ਬਣਾ ਲੈਂਦੀ। ਰਿੰਡ ਦੇ ਬੀ ਤੋਂ ਛਿਲਕਾਂ ਪੂਰੀ ਤਰ੍ਹਾਂ ਨਾ ਉਤਰਨ ਕਰਕੇ ਇਹ ਸਾਬਣ ਕੱਪੜਿਆਂ ਨੂੰ ਛੇਤੀ ਘਸਾ-ਘਸਾ ਕੇ ਬੋਦਾ ਕਰ ਦਿੰਦੀ।

ਮਿੱਟੀ ਗਾਰੇ ਦਾ ਸਾਡੀ ਬੇਬੇ ਨੂੰ ਬਹੁਤ ਸ਼ੌਕ ਸੀ। ਕੰਧਾਂ ਕੌਲੇ ਲਿੱਪ ਕੇ ਉਹ ਪਾਂਡੋ ਮਿੱਟੀ ਦਾ ਅੰਦਰ-ਵਾਰ ਪੋਚਾ ਦੇ ਕੇ ਅਤੇ ਛੱਪੜ ਦੀ ਕਾਲ਼ੀ ਮਿੱਟੀ ਦਾ ਬਾਡਰ ਬਣਾ ਕੇ, ਦੋ ਤਿੰਨ ਤਰ੍ਹਾਂ ਦੇ ਰੰਗ ਮੰਗਾਉਂਦੀ। ਕੌਲੀ 'ਚ ਰੰਗ ਘੋਲ ਕੇ ਅਤੇ ਡੱਕੇ ਉਪਰ ਲੀਰ ਵਲ੍ਹੇਟ ਕੇ ਕੰਧਾਂ 'ਤੇ ਰੰਗਦਾਰ ਵੇਲ ਬੂਟੇ ਬਣਾ ਦਿੰਦੀ। ਮਿੱਟੀ ਦੇ ਹਿਰਨ, ਚਿੜੀਆਂ ਜਨੌਰ ਉਸਦੇ ਚੁੱਲ੍ਹੇ ਚੌਕੇ ਦਾ ਸ਼ਿੰਗਾਰ ਹੁੰਦੇ। ਇਸ ਤਰ੍ਹਾਂ ਨਿੱਕੀ ਜਿਹੀ ਕੱਚੀ ਕੋਠੜੀ ਉਹਦੀ ਕਲਾ ਨਾਲ਼ ਲਿਸ਼ ਲਿਸ਼ ਕਰਨ ਲੱਗਦੀ। ਤੰਦ ਤਾਣੀ ਦਾ ਵੀ ਉਹ ਚੰਗਾ ਕੰਮ ਕਰ ਲੈਂਦੀ ਸੀ।

ਅਸੀਂ ਸਰਦਾਰਨੀ ਦੇ ਨਿਆਈਂ ਵਾਲੇ ਖੇਤ ਮਾਲ ਚਾਰਦੇ ਫਿਰਦੇ ਸਾਂ ਤੇ ਮੇਰੇ ਬਾਈ ਨਛੱਤਰ ਦਾ ਹਲ਼ ਜੋੜਿਆ ਹੋਇਆ ਸੀ। ਹਰਲ-ਹਰਲ ਕਰਦੇ ਦੋ ਪੁਲਸੀਏ ਆਏ ਉਸਨੂੰ ਘਸੁੰਨਾਂ ਨਾਲ ਬੁਰੀ ਤਰ੍ਹਾਂ ਕੁਟਦੇ ਪਿੰਡ ਵੱਲ ਲੈ ਗਏ। ਮੇਰੇ ਫੁੱਫੜ ਕਰਨੈਲ ਸਿੰਘ ਦਾ ਚਿੱਤਾ ਕਲਾਲ ਡਾਕੂ ਪੱਗ ਵੱਟ ਦੋਸਤ ਸੀ। ਪਿੰਡ ਦੇ ਹੈਂਕੜਬਾਜ਼ ਲੰਬਰਦਾਰ ਨੇ ਦੁਹਾਂ ਦੀਆਂ ਜਾਤਾਂ ਪਰਖ ਦਿੱਤੀਆਂ ਸਨ ਤੇ ਮਾਂਵਾਂ ਭੈਣਾਂ ਦੀਆਂ ਗਾਲ੍ਹਾਂ ਕੱਢੀਆਂ ਸਨ। ਇਸਦੇ ਬਦਲੇ ਚਿੱਤਾ ਉਸਦੇ ਪਰਾਗੇ ਪਾ ਕੇ ਫਰਾਰ ਹੋ ਗਿਆ ਸੀ। ਮੁਖ਼ਬਰ ਦੀ ਇਤਲਾਹ ਮੁਤਾਬਿਕ ਚਿੱਤਾ ਕਰਨੈਲ ਸਿੰਘ ਦੇ ਨਾਲ਼ ਇੱਥੇ ਆਇਆ ਹੋਇਆ ਸੀ। ਗੱਲ ਸੀ ਵੀ ਸਹੀ। ਦੋ ਤਿੰਨ ਜਣੇ ਉਸ ਰਾਤ ਪੱਕੀਆਂ ਰਫਲਾਂ ਮੋਢਿਆਂ 'ਤੇ ਟੰਗੀ ਸਾਡੇ ਘਰ ਆਏ ਸਨ। ਮੇਰਾ ਫੁੱਫੜ ਵੀ ਨਾਲ਼ ਸੀ। ਬਾਈ ਨੱਛਤਰ ਨੂੰ ਪੁਲਿਸ ਦੇ ਪੰਜੇ ਤੋਂ ਛੁਡਾਉਣ ਲਈ ਕਰਨੈਲ ਸਿੰਘ ਨੂੰ ਪੇਸ਼ ਕਰ ਦਿੱਤਾ ਗਿਆ। ਥਾਣੇਦਾਰ ਨੇ ਉਸਨੂੰ ਮੂਧਾ ਪਾ ਕੇ ਬੇਤਹਾਸ਼ਾ ਕੁੱਟਿਆ। ਫਿਰ ਪਿੰਡ ਦੇ ਮੁਹਤਬਰ ਬੰਦਿਆਂ ਨੇ ਇਹ ਕਹਿਕੇ ਛੁਡਾਇਆ-"ਜੀ ਪਿੰਡ ਦਾ ਜੁਆਈ ਐ। ਐਂ ਆਪਣੀਆਂ ਅੱਖਾਂ ਦੇ ਸਾਮ੍ਹਣੇ ਬੇਇਜ਼ਤੀ ਹੁੰਦੀ ਵੇਖੀ ਨ੍ਹੀਂ ਜਾਂਦੀ।

ਚਿੱਤਾ (ਕਿਰਪਾਲ ਕਲਾਲ) ਮੁਕਾਬਲੇ ਚੋਂ ਬਚ ਨਿਕਲਿਆ ਸੀ। ਉਸਦੇ ਤਿੰਨ ਸਾਥੀ ਮਾਰੇ ਜਾ ਚੁੱਕੇ ਸਨ। ਉਸ ਨੂੰ ਮੌਤ ਕੰਧੇੜਿਆਂ 'ਤੇ ਬਿਠਾਈ ਫਿਰਦੀ ਸੀ। ਸਰਕਾਰ ਦਾ ਕੋਈ ਕੜਾ ਕਾਨੂੰਨ ਇਸ ਗੱਲ ਦੀ ਰਾਖੀ ਲਈ ਅੱਗੇ ਨਹੀਂ ਸੀ ਆ ਰਿਹਾ ਕਿ ਕੋਈ ਜਟਵਾਧ ਹਉਮੈਂ ਵਿੱਚ ਕਿਸੇ ਨੂੰ ਕੁੱਤਾ ਢੇਡ ਜਾਂ ਕੁੱਤਾ ਕਲਾਲ ਕਿਉਂ ਆਖੇ? ਇਕ ਗਰੀਬ ਆਦਮੀ ਨੂੰ ਵੀ ਤਾਂ ਸਾਹ ਲੈਣ ਲਈ ਹਵਾ ਵਿਚੋਂ ਬਰਾਬਰ ਆਕਸੀਜਨ ਚਾਹੀਦੀ ਹੈ। ਡਾਕੂਆਂ 'ਚੋਂ ਬਹੁਤੇ ਜਰਾਇਮ ਪੇਸ਼ਾ ਅਪਰਾਧੀ ਨਹੀਂ ਸੀ ਹੁੰਦੇ ਸਗੋਂ ਅਣਖ ਦੇ ਝੰਜੋੜੇ ਡਾਕੂ ਬਣਦੇ ਸਨ। ਥੋੜ੍ਹੇ ਦਿਨਾਂ ਬਾਅਦ ਸਾਡੇ ਪਰਿਵਾਰ ਨਾਲ਼ ਹਮਦਰਦੀ ਕਰਨ ਵਾਲ਼ਾ ਚਿੱਤਾ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ।

ਉਨ੍ਹੀਂ ਦਿਨੀਂ ਪਿੰਡਾਂ ਸ਼ਹਿਰਾਂ ਵਿਚ ਪਿਆਉ (ਛਬੀਲਾਂ) ਲੱਗੇ ਹੁੰਦੇ ਸਨ ਜਿਥੇ ਅੱਡ ਅੱਡ ਜਾਤਾਂ ਦੇ ਲੋਕਾਂ ਵਾਸਤੇ ਅੱਡ ਅੱਡ ਟੀਨ ਦੀਆਂ ਨਾਲ਼ੀਆਂ ਲੱਗੀਆਂ ਹੁੰਦੀਆਂ। ਪਾਣੀ ਪੀਣ ਤੋਂ ਪਹਿਲਾਂ ਬੰਦੇ ਨੂੰ ਆਪਣੀ ਜਾਤ ਬਰਾਦਰੀ ਦੱਸਣੀ ਪੈਂਦੀ ਸੀ। ਅੰਦਰ ਬੈਠਾ ਬੰਦਾ ਉਸ ਜਾਤ ਵਾਲ਼ੀ ਨਾਲ਼ੀ ਵਿਚ ਪਾਣੀ ਪਾਉਂਦਾ ਜੋ ਬਾਹਰ ਓਕ ਲਾ ਕੇ ਬੈਠੇ ਬੰਦੇ ਦੇ ਬੁੱਕਾਂ ਵਿਚ ਆ ਪੈਂਦਾ ਸੀ। ਇਕ ਵਾਰ ਮੇਰੇ ਬਾਈ ਨਛੱਤਰ ਨੇ ਪਿਆਉ ਤੋਂ ਆਪ ਹੀ ਡੱਬਾ ਚੁੱਕ ਕੇ ਪਾਣੀ ਪੀ ਲਿਆ ਸੀ ਤਾਂ ਪਿੰਡ ਵਿਚ ਬਹੁਤ ਰੌਲ਼ਾ ਪੈ ਗਿਆ ਸੀ।

ਜਦੋਂ ਮੈਂ ਦੂਜੀ ਵਿਚ ਹੋਇਆ ਮੇਰਾ ਬਾਪੂ ਘਰੋਂ ਨਿਕਲ਼ ਗਿਆ ਤੇ ਕਈ ਮਹੀਨੇ ਵਾਪਸ ਨਾ ਆਇਆ। ਮੇਰੀ ਮਾਂ ਨੇ ਤੰਦ ਤਾਣੀ ਦਾ ਕੰਮ ਕਰਨਾ ਹੁੰਦਾ ਪਰ ਛੋਟੀ ਕੁੜੀ ਉਸ ਨੂੰ ਕੰਮ ਨਾ ਕਰਨ ਦਿੰਦੀ। ਮੈਨੂੰ ਪੜ੍ਹਨੋ ਹਟਾ ਲਿਆ ਗਿਆ। ਹੁਣ ਕੁੜੀ ਨੂੰ ਸਾਂਭਣ ਦਾ ਕੰਮ ਮੇਰੇ ਪੱਲੇ ਪੈ ਗਿਆ। ਉਸਦੀ ਪਿੱਠ ਨਾਲ਼-ਨਾਲ਼ ਜੁੜਵੇਂ ਫੋੜਿਆਂ ਨਾਲ਼ ਭਰੀ ਰਹਿੰਦੀ। ਮਾਂ ਤਿਲ਼ਾਂ ਦਾ ਤੇਲ ਤੇ ਨੀਲਾ ਥੋਥਾ ਆਦਿ ਮਿਲ਼ਾ ਕੇ ਉਸਦੇ ਆਪੇ ਬਣਾਈ ਮਲ੍ਹਮ ਲਾਉਂਦੀ ਰਹਿੰਦੀ ਪਰ ਕੁੜੀ ਬਲਬੀਰ ਫੋੜੇ ਉਚੇੜੀ ਰੱਖਦੀ। ਮਾਂ ਲੀਰਾਂ ਦੀਆਂ ਗੁਥਲੀਆਂ ਬਣਾ ਕੇ ਉਸਦੇ ਹੱਥਾਂ 'ਤੇ ਚੜ੍ਹਾ ਦਿੰਦੀ। ਸਾਮ੍ਹਣੇ ਕੰਮ ਕਰਦੀ ਮਾਂ ਨੂੰ ਵੇਖ ਕੇ ਕੁੜੀ ਮੇਰੇ ਵਾਲ਼ ਖਿਚਦੀ ਕਿ ਮੈਂ ਉਸਨੂੰ ਉਤਾਰ ਦਿਆਂ ਤੇ ਉਹ ਮਾਂ ਕੋਲ ਚਲੀ ਜਾਵੇ। ਮਾਂ ਮੈਨੂੰ ਕੁੱਟ ਕੇ ਝਿੜਕਾਂ ਦੇ ਕੇ ਉਸ ਨੂੰ ਬਾਹਰ ਲਿਜਾਣ ਲਈ ਕਹਿੰਦੀ। ਬਾਹਰ ਲਿਜਾ ਕੇ ਮੈਂ ਕੁੜੀ ਨੂੰ ਖੇਡ ਲਾਉਣ ਦਾ ਯਤਨ ਕਰਦਾ ਤਾਂ ਉਹ ਮੇਰੀ ਗੋਦੀਓਂ ਨਾ ਉਤਰਦੀ। ਮੇਰੀਆਂ ਬਾਂਹਾਂ ਰਹਿ ਜਾਂਦੀਆਂ। ਮੈਂ ਮੁੜ-ਮੁੜ ਉਸ ਨੂੰ ਢਾਕ 'ਤੇ ਉਪਰ ਨੂੰ ਕਰਦਾ ਰਹਿੰਦਾ। ਜੇ ਮੈਂ ਉਤਾਰਨ ਦਾ ਯਤਨ ਕਰਦਾ ਤਾਂ ਉਹ ਮੇਰੇ ਵਾਲ਼ ਪੁਟ ਸੁਟਦੀ, ਘਰੂੰਟ ਮਾਰ-ਮਾਰ ਜਾਂ ਦੰਦੀਆਂ ਵੱਢ-ਵੱਢ ਮਾਸ ਉਚੇੜ ਦਿੰਦੀ। ਘਰ ਤੋਂ ਪਰ੍ਹੇ ਹਥਾਈ ਕੋਲ਼ ਕੁੜੀ ਨੂੰ ਢਾਕੇ ਚੁੱਕੀ ਟੁੱਟ-ਟੁੱਟ ਜਾਂਦੀਆਂ ਬਾਂਹਾਂ ਨਾਲ਼ ਮੁੜ-ਮੁੜ ਉਪਰ ਨੂੰ ਕਰਦਾ ਮੈਂ ਆਪ ਰੋਂਦਾ ਰਹਿੰਦਾ। ਮੇਰੀ ਸੱਜੀ ਢਾਕ 'ਤੇ ਕੰਨ੍ਹਾ ਪੈ ਗਿਆ ਸੀ ਐਨ ਉਸੇ ਤਰ੍ਹਾਂ ਦਾ ਜਿਵੇਂ ਬਲ਼ਦਾਂ ਦੇ ਪੈ ਜਾਂਦਾ ਹੈ। ਮੈਨੂੰ ਚੇਤੇ ਹੈ ਕਿ ਇਕ ਦਮ ਕਾਲ਼ਾ ਤੇ ਉਫਨਿਆ ਥਾਂ ਵੇਖ ਕੇ ਅੰਬੋ ਮੱਥੇ 'ਤੇ ਹੱਥ ਮਾਰਦੀ ਤੇ ਮੇਰੇ ਬਾਬੇ ਨੂੰ ਉਹ ਥਾਂ ਵਿਖਾਉਂਦੀ - ਉਫਨਿਆ ਥਾਂ ਵੇਖ ਕੇ ਬਾਬਾ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪੈਂਦਾ। ਕਿਸੇ ਨੂੰ ਕੀ ਪਤਾ ਸੀ ਕਿ ਉਹ ਵਰਤਮਾਨ ਜੋ ਪਿਛਾਂਹ ਵੱਲ ਦੌੜਦਾ ਭੂਤ ਵਿਚ ਬਦਲ ਰਿਹਾ ਸੀ ਕਿਵੇਂ ਕਿਵੇਂ ਮੇਰੇ ਭਵਿਖ ਦਾ ਹਿੱਸਾ ਬਣੇਗਾ। ਮੇਰੇ ਜ਼ਿਹਨ, ਮੇਰੀ ਸ਼ਖ਼ਸੀਅਤ ਵਿਚ ਕਿਹੋ ਜਿਹਾ ਕੰਨ੍ਹਾ ਪਾਏਗਾ? ਸਭ ਆਪੋ ਆਪਣੇ ਢੰਗ ਨਾਲ਼ ਮੇਰੇ ਨਾਲ਼ੋਂ ਕੁਝ ਭੋਰ ਤੇ ਕੁਝ ਜੋੜ ਰਹੇ ਸਨ।

ਸਰਦਾਰਾਂ 'ਚੋਂ ਗੁਰਬਖਸ਼ ਸਿੰਘ, ਫੌਜ ਵਿਚੋਂ ਆਏ, ਸੰਤ ਅਤਰ ਸਿੰਘ ਮਸਤੂਆਣਾ ਵਾਲ਼ਿਆਂ ਦੇ ਚਰਨੀ ਜਾ ਲੱਗਿਆ ਸੀ। ਰਾਜਿਆਂ-ਮਹਾਰਾਜਿਆਂ ਦੇ ਇਹ ਸਾਮੰਤ (ਜਗੀਰਦਾਰ) ਥੰਮ੍ਹ ਸਨ। ਸੋਵੀਅਤ ਰੂਸ ਵਿਚ ਸਮਾਜਵਾਦੀ ਇਨਕਲਾਬ ਹੋ ਚੁੱਕਾ ਸੀ, ਜਿਸ ਦਾ ਵਿਰੋਧ ਕਰਨਾ ਜ਼ਰੂਰੀ ਸੀ। ਨਿੱਕੇ ਹੁੰਦਿਆਂ ਆਪਣੇ ਬਾਬੇ ਦੇ ਮੂੰਹੋਂ ਮੈਂ ਇਹ ਬੋਲ ਅਕਸਰ ਸੁਣਦਾ ਰਿਹਾ ਸਾਂ- 'ਰੂਸ ਪੰਜਾਬੇ ਆਵੇ, ਟਕੇ ਸੇਰ ਅੰਨ ਵਿਕਾਵੇ' ਤੇ ਕਮਿਊਨਿਸਟ ਜਿਹੜੇ ਕੌਮ ਨੂੰ ਨਸ਼ਟ ਕਰਦੇ ਹਨ। ਕੀ ਇਹ ਵਿਚਾਰ ਮੇਰੇ ਬਾਬੇ ਦੇ ਆਪਣੇ ਸਨ? ਬਿਲਕੁਲ ਨਹੀਂ। ਸੰਤ ਅਤਰ ਸਿੰਘ ਦੀ ਪੜ੍ਹਾਏ, ਸਰਦਾਰ ਗੁਰਬਖਸ਼ ਸਿੰਘ ਨੇ ਜੋ ਭਿੱਤੀ ਉਸਨੂੰ ਪੜ੍ਹਾ ਦਿੱਤੀ ਹੋਈ ਸੀ, ਮੇਰਾ ਬਾਬਾ ਬੋਲੀ ਜਾਂਦਾ ਸੀ। ਬਾਬਾ 'ਰੂਸ ਪੰਜਾਬੇ ਆਵੇ, ਟਕੇ ਸੇਰ ਅੰਨ ਵਿਕਾਵੇ' ਦੇ ਵੀ ਉਲ਼ਟੇ ਅਰਥ ਕਰਦਾ ਰਿਹਾ। ਉਸ ਨੂੰ ਸਮਝ ਹੀ ਨਾ ਆਉਣ ਦਿੱਤੀ ਕਿ ਇਸਦੇ ਅਰਥ ਤਾਂ ਗਰੀਬਾਂ ਦੀ ਦਲਿੱਦਰਤਾ ਦੂਰ ਕਰਨ ਦੇ ਹਨ ਕਿ ਜੇ ਰੂਸ ਵਰਗਾ ਰਾਜ ਪ੍ਰਬੰਧ ਸਥਾਪਤ ਹੋ ਜਾਵੇ ਤਾਂ ਗਰੀਬਾਂ ਨੂੰ ਰੱਜਵਾਂ ਅੰਨ ਮਿਲ਼ਣ ਲੱਗ ਪਵੇਗਾ।

ਗੁਰਬਖਸ਼ ਸਿੰਘ ਦੇ ਉਦਮ ਨਾਲ ਇਕ ਸੌ ਮਜ਼੍ਹਬੀ ਰਾਮਦਾਸੀਆਂ ਨੂੰ ਉੱਚੀਆਂ ਜਾਤਾਂ ਵਾਲ਼ਿਆਂ ਦੇ ਨਾਲ਼ ਇਕੋ ਬਾਟੇ ਵਿਚ ਸੰਤ ਅਤਰ ਸਿੰਘ ਮਸਤੂਆਣਾ ਵਾਲ਼ਿਆਂ ਨੇ ਅੰਮ੍ਰਿਤ ਛਕਾਇਆ। ਉਚੀਆਂ

ਜਾਤਾਂ ਵਾਲਿਆਂ ਵੱਲੋਂ ਫੌਰੀ ਬਾਅਦ ਉਹੀ ਭਿੱਟ-ਭਿਟਾਵ ਵਾਲ਼ਾ ਵਤੀਰਾ ਵੇਖਕੇ ਬਹੁਤੇ ਲੋਕ ਅੰਮ੍ਰਿਤ ਤੋਂ ਬੇਮੁਖ ਹੋ ਗਏ। ਇਸ ਤਰ੍ਹਾਂ ਅੰਮ੍ਰਿਤ ਦੀ ਆਡ ਵਿਚ ਸਾਡੇ ਪਿੰਡ ਵਿਚ ਮੁਜ਼ਾਰਾ ਲਹਿਰ ਦਾ ਬੀਜ ਨਾ ਫੁੱਟਣ ਦਿੱਤਾ ਗਿਆ। ਸਾਡੇ ਬਜ਼ੁਰਗ ਤਾਂ ਸਿਰਫ਼ ਅਸ਼ਨਾਨ ਸੋਧ ਕੇ ਚਿੱਟੇ ਬਸਤਰ ਸਜਾ ਕੇ ਸੁਭਾ-ਸ਼ਾਮ ਨਿੱਤ ਨੇਮ ਦਾ ਪਾਠ ਬਿਨਾ ਨਾਗਾ ਕਰਨ ਜੋਗੇ ਹੀ ਸਨ ਅਤੇ ਅਰਦਾਸ ਕਰਨ ਸਮੇਂ, ਉਚੀ ਆਵਾਜ਼ ਵਿਚ ਉਨ੍ਹਾਂ ਦੇ ਮੂੰਹੋਂ 'ਵਾਹਗਰੋ' (ਵਾਹਿਗੁਰੂ) ਦਾ ਉੱਚਾ ਆਵਾਜ਼ਾ ਸੁਣਿਆ ਜਾ ਸਕਦਾ ਸੀ ਜਿਨ੍ਹਾਂ ਨੇ ਆਪਣੇ ਭਾਈਚਾਰੇ ਵੱਲ ਮਲੀਨ ਕੰਮਾਂ ਦੀ ਆਡ ਵਿੱਚ ਪਿੱਠ ਕੀਤੀ ਹੋਈ ਸੀ। ਮੇਰੀ ਦਾਦੀ ਹੁਰੀਂ ਦੋਵੇਂ ਸਕੀਆਂ ਭੈਣਾਂ, ਚੋਟੀ 'ਤੇ ਜੂੜੇ ਕਰਕੇ ਦਸਤਾਰਾਂ ਸਜਾ ਕੇ ਚੁੰਨੀਆਂ ਲੈਂਦੀਆਂ। ਤੇੜ ਰੇਬ ਪਜਾਮੀਆਂ, ਸੂਸੀਆਂ ਤੇ ਕਲੀਆਂ ਵਾਲ਼ੇ ਕੁੜਤਿਆਂ ਦੇ ਉਪਰੋਂ ਕਾਲ਼ੇ ਗਾਤਰੇ ਸਜ਼ਾ ਕੇ ਰਖਦੀਆਂ।

ਮੈਂ ਵੇਖਦਾ ਰਿਹਾਂ ਕਿ ਸਾਡੇ ਪਰਿਵਾਰ ਦੇ ਇਨ੍ਹਾਂ ਜੀਵਾਂ ਦਾ ਵਿਹਾਰਕ ਪੱਖ ਆਮ ਲੋਕਾਂ ਨਾਲੋਂ ਬਹੁਤਾ ਵੱਖਰਾ ਨਹੀਂ ਸੀ। ਸਾੜਾ, ਨਫ਼ਰਤ, ਈਰਖਾ, ਲੜਾਈ-ਝਗੜਾ ਸਭ ਕੁੱਝ ਉਵੇਂ ਹੀ ਜ਼ਿੰਦਗੀ ਦਾ ਅਨਿੱਖੜ ਅੰਗ ਸੀ। ਘਰ ਵਿੱਚ ਤਾਂ ਹਮੇਸ਼ਾ ਮਹਾਂਭਾਰਤ ਛਿੜਿਆ ਰਹਿੰਦਾ ਸੀ। ਹਾਂ ਘਰ ਤੋਂ ਬਾਹਰ (ਸ਼ਾਇਦ ਪਹਿਰਾਵੇ ਕਰਕੇ) ਇਨ੍ਹਾਂ ਜੀਆਂ ਦਾ ਚੰਗਾ ਮਾਣ-ਸਨਮਾਨ ਸੀ। ਪਹਿਰਾਵਾ ਸੱਭਿਆਚਾਰ ਦਾ ਹੀ ਨਹੀਂ ਅਕਲ ਦਾ ਚਿੰਨ੍ਹ ਵੀ ਮੰਨਿਆ ਜਾਂਦਾ ਹੈ- ਅਕਲ ਦਾ ਮਾਪ ਦੰਡ। ਦਾੜ੍ਹੀ ਵੀ ਅਕਲ ਨਾਲ਼ ਤੋਲੀ ਮਿਣੀ ਜਾਂਦੀ ਹੈ।

ਇਹ ਉਹ ਸਮਾਂ ਸੀ ਜਦੋਂ ਛੂਆ-ਛੂਤ ਦਾ ਕਾਲ਼ਾ ਪ੍ਰੇਤ ਸਾਡੇ ਲੋਕਾਂ ਨੂੰ ਆਪਣੇ ਖੂੰ-ਖਾਰ ਦੰਦ ਵਿਖਾ ਕੇ ਚਿੜਾ ਰਿਹਾ ਸੀ ਤੇ ਮੇਰਾ ਬਾਪ ਅੱਖਾਂ ਮੀਟ ਕੇ ਉਸ ਵੱਲ ਪਿੱਠ ਕਰਕੇ ਖੜੋਣ ਦਾ ਯਤਨ ਕਰ ਰਿਹਾ ਸੀ। ਤਾਏ ਦੇ ਦੱਸਣ ਅਨੁਸਾਰ ਗੁਰਦੁਆਰੇ ਵਿਚ ਉਨ੍ਹਾਂ ਨੂੰ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ, ਡਾਕ ਪ੍ਰਬੰਧ ਰਾਹੀਂ ਦੇਗ ਮਿਲ਼ਦੀ ਹੁੰਦੀ ਸੀ। ਦਰਬਾਰ ਦੇ ਬਾਰ ਵਿਚ ਖੜ੍ਹੇ ਸਿੱਖ ਤੋਂ ਅੱਗੋਂ ਦੀ ਅੱਗੋਂ ਹੁੰਦੀ ਦੇਗ ਕਈ ਜਣਿਆਂ ਦੇ ਹੱਥਾਂ ਵਿਚੋਂ ਲੰਘ ਕੇ ਸਾਡੇ ਲੋਕਾਂ ਦੇ ਹੱਥਾਂ ਤੱਕ ਪਹੁੰਚਦੀ ਹੁੰਦੀ ਸੀ। ਸਾਡਾ ਇਹ ਬਜ਼ੁਰਗ ਜਦੋਂ ਗਭਰੀਟ ਸੀ ਤੇ ਨਾਲ਼ ਸਾਡੇ ਸਕਿਆ ਚੋਂ ਤਾਇਆ ਭਜਨ ਸਿੰਘ ਤੇ ਕਰਤਾਰ ਸਿੰਘ ਪਿੰਡ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਕਰਨ ਜਾਂਦੇ ਤਾਂ ਬਰਤਨ ਘਰੋਂ ਲਿਜਾਂਦੇ ਸਨ। ਮੈਂ ਤਾਏ ਨੂੰ ਪੁਛਦਾ ਹਾਂ- "ਤੁਹਾਨੂੰ ਘਰੋਂ ਬਰਤਨ ਲਿਜਾਂਦਿਆਂ ਹੀਣਤ ਨਹੀਂ ਸੀ ਆਉਂਦੀ?" ਜਵਾਬ ਨਹੀਂ ਵਿਚ ਮਿਲ਼ਦਾ ਹੈ। ਯਾਨੀ ਉਹ ਇਸ ਕਿਸਮ ਦੇ ਵਰਤਾਅ ਨੂੰ ਹੱਤਕ ਨਹੀਂ ਸੀ ਮੰਨਦੇ। ਇਸ ਕਾਸੇ ਨੂੰ ਉਨ੍ਹਾਂ ਨੇ ਹੋਣੀ ਮੰਨ ਕੇ ਸਵੀਕਾਰ ਕੀਤਾ ਹੋਇਆ ਸੀ। ਮੈਨੂੰ ਜਾਪਦਾ ਹੈ ਕਿ ਜੇ ਉਦੋਂ ਸਰਸੇ ਵਾਲ਼ਾ ਡੇਰਾ ਸਥਾਪਤ ਹੋ ਗਿਆ ਹੁੰਦਾ ਤਾਂ ਸ਼ਾਇਦ ਮੇਰੇ ਪੂਰਵਜ਼ ਵੀ ਡੇਰੇ ਦਾ ਸ਼ਿਕਾਰ ਬਣ ਗਏ ਹੁੰਦੇ। ਇਹ ਸੌ ਪ੍ਰਤੀਸ਼ਤ ਸਚਾਈ ਹੈ ਕਿ ਡੇਰਾਵਾਦ ਦੇ ਪਨਪਣ ਦਾ, ਇਸ ਅਖੌਤੀ ਖ਼ਾਲਸਾ ਪੰਥ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਗਰੀਬ ਗੁਰਬੇ ਦੀ ਬਾਂਹ ਇਨ੍ਹਾਂ ਕਿਰਪਾਨਧਾਰੀਆਂ ਨੇ ਕਦੇ ਵੀ ਨਾ ਫੜੀ।

ਕਹਿੰਦੇ ਨੇ ਕਿ ਇਕ ਵਾਰ ਸਾਡੇ ਵਿਹੜੇ ਦੇ ਦੇਵੇ, ਸੇਵੇ ਨੇ ਜੱਟ ਸੰਗਤ ਨੂੰ ਆਖਿਆ–"ਤੁਸੀਂ ਸਾਡੀ ਦੇਗ ਕਿਉਂ ਨੀ ਲੈਂਦੇ?" ਉਹ ਦੋਵੇਂ ਸਕੇ ਭਰਾ ਸਨ। ਅਗੋਂ ਜੱਟ ਸੰਗਤ ਨੇ ਜਵਾਬ ਦਿੱਤਾ-"ਤੁਸੀਂ ਰਾਮੂ ਕਿਆਂ ਦੀ ਦੇਗ ਲੈ ਲਓਂਗੇ ? ਅਖੇ ਦੇਵਾ ਤੇ ਸੇਵਾ ਅਗੋਂ ਯਊਂ-ਯਊਂ ਕਰਨ ਲੱਗ ਪਏ-"ਐਂ ਤਾਂ ਅਸੀਂ ਰਾਮੂ ਕਿਆਂ ਦੀ ਦੇਗ ਨਹੀਂ ਲੈ ਸਕਦੇ।" ਜੱਟ ਸੰਗਤ ਦਾ ਅਗਲਾ ਸੁਆਲ ਸੀ ਕਿ ਜੇ ਤੁਸੀਂ ਮਜ਼ਬੀ ਸਿੱਖਾਂ ਦੀ ਦੇਗ ਨਹੀਂ ਲੈਂਦੇ ਤਾਂ ਅਸੀਂ ਥੋਡੀ ਦੇਗ ਕਿਉਂ ਲਈਏ? ਇਉਂ ਕਿਰਤੀ ਲੋਕਾਂ ਵਿੱਚ ਹੀ ਜਾਤ-ਦਰ-ਜਾਤ ਦੀਆਂ ਵੰਡੀਆਂ ਪਈਆਂ ਹੋਈਆਂ ਹਨ।

ਮੇਰੇ ਬਾਪ ਦਾ ਬਾਕੀ ਵੈਲੀਆਂ ਨਾਲ਼ ਦਾਰੂ-ਪਿਆਲਾ ਸਾਂਝਾ ਹੋਣ ਦੇ ਬਾਵਜੂਦ ਉਹ ਕਿਰਤ

ਕਮਾਈ ਕਰਕੇ ਜੂਨ ਗੁਜ਼ਾਰਾ ਕਰਨਾ ਲੋਚਦਾ ਸੀ। ਚੰਦ ਕਾਣੇ ਨਾਲ਼ ਲਾਗ ਡਾਟ ਵਾਲ਼ੇ ਭਾਈ ਕੇ ਹਰਨੇਕ ਨਾਲ਼ ਉਸਦਾ ਖਾਣ-ਪੀਣ ਸਾਂਝਾ ਸੀ। ਸਾਡੇ ਬਾਬੇ ਦੇ ਬਰਾਬਰ ਉਸਨੇ ਤਾਣੀ ਦਾ ਅੱਡਾ ਵੀ ਲਾਇਆ ਹੁੰਦਾ। ਕਦੇ ਉਹ ਪਿੰਡ ਚੋਂ ਦੁੱਧ ਚੁਆ ਕੇ ਲਿਆਉਂਦਾ ਤੇ ਵਿਹੜੇ ਵਾਲ਼ਿਆਂ ਦੇ ਘਰੀਂ ਪਾਈਆ-ਪਾਈਆ ਦੁੱਧ ਪਾਉਂਦਾ ਫਿਰਦਾ। ਕਦੀ ਦੁੱਧ ਦੀ ਟੋਕਣੀ ਸਿਰ ’ਤੇ ਰੱਖ ਕੇ ਤਿੰਨ ਕੋਹ ਕੱਚੇ ਟਿੱਬਿਆਂ ਵਾਲੇ ਰਾਹ ਦੀ ਵਾਟ ਝਾਗ ਕੇ ਰਾਮਪੁਰਾ ਫੂਲ ਦੇ ਹੋਟਲਾਂ ’ਤੇ ਪਾਉਂਦਾ। ਕਦੀ ਉਹ ਜੰਗ ਸਿਉਂ ਕੂਕੇ ਦੀ ਰਾਮਪੁਰੇ ਵਾਲ਼ੀ ਬਜਾਜ਼ੀ ਦੀ ਦੁਕਾਨ ਤੋਂ ਕੱਪੜਿਆਂ ਦੀ ਡਿੱਗੀ ਲੈ ਕੇ ਪਿੰਡਾਂ ਨੂੰ ਨਿਕਲ਼ ਤੁਰਦਾ। ਕਈ ਸਕੀਰੀਦਾਰ ਮੈਨੂੰ ਉਸ ਦੇ ਕੱਪੜਾ ਵੇਚਣ ਦੀਆਂ ਗੱਲਾਂ ਦਸਦੇ ਹਨ। ਕਦੀ ਉਸਦੇ ਵੈਲੀ ਦੋਸਤ ਉਸਨੂੰ ਉਂਗਲ਼ ’ਤੇ ਚੜ੍ਹਾਉਂਦੇ ਤਾਂ ਉਹ ਤਿੰਨ-ਤਿੰਨ ਚਾਰ-ਚਾਰ ਮਹੀਨੇ ਘਰ ਵੱਲ ਮੂੰਹ ਨਾ ਕਰਦਾ।

ਮੇਰੇ ਬਾਬੇ ਨੇ ਉਸਨੂੰ ਸਮਝਾਉਣਾ-“ਭਾਈ ਤੂੰ ਜਿਹੜੇ ਰਾਹ ਪਿਐਂ ਸੋਭਾ ਨਹੀਂ ਦਿੰਦਾ।” ਅਗੋਂ ਮੇਰੇ ਬਾਪ ਨੇ ਜਵਾਬ ਦੇਣਾ-“ਬਾਪੂ ਤੈਨੂੰ ਕੀ ਪਤੈ- ਸਾਰੇ ਮੇਰੇ ਨਾਲ਼ ਇਕੋ ਭਾਂਡੇ ਖਾਂਦੇ ਐ।” ਤਾਂ ਇਸਦਾ ਅਰਥ ਇਹ ਹੋਇਆ ਕਿ ਇਹ ਹਾਸ਼ੀਏ ਤੋਂ ਬਾਹਰ ਧੱਕਿਆ ਬੰਦਾ, ਸਾਊ ਕਿਸਮ ਦੇ ਕੰਮ ਕਰਦਾ ਕਰਦਾ ਜੱਟਾਂ ਨਾਲ਼ ਇਕੋ ਭਾਂਡੇ ਖਾਣ ਵਾਸਤੇ ਵੈਲਪੁਣੇ ਦੇ ਰਾਹ ਪੈ ਕੇ ਹਾਸ਼ੀਏ ਦੀ ਲਕੀਰ ਨੂੰ ਮਿਟਾਉਣ ਦਾ ਭਰਮ ਸਿਰਜ ਬੈਠਾ ਸੀ।

ਸਾਡੇ ਘਰ ਹਫ਼ਤਾਵਾਰ ਕੋਈ ਛੋਟੀ-ਮੋਟੀ ਹਫ਼ਤਾਵਾਰ ਅਖ਼ਬਾਰ ਆਉਂਦੀ ਸੀ। ਮੇਰਾ ਬਾਪੂ ਸੱਥਾਂ ਵਿਚ ਲੋਕਾਂ ਨੂੰ ਅਖ਼ਬਾਰ ਪੜ੍ਹ ਕੇ ਸੁਣਾਉਂਦਾ। ਦੂਜੇ ਵੈਲੀ ਪੰਦਰੀ ’ਵੀਹੀਂ ਦਿਨੀਂ ਦੁਕਾਨਦਾਰਾਂ ਤੋਂ ਉਗਰਾਹੀ ਕਰਦੇ। ਕਿਸੇ ਤੋਂ ਧੱਕੇ ਨਾਲ ਕੁੜਤੇ ਚਾਦਰੇ ਦਾ ਕੱਪੜਾ ਪੜਵਾ ਲੈਂਦੇ ਪਰ ਮੇਰਾ ਬਾਪੂ ਉਨ੍ਹਾਂ ਨਾਲ਼ ਨਹੀਂ ਸੀ ਜਾਂਦਾ। ਇਨ੍ਹਾਂ ਲੋਕਾਂ ਵੱਲੋਂ ਜਦ ਦਾਰੂ ਦੀ ਦਾਅਵਤ ਦਾ ਸੱਦਾ ਆਉਂਦਾ ਮੇਰੇ ਬਾਪੂ ਦਾ ਅੰਦਰਲਾ ਵੈਲੀ ਜਾਗ ਪੈਂਦਾ।

ਤੇ ਸਾਡੇ ਘਰ ਵਿੱਚ ਘੋਰ ਹਨ੍ਹੇਰ ਛਾ ਗਿਆ। ਮੇਰੇ ਬਾਪ ਦੇ ਦੋਸਤਾਂ, ਜਿਨ੍ਹਾਂ ਨਾਲ਼ ਉਹ ਇਕੋ ਭਾਂਡੇ ਖਾਣ ਦੀਆਂ ਟਾਹਰਾਂ ਮਾਰਦਾ ਹੁੰਦਾ ਸੀ, ਸ਼ਰਾਬ ਨਾਲ਼ ਅੰਨ੍ਹਾਂ ਕਰਕੇ ਘੋਟੂ ਤੇ ਜੰਗ ਨੇ ਉਸਨੂੰ ਬਾਂਹਾਂ ਤੋਂ ਫੜ ਕੇ ਪੌੜੀਆਂ ਉਤਾਰ ਲਿਆ ਤੇ ਉਸਦੇ ਡੱਬ ਚੋਂ ਪਿਸਤੌਲ ਕੱਢ ਲਿਆ। ਨਿੱਕਾ ਸਿੰਘ ਦੇ ਬਾਰ ਮੂਹਰੇ ਆ ਕੇ ਗਿੱਚੀ ’ਤੇ ਰੱਖ ਕੇ ਗੋਲ਼ੀ ਦਾਗ ਦਿੱਤੀ। ਸਾਡੇ ਵਿਹੜੇ ਦਾ ਸੇਵੇ ਕੇ ਲਾਣੇ ਚੋਂ ਧੰਨਾ ਮੇਰੇ ਬਾਪ ਦੀ ਲਾਸ਼ ਦੇ ਕੋਲ਼ ਦੀ ਲੰਘਿਆ ਤਾਂ ਪੱਗ ਉਹਦੇ ਪੈਰਾਂ ਵਿੱਚ ਉਲ਼ਝ ਗਈ। ਸਾਡੀ ਗਲ਼ੀ ਦੇ ਵਸਿੰਦੇ ਉੱਭਾ ਪਿੰਡ ਤੋਂ ਇਥੇ ਨਾਨਕੇ ਘਰ ਰਹਿੰਦੇ ਬਾਰੂ, ਮਿਹਰੂ, ਕਿਹਰੂ ਹੁਰਾਂ ਚੋਂ ਬਾਰੂ ਨੂੰ ਵੀ ਹੋਏ ਕਤਲ ਦਾ ਪੂਰਾ ਪਤਾ ਸੀ। ਗੁਰੂ ਗੋਤ ਦੇ ਹੋਣ ਕਰਕੇ ਮੇਰੀ ਮਾਂ ਉਨ੍ਹਾਂ ਨੂੰ ਬਾਈ ਅਤੇ ਅਸੀਂ ਤਾਏ ਚਾਚੇ ਦੀ ਥਾਂ ਮਾਮੇ ਕਹਿ ਕੇ ਬੁਲਾਉਂਦੇ ਸਾਂ। ਕਿਸੇ ਨੇ ਰਿਸ਼ਤਾ ਨਹੀਂ ਨਿਭਾਇਆ। ਵੈਲੀਆਂ ਦੀ ਦਬਸ਼ ਹੀ ਏਨੀ ਸੀ ਕਿ ਉਨ੍ਹਾਂ ਦੀ ਜ਼ੁਬਾਨ ਨੂੰ ਤਾਲੇ ਲੱਗੇ ਰਹੇ। ਮਜ਼੍ਹਬੀ ਸਿੱਖਾਂ ਦੇ ਰਾਮੂ ਕੇ ਅਗਵਾੜ ਚੋਂ ਸਾਈਂ ਦਾ ਤੱਲ੍ਹਾ ਜੋ ਹੁਕਮੇ ਕਿਆਂ ਨਾਲ਼ ਸੀਰੀ ਸੀ, ਰੋਟੀਆਂ ਲੈ ਕੇ ਬਾਹਰ ਆਏ ਨੂੰ ਘੋਟੂ ਨੇ ਲਾਸ਼ ਸਿਟਾਉਣ ਲਈ ਕਿਹਾ ਸੀ। ਇਹੋ ਜਿਹੀ ਜ਼ਹਿਨੀਅਤ ਦੇ ਮਾਲਕ ਸਨ, ਸਾਡੇ ਭਾਈਚਾਰੇ ਦੇ ਵਡੇਰੇ। ਜੱਟ ਹਉਮੈ ਨੇ ਉਨ੍ਹਾਂ ਦੇ ਮਨ-ਮਸਤਕ ਵਿੱਚ ਜ਼ਮੀਰ ਦਾ ਢੰਗੂਰ ਤਾਂ ਕਦੇ ਫੁੱਟਣ ਹੀ ਨਾ ਦਿੱਤਾ।

ਮੇਰੇ ਬਾਪ ਦਾ ਭੋਗ ਆਮ ਮਰਗ ਦੇ ਭੋਗਾਂ ਵਾਂਗ ਨਹੀਂ ਪਾਇਆ ਗਿਆ। ਗੁਰਬਖਸ਼ ਸਿੰਘ ‘ਰਾਹੀ’, ਪਿੰਡ ਸਹਿਜੜੇ, ਪ੍ਰਧਾਨ ਖ਼ਾਲਸਾ ਬ੍ਰਾਦਰੀ ਮਾਲਵਾ ਨੇ ਇਸ਼ਤਿਹਾਰ ਕੱਢਿਆ। ਰਾਹੀ ਹੁਰਾਂ ਨੇ ਮੇਰੇ ਬਾਬੇ, ਬਾਪ, ਮਾਸੜ ਗੁਰਦਿਆਲ ਸਿੰਘ ਆਦਿ ਨਾਲ਼ ਰਲ਼ ਕੇ ਕਈ ਪਿੰਡਾਂ ਵਿਚੋਂ ਜਬਰੀ ਵਗਾਰ ਵਿਰੁੱਧ ਮੋਰਚਾ ਲਾ ਕੇ ਵਗਾਰ ਬੰਦ ਕਰਵਾਈ ਸੀ। ਇਸ਼ਤਿਹਾਰ ਨਾਲ਼ ਲਗਦੇ ਪਿੰਡਾਂ ਵਿਚ ਵੀ ਲਾਇਆ ਗਿਆ,

'ਬਦਮਾਸ਼ ਜੱਟਾਂ ਵੱਲੋਂ ਇਕ ਗਰੀਬ ਹਰੀਜਨ ਦਾ ਕਤਲ।' ਭੋਗ ਮੌਕੇ ਵਿਸ਼ਾਲ ਕਾਨਫਰੰਸ ਕੀਤੀ ਗਈ। ਬਹੁਤ ਸਾਰੇ ਆਗੂਆਂ ਨੇ ਤਕਰੀਰਾਂ ਕੀਤੀਆਂ ਤੇ ਰਾਹੀ ਸਾਹਿਬ ਨੇ ਐਲਾਨ ਕੀਤਾ ਕਿ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿਵਾ ਕੇ ਰਹਾਂਗੇ। ਰਾਹੀ ਜੀ ਨੇ ਵਿਸ਼ਵਾਸ ਦਿਵਾਇਆ ਸੀ ਕਿ ਮੁਕੱਦਮੇ ਦੀ ਉਹ ਖ਼ੁਦ ਪੈਰਵੀ ਕਰੇਗਾ ਖ਼ਾਲਸਾ ਬ੍ਰਾਦਰੀ ਮਾਲਵਾ ਦੀ ਤਰਫ਼ੋਂ। ਪਰ ਲੀਡਰਾਂ ਕੋਲ਼ ਸ਼ਾਇਦ ਵਾਅਦੇ ਹੀ ਹੁੰਦੇ ਹਨ।

ਮੇਰੇ ਬਾਪ ਦੇ ਮੁਕੱਦਮੇ ਦੀ ਤਰੀਕ ਤੋਂ ਇਕ ਦਿਨ ਪਹਿਲਾਂ ਮੇਰਾ ਤਾਇਆ ਗਵਾਹਾਂ ਵੱਲ ਗਿਆ ਹੋਇਆ ਸੀ। ਗੰਗਾ ਤੇ ਦੋ ਜਣੇ ਹੋਰ ਗੁਰਦਿਆਲ ਦਰਜ਼ੀ ਤੋਂ ਘੋਟੂ ਤੇ ਜੰਗ ਵਾਸਤੇ ਕੱਪੜੇ ਸਿਲਵਾ ਰਹੇ ਸਨ। ਮੇਰੇ ਤਾਏ ਨੂੰ ਵੇਖ ਕੇ ਗੰਗੇ ਨੇ ਕਿਹਾ ਸੀ-"ਗੁਰਦਿਆਲ ਕੱਪੜੇ ਐਹੋ ਜੇ ਬਣਾ ਦੇ ਬਈ ਜੇਲ੍ਹ ਵਿਚ ਐਂ ਲੱਗਣ ਜਿਵੇਂ ਕਿਸੇ ਦੇ ਜੁਆਈ ਫਿਰਦੇ ਐ।" ਕਾਲਜੇ ਉਪਰ ਸਰਕੜ੍ਹੇ ਦਾ ਚੀਰ ਆ ਗਿਆ। ਮੇਰਾ ਤਾਇਆ, ਚਾਚਾ ਕਰਮ ਸਿਉਂ ਅਤੇ ਚਾਚਾ ਜੁਗਿੰਦਰ ਸੱਥ ਵਿਚ ਆ ਬੈਠੇ ਸਨ ਬਈ ਜੇ ਚੁੱਪ ਚਾਪ ਲੰਘ ਗਏ ਤਾਂ ਠੀਕ, ਨਹੀਂ ਫਿਰ ਚੁੱਕ ਕੇ ਘਰ ਲਿਆਉਣੇ ਨੇ। ਵੇਖੀ ਜਾਊ ਜੋ ਬਣੂ ਬੀਤੂ। ਜਿਉਂ ਹੀ ਗੰਗੇ ਨੇ ਲਲਕਾਰਾ ਮਾਰਿਆ ਤੇ ਸਾਡੇ ਬੰਦੇ ਉਠ ਕੇ ਖੜ੍ਹੇ ਹੋਏ, ਬੰਤ ਦੌਂਗਾ ਤੇ ਭਜੋ ਦੇ ਚਾਦਰੇ ਤੇ ਜੁੱਤੀਆਂ ਸੱਥ ਵਿੱਚ ਹੀ ਖਿਲਰ ਗਏ। ਗੰਗਾ ਚਾਚੇ ਜੋਗਿੰਦਰ ਦੇ ਪਤਾਲੂਆਂ ਨੂੰ ਚਿੱਬੜ ਗਿਆ। ਧੌਣ ਕੁੱਟ ਕੇ ਚਾਚੇ ਨੂੰ ਛੁਡਾ ਕੇ ਗੰਗੇ ਨੂੰ ਘਰ ਚੁੱਕ ਲਿਆਂਦਾ। ਘਰ ਲਿਆ ਕੇ ਇਕ ਖੇਸ ਦਾ ਇੰਨੂੰ ਖੁੱਚਾਂ ਹੇਠ ਪੰਸੇਰੀ ਰੱਖ ਕੇ ਤੇ ਦੂਜਾ ਗੋਡਿਆਂ ਉਪਰ ਰੱਖ ਕੇ ਮੂੰਗਲ਼ੀ ਨਾਲ਼ ਗੋਡੇ ਭੰਨ ਸੁੱਟੇ ਧੇਹ! ਧੇਹ!! ਮੈਂ ਆਪਣੇ ਤਾਏ ਨੂੰ ਪੁੱਛਦਾ ਹਾਂ ਕਿ ਗੋਡਿਆਂ 'ਤੇ ਖੇਸਾਂ ਦੇ ਇੰਨੂ ਕਿਉਂ ਰੱਖੇ ਸੀ। ਤਾਇਆ ਜਵਾਬ ਦਿੰਦਾ ਹੈ-"ਅਗਲੇ ਹੀ ਦਿਨ ਤੇਰੇ ਬਾਪੂ ਵਾਲ਼ੇ ਮੁਕੱਦਮੇ ਦੀ ਤਰੀਕ ਸੀ। ਜੇ ਉਸਦਾ ਕੋਈ ਅੰਗ ਪੈਰ ਟੁੱਟ ਜਾਂਦਾ ਤਾਂ ਛੱਬੀ ਬਣ ਜਾਣੀ ਸੀ ਤੇ ਅਸੀਂ ਫੜੇ ਜਾਣਾ ਸੀ। ਐਂ ਉਹ ਗੋਡਿਆਂ ਤੋਂ ਨਿਕਾਰਾ ਵੀ ਕਰ 'ਤਾ ਤੇ ਕੋਈ ਮੁਕੱਦਮਾ ਵੀ ਨਾ ਬਣਿਆ।

ਕਾਤਲਾਂ ਨੂੰ ਸਤਾਈ ਸਤਾਈ ਸਾਲ ਦੀ ਕੈਦ ਹੋ ਗਈ। ਪੈਪਸੂ ਦਾ ਪਤਾ ਨਹੀਂ ਕਿਹੋ ਜਿਹਾ ਰਾਜ ਜਾਂ ਕਾਨੂੰਨ ਸੀ, ਕਾਤਲ ਕੁੱਝ ਦਿਨਾਂ ਬਾਅਦ ਹੀ ਬਰੀ ਹੋ ਕੇ ਪਿੰਡ ਵਿਚ ਬੜ੍ਹਕਾਂ ਮਾਰਨ ਲੱਗੇ। ਮੇਰਾ ਤਾਇਆ ਡੱਬ ਵਿਚ ਬਾਰਾਂ ਬੋਰ ਦਾ ਪਿਸਤੌਲ ਟੰਗੀ ਮੇਰੇ ਬਾਪੂ ਦੇ ਕਾਤਲਾਂ, ਖ਼ਾਸ ਕਰਕੇ ਉਸਦੀ ਗਿੱਚੀ ਵਿਚ ਗੋਲ਼ੀ ਮਾਰਨ ਵਾਲੇ ਘੋਟੂ ਨੂੰ ਭਾਲ਼ਦਾ ਰਹਿੰਦਾ।

ਇਕ ਦਿਨ ਮੇਰਾ ਤਾਇਆ ਖੇਤੋਂ ਆ ਰਿਹਾ ਸੀ ਕਿ ਰਾਹ ਵਿੱਚ ਗੰਗੇ ਹੁਰੀਂ ਮਿਲ਼ ਗਏ। ਜੰਗ ਅਤੇ ਗੰਗੇ ਹੁਰਾਂ ਨੇ ਦੋ-ਤਿੰਨ ਬੰਦੇ ਬਾਹਰੋਂ ਸੱਦੇ ਹੋਏ ਸਨ। ਭੈਂਕਰੇ ਹੋਏ ਬਦਮਾਸ਼ ਸਾਰੇ ਦਿਨ ਦੇ ਦਾਰੂ ਨਾਲ਼ ਰੱਜੇ ਪਿੰਡ ਵਿਚ ਹੇਲ੍ਹੀਆਂ ਦਿੰਦੇ ਤੇ ਲਲਕਾਰੇ ਮਾਰਦੇ ਫਿਰਦੇ ਸਨ-"ਉਇ ਉਹ ਕਿਹੜਾ ਕਤਲ ਸੀ, ਕਤਲ ਤਾਂ ਹੁਣ ਹੋਣਗੇ।" ਸਾਡੀ ਪਾਰਟੀ ਦੇ ਬੰਦਿਆਂ (ਨਿੱਕਾ ਸਿੰਘ ਤੇ ਕਰਨੈਲ ਸਿੰਘ ਜੱਟ ਪੱਤੀ ਤਾਜੋ ਕੀ ਤੇ ਉਸ ਦਾ ਸੀਰੀ ਤੱਲ੍ਹੇ ਦਾ ਵੱਡਾ ਭਰਾ ਕਿਰਪਾਲ, ਮੇਰਾ ਤਾਇਆ ਬਖਤੌਰ ਸਿੰਘ, ਚਾਚਾ ਕਰਮ ਸਿੰਘ, ਘਰਾਂ ਚੋਂ ਤਾਇਆ ਮੁਖਤਿਆਰ ਸਿੰਘ ਤੇ ਉਸਦਾ ਵੱਡਾ ਭਰਾ ਮੇਲਾ ਸਿੰਘ) ਨੇ ਤਿੰਨ ਕੁ ਵਜੇ ਠੇਕੇ ਨੂੰ ਜਾ ਘੇਰਿਆ। ਢਾਈ ਤਿੰਨ ਘੰਟੇ ਆਹਮੋਂ-ਸਾਹਮਣੇ ਗੋਲ਼ੀ ਚੱਲਦੀ ਰਹੀ। ਇਸ ਮੁਕਾਬਲੇ 'ਚ ਮੇਰੇ ਬਾਪ ਨੂੰ ਘਰੋਂ ਸੱਦ ਕੇ ਲਿਜਾਣ ਵਾਲ਼ੇ ਦਿਉ ਕੱਦ ਜੰਗ ਰਾਪੁਰੀਏ ਦਾ-ਬਾਂਹ ਬਾਹਰ ਕੱਢ ਕੇ ਗੋਲ਼ੀ ਚਲਾਉਣ ਲੱਗੇ ਦਾ-ਮੇਰੇ ਤਾਏ ਨੇ ਗੰਡਾਸੇ ਨਾਲ਼ ਗੁੱਟ ਵੱਢ ਦਿੱਤਾ। ਫਿਰ ਦੂਜੀ ਵਾਰ ਗੁੱਟ 'ਤੇ ਪੱਟੀ ਬੰਨ੍ਹ ਕੇ ਗੋਲ਼ੀ ਚਲਾਉਣ ਲੱਗੇ ਦੇ ਨਿੱਕਾ ਸਿੰਘ ਨੇ ਦੁਨਾਲ਼ੀ ਦਾ ਫਾਇਰ ਮਾਰ ਕੇ ਬੂਹੇ ਵਿੱਚ ਸੁੱਟ ਲਿਆ ਤੇ ਡਿਗਦੇ ਨੂੰ ਹੀ ਮੇਰੇ ਤਾਏ ਨੇ ਗੰਡਾਸਿਆਂ ਨਾਲ਼ ਵੱਢ-ਟੁੱਕ ਸੁੱਟਿਆ।

"ਫੂਕ ਦਿਉ ਅੰਦਰੇ ਮੇਰੇ ਸਾਲ਼ਿਆਂ ਨੂੰ। ਸਿੱਟੋ ਤੇਲ ਦਾ ਪੀਪਾ।" ਮੇਰੇ ਤਾਏ ਨੇ ਲਲਕਾਰਾ

ਮਾਰਿਆ। ਚਾਚਾ ਕਰਮ ਸਿੰਘ ਠੇਕੇ ਨੂੰ ਪਾੜ ਲਾਉਣ ਲੱਗ ਪਿਆ ਤਾਂ ਗੰਗਾ ਛੱਤ 'ਤੋਂ ਛਾਲ਼ ਮਾਰ ਕੇ ਭੱਜਦਾ ਮੇਰੇ ਤਾਏ ਦੇ ਅੜਿੱਕੇ ਚੜ੍ਹ ਗਿਆ। ਪਰ ਤੇਜ਼ ਦੌੜਨ ਕਰਕੇ ਕਦੇ ਗੰਡਾਸਾ ਅੱਗੇ ਲੰਘ ਜਾਂਦਾ ਤੇ ਕਦੇ ਪਿੱਛੇ ਰਹਿ ਜਾਂਦਾ। ਗੰਗੇ ਨੇ ਭੱਜੇ ਜਾਂਦਿਆਂ ਪਿਸਤੌਲ ਚੋਂ ਗੋਲ਼ੀ ਚਲਾਈ ਜੋ ਮੇਰੇ ਤਾਏ ਦੀ ਪੱਗ ਨੂੰ ਛੂਹ ਕੇ ਲੰਘ ਗਈ। "ਲੈ ਫਿਰ ਹੋ ਲੈ ਤਕੜਾ ਹੁਣ ਦੂਜੀ ਨੀ ਭਰਨ ਦਿੰਦਾ।" ਮੇਰਾ ਤਾਇਆ ਲਲਕਾਰਾ ਮਾਰ ਕੇ ਗੰਗੇ ਦੇ ਉਪਰ ਜਾ ਚੜ੍ਹਿਆ। ਜਦੋਂ ਹੱਸਲੀ ਦੀ ਹੱਡੀ 'ਤੇ ਠੀਕ ਵਾਰ ਹੋ ਗਿਆ ਤਾਂ ਗੰਗੇ ਦੀ ਚੀਕ ਸੁਣ ਕੇ ਦੂਜਾ ਵਾਰ ਕਰਨ ਤੋਂ ਪਹਿਲਾਂ ਹੀ ਮੇਰੇ ਬਾਪੂ ਦੇ ਮਿੱਤਰ ਅਖਵਾਉਂਦੇ ਚਤਰ ਸਿਉਂ ਤੇ ਜੰਗ ਸਿਉਂ ਕੂਕਿਆਂ ਨੇ ਸਾਡੇ ਬਜ਼ੁਰਗ ਨੂੰ ਲੱਕੋਂ ਚੁੱਕ ਕੇ ਆਪਣੇ ਅੰਦਰ ਧੂਹ ਲਿਆ। ਇਸ ਤਰ੍ਹਾਂ ਗੰਗਾ ਬਚ ਗਿਆ। ਬਥੇਰਾ ਬੁਰਾ ਭਲਾ ਕਿਹਾ ਮੇਰੇ ਤਾਏ ਨੇ ਕੂਕਿਆਂ ਨੂੰ ਪਰ ਹੁਣ ਕੀ ਹੋ ਸਕਦਾ ਸੀ? ਦੁਸ਼ਮਣ ਤਾਂ ਹੱਥਾਂ 'ਚ ਆਇਆ ਭਜਾ ਦਿੱਤਾ ਸੀ ਸਿਰਫ਼ ਏਸ ਡਰ ਨਾਲ਼ ਕਿ ਕਿਤੇ 'ਗਵਾਹੀ ਨਾ ਦੇਣੀ ਪੈ ਜਾਏ, ਮੇਰੇ ਬਾਪ ਦੇ ਦੋਸਤਾਂ ਨੂੰ।

ਜੰਗ ਨੂੰ ਕਤਲ ਕਰਕੇ ਇਹ ਸੱਤੇ ਜਣੇ ਪਿੰਡ ਵਿਚ ਨੂੰ ਹੋ ਤੁਰੇ, "ਅੱਜ ਦੱਸ ਦਿਉ ਬਈ ਉਏ ਜਿਹੜਾ ਕੋਈ ਵੈਲੀਆਂ ਦਾ ਹਮਾਇਤੀ ਐ। ਆ ਜੋ ਜੀਹਨੇ ਮੌਤ ਨੂੰ ਮਾਸੀ ਆਖਣੈ।" ਸਾਡੇ ਬੰਦੇ ਪਿੰਡ ਵਿਚ ਗਲ਼ੀ ਗਲ਼ੀ ਗੇੜੇ ਦਿੰਦੇ ਹੋਕਰੇ ਮਾਰਦੇ ਫਿਰਦੇ ਰਹੇ। ਘੋਟੂ ਕਿਤੋਂ ਨਾ ਲੱਭਿਆ। ਉਹ ਤਾਂ ਗਿੱਦੜ ਜਿੰਨਾ ਡਰਪੋਕ ਅਤੇ ਲੂੰਬੜ ਜਿੰਨਾ ਸ਼ੈਤਾਨ ਸੀ। ਉਹ ਠੇਕੇ ਵਿਚ ਗਿਆ ਹੀ ਨਹੀਂ ਸੀ। ਪਹਿਲਾਂ ਹੀ ਇਧਰ ਉਧਰ ਹੋ ਗਿਆ ਸੀ। ਪਾਰਟੀ ਦੀ ਪਾਰਟੀ ਗੰਗੇ ਦੇ ਘਰ ਉਸਦੇ ਬਜ਼ੁਰਗ (ਗੁਰਦਿੱਤ ਸਿੰਘ ਲੰਬੜਦਾਰ) ਨੂੰ ਜਾ ਮਿਲ਼ੀ, "ਤਾਇਆ ਅਸੀਂ ਤੇਰੇ ਯੋਧਿਆਂ ਵਾਲ਼ੀ ਤਾਂ ਨੀ ਕਰਦੇ ਤੇਰੇ ਨਾਲ਼, ਪਰ ਤੂੰ ਸਾਨੂੰ ਐ ਦੱਸ ਦੇ ਬਈ ਤੇਰਾ ਸੂਰਮਾ ਕਿੱਥੇ ਐ?" ਘਰੇ ਲੁਕਿਆ ਗੰਗਾ ਪੌੜੀ ਚੜ੍ਹ ਕੇ ਕੋਠੀਂ ਕੋਠੀਂ ਭੱਜ ਗਿਆ।

"ਭਾਈ ਬਖਤੌਰ ਸਿਆਂ ਜੇ ਇਹੋ ਜਿਹੀਆਂ ਕਰਤੂਤਾਂ ਕਰਦੇ ਐ ਤਾਂ ਕੀ ਖੱਟ ਲਿਆ?" ਬਜ਼ੁਰਗ ਹੱਥ ਜੋੜੀ ਖੜ੍ਹਾ ਸੀ। ਮੇਰੇ ਤਾਏ ਨੇ ਲੰਬਰਦਾਰ ਨੂੰ ਪਿਛਲੀ ਘਟਨਾ ਚੇਤੇ ਕਰਾਈ ਸੀ। ਇਕ ਵਾਰ ਭੱਜੋ (ਜੰਗ ਰਾਪੁਰੀਏ ਦਾ ਭਰਾ) ਬੰਤ ਦੌਂਗਾ, ਮੱਲ੍ਹੀ ਤੇ ਗੰਗੇ ਨੇ ਖੇਤੋਂ ਮਾਲ ਚਾਰ ਕੇ ਆਉਂਦਾ ਸਾਡਾ ਬਜ਼ੁਰਗ ਬਾਬਾ ਹਰਨਾਮ ਸਿੰਘ (ਚਾਚੇ ਕਰਮ ਸਿੰਘ ਦਾ ਬਾਪ) ਪਿੰਡ ਦਾ ਵਿਗਾੜਿਆ ਨਾਂ ਤਾਨਾ ਸਿੱਖ, ਘੋੜੀ ਤੋਂ ਲਾਹ ਲਿਆ ਸੀ। ਗੋਡਿਆਂ ਦਾ ਆਰੀ ਹੋਣ ਕਰਕੇ ਉਹ ਪੈਦਲ ਤੁਰ ਫਿਰ ਨਹੀਂ ਸੀ ਸਕਦਾ। ਗਊਆਂ ਚਾਰਨ ਲਈ ਉਹ ਫੜਕੀ ਜਿਹੀ ਘੋੜੀ 'ਤੇ ਪਸ਼ੂਆਂ ਦੇ ਮਗਰ ਫਿਰਦਾ ਰਹਿੰਦਾ ਸੀ। ਉਸ ਬਜ਼ੁਰਗ ਨੂੰ ਇਨ੍ਹਾਂ ਨੇ ਸੂਏ 'ਚ ਵਾੜ ਕੇ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ ਸੀ। ਸਾਡੇ ਬੰਦਿਆਂ ਦੇ ਉਥੇ ਪਹੁੰਚਣ ਤੋਂ ਪਹਿਲਾਂ ਛੱਡ ਕੇ ਭੱਜ ਵੀ ਗਏ ਸਨ ਵੱਡੇ ਸੂਰਮੇ।

ਮੇਰੇ ਤਾਏ ਨੇ ਦੱਸਿਆ ਕਿ ਜਦੋਂ ਉਹ ਜੰਗ ਨੂੰ ਕਤਲ ਕਰਕੇ ਪਿੰਡ ਵਿਚ ਗੇੜੇ ਦੇ ਰਹੇ ਸਨ ਤਾਂ ਜੰਗ ਦਾ ਬਾਪ ਮਾਘੀ ਅੱਗੋਂ ਪਠਾਣੀ ਰਫ਼ਲ ਲਈ ਆਉਂਦਾ ਮਿਲ਼ ਪਿਆ। ਅਖੇ ਜੰਗ ਦੀ ਚੋਰੀ ਦੀ ਇਹ ਰਫ਼ਲ ਘਰੇ ਹੀ ਰਹਿ ਗਈ ਸੀ। ਉਹ ਘੇਰੇ 'ਚ ਆਏ ਆਪਣੇ ਸੂਰਮੇ ਪੁੱਤ ਨੂੰ ਰਫ਼ਲ ਦੇਣ ਆ ਰਿਹਾ ਸੀ ਜੋ ਇਨ੍ਹਾਂ ਨੂੰ ਵੇਖਦੇ ਸਾਰ ਬੰਦੂਕ ਸੁੱਟ ਕੇ ਪੁੱਠੇ ਪੈਰੀਂ ਭੱਜ ਗਿਆ ਸੀ। ਕਾਰਤੂਸ ਵੀ ਉਹ ਕਾਫੀ ਦੂਰ ਤੱਕ ਬੀਜਦਾ ਗਿਆ। ਜੰਗ ਵਾਲ਼ੀ ਰਫ਼ਲ ਤੇ ਕਾਰਤੂਸ ਸਾਡੇ ਬੰਦਿਆਂ ਦੇ ਹੱਥ ਆ ਗਏ।

ਸੱਤਾਂ ਜਣਿਆਂ ਨੇ ਸਾਰੇ ਪਿੰਡ ਦਾ ਗੇੜਾ ਕੱਢਿਆ। ਮੇਰਾ ਤਾਇਆ ਦਸਦਾ ਹੈ-"ਜਿਹੜੇ ਬੰਦੇ ਬਾਹਰੋਂ ਬੁਲਾਏ ਹੋਏ ਸੀ, ਨੂੰ ਬਚ ਕੇ ਨਿਕਲ਼ਦਿਆਂ ਨੂੰ ਇਹਨਾਂ ਨੇ ਪਿੰਡ ਵਿਚ ਘੇਰ ਲਿਆ। ਸਾਨੂੰ ਵੇਖ ਕੇ ਉਹ ਹੱਥ ਬੰਨ੍ਹ ਕੇ ਖੜ੍ਹ ਗਏ, 'ਭਰਾਵੋ ਅਸੀਂ ਤਾਂ ਊਂਈਂ ਫਸ ਗਏ। ਅਸੀਂ ਮਿਲ਼ਣ ਈ ਆਏ ਸੀ। ਹੁਣ ਚਾਹੇ ਮਾਰੋ ਚਾਹੇ ਛੱਡੋ।' ਪਿੰਡ ਦੇ ਮੁਹਤਬਰ ਹਰਬਖਸ਼ ਸਿਉਂ (ਕਾਲ਼ਾ) ਨੇ ਸਾਡਾ ਗੁੱਸਾ ਠੰਢਾ ਕੀਤਾ। ਕਹਿੰਦਾ "ਬਖਤੌਰ ਸਿਆਂ ਜਾਣ ਦਿਉ ਇਹਨਾਂ ਨੂੰ। 'ਜਾਉ ਓਏ ਭਾਈ ਫੇਰ ਨਾ ਪਿੰਡ 'ਚ ਵੜਿਓ। ਇਹ ਰਾਮਦਾਸੀਏ ਭੈੜੇ ਆ

ਖਾ ਜਾਣਗੇ ਕੱਚਿਆਂ ਨੂੰ।"

ਸਾਡੇ ਪਿੰਡ ਵਿਚ ਦੋ ਜਲੂਸ ਨਿਕਲ਼ਿਆ ਕਰਦੇ ਸਨ।ਗੁਰਦੁਆਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਸੀ।ਆਖੰਡ ਪਾਠ ਪ੍ਰਕਾਸ਼ ਕਰਨ ਵਾਲ਼ੇ ਦਿਨ ਜਲੂਸ ਨਿਕਲ਼ਦਾ ਸੀ।ਜੱਟ ਸੰਗਤ ਸਾਨੂੰ ਪਾਲਕੀ ਤਾਂ ਦੇ ਦਿੰਦੀ ਸੀ ਪਰ ਗੁਰੂ ਗ੍ਰੰਥ ਦੀ ਬੀੜ ਨਹੀਂ ਸੀ ਦਿੰਦੀ। ਸਾਡੇ ਬਾਬੇ ਹੁਰੀਂ ਅੰਮ੍ਰਿਤਸਰ ਤੋਂ ਸਿਰ 'ਤੇ ਬੀੜ ਰੱਖ ਕੇ ਪੈਦਲ ਪਿੰਡ ਆਏ ਸਨ ਜੋ ਸਾਡੇ ਚਾਚੇ ਕਰਮ ਸਿੰਘ ਦੇ ਕੱਚੇ ਚੁਬਾਰੇ ਦੇ ਆਲ਼ੇ ਜਿਹੇ ਵਿਚ ਰੱਖੀ ਹੁੰਦੀ ਸੀ।ਪਾਲਕੀ ਦੇ ਗੁਲ਼ਾਈਦਾਰ ਗੁੰਬਦ ਤੇ ਸੁਨਹਿਰੀ ਪਾਲਸ਼ ਕੀਤੀ ਹੋਈ ਜਿਵੇਂ ਸੋਨੇ ਦੀ ਹੋਵੇ।ਲਾਲ ਗੁਲਾਬੀ ਫੁੱਲਾਂ ਦੇ ਹਾਰ ਬਣ ਬਣ ਉੱਠਦੇ।ਦੂਜਾ ਜਲੂਸ ਸਾਡੇ ਬਜ਼ੁਰਗ, ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਸਾਡੇ ਮਜ਼੍ਹਬੀ ਰਾਮਦਾਸੀਏ ਕੱਢਦੇ ਸਨ। ਦੀਵਾਨ ਸਜਦਾ ਭਾਈ ਕੀ ਸੱਥ ਦੇ ਸਾਮ੍ਹਣੇ।ਰਾਮਦਾਸੀਆ ਵਿਹੜੇ ਦੀ ਕੱਚੀ ਜਿਹੀ ਧਰਮਸ਼ਾਲਾ ਵਿਚ ਅਖੰਡ ਪਾਠ ਪ੍ਰਕਾਸ਼ ਕਰਾਇਆ ਜਾਂਦਾ ਸੀ।ਮੈਨੂੰ ਯਾਦ ਹੈ ਕਿ ਸਾਡਾ ਬਾਬਾ ਪੂਰੇ ਗੁਰਸਿੱਖੀ ਬਾਣੇ ਵਿਚ ਸਜਿਆ, ਦਰਵਾਜ਼ੇ ਦੇ ਦੁਹੀਂ ਪਾਸੀਂ ਗੱਡੇ ਕੇਲਿਆਂ ਕੋਲ਼, ਨੰਗੀ ਤਲਵਾਰ ਮੋਢੇ ਅਤੇ ਪੀਲ਼ਾ ਕਮਰਕਸਾ ਕਰਕੇ ਪਹਿਰਾ ਦੇ ਰਿਹਾ ਹੁੰਦਾ।

ਮੇਰਾ ਬਾਬਾ ਦੋਹਾਂ ਜਲੂਸਾਂ ਵਿਚ ਪੰਜ ਪਿਆਰਿਆਂ ਵਿਚ ਤਾਂ ਸ਼ਾਮਲ ਹੁੰਦਾ ਸੀ ਪਰ ਉਸ ਨੂੰ ਗੁਰਦੁਆਰੇ ਦੇ ਲੰਗਰ ਵਿਚ ਬਣੀ ਪੰਗਤ ਵਿਚ ਬੈਠ ਕੇ ਚਾਹ ਪਾਣੀ ਪੀਣ ਦੀ ਆਗਿਆ ਨਹੀਂ ਸੀ ਹੁੰਦੀ। ਉਹ ਲੰਗਰ ਤੋਂ ਬਾਹਰ ਕੰਧ ਨਾਲ਼ ਢੋਹ ਲਾ ਕੇ ਹੀ ਬੈਠਦਾ ਤੇ ਉਸ ਤੋਂ ਹਟਵੇਂ ਪਿੰਡ ਦੇ ਵਾਜੇ (ਬੈਗ ਪਾਈਪਾਂ) ਵਾਲ਼ੇ ਮਜ਼੍ਹਬੀ ਸਿੱਖ।ਮੈਂ ਇਸ ਸਬੰਧੀ ਇਕ ਲੇਖ ਵੀ ਲਿਖਿਆ ਸੀ-'ਸਾਡਾ ਗਰੀਬਾਂ ਦਾ ਗੁਰੂ ਗ੍ਰੰਥ ਸਾਹਿਬ।' ਅੱਜ ਕੱਲ੍ਹ ਤਾਂ ਗ੍ਰੰਥ ਸਾਹਿਬ ਨੂੰ ਗਰਮੀ ਤੇ ਸਰਦੀ ਵੀ ਲੱਗਣ ਪਈ ਤੇ ਹੁਣ ਹਜ਼ਾਰਾਂ ਰੁਪਿਆਂ ਦੇ ਰੁਮਾਲੇ ਵਿੱਚ ਬਾਣੀ ਨੂੰ ਲਪੇਟ ਕੇ, ਸਿਆਲਾਂ ਵਿੱਚ ਰਜਾਈਆਂ ਤੇ ਹੀਟਰ, ਗਰਮੀਆਂ ਵਿੱਚ ਪੱਖੇ ਤੇ ਏ. ਸੀ. ਦੀ ਠੰਢਕ, ਜੀਵਨ ਤੋਂ ਦੂਰ ਕਰ ਦਿੱਤਾ ਗਿਆ ਹੈ ਗਰੀਬਾਂ ਦੇ ਗੁਰੂ ਗ੍ਰੰਥ ਸਾਹਿਬ ਨੂੰ।ਲੋਕ ਹੁਣ ਇੰਨੇ ਵੱਡੇ ਅਡੰਬਰ ਕਿਉਂ ਕਰਨ ਲੱਗ ਪਏ ਹਨ? ਮੈਨੂੰ ਲੱਗਦਾ ਹੈ ਕਿ ਇਹ ਲੋਕ ਕਾਗਜ਼ਾਂ ਦੀ ਪੂਜਾ ਤਾਂ ਕਰ ਰਹੇ ਹਨ ਪਰ ਗੁਰੂ ਗ੍ਰੰਥ ਸਾਹਿਬ ਦੀ ਪਾਕ ਖੁਸ਼ਬੂ ਨੂੰ ਮਹਿਕ ਵਿਹੂਣੇ ਨਕਲੀ ਫੁੱਲਾਂ ਤੋਂ ਵੀ ਨੀਵੀਂ ਪੱਧਰ 'ਤੇ ਲੈ ਗਏ ਹਨ। ਸਾਡੇ ਪਰਵਾਰ ਦਾ ਦਸਤੂਰ ਸੀ ਕਿ ਗੁਰੂ ਗ੍ਰੰਥ ਸਹਿਬ ਤੋਂ ਬਗੈਰ ਹੋਰ ਕਿਸੇ ਚੀਜ਼ ਨੂੰ ਮੱਥਾ ਨਹੀਂ ਟੇਕਣਾ। ਅੱਜ ਨਿਸ਼ਾਨ ਦੇ ਪਾਈਪ ਦੀ ਮੁੱਠੀ ਚਾਪੀ, ਸੁਖ ਆਸਣ ਵਾਲ਼ੇ ਪਲੰਘ ਦੀਆਂ ਬਾਹੀਆਂ ਪਾਵਿਆਂ ਦੀ ਮੁੱਠੀ ਚਾਪੀ ਹੀ ਸਿੱਖੀ ਦਾ ਚਿੰਨ੍ਹ ਬਣ ਕੇ ਰਹਿ ਗਈ ਹੈ।

ਇਕ ਸਾਲ ਸਾਡੇ ਬੰਦਿਆਂ ਨੇ ਸਰਦਾਰਨੀ ਵਾਲ਼ਾ ਰਥ ਸ਼ਿੰਗਾਰ ਕੇ ਉਸ ਵਿਚ ਪਾਲਕੀ ਸਜਾ ਕੇ ਜਲੂਸ ਕੱਢਿਆ ਤਾਂ ਜੱਟ ਸੰਗਤ ਨੂੰ ਇਹ ਵੰਗਾਰ ਜਾਪੀ। ਅਗਲੇ ਸਾਲ ਦਸਮ ਗੁਰੂ ਦੇ ਗੁਰਪੁਰਬ ਮੌਕੇ ਗੁਰਦੁਆਰੇ ਵਾਲ਼ਿਆਂ ਨੇ ਲਾਰੀ ਲਿਆਂਦੀ।ਬੱਸਾਂ ਅਜੇ ਟਾਵੀਂਆਂ ਟੱਲੀਆਂ ਹੀ ਚੱਲਣ ਲੱਗੀਆਂ ਸਨ।ਜੱਟਾਂ ਨੇ ਗੁਰੂ ਗੋਬਿੰਦ ਸਿੰਘ ਜੀ 'ਤੇ ਕਬਜ਼ਾ ਕੀਤਾ ਹੋਇਆ ਸੀ ਤੇ ਜਿਵੇਂ ਗਰੀਬੜਾ ਜਿਹਾ ਚਮਾਰ ਰਵਿਦਾਸ ਵਿਹੜੇ ਵਾਲ਼ਿਆਂ ਦੇ ਹਿੱਸੇ ਦੀ ਕੋਈ ਨਿਗੂਣੀ ਜਿਹੀ ਸ਼ੈਅ ਹੋਵੇ।ਸਿੱਖੀ ਜਗੀਰੂ ਜੱਟ ਮਾਨਸਿਕਤਾ ਦੇ ਕਬਜ਼ੇ ਵਿੱਚ ਜੋ ਸੀ।ਸਾਡੇ ਲੋਕਾਂ ਨੇ ਗੁਰਦੁਆਰੇ ਵਾਲ਼ਿਆਂ ਨੂੰ ਫਿਰ ਵੰਗਾਰਿਆ।ਰਵਿਦਾਸ ਪੁਰਬ ਦੀਆਂ ਜ਼ੋਰ ਸ਼ੋਰ ਨਾਲ਼ ਤਿਆਰੀਆਂ ਹੋਣ ਲੱਗੀਆਂ।ਫੂਲ ਤੋਂ ਸਾਡਾ ਰਿਸ਼ਤੇਦਾਰ ਜੱਥੇਦਾਰ ਹਰਚੇਤ ਸਿੰਘ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰਕ ਸੀ ਜੋ ਇੱਥੇ ਅਗਵਾਈ ਕਰਦਾ ਸੀ।ਸਾਡਾ ਬਾਬਾ ਚੰਨਣ ਸਿੰਘ ਪਿੰਡ ਦਾ ਵਿਹੜੇ ਵਾਲ਼ਿਆਂ ਦਾ ਆਗੂ ਸੀ।ਪਹਿਲੀ ਵਾਰ ਪਿੰਡ ਵਿਚ ਬੱਸ ਆਈ ਜਿਸ ਉਪਰ ਸਭ ਤੋਂ ਮੂਹਰੇ ਗੁਲਾਬ ਦੇ ਫੁੱਲਾਂ ਦੀਆਂ ਲੜੀਆਂ ਵਿਚ ਸਜੀ ਸੁਨਹਿਰੀ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸਸ਼ੋਭਤ ਸੀ ਤੇ ਪਿੱਛੇ ਕੀਰਤਨੀ ਜੱਥਾ।ਸੀਟਾਂ ਉਪਰ ਵਿਹੜਿਆਂ ਦੇ ਨਿੱਕੇ ਨਿਆਣੇ, ਔਰਤਾਂ ਤੇ ਬਿਰਧ।ਸਾਡੇ ਵਿਹੜੇ ਵਾਲ਼ਿਆਂ

ਦੀ ਕੱਚੀ ਧਰਮਸ਼ਾਲਾ ਨੇ ਜਿਵੇਂ ਪੱਕੀਆਂ ਇੱਟਾਂ ਤੇ ਰੰਗਦਾਰ ਸ਼ੀਸ਼ਿਆਂ ਨੂੰ ਮਾਤ ਦੇ ਦਿੱਤੀ ਸੀ। ਕੱਚੇ ਖੋਲ਼ਿਆਂ ਦੇ ਸਦੀਆਂ ਤੋਂ ਹੁੰਦੇ ਆ ਰਹੇ ਨਿਰਾਦਰ ਕਾਰਨ ਵਿਹੜਿਆਂ ਦੀਆਂ ਕੱਚੀਆਂ ਕੰਧਾਂ ਨੇ ਪੱਕੀਆਂ ਇੱਟਾਂ ਦੇ ਭੈਂਗ ਵੱਲ ਘੂਰ ਕੇ ਵੇਖਿਆ ਸੀ। ਜੱਟ ਸੰਗਤ ਨੇ ਇਸ ਨੂੰ ਹੇਠੀ ਸਵੀਕਾਰ ਕਰਦਿਆਂ ਸਾਡੇ ਲੋਕਾਂ ਨੂੰ ਕਿਹਾ ਸੀ, "ਤੁਹਾਨੂੰ ਸਿੰਘਾਂ ਨੂੰ ਗੁਰੂ ਘਰ ਵਿਚ ਪੂਰਾ ਮਾਣ-ਸਨਮਾਨ ਮਿਲੂਗਾ। ਆਪਾਂ ਇਸ ਤਰ੍ਹਾਂ ਦੀ ਮੁਕਾਬਲੇਬਾਜ਼ੀ ਛੱਡੀਏ।" ਰਵਿਦਾਸ ਨੂੰ ਹਰਾਉਣ ਦਾ ਇਹੋ ਵਧੀਆ ਢੰਗ ਸੀ। ਸਾਡੇ ਬੰਦਿਆਂ ਨੇ ਰਵਿਦਾਸ ਜੀ ਦਾ ਨਗਰ ਕੀਰਤਨ ਕੱਢਣਾ ਬੰਦ ਕਰ ਦਿੱਤਾ। ਸ਼ਾਇਦ ਕੁਝ ਚੰਗਾ ਉਸਾਰੇ ਜਾਣ ਲਈ ਨੀਹਾਂ ਤਿਆਰ ਹੋਣ ਲੱਗੀਆਂ ਸਨ। ਇਕ ਦੂਜੇ ਦੇ ਮੁਕਾਬਲੇ ਚੜ੍ਹਦੇ ਤੋਂ ਚੜ੍ਹਦੇ ਢਾਡੀ ਤੇ ਕਵੀਸ਼ਰੀ ਜਥੇ ਮੰਗਵਾ ਕੇ ਇਕ ਦੂਜੇ ਨੂੰ ਨੀਵਾਂ ਵਿਖਾਉਣ ਦਾ ਵਰੋਲਾ ਲੰਘ ਗਿਆ ਜਾਪਦਾ ਸੀ।

ਫਿਰ ਮੋਰਚਾ ਭਖ ਗਿਆ। ਵੱਟ ਕੱਢ ਦੇਣ ਦੀ ਹੈਂਕੜੀ ਨੀਤੀ ਅਧੀਨ ਪ੍ਰਤਾਪ ਸਿੰਘ ਕੈਰੋਂ ਨੇ ਹਰ ਨੀਲੀ ਪੱਗ ਵਾਲ਼ੇ ਨੂੰ ਫੜ-ਫੜ ਜੇਲ੍ਹੀਂ ਸੁੱਟ ਦੇਣ ਦਾ ਹੁਕਮ ਚਾੜ੍ਹ ਦਿੱਤਾ। ਮੇਰੇ ਤਾਏ ਬਖਤੌਰ ਸਿੰਘ ਨੂੰ ਖੇਤੋਂ ਆਉਂਦੇ ਨੂੰ ਰਾਹ ਵਿਚ ਹੀ ਦਬੋਚ ਲਿਆ ਗਿਆ। ਪਿੰਡ ਦੇ ਵੀਹ ਪੱਚੀ ਬੰਦੇ ਪੁਲਿਸ ਦੇ ਹੱਥ ਲੱਗ ਗਏ ਸਨ। ਕਈਆਂ ਨੇ ਨੀਲੀਆਂ ਉਪਰ ਪਰਨੇ ਲਪੇਟ ਲਏ ਤੇ ਇਧਰ ਉਧਰ ਹੋ ਕੇ ਬਚਾ ਕਰ ਗਏ ਸਨ। ਛੋਟੇ ਬੀਰ ਸਿੰਘ ਦੀ ਮਾਤਾ ਸਮੇਤ ਕੁੱਝ ਔਰਤਾਂ ਵੀ ਗ੍ਰਿਫ਼ਤਾਰ ਹੋਈਆਂ। ਜਦ ਮੇਰਾ ਬਾਈ ਨਛੱਤਰ ਸਿੰਘ ਸਾਡੇ ਤਾਏ ਦੇ ਲੀੜੇ ਕੱਪੜੇ ਦੇਣ ਸੱਥ ਵਿਚ ਗਿਆ ਤਾਂ ਥਾਣੇਦਾਰ ਨੇ ਘੁਮੰਡੀ ਮੁੱਛਾਂ ਫਰਕਾਉਂਦਿਆਂ ਤੇ ਤਿਊੜੀਆਂ ਵਾਲ਼ੇ ਮੱਥੇ ਨੂੰ ਹੋਰ ਤਣਦਿਆਂ ਨਛੱਤਰ ਸਿੰਘ ਨੂੰ ਵੰਗਾਰਿਆ-"ਲਗਦੈ ਤੇਰਾ ਵੀ ਨਾਲ਼ ਜਾਣ ਦਾ ਇਰਾਦਾ ਐ ?"

ਬਾਈ ਨਛੱਤਰ ਸਿੰਘ ਨੇ ਅੱਗੋਂ ਪਟੱਕ ਜਵਾਬ ਦਿਤਾ-"ਤੇਰਾ ਇਰਾਦੈ ਤਾਂ ਲੈ ਚੱਲ।" ਬਾਈ ਦੇ ਤੇੜ ਤਾਂ ਇਕੱਲਾ ਕਛਹਿਰਾ ਹੀ ਸੀ ਮੁੜ੍ਹਕੇ ਨਾਲ ਪੀਲ਼ਾ ਹੋਇਆ ਗਲ਼ ਕਿਰਤੀਆਂ ਵਾਲ਼ਾ ਖੱਦਰ ਦਾ ਮੈਲ਼ਾ ਕੁੜਤਾ ਤੇ ਮੈਲ਼ੀ ਪੱਗ। "ਚੜ੍ਹ ਜਾ ਫੇਰ ਟਰਾਲੀ 'ਚ।" ਥਾਣੇਦਾਰ ਦੇ ਆਖਣ ਦੀ ਦੇਰ ਸੀ ਕਿ ਉਹ ਉਵੇਂ ਹੀ ਛਾਲ਼ ਮਾਰ ਕੇ ਟਰਾਲੀ 'ਚ ਚੜ੍ਹ ਗਿਆ। ਉਸਦੇ ਲੀੜੇ ਕੱਪੜੇ ਬਾਅਦ 'ਚ ਰੋਹਤਕ ਜੇਲ੍ਹ ਵਿੱਚ ਮੈਂ ਫੜਾ ਕੇ ਆਇਆ ਸਾਂ।

ਪੰਜਾਬੀ ਸੂਬੇ ਦਾ ਮੋਰਚਾ ਸਰ ਕਰਨ ਲਈ ਅਕਾਲ ਤਖ਼ਤ ਦੇ ਉਪਰ ਬਣੇ ਅਗਨੀ ਕੁੰਡ ਵਿਚ ਸੰਤ ਫ਼ਤਹਿ ਸਿੰਘ ਨੇ ਆਤਮ ਦਾਹ ਕਰਨ ਦਾ ਨਿਰਨਾ ਲਿਆ ਹੋਇਆ ਸੀ। ਦਿੱਲੀ ਤੋਂ ਹੁਕਮ ਸਿੰਘ ਦੇ ਨਾਲ਼ ਇਕ ਸਾਜ਼ਿਸ਼ੀ ਵਰੋਲਾ ਜਹਾਜ਼ ਚੜ੍ਹ ਕੇ ਆਇਆ ਤੇ ਪੰਜਾਬੀ ਸੂਬੀ ਦਾ ਐਲਾਨ ਕਰਕੇ ਵਾਪਸ ਪਰਤ ਗਿਆ। ਚੰਡੀਗੜ੍ਹ ਤੇ ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਪੰਜਾਬ ਤੋਂ ਬਾਹਰ ਕਰ ਦਿੱਤੇ ਗਏ ਸਨ ਜਿਵੇਂ ਕਿਸੇ ਬੰਦੇ ਦੇ ਕਈ ਅੰਗ ਕੱਟਕੇ ਤੇ ਦਿਲ ਬਾਹਰ ਕੱਢ ਕੇ ਰੱਖ ਦਿੱਤਾ ਗਿਆ ਹੋਵੇ, ਚੰਡੀਗੜ੍ਹ ਕੇਂਦਰ ਸ਼ਾਸਤ ਸ਼ਹਿਰ ਐਲਾਨ ਦਿੱਤਾ ਗਿਆ ਸੀ। ਰਹਿੰਦੀਆਂ ਮੰਗਾਂ ਨੂੰ ਮੰਨਵਾਉਣ ਲਈ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਮਰਨ ਵਰਤ 'ਤੇ ਬੈਠ ਗਿਆ ਸੀ ਤੇ ਜਾਨ ਦੇ ਗਿਆ ਸੀ। ਸੰਤ ਫ਼ਤਹਿ ਸਿੰਘ ਨੂੰ ਬਚਾਉਣ ਦੇ ਤੇ ਜਿਵੇਂ ਸੰਤ ਫ਼ਤਹਿ ਸਿੰਘ ਨੇ ਬਚਣ ਦੇ ਯਤਨ ਕੀਤੇ ਸਨ-ਮੇਰੇ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਉਠ ਖੜ੍ਹੇ ਸਨ। ਮੇਰੇ ਜ਼ਿਹਨ ਤੋਂ ਅਕਾਲੀ ਰਾਜਨੀਤੀ ਦੀ ਰੰਗਤ ਫਿੱਕੀ ਪੈਣ ਲੱਗੀ ਸੀ। ਮੈਂ ਆਪਣੇ ਤਾਏ ਅਤੇ ਬਾਈ ਨਛੱਤਰ ਨਾਲ਼ ਰੋਹਤਕ ਮੁਲਾਕਾਤ ਕਰਨ ਗਿਆ ਸਾਂ ਤਾਂ ਉਥੇ ਵੀ ਮੈਂ ਜੋ ਕੌੜੀ ਕਸੈਲੀ ਚੀਜ਼ ਵੇਖੀ ਕਿ ਸਾਡੇ ਬੰਦਿਆਂ ਦੇ ਇਨ੍ਹਾਂ ਸਿੰਘਾਂ ਨੇ ਵੀ ਭਾਂਡੇ ਅੱਡ ਰੱਖੇ ਹੋਏ ਸਨ। ਮਜ਼੍ਹਬੀ ਸਿੰਘਾਂ ਦੇ ਵੀ ਕੁੱਝ ਬੰਦੇ ਇੱਥੇ ਬੰਦੀ ਸਨ। ਉਨ੍ਹਾਂ ਦੇ ਸੌਣ ਪੈਣ ਦੀ ਜਗਾਹ ਵੀ ਅਲਹਿਦਾ ਸੀ। ਇਸ ਤਰ੍ਹਾਂ ਪੰਜਾਬੀ ਸੂਬੇ ਦੇ ਮੋਰਚੇ ਨੇ ਮੈਨੂੰ ਇਹੋ ਜਿਹੇ ਮਿੱਠੇ ਕੌੜੇ ਅਨੁਭਵ ਦਿੱਤੇ ਸਨ।

(**ਸੰਪਰਕ-**94175-81936)

# ਮੈਂ ਤੇ ਮੇਰੇ ਪੁਰਖੇ / - ਦਰਸ਼ਨ ਸਿੰਘ ਧੀਰ

ਮੇਰਾ ਜਨਮ ਚੱਕ ਚਾਰ ਐਫ ਐਫ, ਤਸੀਲ ਕਰਨਪੁਰ, ਜ਼ਿਲਾ ਗੰਗਾਨਗਰ, ਬੀਕਾਨੇਰ (ਰਾਜਸਥਾਨ) ਵਿਚ ਹੋਇਆ ਹੈ। ਇਹ ਗੰਗ ਨਹਿਰ ਦੇ ਨਿਕਲਣ ਤੇ ਮੇਰੇ ਸਕੂਲ ਪੜ੍ਹਨ ਦੇ ਦਿਨੀਂ ਸਮਾਜਕ, ਆਰਥਕ, ਰਾਜਨੀਤਕ ਤੇ ਵਿਦਿਅਕ ਪੱਖੋਂ ਬੜਾ ਪੱਛੜਿਆ ਹੋਇਆ ਖਿੱਤਾ ਸੀ। ਪੰਜਾਬ ਨਾਲੋਂ ਤਾਂ ਬਹੁਤ ਪਿਛੇ ਸੀ। ਵਿਦਿਆ ਦੀ ਸਥਿਤੀ ਇਹ ਸੀ ਕਿ ਚਹੁੰ-ਚਹੁੰ, ਪੰਜੀਂ-ਪੰਜੀਂ ਕੋਹੀਂ ਕਿਤੇ ਕਿਤੇ ਪ੍ਰਾਇਮਰੀ ਸਕੂਲ ਹੁੰਦਾ ਸੀ। ਦੋਂਹ-ਦੋਂਹ, ਤਿੰਨਾਂ-ਤਿੰਨਾਂ ਕੋਹਾਂ ਤੋਂ ਬੱਚਿਆਂ ਨੂੰ ਤੁਰ ਕੇ ਜਾਂ ਊਠਾਂ-ਘੋੜਿਆਂ ਤੇ ਸਵਾਰ ਹੋ ਕੇ ਪ੍ਰਾਇਮਰੀ ਸਕੂਲ ਆਉਣਾ ਪੈਂਦਾ ਸੀ। ਮੇਰੀ ਕਿਸਮਤ ਚੰਗੀ ਕਹਿਣੀ ਚਾਹੀਦੀ ਕਿ ਮੈਨੂੰ ਚਾਰ ਮੁਰੱਬੇ (ਅੱਧ ਕੁ ਮੀਲ) ਤੁਰ ਕੇ ਜਾਣਾ ਪੈਂਦਾ ਸੀ। ਬਹੁਤੀ ਵਾਰੀ ਨੰਗੇ ਪੈਰੀਂ ਵੀ। ਗਰਮੀ ਦੀ ਰੁੱਤੇ ਭੁੱਬਲ ਵਾਂਗ ਕੱਕਾ ਰੇਤਾ ਉਬਲ ਰਿਹਾ ਹੁੰਦਾ ਤੇ ਬੱਚਿਆਂ ਨੂੰਸਕੂਲੋਂ ਤੁਰ ਕੇ ਘਰੀਂ ਆਉਣਾ ਪੈਂਦਾ ਸੀ। ਜਦ ਪੈਰ ਸੜਨ ਲਗਦੇ,ਅਸੀਂ ਪੈਰਾਂ ਦੁਆਲੇ ਲੀਰਾਂ, ਕਾਗ਼ਜ਼ ਜਾਂ ਕਦੀ ਕਦੀ ਖੰਜੂਰਾਂ ਦੇ ਪੱਤੇ ਬੰਨ੍ਹ ਬੰਨ੍ਹ ਕੇ ਘਰੀਂ ਪਹੁੰਦੇ।

ਚਾਰ ਐਫ ਐਫ ਇਕ ਨਿੱਕਾ ਜਿਹਾ ਪਿੰਡ ਸੀ ਤੇ ਅਜੇ ਵੀ ਇਹ ਓਡਾ ਕੁ ਹੀ ਹੈ। ਪਤਾ ਨਹੀਂ ਇਹਨੂੰ ਕਿਸ ਚੰਦਰੇ ਦਾ ਸਰਾਪ ਪਿਆ ਹੋਇਆ। ਪੰਜ ਘਰ ਜੱਟ-ਸਿੱਖ ਕਿਸਾਨਾਂ ਦੇ ਸਨ ਤੇ ਦੋ-ਢਾਈ ਕਾਮਿਆਂ ਦੀਆਂ ਝੁੱਗੀਆਂ। ਕਦੀ ਕਦੀ ਗਧੀਲੇ ਤੇ ਗੱਡੀਆਂ ਵਾਲੇ ਵੀ ਇਧਰ ਉਧਰ ਦੇ ਪਿੰਡਾਂ 'ਚ ਘੁੰਮਦੇ ਆ ਕੇ ਪਿੰਡ ਦੀ ਅਬਾਦੀ ਵਿਚ ਡੇਰਾ ਲਾ ਲੈਂਦੇ ਸਨ। ਕਿਸਾਨਾਂ ਚੋਂ ਦੋ ਘਰ ਸਾਡੇ ਦੁਆਬੀਆਂ ਦੇ ਸਨ ਤੇ ਤਿੰਨ ਮਝੈਲਾਂ ਦੇ। ਫਿਰ ਅਰਜਨ ਸਿੰਘ ਮਝੈਲ ਨੇ ਦੁਆਬੀਏ ਸੰਗਤ ਸਿੰਘ ਦੇ ਦੋ ਮੁਰੱਬੇ ਹੇਰਾ ਫੇਰੀ ਨਾਲ ਹੜੱਪ ਲਏ ਤੇ ਰੋਂਦਾ-ਕੁਰਲਾਉਂਦੇ ਮਾਪਿਆਂ ਨੂੰ ਧੀ ਆ ਕੇ ਆਪਣੇ ਕੋਲ ਲੈਗਈ, ਜਿਹੜੀ ਲਾਗਲੇ ਪਿੰਡ ਵਿਆਹੀ ਹੋਈ ਸੀ। ਕੁਝ ਸਾਲਾਂ ਬਾਅਦ ਅਰਜਨ ਸਿੰਘ ਸਾਡੇ ਘਰਦਿਆਂ ਨਾਲ ਪੰਗਾ ਪਾ ਕੇ ਆਪ ਵੀ ਉਜੜ ਗਿਆ। ਦੂਜਾ ਘਰ ਕਿਸ਼ਨ ਸਿੰਘ ਮਝੈਲ ਦਾ ਸੀ। ਉਸ ਚਾਰ ਐਫ ਐਫ ਵਾਲੀ ਆਪਣੀ ਜ਼ਮੀਨ ਵੇਚ ਕੇ ਕਿਸੇ ਹੋਰ ਇਲਾਕੇ ਚ ਵਧ ਖਰੀਦ ਕੇ ਉਥੇ ਚਲਾ ਗਿਆ। ਹੁਣ ਦੋ ਸਾਡੇ ਤੇ ਇਕ ਸੋਹਨ ਸਿੰਘ ਮਝੈਲ (ਸੋਹਣੀ) ਦਾ ਘਰ ਰਹਿ ਗਏ ਸਨ। ਅੱਗੇ ਪਰਿਵਾਰ ਵਧ ਕੇ ਪੰਜ ਬਣ ਗਏ ਸਨ।

ਮੈਂ ਜਿਸ ਪ੍ਰਾਇਮਰੀ ਸਕੂਲ, ਬਡੋਪਲ ਪੜ੍ਹਨ ਜਾਂਦਾ ਸੀ, ਉਹ ਸਾਰਾ ਪਿੰਡ ਮਲਵਈਆਂ ਦਾ ਸੀ ਤੇ ਸੀ ਵੀ ਬੜਾ ਵੱਡਾ। ਦੂਜੇ ਸ਼ਬਦਾਂ ਵਿਚ ਮੇਰਾ ਬਚਪਣ ਤੇ ਬਾਲਪਣ ਬਹੁ-ਸਭਿਆਚਾਰ ਸਮਾਜ ਵਿਚ ਗੁਜ਼ਰਿਆ। ਮੈਂ ਇਨ੍ਹਾਂ ਅਰਥਾਂ ਵਿਚ ਇਹਨੂੰ ਬਹੁ-ਸਭਿਆਚਾਰ ਸਮਾਜ ਕਹਿ ਰਿਹਾ ਹਾਂ, ਕਿਉਂਕਿ ਇਹ ਤਿੰਨੇ ਖਿੱਤੇ ਪੰਜਾਬ ਦੇ ਅੰਗ ਹੋਣ ਦੇ ਬਾਵਜੂਦ ਵੀ ਇਨ੍ਹਾਂ ਦਾ ਆਪਣਾ ਲਘੂ-ਸਭਿਅਚਾਰ ਹੈ। ਤਿੰਨ ਇਹ ਸਭਿਆਚਾਰ ਤੇ ਚੌਥਾ ਰਾਜਸਥਾਨ ਦਾ ਮਿਲ ਜਾਂਦਾ ਹੈ।

ਮੇਰਾ ਬਚਪਨ ਮਾਪਿਆਂ ਤੋਂ ਦੂਰ, ਹਾਣੀਆਂ ਤੋਂ ਵਿਰਵਾ ਬੀਤਿਆ। ਪਿੰਡ ਵਿਚ ਮੇਰੇ ਹਾਣਦਾ ਕੋਈ ਮੁੰਡਾ ਨਹੀਂ ਸੀ। ਸਭ ਮੇਰੇ ਨਾਲੋਂ ਬਹੁਤ ਵੱਡੇ ਸਨ ਜਾਂ ਬਹੁਤ ਛੋਟੇ। ਜਦ ਮੈਨੂੰ ਬਾਹਰਲੀ ਦੁਨੀਆਂ ਚੋਂ ਖੇਡਣ ਲਈ ਆਪਣੇ ਹਾਣ ਦੇ ਮੁੰਡੇ ਨਾ ਮਿਲੇਤਾਂ ਮੈਂ ਆਪਣੇ ਅੰਦਰ ਹਾਣ ਦੇ ਮੁੰਡਿਆਂ ਵਾਲਾ ਸੰਸਾਰ ਸਿਰਜ ਲਿਆ। ਮੈਂ ਉਸ ਸੰਸਾਰ ਦੇ ਆਪਣੇ ਹਾਣੀ ਮੁੰਡਿਆਂ ਨਾਲ ਖੇਡਦਾ, ਹੱਸਦਾ, ਲੜਦਾ, ਰੁਸਦਾ, ਮੰਨਦਾ ਤੇ ਉਨ੍ਹਾਂ ਨੂੰ ਮਨਾਉਂਦਾ ਅਤੇ ਉਨ੍ਹਾਂ ਨਾਲ ਫਿਰ ਖੇਡਣ ਲਗ ਪੈਂਦਾ। ਸ਼ਾਇਦ ਇਹੀ ਵਜ੍ਹਾ ਹੋਵੇ ਕਿ ਮੇਰੀਆਂ ਰਚਨਾਵਾਂ ਚ ਮੇਰੇ ਅਚੇਤ ਦਾ ਕਾਫ਼ੀ ਹੱਥ ਰਹਿੰਦੀ ਹੈ।

ਮੇਰੇ ਪੁਰਖਿਆਂ ਦਾ ਜੱਦੀ ਪਿੰਡ ਜੰਡਿਆਲਾ (ਮੰਜਕੀ), ਤਸੀਲ ਫਿਲੌਰ, ਜ਼ਿਲ੍ਹਾ ਜਲੰਧਰ ਹੈ। ਉਂਜ ਮੇਰਾ ਵਿਸ਼ਵਾਸ, ਮਾਨਤਾ ਜਾਂ ਵਿਚਾਰ ਹੈ ਕਿ ਪੂਰਬ, ਪੱਛਮ, ਉੱਤਰ, ਦੱਖਣ, ਨਸਲ, ਰੰਗ, ਕੌਮ, ਜਾਤ, ਧਰਮ ਜਾਂ ਵਿਚਾਰਧਾਰਾ ਦਾ ਮਨੁੱਖ ਦੇ ਪੁਰਖੇ ਹੋਣ ਵਿਚ ਕੋਈ ਬੰਧਨ ਨਹੀਂ ਹੁੰਦਾ ਤੇ ਨਾ ਹੋਣਾ ਚਾਹੀਦਾ। ਉਨ੍ਹਾਂ ਦੀ ਹਰ ਪ੍ਰਾਪਤੀ ਅਪ੍ਰਾਪਤੀ ਉਹਦਾ ਵਿਰਸਾ ਹਾਸਲ ਹੈ। ਮੇਰਾ ਇਹ ਵੀ ਖਿਆਲ ਹੈ ਕਿ ਮੇਰੇ ਪਿਤਾ ਜੀ ਦੇ ਪੈਰ-ਚੱਕਰ ਸੀ। ਸ਼ਾਇਦ ਹਰ ਮਨੁੱਖ ਦੀ ਇਹੀ ਹੋਣੀ ਹੁੰਦੀ ਹੈ। ਉਹ ਜੰਮਦਾ ਕਿਤੇ, ਪਲਦਾ ਕਿਤੇ ਤੇ ਰਹਿੰਦਾ ਕਿਤੇ ਹੈ। ਇਸ ਗੱਲ ਨੂੰ ਹੀ ਸ਼ਾਇਦ ਸਿਆਣੇ ਕਹਿੰਦੇ ਹਨ- ਦਾਣਾ-ਪਾਣੀ ਚੁੱਕ ਲਿਆਵੇ, ਕੌਣ ਕਿਸੇ ਦੇ ਆਵੇ। ਦੂਜੇ ਸ਼ਬਦਾਂ ਚ ਬਹੁਤੇ ਦਾਣੇ-ਪਾਣੀ ਦੀ ਖਿੱਚ ਉਹਨੂੰ ਇਧਰ ਉਧਰ ਲਈ ਫਿਰਦੀ ਹੈ। ਓਦਾਂ ਇਹ ਪੈਰ-ਚੱਕਰ ਦੀ ਕਰਾਮਾਤ ਹੀ ਹੈ ਜਿਸ ਸਦਕਾ ਮਨੁੱਖ ਗਾਰਾਂ ਦੇ ਜੀਵਨ ਵਿਚੋਂ ਨਿਕਲ ਕੇ ਆਧੁਨਿਕ ਜ਼ਿੰਦਗੀ ਤਕ ਪਹੁੰਚਿਆ ਹੈ। ਜੇ ਇਹ ਚੱਕਰ ਮਨੁੱਖ ਦੀ ਪ੍ਰਕਿਰਤੀ ਵਿਚ ਨਾ ਹੁੰਦਾ ਤਾਂ ਅਸੀਂ ਸ਼ਾਇਦ ਅੱਜ ਵੀ ਗਾਰਾਂ ਚ ਜੀਵਨ ਬਤੀਤ ਕਰ ਰਹੇ ਹੁੰਦੇ।

ਪਿਤਾ ਜੀ ਨੇ ਪਹਿਲਾਂ ਜੰਡਿਆਲੇ ਤੋਂ ਬੀਕਾਨੇਰ 'ਚ ਜ਼ਮੀਨ ਖਰੀਦੀ। ਉਹ ਕਈ ਵਰ੍ਹੇ ਬਾਕੀ ਪਰਿਵਾਰ ਨਾਲ ਇਥੇ ਕੰਮ ਕਰਦੇ ਰਹੇ। ਜਦ ਇਹ ਧਰਤੀ ਵਾਹੁਣ-ਬੀਜਣ ਦੇ ਯੋਗ ਹੋ ਗਈ ਤਾਂਉਨ੍ਹਾਂ ਨੇ ਸਿੰਧ ਜਾ ਕੇ ਮੁਰੱਬੇ ਖਰੀਦੇ। ਜਦ ਭਾਰਤ ਦੀ ਚੰਦਰੀ ਵੰਡ ਹੋਈ ਤਾਂ ਹੋਰਨਾਂ ਵਾਂਗ ਸਭ ਕੁਝ ਛੱਡ ਕੇ ਕੇਵਲ ਤਨ ਦੇ ਕਪੜੇ ਲੈ ਕੇ ਫਿਰ ਚਾਰ ਐਫ ਐਫ ਵਿਚ ਆ ਗਏ। ਇਹਦੇ ਨੇੜੇ ਪੈਂਦੇ ਪਿੰਡ ਤੇਰਾਂ ਐਫ ਐਫ ਵਿਚ ਸਿੰਧ ਵਾਲੀ ਧਰਤੀ ਦੀ ਕੱਚੀ ਅਲਾਟਮੈਂਟ ਕਰਵਾ ਲਈ, ਜਿਸ ਵਿਚੋਂ ਉਨ੍ਹਾਂ ਵਾਂਗ ਹੀ ਮੁਸਲਮਾਨ ਕਹੇ ਜਾਣ ਵਾਲੇ ਮਨੁੱਖ ਆਪਣਾ ਸਭ ਕੁਝ ਇਥੇ ਛੱਡ ਛੁਡਾ ਕੇ ਤੇ ਤਨ ਦੇ ਕਪੜੇ ਲੈ ਕੇ ਪਾਕਿਸਤਾਨ ਕਹੇ ਜਾਣ ਵਾਲੇ ਇਲਾਕੇ ਨੂੰ ਜਾਣ ਲਈ ਮਜਬੂਰ ਹੋ ਗਏ ਸਨ। ਉਹ 1950 ਤਕ ਸਾਡੇ ਨਾਲ ਚਾਰ ਐਫ ਐਫ ਵਿਚ ਰਹੇ। ਫਿਰ ਰਾਜਸਥਾਨ ਸਰਕਾਰ ਨੇ ਕਾਨੂੰਨ ਬਣਾ ਦਿੱਤਾ ਕਿ ਜਿਨ੍ਹਾਂ ਸ਼ਰਨਾਰਥੀਆਂ ਦੀ ਰਾਜਸਥਾਨ ਵਿਚ ਪਹਿਲਾਂ ਜੱਦੀ ਜਾਇਦਾਦ ਹੈ ਉਨ੍ਹਾਂ ਨੂੰ ਪਾਕਿਸਤਾਨ ਵਾਲੀ ਜ਼ਮੀਨ ਪੱਕੀ ਨਹੀਂ ਕੀਤੀ ਜਾਵੇਗੀ। ਕਿਉਂਕਿ ਮੁਸਲਮਾਨ ਓਨੀ ਧਰਤੀ ਰਾਜਸਥਾਨ ਵਿਚ ਛੱਡ ਕੇ ਨਹੀਂ ਗਏ ਜਿੰਨੀ ਹਿੰਦੂ-ਸਿੱਖ ਪਾਕਿਸਤਾਨ ਵਿਚ ਛੱਡ ਕੇ ਇਥੇ ਆਏ ਸਨ। ਉਸ ਕਾਨੂੰਨ ਦੇ ਤਹਿਤ ਉਨ੍ਹਾਂ ਨੂੰ ਮੁੜ ਰਾਜਸਥਾਨ ਛੱਡ ਕੇ ਪੰਜਾਬ ਆਉਣਾਪਿਆ ਤੇ ਪਾਕਿਸਤਾਨ ਵਾਲੀ ਧਰਤੀ ਕੰਗ ਅਰਾਈਆਂ, ਤਸੀਲ ਫਿਲੌਰ, ਜ਼ਿਲਾ ਜਲੰਧਰ ਵਿਚ ਦੌੜ-ਭਜ ਕਰਕੇ ਪੁਆਉਣੀ ਪਈ ਜਿਥੇ ਅਸੀਂ ਹੁਣ ਰਹਿ ਰਹੇ ਹਾਂ। ਇਹ ਪੈਰ-ਚੱਕਰ ਸ਼ਾਇਦ ਇਸੇ ਤਰ੍ਹਾਂ ਹੀ ਚਲਦਾ ਰਹਿਣਾ ਹੈ ਜਦ ਤਕ ਦੁਨੀਆਂ ਆਬਾਦ ਹੈ।

ਜਦ ਪੰਜਾਬ ਦੇ ਕਿਸਾਨਾਂ ਨੂੰ ਇਸ ਗੱਲ ਦੀ ਕੰਨਸੋਅ ਮਿਲੀ ਕਿ ਬੀਕਾਨੇਰ ਚ ਨਹਿਰ ਨਿਕਲਰਹੀ ਸੀ ਤੇ ਉਥੇ ਮੁਰੱਬੇ ਕਾਫ਼ੀ ਸਸਤੇ ਭਾ ਵਿਕ ਰਹੇ ਸਨ ਤਾਂ ਉਹ ਆਪਣੀਆਂ ਜੱਦੀ ਜ਼ਮੀਨਾਂ ਸ਼ਾਹੂਕਾਰਾਂ ਕੋਲ ਗਹਿਣੇ/ ਬੈਅ ਕਰ ਕਰ ਇਥੇ ਆ ਕੇ ਮੁਰੱਬੇ ਖਰੀਦਣ ਲਗ ਪਏ। ਉਨ੍ਹਾਂ ਕਿਸਾਨਾਂ ਵਿਚੋਂ ਹੀ ਮੇਰੇ ਪਿਤਾ ਜੀ ਵੀ ਇਕ ਸਨ। ਉਨ੍ਹਾਂ ਜੰਡਿਆਲਿਓਂ ਆਪਣੀ ਤੇ ਆਪਣੇ ਛੋਟੇ ਭਰਾਵਾਂ ਦੀ ਜ਼ਮੀਨ ਗਹਿਣੇ ਕੀਤੀ ਤੇ ਚਾਰ ਐਫ ਐਫ ਵਿਚ ਦੋ ਮੁਰੱਬੇ ਖਰੀਦ ਲਏ। ਜਿੱਦਾਂ ਉਪਰ ਵੀ ਸੰਕੇਤ ਕੀਤਾ ਗਿਆ ਹੈ ਕਿ ਉਹ ਕੁਝ ਵਰ੍ਹੇ ਪਰਿਵਾਰ ਤੇ ਭਰਾਵਾਂ ਨਾਲ ਉਨ੍ਹਾਂ ਮੁਰੱਬਿਆਂ ਨੂੰ ਆਪਣੇ ਲਹੂ ਦਾ ਪਸੀਨਾ ਬਣਾ ਬਣਾ ਤੇ ਗੰਗਾ ਨਹਿਰ ਦਾ ਪਾਣੀ ਦੇ ਦੇ ਅਬਾਦ ਕਰਦੇ ਰਹੇ ਸਨ।(ਗੰਗ ਨਹਿਰ ਦੇ ਪਾਣੀ ਤੇ ਪੰਜਾਬੀ ਕਿਸਾਨਾਂ ਦੇ ਲਹੂ-ਪਸੀਨੇ ਦੀ ਕਿਰਤ ਦੀ ਬਰਕਤ ਸਦਕਾ ਇਸ ਖਿੱਤੇ ਨੂੰ ਭਾਗ ਲਗੇ ਸਨ। ਪਹਿਲਾਂ ਤਾਂ ਇਥੇ ਰਾਤ ਦਿਨ ਰੇਤੇ ਦਾ ਸਮੁੰਦਰ ਲਹਿਰਾਉਂਦਾ, ਕਾਲੀਆਂ-ਬੋਲੀਆਂ ਹਨੇਰੀਆਂ ਝੁਲਦੀਆਂ ਤੇ ਦਿਨੇ ਕਾਂ ਤੇ ਰਾਤ ਨੂੰ ਗਿੱਦੜ ਮਿਆਂਕਦੇ ਰਹਿੰਦੀ ਸਨ ਜਾਂ ਉਨ੍ਹਾਂ ਦੀ ਇਥੋਂ ਦੇ ਵਾਸੀਆਂ ਤੇ ਡਿਕਟੇਟਰਸ਼ਿਪ ਚਲਦੀ ਰਹਿੰਦੀ ਕਿਹਾ ਜਾ ਸਕਦਾ ਹੈ।

ਪੰਜਾਬੀ ਕਿਸਾਨਾਂ ਨੇ ਆਪਣੀ ਜਾਨ-ਤੋੜ ਮਿਹਨਤ ਤੇ ਗੰਗ ਨਹਿਰ ਦੇ ਪਾਣੀ ਨਾਲ ਉਹਦੀ ਤਾਨਾਸ਼ਾਹੀ ਨੂੰ ਨੱਥ ਪਾਈ ਸੀ।ਅਕਸਰ ਗੰਗ ਨਹਿਰ ਦਾ ਪਾਣੀ ਵੀ ਰੰਗਲੇ ਪੰਜਾਬ ਦਾ ਹੀ ਸੀ ਤੇ ਉਹਦੀ ਤਸੀਰ ਵੀ ਤਾਂ ਪੰਜਾਬੀਆਂ ਵਾਲੀ ਹੀ ਹੋਣੀ ਸੀ।)ਜਦ ਚਾਰ ਐਫ ਐਫ ਵਾਲੇ ਮੁਰੱਬੇ ਖੇਤੀਬਾੜੀ ਦੇ ਕਾਬਲ ਹੋ ਗਏ ਜਾਂ ਸ਼ਿਕਾਰ ਮਰ ਗਿਆ ਤਾਂ ਉਹ ਉਨ੍ਹਾਂ ਨੂੰ ਸੋਧਣ-ਸੁਆਰਨ ਲਈ ਆਪਣੇ ਦੋਹਾਂ ਵੱਡਿਆਂ ਪੁੱਤਾਂ ਤੇ ਛੋਟਿਆਂ ਭਰਾਵਾਂ ਲਈ ਛੱਡ ਕੇ ਆਪ ਨਵੇਂ ਸ਼ਿਕਾਰ ਦੀ ਭਾਲ 'ਚ ਸਿੰਧ ਨੂੰ ਤੁਰ ਗਏ। ਜਿਵੇਂ ਉਨ੍ਹਾਂ ਦਾ ਕੰਮ ਸ਼ਿਕਾਰ ਮਾਰਨਾ ਹੀ ਹੋਵੇ ਤੇ ਬਾਕੀ ਟੱਬਰ ਦਾ ਸੋਧਣ-ਸੁਆਰਨ ਦਾ।

ਸਿੰਧ ਵਿਚ ਜਾ ਕੇ ਜ਼ਿਲ੍ਹਾ ਨਵਾਬ ਸ਼ਾਹ ਵਿਚ ਤਿੰਨ ਮੁਰੱਬੇ ਖਰੀਦੇ ਤੇ ਉਨ੍ਹਾਂ ਨੂੰ ਕਾਮੇਂ ਰਖ ਕੇ ਖੇਤੀਬਾੜੀ ਕਰਨ ਦੇ ਯੋਗ ਬਣਾਉਂਦੇ ਰਹੇ।ਜਦ ਉਹ ਜ਼ਮੀਨ ਕੁਝ ਠੀਕ ਠਾਕ ਹੋ ਗਈ ਤਾਂ ਆ ਕੇ ਮੇਰੀ ਮਾਂ ਤੇ ਮੇਰੇ ਦੋਂਹ ਭਰਾਵਾਂ ਲੈ ਕੇ ਵਾਪਸ ਚਲੇ ਗਏ। ਮੈਂ ਓਦੋਂ ਮਸੀਂ ਪੰਜਾਂ-ਛੇਆਂ ਵਰ੍ਹਿਆਂ ਦਾ ਸੀ ਜਦ ਉਹਮੈਨੂੰ ਸੁੱਤੇ ਪਏ ਨੂੰ ਇਕ ਰਾਤ ਵੱਡੀ ਭੈਣ, ਭਰਾਵਾਂ ਤੇ ਚਾਚਿਆਂ ਕੋਲ ਛੱਡ ਕੇ ਚਲੇ ਗਏ ਸਨ। ਅਸਲ ਵਿਚ ਮੇਰੀ ਵੱਡੀ ਭੈਣ ਮੈਨੂੰ ਪੜ੍ਹਾਉਣ ਲਈ ਬਜ਼ਿੱਦ ਸੀ ਤੇ ਜਿਥੇ ਪਿਤਾ ਜੀ ਨੇ ਜ਼ਮੀਨ ਖਰੀਦੀ ਸੀ ਉਹਦੇ ਲਾਗੇ ਛਾਗੇ ਕੋਈ ਸਕੂਲ ਨਹੀਂ ਸੀ। ਅੰਤ ਇਸ ਸਮੱਸਿਆ ਦਾ ਉਨ੍ਹਾਂ ਨੇ ਇਹੀ ਹੱਲ ਠੀਕ ਸਮਝਿਆ ਕਿ ਮੈਨੂੰ ਆਪਣੀ ਜੇਠੀ ਧੀ ਕੋਲ ਛੱਡ ਦਿੱਤਾ ਜਾਵੇ। ਇੰਜ ਮੇਰਾ ਬਚਪਨ ਤੇ ਬਾਲਪਨ ਆਪਣੀ ਵੱਡੀ ਭੈਣ, ਭਰਾਵਾਂ ਤੇ ਚਾਚਿਆਂ ਦੇ ਪਰਿਵਾਰਾਂ ਵਿਚ ਬੀਤਿਆ ਸੀ।

ਭੈਣ ਜੀ ਨੂੰ ਬਾਤਾਂ ਬਹੁਤ ਆਉਂਦੀਆਂ ਸਨ। ਇਸ ਗੱਲ ਦਾ ਮੈਨੂੰ ਕੋਈ ਪਤਾ ਨਹੀਂ ਕਿ ਉਨ੍ਹਾਂ ਨੂੰ ਐਨੀਆਂ ਬਾਤਾਂ ਆਉਂਦੀਆਂ ਸਨ ਜਾਂ ਆਪੇ ਘੜ-ਬਣਾ ਲੈਂਦੇ ਸਨ। ਉਹ ਹਰ ਰਾਤ ਨੂੰ ਸੌਣ ਤੋਂ ਪਹਿਲਾਂ ਮੈਨੂੰ ਨਵੀਂ ਬਾਤ ਸੁਣਾਉਂਦੇ ਸਨ ਜਿਸ ਨਾਲ ਸ਼ਾਇਦ ਅਚੇਤ ਮੇਰੇ ਅੰਦਰ ਕਹਾਣੀ ਕਹਿਣ ਦੀ ਤਕਨੀਕ ਪਨਪਦੀ ਰਹੀ ਹੋਵੇ ਜਿਹੜੀ ਬਾਅਦ ਵਿਚ ਕਹਾਣੀ ਲਿਖਣ ਦੇ ਮੇਰੇ ਕੰਮ ਆਈ ਹੋਵੇ।

ਮੇਰੇ ਪਿਤਾ ਜੀ ਸਨ ਤਾਂ ਅਣਪੜ੍ਹ ਹੀ, ਪਰ ਉਨ੍ਹਾਂ ਨੂੰ ਲੋਕ-ਬੋਧ ਦੀ ਬੜੀ ਸੂਝ ਸੀ। ਇਹਦੇ ਨਾਲ ਹੀ ਉਹ ਹੱਕ ਹਲਾਲ ਦੀ ਕਮਾਈ ਖਾਣ ਵਿਚ ਵਿਸ਼ਵਾਸ ਰਖਣ ਵਾਲੇਇਨਸਾਨ ਸਨ। ਉਹ ਧਰਮੀ ਤੇ ਨਿੱਤ ਨੇਮੀ ਪੁਰਖ ਸਨ, ਪਰ ਕੱਟੜ ਬਿਲਕੁਲ ਨਹੀਂ ਸਨ। ਉਹ ਹਰ ਰੋਜ਼ ਸਵੇਰੇ ਉਠ ਕੇ ਠੰਢੇ ਪਾਣੀ ਨਾਲ ਇਸ਼ਨਾਨ ਕਰਨ ਮਗਰੋਂ ਪਾਠ ਕਰਦੇ।ਉਸ ਪਿਛੋਂ ਕੁਝ ਖਾਂਦੇ ਸਨ।ਉਹ ਨਾ ਝੂਠ ਬੋਲਦੇ ਤੇ ਨਾ ਕਿਸੇ ਦਾ ਬੁਰਾ ਚਿਤਵਦੇ ਸਨ। ਬੁਰਾ ਕਰਨਾ ਤਾਂ ਬੜੀ ਦੂਰ ਦੀ ਗੱਲ ਸੀ। ਉਹ ਕਿਸੇ ਦੇ ਧਨ-ਜਾਇਦਾਦ ਤੇ ਵੀ ਨਜ਼ਰ ਨਹੀਂ ਸਨ ਰਖਦੇ। ਮੇਰੇ ਪੜਦਾਦੇ ਹੁਰੀਂ ਦੋ ਭਰਾ ਸਨ। ਛੋਟਾ ਪਿੰਡ ਖੇਤੀ ਦਾ ਕੰਮ ਕਰਦਾ ਸੀ ਤੇ ਵੱਡਾ ਆਸਟਰੇਲੀਆ ਗਿਆ ਹੋਇਆ ਸੀ। ਉਹ ਵੀਹ ਸਾਲ ਉਥੇ ਕੰਮ ਕਰਕੇ ਤੇ ਵੀਹ-ਪੰਜੀ ਹਜ਼ਾਰ ਰੁਪਇਆ ਕਮਾ ਕੇ ਵਾਪਸ ਆਇਆ ਸੀ। ਇਹ ਰਕਮ ਉਸ ਜ਼ਮਾਨੇ ਬੜੀ ਵੱਡੀ ਰਕਮ ਸੀ। ਉਨ੍ਹਾਂ ਦੇ ਇਕ ਮੁੰਡਾ ਗੁਰਦਾਸ ਤੇ ਇਕ ਧੀ ਨੰਜੋ ਹੀ ਸਨ। ਗੁਰਦਾਸ ਕਿਸੇ ਬਿਮਾਰੀ ਨਾਲ ਛੋਟੀ ਉਮਰ ਚ ਹੀ ਪਰਿਵਾਰ ਨਾਲੋਂ ਸਦਾ ਲਈ ਵਿਛੜ ਗਿਆ ਸੀ। ਕੁਝ ਚਿਰ ਮਗਰੋਂ ਉਹਦਾ ਪੁੱਤ ਵੀ ਇਕ ਦਿਨ ਅੱਖਾਂ ਮੀਟ ਗਿਆ ਸੀ। ਕੁਝ ਚਿਰ ਮਗਰੋਂ ਮੇਰਾ ਸਕਾ ਪੜਦਾਦਾ ਵੀ ਉਮਰ ਭੋਗ ਕੇ ਅੱਖਾਂ ਮੀਟ ਗਿਆ। ਹੁਣ ਉਹਦੇ ਕੋਲ ਸਿਰਫ਼ ਆਪਣੀ ਧੀ ਤੇ ਨੋਂਹ ਹੀ ਸਨ ਜਾਂ ਫਿਰ ਛੋਟੇ ਭਰਾ ਦੇ ਪੁੱਤ ਨਾਨਕ ਸਿੰਘ ਦੇ ਪੁੱਤ ਸਨ। ਭਾਵ, ਮੇਰੇ ਭਾਈਆ ਜੀ ਹੁਰੀਂ ਚਾਰੇ ਭਰਾ ਮੇਰੀ ਦਾਦੀ ਉਹਦੇ ਆਪਣੇ ਕਹੇ ਜਾਣ ਵਾਲੇ ਸਨ। ਫਿਰ ਮੇਰਾ ਬਾਬਾ ਨਾਨਕ ਸਿੰਘ ਵੀ ਉਮਰ ਭੋਗ ਕੇ ਪੂਰਾ ਹੋ ਗਿਆ। ਹੁਣ ਮੇਰੇ ਭਾਇਆ ਜੀ ਘਰ ਦੇ ਮੁਖਤਾਰ ਸਨ। ਇਕ ਤਰ੍ਹਾਂ ਦੋਹਾਂ ਘਰਾਂ ਦੇ ਕਹਿਣੇ ਚਾਹੀਦੇ ਸਨ। ਜਦ ਉਨ੍ਹਾਂ ਦੇ ਬਾਬੇ ਨੂੰ ਪਤਾ ਲਗਾ ਕਿ ਉਹ ਬੀਕਾਨੇਰ ਨੂੰ ਜ਼ਮੀਨ ਖਰੀਦਣ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਉਸ ਪਿਤਾ ਜੀ ਨੂੰ ਸੱਦਿਆ ਤੇ ਕੋਲ ਬਿਠਾ ਕੇ

ਪੁੱਛਿਆ, "ਮਹਿੰਗਿਆ, ਮੈਨੂੰ ਪਤਾ ਲਗਾ ਕਿ ਤੂੰ ਬੀਕਾਨੇਰ ਭੋਂਹ ਖਰੀਦਣ ਦੀ ਤਿਆਰੀ ਕਰ ਰਿਆਂ। ਕੀ ਇਹ ਗੱਲ ਠੀਕ ਆ?"

"ਆਹੋ ਬਾਬਾ।"

"ਤੁਸੀਂ ਬਾਂਗੜ ਚ ਧੱਕੇ ਖਾਣ ਕਾਹਤੇ ਜਾਣੈ? ਬੀਹ ਘੁਮਾ ਤੁਆਡੀ ਆਪਣੀ ਆ ਤੇ ਬੀਹ ਇਹ ਬੀ ਤੁਆਡੀ ਈਆ। ਚਾਲੀ ਘੁਮਾ ਭੋਂਹ ਆਂ ਤੁਆਡੇ ਕੋਲ ਤੇ ਟਿੰਗਾਂ ਆਂ ਤੁਸੀਂ ਚਾਰ? ਜੇ ਬਾਹਲਾ ਬੱਡਾ ਟੱਬਰ ਹੁੰਦਾ ਤਾਂ ਬੀ ਬੰਦਾ ਤਰਲਾ ਮਾਰਦਾ ਚੰਗਾ ਲਗਦਾ?"

"ਹਜੇ ਤਾਂ ਠੀਕ ਬੱਡਾ ਨਈਂ ,ਕਲ੍ਹ ਨੂੰ ਬੱਡਾ ਬੀ ਹੋਣਾ ਈਆ ਬਾਬਾ। ਸਾਡੀ ਤਾਂ ਬੀਹ ਘੁਮਾ ਈਆ। ਚੌਆਂ ਭਰਾਵਾਂ ਨੂੰ ਪੰਜ ਪੰਜ ਘੁਮਾ ਈ ਔਣੀ ਤੇ ਅਗੇ ਜੀਆਂ ਨੇ ਬਧਣਾ ਬੀਆ। ਰਹੀ ਗੱਲ ਤੁਆਡੇ ਆਲੇ ਬੀਹਾਂ ਦੀ। ਜੀਂਦੀ ਬਸਦੀ ਰਹੇ ਸਾਡੀ ਭੈਣ ਉਨ੍ਹਾਂ ਨੂੰ ਸਾਂਭਣ ਆਲੀ। ਰੱਬ ਉਹਦੀ ਲੰਮੀ ਉਮਰ ਕਰੇ।"

ਬਾਬੇ ਗਹਿਣੇ ਨੇ ਉਨ੍ਹਾਂ ਨੂੰ ਬਥੇਰਾ ਰੋਕਿਆ, ਪਰ ਉਹ ਆਪਣੀ ਧੁਨ ਦੇ ਪੱਕੇ ਸਨ। ਉਹ ਕਿਸੇ ਤਰ੍ਹਾਂ ਵੀ ਨਾ ਰੁਕੇ।

ਚਾਰ ਐਫ ਐਫ ਪਿੰਡ ਵਿਚ ਕੁਝ ਸਰਕਾਰੀ ਮੁਰੱਬੇ ਸਨ ਜਿਨ੍ਹਾਂ ਨੂੰ ਹਰ ਵਰ੍ਹੇ ਕਰਨਪੁਰ ਦਾ ਤਸੀਲਦਾਰ ਠੇਕੇ ਤੇ ਚੜ੍ਹਾਉਂਦਾ ਹੁੰਦਾ ਸੀ। ਉਹ ਬੋਲੀ ਤੇ ਟੁਟਦੇ ਸਨ। ਇਕ ਵਾਰੀ ਜਦ ਪਿਤਾ ਜੀ ਸਾਨੂੰ ਮਿਲਣ ਆਏ ਤਾਂ ਉਨ੍ਹਾਂ ਮੁਰੱਬਿਆਂ ਦੀ ਬੋਲੀ ਹੋਣ ਵਾਲੀ ਸੀ। ਬੋਲੀ ਦਾ ਦਿਨ ਆਇਆ। ਉਹ ਵੀ ਹੋਰ ਲੋਕਾਂ ਨਾਲ ਬੋਲੀ ਦੇਖਣ ਕਰਨਪੁਰ ਨੂੰ ਚਲੇ ਗਏ। ਸਾਡੀ ਜ਼ਮੀਨ ਨਾਲ ਵੀ ਦੋ ਮੁਰੱਬੇ ਠੇਕੇ ਤੇ ਚੜ੍ਹਨੇ ਸਨ। ਉਹ ਉਨ੍ਹਾਂ ਦੀ ਬੋਲੀ ਦੇਣ ਲਗ ਪਏ। ਬਡੋਪਲ ਦਾ ਇਕ ਬੰਦਾ ਵੀ ਉਹ ਮੁਰੱਬੇ ਲੈਣੇ ਚਾਹੁੰਦਾ ਸੀ। ਦੋਵੇਂ ਜ਼ਿਦੋ ਜ਼ਿਦੀ ਬੋਲੀ ਦੇਈ ਗਏ। ਅਖੀਰ ਪਿਤਾ ਜੀ ਨੇ ਕਾਫ਼ੀ ਵੱਡੀ ਬੋਲੀ ਦੇ ਕੇ ਮੁਰੱਬੇ ਸਾਲ ਲਈ ਠੇਕੇ ਤੇ ਲੈ ਲਏ। ਉਹ ਕੁਝ ਚਿਰ ਸਾਡੇ ਕੋਲ ਰਹੇ ਤੇ ਫਿਰ ਸਿੰਧ ਨੂੰ ਵਾਪਸ ਚਲੇ ਗਏ।

ਰਾਜਸਥਨ ਹਿੰਦੀ ਭਾਸ਼ਾਈ ਖਿੱਤਾ ਹੈ। ਇਸ ਕਰਕੇ ਵਿਦਿਆ-ਪ੍ਰਾਪਤੀ ਦਾ ਮਾਧਿਅਮ ਹਿੰਦੀ ਭਾਸ਼ਾ ਹੋਣੀ ਹੀ ਸੀ। ਸਾਡੀ ਪੰਜਾਬੀ ਬੱਚਿਆਂ ਦੀ ਉਥੇ ਬੜੀ ਅਨੋਖ ਸਥਿਤੀ ਸੀ। ਐਨ ਓਦਾਂ ਦੀ ਹੀ ਕਹੀ ਜਾ ਸਕਦੀ ਹੈ ਜਿੱਦਾਂ ਦੀ ਸਾਡੇ ਬੱਚਿਆਂ ਦੀ ਇੰਗਲੈਂਡ ਵਿਚ ਹੈ। ਅਸੀਂ ਘਰਾਂ ਚ ਪੰਜਾਬੀ ਬੋਲਦੇ, ਪਿੰਡ ਦੇ ਲੋਕਾਂ ਨਾਲ ਪੰਜਾਬੀ ਵਿਚ ਗੱਲਾਂ ਕਰਦੇ, ਪੰਜਾਬੀ ਖੇਡਾਂ ਖੇਲ੍ਹਦੇ, ਅਰਥਾਤ ਹਰ ਗੱਲ ਉਸੇ ਤਰ੍ਹਾਂ ਕਰਦੇ ਜਿੱਦਾਂ ਪੰਜਾਬ ਵਿਚ ਪੰਜਾਬੀ ਬੱਚੇ ਕਰਦੇ ਹਨ। ਪਰ ਜਦ ਸਕੂਲ ਜਾਂਦੇ ਤਾਂ ਸਾਡੀ ਜ਼ਿੰਦਗੀ ਇਕਦਮ ਬਦਲ ਜਾਂਦੀ। ਅਸੀਂ ਸਕੂਲ ਚ ਵੀ ਆਪਸ ਵਿਚ ਪੰਜਾਬੀ ਬੋਲਦੇ, ਪੰਜਾਬੀ ਖੇਡਾਂ ਖੇਡਦੇ। ਜਦ ਕਦੀ ਅਸੀਂ ਲੜ ਪੈਂਦੇ ਤਾਂ ਘਰੋੜ ਘਰੋੜ ਕੇ ਇਕ ਦੂਜੇ ਨੂੰ ਪੰਜਾਬੀ ਦੀਆਂ ਠੇਠ ਗ਼ਾਲਾਂ ਕਢਦੇ। ਪਰ ਜਦ ਆਪਣੇ ਅਧਿਆਪਕਾਂ ਕੋਲੋਂ ਕੁਝ ਪੁੱਛਣਾ ਜਾਂ ਦਸਣਾ ਹੁੰਦਾ ਤਾਂ ਸਾਨੂੰ ਪੰਜਾਬੀ-ਹਿੰਦੀ ਖਿੱਚੜੀ ਵਿਚ ਗੱਲ ਕਰਨੀ ਪੈਂਦੀ ਸੀ। ਅਸੀਂ ਹਿੰਦੀ ਚੰਗੀ ਤਰ੍ਹਾਂ ਨਹੀਂ ਸੀ ਬੋਲ ਸਕਦੇ ਤੇ ਉਹ ਪੰਜਾਬੀ।

ਮੈਂ ਅਜੇ ਪੰਜਵੀਂ ਸ਼੍ਰੇਣੀ ਵਿਚ ਹੀ ਪੜ੍ਹਦਾ ਸੀ ਕਿ ਮੇਰਾ ਵੱਡਾ ਚਾਚਾ ਪੰਜਾਬ ਗਿਆ ਤੇ ਜੰਡਿਆਲਿਓਂ ਇਕ ਕਾਮਾ ਟੱਬਰ ਕੰਮ ਕਰਾਉਣ ਲਈ ਲੈ ਆਇਆ। ਉਸ ਪਰਿਵਾਰ ਦੇ ਮੁੱਖੀ ਦਾ ਨਾਂ ਤਾਂ ਹੁਣ ਮੈਨੂੰ ਯਾਦ ਨਹੀਂ। ਉਹਨੂੰ ਰਹਾਓ ਵਿਚ ਕਿੱਸੇ ਪੜ੍ਹਨ ਦਾ ਬੜਾ ਸ਼ੌਕ ਸੀ। ਉਹਦੀ ਅਵਾਜ਼ ਵੀ ਬੜੀ ਮਿੱਠੀ ਸੀ। ਗਰਮੀਆਂ ਵਿਚ ਜਦ ਸਾਡੇ ਪਰਿਵਾਰ ਦੇ ਜੀਅ ਖੇਤੀ ਦਾ ਕੰਮ ਛੱਡ ਕੇ ਘਰ ਰੋਟੀ ਖਾਣ ਤੇ ਦੁਪਹਿਰਾ ਕੱਟਣ ਆਉਂਦੇ ਤਾਂ ਉਹ ਵੀ ਨਾਲ ਹੀ ਆ ਜਾਂਦਾ। ਜਦ ਸਭ ਦੁਪਹਿਰਾ ਕੱਟਣ ਤੇ ਅਰਾਮ ਕਰਨ ਲਈ ਬਾਹਰਲੇ ਵਿਹੜੇ ਵਿਚ ਲਾਈਆਂ ਤੇ ਹੁਣ ਭਰਪੂਰ ਹੋਈਆਂ ਕਿੱਕਰਾਂ ਦੀ ਘਣ-ਛਾਵੇਂ ਮੰਜੇ ਡਾਹ ਕੇ ਪੈ ਜਾਂਦੇ ਤਾਂ ਉਹ ਆਪਣੀ ਕੋਠੜੀ ਚੋਂ ਹੀਰ ਵਾਰਿਸ ਸ਼ਾਹ, ਸੋਹਣੀ-ਮਹੀਵਾਲ, ਜ਼ਿੰਦਗੀ ਬਿਲਾਸ ਆਦਿ

ਕਿੱਸਿਆਂ ਚੋਂ ਕੋਈ ਕਿੱਸਾ ਚੁੱਕ ਲਿਆਉਂਦਾ ਤੇ ਮੰਜੇ ਤੇ ਪੈ ਕੇ ਰਹਾਓ ਨਾਲ ਪੜ੍ਹਨ ਲਗ ਪੈਂਦਾ। ਗਰਮੀ ਦਾ ਮੌਸਮ ਹੋਣ ਕਰਕੇ ਮੈਨੂੰ ਵੀ ਇਕ ਵਜੇ ਛੁੱਟੀ ਹੋ ਜਾਂਦੀ ਸੀ। ਮੈਂ ਸਕੂਲੋਂ ਆਉਂਦਾ, ਰੋਟੀ ਖਾਂਦਾ ਤੇ ਉਨ੍ਹਾਂ ਕੋਲ ਜਾ ਕੇ ਕਿਸੇ ਮੰਜੇ ਤੇ ਬੈਠ ਕੇ ਸੁਣਨ ਲਗ ਪੈਂਦਾ। ਸਭ ਦੀਆਂਅੱਖਾਂ ਉਹਦੇ ਚਿਹਰੇ ਤੇ ਲਗੀਆਂ ਹੁੰਦੀਆਂ ਤੇ ਹਰੇਕ ਇਕਾਗਰ ਹੋਇਆ ਸੁਣ ਰਿਹਾ ਹੁੰਦਾ। ਦੇਖ ਦੇਖ ਮੇਰਾ ਦਿਲ ਵੀ ਕਰਦਾ ਕਿ ਮੈਂ ਵੀ ਉਹਦੇ ਵਾਂਗ ਕਿੱਸੇ ਪੜ੍ਹਿਆ ਕਰਾਂ ਤੇ ਲੋਕ ਉਹਦੇ ਵਾਂਗ ਮੇਰੇ ਮੂੰਹ ਵਲ ਵੀ ਦੇਖਿਆ ਕਰਨ ਤੇ ਦਾਦ ਦਿਆ ਕਰਨ। ਪਰ ਉਹ ਕਿੱਸੇ ਪੰਜਾਬੀ ਵਿਚ ਸਨ ਤੇ ਪੰਜਾਬੀ ਮੈਨੂੰ ਆਉਂਦੀ ਨਹੀਂ ਸੀ। ਮੈਂ ਉਹ ਕਿੱਦਾਂ ਪੜ੍ਹ ਸਕਦਾ ਸੀ।ਜੇ ਮੈਨੂੰ ਪੰਜਾਬੀ ਆਉਂਦੀ ਤਦੇ ਪੜ੍ਹ ਸਕਦਾ ਸੀ। ਇਕ ਦਿਨ ਮੈਂ ਉਹਨੂੰ ਬੇਨਤੀ ਕੀਤੀ, "ਚਾਚਾ ਜੀ, ਕੀ ਤੁਸੀਂ ਮੈਨੂੰਪੰਜਾਬੀ ਸਿਖਾ ਸਕਦੇ ਆਂ?"

"ਕਾਕਾ, ਮੈਂ ਪੰਜਾਬੀ ਪੜ੍ਹ ਸਕਦਾਂ, ਪੜ੍ਹਾ ਨਹੀਂ ਸਕਦਾਂ," ਉਸ ਮੁਸਕਰਾ ਕੇ ਬੜੇ ਪਿਆਰ ਨਾਲ ਕਿਹਾ।

ਮੈਂ ਕਈ ਦਿਨ ਸੋਚਦਾ ਰਿਹਾ ਕਿ ਕਿਹਦੇ ਕੋਲੋਂ ਪੰਜਾਬੀ ਪੜ੍ਹਨੀ ਸਿੱਖਾਂ। ਸਾਡੇ ਘਰ ਵਿਚੋਂ ਸਿਰਫ਼ ਭਾਈਆ ਜੀ ਹੀ ਪੰਜਾਬੀ ਜਾਣਦੇ ਸਨ ਤੇ ਉਹ ਉਸ ਵੇਲੇ ਸਿੰਧ ਵਿਚ ਸਨ। ਅੰਤ ਮੈਂ ਅਰਜਨ ਸਿੰਘ ਕੋਲੋਂ ਪੰਜਾਬੀ ਸਿੱਖਣ ਦਾ ਮਨ ਬਣਾ ਲਿਆ। ਉਹਦੀ ਅਵਾਜ਼ ਸਾਡੇ ਕਾਮੇ ਜਿੰਨੀ ਸੁਰੀਲੀ ਤਾਂ ਨਹੀਂ ਸੀ, ਪਰ ਮਾੜੀ ਵੀ ਨਹੀਂ ਸੀ। ਉਹ ਵੀ ਕਦੀ ਕਦੀ ਦੁਪਹਿਰ ਨੂੰ ਜਦ ਦਿਲ ਕਰਦਾ ਤਾਂ ਆਪਣੇ ਦਰਵਾਜ਼ੇ ਚ ਮੰਜੇ ਤੇ ਪੈ ਕੇ ਕਿੱਸੇ ਪੜ੍ਹਦਾ ਹੁੰਦਾ ਸੀ। ਪਿੰਡ ਦੇ ਲੋਕ ਤੇ ਨਿਆਣੇ ਉਹਦੇ ਆਲੇ ਦੁਆਲੇ ਮੰਜਿਆਂ 'ਤੇ ਬੈਠੇ ਸੁਣਦੇ ਹੁੰਦੇ ਸਨ। ਇਕ ਐਤਵਾਰ ਸਵੇਰੇ ਮੈਂ ਪੰਜਾਬੀ ਸਿੱਖਣ ਦੇ ਮਨੋਰਥ ਨਾਲ ਉਨ੍ਹਾਂ ਦੇ ਘਰ ਚਲਾ ਗਿਆ। ਉਹ ਆਪਣੇ ਦਰਵਾਜ਼ੇ ਵਿਚ ਬੈਠਾ ਰੱਸੀ ਵੱਟ ਰਿਹਾ ਸੀ। ਮੈਂ ਸੰਗਦਿਆਂ ਸੰਗਦਿਆਂ ਉਹਨੂੰ ਬੁਲਾਏ ਬਿਨਾਂ ਕੋਲ ਜਾ ਖਲੋਤਾ। ਜਦ ਉਸ ਮੈਨੂੰ ਖੜਾ ਦੇਖਿਆ ਤਾਂ ਪੁੱਛਿਆ, "ਕਿੰਜ ਆਇਆਂ, ਦਰਸ਼ਨ? ਕੋਈ ਕੰਮ ਜੇ?"

"ਤਾਇਆ ਜੀ, ਕੀ ਤੁਸੀਂ ਮੈਨੂੰ ਪੰਜਾਬੀ ਪੜ੍ਹਨੀ ਸਿਖਾ ਸਕਦੇ ਆਂ?" ਮੈਂ ਝਿਜਕ ਜਿਹੀ ਨਾਲ ਪੁੱਛਿਆ।

"ਤੂੰ ਕੀ ਕਰਨੀ ਜੇ, ਪੰਜਾਬੀ ਪੜ੍ਹ ਕੇ?" ਉਸ ਮੇਰੇ ਚਿਹਰੇ ਵਲ ਹੋਰ ਹੀ ਤਰ੍ਹਾਂ ਦੇਖਿਆ, ਪੁੱਛਿਆ

"ਮੈਂ ਵੀ ਕਿੱਸੇ ਪੜ੍ਹਿਆ ਕਰਨੇ, ਤਾਇਆ ਜੀ!" ਮੇਰਾ ਉਤਸ਼ਾਹ ਬੋਲਿਆ।

ਉਸ ਮੇਰੇ ਚਿਹਰੇ ਵਲ ਗਹੁ ਨਾਲ ਦੇਖਿਆ। ਮੇਰੇ ਚਿਹਰੇ ਤੇ ਉਤਸ਼ਾਹ ਅੰਗੜਾਈਆਂ ਲੈਂਦਾ ਦੇਖ ਕੇ ਉਸ ਵਿਅੰਗ ਨਾਲ ਮੁਸਕਰਾ ਕੇ ਕਿਹਾ, "ਚੰਗਾ, ਜਾਹ ਫੇਰ ਬਾਹਰੋਂ ਰੇਤੇ ਦਾ ਬੁੱਕ ਭਰ ਲਿਆ।"

ਮੈਂ ਆਪਣੀ ਵੱਡੀ ਭੈਣ ਕੋਲੋਂ ਅਚੇਤ ਹੀ ਕਹਾਣੀ ਕਹਿਣ ਦੀ ਤਕਨੀਕ ਸਿੱਖੀ ਸੀ, ਆਪਣੇ ਕਾਮੇ ਜਿਸ ਕੋਲੋਂ ਮੈਨੂੰ ਪੰਜਾਬੀ ਪੜ੍ਹਨ ਦੀ ਲਗਨ ਲੱਗੀ ਤੇ ਤਾਏ ਅਰਜਨ ਸਿੰਘ ਦਾ ਦਿਲੋਂ ਅਹਿਸਾਨਮੰਦ ਹਾਂ ਜਿਸ ਮੈਨੂੰ ਪੰਜਾਬੀ ਸਿੱਖਾਈ ਸੀ। ਇਨ੍ਹਾਂ ਤਿੰਨਾਂ ਮਹਾਨ ਸ਼ਖ਼ਸੀਅਤਾਂ ਦੀ ਜਦ ਵੀ ਯਾਦ ਆਉਂਦੀ ਹੈ ਤਾਂ ਮੇਰਾ ਸਿਰ ਆਪਣੇ ਆਪ ਉਨ੍ਹਾਂ ਦੇ ਅਹਿਸਾਨ ਅਗੇ ਝੁਕ ਜਾਂਦਾ ਹੈ।

ਆਪਣੇ ਪਿਤਾ ਜੀ ਦਾ ਜਿਨ੍ਹਾਂ ਮੂੰਹੋਂ ਇਕ ਸ਼ਬਦ ਵੀ ਕਹੇ ਬਿਨਾਂ ਆਪਣੇ ਅਮਲ ਨਾਲ ਸੱਚ ਤੇ ਪਹਿਰਾ ਦੇਣ, ਜੀ ਤੋੜ ਮਿਹਨਤ ਕਰਨ, ਕਿਸੇ ਦਾ ਨਾ ਬੁਰਾ ਸੋਚਣ, ਨਾ ਕਰਨ, ਅਣਖ ਤੇ ਮੜਕ ਨਾਲ ਧੌਣ ਅਕੜਾ ਕੇ ਜੀਣ,ਨਾ ਕਿਸੇ ਅਗੇ ਹੱਥ ਅੱਡਣ, ਨਾ ਕਿਸੇ ਦਾ ਹੱਕ ਮਾਰਨ ਤੇ ਨਾ ਆਪਣਾ ਛੱਡਣਾ ਵਰਗੇ ਅਨੇਕਾਂ ਗੁਣ ਮੇਰੀ ਝੋਲੀ ਵਿਚ ਪਾਏ ਸਨ। (**ਸੰਪਰਕ ਯੂ. ਕੇ.-01902-659956**)

# ਪੁਰਖਿਆਂ ਦੀਆਂ ਕੁਰਬਾਨੀਆਂ / - ਸਿਰੀ ਰਾਮ ਅਰਸ਼

ਦੇਸ਼ ਦੇ ਗ਼ਰੀਬ ਅਤੇ ਤ੍ਰਿਸਕਾਰੇ ਵਰਗਾਂ ਦੇ ਵਿਅਕਤੀਆਂ ਵਾਂਗ, ਮੇਰੇ ਪੁਰਖੇ ਵੀ ਅਨਪੜ੍ਹ ਅਤੇ ਨਿਰਧਨ ਸਨ। ਜਿਹੜੇ ਸਮਾਜਿਕ ਵਰਤਾਰਿਆਂ ਦੇ ਬੰਧਨਾਂ, ਧਾਰਮਕ ਅਡੰਬਰਾਂ ਅਤੇ ਘਿਨਾਉਣੀਆਂ ਕੁਰੀਤੀਆਂ ਦੀਆਂ ਹਨੇਰੀਆਂ ਦੇ ਝੰਬੇ ਹੋਏ ਸਨ ।ਮਗਰ ਉਹ ਹਿੰਮਤ ਅਤੇ ਸੂਝ ਦਾ ਲੜ ਫੜ ਕੇ ਸਬਰ ਸੰਤੋਖ ਦੇ ਆਸਰੇ ਆਪਣਾ ਜੀਵਨ ਬਸਰ ਕਰ ਰਹੇ ਸਨ। ਉਹਨਾਂ ਦੇ ਢਾਰੇ ਨਵੀਂ ਉਸਾਰੀ ਜਾ ਰਹੀ ਇੰਜਨ ਸ਼ੈਡ ਦੇ ਨਕਸ਼ੇ ਵਿੱਚ ਆ ਗਏ ਸਨ ਇਸ ਕਾਰਨ ਉਹਨਾਂ ਪੰਜ ਪਰਿਵਾਰਾਂ ਨੂੰ ਉਸ ਵੇਲੇ ਦੇ ਸ਼ਹਿਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਦੇ ਨਾਂ ਉੱਪਰ ਉਸਾਰੇ ਜਾ ਰਹੇ ਨਵੇਂ ਮੁਹੱਲੇ ਵਿੱਚ ਪਲਾਟ ਅਲਾਟ ਕਰ ਦਿੱਤੇ ਗਏ ਸਨ।ਇਸ ਉਜਾੜੇ ਦੇ ਜ਼ਖ਼ਮਾਂ ਦੀ ਪੀੜ ਨੂੰ ਆਪਣੇ ਸਰੀਰਾਂ. ਉੱਪਰ ਬਰਦਾਸ਼ਤ ਕਰਦੇ ਹੋਏ ਮੇਰੇ ਪੁਰਖਿਆਂ ਨੇ ਨਵੀਂ ਥਾਂ ਆ ਕੇ ਪੱਕੀਆਂ ਅਤੇ ਕੱਚੀਆਂ ਇੱਟਾਂ ਨਾਲ ਨਵੇਂ ਘਰ ਉਸਾਰ ਲਏ ਸਨ।ਪੰਜ ਪਰਿਵਾਰਾਂ ਨੇ ਮਿਲ ਕੇ ਇੱਕ ਸਾਂਝਾ ਖੂਹ ਵੀ ਲਗਵਾ ਲਿਆ ਸੀ। ਉਸ ਨਵੇਂ ਮੁਹੱਲੇ ਵਿੱਚ ਗੰਦੇ ਪਾਣੀ ਦੇ ਨਿਕਾਸ ਲਈ ਪੱਕੀਆਂ ਨਾਲੀਆਂ ਅਤੇ ਨਾਲਾ ਬਣਿਆ ਹੋਇਆ ਸੀ।ਸੜਕ ਅਤੇ ਬੀਹੀਆਂ ਪੱਕੇ ਰੋੜਾਂ ਅਤੇ ਪੱਕੀਆਂ ਇੱਟਾਂ ਨਾਲ ਬਣਾਈਆਂ ਗਈਆਂ ਸਨ।ਮੇਰੇ ਵੱਡ-ਵਡੇਰੀ ਉਸ ਨਿਵੇਕਲੇ ਪਰ ਸ਼ੁੱਧ ਵਾਤਾਵਰਨ ਵਿੱਚ ਪਹੁੰਚ ਕੇ ਖ਼ੁਸ਼ ਸਨ ਅਤੇ ਆਪਣੇ ਪਿਤਾ ਪੁਰਖੀ ਕਿੱਤੇ ਵਿੱਚ ਰੁੱਝ ਗਏ ਸਨ ਜਿਹੜਾ ਕਿਸਮਤ ਵੱਲੋਂ ਨਹੀਂ ਬਲਕਿ ਸ਼ਕਤੀਸ਼ਾਲੀ ਸਮਾਜ ਵੱਲੋਂ ਉਹਨਾਂ ਦੇ ਮੱਥਿਆਂ ਉੱਪਰ ਖੁਣ ਦਿੱਤਾ ਗਿਆ ਸੀ। ਮੇਰੇ ਪੁਰਖਿਆਂ ਦੇ ਕਮਜ਼ੋਰ ਮੋਢਿਆਂ ਉੱਪਰੋਂ ਮੁਸੀਬਤਾਂ ਦੇ ਪਹਾੜਾਂ ਦਾ ਬੋਝ ਘਟਾਉਣ ਵਾਸਤੇ, ਤਕਦੀਰ ਨੇ ਇੱਕੋ ਕੰਮ ਉਹਨਾਂ ਦੇ ਹੱਕ ਦਾ ਕੀਤਾ ਸੀ ਜਿਹੜਾ ਉਹਨਾਂ ਨੂੰ ਸ਼ਹਿਰ ਦੇ ਵਸਨੀਕ ਬਣਾਉਣ ਉਪਰੰਤ ਸ਼ਹਿਰ ਦੀ ਨਵੀਂ ਵਸੋਂ ਵਿੱਚ ਢਾਰਾ ਵੀ ਪ੍ਰਦਾਨ ਕਰ ਦਿੱਤਾ ਸੀ।

ਨਵੇਂ ਮੁਹੱਲੇ ਵੈਕਫੀਲਡ ਗੰਜ ਵਸਣ ਵਾਲੇ ਦਲਿਤ ਪਰਿਵਾਰਾਂ ਵਿੱਚੋਂ ਇੱਕ ਪਰਿਵਾਰ, ਸਵਰਨ ਲੋਕਾਂ ਦੀਆਂ ਨਫਰਤ ਭਰੀਆਂ ਤੱਕਣੀਆਂ ਅਤੇ ਛੂਆ-ਛੂਤ ਭਰੇ ਵਤੀਰੇ ਤੋਂ ਤੰਗ ਆ ਕੇ ਕਲਮਾਂ ਪੜ੍ਹਣ ਵਲ ਨੂੰ ਰੁਚਿਤ ਹੋ ਗਿਆ ਸੀ।ਵਗਦੀ ਹਵਾ ਨਾਲੋਂ ਵੀ ਤੇਜ਼ ਰਫ਼ਤਾਰ ਨਾਲ ਇਹ ਖ਼ਬਰ ਜਿਉ ਹੀ ਧਰਮ ਦੇ ਮਠਾਧੀਸ਼ਾਂ ਪਾਸ ਪਹੁੰਚੀ ਤਿਉਂ ਹੀ ਉਹ ਆਪਣੇ ਮੰਤਰਾਂ ਦਾ ਭੰਡਾਰ ਅਤੇ ਭਰਿਸ਼ਟ ਹੋ ਚੁੱਕੇ ਪਰਿਵਾਰ ਦੇ ਜੀਆਂ ਦੇ ਸ਼ੁੱਧੀ ਕਰਨ ਵਾਸਤੇ ਗੰਗਾ-ਜਲ ਦੀਆਂ ਗਾਗਰਾਂ ਲੈ ਕੇ ਪਹੁੰਚ ਗਏ ਸਨ।

ਮੇਰਾ ਪਿਤਾ ਇਹ ਕਹਿੰਦਾ ਹੁੰਦਾ ਸੀ ਕਿ ਉਹਨਾਂ ਮਠਾਧੀਸ਼ਾਂ ਦੇ ਆਉਣ ਦਾ ਫਾਇਦਾ ਉਸ ਨੂੰ ਸਭ ਤੋਂ ਵਧੇਰੇ ਹੋਇਆ ਸੀ।ਕਿਉਂ ਜੋ ਉਹਨਾਂ ਧਰਮ-ਦੇਵਤਾਵਾਂ ਨੇ ਅਗਲੇ ਦਿਨ ਤੋਂ ਉਹਨਾਂ ਅਨਪੜ੍ਹ ਪਰਿਵਾਰਾਂ ਦੇ ਵਡੇਰੀ ਉਮਰ ਦੇ ਵਿਅਕਤੀਆਂ ਨੂੰ ਹਿੰਦੀ ਵਰਨਮਾਲਾ ਪੜ੍ਹਾਉਣ ਵਾਸਤੇ ਇੱਕ ਅਧਿਆਪਕ ਭੇਜਣਾ ਸ਼ੁਰੂ ਕਰ ਦਿੱਤਾ ਸੀ।ਉਹ ਅਧਿਆਪਕ ਹਿੰਦੀ ਦੇ ਕਾਇਦਿਆਂ ਦੇ ਨਾਲ ਨਾਲ ਕਾਪੀਆਂ ਅਤੇ ਪੈਂਸਲਾਂ ਵੀ ਲੈ ਕੇ ਆਇਆ ਸੀ।ਪਹਿਲੇ ਦਿਨ ਦੀ ਕਲਾਸ ਅੱਠ ਵਿਦਿਆਰਥੀਆਂ ਨਾਲ ਸ਼ੁਰੂ ਹੋਈ ਸੀ ਪਰ ਦੋ ਮਹੀਨੇ ਤਿਨ ਮਹੀਨੇ ਬਾਅਦ ਇੱਕ ਅੱਧ ਵਿਦਿਆਰਥੀ ਘਟਣ ਲੱਗ ਗਿਆ ਸੀ।ਇੰਞ ਘਟਦੇ ਘਟਦੇ ਸੱਤ - ਅੱਠ ਮਹੀਨਿਆਂ ਵਿੱਚ ਕੇਵਲ ਪੰਜ ਵਿਦਿਆਰਥੀ ਹੀ ਰਹਿ ਗਏ ਸਨ।ਉਹਨਾਂ ਵਿੱਚੋਂ ਇੱਕ ਮੇਰੇ ਪਿਤਾ ਜੀ ਸਨ ਅਤੇ ਦੂਸਰੇ ਤਿੰਨ ਵਿਦਿਆਰਥੀ ਉਹ ਸਨ ਜਿਹੜੇ ਮੇਰੇ ਪਿਤਾ ਜੀ ਨੂੰ ਠਾਕਰਾ ਕਹਿ ਕੇ ਬੁਲਾਉਂਦੇ ਸਨ ਅਤੇ ਇੱਕ ਉਹ ਵੀ ਸੀ ਜਿਹੜਾ ਚਾਚਾ ਕਹਿ ਕੇ ਬਲਾਉਂਦਾ ਹੁੰਦਾ ਸੀ।ਪਰ ਇਹ ਗੱਲ ਵਰਨਣਯੋਗ ਹੈ ਕਿ ਮੇਰੇ ਪਿਤਾ ਜੀ ਅਤੇ ਉਹਨਾਂ ਦੇ ਨਾਲ ਅੱਖਰ ਗਿਆਨ ਪ੍ਰਾਪਤ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੇ ਪਹਿਲੀ ਵਾਰ ਹਿੰਦੀ ਦੀ ਵਰਨਮਾਲਾ ਨੂੰ ਹੱਥ ਲਗਾਇਆ ਸੀ ਜਦਕਿ ਉਹਨਾਂ ਦੇ

ਵੱਡ-ਵਡੇਰੇ ਤਾਂ ਅਜਿਹੀ ਭਾਗਾਂ ਵਾਲੀ ਘੜੀ ਨੂੰ ਤਰਸਦੇ ਹੋਏ ਇਸ ਸੰਸਾਰ ਤੋਂ ਕੂਚ ਕਰ ਗਏ ਸਨ। ਸਗੋਂ ਉਹਨਾਂ ਨਿਆਸਰੇ ਅਨਪੜ੍ਹ ਲੋਕਾਂ ਦੇ ਪੁਰਖਿਆਂ ਨੂੰ ਤਾਂ ਉਸ ਅੰਧਕਾਰ ਨਾਲ ਭਰੇ ਕਾਲੇ ਜੁਗ ਵਿੱਚ ਹਿੰਦੀ ਭਾਸ਼ਾ ਦੀ ਮਾਂ ਸੰਸਕ੍ਰਿਤ, ਜਿਹਨੂੰ ਉਸ ਵੇਲੇ ਦੇ ਵਿਦਵਾਨ ਦੇਵ-ਭਾਸ਼ਾ ਆਖਦੇ ਹੁੰਦੇ ਸਨ, ਨੂੰ ਸੁਣਨ, ਪੜ੍ਹਨ ਅਤੇ ਬੋਲਣ ਉੱਪਰ ਵੀ ਬਹੁਤ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਅੱਜ ਉਹਨਾਂ ਅਨਪੜ੍ਹ ਪੁਰਖਿਆਂ ਦੀ ਸੰਤਾਨ, ਬਿਨਾ ਕਿਸੇ ਖ਼ੌਫ਼ ਦੇ ਕਾਪੀਆਂ ਉੱਪਰ ਸੰਸਕ੍ਰਿਤ ਭਾਸ਼ਾ ਵਿੱਚੋਂ ਜਨਮੀ , ਹਿੰਦੀ ਭਾਸ਼ਾ ਦੀ ਮੁਹਾਰਨੀ ਲਿਖਣੀ ਸਿੱਖ ਰਹੇ ਸਨ ਅਤੇ ਉਹਨਾਂ ਨੂੰ ਅਜਿਹਾ ਸਿਖਾਉਣ ਅਤੇ ਪੜ੍ਹਾਉਣ ਦੀ ਸਿਖਿਆ ਪ੍ਰਦਾਨ ਕਰ ਰਿਹਾ ਸੀ ਸ਼ਹਿਰ ਦੇ ਪਤਵੰਤੇ ਗੱਦੀਧਾਰੀਆਂ ਵੱਲੋਂ ਭੇਜਿਆ ਗਿਆ ਇੱਕ ਅਧਿਆਪਕ। ਸਾਰੇ ਵਿਦਿਆਰਥੀ ਖੁਸ਼ ਸਨ ਕਿ ਉਹ ਭਾਰਤੀ ਸ਼ਕਤੀਸ਼ਾਲੀ ਸਮਾਜ ਦੇ ਕਿਸੇ ਆਦੇਸ਼ ਦੀ ਉਲੰਘਣਾ ਨਹੀਂ ਕਰ ਰਹੇ ਸਨ। ਸਗੋਂ ਧਰਮ ਦੇ ਉੱਚੇ ਪ੍ਰਧਾਨਾਂ ਦੇ ਹੁਕਮ ਅਧੀਨ ਗਿਆਨ ਦੀ ਅਦੁੱਤੀ ਅਤੇ ਵਿਲੱਖਣ ਰੋਸ਼ਨੀ ਅੰਗੀਕਾਰ ਕਰ ਰਹੇ ਸਨ।

ਵਿਦੇਸ਼ੀ ਗੋਰਿਆਂ ਦੀ ਹਕੂਮਤ ਦੇ ਧਰਮ ਨਾਲ ਜੁੜੇ ਪਰਚਾਰਕ ਵੀ ਅੰਗਰੇਜ਼ੀ ਭਾਸ਼ਾ ਦੇ ਕਾਇਦੇ ਲੈ ਕੇ ਉਹਨਾਂ ਦੇ ਘਰਾਂ ਦੇ ਚੱਕਰ ਲਗਾਉਣ ਲੱਗ ਗਏ ਸਨ। ਵੱਡੀ ਉਮਰ ਵਿੱਚ ਬਣੇ ਨਵੇਂ ਨਵੇਂ ਵਿਦਿਆਰਥੀਆਂ ਨੇ ਅੰਗਰੇਜ਼ੀ ਹਕੂਮਤ ਵੱਲੋਂ ਭੇਜੇ ਉਹਨਾਂ ਪ੍ਰਚਾਰਕਾਂ ਨੂੰ ਇਹ ਗੱਲ ਕਹਿ ਦਿੱਤੀ ਸੀ ਕਿ ਉਹ ਹਿੰਦੀ ਸਿੱਖਣ ਤੋਂ ਬਾਅਦ ਗੁਰਮੁਖੀ ਸਿੱਖਣਗੇ ਅਤੇ ਫਿਰ ਤੁਹਾਡੀ ਅੰਗ੍ਰੇਜ਼ੀ ਭਾਸ਼ਾ ਸਿੱਖਣ ਬਾਰੇ ਸੋਚਣਗੇ। ਉਹਨਾਂ ਨੂੰ ਇਹ ਲਾਲਚ ਵੀ ਦਿੱਤਾ ਗਿਆ ਸੀ ਕਿ ਜੇਕਰ ਉਹ ਅੰਗ੍ਰੇਜ਼ੀ ਸਿੱਖ ਲੈਣਗੇ ਤਦੋਂ ਉਹਨਾਂ ਨੂੰ ਸਰਕਾਰ ਕੋਈ ਨੌਕਰੀ ਦੇ ਦੇਵੇਗੀ ਜਦਕਿ ਗੁਰਮੁਖੀ ਜਾਂ ਹਿੰਦੀ ਪੜ੍ਹਣ ਦਾ ਉਹਨਾਂ ਨੂੰ ਕੋਈ ਲਾਭ ਨਹੀਂ ਹੋਣਾ। ਉਹਨਾਂ ਦਿਨਾਂ ਵਿੱਚ ਬਾਬੂ ਮੰਗੂ ਰਾਮ ਮੁਘੋਵਾਲੀਆ ਦੇ ਆਦਿ ਧਰਮ ਮੰਡਲ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਦਾ ਇੱਕ ਜ਼ਿਕਰਯੋਗ ਅਸਰ ਇਹ ਹੋਇਆ ਸੀ ਕਿ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਦੇ ਘਰ ਘਰ ਵਿੱਚ ਗੁਰੂ ਰਵਿਦਾਸ ਜੀ ਦੀ ਪ੍ਰਤਿਮਾ ਪਹੁੰਚ ਗਈ ਸੀ। ਸਾਰੇ ਵਿਦਿਆਰਥੀਆਂ ਨੇ ਸਿਰ ਜੋੜ ਕੇ ਇਹ ਮਤਾ ਪਾਸ ਕੀਤਾ ਕਿ ਉਹ ਅੰਗ੍ਰੇਜ਼ੀ ਨਹੀਂ ਸਿੱਖਣਗੇ ਅਤੇ ਗੁਰੂ ਰਵਿਦਾਸ ਜੀ ਦੇ ਪਾਵਨ ਚਰਨਾਂ ਨਾਲ ਹੀ ਜੁੜੇ ਰਹਿਣਗੇ। ਹੋ ਸਕਦਾ ਹੈ ਕਿ ਉਹਨਾਂ ਸਭ ਨੇ ਅਜਿਹਾ ਦਲੇਰੀ ਭਰਿਆ ਫੈਸਲਾ ਗੁਰੂ ਰਵਿਦਾਸ ਜੀ ਦੇ ਪਵਿੱਤਰ ਸਰੂਪ ਦੀ ਓਟ ਲੈ ਕੇ ਲੈ ਲਿਆ ਹੋਵੇ।

ਮੇਰੇ ਪਿਤਾ ਜਿਸ ਨੀਝ ਨਾਲ ਅੱਖਰਾਂ ਦਾ ਗਿਆਨ ਹਾਸਲ ਕਰ ਰਿਹਾ ਸੀ ਉਸ ਦਾ ਉਸ ਦੀ ਔਲਾਦ ਨੂੰ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਉਸ ਨੇ ਆਪਣੇ ਪਲੇਠੇ ਪੁੱਤਰ ਨੂੰ ਖ਼ਲੀਫ਼ਾ ਜੀ ਦੇ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ ਸੀ। ਕੈਸਾ ਵਿਲੱਖਣ ਸੁਮੇਲ ਸੀ ਪਿਤਾ ਹਿੰਦੀ ਪੜ੍ਹ ਰਿਹਾ ਸੀ ਅਤੇ ਬੇਟਾ ਸਰਕਾਰੀ ਸਕੂਲ ਵਿੱਚ ਉਰਦੂ ਦੀ ਪੜ੍ਹਾਈ ਕਰ ਰਿਹਾ ਸੀ। ਆਪਣੀ ਪੀੜ੍ਹੀ ਦੇ ਪਹਿਲੇ ਭਾਗਸ਼ਾਲੀ ਵਿਅਕਤੀਆਂ ਵਿੱਚੋਂ ਉਹ ਇੱਕ ਸੀ ਜਿਹਨਾਂ ਨੇ ਭੈਅ ਮੁਕਤ ਹੋ ਕੇ ਵਿਦਿਆ ਹਾਸਲ ਕਰਨੀ ਸ਼ੁਰੂ ਕੀਤੀ ਸੀ ਅਤੇ ਦੂਸਰੀ ਪੀੜ੍ਹੀ ਨੂੰ ਜਗਦੀਆਂ ਜੋਤਾਂ ਵਾਲੇ ਨੂਰੀ ਰਾਹ ਉੱਪਰ ਤੋਰਨ ਦੇ ਯਤਨ ਕੀਤੇ ਸਨ। ਗਿਆਨ ਪ੍ਰਾਪਤ ਕਰਨ ਵਜੋਂ ਮੇਰੇ ਪਿਤਾ ਜੀ ਦੀ ਆਤਮਾ ਵਿੱਚ ਧੁਰ ਅੰਦਰ ਕਿਤੇ ਜਗਿਆਸਾ ਦਾ ਸੂਰਜ ਚਮਕਣ ਲੱਗ ਗਿਆ ਸੀ। ਮੇਰਾ ਵੱਡਾ ਭਾਈ ਚੌਥੀ ਜਮਾਤ ਪਾਸ ਕਰਕੇ ਖ਼ਲੀਫ਼ਾ ਜੀ ਦਾ ਸਕੂਲ ਛੱਡ ਕੇ ਆਰੀਆ ਹਾਈ ਸਕੂਲ ਵਿੱਚ ਦਾਖਲ ਹੋ ਗਿਆ ਸੀ। ਖ਼ਲੀਫ਼ਾ ਜੀ ਦੇ ਸਕੂਲ ਵਿੱਚ ਇੱਕ ਵਿਦਿਆਰਥੀ ਘੱਟ ਗਿਆ ਸੀ। ਇਸ ਘਾਟ ਨੂੰ ਪੂਰਾ ਕਰਨ ਲਈ ਮੇਰੇ ਪੁਰਖਿਆਂ ਨੇ ਮੈਨੂੰ ਖ਼ਲੀਫ਼ਾ ਜੀ ਦੇ ਸਕੂਲ ਵਿੱਚ ਦਾਖਲ ਕਰਵਾ ਦਿੱਤੀ ਸੀ।

ਮੇਰਾ ਪਿਤਾ ਬਚਪਣ ਵਿੱਚ ਹੀ ਅਨਾਥ ਹੋ ਗਿਆ ਸੀ। ਪਹਿਲਾਂ ਉਸ ਦਾ ਜਨਮ ਦਾਤੀ ਆਪਣੀ ਪਤਨੀ ਅਤੇ ਬੱਚੇ ਨੂੰ ਛੱਡ ਕੇ ਤੁਰ ਗਈ ਸੀ ਅਤੇ ਬਾਅਦ ਵਿੱਚ ਦਵਾਈ ਖੁਣੋਂ ਉਸ ਦੀ ਮਾਂ ਵੀ ਰੱਬ ਨੂੰ ਪਿਆਰੀ ਹੋ ਗਈ ਸੀ। ਆਪਣੇ ਰਿਸ਼ਤੇਦਾਰਾਂ ਦੇ ਘਰ ਵਿੱਚ ਪਲਦਿਆਂ ਬਚਪਣ ਤੋਂ ਹੀ ਉਸ ਨੂੰ ਸਖ਼ਤ

ਮਿਹਨਤ ਕਰਨ ਦੀ ਆਦਤ ਪੈ ਗਈ ਸੀ। ਮਿਹਨਤ ਕਰਨੀ ਉਸ ਦੀ ਮਜਬੂਰੀ ਵੀ ਬਣ ਗਈ ਸੀ। ਉਸ ਦੀ ਨਾ ਕੋਈ ਭੈਣ ਸੀ ਅਤੇ ਨਾ ਹੀ ਕੋਈ ਭਾਈ ਸੀ। ਬਸ ਇੱਕੋ ਇੱਕ ਕੱਲਮ-ਕੱਲੀ ਜਾਨ ਸੀ। ਕਿਸਮਤ ਨੇ ਆਪਣਾ ਨਿਰਦਈ ਬਾਣ ਚਲਾਇਆ ਅਤੇ ਉਸ ਦੀ ਸ਼ਾਦੀ ਉਸ ਮੁਟਿਆਰ ਨਾਲ ਹੋਣੀ ਤੈਅ ਹੋ ਗਈ ਸੀ ਜਿਹੜੀ ਆਪਣੇ ਪਿਤਾ ਜੀ ਦੀ ਇੱਕੋ ਇੱਕ ਸੰਤਾਨ ਸੀ। ਉਸ ਦੀ ਨਾ ਹੀ ਮਾਂ ਜਿਉਂਦੀ ਸੀ ਜਿਹੜੀ ਆਪਣੀ ਲਾਡਾਂ ਨਾਲ ਪਾਲੀ ਹੋਈ ਧੀ ਨੂੰ ਵਿਆਹ ਦੇ ਸਮੇਂ ਸ਼ਗਨਾਂ ਨਾਲ ਵਿਦਾ ਕਰਦੀ। ਉਸ ਅਭਾਗਣ ਦਾ ਨਾ ਹੀ ਕੋਈ ਭਾਈ ਜਿਉਂਦਾ ਸੀ ਜਿਹੜਾ ਸੌਣ ਦੇ ਮਹੀਨੇ ਆਪਣੀ ਭੈਣ ਨੂੰ ਸੰਧਾਰਾ ਪਹੁੰਚਾਉਂਦਾ। ਪਰ ਸੰਸਾਰ ਵਿੱਚ ਜ਼ਿੰਦਗੀ ਬਿਤਾਉਣ ਲਈ ਜੱਦੋ-ਜਹਿਦ ਕਰਨੀ ਉਸ ਜੋੜੀ ਦੇ ਭਾਗਾਂ ਵਿੱਚ ਲਿਖਿਆ ਹੋਇਆ ਸੀ। ਉਸ ਮਿਹਨਤੀ ਜੋੜੀ ਦੇ ਜਦੋਂ ਔਲਾਦ ਹੋ ਗਈ ਤਦੋਂ ਉਹਨਾਂ ਨੂੰ ਸਾਰੇ ਰਿਸ਼ਤੇ ਆਪਣੀ ਔਲਾਦ ਵਿੱਚ ਸਿਮਟ ਕੇ ਉੱਸਲ ਵੱਟੇ ਲੈਂਦੇ ਪ੍ਰਤੀਤ ਹੋਣ ਲੱਗ ਗਏ ਸਨ।

ਸਕੂਲ ਤੋਂ ਘਰ ਪਰਤ ਕੇ ਬੇਟਾ ਜਦੋਂ ਨਲਕਾ ਗੇੜ ਕੇ ਆਪਣੀ ਫੱਟੀ ਧੋਂਦਾ ਹੁੰਦਾ ਸੀ ਤਦੋਂ ਉਸ ਦੀ ਮਾਂ ਖੁਸ਼ੀ ਖੁਸ਼ੀ ਆਪਣੇ ਪੁੱਤਰ ਦਾ ਹੱਥ ਵਟਾਉਂਦੀ ਰਹਿੰਦੀ ਸੀ। ਰਾਤ ਵੇਲੇ ਸਰ੍ਹੋਂ ਦਾ ਦੀਵਾ ਬਾਲ ਕੇ ਪੜ੍ਹਾਈ ਕਰਨ ਵਾਲੇ ਬੱਚਿਆਂ ਨੂੰ ਮਿੱਟੀ ਦੇ ਤੇਲ ਨਾਲ ਬਲਣ ਵਾਲਾ ਅਤੇ ਸ਼ੀਸ਼ੇ ਦੀ ਚਿਮਨੀ ਵਾਲਾ ਲੈਂਪ ਮਿਲ ਗਿਆ ਸੀ। ਬੱਚਿਆਂ ਦੀ ਦੇਖਾ ਦੇਖੀ ਉਹਨਾਂ ਦੀ ਮਾਂ ਛੱਤ ਉੱਪਰ ਪਾਥੀਆਂ ਦੀ ਰਾਖ ਵਿਛਾ ਕੇ ਗੁਰਮੁਖੀ ਅੱਖਰਾਂ ਦੀ ਮੁਹਾਰਨੀ ਲਿਖਣ ਦਾ ਅਭਿਆਸ ਕਰਦੀ ਆਪਣਾ ਨਾਮ ਹਰਨਾਮ ਕੌਰ ਲਿਖਣ ਲੱਗ ਗਈ ਸੀ। ਇਹ ਬਹੁਤ ਮੰਦ ਭਾਗੀ ਗੱਲ ਹੈ ਕਿ ਉਸ ਮੁਹੱਲੇ ਵਿੱਚੋਂ ਹੋਰ ਕਿਸੇ ਦਾ ਬੱਚਾ ਯਤਨਾਂ ਦੇ ਬਾਵਜੂਦ ਸਕੂਲ ਵਿੱਚ ਦਾਖਲ ਹੋ ਕੇ ਪੜ੍ਹਾਈ ਨਹੀਂ ਕਰ ਸਕਿਆ ਸੀ। ਮੇਰੇ ਪਿਤਾ ਜੀ ਹਮੇਸ਼ਾ ਉਹਨਾਂ ਦੇ ਮਾਂ-ਬਾਪ ਨੂੰ ਬੱਚੇ ਸਕੂਲ ਵਿੱਚ ਦਾਖ਼ਲ ਕਰਾਉਣ ਲਈ ਪ੍ਰੇਰਦੇ ਰਹਿੰਦੇ ਸਨ । ਪਰ ਹਾਏ ਗ਼ਰੀਬੀ ! ਨਿਰਧਨਤਾ ਨੇ ਅਜਿਹਾ ਕਰਨ ਤੋਂ ਉਹਨਾਂ ਪਰਿਵਾਰਾਂ ਨੂੰ ਨੂੜੀ ਰੱਖਿਆ ਸੀ। ਮੁਹੱਲੇ ਦੇ ਦੂਜੇ ਬੱਚਿਆਂ ਨੂੰ ਸਕੂਲ ਦਾਖਲ ਕਰਾਉਣ ਦੇ ਆਪਣੇ ਯਤਨਾਂ ਵਿੱਚ ਅਸਫਲ ਰਹਿਣ 'ਤੇ ਮੇਰਾ ਪਿਤਾ ਬਹੁਤ ਕਲਪਦਾ ਰਹਿੰਦਾ ਸੀ। ਮਨ ਵਿੱਚ ਅੱਤ ਦੁਖੀ ਹੁੰਦਾ ਰਹਿੰਦਾ ਸੀ। ਆਪਣੇ ਪਤੀ ਨੂੰ ਕਲਪਦਿਆਂ ਦੇਖ ਕੇ ਇੱਕ ਦਿਨ ਮੇਰੀ ਮਾਂ ਹਰਨਾਮ ਕੌਰ ਨੇ ਪੁੱਛ ਹੀ ਲਿਆ ਕਿ ਜਦੋਂ ਉਹਨਾਂ ਬੱਚਿਆਂ ਦੇ ਮਾਂ-ਬਾਪ ਤੁਹਾਡੀਆਂ ਨਸੀਹਤਾਂ ਵੱਲ ਧਿਆਨ ਨਹੀਂ ਦਿੰਦੇ ਫਿਰ ਤੁਸੀਂ ਕਿਉਂ ਐਵੇਂ ਕਲਪੀ ਜਾਂਦੇ ਹੋ। ਮੇਰੇ ਪਿਤਾ ਸ਼੍ਰੀ ਠਾਕਰ ਦਾਸ ਨੇ ਤਦੋਂ ਮੇਰੀ ਮਾਂ ਨੂੰ ਸਮਝਾਉਂਦਿਆਂ ਕਿਹਾ ਸੀ। ਸੁਣ ਹਰਨਾਮ ਕੁਰੇ ! ਰੋਹੀ ਵਿੱਚ ਕੱਲਾ ਦੁਕੱਲਾ ਬਿਰਖ ਤੇਜ਼ ਹਨੇਰੀ ਦੀ ਮਾਰ ਨਹੀਂ ਝੱਲ ਸਕਦਾ ਉਹ ਬਿਰਖ ਜ਼ੋਰਦਾਰ ਝੱਖੜ ਨਾਲ ਜ਼ਰੂਰ ਡਿੱਗ ਜਾਵੇ ਗਾ। ਅਸੀਂ ਰੋਹੀ ਵਿੱਚ ਵਿਦਿਆ ਦੇ ਪੌਦੇ ਉਗਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਾਂ। ਸਾਡੇ ਦੋ ਬੱਚਿਆਂ ਨਾਲ ਜੇਕਰ ਮੁਹੱਲੇ ਦੇ ਬਾਕੀ ਦੇ ਬੱਚੇ ਵੀ ਸਕੂਲ ਜਾਣ ਲੱਗ ਜਾਣਗੇ ਤਦੋਂ ਰੋਹੀ ਬਿਆਬਾਨ ਵਿੱਚ ਉੱਗੇ ਬੂਟਿਆਂ ਦੀ ਤਾਦਾਦ ਵਧੇਰੇ ਹੋ ਜਾਵੇਗੀ। ਇਹ ਸਭ ਇੱਕ ਦੂਸਰੇ ਦਾ ਸਹਾਰਾ ਬਣਨਗੇ ਇੱਕ ਦੂਜੇ ਨੂੰ ਡਿੱਗਣ ਤੋਂ ਬਚਾਉਣਗੇ ਅਤੇ ਕਿਸੇ ਨੂੰ ਡਿੱਗਣ ਨਹੀਂ ਦੇਣਗੇ। ਕੰਮ ਦੀ ਗੱਲ ਇਹ ਹੈ ਕਿ ਜੇਕਰ ਉਹ ਬੱਚੇ ਸਕੂਲ ਜਾਣਗੇ ਤਦੋਂ ਉਹ ਬੱਚੇ ਕੋਈ ਗ਼ਲਤ ਰਾਹ ਵੀ ਨਹੀਂ ਅਪਣਾਉਣ ਗੇ। ਜੇਕਰ ਸਾਡੇ ਬੱਚੇ ਸਕੂਲ ਜਾਂਦੇ ਰਹੇ ਅਤੇ ਉਹਨਾਂ ਦੇ ਹਮ-ਉਮਰ ਪਟੜੀ ਬਦਲ ਗਏ ਤਦੋਂ ਸਾਡੇ ਬੱਚਿਆਂ ਉੱਪਰ ਵੀ ਅਸਰ ਅੰਦਾਜ਼ ਹੋ ਸਕਦੇ ਹਨ। ਮੇਰੇ ਪਿਤਾ ਜੀ ਕੁਠਾਲੀ ਵਿੱਚ ਢਾਲੇ ਗਏ ਸੋਨੇ ਵਰਗੀ ਸਾਫ ਸੁਥਰੀ ਸੋਚ ਰੱਖਦੇ ਸਨ। ਫਿਰ ਉਸ ਨੇ ਸਾਡੇ ਭਰਾਵਾਂ ਦੁਆਲੇ ਠਾਕਰ ਦਾਸ ਰੇਖਾ ਖਿੱਚ ਦਿੱਤੀ ਸੀ ਅਤੇ ਉਸ ਦੀ ਰਖਵਾਲੀ ਕਰਨ ਵੱਲ ਚੋਖਾ ਧਿਆਨ ਦੇਣ ਲੱਗ ਗਿਆ ਸੀ।

ਦੇਸ਼ ਦੇ ਸੂਝਵਾਨ ਆਗੂਆਂ ਨੇ ਵਿਦੇਸ਼ੀ ਗੋਰੀ ਸਰਕਾਰ ਦੇ ਜ਼ੁਲਮਾਂ ਤੋਂ ਤੰਗ ਆ ਕੇ, ਦੇਸ਼ ਨੂੰ ਉਹਨਾਂ ਦੇ ਚੁੰਗਲ ਵਿੱਚੋਂ ਆਜ਼ਾਦ ਕਰਾਉਣ ਦੇ ਮਨੋਰਥ ਨਾਲ ਜੱਦੋ-ਜਹਿਦ ਸ਼ੁਰੂ ਕਰ ਦਿੱਤੀ ਸੀ। ਇਸ ਮੰਤਵ ਦੀ ਪੂਰਤੀ ਲਈ ਜਲਸੇ ਹੋਣ ਲੱਗ ਗਏ ਸਨ ਅਤੇ ਜਲੂਸ ਕੱਢੇ ਜਾਣ ਲੱਗ ਗਏ ਸਨ। ਮੇਰੇ ਪਿਤਾ ਜੀ ਵੀ ਲੁਧਿਆਣਾ ਸ਼ਹਿਰ ਦੇ ਨੇਤਾਵਾਂ ਸ੍ਰੀ ਸਰਦਾਰੀ ਲਾਲ ਕਪੂਰ, ਡਾ ਰਾਮ ਪ੍ਰਕਾਸ਼ ਬੇਰੀ ਜੱਸੋਵਾਲੀਆ, ਵਿਜੇ ਕੁਮਾਰ ਗੁਪਤਾ

ਵੀਕਲ, ਪਹਿਲਵਾਨ ਦੀਨ ਮੁਹੰਮਦ ਆਦਿ ਨਾਲ ਮਿਲ ਕੇ ਉਨ੍ਹਾਂ ਸਮਾਗਮਾਂ ਵਿੱਚ ਆਪਣਾ ਯਥਾ ਯੋਗ ਹਿੱਸਾ ਪਾਉਂਣ ਲੱਗ ਗਿਆ ਸੀ। ਅੰਗ੍ਰੇਜ਼ਾਂ ਨੂੰ ਭਾਰਤ ਛੱਡ ਕੇ ਜਾਣ ਦੀ ਰੱਟ ਲਗਾਉਂਦੇ ਲਗਾਉਂਦੇ ਵੱਖਰੇ ਦੇਸ਼ ਪਾਕਿਸਤਾਨ ਦਾ ਮੁਆਮਲਾ ਭੱਖ ਗਿਆ ਸੀ। ਸ਼ਹਿਰੀ ਖੇਤਰਾਂ ਵਿੱਚ ਛੁਰੇ ਬਾਜ਼ੀ ਸ਼ੁਰੂ ਹੋ ਗਈ ਸੀ। ਕੋਈ ਮੁਸਲਮਾਨ ਹਿੰਦੂਆਂ ਦੇ ਮੁਹੱਲੇ ਵਿੱਚ ਵੜਨੋਂ ਡਰਦਾ ਸੀ ਅਤੇ ਇਸੇ ਤਰ੍ਹਾਂ ਕੋਈ ਹਿੰਦੂ ਮੁਸਲਮਾਨ ਖੇਤਰ ਵਿੱਚ ਪੈਰ ਧਰਨੋਂ ਡਰਦਾ ਰਹਿੰਦਾ ਸੀ। ਪਰ ਕਿਸਮਤ ਦੇਖੋ 20-25 ਜੀਆਂ ਦੇ ਦਲਿਤ ਟੱਬਰਾਂ ਦੇ ਚੌਗਿਰਦੇ ਸਾਰਾ ਮੁਹੱਲਾ ਮੁਸਲਮਾਨਾਂ ਨਾਲ ਭਰਿਆ ਹੋਇਆ ਸੀ। ਇੱਕ ਦਿਨ ਅਜਿਹਾ ਘਿਨਾਉਣਾ ਦ੍ਰਿਸ਼ ਦੇਖਣ ਨੂੰ ਮਿਲਿਆ ਜਿਸ ਨਾਲ ਸਾਰੇ ਦਲਿਤ ਪਰਿਵਾਰਾਂ ਦੀਆਂ ਰੂਹਾਂ ਕੰਬ ਉੱਠੀਆਂ ਸਨ। ਮੁਹੱਲਾ ਫੀਲਡ ਗੰਜ ਦੇ ਜਿਸ ਪਾਸੇ ਸਾਡਾ ਘਰ ਸੀ ਉਸ ਤੋਂ ਸਾਹਮਣੇ ਵੱਲ ਕਬਰਾਂ ਲੰਘ ਕੇ ਸਿੱਖਾਂ-ਹਿਦੂਆਂ ਦਾ ਮੁਹੱਲਾ ਮਿਲਰ ਗੰਜ ਵਸਦਾ ਸੀ। ਮੁਸਲਮਾਨ ਨੌਜਵਾਨ ਸਿਰਾਂ ਉੱਪਰ ਲਾਲ ਅਤੇ ਹਰੇ ਰੰਗਾਂ ਦੇ ਟੋਪ ਪਾਈ ਅਤੇ ਹੱਥਾਂ ਵਿੱਚ ਵੱਖ ਵੱਖ ਕਿਸਮ ਦੇ ਹਥਿਆਰ ਫੜੀ, ਨਾਅਰੇ ਲਗਾ ਰਹੇ ਸਨ। ਰੇਲਵੇ ਲਾਈਨਾਂ ਤੋਂ ਪਾਰ ਮਿਲਰ ਗੰਜ ਦੇ ਸਿੱਖ- ਹਿੰਦੂ ਖੜੇ ਉਹਨਾਂ ਦੇ ਨਾਅਰਿਆਂ ਦੇ ਜਵਾਬ ਦੇ ਰਹੇ ਸਨ। ਮੈਂ ਆਰੀਆ ਹਾਈ ਸਕੂਲ ਤੋਂ ਘਰ ਪਰਤਦਿਆਂ ਹੀ ਇਹ ਸ਼ੋਰ ਸੁਣ ਕੇ ਤਮਾਸ਼ਾ ਦੇਖਣ ਤੁਰ ਪਿਆ ਸੀ। ਇੱਕ ਕਮਲੀ ਦੂਜੀ ਪੈ ਗਈ ਸਿਵਿਆਂ ਦੇ ਰਾਹ ਵਾਲੀ ਗੱਲ ਇਹ ਸੀ ਕਿ ਉਹਨਾਂ ਦਿਨਾਂ ਵਿੱਚ ਮੈਂ ਸਿਰ 'ਤੇ ਜੂੜੀ ਕਰਦਾ ਹੁੰਦਾ ਸੀ। ਮੇਰੇ ਪਿਤਾ ਜੀ ਨੇ ਝੱਟ ਮੇਰੀ ਮਾਂ ਨੂੰ ਭੇਜਿਆ ਜਿਹੜੀ ਮੈਨੂੰ ਸਹੀ-ਸਲਾਮਤ ਫੜ ਕੇ ਘਰ ਵਿੱਚ ਲੈ ਆਈ ਸੀ ਅਤੇ ਘਰ ਦੇ ਕਿਵਾੜ ਬੰਦ ਕਰ ਕੇ ਮੇਰੀ ਚੰਗੀ ਝੰਡ ਕਰ ਦਿੱਤੀ ਗਈ ਸੀ। ਉਹ ਰਾਤ ਸਾਰੇ ਟੱਬਰ ਨੇ ਬੂਹਿਆਂ ਅੰਦਰ ਹੀ ਕੱਟੀ ਸੀ। ਅਗਲੇ ਦਿਨ ਸਾਨੂੰ ਦੋਹਾਂ ਭਰਾਵਾਂ ਨੂੰ ਸਕੂਲ ਨਹੀਂ ਜਾਣ ਦਿੱਤਾ ਗਿਆ ਸੀ। ਮੇਰੇ ਪਿਤਾ ਜੀ ਨੂੰ ਮੁਹੱਲੇ ਦੇ ਕੁਝ ਮੁਹਤਬਰ ਮੁਸਲਮਾਨ ਆਗੂਆਂ ਨੇ ਮਸ਼ਵਰਾ ਦਿੱਤਾ ਕਿ ਉਹ ਆਪਣੇ ਪਰਿਵਾਰ ਦੇ ਜੀਆਂ ਨੂੰ ਲੈ ਕੇ ਕਿਸੇ ਸੁਰੱਖਿਅਤ ਥਾਂ 'ਤੇ ਚਲਾ ਜਾਵੇ ਕਿਉਂਜੋ ਉਹਨਾਂ ਅਨੁਸਾਰ ਮੁਡੀਰ ਭੂਤਰਿਆ ਹੋਇਆ ਹੈ ਅਤੇ ਉਹ ਭੂਤਰੇ ਨੌਜਵਾਨ ਸਾਡੇ ਕਾਬੂ ਵਿੱਚ ਵੀ ਨਹੀਂ ਰਹੇ ਇਸ ਲਈ ਅਜਿਹੇ ਮਾਹੌਲ ਵਿੱਚ ਉਹ ਕਦੇ ਵੀ ਕੋਈ ਗ਼ਲਤ ਕਦਮ ਚੁੱਕ ਸਕਦੇ ਸਨ। ਮੇਰੇ ਪਿਤਾ ਜੀ ਨੇ ਦਲਿਤ ਲੋਕਾਂ ਦੇ ਘਰਾਂ ਵਿੱਚ ਜਾ ਕੇ ਸਾਰੇ ਪਰਿਵਾਰਾਂ ਦੇ ਮੁਖੀਆਂ ਨੂੰ ਸੁਚੇਤ ਕਰਦਿਆਂ ਸਾਰੀ ਗੱਲ ਸੁਣਾ ਦਿੱਤੀ ਸੀ। ਮੇਰੇ ਪਿਤਾ ਨੇ ਉਹਨਾਂ ਨੂੰ ਇਸ ਗੱਲੋਂ ਵੀ ਸੁਚੇਤ ਕਰ ਦਿੱਤੀ ਸੀ ਕਿ ਘਰੋਂ ਜਾਣ ਲੱਗੇ ਸਾਮਾਨ ਦੀਆਂ ਪੰਡਾਂ ਬਨ੍ਹ ਕੇ ਸਿਰਾਂ ਉੱਪਰ ਰੱਖ ਕੇ ਨਾ ਤੁਰ ਪੈਣ। ਹੋਰ ਲੈਣੇ ਦੇ ਦੇਣੇ ਪੈ ਜਾਣ। ਫਿਰ ਉਸ ਨੇ ਇਸ ਚਿਤਾਵਣੀ ਬਾਰੇ ਮੇਰੀ ਮਾਤਾ ਜੀ ਨਾਲ ਗੱਲ ਕੀਤੇ ਪਰ ਸਾਨੂੰ ਇਸ ਖਤਰੇ ਦੀ ਭਿਣਕ ਤੱਕ ਪੈਣ ਨਹੀਂ ਦਿੱਤੀ ਸੀ। ਸਾਨੂੰ ਮੁਸਲਮਾਨਾਂ ਦੇ ਮੁਹੱਲੇ ਵਿੱਚੋਂ ਜਿਉਂਦੇ ਕੱਢਣ ਦੀ ਵਿਓਂਤ ਘੜ ਲਈ ਗਈ ਸੀ। ਮੇਰੀ ਮਾਂ ਅਤੇ ਮੇਰੇ ਪਿਤਾ ਜੀ ਨੇ ਕੋਠੜੀ ਵਿੱਚ ਵੜ ਕੇ ਜੋ ਗਹਿਣਾਂ ਗੱਟਾ, ਪੈਸਾ-ਧੇਲਾ ਘਰ ਵਿੱਚ ਪਿਆ ਸੀ ਉਸ ਨੂੰ ਆਪਣੇ ਆਪਣੇ ਲੱਕ ਦੇ ਦੁਆਲੇ ਬੰਨ੍ਹ ਲਿਆ ਸੀ। ਸਾਨੂੰ ਇਹ ਦੱਸਿਆ ਗਿਆ ਸੀ ਕਿ ਮਿਲਰ ਗੰਜ ਰਿਸਤੇਦਾਰਾਂ ਦੇ ਘਰ ਵਿਆਹ ਹੈ ਓਥੇ ਜਾਣਾ ਹੈ। ਅਸੀਂ ਆਪਣੇ ਝੋਲਿਆਂ ਵਿੱਚੋਂ ਕਿਤਾਬਾਂ ਕੱਢ ਕੇ ਉਹਨਾਂ ਝੋਲਿਆਂ ਵਿੱਚ ਚਾਈਂ ਚਾਈਂ ਪਹਿਨਣ ਵਾਲੇ ਕਪੜੇ ਪਾ ਕੇ ਮਿਲਰ ਗੰਜ ਨੂੰ ਤੁਰ ਪਏ ਸੀ। ਇਹਨੂੰ ਕਿਸਮਤ ਦੀ ਅਨੂਠੀ ਖੇਡ ਹੀ ਕਿਹਾ ਜਾ ਸਕਦਾ ਹੈ ਕਿ ਦੋ ਦਿਨ ਪਹਿਲਾਂ ਜਿਸ ਤਰਫ਼ ਮੁਸਲਮਾਨ ਅਤੇ ਸਿੱਖ ਨੌਜਵਾਨ ਕੁਝ ਫਾਸਲੇ 'ਤੇ ਆਹਮਣੇ ਸਾਹਮਣੇ ਹੋ ਇੱਕ ਦੂਜੀ ਧਿਰ ਦੇ ਖਿਲਾਫ਼ ਨਾਹਰੇ ਲਗਾ ਰਹੇ ਸਨ ਉਸੇ ਰਸਤੇ ਤੋਂ ਮੇਰਾ ਵੱਡਾ ਭਰਾ ਸਾਨੂੰ ਲੈ ਕੇ ਤੁਰ ਪਿਆ ਸੀ। ਰਸਤੇ ਵਿੱਚ ਦੋ ਥਾਵਾਂ 'ਤੇ ਮੁਸਲਮਾਨਾਂ ਦੀਆਂ ਟੋਲੀਆਂ ਨੇ ਸਾਨੂੰ ਰੋਕ ਕੇ ਪੁੱਛਿਆ ਵੀ ਸੀ ਕਿ ਕਿੱਥੇ ਜਾ ਰਹੇ ਹੋ? ਅਸੀਂ ਇਕੱਠਿਆਂ ਨੇ ਇੱਕ ਆਵਾਜ਼ ਵਿੱਚ ਉੱਤਰ ਦਿੱਤਾ ਸੀ ਕਿ ਅਸੀਂ ਸ਼ਾਦੀ 'ਤੇ ਜਾ ਰਹੇ ਹਾਂ। ਸਾਡੇ ਇਸ ਜਵਾਬ ਨੇ ਉਹਨਾਂ ਨੂੰ ਸੰਤੁਸ਼ਟ ਕਰ ਦਿੱਤਾ ਜਾਪਦਾ ਸੀ ਤਦੇ ਉਹਨਾਂ ਨੇ ਸਾਨੂੰ ਜਾਣ ਦਿੱਤਾ ਸੀ।

ਅਸੀਂ ਘਰ ਵਿੱਚ ਇੱਕ ਗਾਂ ਰੱਖੀ ਹੋਈ ਸੀ ਜਿਸ ਦਾ ਦੁੱਧ, ਦਹੀਂ, ਮੱਖਣ ਅਤੇ ਲੱਸੀ ਦਾ ਮਜ਼ਾ ਸਾਰਾ

ਪਰਿਵਾਰ ਮਾਨਦਾ ਰਿਹਾ ਸੀ। ਮੇਰਾ ਨਾਨਾ ਸਾਡੇ ਕੋਲ ਹੀ ਰਹਿੰਦਾ ਸੀ। ਮਿਲਰ ਗੰਜ ਲਈ ਘਰੋਂ ਜਾਣ ਤੋਂ ਪਹਿਲਾਂ, ਮੇਰੀ ਮਾਂ ਨੇ ਆਪਣੇ ਪਿਤਾ ਜੀ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਕਿ ਉਹ ਉਹਨਾਂ ਦੇ ਘਰੋਂ ਜਾਣ ਦੇ ਅੱਧਾ ਘੰਟਾ ਬਾਅਦ ਇਸ ਗਾਂ ਦੀ ਸੰਗਲੀ ਖੋਲ੍ਹ ਕੇ ਇਸ ਨੂੰ ਛੱਡ ਦੇਵੇ। ਗਾਂ ਦੀ ਸੁਤੰਤਰਤਾ ਨਿਸ਼ਚਤ ਕਰਕੇ ਉਹ ਆਪ ਵੀ ਜੇਲ੍ਹ ਵਾਲੀ ਸੜਕ ਤੋਂ ਦੀ ਹੁੰਦਾ ਹੋਇਆ ਮਿਲਰ ਗੰਜ ਪਹੁੰਚ ਜਾਵੇ। ਮੇਰਾ ਪਿਤਾ ਅਤੇ ਮਾਤਾ ਸਾਡੇ ਉਲਟ ਪਰ ਦੂਰ ਵਾਲੇ ਰਸਤੇ ਤੋਂ ਹੁੰਦੇ ਹੋਏ ਮਿਲਰ ਗੰਜ ਅੱਪੜ ਗਏ ਸਨ। ਜਿਹੜੇ ਰਿਸ਼ਤੇਦਾਰ ਦੇ ਘਰ ਸ਼ਾਦੀ ਦੱਸੀ ਗਈ ਸੀ ਅਸੀਂ ਜਾ ਕੇ ਦੇਖਿਆ ਉੱਥੇ ਅਜਿਹੀ ਕੋਈ ਗੱਲ ਬਾਤ ਹੀ ਨਜ਼ਰ ਨਹੀਂ ਸੀ ਆ ਰਹੀ। ਕੁਝ ਦੇਰ ਤੋਂ ਬਾਅਦ ਮੇਰੇ ਪਿਤਾ ਜੀ ਅਤੇ ਮਾਤਾ ਜੀ ਪੁੱਜੇ ਹੋਏ ਸਨ। ਅਸੀਂ ਉਹਨਾਂ ਨੂੰ ਸ਼ਾਦੀ ਬਾਰੇ ਪੁੱਛਿਆ? ਤਦੋਂ ਉਹਨਾਂ ਨੇ ਝਿੜਕ ਕੇ ਸਾਨੂੰ ਚੁੱਪ ਕਰਾਉਂਦੇ ਹੋਏ ਕਿਹਾ ਕਿ ਸ਼ੁਕਰ ਕਰੋ ਅਸੀਂ ਤੁਹਾਡੀਆਂ ਜਾਨਾਂ ਬਚਾ ਕੇ ਇੱਥੇ ਲੈ ਆਏ ਹਾਂ। ਇਹ ਸਾਰਾ ਮੁਹੱਲਾ ਸਿੱਖਾਂ ਅਤੇ ਹਿੰਦੂਆਂ ਦਾ ਹੈ ਏਥੇ ਤੁਹਾਡੀਆਂ ਅਤੇ ਸਾਡੀਆਂ ਜਾਨਾਂ ਨੂੰ ਕੋਈ ਖਤਰਾ ਨਹੀਂ ਹੈ। ਮੇਰੇ ਵੱਡੇ ਵੀਰ ਨੇ ਝੱਟ ਸਵਾਲ ਕੀਤਾ ਕਿ ਨਾਨਾ ਜੀ ਕਿੱਥੇ ਹਨ ਉਹ ਤੁਹਾਡੇ ਨਾਲ ਕਿਉਂ ਨਹੀਂ ਆਏ? ਮੇਰੀ ਮਾਂ ਨੇ ਦੱਸਿਆ ਕਿ ਉਹ ਵੀ ਆਉਂਦੇ ਹੋਣ ਗੇ। ਇਸ ਤਰ੍ਹਾਂ ਮੇਰੇ ਪੁਰਖਿਆਂ ਨੇ ਆਪਣੀ ਸੂਝ-ਬੂਝ ਨਾਲ ਆਪਣੇ ਪਰਿਵਾਰ ਨੂੰ ਭੂਤਰੇ ਹੋਏ ਅਤੇ ਹਿੰਸਾ 'ਤੇ ਉਤਾਰੂ ਹੋ ਚੁੱਕੇ ਮੁਸਲਮਾਨ ਟੋਲੇ ਤੋਂ ਸਹੀ ਸਲਾਮਤ ਬਚਾ ਲਿਆ ਸੀ।

ਦੇਸ਼ ਦੀ ਵੰਡ ਦੇ ਇਤਿਹਾਸ ਨੇ ਮਸੂਮਾਂ ਦੇ ਹੌਲਨਾਕ ਕਤਲ ਦੇਖੇ ਅਤੇ ਉਹਨਾਂ ਦੇ ਅਜਾਈਂ ਡੁਲ੍ਹੇ ਖ਼ੂਨ ਨਾਲ ਆਪਣੇ ਪੰਨੇ ਲਿਖੇ ਸਨ। ਜਦੋਂ ਸ਼ਾਂਤੀ ਪਸਰੀ ਤਦੋਂ ਸਕੂਲ ਖੁੱਲ੍ਹ ਗਏ ਸਨ। ਜਿਹੜੀ ਅੰਗ੍ਰੇਜ਼ੀ ਭਾਸ਼ਾ ਨੂੰ ਮੇਰੇ ਪਿਤਾ ਜੀ ਨੇ ਪੜ੍ਹਣ ਤੋਂ ਇਨਕਾਰ ਕਰ ਦਿੱਤਾ ਸੀ ਦੇਸ਼ ਆਜ਼ਾਦ ਹੋਣ ਉਪਰੰਤ ਵੀ ਉਹੀ ਅੰਗ੍ਰੇਜ਼ੀ ਜ਼ੁਬਾਨ ਉਸ ਦੇ ਬੇਟੇ ਨੂੰ ਪੰਜਵੀ ਕਲਾਸ ਵਿੱਚ ਪੜ੍ਹਣੀ ਪੈ ਗਈ ਸੀ। ਅੰਗ੍ਰੇਜ਼ੀ ਸਰਕਾਰ ਦੇ ਚੁੰਗਲ ਵਿੱਚੋਂ ਸੁਤੰਤਰ ਹੋਣ ਉਪਰੰਤ, ਭਾਰਤੀ ਭਾਸ਼ਾਵਾਂ ਦੇ ਸੰਦਰਭ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਵਿਦੇਸ਼ੀਆਂ ਦੀ ਭਾਸ਼ਾ ਅੰਗ੍ਰੇਜ਼ੀ ਤਾਂ ਦੇਸ਼ ਦੇ ਹਰ ਇੱਕ ਸਕੂਲ ਅਤੇ ਕਾਲਜ ਵਿੱਚ ਰਾਜ ਕਰਦੀ ਰਹੀ ਪਰ ਹਿੰਦੋਸਤਾਨ ਦੇ ਪੌਣ ਪਾਣੀ ਅਤੇ ਮਿੱਟੀ ਵਿੱਚ ਜਨਮੀ ਉਰਦੂ ਜ਼ੁਬਾਨ ਦੇਸ਼ ਵਿੱਚੋਂ ਅਲੋਪ ਹੋਣ ਦੀ ਕਗਾਰ 'ਤੇ ਪਹੁੰਚ ਗਈ ਸੀ। ਜਿਸ ਸਕੂਲ ਵਿੱਚ ਮੈਂ ਪੜ੍ਹਦਾ ਸੀ ਉਸ ਸਕੂਲ ਦੀ ਹਰ ਇੱਕ ਜਮਾਤ ਵਿੱਚੋਂ ਉਰਦੂ ਜ਼ੁਬਾਨ ਪਰ ਲਾ ਕੇ ਉੱਡ ਗਈ ਸੀ।

ਮੇਰੇ ਪੁਰਖਿਆਂ ਦੀ ਨਿਜੀ ਚੌਕਸੀ ਕਾਰਨ ਮੇਰਾ ਵੱਡਾ ਭਾਈ ਦਸਵੀਂ ਪਾਸ ਕਰਕੇ ਨੌਕਰੀ ਉਪਰ ਜਾ ਲੱਗਿਆ ਸੀ ਪਰ ਮੇਰੇ ਵਿੱਚ ਹੋਰ ਅੱਗੇ ਪੜ੍ਹਨ ਦੀ ਲਾਲਸਾ ਸੀ ਇਸ ਲਈ ਮੈਨੂੰ ਉਹਨਾਂ ਨੇ ਕਾਲਜ ਵਿੱਚ ਦਾਖਲ ਕਰਾ ਦਿੱਤਾ ਸੀ। ਭਾਰਤੀ ਸੰਵਿਧਾਨ ਦੇ ਨਿਰਮਾਤਾ, ਡਾ ਭੀਮ ਰਾਓ ਅੰਬੇਡਕਰ, ਜਿਹਨਾਂ ਨੂੰ ਦਲਿਤ ਲੋਕ ਆਪਣਾ ਮਸੀਹਾ ਮੰਨਦੇ ਸਨ, 6, ਦਸੰਬਰ 1956 ਨੂੰ ਦਿੱਲੀ ਵਿਖੇ ਨਿਰਵਾਣ ਪ੍ਰਾਪਤ ਕਰ ਗਏ ਸਨ। ਇਹ ਦੁੱਖ ਭਰੀ ਖਬਰ ਸੁਣ ਕੇ ਮੇਰਾ ਵੱਡਾ ਭਾਈ ਦਿੱਲੀ ਪਹੁੰਚ ਗਿਆ ਸੀ। ਜਿੱਥੇ ਭਾਰਤ ਭਰ ਵਿੱਚੋਂ ਦਲਿਤ ਨੇਤਾ ਪੁੱਜੇ ਹੋਏ ਸਨ। ਉਹਨਾਂ ਨਾਲ ਉਹ ਬੰਬਈ ( ਹੁਣ ਮੁੰਬਈ ) ਤੋਂ ਹੁੰਦਾ ਹੋਇਆ ਮੁੜ ਦਿੱਲੀ ਪਰਤ ਆਇਆ ਸੀ। ਨੇਤਾਵਾਂ ਦਾ ਵਿਚਾਰ ਇਹ ਸੀ ਕਿ ਡਾ ਅੰਬੇਡਕਰ ਜੀ ਦੀ ਸੋਚ ਤੇ ਆਧਾਰਤ ਸਿਧਾਂਤ ਨੂੰ ਅੱਗੇ ਤੋਰਨ ਲਈ ਨੌਜਵਾਨ ਅੱਗੇ ਆਉਣ। ਮੇਰੇ ਭਾਈ ਅਜੀਤ ਕੁਮਾਰ ਨੇ ਇਸ ਗੱਲ ਦੀ ਹਾਮੀ ਭਰ ਦਿਆਂ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ। ਪੰਜਾਬ ਵਿੱਚ ਰਿਪਬਲਿਕਨ ਪਾਰਟੀ ਦਾ ਗਠਨ ਹੋਇਆ ਤਦੋਂ ਅਜੀਤ ਕੁਮਾਰ ਨੂੰ ਉਸ ਦਾ ਜਨਰਲ ਸਕੱਤਰ ਥਾਪ ਦਿੱਤਾ ਗਿਆ ਸੀ। 1957 ਦੀਆਂ ਆਮ ਚੋਣਾ ਵਿੱਚ ਬਾਬੂ ਅਜੀਤ ਕੁਮਾਰ ਰਾਏਕੋਟ ਦੀ ਦੋਹਰੀ ਸੀਟ ਤੋਂ ਰਿਪਬਲਿਕਨ ਪਾਰਟੀ ਦੇ ਚੋਣ ਨਿਸ਼ਾਨ ਹਾਥੀ ਉੱਪਰ ਚੋਣ ਲੜਿਆ ਸੀ। ਇਸ ਪਲੇਠੀ ਚੋਣ ਵਿੱਚ ਉਸ ਨੂੰ ਜਿੱਤ ਪ੍ਰਾਪਤ ਨਹੀਂ ਸੀ ਹੋ ਸਕੀ। ਜ਼ਿੰਦਗੀ ਦੀ ਪਹਿਲੀ ਚੋਣ ਹਾਰਨ ਦਾ ਨਤੀਜਾ ਇਹ ਨਿਕਲਿਆ ਕਿ ਉਸ ਦੇ ਪਿਤਾ ਨੂੰ ਚੌਣ ਉੱਪਰ ਹੋਏ ਖਰਚੇ ਦੇ ਬਿਲਾਂ ਨੂੰ ਤਾਰਨ ਲਈ ਆਪਣਾ ਉਹ ਇੱਕੋ- ਇੱਕ ਪਲਾਟ

ਵੇਚਣਾ ਪਿਆ ਸੀ ਜਿਹੜਾ ਉਸ ਨੇ ਨਵਾਂ ਘਰ ਉਸਾਰਨ ਵਾਸਤੇ ਖਰੀਦਿਆ ਸੀ। ਇਸ ਤਰ੍ਹਾਂ ਅਜੀਤ ਕੁਮਾਰ ਦੀ ਪਹਿਲੀ ਚੋਣ ਦੀ ਭੇਟ ਉਹ ਪਲਾਟ ਚੜ੍ਹ ਗਿਆ ਸੀ। ਅਜੀਤ ਕੁਮਾਰ ਨੇ ਨੇਤਾ ਗਿਰੀ ਦੇ ਨਾਲ ਨਾਲ ਜ਼ਿਲ੍ਹੇ ਦੀਆਂ ਕਚਹਿਰੀਆਂ ਵਿੱਚ ਟਾਈਪ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜਿਸ ਦੇ ਫਲਸਰੂਪ ਪੰਜਾਬ ਦੇ ਲੋਕਾਂ ਨਾਲ ਉਸ ਦੇ ਮੇਲ-ਜੋਲ ਵਿੱਚ ਚੋਖਾ ਵਾਧਾ ਹੋ ਗਿਆ ਸੀ। ਪੰਜਾਬ ਵਿੱਚ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸਰਕਾਰ ਕੰਮ ਕਰ ਰਹੀ ਸੀ। ਪਰ ਉਹ ਸਰਕਾਰ ਮਹਿੰਗਾਈ ਰੋਕਣ ਵਿੱਚ ਅਸਫ਼ਲ ਰਹੀ ਸੀ। ਆਟਾ ਅਤੇ ਦਾਲਾਂ ਦੇ ਭਾਅ ਉਡਾਰੀ ਮਾਰ ਕੇ ਅਸਮਾਨ ਤੀਕਣ ਅੱਪੜ ਗਏ ਸਨ। ਇਸ ਮਹਿੰਗਾਈ ਦੇ ਖਿਲਾਫ ਰਿਪਬਲਿਕਨ ਪਾਰਟੀ ਦੇ ਆਗੂ, ਬਾਬੂ ਅਜੀਤ ਕੁਮਾਰ ਅਤੇ ਕਮਿਊਨਿਸਟ ਪਾਰਟੀ ਦੇ ਸ਼੍ਰੀ ਮਦਨ ਲਾਲ ਦੀਦੀ ਨੇ ਮਿਲ ਕੇ ਚੌੜਾ ਬਾਜ਼ਾਰ, ਘੰਟਾ ਘਰ ਦੇ ਕੋਲ ਭੁੱਖ ਹੜਤਾਲ ਰੱਖ ਦਿੱਤੀ ਸੀ। ਸ਼ਹਿਰ ਅਤੇ ਪਿੰਡਾਂ ਦੇ ਲੋਕ ਜੱਥੇ ਬਣਾ ਬਣਾ ਕੇ ਆਪਣੇ ਯੋਧਿਆਂ ਨੂੰ ਦੇਖਣ ਅਤੇ ਮਿਲਣ ਲਈ ਆਉਣੇ ਆਰੰਭ ਹੋ ਗਏ ਸਨ। ਭੀੜ ਵਧਦੀ ਦੇਖ ਸਰਕਾਰ ਨੇ ਉਹਨਾਂ ਨੂੰ ਫੜ ਕੇ ਜੇਲ੍ਹ ਵਿੱਚ ਭੇਜ ਦਿੱਤਾ ਸੀ। ਮੈਂ ਵੀ ਦਿੱਲੀ ਤੋਂ ਆਪਣੇ ਵੱਡੇ ਵੀਰ ਦੀ ਜੇਲ੍ਹ ਵਿੱਚ ਮੁਲਾਕਾਤ ਕਰਨ ਲਈ ਆਇਆ ਸੀ। 1962 ਦੀਆਂ ਆਮ ਚੋਣਾਂ ਰਾਜਨੀਤਕ ਆਗੂਆਂ ਦੇ ਬੂਹਿਆਂ ਉੱਪਰ ਦਸਤਕ ਦੇਣ ਲੱਗ ਗਈਆਂ ਸਨ। ਇਸ ਵਾਰੀ ਫਿਰ ਬਾਬੂ ਅਜੀਤ ਕੁਮਾਰ ਆਪਣੇ ਨੇਤਾ ਸ਼੍ਰੀ ਚਰਨ ਦਾਸ ਨਿਧੜਕ ਦੇ ਆਦੇਸ਼ ਅਨੁਸਾਰ ਚੋਣਾਂ ਵਿੱਚ ਖੜਾ ਹੋ ਗਿਆ ਸੀ। ਰੱਬ ਨੇ ਟੱਬਰ ਦੀ ਪੁਕਾਰ ਸੁਣ ਕੇ ਪ੍ਰਵਾਨ ਕਰ ਲਈ ਸੀ ਤਦੇ 1967 ਦੀਆਂ ਆਮ ਚੋਣਾਂ ਵਿੱਚ ਅਜੀਤ ਕੁਮਾਰ ਚੋਣ ਜਿੱਤ ਕੇ ਵਿਧਾਨ ਸਭਾ ਦਾ ਮਾਨਯੋਗ ਮੈਂਬਰ ਬਣ ਗਿਆ ਸੀ। ਆਪਣੇ ਪੁੱਤਰ ਦੇ ਐਮ. ਏ. ਬਣਨ ਉਪਰੰਤ ਉਸ ਦੇ ਪਿਤਾ ਚੌਧਰੀ ਠਾਕਰ ਦਾਸ ਦਾ ਲੰਮਾ ਕੱਦ ਹੋਰ ਉੱਚਾ ਪ੍ਰਤੀਤ ਹੋਣ ਲੱਗ ਗਿਆ ਸੀ। ਉਹ ਅੱਤ ਦਾ ਗੌਰਵ ਮਹਿਸੂਸ ਕਰ ਰਿਹਾ ਸੀ ਕਿਉਂਜੋ ਉਸ ਦਾ ਸਪੁੱਤਰ ਪੰਜਾਬ ਭਰ ਦੇ 154 ਸਿਰ ਕੱਢ, ਮਹੱਤਵਪੂਰਨ ਅਤੇ ਸਿਰਮੌਰ ਵਿਅਕਤੀਆਂ ਵਿੱਚ ਸ਼ਾਮਲ ਹੋ ਚੁੱਕਿਆ ਸੀ। ਮੇਰੇ ਪੁਰਖਿਆਂ ਨੇ ਆਪਣੀ ਵਿੱਤ ਤੋਂ ਬਾਹਰ ਜਾ ਕੇ ਆਪਣੀ ਔਲਾਦ ਨੂੰ ਇਲਮ ਦੇ ਹੀਰਿਆਂ- ਮੋਤੀਆਂ ਨਾਲ ਮਾਲਾ ਮਾਲ ਕੀਤਾ ਸੀ। ਪਰ ਉਹਨਾਂ ਵੱਲੋਂ ਕੀਤੀਆਂ ਗਈਆਂ ਘਾਲਣਾਵਾਂ ਅਤੇ ਵਰਨਣਯੋਗ ਕੁਰਬਾਨੀਆਂ ਦੇ ਇਵਜ਼ ਵਿੱਚ ਉਹਨਾਂ ਦੀ ਔਲਾਦ ਨੇ ਜੁਗ-ਜੁਗਾਂਤਰਾਂ ਤੋਂ ਸਮਾਜ ਵਿੱਚ ਪ੍ਰਚਲਿਤ ਮਨੁੱਖਾਂ ਪ੍ਰਤੀ ਭਿੱਟ ਅਤੇ ਛੂਤ-ਛਾਤ ਦੀ ਕੋਝੀ ਮਰਯਾਦਾ ਦੇ ਬੰਧੇਜਾਂ ਦੀਆਂ ਉਮਰ ਹੰਢਾ ਚੁੱਕੀਆਂ ਪਾਟੀਆਂ ਲੀਰਾਂ ਨੂੰ ਆਪਣੇ ਪੁਰਖਿਆਂ ਦੇ ਮਿਹਨਤੀ, ਹਿੰਮਤੀ, ਨਿਡਰ ਅਤੇ ਪਾਵਨ ਤਨ-ਬਦਨ ਤੋਂ ਉਤਾਰ ਕੇ , ਬੰਦ ਗਲੇ ਦਾ ਕੋਟ, ਸਾਫ-ਸੁਥਰਾ ਕੁੜਤਾ- ਪਾਜ਼ਾਮਾ ਪਹਿਨਾਉਣ ਉਪਰੰਤ ਸਿਰ ਉੱਪਰ ਸੁੱਚੇ ਸਿਲਕ ਦੀ ਗੌਰਵਮਈ ਪੱਗ ਬੰਨ੍ਹਣਾਉਣ ਵਿੱਚ ਸਫ਼ਲਤਾ ਪ੍ਰਾਪਤ ਕਰ ਲਈ ਸੀ।

(**ਸੰਪਰਕ- 98884-52204**)

**ਪਰਵਾਜ਼ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ**
**ਅਵਿਨਾਸ਼ ਜੱਜ ਵੱਲੋਂ ਸੰਪਾਦਤ ਪ੍ਰਸਿੱਧ**
**ਗੀਤਕਾਰ**
**ਗੁਰਚਰਨ ਵਿਰਕ**
**ਤੇ ਕੇਂਦਰਤ ਪੜ੍ਹਨਯੋਗ ਕਿਤਾਬ**

# ਚਾਚਾ ਬਸੰਤਾ/ -ਪ੍ਰੇਮ ਗੋਰਖੀ

ਪਰਿਵਾਰਾਂ ਬਾਰੇ ਗੱਲ ਕਰਦਿਆਂ ਆਮ ਤੌਰ ਤੇ ਬੱਚੇ ਦੇ ਦਾਦਕਿਆਂ ਤੇ ਨਾਨਕਿਆਂ ਬਾਰੇ ਗੱਲ ਛੋਹੀ ਜਾਂਦੀ ਹੈ ਤੇ ਫਿਰ ਪਿਛੋਕੜ ਨੂੰ ਖੰਗਾਲਿਆਂ ਜਾਂਦਾ ਹੈ। ਮੇਰੇ ਪਿਛੋਕੜ ਨਾਲ ਜੁੜੀਆਂ ਕਹਾਣੀਆਂ ਕਈ ਥਾਈਂ ਬੜੀਆਂ ਮਾਣ ਕਰਨ ਯੋਗ ਜਾਪਦੀਆਂ ਹਨ। ਤੇ ਕਈ ਥਾਈਂ ਬੜੀਆਂ ਤਰਸਯੋਗ ਤੇ ਦਿਲ ਕੰਬਾਊ ਨਜ਼ਰ ਆਉਣ ਲਗਦੀਆਂ ਹਨ। ਮੇਰੇ ਨਾਨਕਿਆਂ ਉਪਰ ਹੀ ਨਜ਼ਰ ਮਾਰ ਲਓ...

ਮੇਰਾ ਜਨਮ ਨਾਨਕੇ ਘਰ ਵਿਚ ਪਿੰਡ ਬੁਹਾਨੀ ਤਹਿਸੀਲ ਫਗਵਾੜਾ ਜ਼ਿਲਾ ਕਪੂਰਥਲਾ , ਲਹਿਣਾ ਰਾਮ ਦੇ ਘਰ ਉਹਦੀ ਇਕੋ ਇਕ ਧੀ ਬੀਬੀ ਰੱਖੀ ਦੀ ਕੁੱਖੋਂ ਹੋਇਆ। ਉਸ ਘਰ ਵਿਚ ਇਕ ਲੜਕੇ ਦਾ ਜਨਮ ਮੇਰੇ ਨਾਨੇ ਤੋਂ ਪਿਛੋਂ ਕਰੀਬ ਚਾਲੀ ਪੰਜਤਾਲੀ ਸਾਲ ਬਾਅਦ ਹੋਇਆ ਸੀ।

ਦੂਜੇ ਪਾਸੇ ਦਾਦਕਿਆਂ ਵਲ ਨਜ਼ਰ ਮਾਰ ਲਓ। ਜਦੋਂ ਮੈਂ ਉਸ ਘਰ ਵਿਚ ਜਨਮ ਲਿਆ, ਉਹ ਘਰ ਉਜੜਦਾ ਉਜੜਦਾ ਵਸਿਆ ਸੀ। ਮੇਰੇ ਪਿਤਾ ਦਾ ਕਾਫੀ ਵੱਡਾ ਪਰਿਵਾਰ ਕਿਸੇ ਮਾਰੂ ਬਿਮਾਰੀ ਦਾ ਸ਼ਿਕਾਰ ਹੋ ਗਿਆ ਸੀ। ਪਤਾ ਨਹੀਂ ਉਹ ਪਲੇਗ ਸੀ ਜਾਂ ਕੋਈ ਹੋਰ ਬਿਮਾਰੀ ਜਿਹਨੇ ਅੱਠ ਨੌਂ ਜੀ ਦਿਨਾਂ ਵਿਚ ਹੀ ਨਿਗਲ ਲਏ। ਬਾਕੀ ਪੰਜ ਜੀ, ਕੁਝ ਦਿਨ੍ਹਾਂ ਵਿਚ ਦੋ ਧੀਆਂ, ਦੋ ਪੁੱਤਰ ਤੇ ਉਨ੍ਹਾਂ ਦਾ ਚਾਚਾ ਅੰਮ੍ਰਿਤਸਰ ਜਾਣ ਕਰਕੇ ਬਚ ਗਏ ਸਨ, ਉਹ ਵੀ ਤਾਂ ਇਨ੍ਹਾਂ ਦੇ ਪਰਿਵਾਰ ਦਾ ਇਕ ਆਦਮੀ ਉਚੇਚਾ ਅੰਮ੍ਰਿਤਸਰੋਂ ਆ ਕੇ ਪੰਜਾਂ ਜਣਿਆਂ ਨੂੰ ਉਥੇ ਲੈ ਗਿਆ। ਇਹ ਸਾਰੇ ਉਥੇ ਪੰਜ-ਸੱਤ ਸਾਲ ਰਹਿ ਕੇ ਆਪਣੇ ਘਰ ਪਿੰਡ ਲਾਡੋਵਾਲੀ ਪਰਤੇ ਸਨ।

ਬਸੰਤ ਰਾਮ ਨੇ ਅੰਮ੍ਰਿਤਸਰੋਂ ਆ ਕੇ ਪਿੰਡ ਦੇ ਇਕ ਹੋਰ ਆਦਮੀ ਕਿਰਪਾ ਰਾਮ ਨਾਲ ਮਿਲ ਕੇ ਜਲੰਧਰ ਸ਼ਹਿਰ ਦੀ ਸਬਜ਼ੀ ਮੰਡੀ ਦੇ ਲਾਲਿਆਂ ਦੀ ਲਾਡੋਵਾਲੀ ਪਿੰਡ ਵਿਚ ਹੀ ਪੈਂਦੀ ਵਾਹੁਣ ਵਾਲੀ ਜ਼ਮੀਨ ਠੇਕੇ ਤੇ ਲੈ ਲਈ। ਬਾਬਾ ਬਸੰਤ ਰਾਮ ਬਹੁਤ ਵਾਰ ਘਰ ਦੀਆਂ ਕਹਾਣੀਆਂ ਸੁਣਾਉਂਦਾ ਤੇ ਦੱਸਦਾ ਮੇਰਾ ਜਨਮ ਰੌਲਿਆਂ ਵੇਲੇ ਹੋਇਆ। ਜਦੋਂ ਸਭ ਪਾਸੇ ਵੱਢ ਵਢਾਂਗਾ ਹੋ ਰਿਹਾ ਸੀ ਤਾਂ ਅਸੀਂ ਕਈ ਟੱਬਰ ਖਾਲਸਾ ਸਕੂਲ ਵਿਚ ਜਾ ਲੁਕੇ। ਉਥੇ ਪਹੁੰਚ ਕੇ ਮੇਰੀ ਮਾਂ ਰੱਖੀ ਨੂੰ ਖਿਆਲ ਆਇਆ ਕਿ ਉਹਦਾ ਪੁੱਤ ਪ੍ਰੇਮ ਤਾਂ ਕਾਹਲੀ ਵਿਚ ਅੰਦਰ ਮੰਜੇ ਉੱਤੇ ਸੁੱਤਾ ਰਹਿ ਗਿਆ। ਸੁਣ ਕੇ ਤੇਰੀ ਭੂਆ ਕਰਮੀ ਵਰ੍ਹਦੀ ਅੱਗ 'ਚ ਘਰ ਨੂੰ ਦੌੜੀ ਗਈ ਸੀ ਤੇ ਤੈਨੂੰ ਮੰਜੇ 'ਤੇ ਸੁੱਤੇ ਪਏ ਨੂੰ ਚੁੰਨੀ ਵਿਚ ਲੁਕੋ ਕੇ ਛੂਟ ਵੱਟੀ ਤੇ ਸਕੂਲ ਆ ਪਹੁੰਚੀ ਸੀ।

ਬਸੰਤ ਰਾਮ ਹੈ ਤਾਂ ਮੇਰਾ ਬਾਬਾ ਲਗਦਾ ਸੀ ਪਰ ਮੈਂ ਆਪਣੇ ਪਿਤਾ ਦੇ ਚਾਚੇ ਹੁਣਾਂ ਦੀ ਰੀਸੇ ਉਹਨੂੰ ਚਾਚਾ ਹੀ ਕਹਿੰਦਾ। ਉਹਨੇ ਆਪਣੇ ਭਤੀਜੇ ਭਤੀਜੀਆਂ ਨੂੰ ਪਾਲਣ ਖਾਤਰ ਆਪ ਵਿਆਹ ਨਹੀਂ ਸੀ ਕਰਾਇਆ।

ਜਦੋਂ ਮੈਂ ਸੁਰਤ ਸੰਭਾਲੀ ਮੈਂ ਜਾਣਿਆ ਅਸੀਂ ਜਿਹੜੇ ਪਿੰਡ ਵਿਚ ਰਹਿੰਦੇ ਹਾਂ ਉਹਦਾ ਨਾਂ ਲਾਡੋਵਾਲੀ ਹੈ। ਇਸ ਪਿੰਡ ਤੋਂ ਜਲੰਧਰ ਸ਼ਹਿਰ ਵਿਚ ਪਹੁੰਚਣ ਲਈ ਤਿੰਨ ਮੀਲ ਪੈਂਡਾ ਤੈਅ ਕਰਨਾ ਪੈਂਦਾ ਹੈ। ਪਿੰਡ ਦੀ ਜ਼ਮੀਨ ਤੇ ਅਸੀਂ ਖੇਤੀ ਕਰਦੇ ਸੀ। ਸਾਡੇ ਖੇਤਾਂ ਵਿਚ ਬਹੁਤਾ ਕਰਕੇ ਸਬਜ਼ੀਆਂ ਹੀ ਬੀਜੀਆਂ ਜਾਂਦੀਆਂ। ਕਣਕ ਤੇ ਝੋਨਾ ਬਹੁਤ ਥੋੜ੍ਹਾ ਬੀਜਿਆ ਜਾਂਦਾ, ਗੁਜ਼ਾਰੇ ਜੋਗਾ ਹੀ।

ਜਦੋਂ ਮੈਂ ਸੁਰਤ ਸੰਭਾਲ ਰਿਹਾ ਸੀ ਉਦੋਂ ਸਾਰਾ ਪਿੰਡ (ਲਾਡੋਵਾਲੀ) ਮੁੜ ਕੇ ਵਸ ਰਿਹਾ ਸੀ। ਜਦੋਂ ਵੀ ਮੈਂ ਬਾਬੇ ਕੋਲ ਬੈਠਦਾ ਤਾਂ ਉਹ ਦੱਸਦਾ ਇਹ ਪਿੰਡ ਸਾਡੇ ਅੱਠ ਘਰ ਛਡ ਕੇ ਬਾਕੀ ਸਾਰਾ ਹੀ ਮੁਸਲਮਾਨਾਂ ਦਾ ਪਿੰਡ ਸੀ। ਸਾਡੇ ਘਰਾਂ ਦੇ ਨਾਲ ਹੀ ਲੰਮੇ ਨੱਕ ਵਾਲਿਆਂ ਦਾ ਘਰ ਸੀ ਨਾਲ ਹੀ ਕਰਤਾਰਪੁਰੀਆਂ ਦੀ

ਵੱਡੀ ਕੋਠੀ, ਉਨ੍ਹਾਂ ਦੇ ਸਾਹਮਣੇ ਬੀਬੀ ਸੂਦਣੀ ਦੀ ਕੋਠੀ ਤੇ ਨਾਲ ਹੀ ਮਾਸਟਰ ਗੁਰਨਾਮ ਸਿੰਘ ਦੇ ਪਰਿਵਾਰ ਦਾ ਵੱਡਾ ਸਾਰਾ ਘਰ ਤੇ ਅਗਾਂਹ ਖਾਲਸਾ ਕਾਲਜ-ਸਕੂਲ ਦੀਆਂ ਗਰਾਊਂਡਾਂ। ਇਹ ਘਰ ਲਹਿੰਦੀ ਵਲ ਸੀ, ਚੜ੍ਹਦੀ ਵਲ ਸਾਰਾ ਪਿੰਡ ਮੁਸਲਿਮ ਅਬਾਦੀ ਵਾਲਾ, ਫਿਰ ਅੱਗੇ ਜੀ ਟੀ ਰੋਡ ਦਿੱਲੀ ਲਾਹੌਰ ਰੋਡ।

ਬਾਬਾ ਬਸੰਤਾ ਅੱਠ ਨੌਂ ਸਾਲਾਂ ਬਾਅਦ ਆਪਣੇ ਪਿੰਡ ਲਾਡੋਵਾਲੀ ਮੁੜਿਆ। ਉਹਦੇ ਭਤੀਜੇ ਤੇ ਭਤੀਜੀਆਂ ਜੁਆਨ ਹੋ ਰਹੇ ਸਨ। ਕੰਮ ਤਾਂ ਉਥੇ ਵੀ ਚੰਗਾ ਚੱਲ ਪਿਆ ਸੀ। ਬਸੰਤਾ ਦੋਹਾਂ ਮੁੰਡਿਆਂ ਨੂੰ ਨਾਲ ਤੋਰਦਾ ਤੇ ਸ਼ਹਿਰੋਂ ਬਾਹਰ ਖੇਤਾਂ ਜੰਗਲਾਂ ਚੋਂ ਸ਼ਿਸ਼ਰਿਆਂ ਦੇ ਪੱਤੇ ਤੋੜ ਕੇ ਲਿਆਉਂਦੇ। ਫਿਰ ਸਾਰਾ ਦਿਨ ਗੁਰਦੁਆਰਾ ਬਾਬਾ ਅਟੱਲ 'ਚ ਬਹਿ ਕੇ ਡੂਨੇ ਪਤਲਾਂ ਲਾਈ ਜਾਂਦੇ ਜਿਨ੍ਹਾਂ ਨੂੰ ਗੁਰਦੁਆਰੇ ਵਾਲੇ ਖਰੀਦ ਲੈਂਦੇ। ਪਰ ਘਰ ਦਾ ਮੋਹ ਬਸੰਤੇ ਨੂੰ ਮੁੜ ਲਾਡੋਵਾਲੀ ਲੈ ਆਇਆ।

ਪੜਦਾਦਾ ਕਾਹਨਾ ਹੀ ਸਾਰੇ ਘਰਾਂ ਚੋਂ ਵਡੇਰਾ ਸੀ। ਪੰਦਰਾਂ ਵੀਹ ਜੀਅ ਉਸੇ ਦੇ ਪਰਿਵਾਰ ਦੇ ਮੈਂਬਰ ਸਨ। ਚਾਰ ਭਰਾਵਾਂ ਦੀ ਔਲਾਦ। ਕਾਹਨੇ ਦੇ ਵਢੇਰੇ ਕਿਤੇ ਮਹਾਰਾਜਾ ਰਣਜੀਤ ਸਿੰਘ ਦੇ ਕਿਸੇ ਵੱਡੇ ਅਫ਼ਸਰ ਦੇ ਨਾਲ ਰਹੇ ਸਨ। ਰੱਬ ਜਾਣੇ ਕੀ ਕੰਮ ਕਰਦੇ ਸਨ। ਉਸ ਅੰਗਰੇਜ਼ ਅਫ਼ਸਰ ਨੇ ਜਿਹੜਾ ਕਿ ਛਾਉਣੀ ਵਾਲੀ ਸੜਕ ਉਪਰਲੀ ਕੋਠੀ ਵਿਚ ਰਹਿੰਦਾ ਸੀ, ਜੀ. ਟੀ. ਰੋਡ ਦੇ ਨਾਲ ਲਗਦੀ ਬਹੁਤ ਸਾਰੀ ਜ਼ਮੀਨ ਵਾਹੁਣ ਲਈ ਦਿੱਤੀ ਹੋਈ ਸੀ। ਨਾਲ ਹੀ ਸਾਰੇ ਟੱਬਰ ਦੇ ਰਹਿਣ ਲਈ ਤਿੰਨ ਕਨਾਲ ਜ਼ਮੀਨ ਵੀ ਦਿੱਤੀ। ਉੱਚੇ ਪਿੰਡ ਤੋਂ ਆਏ ਗੁਰੂ ਮੰਗਲ ਦਾਸ ਨੇ ਖੂਹੀ ਪੁਟਵਾਈ ਤੇ ਪਿਲਕਣ ਦਾ ਬੂਟਾ ਲਾਇਆ।

1960 ਵਿਚ ਮੈਨੂੰ ਭਾਈਏ ਕੋਲੋਂ ਪਤਾ ਲੱਗਾ ਕਿ ਸਾਡੇ ਵੱਡੇ ਵਡੇਰੇ ਜਿਨ੍ਹਾਂ ਨੂੰ ਅਸੀਂ ਜਠੇਰੇ ਕਹਿੰਦੇ ਹਾਂ, ਅਲੀ ਦੀ ਬਸੀ ਪਿੰਡ ਵਿਚ ਵਸਦੇ ਸਨ। ਉਦੋਂ ਕੁ ਹੀ ਅਲੀ ਦੀ ਬਸੀ ਦੇ ਨੇੜੇ ਵਸਦੇ ਪਿੰਡ ਜੰਡੋਲੀ ਤੋਂ ਦੋ ਬੰਦੇ ਸਾਡੇ ਬਾਬੇ ਹੁਣਾਂ ਨੂੰ ਮਿਲਣ ਆਏ ਜਿਨ੍ਹਾਂ ਸਾਡੇ ਪੁਰਖਿਆਂ ਬਾਰੇ ਕਈ ਹੈਰਾਨਕੁੰਨ ਨਵੀਆਂ ਗੱਲਾਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਹੀ ਦੱਸਿਆ ਕਿ ਸਾਡੇ ਵਡੇਰੇ ਹੀ ਸਨ ਜਿਹੜੇ ਫਿਰਦੇ ਤੁਰਦੇ ਸਤਲੁਜ ਟਪ ਕੇ ਆਨੰਦਪੁਰ ਜਾ ਪਹੁੰਚੇ। ਉਥੇ ਉਹ ਕਈ ਸਾਲ ਟਿਕੇ ਰਹੇ। ਫਿਰ ਬਹੁਤ ਸਾਰੇ ਹੋਰ ਲੋਕ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤਾਂ ਸਾਡੇ ਪੁਰਖੇ ਵੀ ਸਿੰਘ ਸਜ ਗਏ ਤੇ ਗੁਰੂ ਗੋਬਿੰਦ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ। ਫਿਰ ਲੜਾਈਆਂ ਹੋਈਆਂ, ਗੁਰੂ ਨੂੰ ਆਪ ਹੋਰ ਰੂਪ ਧਾਰ ਕੇ ਦੌੜਨਾ ਪਿਆ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਉਹ ਹੀ ਸਮਾਂ ਸੀ ਜਦੋਂ ਸਾਡੇ ਵਡੇਰੇ ਜਾਂ ਤਾਂ ਮਾਰੇ ਗਏ ਜਾਂ ਲੁਕ ਛੁਪ ਕੇ ਤੁਰਦੇ ਹੋਏ ਜਲੰਧਰ ਦੇ ਨੇੜੇ ਪੇਂਡੂ ਇਲਾਕੇ ਵਿਚ ਰਹਿਣ ਲਗ ਪਏ। ਉਹ ਆਮ ਕਰਕੇ ਮਿਹਨਤ ਮਜ਼ਦੂਰੀ ਕਰਦੇ ਜਾਂ ਆਲੇ-ਦੁਆਲੇ ਤੋਂ ਪੱਤੇ ਤੋੜ ਲਿਆਉਂਦੇ ਤੇ ਡੂਨੇ ਬਣਾਉਂਦੇ। ਜਦੋਂ ਇਨ੍ਹਾਂ ਬੰਦਿਆਂ ਦੇ ਪਿਛੋਕੜ ਦੀ ਭਿੜਕ ਮਹਾਰਾਜਾ ਰਣਜੀਤ ਸਿੰਘ ਨੂੰ ਪਈ ਤਾਂ ਉਹਨੇ ਆਪਣੇ ਅੰਗਰੇਜ਼ ਅਫ਼ਸਰ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਤੋਂ ਫੌਜ ਦਾ ਕੰਮ ਲਿਆ ਜਾਵੇ, ਰਹਿਣ ਲਈ ਜ਼ਮੀਨ ਦਿਓ। ਹੁਣ ਇਹ ਇਤਿਹਾਸ ਕਿੰਨਾ ਕੁ ਸੱਚਾ ਹੈ ਤੇ ਅਲੀ ਦੀ ਬਸੀ ਵਾਲਿਆਂ ਦੀ ਆਖੀ ਗੱਲ ਕਿੰਨੀ ਕੁ ਸਹੀ ਜਾਂ ਗਲਤ ਹੈ ਇਹ ਤਾਂ ਉਪਰ ਵਾਲਾ ਹੀ ਜਾਣੇ। ਮੈਨੂੰ ਤਾਂ ਐਨੇ ਸੱਚ ਦਾ ਜ਼ਰੂਰ ਪਤਾ ਹੈ ਕਿ ਲਾਡੋਵਾਲੀ ਜਿਸ ਜ਼ਮੀਨ ਉਪਰ ਮੇਰੇ ਪੁਰਖੇ ਰਹਿੰਦੇ ਆਏ ਹਨ ਉਹ ਅੰਗਰੇਜ਼ ਅਫ਼ਸਰ ਦੀ ਦਿੱਤੀ ਹੋਈ ਹੈ ਜਿਸ ਦਾ ਸਾਡੇ ਪੁਰਖਿਆਂ ਕੋਲ ਕੋਈ ਨਾ ਕਾਗਜ਼ ਸੀ ਨਾ ਕੋਈ ਹੱਥ ਲਿਖਤ, ਹਾਂ ਪੁਰਾਣੀ ਤਹਿਸੀਲ ਵਿਚ ਇਕ ਸਮੇਂ ਮੈਂ ਜ਼ਰੂਰ ਦੇਖੇ ਸਨ।

(**ਸੰਪਰਕ-98555-91762**)

## ਮੇਰੇ ਪੁਰਖੇ ਮੇਰੀ ਜ਼ਿੰਦ ਜਾਨ/-ਸਰੂਪ ਸਿਆਲਵੀ

ਘਰ ਦਾ ਕਲਹ-ਕਲੇਸ਼ ਮੁਕਾਉਣ ਲਈ ਬਾਪੂ ਨੱਥਾ ਸਿੰਘ ਨੇ ਬਾਈ ਤੇ ਚਾਚਾ ਦੋਵੇਂ ਭਰਾਵਾਂ ਨੂੰ ਅੱਡ ਅੱਡ ਕਰ ਦਿੱਤਾ ਸੀ। ਤੇ ਕਿਹਾ ਸੀ, "ਜੇ 'ਕੱਠੇ ਰਹਿ ਕੇ ਸਾਂਝੇ ਚੁੱਲ੍ਹੇ ਉੱਤੇ ਪੱਕੀ ਰੋਟੀ ਨੀ ਪਚਦੀ ਥੁਆਨੂੰ ਤਾਂ ਕਰੋ ਅੱਡ ਅੱਡ ਚੁੱਲ੍ਹੇ ਤੇ ਨਾਲੇ ਬੈਠੋ ਜਾ ਕੇ ਡੰਗਰਾਂ ਆਲੇ, ਤੂੜੀ ਆਲੇ ਤੇ ਲੱਕੜ ਕਾਠ ਆਲੇ ਕੋਠਿਆ ਵਿਚ ਆ।" ਪਹਿਲਾਂ ਪੰਜ ਖਣਾਂ ਦੀ ਬੈਠਕ ਵਿਚ ਪਿਛਲੀ ਕੰਧ ਨੂੰ ਢੋਅ ਲਾ ਕੇ ਬਾਪੂ, ਬਾਈ ਤੇ ਚਾਚਾ, ਤਿੰਨੇ ਜਣੇ ਆਪਣੇ ਆਪਣੇ ਅੱਡਿਆਂ ਉੱਤੇ ਮੌਜ ਨਾਲ ਬਹਿ ਕੇ ਜੁੱਤੀਆਂ ਬਣਾਉਂਦੇ ਸਨ। ਹੁਣ ਜੁਦੇ ਹੋ ਕੇ ਬੇਬੇ ਤੇ ਚਾਚੀ ਦੇ ਸੰਦੂਕ ਪੰਜ ਖਣਾਂ ਦੀ ਬੈਠਕ ਨਾਲ ਲਗਦੇ ਢਾਈ ਖਣਾਂ ਦੇ ਕਮਰੇ ਵਿਚ ਰੱਖ ਦਿੱਤੇ ਸਨ। ਪਹਿਲਾਂ ਇਸ ਕਮਰੇ ਵਿਚ ਮੱਝਾਂ ਬੰਨ੍ਹਦੇ ਸਨ। ਹੋਰ ਨਿੱਕਾ ਮੋਟਾ ਸਮਾਨ ਇਸ ਕਮਰੇ ਤੋਂ ਪਿਛਲੀ ਕੋਠੜੀ ਵਿਚ ਰੱਖ ਦਿੱਤਾ ਸੀ। ਪਹਿਲਾਂ ਇਹ ਕੋਠੜੀ ਤੂੜੀ ਨਾਲ ਭਰੀ ਰਹਿੰਦੀ ਸੀ।

ਪੰਜ ਖਣਾਂ ਦੀ ਬੈਠਕ ਤੋਂ ਅੱਗੇ ਵਿਹੜਾ ਸੀ ਤੇ ਵਿਹੜੇ ਨਾਲ ਲਗਦੀ ਕੂਚਾ ਗਲੀ ਨਾਲ ਲਗਦਾ ਇਕ ਛੇ ਖਣਾਂ ਦਾ ਨ੍ਹੇਰ ਕੁੱਪ ਕਮਰਾ ਤੇ ਅੱਗੇ ਢਾਈ ਖਣਾਂ ਦਾ ਵਰਾਂਡਾ ਸੀ। ਸਾਡੇ ਘਰ ਦੇ ਇਸਨੂੰ ਬਾਸੂ ਘਰ ਕਹਿੰਦੇ ਸੀ, ਇਹ ਬਾਈ ਜੀ ਦੀ ਵੰਡ ਵਿਚ ਆ ਗਿਆ ਸੀ। ਪੰਜ ਖਣਾਂ ਦੀ ਬੈਠਕ ਦੇ ਪਿਛਲੇ ਪਾਸੇ ਪਿੰਡੋਂ ਬਾਹਰ ਨਿਕਲਣ ਵਾਲੀ ਇਕ ਤੰਗ ਜਿਹੀ ਗਲੀ ਲਗਦੀ ਸੀ। ਇਸ ਗਲੀ ਨਾਲ ਲਗਦਾ ਇਕ ਤਿੰਨ ਕੁ ਖਣਾਂ ਦਾ ਕਮਰਾ ਵੀ ਬਾਈ ਜੀ ਦੀ ਵੰਡ ਵਿਚ ਆਇਆ ਸੀ। ਇਸ ਕਮਰੇ ਵਿਚ ਬਾਲਣ ਰੱਖਿਆ ਜਾਂਦਾ ਸੀ। ਇਸ ਕਮਰੇ ਦੀਆਂ ਕੰਧਾਂ ਪਖਾਨਿਆਂ ਨਾਲ ਬਣੀਆਂ ਟੇਢੀਆਂ ਮੇਢੀਆਂ ਜਿਹੀਆਂ ਸਨ। ਇਸਦੀ ਛੱਤ ਅੱਧਘੜ ਸ਼ਤੀਰਾਂ ਥੱਲੇ ਦਿੱਤੀਆਂ ਥੰਮੀਆਂ ਉੱਤੇ ਖੜ੍ਹੀ ਸੀ। ਛੱਤ ਉੱਤੇ ਬਾਲਿਆਂ ਦੀ ਥਾਂ ਟੇਢੀਆਂ ਮੇਢੀਆਂ ਕੜੀਆਂ ਪਾਈਆਂ ਹੋਈਆਂ ਸਨ। ਮੇਰੀ ਬੀਬੀ ਨੇ ਟੇਢੀਆਂ ਕੰਧਾਂ ਉੱਤੇ ਪਰੋਲੇ ਨਾਲ ਪਾਂਡੂ ਫੇਰ ਦਿੱਤਾ ਸੀ ਤੇ ਕੱਚੇ ਫਰਸ਼ ਨੂੰ ਗੋਹੇ ਮਿੱਟੀ ਨਾਲ ਲਿਪ ਦਿੱਤਾ ਸੀ। ਬਾਈ ਜੀ ਦਰਵਾਜ਼ੇ ਨਾਲ ਲਗਦੀ ਦੀਵਾਰ ਨੂੰ ਢੋਅ ਲਾ ਕੇ ਬਹਿ ਬੂਟ ਗੁਰਗਾਬੀਆਂ ਬਣਾਉਣ ਲੱਗ ਪਿਆ ਸੀ।

ਬਾਈ ਜੀ ਇਕ ਦਿਨ ਵੀ ਸਕੂਲ ਨਹੀਂ ਸੀ ਗਿਆ। ਪਰ ਉਹਨੇ ਡੇਰੇ ਵਿਚਲੇ ਸੰਤਾਂ ਦੀ ਸੰਗਤ ਕਰਦਿਆਂ ਪੰਜਾਬੀ ਪੜ੍ਹਨੀ ਤੇ ਲਿਖਣੀ ਸਿਖ ਲਈ ਸੀ। ਤੇ ਉਹਨੂੰ ਧਾਰਮਿਕ ਗ੍ਰੰਥ ਤੇ ਕਿੱਸੇ ਪੜ੍ਹਨ ਦੀ ਚੇਟਕ ਲੱਗ ਗਈ ਸੀ। ਉਹਨੇ ਮਹਾਂਭਾਰਤ (ਆਦਿ ਪਰਵ) ਭਗਵਤ ਗੀਤਾ, ਪੂਰਨ ਭਗਤ, ਜਾਨੀ ਚੋਰ, ਜ਼ਿੰਦਗੀ ਬਿਲਾਸ ਆਦਿ ਕਿੱਸੇ ਖਰੀਦ ਕੇ ਰੱਖੇ ਹੋਏ ਸਨ। ਬਾਈ ਜੀ ਨੇ ਬਚਨੇ ਤਖਾਣ ਤੋਂ ਇਕ ਛੇ ਫੁੱਟ ਲੰਬਾ ਢੋਅ ਲਾ ਕੇ ਬੈਠਣ ਵਾਲਾ ਬੈਂਚ ਬਣਵਾ ਕੇ ਸਾਹਮਣੇ ਵਾਲੀ ਕੰਧ ਨਾਲ ਲਿਆ ਕੇ ਰੱਖ ਲਿਆ ਸੀ। ਉਹ ਆਪਣਾ ਬੂਟ, ਗੁਰਗਾਬੀਆਂ ਬਣਾਉਣ ਦਾ ਕੰਮ ਕਰੀ ਜਾਂਦਾ ਸੀ ਤੇ ਨਾਲ ਦੀ ਨਾਲ ਉਹਦੇ ਕੋਲ ਆ ਕੇ ਬਹਿਣ ਵਾਲਿਆਂ ਨੂੰ ਮਹਾਂਭਾਰਤ ਦੀਆਂ ਕਹਾਣੀਆਂ ਸੁਣਾਈ ਜਾਂਦਾ ਸੀ। ਬਾਈ ਜੀ ਨੇ ਮੈਨੂੰ ਵੀ ਚਾਰ, ਪੰਜ ਸਾਲ ਦੀ ਉਮਰ ਵਿਚ ਪੰਜਾਬੀ ਪੜ੍ਹਨੀ ਤੇ ਲਿਖਣੀ ਸਿਖਾ ਦਿੱਤੀ ਸੀ। ਤੇ ਮੈਂ ਧਾਰਮਿਕ ਗ੍ਰੰਥ ਤੇ ਕਿੱਸੇ ਪੜ੍ਹਨ ਲੱਗ ਪਿਆ ਸੀ। ਬਾਈ ਜੀ ਮੈਨੂੰ ਮਹਾਂਭਾਰਤ ਵਿਚੋਂ ਕੋਈ ਕਹਾਣੀ ਪੜ੍ਹਕੇ ਸੁਣਾਉਣ ਨੂੰ ਕਹਿੰਦਾ। ਮੈਂ ਕੰਧ ਵਿਚ ਬਣੇ ਵੱਡੇ ਆਲੇ ਵਿਚੋਂ ਬੜੇ ਅਦਬ ਨਾਲ ਰੁਮਾਲੇ ਵਿਚ ਲਪੇਟੇ ਮਹਾਂ ਭਾਰਤ ਨੂੰ ਚੁੱਕਦਾ ਤੇ ਰਹੇਲ ਉੱਤੇ ਰੱਖਕੇ ਪੜ੍ਹਨ ਲੱਗ ਪੈਂਦਾ। ਬਾਈ ਜੀ ਮੈਨੂੰ ਪੜ੍ਹਨ ਤੋਂ ਰੋਕ ਕੇ ਨਾਲ ਦੀ ਨਾਲ ਵਿਆਖਿਆ ਕਰੀ ਜਾਂਦਾ ਸੀ। ਉਹ ਮਹਾਂਭਾਰਤ ਦੇ ਨਾਇਕ ਅਰਜਣ ਦੀ ਬਹੁਤ ਸਿਫ਼ਤ ਕਰਦਾ ਰਹਿੰਦਾ

ਸੀ।

ਸੰਨ 1954 ਵਿਚ ਮੈਨੂੰ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਲਾ ਦਿੱਤਾ ਗਿਆ ਸੀ। ਮੈਂ ਘਰ ਵਿਚ ਹੀ ਪੰਜਾਬੀ ਪੜ੍ਹਨੀ ਤੇ ਲਿਖਣੀ ਤੇ 100 ਤੱਕ ਗਿਣਤੀ ਲਿਖਣੀ ਸਿਖੀ ਹੋਣ ਕਰਕੇ ਪੜ੍ਹਾਈ ਵਿਚ ਦੂਸਰੇ ਵਿਦਿਆਰਥੀਆਂ ਨਾਲੋਂ ਅੱਗੇ ਰਹਿੰਦਾ ਸੀ। ਸਕੂਲ ਦੇ ਮੁਖ ਅਧਿਆਪਕ ਸ੍ਰੀ ਲਛਮਣ ਦਾਸ ਸਾਡੀ ਜਮਾਤ ਦੇ ਇੰਚਾਰਜ ਸਨ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਉਹ ਮੈਨੂੰ ਪਹਿਲੀ ਤੋਂ ਪੰਜਵੀਂ ਤੱਕ ਹਰ ਸਾਲ ਕਲਾਸ ਦਾ ਮਨੀਟਰ ਬਣਾਉਂਦੇ ਰਹੇ ਸਨ। ਉਹ ਬਾਈ ਜੀ ਤੋਂ ਬੂਟ ਜਾਂ ਚੱਪਲ ਬਣਵਾ ਕੇ ਪਾਉਂਦੇ ਸਨ। ਉਹ ਸਾਡੀ ਦੁਕਾਨ ਤੇ ਆ ਕੇ ਬੈਠੇ ਰਹਿੰਦੇ, ਸਿਗਰਟ ਪੀਈ ਜਾਂਦੇ ਤੇ ਬਾਈ ਜੀ ਨਾਲ ਹਸ ਹਸ ਕੇ ਗੱਲਾਂ ਮਾਰੀ ਜਾਂਦੇ ਸਨ। ਉਹ ਸਾਂਵਲੇ ਚਿਹਰੇ ਉੱਤੇ ਮੁਸਕਾਨ ਲਿਆ ਕੇ ਬਾਈ ਜੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਖਦੇ, "ਨੰਬਰਦਾਰ! ਲੈ ਮੇਰੀ ਅੱਜ ਦੀ ਕਹੀ ਹੋਈ ਗੱਲ ਯਾਦ ਰੱਖੀਂ! ਤੇਰਾ ਮੁੰਡਾ ਸਰੂਪ ਵੱਡਾ ਹੋ ਕੇ ਕੁਝ ਬਣੂਗਾ।" ਮੈਂ ਪਹਿਲੀ ਤੋਂ ਦੱਸਵੀਂ ਤੱਕ ਫਸਟ ਆਉਂਦਾ ਰਿਹਾ ਸੀ ਤੇ ਛੇਵੀਂ ਜਮਾਤ ਵਿਚ ਸਰਕਾਰੀ ਮਿਡਲ ਸਕੂਲ, ਸਿਆਲਬਾ ਵਿਚ ਪੜ੍ਹਨ ਲੱਗ ਪਿਆ ਸੀ।

ਪੰਜਵੀਂ ਜਮਾਤ ਵਿਚ ਫਸਟ ਆਉਣ ਉੱਤੇ ਖੁਸ਼ ਹੋ ਕੇ ਬਾਪੂ ਨੱਥਾ ਸਿੰਘ ਨੇ ਮੈਨੂੰ ਰਤੀ ਰਾਮ ਤਖਾਣ ਤੋਂ ਲੱਕੜੀ ਦੀ ਗੱਡੀ ਬਣਵਾ ਕੇ ਦਿੱਤੀ ਸੀ। ਮੈਂ ਬਾਪੂ ਹੋਰਾਂ ਦੀ ਬੈਠਕ ਮੂਹਰੇ ਵਿਹੜੇ ਵਿਚ ਗੱਡੀ ਨਾਲ ਖੇਡਦਾ ਰਹਿੰਦਾ ਸੀ। ਕਦੇ ਕਦੇ ਬਾਪੂ ਮੈਨੂੰ ਹਾਕ ਮਾਰ ਕੇ ਬੁਲਾ ਕੇ ਕਹਿੰਦਾ, "ਜਾ ਆਪਣੀ ਬੰਬੇ ਤੋਂ ਮੇਰੇ ਧੋਤੇ ਹੋਏ ਕਪੜੇ ਲਿਆ।" ਬਾਪੂ ਦਾ ਕੱਦ ਬਾਈ ਜੀ ਨਾਲੋਂ ਲੰਮਾ ਸੀ, ਬਾਈ ਜੀ ਦਾ ਰੰਗ ਰਤਾ ਗੋਰਾ ਬਾਪੂ ਦਾ ਰਤਾ ਸਾਂਵਲਾ ਸੀ। ਦਾੜ੍ਹੀ ਦੋਹਾਂ ਦੀ ਰਤਾ ਲੰਬੂਤਰੀ ਸੀ ਤੇ ਬਾਪੂ ਦੀ ਕਾਲੀ ਦਾੜ੍ਹੀ ਵਿਚ ਸਫ਼ੈਦ ਵਾਲ਼ ਵੀ ਆਉਣ ਲੱਗ ਪਏ ਸਨ। ਬਾਪੂ ਪਿੱਠ ਪਿਛੇ ਲੱਗੀ ਟਾਕੀ ਵਾਲਾ ਕੁੜਤਾ ਖੋਲ੍ਹ ਕੇ ਧੋਤਾ ਹੋਇਆ ਖੱਦਰ ਦਾ ਕੁੜਤਾ ਪਾਉਂਦਾ। ਉਹਨੇ ਤੇੜ ਲੰਗਟੀ ਲਾਈ ਹੁੰਦੀ, ਪੁਰਾਣੀ ਲੜ ਪਾਈ ਧੋਤੀ ਖੋਲ੍ਹ ਕੇ ਧੋਤੀ ਹੋਈ ਧੋਤੀ ਲਾਉਂਦਾ। ਉਸ ਵੇਲੇ ਆਮ ਲੋਕ ਕੰਮ ਧੰਦੇ ਵਿਚ ਟਾਕੀਆਂ ਲੱਗੇ ਤੇ ਪੁਰਾਣੇ ਕਪੜੇ ਪਾਉਂਦੇ ਸਨ। ਸਿਰ ਉੱਤੇ ਪੱਗ ਬੰਨ੍ਹਦੇ, ਹੱਥ ਵਿਚ ਕੰਨ ਤੱਕ ਲੰਬਾ ਖੂੰਡਾ ਲੈ ਕੇ ਮੋਢੇ ਉੱਤੇ ਪਰਨਾ ਸੁੱਟ ਕੇ ਬਾਹਰ ਨਿਕਲਦਾ ਸੀ। ਬਾਪੂ ਰਵਿਦਾਸੀਆ ਬਰਾਦਰੀ ਦੀ ਪੰਚੈਤ ਵਿਚ ਪਰਿਵਾਰਕ ਤੇ ਆਪਸੀ ਝਗੜਿਆਂ ਦੇ ਫੈਸਲੇ ਕਰਵਾਉਣ ਲਈ ਮੋਹਤਬਾਰ ਬਣ ਕੇ ਜਾਂਦਾ ਹੁੰਦਾ ਸੀ। ਪਰ ਦੇਸ਼ ਅਜ਼ਾਦ ਹੋਣ ਤੋਂ ਬਾਅਦ ਬਰਾਦਰੀ ਪੰਚੈਤਾਂ ਦਾ ਚਲਨ ਹੌਲੀ ਹੌਲੀ ਘਟਦਾ ਜਾ ਰਿਹਾ ਸੀ। ਤੇ ਬਰਾਦਰੀ ਪੰਚੈਤਾਂ ਦੀ ਥਾਂ ਪਿੰਡ ਦੇ ਨਾਗਰਿਕਾਂ ਦੁਆਰਾ ਚੁਣੀਆਂ ਜਾਂਦੀਆਂ ਪੰਚੈਤਾਂ ਨੇ ਲੈ ਲਈ ਸੀ। ਬਾਪੂ ਅਨਪੜ੍ਹ ਸੀ ਤੇ ਬਾਈ ਪੰਜਾਬੀ ਲਿਖਣੀ ਤੇ ਪੜ੍ਹਨੀ ਜਾਣਦਾ ਸੀ। ਇਸ ਲਈ ਬਾਪੂ ਦੀ ਥਾਂ ਬਾਈ ਜੀ ਅੱਗੇ ਆਉਣ ਲੱਗ ਪਿਆ ਸੀ ਤੇ ਬਾਈ ਜੀ ਸੰਨ 1952 ਤੇ ਸੰਨ 1957 ਦੀਆਂ ਪੰਚੈਤ ਚੋਣਾਂ ਵਿਚ ਅਨੁਸੂਚਿਤ ਜਾਤੀ ਦੀ ਪੰਚੀ ਦੀ ਰਿਜ਼ਰਵ ਸੀਟ ਉੱਤੇ ਚੋਣ ਜਿੱਤ ਕੇ ਪੰਚ ਬਣਦਾ ਰਿਹਾ ਸੀ। ਹੁੰਦਾ ਇਸ ਤਰ੍ਹਾਂ ਕਿ ਚੋਣਾਂ ਤੋਂ ਪਹਿਲਾਂ ਰਵਿਦਾਸੀਏ ਤੇ ਬਾਲਮੀਕੀ ਭਾਈਚਾਰੇ ਦੀ ਸਾਂਝੀ ਮੀਟਿੰਗ ਬੁਲਾਈ ਜਾਂਦੀ ਸੀ ਤੇ ਪੰਚੀ ਲਈ ਉਮੀਦਵਾਰ ਖੜ੍ਹਾ ਕਰਨ ਬਾਰੇ ਵਿਚਾਰ-ਵਟਾਂਦਰਾ ਕਰਕੇ ਪੰਚੀ ਲਈ ਉਮੀਦਵਾਰ ਤੈਅ ਕੀਤਾ ਜਾਂਦਾ ਸੀ। ਦੋਵੇਂ ਜਾਤੀਆਂ ਦੇ ਭਾਈਚਾਰੇ ਵੱਲੋਂ ਬਾਈ ਜੀ ਨੂੰ 1952 ਤੇ 1957 ਵਿਚ ਉਮੀਦਵਾਰ ਖੜ੍ਹਾ ਕੇ ਜਿਤਾਇਆ ਗਿਆ ਸੀ । ਤੇ ਪਿੰਡ ਦੇ ਉੱਚ ਜਾਤੀਆ ਦੇ ਰਾਜਨੀਤੀ ਵਿਚ ਆ ਕੇ ਬਾਈ ਜੀ ਵਿਰੁੱਖ ਖੜ੍ਹਾ ਕੀਤਾ ਐਸ ਸੀ ਉਮੀਦਵਾਰ ਬੁਰੀ ਤਰ੍ਹਾਂ ਚੋਣ ਹਾਰਦਾ ਰਿਹਾ ਸੀ।

ਸੰਨ 1955 ਵਿਚ ਦਲਿਤ, ਅਛੂਤਾਂ ਵਿਚੋਂ ਉਹਨਾਂ ਦੇ ਆਪਣੇ ਨੰਬਰਦਾਰ ਬਣਾਏ ਜਾਣ ਦਾ ਪੰਜਾਬ ਸਰਕਾਰ ਵਲੋਂ ਕਾਨੂੰਨ ਪਾਸ ਕੀਤਾ ਗਿਆ ਸੀ। ਤਾਂ ਜੋ ਦਲਿਤਾਂ, ਗਰੀਬਾਂ ਨੂੰ ਆਪਣੇ ਪ੍ਰਸ਼ਾਸਨਿਕ ਤੇ

ਅਦਾਲਤੀ ਕੰਮਾਂ ਲਈ ਉੱਚ ਜਾਤੀ ਨੰਬਰਦਾਰਾਂ ਦੇ ਮੁਹਤਾਜ ਨਾ ਹੋਣਾ ਪਵੇ ਉਨ੍ਹਾਂ ਦੀਆਂ ਵਗਾਰਾ ਨਾ ਕਰਨੀਆਂ ਪੈਣ। ਮਜ਼ਬੀ, ਰਵਿਦਾਸੀਆ ਦੇ ਭਾਈਚਾਰੇ ਵੱਲੋਂ ਤੇ ਪਿੰਡ ਦੀ ਪੰਚੈਤ ਵਲੋਂ ਫਿਰ ਬਾਈ ਆਸਾ ਸਿੰਘ ਨੂੰ ਹੀ ਨੰਬਰਦਾਰੀ ਦਾ ਉਮੀਦਵਾਰ ਬਣਾ ਕੇ, ਉਹਦਾ ਕੇਸ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਸੀ। ਰਵਿਦਾਸੀਆਂ ਵਿਚੋਂ ਹੀ ਮਾਘੀ ਸਿੰਘ ਨੂੰ ਚੁਕ ਚੁਕਾ ਕੇ ਉਹਦੇ ਮੁਕਾਬਲੇ ਵਿਚ ਖੜ੍ਹਾ ਕਰ ਦਿੱਤਾ ਗਿਆ ਸੀ। ਉਦੋਂ ਸਾਡਾ ਪਿੰਡ ਮਾਜਰੀ ਜ਼ਿਲ੍ਹਾ ਅੰਬਾਲਾ ਵਿਚ ਪੈਂਦਾ ਸੀ। ਦੋਹਾਂ ਦਾ ਕੇਸ ਡੀ ਸੀ ਅੰਬਾਲਾ ਦੀ ਅਦਾਲਤ ਵਿਚ ਲੱਗਿਆ ਤੇ ਫੈਸਲਾ ਬਾਈ ਜੀ ਦੇ ਹੱਕ ਵਿਚ ਹੋਇਆ। ਤੇ ਬਾਈ ਜੀ ਪਿੰਡ ਮਾਜਰੀ ਦਾ ਉੱਚ ਜਾਤੀ ਦੇ ਦੋ ਨੰਬਰਦਾਰਾਂ ਨਾਲ ਤੀਸਰਾ ਨੰਬਰਦਾਰ ਬਣ ਗਿਆ ਸੀ। ਕਿਉਂਕਿ ਅਨੁਸੂਚਿਤ ਜਾਤੀਆਂ ਵਿਚੋਂ ਬਣਿਆ ਨੰਬਰਦਾਰ ਕੇਵਲ ਐਸ ਸੀ ਦੇ ਹੀ ਨਹੀਂ ਉੱਚ ਜਾਤੀਆਂ ਦੇ ਕੰਮ ਵੀ ਕਰ ਸਕਦਾ ਸੀ। ਤੇ ਮਿਲਣਸਾਰ ਹੋਣ ਕਰਕੇ ਉੱਚ ਜਾਤੀ ਕਿਸਾਨਾਂ ਦੇ ਜ਼ਮੀਨ ਦੀਆਂ ਰਜਿਸਟਰੀਆਂ ਇੰਤਕਾਲ, ਤਸਦੀਕ ਕਰਨ ਆਦਿ ਦੇ ਬਹੁਤ ਕੰਮ ਵੀ ਬਾਈ ਜੀ ਕੋਲ ਹੀ ਆਉਂਦੇ ਸਨ।

ਨੰਬਰਦਾਰ ਤੇ ਪੰਚ ਹੋਣ ਕਰਕੇ ਬਾਈ ਜੀ ਕੋਲ ਨਿੱਕੇ ਮੋਟੇ ਝਗੜੇ ਆਉਂਦੇ ਹੀ ਰਹਿੰਦੇ ਸਨ। ਉਹ ਦੋਹਾਂ ਧਿਰਾਂ ਦੀ ਗੱਲ ਨੂੰ ਧਿਆਨ ਨਾਲ ਸੁਣਦਾ ਤੇ ਵਧੀਕੀ ਕਰਨ ਵਾਲੇ ਨੂੰ ਕਸੂਰਵਾਰ ਠਹਿਰਾਉਂਦਾ ਸੀ ਤੇ ਲੋੜ ਅਨੁਸਾਰ ਡਾਂਟ ਫਟਕਾਰ ਪਾ ਵੀ ਦਿੰਦਾ ਸੀ। ਆਮ ਤੌਰ ਉੱਤੇ ਉਹਦੀ ਗੱਲ ਮੰਨ ਲਈ ਜਾਂਦੀ ਸੀ ਤੇ ਝਗੜਾ ਆਪਸੀ ਫੈਸਲੇ ਨਾਲ ਨਿਬੜ ਜਾਂਦਾ ਸੀ। ਉਹਦੀ ਪੂਰੀ ਕੋਸ਼ਿਸ਼ ਹੁੰਦੀ ਕਿ ਆਪਮੀ ਝਗੜਿਆ ਨੂੰ ਗੱਲ ਬਾਤ ਰਾਹੀਂ ਨਬੇੜਿਆ ਜਾਵੇ ਤਾਂ ਜੋ ਝਗੜਾ ਅੱਗੇ ਨਾ ਵਧੇ।

ਪਰ ਬਦਲ ਰਹੀਆਂ ਪ੍ਰਸਥਿਤੀਆਂ ਕਰਕੇ ਗਰੀਬ-ਗੁਰਬੇ ਦੀ ਜ਼ਿੰਦਗੀ ਕਦੇ ਵੀ ਸੁਖਾਵੀਂ ਨਹੀਂ ਹੁੰਦੀ। ਉਨ੍ਹਾਂ ਨੂੰ ਕੋਈ ਨਾ ਕੋਈ ਔਕੜ ਪਈ ਹੀ ਰਹਿੰਦੀ ਏ। ਵਕਤ ਜਿਵੇਂ ਦੇਖਦਾ ਰਹਿੰਦਾ ਏ ਕਿ ਉਹ ਤੰਗ ਹਾਲੀ ਤੇ ਤੰਗ ਦਸਤੀ ਵਿਚ ਦਿਨ ਕਿਵੇਂ ਕੱਟਦੇ ਹਨ? ਮੈਨੂੰ ਪਤਾ ਨਾ ਲੱਗਦਾ ਕਿ ਬਾਈ ਜੀ ਅੱਗੇ ਕੀ ਸਮੱਸਿਆ ਆ ਕੇ ਖੜ੍ਹੀ ਹੋ ਗਈ ਸੀ, ਉਹਦਾ ਸੁਭਾ ਦਿਨ ਪ੍ਰਤੀ ਦਿਨ ਬਦਲਦਾ ਜਾ ਰਿਹਾ ਸੀ। ਬਾਈ ਜੀ ਤਾਂ ਉਹਦੇ ਕੋਲ ਆ ਕੇ ਬਹਿਣ ਵਾਲਿਆਂ ਨੂੰ ਉੱਠਣ ਨਹੀਂ ਸੀ ਦਿੰਦਾ। ਸਰੋਤੇ ਉਹਦੀਆਂ ਸੁਣਾਈਆਂ ਜਾਂਦੀਆਂ ਕਹਾਣੀਆਂ ਦਾ ਆਨੰਦ ਮਾਣ ਰਹੇ ਹੁੰਦੇ ਸਨ। ਗੱਲਾਂ ਦਾ ਚਸਕਾ ਲੈਂਦਾ, ਬਾਈ ਜੀ ਕੋਲ ਬੈਠਾ ਕੋਈ ਬੰਦਾ ਅਚਾਨਕ ਆਖਦਾ, "ਉਹ ਲੈ ਲੰਬੜਦਾਰ ! ਤੇਰੀ ਮਹਾਂਭਾਰਤ ਦੀ ਛੇੜੀ ਕਹਾਣੀ ਮੁੱਕਣ ਵਿਚ ਨੀ ਆਈ। ਮੈਂ ਤਾਂ ਕੱਖਾਂ ਦੀ ਭਰੀ ਵੱਢਕੇ ਲਿਆਉਣੀ ਤੀ। ਹੁਣ ਤਾਂ ਕੁਵੇਲਾ ਹੋ ਗਿਆ। ਕੱਲ੍ਹ ਨੂੰ ਵੱਢਕੇ ਲਿਆਊਂ।" ਪਰ ਹੁਣ ਉਹ ਦੁਕਾਨ ਵਿਚ ਉਹਦੇ ਕੋਲ ਆ ਕੇ ਬੈਠਣ ਵਾਲਿਆਂ ਨੂੰ ਮਹਾਂਭਾਰਤ ਜਾਂ ਫੌਜੀ ਜੀਵਨ ਦੀਆਂ ਕਹਾਣੀਆਂ ਸੁਣਾਉਣ ਦੀ ਥਾਂ ਆਪਣੇ ਰੋਣੇ ਰੋਣ ਲੱਗ ਪੈਂਦਾ ਸੀ। ਅਖੇ , "ਲੋਕੀ ਬੂਟ ਗੁਰਗਾਬੀਆਂ ਉਧਾਰ ਬਣਵਾ ਕੇ ਲੈ ਜਾਂਦੇ ਨੇ। ਉਹਨਾਂ ਦੇ ਘਰ ਗੇੜੇ ਮਾਰੀ ਜਾਓ ਪੈਸੇ ਦਿੰਦੇ ਨੀ ਹੈਗੇ। ਕਈ ਤਾਂ ਅੱਗੋਂ ਪੁੱਠਾ ਬੋਲਦੇ ਨੇ, 'ਤੇਰੇ ਪੈਸੇ ਮਾਰ ਤਾਂ ਨੀਂ ਲੈਂਦੇ।' ... ਪਿੰਡ ਛੱਡ ਕੇ ਤਾਂ ਨੀਂ ਭੱਜਣ ਲੱਗੇ।' 'ਜਾਹ ਦੇ ਦਮਾਂਗੇ ਜਦੋਂ ਹੋਏ।' ਉਧਰ ਕੁਰਾਲੀ ਤੋਂ ਗੁਰਦਿਆਲ ਉਧਾਰ ਚਮੜਾ ਨੀ ਦਿੰਦਾ। ਕਹਿੰਦਾ ਪਹਿਲਾਂ ਪਿਛਲਾ ਉਧਾਰ ਮੋੜੋ। ਕੀ ਕਰੀਏ ਫਸੇ ਪਏ ਆ। ਜੱਦੀ ਪੁਸ਼ਤੀ ਕਿੱਤਾ ਛੱਡਕੇ ਕਿੱਥੇ ਜਾਈਏ? ਬਾਈ ਬੈਠਾ ਟੁੱਟ ਮੁਰੰਮਤ ਕਰੀ ਜਾਂਦਾ ਸੀ। ਉਹਦਾ ਨਵੇਂ ਬੂਟ ਗੁਰਗਾਬੀਆਂ ਬਣਾਉਣ ਦਾ ਕੰਮ ਬਹੁਤ ਘੱਟ ਗਿਆ ਸੀ। ਉਹਦਾ ਕੰਮ ਵਿਚ ਜੀਅ ਨਾ ਲੱਗ ਰਿਹਾ ਹੁੰਦਾ। ਜਿਵੇਂ ਅਣਸਰਦੇ ਨੂੰ ਕੰਮ ਕਰ ਰਿਹਾ ਹੁੰਦਾ ਸੀ।

ਬਾਈ ਜੀ ਉਹਦੇ ਕੋਲ ਆ ਕੇ ਬੈਠਣ ਵਾਲਿਆਂ ਨੂੰ ਦੱਸਦਾ ਹੁੰਦਾ ਸੀ ਕਿ ਘਰ ਵਿਚ ਖੁੱਲ੍ਹਾ ਦੁੱਧ, ਘਿਓ ਖਾਣ ਪੀਣ ਨੂੰ ਹੁੰਦਾ ਸੀ। ਉਹ ਆਪਣੀ ਦਾਦੀ ਦੇ ਮੋਹ ਮਮਤਾ ਦੀ ਬਹੁਤ ਸਿਫ਼ਤ ਕਰਦਾ ਕਿ ਉਹ ਵੱਡੇ ਪਤੀਲੇ ਵਿਚ ਖੀਰ ਬਣਾਉਂਦੀ ਤੇ ਘਰ ਕੇ ਸਾਰੇ ਜੀਆਂ ਲਈ ਕੜਸ਼ੀਆਂ ਭਰ ਭਰ ਕੇ ਪਾਈ ਜਾਂਦੀ। ਜਦ

ਉਹਦੇ ਲਈ ਖੀਰ ਨਾ ਬਚਣੀ ਤਾਂ ਉਹਨੂੰ ਪੁੱਛਣਾ, 'ਦਾਦੀ ! ਤੇਰੇ ਲਈ ਤਾਂ ਬਚੀ ਨੀ?'' ਉਹਨੇ ਕਹਿਣਾ, 'ਪੁੱਤ ! ਮੇਰਾ ਕੀ ਐ... ਮੈਂ ਤਾਂ ਥੁਆਡੀਆਂ ਥਾਲੀਆਂ ਧੋ ਕੇ ਪੀ ਲੂੰਗੀ। ਮੈਂ ਤਾਂ ਥੁਆਨੂੰ ਦੇਖ ਦੇਖ ਕੇ ਜਿਉਂਦੀ ਆ।'' ਬਾਈ ਜੀ ਦੱਸਦਾ ਕਿ ਉਹ ਸੰਨ 1941 ਵਿਚ ਕੁਰਾਲੀ ਜਾ ਕੇ ਨਵੀਂ ਖੜੀ ਕੀਤੀ ਗਈ 'ਸਿੱਖ ਲਾਈਟ ਇਨਫੈਂਟਰੀ' ਦੀ ਪਹਿਲੀ ਪਲਟਨ ਵਿਚ ਭਰਤੀ ਹੋ ਗਿਆ ਸੀ। ਉਹਨੂੰ 767 ਨੰਬਰ ਮਿਲਿਆ ਸੀ। ਉਹ ਚਾਰ-ਪੰਜ ਸਾਲ ਦੀ ਸਰਵਿਸ ਵਿਚ ਤਰੱਕੀ ਕਰਕੇ 'ਲਾਂਸ ਨੈਕ' ਬਣ ਗਿਆ ਸੀ। ਉਦੋਂ 'ਸੈਕਿੰਡ ਵਰਲਡ ਵਾਰ' ਚੱਲ ਰਹੀ ਸੀ। ਜਾਪਾਨ ਦੀਆਂ ਫੌਜਾਂ ਅੱਗੇ ਤੋਂ ਅੱਗੇ ਵਧਦੀਆਂ ਬਰ੍ਹਮਾ ਤੱਕ ਪਹੁੰਚ ਗਈਆਂ ਸਨ। 'ਫਸਟ ਸਿੱਖ ਐਲ ਆਈ' ਦਾ ਕੰਪਨੀ ਕਮਾਂਡਰ ਕਰਨਲ ਜੇ ਡੀ ਮੈਲਿੰਗ ਸੀ ਤੇ ਬਾਈ ਜੀ ਉਹਦਾ ਵਾਇਰਲੈੱਸ ਉਪਰੇਟਰ ਹੋਣ ਕਰਕੇ ਜੰਗ ਵਿਚ ਆਮ ਤੌਰ ਉੱਤੇ ਉਹਦੇ ਨਾਲ ਰਹਿੰਦਾ ਸੀ। ਬਾਈ ਜੀ ਕੋਲ ਆ ਕੇ ਬਹਿਣ ਵਾਲੇ ਉਹਦੇ ਵਰਗੇ ਕੰਮੀ ਕਮੀਣ ਹੀ ਹੁੰਦੇ ਸਨ। ਉਹ ਉਹਨਾਂ ਨੂੰ ਉਚੇਚੇ ਤੌਰ ਉੱਤੇ ਦੱਸਦਾ, ''ਸੰਨ 45 ਵਿਚ ਅਮਰੀਕਾ ਨੇ ਜਾਪਾਨ ਉੱਤੇ ਦੋ ਐਟਮ ਬੰਬ ਸੁੱਟੇ ਸਨ। ਤਾਂ ਉਹਨੂੰ ਜੰਗ ਵਿਚ ਹਾਰ ਮੰਨਣੀ ਪਈ ਸੀ, ਪਰ ਸਾਨੂੰ ਸਾਡੇ ਕੰਮ ਧੰਦੇ ਫੇਲ੍ਹ ਹੋਣ ਕਰਕੇ ਜ਼ਿੰਦਗੀ ਤੋਂ ਹਾਰ ਮੰਨਣੀ ਪੈਂਦੀ ਏ।''

ਪਰ ਜਿਵੇਂ ਕਿ ਹੁੰਦਾ ਈ ਏ, ਬਾਈ ਜੀ ਨੂੰ ਆਪਣੇ ਪਰਿਵਾਰ ਦੇ ਜੀਆਂ ਉੱਤੇ ਬਹੁਤ ਮਾਣ ਸੀ। ਉਹ ਕੋਲ ਬਹਿਣ ਵਾਲਿਆਂ ਨੂੰ ਚੌੜਾ ਹੋ ਕੇ ਦੱਸਦਾ ਕਿ 'ਸਾਡੇ ਘਰ ਵਿਚ ਦੋ ਦੋ ਮੱਝਾਂ ਖੜੀਆਂ ਰਹਿੰਦੀਆਂ ਸਨ। ਘਰ ਵਿਚ ਦੁਧ ਘਿਓ ਖੁੱਲ੍ਹਾ ਖਾਣ ਪੀਣ ਨੂੰ ਹੋਣ ਕਰਕੇ ਮੇਰਾ ਛੋਟਾ ਭਰਾ ਜੀਤ (ਅਜੀਤ ਸਿੰਘ) ਬਹੁਤ ਹੁੰਦੜ ਹੇਲ ਸੀ। ਰੰਗ ਉਹਦਾ ਲਾਲ ਸੀ। ਬਾਪੂ ਨੱਥਾ ਸਿੰਘ ਨੇ ਪਿੰਡ ਦੇ ਪ੍ਰਾਈਮਰੀ ਸਕੂਲ ਦੇ ਮੁਣਸ਼ੀ ਅਨਵਰ ਹੁਸੈਨ ਦੇ ਵਾਰ ਵਾਰ ਕਹਿਣ ਉੱਤੇ ਆਪਣੇ ਛੇ ਸੱਤ ਸਾਲ ਦੇ ਪੁੱਤਰ ਅਜੀਤ ਸਿੰਘ ਨੂੰ ਘਰ ਦੇ ਕੰਮਾਂ ਕਾਰਾਂ ਤੋਂ ਹਟਾ ਕੇ ਸਕੂਲ ਵਿਚ ਦਾਖਲ ਕਰਵਾ ਦਿੱਤਾ ਸੀ। ਇਹ ਉਹ ਸਮਾਂ ਸੀ ਜਿਸ ਸਮੇਂ ਸਾਡੇ ਲੋਕਾਂ ਨੂੰ ਪੜ੍ਹਨ ਲਿੱਖਣ ਦੀ ਸੋਝੀ ਨਹੀਂ ਸੀ। ਅਜੀਤ ਸਿੰਘ ਪੜ੍ਹਾਈ ਵਿਚ ਚਲ ਨਿਕਲਿਆ ਸੀ। ਉਹ ਕਿਸੇ ਜਮਾਤ ਵਿਚ ਫੇਲ੍ਹ ਨਹੀਂ ਸੀ ਹੋਇਆ ਤੇ ਚਾਰ ਸਾਲਾਂ ਵਿਚ ਚਾਰ ਜਮਾਤਾਂ ਪਾਸ ਕਰ ਗਿਆ ਸੀ।

ਉਦੋਂ ਸਰਕਾਰੀ ਦਫਤਰਾਂ ਦਾ ਕੰਮ ਕਾਜ ਉਰਦੂ ਭਾਸ਼ਾ ਵਿਚ ਚਲਦਾ ਸੀ। ਪੜ੍ਹੇ ਲਿਖੇ ਬੰਦੇ ਮਿਲਦੇ ਨਹੀਂ ਸੀ। ਉਰਦੂ ਦੀਆਂ ਚਾਰ ਜਮਾਤਾਂ ਪੜ੍ਹੇ ਹੋਏ ਮੁਣਸੀ ਤੇ ਪਟਵਾਰੀ ਲੱਗ ਜਾਂਦੇ ਸਨ। ਤੇ ਪਟਵਾਰੀ ਤਰੱਕੀ ਕਰਕੇ ਤਸੀਲਦਾਰ ਦੇ ਅਹੁਦੇ ਤੱਕ ਪਹੁੰਚ ਜਾਂਦੇ ਸਨ। ਵਿਆਹ ਕਰਵਾ ਕੇ, 18 ਸਾਲ ਦੀ ਉਮਰ ਦਾ ਹੁੰਦਿਆਂ ਹੀ ਅਜੀਤ ਸਿੰਘ ਚੌਥੀ ਜਮਾਤ ਦਾ ਸਰਟੀਫ਼ਿਕੇਟ ਲੈ ਕੇ ਦਫ਼ਤਰਾਂ ਵਿਚ ਮੁਣਸੀ ਜਾਂ ਪਟਵਾਰੀ ਦੀ ਨੌਂਕਰੀ ਦੀ ਭਾਲ ਕਰਨ ਲੱਗ ਪਿਆ ਸੀ।

ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਕ ਦਿਨ ਚਾਚਾ ਅਜੀਤ ਸਿੰਘ ਉੱਤੇ ਅਧਰੰਗ ਦਾ ਅਟੈਕ ਹੋਇਆ ਤੇ ਉਹਦਾ ਸੱਜਾ ਪਾਸਾ ਮਾਰਿਆ ਗਿਆ ਸੀ। ਪਰਿਵਾਰ ਉੱਤੇ ਦੁਖਾਂ ਦਾ ਪਹਾੜ ਟੁੱਟ ਪਿਆ ਸੀ। ਪਰਿਵਾਰ ਚਿੰਤਾਤੁਰ ਸੀ। 'ਹੁਣ ਕੀ ਹੋਵੇਗਾ?' ਬਾਪੂ ਨੱਥਾ ਸਿੰਘ ਸਭ ਕੁਝ ਛੱਡ ਛੁਡਾ ਕੇ ਪੁੱਤਰ ਅਜੀਤ ਸਿੰਘ ਦੀ ਬੀਮਾਰੀ ਦਾ ਇਲਾਜ਼ ਕਰਵਾਉਣ ਲਈ ਨੱਸਿਆ ਭੱਜਿਆ ਫਿਰਨ ਲੱਗਿਆ ਸੀ। ਜਿਥੇ ਵੀ ਕਿਸੇ ਹਕੀਮ ਡਾਕਟਰ ਦੀ ਦੱਸ ਪੈਂਦੀ, ਬਾਪੂ, ਅਜੀਤ ਸਿੰਘ ਲਈ ਦਵਾਈ ਲਿਆਉਣ ਲਈ ਉਧਰ ਨੂੰ ਤੁਰ ਪੈਂਦਾ ਸੀ। ਦੋ ਤਿੰਨ ਹਕੀਮਾਂ ਨੂੰ ਉਹ ਘਰ ਵੀ ਬੁਲਾ ਕੇ ਲਿਆਇਆ । ਉਹ ਅਜੀਤ ਸਿੰਘ ਇਲਾਜ਼ ਕਰਨ ਲਈ ਪਿੰਡ ਵਿਚ ਆਪਣੇ ਰਿਸ਼ਤੇਦਾਰਾਂ ਦੇ ਘਰ ਅਟਕ ਕੇ ਸੰਝ ਸਵੇਰੇ ਆ ਕੇ ਚਾਚੇ ਦੇ ਸੱਜੇ ਪਾਸੇ ਦੀਆਂ ਮਾਲਿਸਾਂ ਕਰਦੇ, ਲੇਪ ਕਰਦੇ, ਕੋਈ ਦਵਾਈਆਂ ਦਿੰਦੇ ਤੇ ਵੈਦ ਹਕੀਮਾਂ ਦਾ ਰਹਿਣ ਤੇ ਦਵਾਈਆਂ ਦਾ ਖਰਚਾ ਬਾਪੂ ਸਿਰ ਪੈਂਦਾ ਰਹਿੰਦਾ ਸੀ। ਕੱਲ੍ਹਾ ਬਾਪੂ ਕਿਧਰ ਕਿਧਰ ਭੱਜਦਾ? ਅਜੀਤ ਸਿੰਘ ਦੀ ਅਧਰੰਗ

ਦੀ ਬੀਮਾਰੀ ਦਾ ਇਲਾਜ਼ ਕਰਵਾਉਣ ਦੇ ਨਾਲ ਨਾਲ ਕਿਰਸਾਣਾਂ ਦੀਆਂ ਬੁੱਤੀਆਂ, ਵਗਾਰਾਂ, ਉਹਨਾਂ ਦੀਆਂ ਜੁੱਤੀਆਂ ਗੰਢਣੀਆਂ, ਉਹਨਾਂ ਦੇ ਮਰੇ ਹੋਏ ਪਸ਼ੂ ਚੁੱਕਣੇ, ਚੁਕਵਾਉਣੇ, ਮੱਝਾਂ ਦੀ ਦੇਖ ਭਾਲ ਘਰ ਦੇ ਲੂਣ ਤੇਲ ਦੀਆਂ ਜ਼ਰੂਰਤਾ ਪੂਰੀਆਂ ਕਰਨੀਆਂ, ਉਹਨੂੰ ਸਮਝ ਨਾ ਆਉਂਦੀ ਕਿਧਰ ਨੂੰ ਜਾਵੇ? ਕੀ ਕਰੇ?? ਉਹ ਢੇਰੀ ਢਾਹ ਬੈਠਾ ਸੀ। ਅੰਤ ਨੂੰ ਥੱਕ ਹਾਰ ਕੇ ਉਹਨੇ ਕੋਈ ਪੇਸ਼ ਨਾ ਚੱਲਦੀ ਦੇਖ ਆਸ਼ਾ ਸਿੰਘ ਨੂੰ ਫੌਜ ਵਿਚੋਂ ਨਾ ਕਟਵਾ ਕੇ ਆਉਣ ਲਈ ਚਿੱਠੀ ਲਿਖ ਦਿੱਤੀ ਸੀ।

ਡਾਕ ਵਿਚ ਘੁੰਮਦੀ ਘੁੰਮਾਉਂਦੀ ਚਿੱਠੀ ਫੌਜ ਵਿਚ ਲਾਂਸ ਨੈਕ ਬਣੇ ਆਸ਼ਾ ਸਿੰਘ ਜੰਗ ਦੇ ਮੈਦਾਨ ਬਣੇ ਬਰ੍ਹਮਾ ਦੇ ਜੰਗਲਾਂ ਵਿਚ ਮਿਲੀ। ਚਿੱਠੀ ਬਾਰੇ ਉਹਨੇ ਆਪਣੇ ਦੋਸਤਾਂ ਨੂੰ ਦੱਸਿਆ। ਐਮ. ਆਰ. ਸਿੱਖ (ਮਜ਼੍ਹਬੀ ਰਵਿਦਾਸੀਆ ਸਿੱਖ) ਤੋਂ ਸਿੱਖ ਐਲ. ਆਈ. ਬਣੀ ਪਲਟਣ ਵਿਚ ਸਾਰੇ ਉਹਦੇ ਵਰਗੇ ਹੀ ਸੀਰੀ ਸੇਪੀ ਭਰਤੀ ਹੋ ਕੇ ਗਏ ਹੋਏ ਸਨ। ਉਹਦੇ ਦੋਸਤਾਂ ਨੇ ਸਲਾਹ ਕਰਕੇ ਉਹਨੂੰ ਦੱਸਿਆ ਕਿ 'ਤੈਨੂੰ ਕਿਸਾਨਾਂ ਦੇ ਸੀਰ ਸੇਪ, ਬੁੱਤੀਆਂ ਵਗਾਰਾਂ ਤੋਂ ਮਸਾਂ ਖਹਿੜਾ ਛੁਡਾ ਕੇ ਆਏ ਨੂੰ ਤੇਰੇ ਬਾਪੂ ਦੇ ਕਹਿਣ ਉੱਤੇ ਮੁੜ ਫੌਜ ਦੀ ਨੌਕਰੀ ਛੱਡ ਕੇ ਜਾਣਾ ਨਹੀਂ ਚਾਹੀਦਾ। ਤੂੰ ਅਗਲੇ ਕੁਝ ਮਹੀਨਿਆ ਦੀ ਐਡਵਾਂਸ ਪੇ ਲੈ ਕੇ ਘਰ ਭੇਜ ਦੇ ਤੇ ਆਪਣੇ ਬਾਪੂ ਨੂੰ ਲਿਖਦੇ ਕਿ ਕਿਸੇ ਰਿਸ਼ਤੇਦਾਰ ਨੂੰ ਘਰ ਰੱਖ ਕੇ ਤੇਰੇ ਬੀਮਾਰ ਭਰਾ ਦਾ ਇਲਾਜ਼ ਕਰਵਾ ਲਵੇ।" ਪਰ ਬਾਪੂ ਦਾ ਆਗਿਆਕਾਰ ਪੁੱਤਰ ਬਾਪੂ ਦਾ ਕਹਿਣਾ ਮੋੜੇ, ਇਹ ਹੋ ਹੀ ਨਹੀਂ ਸਕਦਾ ਸੀ। ਉਹ (ਆਸ਼ਾ ਸਿੰਘ) ਚਿੱਠੀ ਲੈ ਕੇ ਪਲਟਨ ਦੇ ਕੰਪਨੀ ਕਮਾਂਡਰ ਕਰਨਲ ਜੇ. ਡੀ. ਮੈਲਿੰਗ ਨੂੰ ਮਿਲਿਆ ਕਰਨਲ ਡਿਊਟੀ ਦਾ ਪਾਬੰਦ ਹੋਣ ਕਰਕੇ ਉਸ ਤੋਂ ਬਹੁਤ ਖੁਸ਼ ਸੀ। ਇਸੇ ਕਰਕੇ ਉਹਨੂੰ ਆਪਣੇ ਨਾਲ ਵਾਇਰਲੈੱਸ ਉਪਰੇਟਰ ਲਾਇਆ ਹੋਇਆ ਸੀ। ਕਰਨਲ ਜੇ ਡੀ ਮੈਲਿੰਗ ਨੇ ਉਹਨੂੰ ਉਰਦੂ ਵਿਚ ਸਮਝਾਇਆ, "ਤੂ ਕਿਆ ਡਾਕਟਰ ਹੈ, ਜੋ ਘਰ ਜਾ ਕਰ ਉਸ ਦਾ ਇਲਾਜ਼ ਕਰੇਗਾ। ਹਮ ਉਸਕਾ ਮਿਲਟਰੀ ਹੋਸਪੀਟਲ ਮੇਂ ਇਲਾਜ਼ ਕਰਵਾਏਗਾ।" ਜਦ ਬਾਈ ਜੀ ਨਾ ਹੀ ਮੰਨਿਆ ਤਾਂ ਉਹਨੇ ਫੋਜ਼ ਵਿਚੋਂ ਨਾਂ ਕੱਟਣ ਦੇ ਆਡਰਾਂ ਉੱਤੇ ਸਾਈਨ ਕਰਦਿਆਂ ਕਿਹਾ, "ਮਿਸਟਰ ਸਿੰਘ! ਮੇਰੀ ਬਾਟ ਯਾਦ ਰਖਨਾ। ਟੂ ਮਿਲਟਰੀ ਸੇ ਘਰ ਜਾ ਕਰ ਏਕ ਦਿਨ ਪਛਟਾਏਗਾ।"

ਆਗਿਆਕਾਰ ਪੁੱਤਰ ਦਾ ਮਿਲਟਰੀ ਤੋਂ ਲਿਆਂਦਾ ਪੈਸਾ ਉਹਦੇ ਛੋਟੇ ਭਰਾ ਅਜੀਤ ਸਿੰਘ ਦੀ ਬੀਮਾਰੀ ਉੱਤੇ ਖਰਚ ਹੋ ਗਿਆ ਸੀ। ਤੇ ਅਜੀਤ ਸਿੰਘ ਡਾਕਟਰਾਂ ਹਕੀਮਾਂ ਦੀ ਦਵਾਈ ਨਾਲ ਲਾਠੀ ਦੇ ਸਹਾਰੇ ਸੱਜਾ ਪੈਰ ਥੋੜਾ ਘਸੀੜ ਕੇ ਹੌਲੀ ਹੌਲੀ ਬਾਹਰ ਅੰਦਰ ਜੰਗਲ ਪਾਣੀ ਜਾਣ ਲੱਗ ਪਿਆ ਸੀ। ਪਰ ਘਰ ਵਿਚ ਕਲਾ ਕਲੇਸ਼ ਰਹਿਣ ਲੱਗ ਪਿਆ ਸੀ। ਬੇਬੇ ਅੱਛਰੋ ਦਾ ਉਹਦੇ ਬੀਮਾਰ ਰਹਿੰਦੇ ਛੋਟੇ ਪੁੱਤਰ ਅਜੀਤ ਸਿੰਘ ਨਾਲ ਮੋਹ ਪਿਆਰ ਤਾਂ ਹੋਣਾ ਹੀ ਸੀ ਪਰ ਉਹ ਵੱਡੇ ਪੁੱਤਰ ਆਸਾ ਸਿੰਘ ਨਾਲ ਘੁੱਟੀ ਵੱਟੀ ਰਹਿੰਦੀ ਸੀ। ਖਾਣ ਪੀਣ ਵਿਚ ਵੀ ਉਹਦੇ ਨਾਲ ਦਰੈਂਤ ਕਰਦੀ ਸੀ। ਜਦਕਿ ਘਰ ਦਾ ਕੰਮ ਮੱਝਾਂ ਦੀ ਦੇਖ ਭਾਲ, ਕਿਸਾਣਾਂ ਦੀਆਂ ਬੁੱਤੀਆਂ, ਵਗਾਰਾਂ ਜੁੱਤੀਆਂ ਗੱਠਣੀਆਂ ਸਾਰੇ ਦਾ ਸਾਰਾ ਕੰਮ ਉਹ ਕਰਦਾ ਸੀ। ਘਰ ਦਾ ਕਲੇਸ਼ ਵੀ ਮਾਰ ਲੈਂਦਾ ਏ। ਘਰ ਦੀ ਪਾਲੀ ਪਹਿਲੇ ਸੂਏ ਸੂਣ ਵਾਲੀ ਝੋਟੀ ਬੀਮਾਰ ਹੋ ਕੇ ਮਰ ਗਈ ਸੀ। ਦੂਸਰੀ ਮੱਝ ਛੇਵੇਂ ਮਹੀਨੇ ਪਸ਼ੂਆਂ ਦੇ ਹਸਪਤਾਲ ਚੈਕ ਕਰਵਾਈ ਖਾਲੀ ਨਿਕਲ ਗਈ ਸੀ। ਬਾਪੂ ਨੇ ਉਹ ਮੱਝ ਵੇਚ ਦਿੱਤੀ ਸੀ। ਘਰ ਦਾ ਕਲੇਸ਼ ਮੁਕਾਉਣ ਲਈ ਬਾਪੂ ਤੇ ਅਤਿ ਅੰਤ ਦੁਖੀ ਹੁੰਦਿਆਂ ਬਾਈ ਜੀ ਨੂੰ ਜੁਦਾ ਕਰ ਦਿੱਤਾ ਸੀ।

ਸਭ ਕੁਝ ਗੁਆ ਕੇ ਵੀ ਬਾਈ ਜੀ ਕਿਸੇ ਨੂੰ ਦਿਲ ਦੀ ਗੱਲ ਦੱਸਦਾ ਨਹੀਂ ਸੀ। ਪਰ ਬਹੁਤ ਦੁਖੀ ਹੋਇਆ ਹੋਣ ਕਰਕੇ, ਕਦੇ ਕਦੇ ਉਹ ਆਪਣੇ ਬਚਪਨ ਦੇ ਬੇਲੀ ਪ੍ਰੀਤਮ ਚੰਦ, ਬਾਲਮੀਕੀ ਕੋਲ ਆਪਣੇ ਦਿਲ ਦੀ ਗੱਲ ਕਰਨ ਵੀ ਲੱਗ ਪੈਂਦਾ ਸੀ, "ਜੇ ਮੈਂ ਫੌਜ ਵਿਚੋਂ ਆਪਣਾ ਨਾਂ ਕਟਵਾ ਕੇ ਨਾ ਆਉਂਦਾ ਤਾਂ ਪਾਕਿਸਤਾਨ

ਬਣਨ ਉੱਤੇ ਹੋਰ ਫੌਜੀਆਂ ਦੇ ਪਰਵਾਰਾਂ ਨਾਲ ਦੀਆਂ ਗੱਡੀਆਂ ਵਿਚ ਮੇਰਾ ਪਰਿਵਾਰ ਵੀ ਪੂਰੀ ਹਿਫਾਜ਼ਤ ਨਾਲ ਸੁਰੱਖਿਅਤ ਇਧਰ ਆ ਜਾਣਾ ਸੀ। ਨਾ ਤਾਂ ਮੇਰੀ ਭੈਣ ਪ੍ਰੇਮੋ ਨੂੰ ਧਾੜਵੀ ਚੁੱਕ ਕੇ ਲੈ ਜਾਂਦੇ... ਨਾ ਹੀ ਇਲਾਜ਼ ਖੁਣੋਂ ਮੇਰਾ ਵੱਡਾ ਪੁੱਤਰ ਰੂਪ ਮਰਦਾ ਤੇ ਨਾ ਹੀ ਰਸਤੇ ਵਿਚ ਸਾਡੇ ਪਰਿਵਾਰ ਦਾ ਸਮਾਨ ਹੀ ਲੁੱਟਿਆ ਜਾਣਾ ਸੀ। ਇਹ ਤਾਂ... ਇਹ ਵੀ ਚੰਗਾ ਹੋਇਆ ਕਿ ਹੱਲਿਆ ਤੋਂ ਪਹਿਲਾਂ ਪਹਿਲਾਂ ਮੇਰੇ ਅਧਰੰਗ ਪੀੜਤ ਭਰਾ ਜੀਤ ਨੂੰ ਉਹਦੇ ਸਹੁਰੇ ਜਾ ਕੇ ਲੈ ਆਏ ਸਨ। ਨਹੀਂ ਤਾਂ ਮਿਲਟਰੀ ਵਿਚੋਂ ਆ ਕੇ ਭਾਵੇਂ ਬਾਈ ਜੀ ਅੰਤ ਦਾ ਦੁਖੀ ਸੀ ਉਹ ਖੱਜ਼ਲ ਖੁਆਰੀਆਂ ਤੇ ਦੁਸ਼ਵਾਰੀਆਂ ਭੋਗ ਰਿਹਾ ਸੀ। ਪਰ ਉਹਨੇ ਕਦੇ ਵੀ ਆਪਣੇ ਪਿਓ ਉੱਤੇ ਮਾੜਾ ਜਿਹਾ ਵੀ ਗਿਲਾ ਨਹੀਂ ਸੀ ਕੀਤਾ ਕਿ ਉਹਨੇ ਬਾਈ ਜੀ ਨੂੰ ਫੌਜ਼ ਵਿਚੋਂ ਕਿਉਂ ਬੁਲਇਆ ਆ? ਸਗੋਂ ਉਹ ਦੋਵੇਂ ਜਣੇ ਘਰ ਦੀਆਂ ਸਮੱਸਿਆਵਾਂ ਬਾਰੇ ਗੁਫਤਗੂ ਕਰਦੇ ਰਹਿੰਦੇ ਸਨ।

ਪਰ ਘਰ ਵਿਚ ਗਰੀਬੀ ਦੀ ਸਭ ਤੋਂ ਵੱਧ ਮਾਰ ਬੱਚਿਆ ਦੀ ਮਾਂ ਨੂੰ ਝੱਲਣੀ ਪੈਂਦੀ ਏ। ਕਣਕ ਦੀ ਵਾਢੀ ਸ਼ੁਰੂ ਹੋ ਚੁੱਕੀ ਸੀ। ਬੀਬੀ ਗੁਵਾਂਢਣਾ ਨਾਲ ਜਾ ਕੇ ਖੇਤਾਂ ਵਿਚੋਂ ਸਿਲ਼ਾ (ਸਿੱਟੇ) ਚੁਗ ਕੇ ਲਿਆਉਣ ਲੱਗ ਪਈ ਸੀ। ਉਹ ਚੁਗ ਕੇ ਲਿਆਂਦੀਆਂ ਬੱਲਾਂ ਨੂੰ ਮੋਗਲੀ ਨਾਲ ਕੁੱਟ ਕੇ ਛੱਜ ਨਾਲ ਛੱਟ ਕੇ ਦਾਣੇ ਕੱਢ ਲੈਂਦੀ ਸੀ। ਤੇ ਤੜਕੇ ਨੂੰ ਉੱਠ ਕੇ ਚੱਕੀ ਝੋਅ ਕੇ ਬਹਿ ਜਾਂਦੀ ਸੀ। ਉਦੋਂ ਬੀਬੀ ਦੀਆਂ ਮੁਸ਼ਕਲਾਂ ਦਾ ਪਤਾ ਨਹੀਂ ਸੀ। ਮੈਨੂੰ ਚੱਕੀ ਦੇ ਚੱਲਣ ਦੀ 'ਝੂੰ ...ਝੂੰ...ਝੂੰ ਦੀ ਮਧੁਰ ਗੂੰਜ ਨਾਲ ਪੜ੍ਹਨ ਲਈ ਉੱਠਦੇ ਉਠਦੇ ਨੂੰ ਨੀਂਦ ਆਈ ਜਾਂਦੀ ਸੀ। ਬੀਬੀ ਉਹੀ ਚੱਕੀ ਉੱਤੇ ਪੀਹੇ ਆਟੇ ਦੀਆਂ ਰੋਟੀਆਂ ਪਕਾ ਕੇ ਸਾਨੂੰ ਖਿਲਾਉਂਦੀ ਸੀ। ਬੀਬੀ ਹਿੱਸੇ ਆਉਂਦੀ ਦਾਲ਼ ਸਬਜ਼ੀ ਕੌਲੀ ਵਿਚ ਪਾਉਂਦੀ ਤੇ ਮੈਨੂੰ ਰੋਟੀ ਖਾਂਦੇ ਨੂੰ ਰਤਾ ਅੱਖਾਂ ਦੀ ਤਾੜ ਨਾਲ ਸਮਝਾਉਂਦੀ, "ਪੁੱਤ! ਭੁੱਖ ਨੀ ਵਧਾਈਦੀ... ਭੁੱਖ ਰੱਖ ਕੇ ਰੋਟੀ ਖਾਈਦੀ ਏ... ਤੈਨੂੰ ਦੋ ਰੋਟੀਆਂ ਥੋੜੀਆਂ ਨੇ?" ਬੀਬੀ ਦਾ ਉਦੋਂ ਦਾ ਸਮਝਾਇਆ ਹੋਇਆ ਮੇਰਾ ਹੁਣ ਤੱਕ ਸਬਰ ਸ਼ੁਕਰ ਨਾਲ ਰੋਟੀ ਖਾਣ ਦਾ ਸੁਭਾ ਬਣਿਆ ਹੋਇਆ ਹੈ। ਚਾਦਰ ਦੇਖ ਕੇ ਪੈਰ ਪਸਾਰਨ ਵਾਂਗ... ਮੈਂ ਪਲੇਟ ਵਿਚ ਪਾਈ ਦਾਲ ਸਬਜ਼ੀ ਦੇ ਹਿਸਾਬ ਨਾਲ ਬੁਰਕੀਆਂ ਲਾ ਕੇ ਰੋਟੀ ਖਾਣ ਲੱਗਦਾ ਹਾਂ।

ਬੀਬੀ ਐਨਾ ਕੰਮ ਕਰਦੀ ਸੀ। ਫਿਰ ਵੀ ਬਾਈ ਜੀ ਉਹਨੂੰ ਐਵੇਂ ਕੁੱਟਣ ਲੱਗ ਪੈਂਦਾ ਸੀ। ਉਹ ਹੂਰੇ ਮੁੱਕੇ ਥੱਲੇ ਡਿੱਗੀ ਬੀਬੀ ਦੇ ਲੱਤਾਂ ਮਾਰਦਾ ਰਹਿੰਦਾ। ਗੁੱਸੇ ਵਿਚ ਲਾਲ ਅੱਖਾਂ ਕਰਕੇ ਬੀਬੀ ਨੂੰ ਮਾਂਵਾ ਭੈਣਾਂ ਦੀਆਂ ਗਾਲ੍ਹਾਂ ਕੱਢੀ ਜਾਂਦਾ ਸੀ। ਬੇਬੇ ਅੱਛਰੋ ਤੇ ਮੁਹੱਲੇ ਦੀਆਂ ਬੁੱਢੀਆਂ ਨੱਠੀਆਂ ਭੱਜੀਆਂ ਆਉਂਦੀਆਂ ਤੇ ਬਾਈ ਜੀ ਨੂੰ ਕੁੱਟਣ ਤੋਂ ਰੋਕਦੀਆਂ, "ਉ ਭਾਈ ਤੀਵੀਂ ਦਾ ਕਿਆ ਕੁੱਟਣੈ... ਜਹੀ ਕੰਧ ਕੁੱਟਲੀ ਤਹੀ ਤੀਵੀਂ ਕੁੱਟਲੀ... ਉਹਨੇ ਕਿਆ ਅੱਗੋਂ ਉਜ਼ਰ ਕਰਨੈ? " ਉਹ ਬੀਬੀ ਨੂੰ ਸਮਝਾਉਂਦੀਆਂ, "ਚੱਲ ਧੀਏ ਕੋਈ ਨੀ... ਤੈਨੂੰ ਕਿਸੇ ਹੋਰ ਨੇ ਤਾਨੀ ਕੁਟਿਆ... ਤੇਰੇ ਘਰ ਆਲੇ ਨੇ ਈ ਕੁੱਟਿਆ... ਨਿਆਣੇ ਡਰੇ ਖੜੇ ਐ... ਚਲ ਉੱਠ ਨਿਆਣਿਆ ਨੂੰ ਰੋਟੀ ਪਕਾ ਕੇ ਦੇ।" ਬੀਬੀ ਉੱਠਕੇ ਫਿਰ ਕੰਮ ਧੰਦੇ ਲੱਗ ਜਾਂਦੀ। ਉਹ ਖੁੱਲ੍ਹ ਕੇ ਰੋ ਵੀ ਨਹੀਂ ਸਕਦੀ ਸੀ।

ਉਦੋਂ ਸਾਡੇ ਗੁਆਂਢੀ ਮਿਹਰ ਸਿੰਘ ਹਰਨਾਮਾ ਬਚਨਾ ਆਦਿ ਗੁਆਂਢੀ ਤੀਵੀਆਂ ਨੂੰ ਕੁੱਟਦੇ ਵੀ ਬਹੁਤ ਸਨ। ਬਾਈ ਤਾਂ ਬੀਬੀ ਨੂੰ ਕਦੇ ਕਦੇ ਹੀ ਕੁੱਟਦਾ ਸੀ। ਉਂਝ ਬੀਬੀ ਦੇ ਮਨ ਵਿਚ ਬਾਈ ਜੀ ਦਾ ਅਕਸ ਇਕ 'ਕੁੱਟਣ ਵਾਲੇ ਮਰਦ' ਦਾ ਨਹੀਂ ਸੀ ਸਗੋਂ ਇਕ 'ਪਤੀ ਪਰਮੇਸ਼ਰ ਦਾ ਸੀ। ਉਹ ਉਹਦੇ ਬੱਚਿਆ ਦਾ ਪਾਲਕ ਜੁ ਸੀ। ਬੀਬੀ ਸੰਝ ਸਵੇਰ ਭੁੰਜੇ ਚੱਪਲਾਂ ਮਾਰ ਕੇ ਬਹਿ ਕੇ ਦੋਵੇਂ ਹੱਥ ਜੋੜਕੇ ਅਰਦਾਸ ਕਰਦੀ ਸੀ, "ਹੇ ਪਰਮਾਤਮਾ ਮੇਰੇ ਬੱਚਿਆਂ ਦੀ ਸੁਖ ਰੱਖੀਂ ਮੇਰੇ ਪਤੀ ਦੀ ਕਮਾਈ ਵਿਚ ਬਰਕਤ ਪਾਈਂ ਕਿਸੇ ਦੀ ਮੁਥਾਜ ਨਾ ਕਰਵਾਈ। ਮੁਥਾਜ ਉਹਦੀ ਕਰਵਾਈਂ ਜਿਸਦੀ ਅੱਖ ਵਿਚ ਲਿਹਾਜ਼ ਹੋਵੇ ।"

ਪਰ ਬੀਬੀ ਦੀ ਇਹ ਅਰਦਾਸ ਕਿ 'ਮੁਥਾਜੀ ਉਸਦੀ ਕਰਵਾਈ ਜਿਸਦੀ ਅੱਖ ਵਿਚ ਲਿਹਾਜ਼ ਹੋਵੇ।" ਪੂਰੀ ਨਹੀਂ ਸੀ ਹੋਈ। ਮੈਂ ਵੀ ਬਾਈ ਜੀ ਨਾਲ ਸਾਡੇ ਪਿੰਡ ਦੇ ਨੇੜੇ ਦੇ ਮਾਣਕਪੁਰ ਸ਼ਰੀਫ ਦੇ ਮੇਲੇ ਨੂੰ ਗਿਆ ਹੋਇਆ ਸੀ। ਇਕ ਅੜਬ ਜਿਹਾ ਜੱਟ ਬਾਈ ਜੀ ਨਾਲ ਲੜਨ ਲੱਗ ਪਿਆ ਸੀ ਕਿ 'ਉਹਨੇ ਸਾਈ ਦਿੱਤੀ ਸੀ ਕਿ ਉਹਦੀ ਗੁਰਗਾਬੀ ਹੁਣ ਤੱਕ ਕਿਉਂ ਨੀਂ ਬਣਾਈ?' ਉਹ ਬਾਈ ਜੀ ਨੂੰ ਕੁੱਟਣ ਲਈ ਝਈਆਂ ਲੈ ਲੈ ਕੇ ਆਵੇ। ਇਹ ਤਾਂ ਬਾਈ ਜੀ ਕੇ ਜਾਣਕਾਰ ਉਹਦੇ ਪੱਖ ਵਿਚ ਆ ਕੇ ਖੜ੍ਹ ਗਏ ਸਨ। ਤੇ ਉਹਦੇ ਸਾਈ ਦਿੱਤੇ ਪੰਜ ਰੁਪਏ ਮੋੜ ਕੇ ਝਗੜਾ ਨਿਬੇੜ ਦਿੱਤਾ ਸੀ। ਨਹੀਂ ਤਾਂ ਹੱਥੋਂ ਪਾਈ ਹੋਣ ਵਿਚ ਕੋਈ ਕਸਰ ਬਾਕੀ ਨਹੀਂ ਸੀ।

ਬਾਈ ਜੀ ਮੈਨੂੰ ਲੈ ਕੇ ਮੇਲੇ ਤੋਂ ਵਾਪਸ ਮੁੜ ਆਇਆ ਸੀ। ਉਹ ਆਪ ਲੋਕਾਂ ਦੇ ਅੜੇ ਹੋਏ ਝਗੜਿਆਂ ਦੇ ਫੈਸਲੇ ਕਰਵਾਉਂਦਾ ਹੁੰਦਾ ਸੀ। ਪਰ ਅੱਜ ਉਹਨੂੰ ਬੇਇੱਜ਼ਤ ਕੀਤੇ ਜਾਣ ਦੀ ਉਹਦੇ ਮਨ ਉੱਤੇ ਡਾਢੀ ਠੇਸ ਲੱਗੀ ਸੀ। ਉਹਨੇ ਆਪਣਾ ਬੂਟ, ਗੁਰਗਾਬੀਆਂ ਬਣਾਉਣ ਦਾ ਸੰਦ-ਸੰਦੇੜਾ ਚੁੱਕ ਕੇ ਇਕ ਪਾਸੇ ਰੱਖ ਦਿੱਤਾ ਸੀ। ਉਦੋਂ ਬਾਈ ਜੀ ਦੇ ਮਨ ਨੂੰ ਕਿੰਨੀ ਠੇਸ ਲੱਗੀ ਹੋਵੇਗੀ ਕਿ ਜਿਹੜੇ ਕਿੱਤੇ ਨੂੰ ਉਹਦੇ ਪਿਓ ਦਾਦੇ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਤੋਂ ਕਰਦੇ ਆ ਰਹੇ ਸਨ ਤੇ ਜਿਹੜਾ ਕਿੱਤਾ ਉਹਨਾਂ ਦੀ ਰੋਟੀ ਰੋਜੀ ਦਾ ਸਾਧਨ ਬਣਿਆ ਹੋਇਆ ਸੀ... ਅੱਜ ਉਹਨੂੰ ਉਸ ਕਿੱਤੇ ਤੋਂ ਬੇਮੁੱਖ ਹੋ ਕੇ ਉਹਨੂੰ ਛੱਡਣਾ ਪੈ ਰਿਹਾ ਸੀ।

ਉਧਾਰ ਸਧਾਰ ਪੈਸੇ ਫੜ ਕੇ ਬਾਈ ਜੀ ਤੇ ਸਾਡਾ ਗੁਆਂਢੀ ਤਰਲੋਕ ਸਿੰਘ ਦਿੱਲੀ ਦੱਖਣ, ਅੰਬਾਲਾ, ਲੁਧਿਆਣਾ, ਜਲੰਧਰ ਮਿਲਟਰੀ ਕੈਂਟੰਨਮੈਂਟਾਂ (ਕੈਂਟਾਂ) ਵਿਚ ਡੀ. ਐਸ. ਸੀ. (ਡਿਫੈਂਸ ਸਿਕਿਉਰਟੀ ਕੋਰ) ਵਿਚ ਭਰਤੀ ਹੋਣ ਲਈ ਘੁੰਮਣ ਲੱਗ ਪਏ ਸਨ। ਘੁੰਮ ਫਿਰ ਕੇ ਖੱਜ਼ਲ ਖੁਆਰ ਹੁੰਦਿਆਂ ਦੋਵੇਂ ਸੰਨ 1963 ਵਿਚ ਅੰਬਾਲਾ ਕੈਂਟ ਤੋਂ ਡੀ. ਐਸ. ਸੀ. ਵਿਚ ਭਰਤੀ ਹੋ ਗਏ ਸਨ।

ਕੁਝ ਸਮੇਂ ਤੋਂ ਬਾਅਦ ਬਾਈ ਜੀ ਛੁੱਟੀ ਆ ਕੇ ਨੰਬਰਦਾਰੀ ਦੀ 'ਸਰਬਰਾਹੀ' ਬਾਪੂ ਨੱਥਾ ਸਿੰਘ ਨੂੰ ਦੇ ਗਿਆ ਸੀ। ਬਾਪੂ ਮੇਰੇ ਕੋਲੋਂ ਪੰਜਾਬੀ ਵਿਚ 'ਨੱਥਾ ਸਿੰਘ' ਲਿਖਣਾ ਸਿਖ ਕੇ ਖਰੜ ਤਹਿਸ਼ੀਲ ਵਿਚ ਜਾ ਕੇ ਪਿੰਡ ਦੀ ਜ਼ਮੀਨ ਦੀ ਵੇਚ ਖਰੀਦ ਦੀਆਂ ਰਜਿਸਟਰੀਆਂ ਤਸਦੀਕ ਕਰਨ ਲੱਗ ਪਿਆ ਸੀ ਤੇ ਬਤੌਰ ਨੰਬਰਦਾਰ ਹੋਰ ਦਸਤਾਵੇਜ਼ਾਂ ਉੱਤੇ ਦਸਤਖ਼ਤ ਕਰਨ ਲੱਗ ਪਿਆ ਸੀ। ਬਾਪੂ ਨੇ ਵੀ ਜੁੱਤੀਆਂ ਬਣਾਉਣ ਦਾ ਤੇ ਕਿਰਸਾਣਾਂ ਦੀ ਸੇਪੀ ਬੁੱਤੀਆਂ ਵਗਾਰਾਂ ਤੇ ਉਨ੍ਹਾਂ ਦੇ ਮਰੇ ਹੋਏ ਪਸ਼ੂ ਚੁੱਕਣ ਦਾ ਕੰਮ ਛੱਡ ਦਿੱਤਾ ਸੀ। ਬਾਪੂ ਨੇ ਵੱਡੇ ਸਾਰੇ ਝੋਲੇ ਵਿਚ ਕਰਨੀ (ਕਾਂਡੀ) ਤੇਸੀ, ਸੂਤ, ਸਾਹਲ ਆਦਿ ਪਾ ਕੇ ਹੱਥ ਵਿਚ ਗਜ ਫੜਿਆ ਹੁੰਦਾ। ਉਹ ਗਜ ਮਿਸਤਰੀ ਬਣ ਗਿਆ ਸੀ। ਤੇ ਲੋਕੀਂ ਉਹਨੂੰ ਕੰਧਾਂ, ਕੋਲੇ, ਕੱਚੀਆਂ ਪੱਕੀਆਂ ਇੱਟਾਂ ਦੇ ਕਮਰੇ ਬਣਾਉਣ ਲਈ ਬੁਲਾਉਣ ਲੱਗ ਪਏ ਸਨ। ਉਦੋਂ ਗਰੀਬਾਂ ਵਿਚ ਵੀ ਕੱਚੇ ਮਕਾਨ ਹੁੰਦਿਆਂ ਅਗਲੀ ਕੰਧ ਪੱਕੀ ਬਣਾਉਣ ਦਾ ਰਿਵਾਜ਼ ਜਿਹਾ ਸੀ। ਮੈਂ ਬਾਪੂ ਨੂੰ ਮਜ਼ਾਕ ਵਿਚ ਪੁੱਛਦਾ, "ਬਾਪੂ ! ਤੂੰ ਇਹ ਰਾਜ ਮਿਸਤਰੀ ਕਿਵੇਂ ਬਣ ਗਿਆ? " ਉਹ ਮੁਸਕੜੀਆਂ ਹੱਸਕੇ ਆਖਦਾ, "ਪੁੱਤਰਾ ! ਜੁੱਤੀਆਂ ਬਣਾਉਣ ਦੇ ਬਰੀਕੀ ਦੇ ਕੰਮ ਨਾਲੋਂ ਸੂਤ ਬੰਨ੍ਹ ਕੇ ਸਿੱਧੀਆਂ ਇਟਾਂ ਲਾਉਣੀਆਂ ਤੇ ਸਾਹਲ ਲਾ ਕੇ ਸਿੱਧੀ ਕੰਧ ਉਸਾਰਨਾ ਤਾਂ ਕਿੰਨਾ ਸੌਖਾ ਹੈ। ਨਾਲੇ ਚੱਪਲਾ ਜੁੱਤੀਆਂ ਤਾਂ ਲੋਕੀ ਬਾਜ਼ਾਰੋਂ ਪਲਾਸਟਿਕ ਦੀਆਂ ਬਣੀਆਂ ਹੋਈਆਂ ਖਰੀਦ ਕੇ ਲਿਆਉਣ ਲੱਗ ਪਏ ਹਨ। "

ਮੈਂ ਸੰਨ 1965 ਵਿਚ ਖਾਲਸਾ ਹਾਇਰ ਸੈਕੰਡਰੀ ਸਕੂਲ ਤੋਂ ਗਿਆਰਵੀ ਦੀ ਪ੍ਰੀਖਿਆ ਪਾਸ ਕਰਕੇ ਨੌਕਰੀ ਦੀ ਭਾਲ ਵਿਚ ਘੁੰਮਣ ਲੱਗ ਪਿਆ ਸੀ। ਬੇਬੇ ਮੇਰੇ ਨਾਲ ਹੱਸਦੀ ਰਹਿੰਦੀ ਸੀ, "ਪੁੱਤਰਾ ! ਪਹਿਲੀ ਨੌਕਰੀ ਦੇ ਪੈਸੇ ਮੈਨੂੰ ਦੇਈਂ?"

ਮੈਂ ਵੀ ਕਹਿੰਦੀ, "ਬੇਬੇ ਜੇ ਤੂੰ ਮਰ 'ਗੀ।"

"ਫੇਰ ਤੂੰ ਨੌਕਰੀ ਦੇ ਪੈਸੇ ਮੇਰੀ ਕਬਰ ਤੇ ਰੱਖ ਆਈਂ।"

"ਫੇਰ ਤੂੰ ਰਾਤ ਨੂੰ ਉੱਠ ਕੇ ਚੁੱਕ ਲਵੇਗੀ।"

"ਹਾਂ ਚੁੱਕ ਲਵਾਂਗੀ।" ਤੇ ਕੁਦਰਤੀ ਹੋਇਆ ਵੀ ਏਦਾ ਹੀ। ਮੈਨੂੰ 27 ਮਾਰਚ, 1967 ਵਿਚ ਇਕ ਕੱਚੀ ਜਿਹੀ ਨੌਕਰੀ ਮਿਲੀ। ਮੈਨੂੰ ਨੌਕਰੀ ਕਰਦੇ ਨੂੰ ਅਜੇ ਦਸ ਕੁ ਦਿਨ ਹੋਏ ਸਨ ਕਿ 7 ਅਪ੍ਰੈਲ ਨੂੰ ਬੇਬੇ ਦੀ ਮੌਤ ਹੋ ਗਈ ਸੀ। ਇਹ ਮੇਰੇ ਸਾਹਮਣੇ ਮੇਰੇ ਪੁਰਖਿਆ ਦੀ ਪਹਿਲੀ ਮੌਤ ਸੀ।

ਚਾਚੇ ਅਜੀਤ ਸਿੰਘ ਦਾ ਸੱਜਾ ਪਾਸਾ ਅਧਰੰਗ ਦੇ ਅਟੈਕ ਕਰਕੇ ਕਮਜ਼ੋਰ ਹੋ ਗਿਆ ਸੀ। ਉਹ ਕਈ ਬੋਝ ਭਾਰ ਦਾ ਕੰਮ ਨਹੀਂ ਕਰ ਸਕਦਾ ਸੀ। ਉਹ ਆਪਣੇ ਅੱਡੇ ਉੱਤੇ ਬੈਠਿਆ ਲੋਕਾਂ ਦੀ ਜੁੱਤੀਆਂ, ਚੱਪਲਾਂ ਆਦਿ ਦੀ ਮੁਰੰਮਤ ਕਰੀ ਜਾਂਦਾ ਸੀ। ਤੇ ਘਰ ਦਾ ਲੂਣ ਤੇਲ ਕਰਿਆਣੇ ਦਾ ਖਰਚ ਚਲਾਈ ਜਾਂਦਾ ਸੀ। ਚਾਚੇ ਦੇ ਦੋ ਪੁੱਤਰ ਕੇਸਰ ਸਿੰਘ ਤੇ ਅਵਤਾਰ ਸਿੰਘ ਦਸਵੀਂ ਜਮਾਤ ਤੱਕ ਪੜ੍ਹਕੇ ਬੰਬੇ ਇੰਜੀਅਨਰਿੰਗ ਵਿਚ ਭਰਤੀ ਹੋ ਗਏ ਸਨ। ਤਾਂ ਚਾਚੇ ਨੂੰ ਸੁਖ ਦਾ ਸਾਹ ਆਇਆ ਸੀ। ਅਧਿਆਤਮਕਵਾਦ ਅਨੁਸਾਰ ਆਮ ਤੌਰ ਉੱਤੇ ਸ਼ਰੀਰਕ ਪੱਖੋਂ ਕਮਜ਼ੋਰ ਵਿਅਕਤੀ ਦਾ ਮਨ ਧਰਮ ਕਰਮ ਵੱਲ ਝੁਕ ਜਾਂਦਾ ਹੈ। ਸੋ ਚਾਚਾ ਜੀ ਵੀ ਪਾਣੀਪਤ ਦੇ ਦੌਲਤ ਸ਼ਾਹ ਕਲੰਦਰ ਦੇ ਮਕਬਰੇ ਉੱਤੇ ਜਾਣ ਲੱਗ ਪਿਆ ਸੀ। ਤੇ ਕਈ ਕਈ ਦਿਨ ਉਥੇ ਹੀ ਰਹਿੰਦਾ ਸੀ। ਉਥੇ ਗਏ ਹੋਏ ਦੀ ਹੀ 2 ਅਕਤੂਬਰ , 1979 ਨੂੰ ਉਹਦੀ ਮੌਤ ਹੋ ਗਈ ਸੀ। ਉਹਦੀ ਮ੍ਰਿਤਕ ਦੇਹ ਨੂੰ ਘਰ ਲਿਆ ਕੇ ਅੰਤਮ ਸੰਸਕਾਰ ਕਰ ਦਿੱਤਾ ਗਿਆ ਸੀ।

58 ਸਾਲ ਦੀ ਉਮਰ ਹੋਣ ਉੱਤੇ ਸੰਨ 1977 ਵਿਚ ਬਾਈ ਜੀ ਡੀ ਐਮ ਸੀ ਤੋਂ ਰਿਟਾਇਰ ਹੋ ਕੇ ਪੈਨਸ਼ਨ ਲੈ ਕੇ ਘਰ ਆ ਗਿਆ ਸੀ। ਉਹਨੇ ਬਾਪੂ ਕੋਲੋਂ ਨੰਬਰਦਾਰੀ ਦੀ ਸਰਬਰਾਹੀ ਦਾ ਅਧਿਕਾਰ ਵਾਪਸ ਲੈ ਕੇ ਮੁੜ ਨੰਬਰਦਾਰੀ ਦਾ ਕੰਮ ਆਪ ਸੰਭਾਲ ਲਿਆ ਸੀ। ਬਾਪੂ ਤੋਂ ਹੁਣ ਬਹੁਤੀ ਨੱਸ ਭੱਜ ਹੁੰਦੀ ਵੀ ਨਹੀਂ ਸੀ। ਉਹ ਢਿੱਲਾ ਮੱਠਾ ਰਹਿਣ ਲੱਗ ਪਿਆ ਸੀ। ਤੇ ਉਲਟੀਆਂ ਟੱਟੀਆਂ ਦੀ ਬੀਮਾਰੀ ਨਾਲ 11 ਅਗਸਤ ਸੰਨ 1981 ਨੂੰ ਉਹਦੀ ਮੌਤ ਹੋ ਗਈ ਸੀ। ਹੁਣ ਚਾਚੇ ਦੇ ਪਰਿਵਾਰ ਵਿਚ ਬਜ਼ੁਰਗਾਂ ਵਿਚੋਂ ਚਾਚੀ ਹੀ ਪਰਿਵਾਰ ਦੀ ਸਾਂਭ ਸੰਭਾਲ ਕਰਨ ਵਾਲੀ ਰਹਿ ਗਈ ਸੀ। ਉਹਨੇ ਸੂਝ ਬੂਝ ਤੇ ਸਿਆਣਪ ਨਾਲ ਕੇਸਰ ਸਿੰਘ ਅਵਤਾਰ ਸਿੰਘ ਤੇ ਗੁਰਨਾਮ ਸਿੰਘ ਤਿੰਨੇ ਪੁੱਤਰਾਂ ਤੇ ਧੀ ਦਰਸ਼ਨ ਕੌਰ ਦੇ ਵਿਆਹ ਕੀਤੇ। ਤੇ ਬਿਨਾ ਕਿਸੇ ਲੜਾਈ ਝਗੜੇ ਦੇ ਤਿੰਨੇ ਪੁੱਤਰਾਂ ਨੂੰ ਅਲੱਗ ਅਲੱਗ ਮਕਾਨਾਂ ਵਿਚ ਜੁਦੇ ਕੀਤਾ। ਤੇ ਆਪ ਉਹ ਛੋਟੇ ਪੁੱਤਰ ਗੁਰਨਾਮ ਸਿੰਘ ਨਾਲ ਰਹਿਣ ਲੱਗ ਪਈ ਸੀ। ਪਰ ਜਦ ਉਹਦਾ ਕਬੀਲਦਾਰੀ ਨੂੰ ਨਜਿੱਠਕੇ ਆਰਾਮ ਨਾਲ ਜੀਵਨ ਜੀਣ ਦਾ ਸਮਾਂ ਆਇਆ ਤਾਂ ਉਹਨੂੰ ਸਾਹ ਨਾਲੀ ਦੇ ਕੈਂਸਰ ਦੀ ਬੀਮਾਰੀ ਨੇ ਘੇਰ ਲਿਆ ਸੀ। ਉਹਦਾ ਛੋਟਾ ਪੁੱਤਰ ਗੁਰਨਾਮ ਸਿੰਘ ਪੀ ਜੀ ਆਈ ਵਿਚ ਵਾਰਡ ਸਰਵੇਂਟ ਲੱਗਿਆ ਸੀ। ਉਸਦਾ ਪੀ ਜੀ ਆਈ ਚੰਡੀਗੜ੍ਹ ਤੋਂ ਲੰਬੇ ਸਮੇਂ ਤੱਕ ਇਲਾਜ਼ ਚਲਦਾ ਰਿਹਾ ਸੀ। ਅੰਤ 4 ਅਕਤੂਬਰ ਸੰਨ 2001 ਨੂੰ ਉਹ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਈ ਸੀ।

ਬਾਈ ਜੀ ਦੀ ਉਮਰ ਹੁਣ 81-82 ਸਾਲ ਦੀ ਹੋ ਗਈ ਸੀ। ਉਹਦੇ ਗੋਡਿਆ ਵਿਚ ਦਰਦ ਰਹਿਣ ਲੱਗ ਪਈ ਸੀ। ਉਹ ਲਾਠੀ ਦੇ ਸਹਾਰੇ ਨਾਲ ਤੁਰਨ ਲੱਗ ਪਿਆ ਸੀ। ਉਹ ਸਿਆਲਬੀਏ ਮਨਸ਼ਾ ਰਾਮ ਪੰਸਾਰੀ ਤੋਂ ਦੇਸੀ ਦਵਾਈਆਂ ਲਿਆਉਂਦਾ। ਉਹਨਾਂ ਨੂੰ ਰਗੜ ਕੇ ਨਿੱਕੀਆਂ ਨਿੱਕੀਆਂ ਗੋਲੀਆਂ ਬਣਾ ਲੈਂਦਾ ਸੀ ਤੇ ਇਕ ਇਕ ਗੋਲੀ ਨਿੱਤ ਖਾਂਦਾ ਰਹਿੰਦਾ ਸੀ। ਉਹਨੂੰ ਕੰਨਾਂ ਤੋਂ ਉੱਚਾ ਸੁਣਦਾ ਸੀ। ਪਰ ਹੁਣ ਵੀ ਉਹ ਬਿਨਾ ਐਨਕ ਲਾਇਆ ਅਖ਼ਬਾਰ ਪੜ੍ਹ ਲੈਂਦਾ ਸੀ। ਉਹ 'ਪੰਜਾਬੀ ਟ੍ਰਿਬਿਊਨ' ਆਪਣਾ ਅਲੱਗ ਅਖ਼ਬਾਰ ਲੈਂਦਾ ਸੀ। ਤੇ ਸਾਰਾ ਦਿਨ ਅਖ਼ਬਾਰ ਆਪਣੇ ਕੋਲ ਰੱਖਦਾ ਸੀ।

ਮੈਂ ਜੱਦੀ ਮਕਾਨ ਛੋਟੇ ਭਰਾ ਦਰਸ਼ਨ ਸਿੰਘ ਨੂੰ ਛੱਡ ਕੇ ਆਪਣਾ ਅਲੱਗ ਮਕਾਨ ਬਣਾ ਲਿਆ ਸੀ।

ਮਾਪੇ ਛੋਟੇ ਭਰਾ ਨਾਲ ਰਹਿੰਦੇ ਸਨ। ਬਾਈ ਜੀ ਜਦ ਤੋਂ ਰਿਟਾਇਰ ਹੋ ਕੇ ਆਇਆ ਉਦੋਂ ਤੋਂ ਹੀ ਹਾਜ਼ਰੀ ਦੀ ਰੋਟੀ ਖਾ ਕੇ ਸਾਡੇ ਘਰ ਨਿੰਮ ਥੱਲੇ ਮੰਜਾ ਡਾਹ ਕੇ ਬਹਿ ਜਾਂਦਾ ਸੀ। ਜਿਵੇਂ ਬੂਟ, ਗੁਰਗਾਬੀਆਂ ਬਣਾਉਣ ਦੀ ਦੁਕਾਨ ਵਿਚ ਉਹਦੇ ਕੋਲ ਬੰਦੇ ਆ ਕੇ ਬਹਿੰਦੇ ਸਨ। ਹੁਣ ਫੇਰ ਉਹਦੇ ਕੋਲ ਰੌਣਕ ਲੱਗਣ ਲੱਗ ਪਈ ਸੀ। ਤੇ ਉਹ ਉਹਦੇ ਕੋਲ ਆ ਕੇ ਬਹਿਣ ਵਾਲੇ ਭਜੋ, ਗੰਗੂ ਤੇ ਪ੍ਰੀਤਮ ਆਦਿ ਨੂੰ ਮਹਾਂ ਭਾਰਤ ਦੀਆਂ ਕਹਾਣੀਆਂ ਸੁਣਾਉਣ ਲੱਗ ਪਿਆ ਸੀ।

ਬਾਈ ਜੀ ਹੁਣ ਤੁਰਨ ਫਿਰਨ ਤੋਂ ਬਹੁਤ ਔਖ ਮਹਿਸੂਸ ਕਰਨ ਲੱਗ ਪਿਆ ਸੀ। ਉਹ ਨੰਬਰਦਾਰੀ ਦੀ ਸਰਬਰਾਹੀ ਮੈਨੂੰ ਲੈਣ ਲਈ ਜੋਰ ਪਾਉਂਦਾ ਰਹਿੰਦਾ ਸੀ। ਪਰ ਮੈਂ ਲਿਖਣ ਪੜ੍ਹਨ ਵਿਚ ਵਿਘਨ ਪੈਣ ਕਰਕੇ ਨੰਬਰਦਾਰੀ ਦੇ ਝੰਝਟਾ ਵਿਚ ਪੈਣਾ ਨਹੀਂ ਚਾਹੁੰਦਾ ਸੀ। ਉਹ ਸੰਘ ਘਰੋੜ ਕੇ ਕਹਿੰਦਾ, "ਇਹ ਨੰਬਰਦਾਰੀ ਮੈਂ ਅੰਬਾਲਾ ਤੱਕ ਅਦਾਲਤਾਂ ਵਿਚ ਕੇਸ ਲੜ ਕੇ ਹਾਸਿਲ ਕੀਤੀ ਸੀ। ਤੂੰ ਇਹਨੂੰ ਕੁਛ ਨੀਂ ਸਮਝਦਾ।" ਬਾਈ ਜੀ ਦੇ ਬਹੁਤ ਜਿੱਦ ਕਰਨ ਤੇ ਮੈਂ ਸਰਬਰਾਹੀ ਲਈ ਕੇਸ ਡੀ ਸੀ ਮੋਹਾਲੀ ਨੂੰ ਭੇਜਿਆ ਤੇ 4 ਦਸੰਬਰ, 2007 ਨੂੰ ਮੈਨੂੰ ਸਰਬਰਾਹੀ ਦਾ ਹੱਕ ਪ੍ਰਾਪਤ ਹੋ ਗਿਆ। ਤੇ ਹੁਣ ਖਰੜ ਤਹਿਸੀਲ ਵਿਚ ਦੂਰ ਜਾਣ ਦੀ ਥਾਂ ਸਬ ਤਹਿਸੀਲ ਮੇਰੇ ਪਿੰਡ ਮਜ਼ਾਰੀ ਬਣਨ ਕਰਕੇ ਮੇਰਾ ਨੰਬਰਦਾਰੀ ਦਾ ਕੰਮ ਸੌਖਾ ਹੋ ਗਿਆ ਸੀ।

ਭਾਵੇਂ ਹੁਣ ਬਾਈ ਜੀ ਲਾਠੀ ਦੇ ਸਹਾਰੇ ਵੀ ਬਹੁਤ ਔਖਾ ਹੋ ਕੇ ਤੁਰਦਾ ਸੀ ਪਰ ਫਿਰ ਵੀ ਉਹ ਮੰਜੇ ਉੱਤੇ ਬਹਿਣ ਦੀ ਬਜਾਇ ਔਖਾ ਹੋ ਕੇ ਲਾਠੀ ਦੇ ਸਹਾਰੇ ਤੁਰਕੇ ਸਾਡੇ ਵਿਹੜੇ ਵਿਚ ਨਿੰਮ ਥੱਲੇ ਆ ਕੇ ਬਹਿ ਜਾਂਦਾ ਸੀ। ਇਕ ਦਿਨ ਉਹ ਤੁਰਿਆ ਜਾਂਦਾ ਨਾਲੀ ਵਿਚ ਅੜਕ ਕੇ ਡਿੱਗ ਪਿਆ ਸੀ। ਉਸ ਦਿਨ ਤੋਂ ਬਾਅਦ ਉਹਦਾ ਸਾਡੇ ਘਰ ਆਉਣਾ ਬੰਦ ਹੋ ਗਿਆ ਸੀ। ਉਹਨੂੰ ਕੋਈ ਖਾਸ ਬੀਮਾਰੀ ਨਹੀਂ ਸੀ। ਬਾਈ ਜੀ ਦੀ ਮਿਲਟਰੀ ਪਾਸ ਬੁੱਕ ਵਿਚ ਉਹਦੇ ਜਨਮ ਦਾ ਸਾਲ ਸੰਨ 1919 ਲਿਖਿਆ ਹੋਇਆ ਸੀ। ਅੰਤ 24 ਮਾਰਚ, 2010 ਨੂੰ ਸਾਨੂੰ ਲਗਭਗ ਇਕ ਸਦੀ ਗਿਆਨ ਦਾ ਪ੍ਰਕਾਸ਼ ਦੇਣ ਵਾਲਾ ਇਹ ਸੂਰਜ ਹਮੇਸ਼ਾ ਹਮੇਸ਼ਾ ਲਈ ਆਸਤ ਹੋ ਗਿਆ ਸੀ।

ਹੁਣ ਬਾਈ ਜੀ ਦੀ ਲੰਬੜਦਾਰੀ ਨੂੰ ਵੀ ਸੰਭਾਲਣਾ ਸੀ। ਮੈਂ ਤੇ ਮੇਰਾ ਛੋਟਾ ਭਰਾ ਦਰਸ਼ਨ ਸਿੰਘ ਦੋਵੇਂ ਲੈਕਚਰਾਰ ਦੀ ਪੋਸਟ ਤੋਂ ਰਿਟਾਇਰ ਹੋ ਗਏ ਸਨ। ਮੈਂ ਦਰਸ਼ਨ ਨੂੰ ਹਾਸੇ ਵਿਚ ਕਿਹਾ, "ਮੈਂ ਤਾਂ 'ਕਹਾਣੀਕਾਰ' ਹੀ ਠੀਕ ਹਾਂ 'ਲੰਬੜਦਾਰ' ਤੂੰ ਬਣ ਜਾ। ਉਹਨੇ ਨੰਬਰਦਾਰੀ ਦਾ ਕੇਸ ਤਿਆਰ ਕਰਕੇ ਡੀ ਸੀ ਮੋਹਾਲੀ ਨੂੰ ਭੇਜਿਆ ਤੇ 6 ਫਰਵਰੀ, 2015 ਤੋਂ ਉਹਨੂੰ ਨੰਬਰਦਾਰੀ ਮਿਲ ਗਈ ਸੀ। ਸਾਡੀ ਬੀਬੀ ਤਾਂ ਵਿਚਾਰੀ ਪਹਿਲਾਂ ਤੋਂ ਹੀ ਚੁੱਪ ਰਹਿਣ ਵਾਲੀ ਸੀ। ਉਹਨੇ ਘਰ ਦੇ ਕਿਸੇ ਕੰਮ ਵਿਚ ਦਖਲ ਤਾਂ ਕੀ ਦੇਣਾ ਏ ਉਹ ਤਾਂ ਆਪਣੀ ਰਾਇ ਵੀ ਨਹੀਂ ਸੀ ਦਿੰਦੀ। ਉਹ ਸੰਝ ਸਵੇਰ ਹੱਥ ਜੋੜ ਕੇ ਪਤੀ ਪਰਮੇਸ਼ਵਰ ਦੀ ਲੰਮੀ ਉਮਰ ਦੀ ਅਰਜੋਈ ਕਰਦੀ ਰਹਿੰਦੀ ਸੀ। ਤੇ ਬਾਈ ਜੀ ਦੇ ਤੁਰ ਜਾਣ ਤੋਂ ਬਾਅਦ ਉਹ ਹੋਰ ਵੀ ਚੁੱਪ ਚੁਪੀਤੀ ਜਿਹੀ ਰਹਿਣ ਲੱਗ ਪਈ ਸੀ। ਜੇ ਕੋਈ ਘਰ ਦਾ ਜੀਅ ਉਹਨੂੰ ਹਸਾਉਂਦਾ ਵੀ ਤਾਂ ਉਹ ਮਾੜਾ ਜਿਹਾ ਹੱਸ ਕੇ ਫਿਰ ਚੁੱਪ ਧਾਰ ਲੈਂਦੀ ਸੀ। ਅੰਤ ਨੂੰ ਉਹ ਦਸੰਬਰ ਸੰਨ 2012 ਨੂੰ ਸਦਾ ਦੀ ਨੀਂਦ ਸੌਂ ਗਈ ਸੀ।

ਹੁਣ ਜਦ ਸਾਡੇ ਪੁਰਖਿਆ ਵਿਚੋਂ ਕੋਈ ਵੀ ਸਾਡੇ ਕੋਲ ਨਹੀਂ ਰਿਹਾ। ਮੈਂ ਆਪਣੀ ਹੋਂਦ ਆਪਣੇ ਵਜ਼ੂਦ ਨੂੰ ਦੇਖਦਾ ਰਹਿੰਦਾ ਹਾਂ। ਮੈਨੂੰ ਪ੍ਰਤੀਤ ਹੁੰਦਾ ਹੈ ਮੈਂ ਤਾਂ ਕੁਝ ਵੀ ਨਹੀਂ। ਬਸ ਪੁਰਖੇ ਹੀ ਮੇਰੀ ਜਿੰਦ ਜਾਨ ਹਨ।

**(ਸੰਪਰਕ -98881-29977)**

# ਪੁਰਖਿਆਂ ਦਾ ਮੇਰੇ ਤੇ ਪ੍ਰਭਾਵ / - ਮੇਜਰ ਮਾਂਗਟ

ਦਰਿਆ ਸਹੁੰ ਤੇ ਕਕੇਸ਼ੀਆ ਤੋਂ ਚੰਗੇ ਜੀਵਨ ਦੀ ਤਲਾਸ਼ 'ਚ ਆਏ ਹੋਣਗੇ ਆਰੀਅਨ ਕਬੀਲੇ। ਜ਼ਰੂਰ ਉਹ ਪਸ਼ੂ ਪਾਲਕ ਹੋਣਗੇ, ਚੰਗੀਆਂ ਚਰਾਂਦਾ ਅਤੇ ਸ਼ਿਕਾਰਾਂ ਦੀ ਤਲਾਸ਼ ਵਿੱਚ ਆ ਕੇ ਦਰਿਆ ਸਿੰਧ ਕਿਨਾਰੇ ਵਸ ਗਏ ਹੋਣਗੇ। ਉਨ੍ਹਾਂ ਨੂੰ ਆਪਣੀ ਸਥਾਪਤੀ ਲਈ ਯੁੱਧ ਵੀ ਕਰਨੇ ਪਏ ਹੋਣਗੇ। ਫੇਰ ਦਰਾਵੜਾਂ ਅਤੇ ਮੂਲ ਵਾਸੀਆਂ ਨਾਲ ਭਿੜਦੇ ਉਹ ਪੂਰੇ ਗੰਗਾ ਅਤੇ ਸਿੰਧ ਦੇ ਮੈਦਾਨਾਂ ਵਿੱਚ ਫੈਲ ਗਏ ਹੋਣਗੇ। ਉਦੋਂ ਹੀ ਸਿੰਧੂ ਘਾਟੀ ਦੀ ਸੱਭਿਅਤਾ ਦਾ ਜਨਮ ਹੋਇਆ ਹੋਵੇਗਾ। ਸਿੰਧੂ ਤੋਂ ਹਿੰਦੂ ਤੇ ਹਿੰਦੂ ਤੋਂ ਹਿੰਦੋਸਤਾਨ ਬਣੇ ਹੋਣਗੇ।

ਲੰਬਾ ਚੌੜਾ ਇਤਿਹਾਸ ਹੈ ਕਿ ਕਿਵੇਂ ਕਬੀਲਿਆਂ ਨੇ ਗਣ ਬਣਾਏ। ਗਣਪਤੀ ਬਣਾਏ। ਗਣਾਂ ਨੂੰ ਮਿਲ ਕੇ ਗਣਰਾਜ ਬਣਾਏ। ਇਨ੍ਹਾਂ ਕਬੀਲਿਆਂ ਵਿੱਚ ਮੇਰੇ ਪੁਰਖੇ ਵੀ ਹੋਣਗੇ । ਮੇਰੇ ਪੁਰਖਿਆਂ ਦਾ ਯਾਦਵ ਵੰਸ਼ ਸੀ। ਏਸੇ ਵੰਸ਼ ਚੋਂ ਹੀ ਕ੍ਰਿਸ਼ਨ ਸੀ। ਕੁਰੂ, ਪੁਰੂ, ਨਾਗ ਕਬੀਲੇ ਕਬਜ਼ਿਆਂ ਲਈ ਲੜ੍ਹਦੇ ਝਗੜਦੇ ਰਹਿੰਦੇ। ਮਹਾਂਭਾਰਤ ਵੀ ਇਸੇ ਦਾ ਸਿੱਟਾ ਸੀ। ਇਹ ਸਾਰੇ ਮੇਰੇ ਪੁਰਖੇ ਹੀ ਸਨ ,ਜੋ ਮੱਧ ਏਸ਼ੀਆ ਤੋਂ ਦਰਿਆਵਾਂ ਦੀ ਧਰਤੀ ਤੇ ਚੰਗੇ ਜੀਵਨ ਦੀ ਤਲਾਸ਼ ਵਿੱਚ ਆਏ ਏਥੇ ਹੀ ਵਸ ਗਏ। ਜਿਵੇਂ ਮੈਂ ਹਜ਼ਾਰਾਂ ਸਾਲਾਂ ਦੇ ਵਕਫੇ ਬਾਅਦ ਮੁੜ ਫੇਰ ਚੰਗੇ ਜੀਵਨ ਦੀ ਤਲਾਸ਼ ਵਿੱਚ ਕੈਨੇਡਾ ਆਣ ਵਸਿਆਂ ਹਾਂ ਤੇ ਅੱਗੋਂ ਮੇਰੀਆਂ ਨਸਲਾਂ ਇੱਕ ਪੁਰਖਿਆਂ ਦੇ ਸੰਘਰਸ਼ ਨੂੰ ਢੂੰਡਦੀਆਂ ਨਵਾਂ ਇਤਿਹਾਸ ਲਿਖਣਗੀਆਂ।

ਯਾਦਵ ਵੰਸ਼ ਵਿੱਚੋਂ ਹੀ ਰਾਜਾ ਗਜਰਾਜ ਯਾਦਵ ਹੋਇਆ ਹੈ, ਜਿਸ ਦਾ ਕਦੇ ਅਫਗਾਨਸਤਾਨ ਤੇ ਰਾਜ ਹੋਇਆ ਕਰਦਾ ਸੀ। ਇਹ ਸਾਡਾ ਹੀ ਪੁਰਖਾ ਸੀ। ਅੱਗੋਂ ਉਸੇ ਦਾ ਪੋਤਾ ਆਦਿ ਮਾਂਗਟ ਹੋਇਆ ਹੈ, ਜਿਸ ਦਾ ਜਨਮ ਉਦੋਂ ਸਾਕਲ ਪਰ ਹੁਣ ਦੇ ਸਿਆਲਕੋਟ ਵਿੱਚ 520 ਈ: ਵਿੱਚ ਹੋਇਆ ਸੀ। ਗਜਰਾਜ ਯਾਦਵ ਨੇ ਆਪਣੀ ਆਪਣੀ ਰਾਜਧਾਨੀ ਗ਼ਜ਼ਨੀ ਨੂੰ ਬਣਾਇਆ ਸੀ। ਮਾਂਗਟ ਦਾ ਪਿਤਾ ਰਾਜਾ ਸਾਲਵਾਹਨ ਸੀ, ਜੋ ਕਦੇ ਕੰਧਾਰ ਦੇਸ ਤੇ ਰਾਜ ਕਰਦਾ ਰਿਹਾ। ਕੰਧਾਰ ਕਦੇਂ ਗੰਧਾਰ ਹੋਇਆ ਕਰਦਾ ਸੀ ਮਹਾਰਾਣੀ ਗੰਧਾਰੀ ਤੇ ਨਾਲ ਤੇ। ਰਾਜੇ ਸਾਲਵਾਹਨ ਦੇ ਸੋਲਾਂ ਪੁੱਤਰ ਸਨ ਤੇ ਮਾਂਗਟ ਏਨਾਂ ਵਿੱਚੋਂ ਪੰਦਰਵੇਂ ਨੰਬਰ ਤੇ ਸੀ। ਪੂਰਨ ਭਗਤ ਵੀ ਏਸੇ ਮਾਂਗਟ ਦਾ ਸਕਾ ਭਰਾ ਸੀ। ਰਾਣੀ ਇੱਛਰਾਂ ਦਾ ਪੁੱਤਰ। ਲੂਣਾ ਇਸੇ ਘਰ ਵਿੱਚ ਮਤ੍ਰੇਈ ਮਾਂ ਬਣ ਕੇ ਆਈ ਸੀ, ਜਿਸ ਨੇ ਝੂਠੇ ਦੋਸ਼ ਲਗਾ ਕੇ ਪੂਰਨ ਨੂੰ ਖੂਹ ਵਿੱਚ ਸੁਟਵਾਹਿਆ ਸੀ। ਪੂਰਨ ਦਾ ਖੂਹ ਅਜੇ ਵੀ ਸਿਆਲਕੋਟ ਵਿੱਚ ਮਸ਼ਹੂਰ ਹੈ ਤੇ ਇਹ ਸਾਰਾ ਮੇਰੇ ਹੀ ਪੁਰਖਿਆਂ ਦਾ ਇਤਿਹਾਸ ਹੈ।

ਜਦੋਂ ਇਸਲਾਮ ਦੀ ਹਨੇਰੀ ਝੁੱਲੀ ਮੌਲਾਣਿਆਂ ਨੇ ਕੰਧਾਰ ਵਿੱਚ ਵੀ ਜੇਹਾਦ ਛੇੜ ਦਿੱਤਾ, ਤੇ ਬਾਹਰੀ ਹਮਲੇ ਬਹੁਤ ਵਧ ਗਏ। ਇਸਲਾਮ ਦਾ ਜੋਰ ਵੱਧ ਗਿਆ ਜਿਸ ਕਰਕੇ ਰਾਜਧਾਨੀ ਗ਼ਜ਼ਨੀ ਤੋਂ ਸਿਆਲਕੋਟ ਬਦਲਣੀ ਪਈ। ਰਾਜਾ ਸਾਲਬਾਹਨ 550 ਵਿੱਚ ਚੜ੍ਹਾਈ ਕਰ ਗਿਆ ਤੇ ਉਸ ਦੇ ਪੁੱਤਰ ਪੂਰਨ ਦੀ ਮੌਤ ਤੋਂ ਬਾਅਦ ਭਰਾਵਾਂ ਨੇ ਪਿਉ ਖਿਲਾਫ ਬਗਾਵਤ ਕਰ ਦਿੱਤੀ ਤੇ ਘਰ ਛੱਡ ਕੇ ਹੋਰ ਇਲਾਕਿਆਂ ਵਿੱਚ ਜਾ ਵੱਸੇ।

ਰਾਜਾ ਰਸਾਲੂ ਜਿਸ ਨੇ ਭਰਾ ਨੂੰ ਖੂਹ ਵਿੱਚ ਸੁਟਵਾਏ ਜਾਣ ਤੋਂ ਬਾਅਦ ਪਿਤਾ ਦੇ ਮੱਥੇ ਨਾ ਲੱਗਣ ਦੀ ਠਾਣ ਲਈ ਸੀ ਨਾਭੇ ਕੋਲ ਆ ਵਸਿਆ ਤੇ ਨਜ਼ਦੀਕ ਹੀ ਸ਼ਹਿਰ ਭਾਦਸੋਂ ਵਸਾ ਲਿਆ ਜੋ ਉਸਦੀ ਰਾਜਧਾਨੀ ਹੋਇਆ ਕਰਦੀ ਸੀ। ਸੁਨਾਮ ਦੇ ਰਾਜੇ ਨੂੰ ਸ਼ਤਰੰਜ ਦੀ ਖੇਡ ਵਿੱਚ ਹਰਾ ਕੇ ਇੱਕ ਸ਼ਰਤ ਅਨੁਸਾਰ ਉਸਦੀ

ਖ਼ੂਬਸੂਰਤ ਧੀ ਕੋਕਲਾਂ ਨਾਲ ਵਿਆਹ ਵੀ ਕਰਵਾ ਲਿਆ। ਇਥੋਂ ਹੀ ਕਿੱਸਾ ਕਾਵਿ ਦੀ ਵੀ ਸ਼ੁਰੂਆਤ ਹੁੰਦੀ ਹੈ। ਇਹ ਵੀ ਬੜੀ ਲੰਮੀ ਚੌੜੀ ਕਹਾਣੀ ਹੈ।

ਫੇਰ ਏਸੇ ਖਾਨਦਾਨ ਵਿੱਚੋਂ ਸਾਇਰ ਰਾਓ ਨੇ ਸਰਹੰਦ ਵਸਾਇਆ। ਮਾਰਵਾੜ ਵਿੱਚ ਗੜ੍ਹਗਜ਼ਨੀ ਵਸਾਇਆ ਤੇ ਜੱਗ ਸਵਾਈ ਦੇ ਨੌਵੇਂ ਪੁੱਤਰ ਤਰੇਹਨ ਨੇ ਮੁਕਤਸਰ ਕੋਲ ਸਾਲਬਾਹਨ ਵਸਾਇਆ, ਹੰਸੀ ਨੇ ਹਿੰਸਾਰ ਵਸਾਇਆ। ਪੂਰਬੀ ਰਾਓ ਪੂਰਨ ਭਗਤ ਦੇ ਨਾਂ ਤੇ ਸਿਆਲਕੋਟ ਹੀ ਰਾਜ ਕਰਦਾ ਰਿਹਾ।

ਮਾਂਗਟ ਦੇ ਭਤੀਜੇ ਬੁਲੰਦ ਨੇ ਇੱਕ ਵਾਰ ਫੇਰ ਗਜ਼ਨੀ ਕੰਧਾਰ ਤੇ ਕਬਜ਼ਾ ਕਰ ਲਿਆ ਤੇ ਚਾਲੀ ਸਾਲ ਰਾਜ ਕੀਤਾ। 650 ਈ: ਵਿੱਚ ਮੁੜ ਮੁਸਲਮ ਹਮਲਾਵਰ ਕਾਬਜ਼ ਹੋ ਗਏ। ਜੋਗੀ ਚਰਪਟ ਨਾਥ ਵੀ ਮਾਂਗਟ ਖਾਨਦਾਨ ਵਿੱਚੋਂ ਆਦਿ ਮਾਂਗਟ ਦੀ 38ਵੀਂ ਪੀੜ੍ਹੀ ਸੀ ਤੇ ਇਸ ਖਾਨਦਾਨ ਦਾ ਉਹ ਪਹਿਲਾ ਸ਼ਾਇਰ ਲੇਖਕ ਸੀ ਜਿਸ ਦੀਆਂ ਰਚਨਾਵਾਂ ਨਾਥਾਂ ਯੋਗੀਆਂ ਦੇ ਸਾਹਿਤ ਵਿੱਚ ਮਿਲਦੀਆਂ ਹਨ।

ਪੰਜਾਬ ਵਿੱਚ 1066 ਤੋਂ ਲੈ ਕੇ 1190 ਤੱਕ ਜੱਗਦਿਓ ਪਰਮਾਰ ਦਾ ਰਾਜ ਰਿਹਾ। ਇਸ ਦੀ ਰਾਜਧਾਨੀ ਜਰਗ ਹੋਇਆ ਕਰਦੀ ਸੀ। ਕਾਲਾ ਮਾਂਗਟ ਜੋ ਕਿ ਇੱਕ ਸੂਰਮਾਂ ਤੇ ਤਕੜਾ ਪਹਿਲਵਾਨ ਸੀ ਜੱਗਦਿਓ ਪਰਮਾਰ ਉਸ ਦਾ ਕਦਰਦਾਨ ਸੀ ਤੇ ਉਸ ਨੇ ਹੀ ਉਸ ਨੂੰ ਨਗਰ ਵਾਸਾਉਣ ਦੀ ਖ਼ੁੱਲ ਦਿੱਤੀ। ਇਹ ਹੀ ਸਮਾਂ ਸੀ ਜਦੋਂ ਸਾਡੇ ਪੁਰਖਿਆਂ ਨੇ ਬਹੁਤ ਫੈਲਾਅ ਕੀਤਾ ਤੇ ਕਈ ਪਿੰਡ ਵਸਾਏ। ਕਾਲੇ ਮਾਂਗਟ ਨੇ ਪਿੰਡ ਕਟਾਣੀ ਤੇ ਬਾਬਾ ਆਸਰ ਨੇ ਛੰਦੜਾ ਵਸਾ ਲਿਆ। ਇਸੇ ਪ੍ਰਕਾਰ ਰਾਮਪੁਰ, ਬੇਗੋਵਾਲ, ਘੁਲਾਲ ਮੇਰਾ ਪਿੰਡ ਕੁੱਬੇ, ਰਾਮਗੜ, ਚੱਕ ਲਾਟੋਂ, ਜਟਾਣਾ ਵਸਾਏ ਗਏ। ਮਾਂਗਟਾਂ ਦੇ ਇਹ ਬਾਰਾਂ ਪਿੰਡ ਜੋ ਦੋਰਾਹੇ ਤੇ ਸਾਮਰਾਲੇ ਕੋਲ ਹਨ ਹੁਣ ਮਾਂਗਟ ਬਲਾਕ ਅਖਵਾਉਂਦੇ ਹਨ। ਮੈਂ ਇਤਿਹਾਸ ਦੇ ਇਹ ਵਰਕੇ ਤੇ ਤੱਥ ਇਸ ਲੇਖ ਵਿੱਚ ਨਹੀਂ ਫਰੋਲਾਂਗਾ ਜੋ ਬਹੁਤ ਦਿਲਚਸਪੀ ਵਾਲੇ ਹਨ।

ਮੇਰਾ ਦਾਦਾ ਭਾਨ ਸਿੰਘ ਵੀ ਬਹੁਤ ਸਾਰੀਆਂ ਹੋਰ ਕਹਾਣੀਆਂ ਸੁਣਾਇਆ ਕਰਦਾ ਸੀ, ਜੋ ਮੈਨੂੰ ਪ੍ਰਭਾਵਤ ਕਰਦੀਆਂ ਰਹੀਆਂ। ਜਿਵੇਂ ਗੁਰੂ ਗਰੰਥ ਸਾਹਿਬ ਦੀ ਬੀੜ ਬੰਨਣ ਵਾਲਾ, ਭਾਈ ਬੰਨੋ ਵੀ ਮਾਂਗਟਾਂ ਦਾ ਹੀ ਵਡੇਰਾ ਸੀ ਤੇ ਚਾਲੀ ਮੁਕਤਿਆਂ ਵਿੱਚ ਭਾਈ ਜੀਵਨ ਸਿੰਘ ਵੀ ਮਾਂਗਟ ਸੀ। 1778 -79 ਵਿੱਚ ਦਿੱਲੀ ਦੇ ਲਾਲ ਕਿਲੇ ਤੇ ਭਾਈ ਬਘੇਲ ਸਿੰਘ ਨੇ ਕੇਸਰੀ ਝੰਡਾ ਝੁਲਾਇਆ, ਉਸ ਵੇਲੇ ਵੀ ਉਸ ਨਾਲ ਇੱਕ ਪੂਰਾ ਜਥਾ ਮਾਂਗਟਾ ਦਾ ਸੀ। ਮੁਸਲਮਾਨ ਹਮਲਿਆਂ ਸਮੇਂ ਬਹੁਤ ਸਾਰੇ ਮਾਂਗਟ ਅਫ਼ਗਾਨਸਤਾਨ ਤੋਂ ਭੱਜ ਕੇ ਰੂਸ ਜਾ ਵਸੇ। ਰੂਸੀ ਇਤਿਹਾਸਕਾਰ ਏ ਐਲ ਮੰਗੋਟ, ਦਰਅਸਲ ਮਾਂਗਟ ਹੀ ਹੈ। ਮਾਂਗਟ ਯੂ ਪੀ, ਬਿਹਾਰ, ਪਾਕਿਸਤਾਨ ਤੋਂ ਇਲਾਵਾ ਪੂਰੀ ਦੁਨੀਆਂ ਵਿੱਚ ਫੈਲੇ ਹੋਏ ਹਨ। ਮਾਂਗਟ ਨਾਂ ਤੇ ਬਹੁਤ ਸਾਰੇ ਪਿੰਡ ਵਸੇ ਹੋਏ ਹਨ। ਇਹ ਵਸਾਉਣ ਵਾਲੇ, ਸਾਰੇ ਮੇਰੇ ਹੀ ਪੁਰਖੇ ਸਨ। ਏਥੇ ਮੈਂ ਸਾਰਾ ਇਤਿਹਾਸ ਤਾਂ ਵਰਨਿਣ ਨਹੀ ਕਰਾਂਗਾ। ਮੈਂ ਆਪਣੇ ਉਨਾਂ ਪੁਰਖਿਆਂ ਤੇ ਆਵਾਂਗਾ ਜਿਨਾਂ ਨੂੰ ਮੈਂ ਖ਼ੁਦ ਵੇਖਿਆ ਹੈ।

ਜਦੋਂ ਮੈਂ ਹੋਸ਼ ਸੰਭਾਲੀ ਤਾਂ ਮੇਰੇ ਦਾਦ ਜੀ ਸ: ਭਾਨ ਸਿੰਘ, ਮੇਰੀ ਦਾਦੀ ਬਸੰਤ ਕੌਰ ਤੇ ਦਾਦਾ ਜੀ ਦਾ ਵੱਡਾ ਭਰਾ ਹੌਲਦਾਰ ਪੰਜਾਬ ਸਿੰਘ ਹੀ ਮੇਰੇ ਨਾਇਕ ਸਨ। ਮੈਂ ਆਪਣਾ ਬਚਪਨ ਨਾਨਕੇ ਪਿੰਡ ਗੁਜਾਰਿਆ ਹੋਣ ਕਰਕੇ, ਮੇਰੇ ਨਾਨਾ ਜੀ ਸ: ਸਾਧੂ ਸਿੰਘ ਲੰਬੜਦਾਰ ਅਤੇ ਨਾਨੀ ਪੰਜਾਬ ਕੌਰ ਦਾ ਵੀ ਮੇਰੇ ਤੇ ਚੋਖਾ ਪ੍ਰਭਾਵ ਹੈ। ਮੈਂ ਅੱਜ ਜੋ ਵੀ ਹਾਂ, ਮੇਰੀ ਸਮੁੱਚੀ ਸ਼ਖ਼ਸੀਅਤ ਉੱਪਰ ਇਨ੍ਹਾਂ ਚਾਰਾਂ ਪੁਰਖਿਆਂ ਦਾ ਬਹੁਤ ਪ੍ਰਭਾਵ ਹੈ ਜੋ ਮੇਰੇ ਜੀਵਨ ਵਿੱਚ ਮਹਾਂਨਾਇਕ ਬਣਕੇ ਆਏ ਤੇ ਰਾਹ ਦਸੇਰੇ ਬਣਦੇ ਰਹੇ।

ਮੇਰਾ ਪਿੰਡ ਲੁਧਿਆਣਾ ਜ਼ਿਲ੍ਹੇ ਦੇ ਤਹਿਸੀਲ ਸਮਰਾਲਾ ਵਿੱਚ ਪਿੰਡ ਕੁੱਬਾ ਹੈ। ਏਥੇ ਹੀ ਮੇਰੇ ਦਾਦਾ ਜੀ ਤੇ ਉਸਦਾ ਭਰਾ ਹੌਲਦਾਰ ਪੰਜਾਬ ਸਿੰਘ ਰਹਿੰਦੇ ਸੀ। ਦੋਨਾਂ ਕੋਲ ਗੁਜ਼ਾਰੇ ਜੋਗੀ ਜ਼ਮੀਨ ਸੀ। ਪਰ ਮਾਪੇ ਨਾਮੁਰਾਦ ਬਿਮਾਰੀਆਂ ਦੀ ਭੇਂਟ ਚੜ੍ਹ ਗਏ ਸਨ। ਮੇਰੇ ਦੋਨੋਂ ਦਾਦੇ ਫੌਜ ਵਿੱਚ ਭਰਤੀ ਹੋ ਗਏ ਸਨ। ਦੋਨਾਂ ਨੇ ਹੀ ਸੰਸਾਰ ਜੰਗਾਂ ਵਿੱਚ ਭਾਗ ਲਿਆ। ਮੇਰੀ ਹੋਸ਼ ਤੋਂ ਪਹਿਲਾਂ ਹੀ ਦੋਨੋਂ ਪੈਨਸ਼ਨ ਵੀ ਆ ਗਏ ਸਨ। ਵੱਡੇ ਦਾਦੇ ਨੇ ਆਪਣੀ ਜ਼ਮੀਨ ਵਿੱਚ ਬਾਗ ਲਾ ਲਿਆ ਸੀ। ਉਹ ਹਰ ਤਰ੍ਹਾਂ ਦੇ ਫਲਾਂ ਵਾਲੇ ਬੂਟੇ, ਸਬਜ਼ੀਆਂ ਵਗੈਰਾ ਲਗਾਉਂਦੇ ਤੇ ਲੋਕਾਂ ਵਿੱਚ ਵੰਡਦੇ ਰਹਿੰਦੇ। ਮੇਰੇ ਛੋਟੇ ਦਾਦਾ ਜੀ ਆਪਣੀ ਜਿਸ ਰਿਹਾਇਸ਼ ਤੇ ਰਹਿੰਦੇ ਜਿੱਥੇ ਬਹੁਤ ਸਾਰੀਆਂ ਕਿਤਾਬਾਂ, ਗਰੰਥ ਕੁੱਝ ਪਰਚੇ ਵੀ ਹੁੰਦੇ ਤੇ ਉਹ ਵਿਹਲੇ ਵਕਤ ਅਕਸਰ ਇਹ ਪੜ੍ਹਦੇ ਰਹਿੰਦੇ। ਇਨ੍ਹਾਂ ਦੋਹਾਂ ਬਜ਼ੁਰਗਾਂ ਪਾਸ, ਮੈਨੂੰ ਨਿੱਕੇ ਜਿਹੇ ਬੱਚੇ ਨੂੰ ਸੁਣਾਉਣ ਲਈ ਬਹੁਤ ਕੁੱਝ ਹੁੰਦਾ।

ਮੇਰੇ ਦਾਦੇ ਦਾਦੀ ਦੇ ਵਿਆਹ ਦੀ ਕਹਾਣੀ ਵੀ ਮੈਨੂੰ ਬੜੀ ਦਿਲਚਸਪ ਲੱਗਦੀ। ਜਿਸ ਵਕਤ ਉਨ੍ਹਾਂ ਦਾ ਵਿਆਹ ਹੋਇਆ ਮੇਰੀ ਦਾਦੀ ਦਸ ਗਿਆਰਾਂ ਸਾਲ ਦੀ ਹੋਵੇਗੀ ਤੇ ਦਾਦਾ ਪੰਦਰਾਂ ਸੋਲਾਂ ਸਾਲ ਦਾ। ਦਾਦੀ ਦਾ ਸਾਰਾ ਪਰਿਵਾਰ ਪਲੇਗ ਦੀ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਗਿਆ ਸੀ, ਪਰ ਦਾਦੀ ਕੁਦਰਤੀ ਬਚ ਗਈ ਸੀ। ਉਸ ਦੀ ਇੱਕ ਲੱਤ ਬਹੁਤ ਮੋਟੀ ਤੇ ਵਲਾਂ ਵਾਲੀ ਹੋ ਗਈ ਸੀ, ਜਿਵੇਂ ਕੱਪੜਾ ਨਿਚੋੜਿਆ ਹੋਵੇ। ਮੇਰੇ ਬਾਬੇ ਭਾਨ ਸਿੰਘ ਨੇ ਲਹੌਰ ਦੇ ਗੁਰਦੁਵਾਰੇ ਵਿੱਚ ਇੱਕ ਵਾਰ ਜਪੁਜੀ ਸਾਹਿਬ ਦਾ ਪਾਠ ਏਨੇ ਵਧੀਆ ਤਰੀਕੇ ਨਾਲ ਕੀਤਾ ਕਿ ਮੇਰੀ ਦਾਦੀ ਦੇ ਪਿਤਾ ਨੇ ਬਾਲੜੀ ਦਾਦੀ ਦਾ ਹੱਥ ਇਸ ਨੌਜਵਾਨ ਨੂੰ ਦੇ ਦਿੱਤਾ। ਦਾਦੀ ਪੰਜ ਜਮਾਤਾਂ ਪੜ੍ਹੀ ਹੋਈ ਸੀ।

ਮੇਰੇ ਵੱਡੇ ਦਾਦੇ ਨੇ ਇਸ ਲੜਕੀ ਨੂੰ ਆਪਣੀ ਬੇਟੀ ਸਮਝਿਆ ਤੇ ਲਾਹੌਰ ਤੋਂ ਇਸ ਬੱਚੀ ਨੂੰ ਮੋਢੇ ਚੁੱਕ ਕੇ, ਤੇ ਕਦੇ ਟਰੇਨ ਵਿੱਚ ਪਿੰਡ ਤੱਕ ਲੈ ਕੇ ਆਇਆ। ਉਂਜ ਬੇਬੇ ਦਾ ਜੱਦੀ ਪਿੰਡ ਸਮਰਾਲੇ ਕੋਲ ਮਾਦਪੁਰ ਸੀ। ਏਥੇ ਉਸਦੇ ਚਾਚੇ ਤਾਇਆਂ ਦੇ ਬੇਟੇ ਭਰਾ ਰਹਿੰਦੇ ਸਨ, ਜਿਨ੍ਹਾਂ ਨਾਲ ਉਸਨੇ ਪੇਕਿਆਂ ਵਾਲਾ ਵਰਤ-ਵਰਤਾਰਾ ਅੰਤਮ ਸਮੇਂ ਤੱਕ ਰੱਖਿਆ। ਇਹ ਸਾਰੇ ਬਾਅਦ ਵਿੱਚ ਵੀ ਮਿਲਦੇ ਵਰਤਦੇ ਰਹੇ।

ਬੇਬੇ ਬਸੰਤ ਕੌਰ ਹੱਸਦੀ ਹੱਸਦੀ ਇਹ ਕਹਾਣੀਆਂ ਸੁਣਾਉਂਦੀ। ਦੱਸਦੀ ਕਿ ਘਰ ਆਉਣ ਸਾਰ ਗੀਟੀਆਂ ਖੇਡਣ ਲੱਗ ਪਈ। ਇਸ ਘਰ ਵਿੱਚ ਪਹਿਲਾਂ ਕੋਈ ਔਰਤ ਨਹੀਂ ਸੀ, ਆਂਢਣਾ ਗੁਆਂਢਣਾ ਨੇ ਜੋ ਸ਼ੀਸ਼ਿਆਂ ਵਾਲੀ ਪੱਖੀ ਇਸ ਬਾਲੜੀ ਨੂੰ ਝੱਲਣ ਲਈ ਦਿੱਤੀ, ਬਾਲੜੀ ਬੇਬੇ ਨੂੰ ਉਸਦੇ ਸ਼ੀਸ਼ੇ ਬੜੇ ਸੋਹਣੇ ਲੱਗੇ ਤੇ ਉਸ ਨੇ ਸਾਰੇ ਤੋੜ ਕੇ ਆਪਣੇ ਖ਼ੀਸ਼ੇ ਵਿੱਚ ਪਾ ਲਏ। ਜਦੋਂ ਇਹ ਬੱਚੀ ਵੱਡੀ ਹੋ ਗਈ, ਤਾਂ ਵੱਡੇ ਭਰਾ ਪੰਜਾਬ ਸਿੰਘ ਨੇ ਆਪਣੇ ਛੋਟੇ ਭਰਾ ਨਾਲ ਇਸ ਦਾ ਮੁਕਲਾਵਾ ਦੇ ਦਿੱਤਾ ਤੇ ਆਪ ਸਾਰੀ ਉਮਰ ਵਿਆਹ ਨਹੀਂ ਕਰਵਾਇਆ। ਇੱਕ ਕਾਰਨ ਇਹ ਵੀ ਸੀ ਕਿ ਜੇ ਮੈਂ ਵਿਆਹ ਕਰਵਾ ਲਿਆ ਤਾਂ ਜ਼ਮੀਨ ਦੋ ਥਾਵਾਂ ਤੇ ਵੰਡੀ ਜਾਊ ਤੇ ਬੱਚੇ ਰੁਲਣਗੇ।

ਬੇਬੇ ਵੱਡੇ ਬਾਬੇ ਨੂੰ ਤਾਇਆ ਜੀ ਆਖਦੀ, ਤੇ ਬਹੁਤ ਸਤਿਕਾਰ ਕਰਦੀ। ਉਸ ਲਈ ਉਹ ਹੀ ਉਸਦਾ ਮਾਂ ਤੇ ਪਿਉ ਸੀ। ਪੰਜਾਬ ਸਿੰਘ ਹਮੇਸ਼ਾਂ ਖੇਤਾਂ ਵਿਚਲੇ ਕੋਠੇ ਵਿੱਚ ਰਹਿੰਦਾ ਤੇ ਆਪਣਾ ਚਾਹ ਪਾਣੀ ਵੀ ਆਪ ਹੀ ਬਣਾਉਂਦਾ। ਸਾਰਾ ਦਿਨ ਬਾਗਬਾਨੀ ਵਿੱਚ ਰੁਝਿਆ ਰਹਿੰਦਾ ਇਸ ਕਰਕੇ ਪਿੰਡ ਦੇ ਲੋਕ ਸਾਨੂੰ ਅਜੇ ਵੀ ਬਾਗ਼ ਵਾਲੇ ਕਹਿੰਦੇ ਹਨ। ਮੈਂ ਪਿੰਡ ਵਿੱਚ ਅਜੇ ਵੀ ਬਾਗ਼ ਵਾਲਿਆਂ ਦਾ ਮੇਜਰ ਹਾਂ।

ਮੈਂ ਨਿੱਕਾ ਹੁੰਦਾ ਆਪਣੇ ਨਾਨਕੇ ਪਿੰਡ ਪੂਨੀਆਂ ਪਲਿਆਂ ਹਾਂ। ਜਦੋਂ ਮੈਂ ਹੋਸ਼ ਸੰਭਾਲੀ ਤਾਂ ਮੇਰਾ ਨਾਨਾ ਸ:

ਸਾਧੂ ਸਿੰਘ ਲੰਬੜਦਾਰ, ਇੱਕ ਨਾਇਕ ਵਾਂਗ ਮੇਰੇ ਸਾਹਮਣੇ ਸੀ। ਉਹ ਘਰ ਦਾ ਲਾਣੇਦਾਰ ਸੀ, ਕੰਟਰੋਲਰ ਸੀ ਤੇ ਨਿਰਦੇਸ਼ਕ ਸੀ। ਸਾਦਾ ਪਹਿਰਾਵਾ ਪਹਿਨਦਾ ਧੋਤੀ ਕੁੜਤਾ ਜਾਂ ਕੁੜਤਾ ਪਜਾਮਾਂ। ਸਿਰ ਤੇ ਰਾਜਸਥਾਨੀ ਸਟਾਈਲ ਜਿਹੇ ਵਾਲੀ ਪੱਗ ਬੰਨਦਾ। ਬਚਪਨ ਵਿੱਚ ਉਸਦਾ ਵੀ ਸਾਰਾ ਪਰਿਵਾਰ ਪਲੇਗ ਦੀ ਭੇਂਟ ਚੜ੍ਹ ਗਿਆ ਸੀ, ਤੇ ਉਹ ਇਕੱਲਾ ਹੀ ਬਚਿਆ ਸੀ। ਉਸਦੇ ਸ਼ਰੀਕ ਉਸ ਨੂੰ ਮਾਰ ਕੇ ਜ਼ਮੀਨ ਹਥਿਆਉਣਾ ਚਾਹੁੰਦੇ ਸਨ ਤੇ ਉਹ ਜਾਨ ਬਚਾਉਣ ਲਈ ਘਰੋਂ ਭੱਜ ਜੇ ਸਾਧਾਂ ਦੇ ਟੋਲੇ ਨਾਲ ਜਾ ਰਲਿਆ ਸੀ।

ਸਾਧਾਂ ਨਾਲ ਰਹਿ ਕੇ ਉਸ ਨੇ ਬਹੁਤ ਸਾਰਾ ਮਿਥਿਹਾਸ ਇਤਿਹਾਸ ਪੜ੍ਹਿਆ, ਅਤੇ ਬਹੁਤ ਸਾਰੀ ਗੁਰਬਾਣੀ ਕੰਠ ਕੀਤੀ। ਜਦੋਂ ਉਹ ਪੂਰਾ ਜਵਾਨ ਹੋ ਗਿਆ, ਤਾਂ ਆਪਣੀ ਜੱਦੀ ਜ਼ਮੀਨ ਛੁਡਾਉਣ ਲਈ ਪਿੰਡ ਪਰਤ ਆਇਆ। ਸ਼ਰੀਕਾਂ ਨਾਲ ਲੋਹਾ ਲੈ ਕੇ ਆਪਣੀ 25-30 ਏਕੜ ਜ਼ਮੀਨ ਅਤੇ ਘਰ ਛੁਡਵਾਏ। ਪਿੰਡ ਦਾ ਲੰਬੜਦਾਰ ਬਣਿਆ ਤੇ ਪਿੰਡ ਦੀ ਤਰੱਕੀ ਵਿੱਚ ਭਰਪੂਰ ਯੋਗਦਾਨ ਪਾਇਆ।

ਮੇਰੇ ਨਾਨੇ ਨੇ ਹੀ ਪਿੰਡ ਪੂਨੀਆਂ ਦੇ ਪ੍ਰਾਇਮਰੀ ਸਕੂਲ ਵਿੱਚ ਮੈਨੂੰ ਦਾਖਲ ਕਰਵਾਇਆ। ਉਹ ਸਾਨੂੰ ਕੋਲ ਬਿਠਾ ਕੇ ਬਹੁਤ ਸਾਰੀਆਂ ਸਾਖੀਆਂ ਸੁਣਾਉਂਦਾ ਇਤਿਹਾਸਕ ਵੀ ਤੇ ਮਿਥਿਹਾਸਕ ਵੀ ਹੁੰਦੀਆਂ। ਉਸ ਦਾ ਕਹਾਣੀ ਵਿੱਚ ਦਿਲਚਸਪੀ ਬਣਾਈ ਰੱਖਣਾ ਕਿ ਤੁਸੀਂ ਉੱਠ ਕੇ ਕਿਧਰੇ ਨਾ ਜਾ ਸਕੋਂ, ਮੇਰੇ ਕਹਾਣੀ ਲਿਖਣ ਵਿੱਚ ਵੀ ਬਹੁਤ ਕੰਮ ਆਇਆ। ਮੇਰੀ ਸਭ ਤੋਂ ਪਹਿਲੀ ਕਹਾਣੀ ਜਿਸ ਨੇ ਮੇਰੀ ਪਛਾਣ ਬਣਾਈ ਮੇਰੇ ਨਾਨੇ ਨੂੰ ਹੀ ਪਾਤਰ ਬਣਾ ਕੇ ਹੀ ਲਿਖੀ ਗਈ ਸੀ। ਇਸ ਕਹਾਣੀ ਦਾ ਨਾਂ ਸੀ 'ਪਲ ਪਲ ਮੌਤ' ਤੇ ਮੇਰਾ ਨਾਨਾ ਦੌਲਤੀ ਦੇ ਕਿਰਦਾਰ ਵਿੱਚ ਸੀ। ਫੇਰ ਉਸ ਦਾ ਪੂਰ ਕਿਰਦਾਰ ਮੇਰੇ ਨਾਵਲ ਵਿੱਚ ਸ: ਸੰਤਾ ਸਿੰਘ ਬਣ ਕੇ ਉਤਰਿਆ। ਮੇਰਾ ਇਹ ਨਾਵਲ ਸੀ 'ਸਮੁੰਦਰ ਮੰਥਨ'।

ਮੈਂ ਨਿੱਕਾ ਹੁੰਦਾ ਆਪਣੇ ਨਾਨੇ ਦੀ ਉਂਗਲ ਫੜ ਕੇ ਮੇਲਾ ਵੇਖਣ ਜਾਂਦਾ। ਉਹ ਸਾਨੂੰ ਮੇਲੇ ਤੇ ਲਿਜਾ ਕੇ ਰਗੜੀ ਹੋਈ ਬਰਫ, ਪਕੌੜੇ, ਜਲੇਬੀਆਂ ਖੁਆਉਂਦਾ ਤੇ ਬੱਤਾ ਵੀ ਪਿਆਉਂਦਾ। ਖਿਡਉਣੇ ਲੈ ਕੇ ਦਿੰਦਾ ਤੇ ਬਾਰਾਂ ਮਣ ਦੀ ਥੋਬਣ ਦਿਖਾਉਂਦਾ। ਕਵੀਸ਼ਰਾਂ ਦੀ ਕਵੀਸ਼ਰੀ ਤੇ ਢਾਡੀ ਪ੍ਰਸੰਗ ਅਸੀਂ ਉਸਦੇ ਨਾਲ ਬਹਿ ਕੇ ਸੁਣਦੇ। ਕਈ ਵਾਰ ਰੂਪ ਬਸੰਤ ਦੇ ਕਿੱਸੇ ਵੀ ਲਏ। ਉਹ ਸਾਨੂੰ ਛਿੰਜਾਂ ਵੀ ਜ਼ਰੂਰ ਦਿਖਾਉਂਦਾ। ਅਸੀਂ ਬਚਪਨ ਵਿੱਚ ਬਹੁਤ ਸਾਰੇ ਤੱਖਰਾਂ ਪਿੰਡ ਦੇ ਮੇਲੇ ਉਸੇ ਨਾਲ ਵੇਖੇ। ਉਹ ਸਾਨੂੰ ਗੱਡੇ ਤੇ ਬਿਠਾ ਕੇ ਸਿੰਘ ਸਭਾ ਜਾਂ ਵਿਸਾਖੀ ਦਿਖਾਉਣ ਲੈ ਕੇ ਜਾਂਦਾ। ਬਲਦਾਂ ਨੂੰ ਕਦੇ ਵੀ ਨਾ ਮਾਰਦਾ। ਬਲਦਾਂ ਦੇ ਆਰ ਮਾਰਨੀ, ਉਸ ਅਨੁਸਾਰ ਜ਼ੁਲਮ ਸੀ। ਉਹ ਕਦੇ ਵੀ ਗਾਲ ਕੱਢਦਾ ਮੈਂ ਨਹੀਂ ਸਣਿਆ। ਅਸੀਂ ਮਾਛੀਵਾੜੇ ਵਿਸਾਖੀ ਵੇਖਣ, ਫਸਲਾਂ ਵੇਚਣ, ਕੱਪੜੇ, ਜੁੱਤੀਆਂ ਅਤੇ ਕਿਤਾਬਾਂ ਲੈਣ ਵੀ ਉਸ ਨਾਲ ਗੱਡੇ ਤੇ ਬਹਿ ਕੇ ਜਾਂਦੇ। ਕਦੀ ਕਦਾਈ ਉਹ ਸਾਨੂੰ ਟਾਂਗੇ ਤੇ ਬਿਠਾ ਕੇ ਸ਼ਹਿਰ ਲੈ ਜਾਂਦਾ ਤੇ ਸਾਰੇ ਰਾਹ ਸਾਖੀਆਂ ਸੁਣਾਉਂਦਾ ਜਾਂਦਾ। ਉਹ ਖੇਤ ਵਿੱਚ ਕੰਮ ਕਰਦਿਆਂ ਦੀ ਚਾਹ ਰੋਟੀ ਲੈ ਕੇ ਜਾਂਦਾ। ਜਦੋਂ ਅਸੀਂ ਹਾੜੀ ਦੀ ਫ਼ਸਲ ਲਈ ਬੇੜਾਂ ਵੱਟਦੇ ਤਾਂ ਨਾਨਾ ਸੜ ਲਾਉਂਦਾ ਤੇ ਮੈਂ ਡੰਡਾ ਜਾਂ ਚਰਖੜੀ ਘੁਮਾਉਂਦਾ।

ਉਹ ਘਰ ਦਾ ਲਾਣੇਦਾਰ ਸੀ, ਸਾਰੀ ਖਰੀਦੋ ਫਰੋਖਤ ਕਰਦਾ। ਲੀੜੇ ਕੱਪੜੇ, ਸੌਦੇ ਪੱਤੇ ਉਹ ਹੀ ਖਰੀਦ ਕੇ ਲਿਆਉਂਦਾ। ਫਸਲਾਂ ਵੀ ਉਹ ਹੀ ਵੇਚਦਾ। ਦੀਵਾਲੀ ਵਾਲੇ ਦਿਨ ਸਮਾਨ ਨਾਲ ਭਰੇ ਹੋਏ ਝੋਲੇ ਤੇ ਆਤਿਸ਼ਬਾਜ਼ੀਆਂ ਵੇਖ ਵੇਖ ਅਸੀਂ ਨੱਚ ਉੱਠਦੇ।

ਮੇਰੇ ਨਾਨੇ ਤੋਂ ਹੀ ਮੈਂ ਇਹ ਸਿੱਖਿਆ ਕਿ ਹਮੇਸ਼ਾਂ ਮਜ਼ਲੂਮ ਨਾਲ ਹੀ ਖੜ੍ਹਨਾ ਹੈ। ਤੇ ਜ਼ੁਲਮ ਦਾ ਡਟ ਕੇ

ਵਿਰੋਧ ਕਰਨਾ ਹੈ 1947 ਦੇ ਦੰਗਿਆਂ ਸਮੇਂ ਉਸ ਨੇ ਹਜ਼ਾਰਾਂ ਮੁਸਲਮਾਨਾਂ ਨੂੰ ਬਚਾ ਕੇ ਸ਼ਰਨਾਰਥੀ ਕੈਂਪਾਂ ਤੱਕ ਪਹੁੰਚਾਇਆ ਸੀ।20-25 ਹਥਿਆਰ ਬੰਦ ਮੁੰਡੇ ਉਨ੍ਹਾਂ ਕਾਫ਼ਲਿਆਂ ਦੀ ਰਾਖੀ ਕਰਦੇ ਤੇ ਨਾਨਾ ਮੋਹਰੀ ਹੁੰਦਾ। ਉਹ ਇਹ ਕਹਾਣੀਆਂ ਵੀ ਬੜੇ ਮਾਣ ਨਾਲ ਸੁਣਾਉਂਦਾ।

ਜਦੋਂ ਉਸਦਾ ਵਿਆਹ ਮੇਰੀ ਨਾਨੀ ਪੰਜਾਬ ਕੌਰ ਨਾਲ ਹੋ ਗਿਆ ਤਾਂ ਉਸਦੇ ਜੀਵਨ ਵਿੱਚ ਕਾਫੀ ਤਬਦੀਲੀ ਆਈ।ਨਾਨੀ ਦਾ ਪੇਕਾ ਪਿੰਡ ਖੰਨੇ ਕੋਲ ਹਰਿਉਂ ਸੀ।ਸਾਰੇ ਘਰਦੇ ਨਾਨੇ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਉਸ ਦੀ ਹਰ ਕਹੀ ਗੱਲ ਦੀ ਪਾਲਣਾ ਕਰਦੇ ਸਨ। ਇਸ ਘਰ ਵਿੱਚ ਗੁਰਬਾਣੀ ਹੀ ਪੜ੍ਹੀ ਤੇ ਸੁਣੀ ਜਾਂਦੀ ਸੀ। ਗੀਤ ਗਾਣੇ ਮਨਾ ਸਨ। ਸਿਰ ਨੰਗਾ ਰੱਖਣਾ, ਹੱਥ ਧੋਤੇ ਤੋਂ ਬਗੈਰ ਕੁੱਝ ਖਾਣਾ ਜਾਂ ਵਰਤਾਉਣਾ ਸਖਤ ਮਨਾ ਸੀ।ਉਹ ਪਿੰਡ ਵਿੱਚ ਵੀ ਰੇਡੀਉ ਤੇ ਅਸ਼ਲੀਲ ਗੀਤ ਨਹੀਂ ਸੀ ਚੱਲਣ ਦਿੰਦਾ ਤੇ ਇੱਕ ਵਾਰ ਤਾਂ ਉਸ ਦੇ ਰੋਕਣ ਤੇ ਜਦੋਂ ਕਿਸੇ ਨੇ ਲਾਊਡ ਸਪੀਕਰ ਤੇ ਚੱਲਦਾ ਅਸ਼ਲੀਲ ਗੀਤ ਬੰਦ ਨਾ ਕੀਤਾ ਤਾਂ ਉਸ ਦੀ ਸੰਮਾਂ ਵਾਲੀ ਡਾਂਗ ਨੇ ਰੇਡੀਉ ਵੀ ਭੰਨ ਸੁੱਟਿਆ ਤੇ ਉਹ ਬੇਹਯਾ ਬੰਦੇ ਵੀ। ਆਪਣੇ ਘਰਦੇ ਵਿਆਹਾਂ ਵਿੱਚ ਵੀ ਉਸ ਨੇ ਕਦੇ ਰੇਡੀਉ ਜਾਂ ਅਖਾੜਾ ਨਹੀਂ ਸੀ ਲੱਗਣ ਦਿੱਤਾ।

ਉਹ ਕਿਸੇ ਪਖੰਡੀ ਸਾਧ, ਟੂਣੇ ਟਾਮਣ ਕਰਨ ਵਾਲਿਆਂ ਨੂੰ ਪਿੰਡ ਵਿੱਚ ਨਹੀਂ ਸੀ ਵੜ੍ਹਨ ਦਿੰਦਾ।ਗਲਤ ਗੁਰਬਾਣੀ ਪੜ੍ਹਨ ਵਾਲਿਆਂ ਨੂੰ ਸ਼ੁੱਧ ਉਚਾਰਣ ਸਿਖਾਉਂਦਾ ਤੇ ਟੋਕ ਟਕਾਈ ਕਰਦਾ।ਉਸ ਕੋਲ ਗਿਆਨ ਦਾ ਭੰਡਾਰ ਸੀ ਤੇ ਬਹਿਸ ਵਿੱਚ ਕੋਈ ਉਸਦਾ ਮੁਕਾਬਲਾ ਨਹੀਂ ਸੀ ਕਰ ਸਕਦਾ।ਸੰਤ ਸੁੰਦਰ ਦਾਸ, ਜਿਸ ਦੀ ਯਾਦ ਵਿੱਚ ਹੁਣ ਤੱਖਰਾਂ ਦਾ ਮੇਲਾ ਲੱਗਦਾ ਹੈ ਉਸ ਨੂੰ ਮਿਲਣ ਘਰ ਆਇਆ ਕਰਦਾ ਸੀ।

ਨਾਨੇ ਦੇ ਚਾਰ ਪੁੱਤਰ ਤੇ ਚਾਰ ਧੀਆਂ ਸਨ। ਉਸ ਨੇ ਇਸ ਵੱਡੇ ਪਰਿਵਾਰ ਨੂੰ ਬੜੀ ਸਫਲਤਾ ਨਾਲ ਚਲਾਇਆ।ਮੈਂ ਉਨ੍ਹਾਂ ਦੀ ਦੂਸਰੇ ਨੰਬਰ ਦੀ ਬੇਟੀ ਹਰਭਜਨ ਕੌਰ ਦਾ ਲੜਕਾਂ ਹਾਂ ਤੇ ਮੇਰਾ ਜਨਮ ਵੀ ਨਾਨਕੇ ਘਰ ਹੀ ਹੋਇਆ।

ਮੇਰੇ ਪਿਤਾ ਜੀ ਸ: ਸ਼ੇਰ ਸਿੰਘ ਫੌਜੀ ਸਨ ਜਿਸ ਕਰਕੇ ਮਾਂ ਨੂੰ ਜਿਆਦਾ ਆਸਰਾ ਪੇਕਿਆਂ ਦਾ ਹੀ ਸੀ। ਜਦੋਂ ਅਸੀਂ ਸਾਂਝੇ ਪਰਿਵਾਰ ਤੋਂ ਵੱਖ ਹੋ ਗਏ ਤੇ ਸਾਨੂੰ ਹਿੱਸੇ ਬਹਿੰਦਾ ਸਮਾਨ ਵੀ ਚੱਜ ਨਾਲ ਨਾ ਮਿਲਿਆ, ਤਾਂ ਨਾਨਾ ਜੀ ਹਰ ਗੱਲ ਵਿੱਚ ਸਾਡੀ ਮੱਦਦ ਕਰਦੇ ਰਹੇ।ਕਦੇ ਨਾਨਾ ਕਦੇ ਨਾਨੀ ਸਾਡੇ ਕੋਲ ਰਹਿ ਵੀ ਜਾਂਦੇ।ਇਸੇ ਪ੍ਰਕਾਰ ਉਹ ਦੂਸਰੀਆਂ ਧੀਆਂ ਦਾ ਵੀ ਖਿਆਲ ਰੱਖਦੇ।ਕਦੇ ਦੁੱਧ ਪੀਣ ਲਈ ਲਵੇਰੇ ਛੱਡ ਜਾਂਦੇ।ਕਦੀ ਆਟਾ ਪਿਸਵਾ ਕੇ ਤੇ ਕਦੀ ਗੁੜ ਮੱਕੀ ਤੇ ਹੋ ਲੋੜੀਂਦਾ ਸਮਾਨ।

ਮੇਰੀ ਨਾਨੀ ਵਰਗੀ ਔਰਤ ਹੋਣਾ ਵੀ ਬੜਾ ਮੁਸ਼ਕਲ ਹੈ।ਉਹ ਵੀ ਬਹੁਤ ਦਇਆਵਾਨ ਅਤੇ ਸਹਿਣਸ਼ੀਲਤਾ ਵਾਲੀ ਸੀ। ਕੁੜਤੀ ਝੋਨਾ ਤੇ ਘੱਗਰਾ ਪਹਿਨਦੀ। ਘਰੇ ਸਲਵਾਰ ਕਮੀਜ਼ ਪਾਉਂਦੀ। ਉਸ ਦਾ ਪਿਤਾ ਨੇਵੀ ਵਿੱਚ ਰਿਹਾ ਹੋਣ ਕਾਰਨ ਉਹ ਮੈਨੂੰ ਆਪਣੇ ਸਮੁੰਦਰੀ ਜਹਾਜ਼ ਚੜ੍ਹਨ ਦੀਆਂ ਗੱਲਾਂ ਸੁਣਾਉਂਦੀ ਤੇ ਸਮੁੰਦਰ ਦੀ ਵਿਸ਼ਾਲਤਾ ਬਾਰੇ ਦੱਸਦੀ।ਉਹ ਸ਼ਾਮ ਸਵੇਰ ਪਾਠ ਜ਼ਰੂਰ ਕਰਦੀ ਤੇ ਧੂਫ਼ ਬੱਤੀ ਲਗਾਉਂਦੀ। ਜਿਸ ਕਮਰੇ ਵਿੱਚ ਮੇਰਾ ਜਨਮ ਹੋਇਆ ਸੀ, ਉਹ ਉਸਦਾ ਹੀ ਪੂਜਾ ਕਮਰਾ ਸੀ ਜਿੱਥੇ ਧਾਰਮਿਕ ਪੋਥੀਆਂ ਨੂੰ ਬਹੁਤ ਸਤਿਕਾਰ ਨਾਲ ਰੱਖਿਆ ਜਾਂਦਾ ਸੀ। ਮੇਰੀ ਨਾਨੀ ਨੇ ਹੀ ਮੇਰਾ ਨਾਂ ਮੇਜਰ ਸਿੰਘ ਰੱਖਿਆ ਤੇ ਮੈਨੂੰ ਗੁੜਤੀ ਵੀ ਦਿੱਤੀ। ਉਸ ਨੂੰ ਲੱਗਿਆ ਕਿ ਮੇਜਰ ਕੋਈ ਬਹੁਤ ਵੱਡਾ ਆਫੀਸਰ ਹੁੰਦਾ ਹੋਵੇਗਾ।ਉਹ ਭਾਵੇਂ ਕੋਰੀ ਅਨਪੜ੍ਹ ਸੀ, ਪਰ ਉਸਦੀ ਮਾਨਸਿਕਤਾ ਬੜੀ ਉੱਚ ਪੱਧਰ ਦੀ ਸੀ।

ਨਾਨੀ ਜੀਵਾ ਜੰਤੂਆਂ, ਪਸ਼ੂ ਪੰਛੀਆਂ ਤੇ ਬਨਸਪਤੀ ਨੂੰ ਬਹੁਤ ਪਿਆਰ ਕਰਦੀ ਸੀ। ਉਹ ਹਰ ਰੋਜ਼ ਚਿੜੀਆਂ ਨੂੰ ਰੋਟੀ ਪਾਉਂਦੀ। ਕੁੱਤਿਆਂ ਨੂੰ ਰੋਟੀ ਖਵਾਉਂਦੀ, ਲੱਸੀ ਪਿਆਉਂਦੀ ਤੇ ਪਸ਼ੂਆਂ ਨੂੰ ਪੇੜੇ ਕਰਕੇ ਦਿੰਦੀ। ਮੰਗਤਿਆਂ ਨੂੰ ਖੀਰ ਵੀ ਜ਼ਰੂਰ ਪਾਉਂਦੀ। ਘਰੇ ਕੁਆਰ ਅਤੇ ਦੁਪਹਿਰ ਖਿੜੀ ਜ਼ਰੂਰ ਬੀਜਦੀ। ਕੁਆਰ ਨੂੰ ਉਹ ਸੌ ਬਿਮਾਰੀਆਂ ਦੂਰ ਕਰਨ ਵਾਲਾ ਦੱਸਦੀ ਤੇ ਨਿੰਮ ਨੂੰ ਵੀ ਬਹੁਤ ਚੰਗਾ ਸਮਝਦੀ। ਉਸ ਕੋਲ ਹਰ ਬਿਮਾਰੀ ਦਾ ਦੇਸੀ ਇਲਾਜ ਸੀ। ਕਦੇ ਢਿੱਡ ਦੁਖਣਾ, ਅੱਖਾਂ ਦੁਖਣੀਆਂ, ਬੁਖਾਰ ਚੜ੍ਹ ਜਾਣਾ, ਖੰਘ ਹੋ ਜਾਣੀ ਤਾਂ ਨਾਨੀ ਘਰ ਦਾ ਵੈਦ ਸੀ। ਉਹ ਕਦੇ ਡਾਕਟਰ ਦੇ ਨਹੀਂ ਸੀ ਜਾਂਦੀ। ਉਹ ਨੁਸਖੇ ਮੈਂ ਅੱਜ ਤੱਕ ਵੀ ਵਰਤਦਾ ਹਾਂ।

ਨਿੱਕੇ ਹੁੰਦੇ ਨੂੰ ਉਹ ਸੌਣ ਤੋਂ ਪਹਿਲਾਂ ਬਾਤਾਂ ਸੁਣਾਉਂਦੀ, ਲੋਰੀਆਂ ਦਿੰਦੀ ਤੇ ਬਹੁਤ ਪਿਆਰ ਕਰਦੀ। ਉਹ ਸ਼ੱਕਰ ਘਿਉ ਨਾਲ ਰੋਟੀ ਖੁਆਉਂਦੀ। ਉਹ ਹੀ ਮੈਨੂੰ ਨਹਾਉਂਦੀ ਤੇ ਵਾਲ ਗੁੰਦ ਕੇ ਜੂੜਾ ਕਰਦੀ। ਸਿਰ ਤੇ ਰੁਮਾਲ ਬੰਨ ਕੇ ਸਕੂਲ ਤੋਰਦੀ। ਉਸ ਕੋਲ ਸੈਂਕੜੇ ਮੁਹਾਵਰੇ ਸਨ। ਮੇਰੇ ਸੁਭਾਅ ਅਤੇ ਅਤੇ ਲੇਖਣੀ ਉੱਪਰ ਉਸ ਦਾ ਚੋਖਾ ਪ੍ਰਭਾਵ ਹੈ। ਉਹ ਅਕਸਰ ਮੇਰੀਆਂ ਕਹਾਣੀਆਂ ਵਿੱਚ ਆ ਜਾਂਦੀ ਹੈ। ਮੇਰੇ ਨਾਵਲ ਸਮੁੰਦਰ ਮੰਥਨ ਵਿੱਚ ਮਹਿਤਾਬ ਕੌਰ ਵੀ ਉਸ ਦਾ ਹੀ ਕਿਰਦਾਰ ਹੈ 'ਦੂਰ ਬਹੁਤ ਦੂਰ' ਕਹਾਣੀ ਦੀ ਨਾਇਕਾ ਵੀ ਉਹ ਹੀ ਹੈ।

ਇੱਕ ਵਾਰ ਉਹ ਹਜ਼ੂਰ ਸਾਹਿਬ ਦੀ ਯਾਤਰਾ ਤੇ ਗਈ ਤੇ ਸੈਂਕੜੇ ਕਹਾਣੀਆਂ ਨਾਲ ਲੈ ਆਈ। ਅਸੀਂ ਕਹਿਣਾ ਬੇਬੇ ਸੁਣਾ ਕੋਈ ਕਹਾਣੀ ਤਾਂ ਉਸ ਨੇ ਯਾਤਰਾ ਪ੍ਰਸੰਗ ਜਿਸ ਤਰੀਕੇ ਨਾਲ ਸੁਣਾਉਣਾ, ਉਹ ਕਿਸੇ ਦਿਲਚਸਪ ਸਫ਼ਰਨਾਮੇ ਤੋਂ ਘੱਟ ਨਹੀਂ ਸੀ ਹੁੰਦਾ। ਮੈਂ ਇਹ ਪ੍ਰਸੰਗ ਰਿਕਾਰਡ ਕਰ ਲਏ। ਉਸ ਨੇ ਮੇਰੇ ਵਿਆਹ ਦੀਆਂ ਘੋੜੀਆਂ ਵੀ ਪਹਿਲਾਂ ਹੀ ਰਿਕਾਰਡ ਕਰਵਾ ਦਿੱਤੀਆਂ, ਕਿ ਸ਼ਾਇਦ ਮੈਂ ਉਦੋਂ ਤੱਕ ਨਾ ਹੋਵਾਂ। ਪਰ ਮੇਰੇ ਵਿਆਹ ਵੇਲੇ ਉਹ ਪੂਰੀ ਕਾਇਮ ਸੀ। ਉਦੋਂ ਨਵੇਂ ਨਵੇਂ ਟੇਪ ਰਿਕਾਰਡ ਆਏ ਸਨ ਤੇ ਇਹ ਸਾਰੀਆਂ ਰਿਕਾਰਡਾਂ ਮੈਂ ਆਪਣੇ ਨਾਲ ਹੀ ਕੈਨੇਡਾ ਲੈ ਆਇਆ। ਉਨ੍ਹਾਂ ਨੂੰ ਦੁਨੀਆਂ ਤੋਂ ਵਿਦਾ ਹੋਇਆਂ ਪੱਚੀ ਤੀਹ ਸਾਲ ਬੀਤ ਗਏ ਨੇ ਪਰ ਇਹ ਆਵਾਜ਼ਾਂ ਅੱਜ ਵੀ ਮੇਰੇ ਕੋਲ ਮਹਿਫੂਜ਼ ਨੇ ਤੇ ਮੇਰਾ ਕੀਮਤੀ ਖ਼ਜ਼ਾਨਾ ਹਨ।

ਮੇਰੀ ਨਾਨੀ ਘਰ ਦੀ ਲਾਣੇਦਾਰਨੀ ਅਤੇ ਸਫਲ ਸੁਆਣੀ ਸੀ। ਘਰ ਦੀ ਸਾਰੀ ਰਕਮ ਤੇ ਜ਼ਰੂਰੀ ਸਮਾਨ ਉਹ ਹੀ ਸੰਭਾਲਦੀ ਸੀ। ਉਹ ਸਵੇਰੇ ਪਾਠ ਕਰਦੀ, ਦੁੱਧ ਰਿੜਕਦੀ। ਸਾਰੇ ਟੱਬਰ ਨੂੰ ਰੋਟੀ ਵਰਤਾ ਕੇ ਆਪ ਖਾਦੀ। ਮੇਰਾ ਨਾਨਕਾ ਪਰਿਵਾਰ ਪੂਰਨ ਵੈਸ਼ਨੂ ਪਰਿਵਾਰ ਸੀ। ਨਾਨੀ ਨੇ ਆਂਡੇ ਮੀਟ ਨੂੰ ਕਦੀ ਛੂਹਿਆ ਤੱਕ ਵੀ ਨਹੀਂ ਸੀ। ਉਹ ਕਦੇ ਟਿਕ ਕੇ ਨਾ ਬੈਠਦੀ ਤੇ ਘਰ ਦੇ ਸਾਰੇ ਕੰਮ ਕਰਦੀ ਰਹਿੰਦੀ। ਇੱਕ ਵਾਰ ਭਾਰਾ ਟੋਕਰਾ ਖੁਦ ਹੀ ਚੁੱਕਣ ਕਾਰਨ ਉਸ ਦੀ ਰੀੜ ਦੀ ਹੱਡੀ ਵਿੱਚ ਨੁਕਸ ਬੈਠ ਗਿਆ ਜਿਸ ਕਰਕੇ ਬਾਅਦ ਵਿੱਚ ਉਹ ਕੁੱਬੀ ਕੁੱਬੀ ਤੁਰਨ ਲੱਗੀ।

ਨਾਨੀ ਨੇ ਘਰ ਵਿੱਚ ਅੱਠ ਕਾਰਜ ਕੀਤੇ ਅਤੇ ਬਹੁਤ ਸਾਰੀਆਂ ਮੌਤਾਂ ਦੇ ਦੁੱਖ ਵੀ ਝੱਲੇ। ਬੁਢਾਪੇ ਵਿੱਚ ਉਹ ਉਂਗਲੀਆਂ ਤੇ ਬੈਠੀ ਇਹ ਮੌਤਾਂ ਗਿਣਦੀ ਰਹਿੰਦੀ। ਉਸ ਦਾ ਆਪਣੇ ਪਤੀ ਨਾਲ ਸਾਰਾ ਜੀਵਨ ਦੁੱਖਾਂ ਸੁੱਖਾਂ ਵਿੱਚ ਬੀਤਿਆ। ਪਿਛਲੀ ਉਮਰੇ ਜਦੋਂ ਉਸਦੇ ਮੁੰਡੇ ਅੱਡ ਹੋਏ ਤੇ ਬੇਬੇ ਬਾਪੂ ਵੀ ਵੰਡ ਲਏ ਗਏ। ਨਾਨਾ ਵੱਡੇ ਮੁੰਡੇ ਦੇ ਹਿੱਸੇ ਆਇਆ ਤੇ ਨਾਨੀ ਦਾ ਗੁਣਾ ਛੋਟੇ ਵਲ ਪੈ ਗਿਆ। ਉਹ ਉਦਾਸ ਹੋ ਜਾਂਦੀ ਤੇ ਕਈ ਵਾਰ ਅੱਖਾਂ ਭਰ ਲੈਂਦੀ। ਨਾਨੇ ਦੇ ਸਟੈਂਡ ਨਾ ਲੈਣ ਕਾਰਨ ਉਹ ਅਜਿਹੀ ਗੁੱਸੇ ਹੋਈ ਕਿ ਅੰਤ ਤੱਕ ਉਸ ਨਾਲ ਕਲਾਮ ਨਾ ਕੀਤਾ।

"ਜਦੋਂ ਸਾਨੂੰ ਵੰਡਿਆ ਗਿਆ ਉਹ ਚੁੱਪ ਕਿਵੇਂ ਰਿਹਾ।" ਉਸ ਦਾ ਪਤੀ ਨਾਲ ਸ਼ਿਕਵਾ ਸੀ।

ਉਸਦੇ ਦੋ ਮੁੰਡੇ ਉਸ ਤੋਂ ਪਹਿਲਾਂ ਤੁਰ ਗਏ ਤੇ ਉਹ ਬੁਰੀ ਤਰ੍ਹਾਂ ਟੁੱਟ ਗਈ।

1990 ਵਿੱਚ ਕੈਨੇਡਾ ਆਉਣ ਤੋਂ ਪਹਿਲਾਂ ਉਸ ਮਿਲਣ ਗਿਆ ਤਾਂ ਮੈਨੂੰ ਸ਼ਗਨ ਦਿੰਦੀ ਤੇ ਸਿਰ ਪਲੋਸਦੀ ਉਹ ਅੱਖਾਂ ਵੀ ਭਰ ਆਈ ਤੇ ਬੋਲੀ

"ਭਾਈ ਪਰਦੇਸਾਂ ਦੇ ਮਾਮਲੇ ਨੇ, ਲੱਗਦੈ ਭਾਈ ਹੁਣ ਮੇਲੇ ਹੁੰਦੇ।"

ਇੱਕ ਦਿਨ ਇੰਡੀਆ ਤੋਂ ਫੋਨ ਆਇਆ ਕਿ ਨਾਨੀ ਤੁਰ ਗਈ ਆ। ਉਹ ਮੇਰੇ ਲਈ ਬਹੁਤ ਉਦਾਸ ਕਰ ਦੇਣ ਵਾਲਾ ਦਿਨ ਸੀ। ਮੇਰੇ ਲਈ ਤਾਂ ਇੱਕ ਯੁੱਗ ਖਤਮ ਹੋ ਗਿਆ ਸੀ। ਇਸੇ ਪ੍ਰਕਾਰ ਨਾਨਾ ਤੁਰ ਗਿਆ ਸੀ। ਪਰ ਇਹ ਕਿਰਦਾਰ ਮੇਰੇ ਤੇ ਬਹੁਤ ਵੱਡੇ ਪ੍ਰਭਾਵ ਛੱਡ ਗਏ ਸਨ।

ਜਦੋਂ ਮੈਂ ਨਿੱਕਾ ਹੁੰਦਾ ਨਾਨਕੇ ਰਹਿੰਦਾ ਸੀ ਤਾਂ ਕਦੇ ਤਾਂ ਮੇਰਾ ਵੱਡਾ ਦਾਦਾ ਮੇਰੇ ਲਈ ਬਾਗ ਦੇ ਪੱਕੇ ਅੰਬ, ਕੇਲੇ, ਜਾਮਣਾ ਜਾਂ ਅੰਗੂਰਾਂ ਦੇ ਝੋਲੇ ਭਰ ਕੇ ਦੇਣ ਜਾਂਦਾ ਜਾਂ ਕਦੇ ਦਾਦਾ ਭਾਨ ਸਿੰਘ ਮੈਨੂੰ ਛੁੱਟੀਆਂ ਵਿੱਚ ਸਾਈਕਲ ਤੇ ਲੈਣ ਚਲਾ ਜਾਂਦਾ। ਸਾਰੇ ਰਾਹ ਨਹਿਰ ਕਿਨਾਰੇ ਉਹ ਮੈਨੂੰ ਫੌਜ ਸਮੇਂ ਦੀਆਂ ਗੱਲਾਂ ਸੁਣਾਉਂਦਾ ਕਿ ਕਿਵੇਂ ਉਹ ਮਿਲਟਰੀ ਦੀ ਸਿਗਨਲ ਕੋਰ ਵਿੱਚ ਕੰਮ ਕਰਦਾ ਸੀ ਤੇ ਕਿਵੇਂ ਉਦੋਂ ਸ਼ੀਸ਼ਾ ਝੰਡੀ ਜਾਂ ਸ਼ੀਸ਼ੇ ਦੀ ਲਿਸ਼ਕੋਰ ਨਾਲ ਸੁਨੇਹੇ ਭੇਜੇ ਜਾਂਦੇ ਸੀ। ਉਹ ਗੋਰਿਆਂ ਨੂੰ ਸਾਹਿਬ ਲੋਕ ਆਖਦਾ ਤੇ ਉਨਾਂ ਦੇ ਅਸੂਲਾਂ ਦੀ ਉਸਤਤ ਕਰਦਾ ਦੱਸਦਾ ਕਿ ਅੰਗਰੇਜ਼ਾਂ ਨੇ 1854 ਈ: ਵਿੱਚ ਨਹਿਰ ਸਰਹਿੰਦ ਦਾ ਸਰਵੇਅ ਕਰਵਾਇਆ। ਕਿਵੇਂ ਉਦੋਂ ਪ੍ਰਤੀ ਦਰਖਤ ਇੱਕ ਰੁਪਏ ਮੁਆਵਜ਼ਾ ਦਿੱਤਾ ਗਿਆ। ਉਦੋਂ ਕਹੀਆਂ ਨਾਲ ਨਹਿਰ ਪੁੱਟਣ ਵਾਲੇ ਮਜ਼ਦੂਰਾਂ ਦੀ ਦਿਹਾੜੀ ਇੱਕ ਪੈਸਾ ਹੁੰਦੀ ਸੀ। ਕਿਵੇਂ ਪਿੰਡ ਦੀ ਜ਼ਮੀਨ ਦੋਫਾੜ ਹੋ ਗਈ ਤੇ ਕਿਵੇਂ ਮੁੱਰਬੇਬੰਦੀ ਤੋਂ ਬਾਅਦ ਉਨ੍ਹਾਂ ਹੁਣ ਵਾਲੀ ਜ਼ਮੀਨ ਪਿੰਡ ਦੇ ਨੇੜੇ ਲਈ। ਉਹ ਇਹ ਵੀ ਦੱਸਦਾ ਕਿ ਨਹਿਰ ਸਰਹਿੰਦ ਵਿੱਚ 1882 ਈਸਵੀ ਵਿੱਚ ਪਹਿਲੀ ਵਾਰ ਪਾਣੀ ਛੱਡਿਆ ਸੀ।

ਦਾਦਾ ਪੰਜਾਬ ਸਿੰਘ ਵੀ ਅਜਿਹੀਆਂ ਹੀ ਬਹੁਤ ਗੱਲਾਂ ਸੁਣਾਉਂਦਾ ਕਿ ਕਿਵੇਂ ਦੂਜੀ ਸੰਸਾਰ ਜੰਗ ਵੇਲੇ ਉਸ ਦੇ ਮੋਰਚੇ ਤੇ ਬੰਬ ਡਿੱਗਿਆ, ਕਿਵੇਂ ਉਸਦਾ ਅੰਗੂਠਾ ਉੱਡ ਗਿਆ ਤੇ ਲੱਕ ਟੁੱਟ ਗਿਆ ਸੀ। ਉਹ ਹਮੇਸ਼ਾ ਲੱਕ ਤੇ ਪੇਟੀ ਬੰਨ ਕੇ ਰੱਖਦਾ। ਕਿਵੇਂ ਰੇਲ ਚੱਲਣੀ ਸ਼ੁਰੂ ਹੋਈ। ਕਿਵੇਂ 1902 ਵਿੱਚ ਪਲੇਗ ਫੇਲੀ। ਕਿਵੇਂ ਹਸਪਤਾਲ ਸਕੂਲ ਖੁੱਲ੍ਹਣੇ ਸ਼ੁਰੂ ਹੋਏ ਤੇ ਕਿਵੇਂ ਪਾਕਿਸਤਾਨ ਬਣਿਆ।

ਦੋਹਾਂ ਦਾਦਿਆਂ ਦੀਆਂ ਕੁੱਝ ਗੱਲਾਂ ਸਾਂਝੀਆਂ ਸਨ। ਜਿਵੇਂ ਦੋਨੋ ਫੌਜੀ ਜੀਵਨ ਵਿੱਚੋਂ ਲੰਘੇ ਸਨ। ਦੋਨੋ ਆਰਗੈਨਿਕ ਖਾਣਿਆਂ ਅਤੇ ਦੇਸੀ ਨੁਸਖਿਆਂ ਦੇ ਸ਼ੁਕੀਨ ਸਨ। ਦੋਨੋ ਬਹੁਤ ਵਧੀਆ ਕੁੱਕ ਸਨ ਤੇ ਆਪਣੀ ਚਾਹ ਤੇ ਕਈ ਚੀਜਾਂ ਖੁਦ ਬਣਾਉਂਦੇ। ਮੈਂ ਆਪ ਹੁਣ ਖੁਦ ਵੀ ਵਧੀਆ ਕੁੱਕ ਹਾਂ। ਜਿਹੜੀ ਗੱਲ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਉਹ ਦੋਨੋਂ ਹਰ ਸਮੇਂ ਮੇਰੇ ਤਾਇਆ ਮੋਹਣ ਸਿੰਘ ਦੀ ਕਿਤਾਬ ਸਰਹਿੰਦ ਕੰਢੇ ਹਮੇਸ਼ਾਂ ਆਪਣੇ ਨਾਲ ਰੱਖਦੇ।

ਬੱਚੇ ਭਾਵੇਂ ਛੋਟੇ ਦਾਦਾ ਜੀ ਦੀ ਉਲਾਦ ਸਨ, ਪਰ ਆਪਣੇ ਤਾਏ ਨੂੰ ਵੀ ਪਿਉ ਵਾਂਗ ਸਤਿਕਾਰ ਦਿੰਦੇ ਸਨ। ਮੋਹਣ ਸਿੰਘ ਇਸ ਘਰ ਦਾ ਪਲੇਠਾ ਪੁੱਤਰ ਸੀ, ਜੋ ਬਹੁਤ ਹੋਣਹਾਰ ਤੇ ਹੁਸ਼ਿਆਰ ਸੀ। ਗਿਆਨੀ ਦੀ ਪ੍ਰਿਖਿਆ ਵਿੱਚ ਉਹ ਸਾਰੇ ਪੰਜਾਬ ਵਿਚੋਂ ਅੱਵਲ ਆਇਆ ਸੀ। ਆਪਣੇ ਆਪ ਨੂੰ ਗਿਆਨੀ ਮੋਹਣ ਸਿੰਘ

ਲਿਖਦਾ। ਬਚਪਨ ਤੋਂ ਹੀ ਕਵਿਤਾ ਲਿਖਣ ਦਾ ਸ਼ੌਂਕ ਸੀ। ਦੋਹਾਂ ਦਾਦਿਆਂ ਨੇ ਇਸ ਬੱਚੇ ਨੂੰ ਉਚੇਰੀ ਪੜ੍ਹਾਈ ਲਈ ਖਾਲਸਾ ਕਾਲਜ ਅਮ੍ਰਿਤਸਰ ਦਾਖਲ ਕਰਵਾ ਦਿੱਤਾ। ਉਦੋਂ ਦੇਸ਼ ਜੰਗੇ ਆਜ਼ਾਦੀ ਦਾ ਸੰਘਰਸ਼ ਲੜ ਰਿਹਾ ਸੀ। ਜਦੋਂ ਮੁਸਲਮਾਨ ਲੀਡਰਾਂ ਨੇ ਵੱਖਰੇ ਦੇਸ਼ ਦਾ ਨਾਹਰਾ ਦਿੱਤਾ ਤਾਂ ਵਿਦਿਆਰਥੀਆਂ ਨੇ ਇਸ ਦਾ ਵਿਰੋਧ ਕੀਤਾ ਕਿ ਅਸੀਂ ਹਿੰਦੂ ਸਿੱਖ ਮੁਸਲਮ ਸਾਰੇ ਭਾਈ ਹਾਂ ਤੇ ਇਕੱਠੇ ਰਵਾਂਗੇ। ਉਨ੍ਹਾਂ ਮਜ਼ਹਬ ਆਧਾਰ ਤੇ ਬਣ ਰਹੇ ਦੇਸ਼ ਦਾ ਵਿਰੋਧ ਕੀਤਾ। ਕੱਟੜਵਾਦੀਆਂ ਨੂੰ ਵਿਦਿਆਰਥੀ ਲੀਡਰ ਮੋਹਣ ਸਿੰਘ ਦੀ ਗੱਲ ਚੰਗੀ ਨਾ ਲੱਗੀ। ਉਹ ਉਸਦਾ ਪਿੱਛਾ ਕਰਨ ਲੱਗੇ। ਇੱਕ ਦਿਨ ਪੰਜ ਮਾਰਚ 1947 ਵਾਲੀ ਸਵੇਰ, ਜਦੋਂ ਮੋਹਣ ਸਿੰਘ ਦਰਬਾਰ ਸਾਹਿਬ ਅਮ੍ਰਿਤਸਰ ਤੋਂ ਮੱਥਾ ਟੇਕ ਕੇ ਸਵੇਰੇ ਹੀ ਇੱਕ ਤਾਂਗੇ ਤੇ ਬੈਠਾ ਦੋਸਤਾਂ ਨਾਲ ਹੋਸਟਲ ਪਰਤ ਰਿਹਾਂ ਸੀ ਤਾਂ ਜਨੂੰਨੀਆਂ ਨੇ ਬਰਸ਼ਿਆਂ ਨਾਲ ਇਸ ਨੂੰ ਕੋਹ ਸੁੱਟਿਆ। ਉਸ ਤਾਂਗੇ ਵਿੱਚ ਸੁਰਜੀਤ ਰਾਮਪੁਰੀ, ਰਾਹੀ ਰਾਮਪੁਰੀ ਤੇ ਡਾ: ਗੁਰਮੇਲ ਸਿੰਘ ਵੀ ਸਨ ਜੋ ਉਸਦੇ ਜਮਾਤੀ ਦੋਸਤ ਸਨ।

ਇਸ ਕਤਲ ਨੇ ਮੇਰੀ ਦਾਦੀ ਤੇ ਦੋਨੋਂ ਬਾਬਿਆਂ ਨੂੰ ਝੰਜੋੜ ਸੁੱਟਿਆ। ਉਹ ਆਪਣੇ ਪੁੱਤ ਦੀਆਂ ਅੰਤਿਮ ਰਸਮਾਂ ਵੀ ਨਾ ਕਰ ਸਕੇ। ਪੰਜਾਬ ਵਿੱਚ ਦੰਗੇ ਭੜਕ ਗਏ ਸਨ। ਮੇਰਾ ਪਿਤਾ ਉਦੋਂ ਛੇ ਸਾਲ ਦਾ ਸੀ ਜੋ ਗਹਿਰੇ ਸਦਮੇ ਵਿੱਚ ਚਲਾ ਗਿਆ। ਮੇਰੇ ਪਿਤਾ ਪੁਰਖੇ ਤਾਂ ਰਹਿੰਦੀ ਉਮਰ ਤੱਕ ਇਸ ਸਦਮੇਂ ਵਿੱਚ ਹੀ ਰਹੇ। ਇਸ ਮੌਤ ਤੋਂ ਬਾਅਦ ਭਾਈ ਵੀਰ ਸਿੰਘ, ਪ੍ਰਿੰ ਤੇਜਾ ਸਿੰਘ, ਸੰਤ ਸਿੰਘ ਸੇਖੋਂ ਤੇ ਪ੍ਰੋ: ਸਾਹਿਬ ਸਿੰਘ ਮੇਰੇ ਦਾਦਿਆਂ ਦਾ ਦੁੱਖ ਵੰਡਾਉਣ ਆਉਂਦੇ ਰਹੇ। ਭਾਈ ਵੀਰ ਸਿੰਘ, ਤਾਇਆ ਮੋਹਣ ਸਿੰਘ ਨੂੰ ਆਪਣੇ ਬਰਾਬਰ ਦਾ ਸ਼ਾਇਰ ਸਮਝਦੇ ਸਨ।

ਫੇਰ ਦਾਦਿਆਂ ਨੇ ਡਾ: ਗੁਰਮੇਲ ਸਿੰਘ ਦੀ ਸੰਪਾਦਨਾਂ ਹੇਠ ਮੋਹਣ ਸਿੰਘ ਦੀ ਕਿਤਾਬ 'ਸਰਹਿੰਦ ਕੰਢੇ' ਛਪਵਾ ਲਈ ਤੇ ਸਰਵਰਕ ਤੇ ਉਸਦੀ ਫੋਟੋ ਵੀ ਸੀ। ਇਸ ਕਿਤਾਬ ਦਾ ਮੁੱਖ ਬੰਧ ਪ੍ਰੋ:ਸੰਤ ਸਿੰਘ ਸੇਖੋਂ ਨੇ ਲਿਖਿਆ ਸੀ। ਸਾਥੀ ਲੁਧਿਆਣਵੀ ਦੀ ਕਾਵਿਕ ਸ਼ਰਧਾਂਜਲੀ ਸੀ ਤੇ ਡਾ: ਗੁਰਮੇਲ ਸਿੰਘ ਦਾ ਸੰਪਾਦਕੀ ਲੇਖ ਸੀ। ਏਹੋ ਪੁਸਤਕ ਮੇਰੇ ਦਾਦੇ ਆਪਣੇ ਨਾਲ ਹਮੇਸ਼ਾਂ ਰੱਖਦੇ ਸਨ ਤੇ ਹਰ ਕਿਸੇ ਨੂੰ ਪਰਨੇ ਦੇ ਲੜ ਵਿੱਚ ਬੰਨੀ ਇਹ ਪੁਸਤਕ, ਖੋਹਲ ਖੋਹਲ ਕੇ ਦਿਖਾਉਂਦੇ ਰਹਿੰਦੇ। ਮੈਨੂੰ ਜਦੋਂ ਦਿਖਾਉਂਦੇ ਤੇ ਆਪਣੇ ਲੇਖਕ ਪੁੱਤ ਦੀਆਂ ਸਿਫਤਾਂ ਕਰਦੇ ਮੈਂ ਸੋਚਦਾ ਮੈਂ ਵੀ ਕਦੇ ਅਜਿਹਾ ਹੀ ਲੇਖਕ ਬਣਾਂਗਾ।

ਨੌਵੀਂ ਵਿੱਚ ਮੈਂ ਆਪਣੇ ਪਿੰਡ ਕੁੱਬੇ ਆ ਕੇ ਦਾਖਲ ਹੋ ਗਿਆ। ਮੇਰਾ ਦਾਦਾ ਜੋ ਅੰਦਰਲੇ ਘਰ ਆਪਣੀ ਬੈਠਕ ਚੁਬਾਰੇ ਵਿੱਚ ਰਹਿੰਦਾ ਸੀ ਅਕਸਰ ਮੇਰੇ ਕੋਲ ਦਿਨ ਵੇਲੇ ਆ ਬੈਠਦਾ। ਕਿਤਾਬਾਂ ਦੀਆਂ, ਧਰਮ ਦੀਆਂ, ਇਤਿਹਾਸ ਦੀਆਂ ਗੱਲਾਂ ਕਰਦਾ। ਉਸ ਕੋਲ ਗੱਲਾਂ ਦੇ ਭੰਡਾਰ ਸਨ। ਕਦੇ ਆਪਣੇ ਸਭ ਤੋਂ ਪਹਿਲਾਂ ਲੈ ਕੇ ਆਂਦੇ ਸਾਈਕਲ ਬਾਰੇ ਦੱਸਦਾ ਕਿ ਕਿਵੇਂ ਲੋਕ ਹੈਰਾਨ ਹੋ ਕੇ ਦੇਖਣ ਆਏ ਕਿ ਬਾਗ ਵਾਲਿਆਂ ਦਾ ਭਾਨ ਸਿਉਂ ਲੋਹੇ ਦਾ ਘੋੜਾ ਲੈ ਕੇ ਆਇਆ ਹੈ ਜੋ ਨਾ ਪਾਣੀ ਪੀਂਦਾ ਹੈ ਤੇ ਨਾਂ ਘਾਹ ਖਾਂਦਾ ਹੈ। ਕਦੇ ਦਸ ਰੁਪਏ ਵਿੱਚ ਲੁਆਏ ਨਲਕੇ ਬਾਰੇ ਦੱਸਦਾ। ਕਦੇ ਉਹ ਸਭ ਤੋਂ ਪਹਿਲਾਂ ਲਏ ਰੇਡੀਉ ਬਾਰੇ ਦੱਸਦਾ। ਇਹ ਤਾਂ ਮੈਂ ਵੀ ਦੇਖਿਆ ਸੀ। ਇਸ ਨੂੰ ਆਨ ਕਰਨ ਤੋਂ ਬਾਅਦ ਇੱਕ ਹਰਿਆਲੀ ਜਿਹੀ ਹੌਲੀ ਹੌਲੀ ਘਟਦੀ ਤੇ ਜਦੋਂ ਮੁੱਕਦੀ ਤਾਂ ਕਿਤੇ ਰੇਡੀਉ ਬੋਲਣ ਲੱਗਦਾ। ਮੇਰੇ ਦਾਦੇ ਕੋਲ ਤਿੰਨ ਚੀਜ਼ਾਂ ਹਮੇਸ਼ ਹੁੰਦੀਆਂ, ਮੋਹਣ ਸਿੰਘ ਦੀ ਕਿਤਾਬ, ਇੱਕ ਛੋਟਾ ਰੇਡੀਉ ਤੇ ਇੱਕ ਸ਼ੀਸ਼ਾ। ਸ਼ੀਸ਼ੇ ਦੇ ਪਿੱਛੇ ਉਸਦਾ ਨਾਮ ਲਿਖਿਆ ਹੁੰਦਾ।

ਨੌਵੀਂ ਵਿੱਚ ਪੜ੍ਹਦਿਆਂ ਮੈਂ ਵੀ ਗੀਤ ਲਿਖਣੇ ਸ਼ੁਰੂ ਕਰ ਦਿੱਤੇ। ਸਾਡੇ ਘਰ ਦੇ ਵਿਹੜੇ ਵਿੱਚ ਅਸੀਂ ਹਰ ਸਾਲ ਪੰਜ ਮਾਰਚ ਨੂੰ ਮੋਹਣ ਸਿੰਘ ਦੀ ਯਾਦ ਵਿੱਚ ਕਵੀ ਦਰਬਾਰ ਕਰਵਾਉਂਦੇ, ਜਿਸ 'ਚ ਬਹੁਤ ਸਾਰੇ ਲੇਖਕ

ਪਹੁੰਚਦੇ।ਸੁਰਜੀਤ ਰਾਮਪੁਰੀ, ਸੁਖਮਿੰਦਰ, ਮਹਿੰਦਰ, ਰਾਹੀ, ਸੁਰਿੰਦਰ ਸਭ ਪਹੁੰਚਦੇ।ਸੰਤੋਖ ਸਿੰਘ ਧੀਰ, ਕੁਲਵੰਤ ਨੀਲੋਂ, ਸੋਹਣ ਸਿੰਘ ਹੰਸ ਵੀ ਆ ਜਾਂਦੇ।ਸੁਮੀਤ ਦੀ ਮੌਤ ਤੋਂ ਬਾਅਦ ਔਰੰਗਜ਼ੇਬ ਨਜ਼ਮ ਸਭ ਤੋਂ ਪਹਿਲਾਂ ਧੀਰ ਸਾਹਿਬ ਨੇ ਏਸੇ ਸਮਾਗਮ ਤੇ ਪੜ੍ਹੀ ਸੀ।ਸੋਹਣ ਸਿੰਘ ਹੰਸ ਦੀ ਫਿਲਮ 'ਵਾਰਿਸ' ਤੇ ਨਾਵਲ ਕਾਲੀ ਕਥਾ ਵੀ ਉਸ ਵਕਤ ਬਹੁਤ ਮਸ਼ਹੂਰ ਸਨ। ਜਦੋਂ ਇਹ ਲੇਖਕ ਸਾਡੇ ਘਰ ਰਹਿੰਦੇ ਤਾਂ ਸਭ ਦੀ ਸੰਗਤ ਮੈਨੂੰ ਪ੍ਰਭਾਵਤ ਕਰਦੀ। ਮੈਂ ਇਨ੍ਹਾਂ ਸਮਾਗਮਾਂ ਤੇ ਹੀ ਸਟੇਜ ਤੋਂ ਆਪਣੇ ਗੀਤ ਕਵਿਤਾਵਾਂ ਪੜ੍ਹਨੇ ਸ਼ੁਰੂ ਕੀਤੇ ਸਨ। ਅਸੀਂ ਮਿਲਕੇ ਪਿੰਡ ਵਿੱਚ ਮੋਹਣ ਸਿੰਘ ਯਾਦਗਾਰੀ ਲਾਇਬ੍ਰੇਰੀ ਬਣਾਈ ਜਿਸ ਦਾ ਉਦਘਾਟਨ ਜਸਦੇਵ ਸਿੰਘ ਜੱਸੋਵਾਲ ਨੇ ਕੀਤਾ ਸੀ ਅਤੇ ਅਸੀਂ ਕਈ ਵਾਰ ਗੁਰਸ਼ਰਨ ਭਾਅ ਜੀ ਦੇ ਨਾਟਕ ਵੀ ਕਰਵਾਏ ਸਨ। ਦਾਦਾ ਹਮੇਸ਼ਾ ਇਨ੍ਹਾਂ ਕੰਮਾਂ ਵਿੱਚ ਨਾਲ ਹੁੰਦਾ। ਇਹ ਸਾਰਾ ਮਹੌਲ ਮੇਰੇ ਲਈ ਬਹੁਤ ਪ੍ਰਭਾਵਤ ਕਰਨ ਵਾਲਾ ਹੁੰਦਾ ਜੋ ਸਹਿਤਕਾਰੀ ਦੇ ਬੀਜ ਸੁੱਟ ਗਿਆ।

ਇੱਕ ਵਾਰ ਮੇਰੇ ਦਾਦੇ ਭਾਨ ਸਿੰਘ ਨੇ ਮੈਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਕੋਈ ਵਡੇਰਾ ਉਸ ਵਕਤ ਮੁਰਿੰਡੇ ਥਾਣੇ ਵਿੱਚ ਨੌਕਰੀ ਕਰਦਾ ਸੀ ਜਦੋਂ ਗੁਰੂ ਗੋਬਿੰਦ ਸਿੰਘ ਤੇ ਉਸ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਦੀ ਸਹੇੜੀ ਤੋਂ ਗ੍ਰਿਫ਼ਤਾਰ ਕਰਕੇ ਉਥੇ ਲਿਆਂਦਾ ਸੀ। ਉਸ ਵਕਤ ਉਨ੍ਹਾਂ ਦਾ ਵਡੇਰਾ ਇਸ ਜ਼ੁਲਮ ਨੂੰ ਨਾ ਸਹਾਰਦਾ ਹੋਇਆ ਨੌਕਰੀ ਛੱਡ ਕੇ ਘਰ ਆ ਗਿਆ ਸੀ। ਉਹ ਮੈਨੂੰ ਇਹ ਵੀ ਦੱਸਦੇ ਕਿ ਕਾਲੇ ਮਾਂਗਟ ਦੀ ਹੀ ਅਗਲੀ ਪੀੜ੍ਹੀ ਨੇ ਇਹ ਆਪਣਾ ਪਿੰਡ ਵਸਾਇਆ ਸੀ। ਏਥੇ ਹੀ ਬਾਬੇ ਕੁੱਬੇ ਦੀ ਛੰਨ ਤੋਂ ਸ਼ੁਰੂ ਹੋ ਕੇ ਇਹ ਪੂਰਾ ਪਿੰਡ ਵਸ ਗਿਆ।

ਸਨ 1704 ਵਿੱਚ ਗੁਰੂ ਗੋਬਿੰਦ ਸਿੰਘ ਮਾਛੀਵਾੜੇ ਤੋਂ ਹੁੰਦੇ ਹੋਏ ਲੱਲ ਕਲਾਂ, ਮੇਰੇ ਪਿੰਡ ਕੁੱਬੇ ਤੋਂ ਹੀ ਸ੍ਰੀ ਦੇਗ ਸਰ ਕਟਾਣਾ ਸਾਹਿਬ ਪਹੁੰਚੇ ਸਨ। ਬਾਬਾ ਭਾਨ ਸਿੰਘ ਅਕਸਰ ਸੁਭਾ ਸ਼ਾਮ ਗੁਰਦੁਵਾਰੇ ਲਾਊਡ ਸਪੀਕਰ ਤੇ ਅਰਥਾਂ ਸਮੇਤ ਪਾਠ ਕਰਨ ਜਾਂਦਾ ਜੋ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੋਇਆ ਹੈ। ਪਰ ਉਸ ਨੂੰ ਧਾਰਮਿਕ ਪਾਖੰਡ ਤੋਂ ਸਖਤ ਨਫ਼ਰਤ ਸੀ। ਕਿਸੇ ਪਾਖੰਡੀ ਨੂੰ ਘਰ ਤਾਂ ਕੀ ਪਿੰਡ ਵਿੱਚ ਵੀ ਨਹੀਂ ਸੀ ਵੜਨ ਦਿੰਦਾ। ਦੋਨੋ ਬਾਬੇ ਪਹਿਰਾਵੇ ਅਤੇ ਕੱਟੜਵਾਦ ਤੋਂ ਵੀ ਕੋਹਾਂ ਦੂਰ ਸਨ। ਉਹ ਸਧਾਰਨ ਤੇ ਦਿਖਾਵੇ ਰਹਿਤ ਜੀਵਨ ਜੀਣ ਦੇ ਆਦੀ ਸਨ।

ਇਨ੍ਹਾਂ ਚਾਰ ਬਜ਼ੁਰਗਾਂ ਵਿੱਚੋਂ ਸਭ ਤੋਂ ਪਹਿਲਾ ਬਾਬਾ ਪੰਜਾਬ ਸਿੰਘ ਤੁਰ ਗਿਆ। ਮੈਂ ਉਦੋਂ ਪੰਜਵੀਂ ਛੇਵੀਂ ਵਿੱਚ ਪੜ੍ਹਦਾ ਸੀ ਜਦੋਂ ਬਾਬੇ ਦੀ ਅੰਤਿਮ ਮੂੰਹ ਵਿਖਾਲੀ ਲਈ ਮੈਨੂੰ ਨਾਨਕਿਆਂ ਤੋਂ ਪਿੰਡ ਲਿਆਂਦਾ ਗਿਆ। ਬਾਬੇ ਪੰਜਾਬ ਸਿੰਘ ਦੇ ਜਾਣ ਤੋਂ ਬਾਅਦ ਮੇਰੇ ਪਿੰਡ ਵਾਲੇ ਘਰ ਵਿੱਚ ਸਾਰੇ ਤੌਰ ਤਰੀਕੇ ਪ੍ਰਭਾਵਤ ਹੋਏ। 1978 ਵਿੱਚ ਬੇਬੇ ਬਸੰਤ ਕੌਰ ਤੁਰ ਗਈ ਤੇ ਇੱਕ ਬਹੁਤ ਵੱਡਾ ਖਲਾਅ ਛੱਡ ਗਈ। ਸਨ 1987 ਵਿੱਚ ਮੇਰੇ ਨਾਨੇ ਦੀ ਮੌਤ, ਕੋਈ ਸੌ ਸਾਲ ਦੀ ਉਮਰ ਦੇ ਕਰੀਬ ਜਾ ਕੇ ਹੋਈ। ਉਸ ਵਕਤ ਉਸ ਦੀ ਨਿਗਾਹ ਚਲੀ ਗਈ ਸੀ ਤੇ ਸੁਣਨੋ ਵੀ ਬਹੁਤ ਘੱਟ ਗਿਆ ਸੀ। ਉਹ ਮੰਜੇ ਤੇ ਬੈਠਾ ਆਪਣੀ ਅੰਤਿਮ ਚਿੱਠੀ ਉਡੀਕਦਾ ਰਹਿੰਦਾ। ਉਸ ਦੇ ਜਾਣ ਨਾਲ ਮੇਰੇ ਨਾਨਕੇ ਪਰਿਵਾਰ ਦੇ ਸਾਰੇ ਰੂਲ ਅਸੂਲ ਹੀ ਬਦਲ ਗਏ।

1991 ਵਿੱਚ ਨਾਨੀ ਪੰਜਾਬ ਕੌਰ ਤੁਰ ਗਈ। ਮੈਂ ਇਨ੍ਹਾਂ ਸਾਰੇ ਪੁਰਖਿਆਂ ਨੂੰ ਇੱਕ ਇੱਕ ਕਰਕੇ ਆਪਣੇ ਹੱਥੀ ਤੋਰਿਆ ਹੈ। ਬਾਬਾ ਭਾਨ ਸਿੰਘ ਦੀ ਵਿਦਾਇਗੀ ਬਾਰੇ ਦੱਸਦਾ ਹਾਂ। ਉਹ ਬਿਮਾਰ ਚੱਲ ਰਿਹਾ ਸੀ ਤੇ ਸਾਡੇ ਘਰ ਹੀ ਰਹਿ ਰਿਹਾ ਸੀ। ਉਮਰ ਕੋਈ 95 ਕੁ ਸਾਲ ਦੇ ਕਰੀਬ ਹੋਵੇਗੀ। ਬੇਬੇ ਨੂੰ ਵੀ ਯਾਦ ਕਰਦਾ ਰਹਿੰਦਾ ਤੇ ਮੋਹਣ ਸਿੰਘ ਨੂੰ ਵੀ। ਅੰਤਮ ਵਕਤ ਨੇੜੇ ਵੇਖ ਕੇ ਮੈਨੂੰ ਉਸ ਨੇ ਆਪਣੇ ਸਾਰੇ ਗ੍ਰੰਥ ਤੇ ਕਿਤਾਬਾਂ ਸੌਂਪ ਦਿੱਤੇ।

ਰੇਡੀਉ ਸ਼ੀਸ਼ਾ ਤੇ ਮੋਹਣ ਸਿੰਘ ਦੀਆਂ ਕੁੱਝ ਕਿਤਾਬਾਂ ਵੀ ਸੰਭਾਲ ਦਿੱਤੀਆਂ, ਜਿਸ ਵਿੱਚ ਉਸਦਾ ਇੱਕ ਗੜਬਾ ਵੀ ਸੀ।

ਦੋ ਜਨਵਰੀ 1989 ਦੀ ਰਾਤ ਨੂੰ ਬਾਬੇ ਨੇ ਮੈਨੂੰ ਹਾਕ ਮਾਰ ਕੇ ਜਗਾਇਆ ਤੇ ਉਹ ਮੇਰੇ ਨਾਲ ਰਾਤੀ ਦੋ ਕੁ ਵਜੇ ਕੁੱਝ ਗੱਲਾਂ ਕਰਨ ਲੱਗ ਪਿਆ। ਉਸ ਨੇ ਕਿਹਾ "ਦੇਖ ਤੂੰ ਸਮਝ ਸਕਦਾ ਏਂ ਮੇਰਾ ਅੰਤਮ ਵੇਲਾ ਆ ਗਿਆ ਏ ਕੋਈ ਪਾਠ ਬਗੈਰਾ ਨਹੀਂ ਖੁਲਵਾਉਣਾ ਮੈਂ ਆਪੇ ਪਾਠ ਕਰਕੇ ਭੋਗ ਪਾ ਦਿੱਤਾ ਏ। ਕੋਈ ਮਕਾਣਾ ਨਹੀਂ ਸੱਦਣੀਆਂ। ਹੋਰ ਕੋਈ ਵੀ ਰਸਮ ਨਹੀਂ ਕਰਨੀ। ਮੇਰੇ ਫੁੱਲ ਕਿਸੇ ਧਾਰਮਿਕ ਸਥਾਨ ਤੇ ਨਹੀਂ ਪਾਉਣੇ। ਬੱਸ ਪਿੰਡ ਵਾਲੀ ਨਹਿਰ 'ਚ ਰੋੜ ਦਿਉ ਤੇ ਰਾਖ ਵੀ ਉਸੇ ਪਾਣੀ ਵਿੱਚ ਵਹਾ ਦਿਉ। ਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਕੀਤੀਆਂ।

ਦੂਸਰੇ ਦਿਨ 3 ਜਨਵਰੀ ਨੂੰ ਮੈਂ ਲਿਖਾਰੀ ਸਭਾ ਰਾਮਪੁਰ ਦੀ ਮੀਟਿੰਗ ਤੋਂ ਜਦੋਂ ਸ਼ਾਮ ਨੂੰ ਘਰ ਆਇਆ ਤਾਂ ਬਾਬੇ ਦਾ ਭੋਰ ਉਡਾਰੀ ਮਾਰ ਚੁੱਕਾ ਸੀ। ਉਹ ਕੋਈ ਮਹਾਂ ਪੁਰਖ ਨਹੀਂ ਸੀ, ਪਰ ਆਪਣੀ ਮੌਤ ਦਾ ਅਹਿਸਾਸ ਉਸ ਨੂੰ ਹੋ ਗਿਆ ਸੀ। ਮੈਂ ਪਹਿਲਾਂ ਅਜਿਹਾ ਬੰਦਾ ਦੇਖਿਆ ਸੀ ਜਿਸ ਨੇ ਖੁਦ ਆਪਣੇ ਘਰ ਪਾਠ ਰਖਾਇਆ ਤੇ ਖੁਦ ਹੀ ਪੜ੍ਹਕੇ ਆਪਣਾ ਭੋਗ, ਜੀਂਦੇ ਜੀ ਸਾਰੇ ਰਿਸ਼ਤੇਦਾਰ ਇਕੱਠੇ ਕਰਕੇ ਪਾਇਆ। ਮੈਨੂੰ ਉਸ ਦੇਹ ਤੋਂ ਪਾਰ ਜਾਂ ਉੱਪਰ ਹੋ ਕੇ ਜੀਣ ਦੀ ਜਾਂਚ ਦੱਸੀ ਜਿੱਥੇ ਬੰਦੇ ਨੂੰ ਕਿਸੇ ਦਿੱਖ ਜਾਂ ਜਾਤ ਤੋਂ ਹਟ ਕੇ ਮਾਨਸਿਕ ਪੱਧਰ ਵੇਖਣਾ ਤੇ ਸਮਝਣਾ ਹੁੰਦਾ ਹੈ।

ਮੈਂ ਦਾਦੇ ਭਾਨ ਸਿੰਘ ਵਲੋਂ ਦਿੱਤੀਆਂ ਪੁਸਤਕਾਂ ਕੈਨੇਡਾ ਆਉਣ ਸਮੇਂ ਨਾਲ ਹੀ ਲੈ ਆਇਆ। ਮੇਰੇ ਪੁਰਖੇ ਮੇਰੇ ਲਈ ਸੰਘਣੇ ਬ੍ਰਿਛਾਂ ਦੀ ਤਰ੍ਹਾਂ ਸਨ। ਨਾਨਕੇ ਵੀ ਆਰੀਅਨ ਕਬੀਲਿਆਂ ਦੇ ਇੱਕ ਨਾਗ ਕਬੀਲੇ ਚੋਂ ਸਨ। ਮਹਾਂਭਾਰਤ ਤੋਂ ਲੈ ਕੇ ਮਹਾਰਾਜਾਂ ਰਣਜੀਤ ਸਿੰਘ ਦੇ ਰਾਜ ਤੱਕ ਮੇਰੇ ਪੁਰਖਿਆਂ ਦਾ ਇਤਿਹਾਸ ਪੰਜਾਬ ਦੇ ਚੱਪੇ ਚੱਪੇ ਤੇ ਫੈਲਿਆ ਹੋਇਆ ਹੈ ਜੋ ਪੀੜ੍ਹੀ ਦਰ ਪੀੜੀ ਮੇਰੇ ਤੋਂ ਪਹਿਲੀਆਂ ਨਸਲਾਂ ਨੂੰ ਪ੍ਰਭਾਵਤ ਕਰਦਾ ਰਿਹਾ ਹੋਵੇਗਾ। ਮੈਂ ਅੱਜ ਜੋ ਕੁੱਝ ਵੀ ਹਾਂ ਆਪਣੇ ਇਨ੍ਹਾਂ ਪੁਰਖਿਆਂ ਕਰਕੇ ਹੀ ਹਾਂ। ਮੇਰੇ ਕੋਲ ਦੱਸਣ ਲਈ ਅਜੇ ਬਹੁਤ ਕੁੱਝ ਹੈ, ਸ਼ਾਇਦ ਪੂਰੀ ਕਿਤਾਬ ਬਣ ਜਾਵੇ। ਮੇਰੇ ਇਹ ਪੁਰਖੇ ਅੱਜ ਵੀ ਖਿਆਲਾਂ ਵਿੱਚ ਮੇਰੇ ਨਾਲ ਚੱਲਦੇ ਹਨ।

ਮੇਰੀ ਨਾਨੀ ਮੈਨੂੰ ਦਾਇਆ, ਇਨਸਾਨੀਅਤ, ਚੰਗੇ ਕਰਮ, ਪਸ਼ੂ ਪੰਛੀਆਂ ਬਨਸਪਤੀ ਤੇ ਮਨੁੱਖਤਾ ਦਾ ਸਤਿਕਾਰ ਤੇ ਵੰਡ ਛਕਣਾ ਸਿਖਾਉਂਦੀ ਹੈ। ਮੇਰਾ ਨਾਨਾ ਮਜ਼ਲੂਮ ਨਾਲ ਖੜ੍ਹਨ ਤੇ ਜ਼ੁਲਮ ਖਿਲਾਫ਼ ਲੜ੍ਹਨ ਲਈ ਪ੍ਰੇਰਦਾ ਹੈ। ਮੇਰੀ ਦਾਦੀ ਸਹਿਣਸ਼ੀਲਤਾ, ਸਾਦਗੀ ਤੇ ਉੱਚੇ ਵਿਚਾਰ ਸਿਖਾਉਂਦੀ ਹੈ। ਮੇਰੇ ਦੋਨੋਂ ਦਾਦੇ ਪਾਖੰਡ, ਆਡੰਬਰ, ਦਿਖਾਵੇ, ਲਾਲਚ ਤੋਂ ਵਰਜ ਕੇ ਸਾਦਗੀ ਦੇ ਮਿਹਨਤ ਕਰਨ ਦਾ ਉਪਦੇਸ਼ ਦਿੰਦੇ ਹਨ। ਮੇਰੇ ਪੁਰਖੇ ਮੇਰੇ ਰਹਿਨੁਮਾ, ਗੁਰੂ ਤੇ ਜੀਵਨ ਸਿਰਜਣ ਵਾਲੇ ਹਨ। ਉਨਾਂ ਦੇ ਪਰਿਵਾਰਕ ਮਾਡਲ, ਰਹਿਣ ਸਹਿਣ, ਖਾਣ ਪੀਣ, ਜੀਣ ਥੀਣ ਤੇ ਵਿਚਰਨ ਮੇਰੇ ਵਿੱਚ ਵੀ ਆਇਆ ਹੈ। ਉਹ ਅਕਸਰ ਹੀ ਮੇਰੀਆਂ ਲਿਖਤਾਂ ਤੇ ਜੀਵਨ ਵਿੱਚ ਆ ਉਤਰਦੇ ਹਨ। ਮੈਨੂੰ ਲੱਗਦਾ ਹੈ ਮੈਂ ਉਨ੍ਹਾਂ ਦਾ ਹੀ ਵਿਸਥਾਰ ਜਾਂ ਅਗਲਾ ਪੜ੍ਹਾ ਹਾਂ। ਮੈਨੂੰ ਆਪਣੇ ਪੁਰਖਿਆਂ ਤੇ ਮਾਣ ਹੈ।

**ਸੰਪਰਕ (ਕੈਨੇਡਾ)**-416-727-2071

# ਪੁਰਖੀ ਆਦਰਸ਼ ਦਾ ਲੋੜੀਂਦਾ ਜੁਗਾੜ /- ਕੁਲਜੀਤ ਮਾਨ

ਗਿਆਨੀ ਗੁਰਨਾਮ ਸਿੰਘ ਮਾਨ ਮੇਰੇ ਬਾਪੂ ਦਾ ਨਾਮ ਹੈ। ਤਿੰਨ ਭਰਾ ਤੇ ਤਿੰਨ ਭੈਣਾਂ ਵਿਚੋਂ ਸਭ ਤੋਂ ਛੋਟਾ। ਸਾਰੀ ਉਮਰ ਆਪਣੀ ਮਾਂ ਨੂੰ ਯਾਦ ਕਰਦਾ ਰਿਹਾ ਜੋ ਉਦੋਂ ਸਵਰਗਵਾਸ ਹੋ ਗਈ ਸੀ ਜਦੋਂ ਬਾਪੂ ਪੰਜ ਸਾਲ ਦਾ ਸੀ। ਪਤਾ ਨਹੀ ਉਸਨੂੰ ਕੋਈ ਘੜੀ ਯਾਦ ਸੀ ਜਾਂ ਕਿਸੇ ਨੇ ਦਸਿਆ ਕਿ ਮਾਂ ਗੁਰਦੁਆਰੇ ਜਾਂਦੀ ਤੇ ਧਾਰਮਿਕ ਬਿਰਤੀ ਵਾਲੀ ਸੀ। ਆਪਣੀ ਮੌਤ ਤੋਂ ਪਹਿਲਾਂ ਉਸਨੇ ਮਰੀ ਮਾਂ ਨੂੰ ਬਹੁਤ ਯਾਦ ਕੀਤਾ। ਹਰ ਰੋਜ਼ ਹੀ ਸਾਡੇ ਅੱਗੇ ਮਾਂ ਦਾ ਜਿਕਰ ਕਰਦਾ ਸੀ।

ਪੂਰੇ ਭਰੇ ਪਰਿਵਾਰ ਵਿਚ ਵੀ ਉਹ ਯਤੀਮਾਂ ਵਾਂਗ ਹੀ ਪਲਿਆ ਤੇ ਆਖਰ ਉਸਨੇ ਆਪਣੀ ਵਖਰੀ ਦੁਨੀਆ ਵਸਾ ਲਈ ਜਿਸ ਵਿਚ ਸਾਡੀ ਮਾਂ ਤੇ ਤਿੰਨ ਭਰਾ ਸਾਂ। ਮੈ ਸਭਤੋਂ ਛੋਟਾ ਹੋਣ ਕਰਕੇ ਲਾਡਲਾ ਸੀ ਪਰ ਅੱਜ ਸੋਚਦਾ ਹਾਂ ਕਿ ਲਾਡਲਾ ਹੋਕੇ ਮੈਨੂੰ ਉਹ ਨਹੀ ਮਿਲਿਆ ਜਿਸਦਾ ਮੈ ਹੱਕਦਾਰ ਸਾਂ। ਹੱਕ ਉਹ ਨਹੀ ਹੁੰਦਾ ਜਿਸਨੂੰ ਮਿਣਿਆ ਜਾ ਸਕੇ ਬਲਕਿ ਉਹ ਹੁੰਦਾ ਹੈ ਜੋ ਤੁਹਾਡੇ ਵਿਅਕਤੀਤੱਵ ਦਾ ਹਿੱਸਾ ਹੁੰਦਾ ਹੈ।

ਗਰੀਬ ਜੱਟ ਪਰਿਵਾਰ ਸੀ ਸੋ ਅਸੀਂ ਕਦੇ ਆਪਣੇ ਪਿੰਡ ਨਹੀ ਰਹੇ। ਗੱਲ ਅਸੀਂ ਦੀ ਨਹੀ ਸਗੋਂ ਗਿਆਨੀ ਜੀ ਦੀ ਹੈ। ਮੇਰੇ ਬਾਪੂ ਨੂੰ ਜਾਣ ਪਛਾਣ ਵਾਲੇ ਗਿਆਨੀ ਕਹਿਕੇ ਹੀ ਬੁਲਾਂਉਦੇ ਸਨ। ਗਿਆਨੀ ਪੁਲੀਸ ਵਿਚ ਮੁਨਸ਼ੀ ਸੀ। ਭਾਵੇਂ ਸਿਪਾਹੀ ਹੀ ਮੁਨਸ਼ੀ ਹੁੰਦਾ ਹੈ ਪਰ ਇਸਦੀ ਪਛਾਣ ਸਿਪਾਹੀ ਨਾਲੋਂ ਅਲਹਿਦਾ ਹੁੰਦੀ ਹੈ।

ਬਾਪੂ ਦੀ ਪੋਸਟਿੰਗ ਸਰਹਾਲੀ ਦੀ ਸੀ, ਇਸ ਤੋਂ ਪਹਿਲਾਂ ਮੈਨੂੰ ਨਹੀ ਪਤਾ। ਸਰਹਾਲੀ ਮਾਝੇ ਦਾ ਮਸ਼ਹੂਰ ਪਿੰਡ ਹੈ, ਕੈਰੋਂ ਦਾ ਇਲਾਕਾ ਸੀ ਤੇ ਸਰਹਾਲੀ ਪਿੰਡ ਦੋ ਪੁਲੀਸ ਸਟੇਸ਼ਨ ਸਨ। ਇੱਕ ਮੇਨ ਰੋਡ ਤੇ ਇੱਕ ਚੌਂਕੀ ਪਿੰਡ ਸ਼ੁਰੂ ਹੋਣ ਤੋਂ ਪਹਿਲਾਂ। ਮੇਰਾ ਸਰਕਾਰੀ ਸਕੂਲ ਵੀ ਨਾਲ ਹੀ ਤੇ ਮੈ ਅੱਧੀ ਛੁਟੀ ਵੇਲੇ ਭਾਪੇ ਕੋਲ ਆਉਂਦਾ ਸੀ ਤੇ ਉਹ ਮੈਨੂੰ ਇੱਕ ਆਨਾ ਖਰਚਣ ਲਈ ਦਿੰਦੇ ਸਨ।

ਭਾਪੇ ਦੀ ਦਹਿਸ਼ਤ ਮੇਰੇ ਤੋਂ ਉਦੋਂ ਪਈ ਜਦੋਂ ਇੱਕ ਦਿਨ ਚੌਂਕੀ ਆਇਆ ਤਾਂ ਬਾਹਰ ਖੁਲੇ ਮੈਦਾਨ ਵਿਚ, ਮੇਰਾ ਭਾਪਾ ਪੱਟੇ ਨਾਲ ਕਿਸੇ ਨੂੰ ਲੰਮਾ ਪਾਕੇ ਕੁੱਟ ਰਿਹਾ ਸੀ। ਨੰਗਾ ਕੀਤਾ ਆਦਮੀ ਦੀਆਂ ਬਾਹਵਾਂ ਤੇ ਦੋ ਜਣਿਆਂ ਨੇ ਪੈਰ ਰਖੇ ਹੋਏ ਸਨ ਤੇ ਭਾਪਾ ਜੀ ਪੱਟੇ ਨਾਲ ਉਸਦੇ ਪਿਛਲੇ ਪਾਸੇ ਪਟੇ ਮਾਰ ਰਹੇ ਸਨ। ਉਹ ਥੱਲੇ ਪਿਆ ਚੀਕਾਂ ਮਾਰ ਕੇ ਕਹਿ ਰਿਹਾ ਸੀ, "ਓ ਮੋਤੀਆਂ ਵਾਲਿਆ, ਜਾਣ ਦੇ ਬਸ ਕਰ, ਓ ਮਰ ਜਾਊਂਗਾ।" ਪਤਾ ਨਹੀ ਰਾਤ ਨੀਂਦ ਆਈ ਕਿ ਨਹੀ ਪਰ ਸਵੇਰੇ ਬੀਬੀ ਦਾ ਘੁਟ ਕੇ ਜੂੜਾ ਮੈਨੂੰ ਸਤਾਉਂਦਾ ਜ਼ਰੂਰ ਰਿਹਾ। ਉਦੋਂ ਮੈ ਦੂਜੀ ਜਾਂ ਤੀਜੀ ਵਿਚ ਪੜ੍ਹਦਾ ਸੀ।

ਥੋੜੇ ਹੀ ਚਿਰ ਬਾਦ ਗਰਮੀਆਂ ਦੀਆਂ ਛੁਟੀਆਂ ਹੋਣੀਆਂ ਸਨ ਤੇ ਮੈ ਬਾਪੂ ਦੇ ਸਾਇਕਲ ਦੇ ਡੰਡੇ ਤੇ ਬੈਠਾ ਸੀ। ਅਸੀਂ ਘਰ ਜਾ ਰਹੇ ਸਾਂ ਤੇ ਫਿਰ ਉਸੇ ਦਿਨ ਅੰਮ੍ਰਿਤਸਰ ਜਾਣਾ ਸੀ। ਮੇਰੇ ਹੱਥ ਵਿਚ ਸਿਆਹੀ ਦੀ ਦਵਾਤ ਸੀ। ਉਹ ਮੇਰਾ ਹੱਥ ਲਬੇੜ ਰਹੀ ਸੀ। ਬਾਪੂ ਨੇ ਖਿਝ ਕੇ ਦਵਾਤ ਮੇਰੇ ਹੱਥੋਂ ਧੂਹ ਲਈ ਤੇ ਵਗਾਹ ਮਾਰੀ। ਜੇ ਇਹ ਗੱਲ ਅੱਜ ਵੀ ਯਾਦ ਹੈ ਤਾਂ ਯਕੀਨਨ ਮੈ ਇਸਨੂੰ ਪਸੰਦ ਨਹੀ ਕੀਤਾ ਸੀ ਭਾਵੇਂ ਉਹ ਉਮਰ ਪਸੰਦ ਜਾਂ ਨਾਂਹ ਪਸੰਦ ਲਈ ਹੁੰਦੀ। ਆਸੇ ਪਾਸੇ ਮਾਸੜ,ਮਾਮੇ ਵੀ ਤੇ ਇੰਝ ਹੀ ਕਰਦੇ ਸਨ ਪਰ ਉਹ ਕਿਸੇ ਨੂੰ ਪਟੇ ਨਾਲ ਕੁਟਦੇ ਨਹੀ ਸਨ। ਇਸਦਾ ਮਤਲਬ ਇਹ ਨਹੀ ਕਿ ਮੇਰਾ ਬਾਪ ਚੰਗਾ ਨਹੀ ਸੀ ਉਹ ਬਹੁਤ ਚੰਗਾ ਸੀ ਤੇ ਇਸਦਾ ਵਿਸਤਾਰ ਤੇ ਬਾਦ ਵਿਚ ਆਵੇਗਾ ਨਾਂ ਜਦੋਂ ਮੈ ਕੁਝ

ਵਡਾ ਹੋ ਜਾਵਾਂਗਾ।

ਮੇਰੇ ਸੁਪਨੇ ਵਿਚ ਪਿੰਡ ਦੀ ਨੁਹਾਰ ਸਰਹਾਲੀ ਦੀ ਆਉਂਦੀ ਹੈ ਜਿੱਥੇ ਅਸੀਂ ਕਿਰਾਏ ਦੇ ਚੁਬਾਰੇ ਵਿਚ ਰਹਿੰਦੇ ਸਾਂ। ਪਿੰਡ ਵਾਲੇ ਸਾਡੇ ਨਾਲ ਬਹੁਤ ਚੰਗੇ ਸਨ ਭਾਵੇਂ ਆਪਸ ਵਿਚ ਕਈ ਵਾਰ ਬੰਦੂਕਾਂ ਨਾਲ ਵੀ ਲੜਦੇ ਸਨ। ਇੱਕ ਵਾਰ ਡਾਗਾਂ ਨਾਲ ਸਿਰ ਪਾਟਦੇ ਮੈ ਅੱਖੀ ਵੀ ਵੇਖੇ। ਮਸਾਲੇ ਵਾਲੇ ਗੁੜ ਦੀਆਂ ਥਾਲੀਆਂ, ਸਬਜੀਆਂ ਤੇ ਹੋਰ ਨਿੱਕ ਸੁੱਕ ਬਿਨ੍ਹਾਂ ਕਿਸੇ ਕਹੇ ਤੇ ਸਾਡੇ ਘਰ ਆਉਂਦੀਆਂ। ਇਹ ਕੋਈ ਰਿਸ਼ਵਤ ਨਹੀ ਸਗੋਂ ਬਾਹਰ ਵਸੇ ਪਰਿਵਾਰ ਨਾਲ ਪਿਆਰ ਹੀ ਸੀ, ਮੈ ਇਹੋ ਸਮਝਦਾ ਹਾਂ।

ਹੋਰ ਵਿਸਤਾਰ ਦੀ ਲੋੜ ਅਸਲ ਮੁੱਦੇ ਨਾਲ ਮੇਲ ਨਹੀ ਖਾਂਦੀ ਸੋ1962 ਵਿਚ ਮੇਰੇ ਭਾਪੇ ਦੀ ਬਦਲੀ ਅੰਮ੍ਰਿਤਸਰ ਦੀ ਹੋ ਗਈ ਤੇ ਅਸੀਂ ਸ਼ਹਿਰ ਆ ਗਏ। ਦਰਬਾਰ ਸਾਹਿਬ ਦੇ ਬਿਲਕੁਲ ਕੋਲ ਤੀਸਰੀ ਮਜ਼ਿਲ ਤੇ ਕਿਰਾਏ ਤੇ ਰਹਿੰਣ ਲਗ ਪਏ। ਥੱਲੇ ਗਿਆਨੀ ਪ੍ਰੈਸ ਸੀ ਉਪਰ ਕੰਮਪੋਜ਼ਿਗ ਤੇ ਤੀਸਰੀ ਮੰਜਿਲ ਤੇ ਅਸੀਂ ਰਹਿੰਣ ਲੱਗ ਪਏ। ਡਬਗਰਾਂ ਵਾਲੀ ਗਲੀ ਵਿਚ ਸਾਡਾ ਘਰ ਵੀ ਸੀ ਜੋ ਕਿਰਾਏ ਤੇ ਚੜਿਆ ਹੋਇਆ ਸੀ ਜਿਸਨੂੰ ਬਾਦ ਵਿਚ ਬਾਪੂ ਨੇ ਵੇਚ ਦਿੱਤਾ ਤੇ ਡਰਾਈ ਕਲੀਨ ਦੀ ਦੁਕਾਨ ਖਰੀਦ ਲਈ ਜੋ ਚਲੀ ਨਹੀ ਤੇ ਬਾਦ ਵਿਚ ਵੇਚ ਦਿੱਤੀ। ਇਹ ਇਸ ਕਰਕੇ ਦਸ ਰਿਹਾ ਹਾਂ ਕਿ ਸਾਡਾ ਭਾਪਾ, ਮੇਹਨਤ ਨਾਲ ਕੁਝ ਬਣਨਾ ਚਾਹੁੰਦਾ ਸੀ। ਦੋ ਸਾਲ ਬਾਦ ਬਾਪੂ ਨੇ ਸੌ ਗਜ਼ ਦੇ ਪਲਾਟ ਵਿਚ ਘਰ ਉਸਾਰ ਲਿਆ ਤੇ ਅਸੀਂ ਸੁਲਤਾਨਵਿੰਡ ਰੋਡ ਤੇ ਰਾਮ ਨਗਰ ਆ ਗਏ। ਵਡੇ ਹੋਏ ਨੇ ਮੈ ਪੁੱਛਿਆ ਸੀ ਬਾਪੂ ਨੂੰ ਰਿਸ਼ਵਤ ਲੈਣੀ ਕਦੋਂ ਸ਼ੁਰੂ ਕੀਤੀ? ਉਸ ਮੁਤਾਬਕ 65 ਤੋਂ ਬਾਦ।

ਅੰਮ੍ਰਿਤਸਰ ਆ ਕੇ ਸਾਡੇ ਭਾਪੇ ਨੇ ਪਹਿਲੇ ਹੁਕਮ ਤੇ ਦਰਬਾਰ ਸਾਹਿਬ ਜਾਣਾ ਸ਼ੁਰੂ ਕਰ ਦਿੱਤਾ ਰਬ ਤੋਂ ਇੱਕ ਵਾਰ ਬਗਾਵਤ ਵੀ ਕੀਤੀ, ਬਾਦ ਵਿਚ ਦਸਦਾ ਹਾਂ। 64 ਵਿਚ ਅਸੀਂ ਰਾਮਨਗਰ ਆ ਗਏ ਸੀ ਭਾਪਾ ਸਾਡਾ ਢਾਈ ਵਜ਼ੇ ਉਠਦਾ। ਅਸ਼ਨਾਨ ਕਰਦਾ,ਬਾਬੇ ਦੀ ਫੋਟੋ ਨੂੰ ਧੂਫ ਦਿੰਦਾ ਨਾਲ ਦੀ ਨਾਲ ਮੂੰਹ ਜ਼ਬਾਨੀ ਪਾਠ ਵੀ ਕਰਦਾ। ਸਾਈਕਲ ਤੇ ਦਰਬਾਰ ਸਾਹਿਬ ਜਾਂਦਾ। ਵਾਪਸੀ ਤੇ ਸਭਤੋਂ ਪਹਿਲਾਂ ਪ੍ਰਸ਼ਾਦ ਮੈਨੂੰ ਦਿੰਦਾ, ਮੈ ਲਾਡਲਾ ਸੀ। ਬਾਦ ਵਿਚ ਸੌਂ ਜਾਂਦਾ ਤੇ ਫੇਰ ਨੌਂ ਕੁ ਵਜੇ ਕੁਤਵਾਲੀ ਚਲੇ ਜਾਂਦਾ।

ਅਸੀਂ ਤਿੰਨ ਭਰਾ ਤਿਆਰ ਹੋਕੇ ਸਕੂਲ ਚਲੇ ਜਾਂਦੇ। ਮਾਂ ਸਾਡੇ ਨਾਸ਼ਤੇ ਤੋਂ ਬਾਦ ਘਰ ਦੇ ਕੰਮਾਂ ਵਿਚ ਰੁਝ ਜਾਂਦੀ। ਵਡਾ ਭਰਾ ਸਕੂਲ ਵਿਚ ਦਰਮਿਆਨਾ ਸੀ ਉਸਤੋਂ ਛੋਟਾ ਮਹਾਂ ਨਲਾਇਕ, ਪੜ੍ਹਾਈ ਵਿਚ, ਉਂਝ ਉਹ ਬਹੁਤ ਹੀ ਵਧੀਆ ਇਨਸਾਨ ਸੀ। ਮੈ ਪੜ੍ਹਾਈ ਵਿਚ ਬਹੁਤ ਸਿਰ ਕਢ ਸੀ। ਕਲਾਸ ਵਿਚੋਂ ਫਸਟ ਆਉਂਦਾ, ਕਾਰਣ ਮੈ ਹਿਸਾਬ ਵਿਚੋਂ ਬਹੁਤ ਹੁਸ਼ਿਆਰ ਸੀ ਸੌ ਪ੍ਰਤੀਸ਼ਤ ਨੰਬਰ ਆਉਂਦੇ ਜੋ ਮੈਨੂੰ ਬਾਕੀਆਂ ਨਾਲੋਂ ਬਹੁਤ ਅੱਗੇ ਕਰ ਦਿੰਦੇ। ਦੂਜੇ ਤੇ ਤੀਜੇ ਨੰਬਰ ਤੇ ਆਉਣ ਲਈ ਮੁਕਾਬਲਾ ਸੀ ਜਦੋਂ ਕਿ ਮੈ ਸੌ ਨੰਬਰਾਂ ਤੋਂ ਵੀ ਵਧ ਅੱਗੇ ਹੁੰਦਾ।ਇਨਾਮ ਮਿਲਦਾ। ਹੁਸ਼ਿਆਰ ਹੋਣ ਕਰਕੇ ਸਕੂਲ ਦੀਆਂ ਬਾਕੀ ਆਈਟਮਾਂ ਵਿਚ ਵੀ ਅੱਗੇ ਹੁੰਦਾ। ਸਾਡਾ ਬਾਪੂ ਮੇਰੇ ਤੇ ਬਹੁਤ ਖੁਸ਼ ਸੀ। ਦੂਜਿਆਂ ਨੂੰ ਧੌਲ ਧੱਫਾ ਹੁੰਦਾ ਰਹਿੰਦਾ।

ਛੇਵੀਂ ਵਿਚ ਪੜ੍ਹਦਾ ਸੀ ਤੇ ਬਾਹਰ ਖੇਡਣ ਗਿਆ ਹੋਇਆ ਸੀ ਜਦੋਂ ਸਾਡਾ ਗੁਆਂਢੀ ਭੋਲਾ ਨਸਿਆ ਆਇਆ ਤੇ ਮੈਨੂੰ ਅਵਾਜ਼ ਮਾਰਕੇ ਕਹਿੰਣ ਲੱਗਾ, " ਉਏ ਘੁਕ ਉਏ ਤੇਰੀ ਬੀਬੀ ਕੋਠਿਉਂ ਡਿਗ ਪਈ। ਮੈ ਵਾਹੋ ਦਾਹੀ ਘਰ ਨੂੰ ਭਜ ਗਿਆ ਤੇ ਜਾਕੇ ਵੇਖਿਆ ਆਂਢ ਗੁਆਂਢ ਨਾਲ ਸਾਰਾ ਘਰ ਭਰਿਆ ਪਿਆ ਸੀ ਤੇ ਮੇਰੀ ਬੀਬੀ ਅੰਦਰਲੇ ਕਮਰੇ ਵਿਚ ਮੰਜੀ ਤੇ ਪਈ ਸੀ। ਮੈ ਗਿਆ ਤੇ ਉਸਨੇ ਮੈਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ। ਕਿਣ ਮਿਣ ਦਾ ਦਿਨ ਸੀ ਤੇ ਮਾਂ ਸਾਡੀ ਛੱਤ ਉਪਰ ਮਿੱਟੀ ਪਾ ਰਹੀ ਸੀ, ਚੱਕਰ ਆਇਆ ਤੇ ਮੋਘੇ ਰਾਹੀਂ ਘੁਮੇਟ ਖਾਕੇ ਥੱਲੇ ਪੱਕੇ ਫਰਸ਼ ਤੇ ਡਿਗ ਪਈ। ਥੋੜੇ ਚਿਰ ਬਾਦ ਹੀ

ਭਾਪਾ ਵੀ ਸਾਇਕਲ ਭਜਾਉਂਦਾ ਆ ਗਿਆ। ਬੀਬੀ ਨੂੰ ਕਾਰ ਵਿਚ ਪਾਕੇ ਹਸਪਤਾਲ ਲੈ ਗਏ। ਇਹ ਵਰਾ ਉਹ ਸੀ ਜਦੋਂ ਪਾਕਿਸਤਾਨ ਨਾਲ ਪਹਿਲੀ ਜੰਗ ਲੱਗੀ ਸੀ। ਸਾਰਾ ਹਸਪਤਾਲ ਖਾਲੀ ਕਰਵਾਉਣਾ ਪਿਆ ਪਰ ਸਾਡੀ ਬੀਬੀ ਦੀ ਹਾਲਤ ਠੀਕ ਨਹੀ ਸੀ ਉਹ ਦਸ ਮਹੀਨੇ ਹਸਪਤਾਲ ਰਹੀ। ਪਾਕਿਸਤਾਨ ਨਾਲ ਜੰਗ ਤੇ ਰੁਕ ਗਈ ਪਰ ਸਾਡੇ ਭਾਪੇ ਦੀ ਜੰਗ ਸਾਰੀ ਜ਼ਿੰਦਗੀ ਚਲਦੀ ਰਹੀ। ਪੈਰਾਂ ਤੋਂ ਲੈਕੇ ਗੋਡਿਆਂ ਤੱਕ ਬਹੁਤ ਸੋਜ ਸੀ ਜੋ ਸਾਰੀ ਉਮਰ ਰਹੀ। ਪੈਰ ਕਾਲੇ ਹੋ ਗਏ। ਤੁਰਨੋਂ ਰਹਿ ਗਈ ਤੇ ਇਹੋ ਮੌਕਾ ਸੀ ਜਦੋਂ ਸਾਡੇ ਬਾਪੂ ਨੇ ਸੂਰਮਗਤੀ ਨਾਲ ਬਾਦ ਦੀ ਜ਼ਿੰਦਗੀ ਲੰਘਾਈ।

ਮੈ ਸੱਤਵੀ ਵਿਚ ਸੀ ਤੇ ਦੂਜੇ ਵਡੇ ਦੋਵੇਂ ਦਸਵੀ ਵਿਚ। ਵਡਾ ਭਰਾ ਅਠਾਰਾਂ ਸਾਲ ਦਾ ਸੀ। ਘਰ ਦਾ ਸਾਰਾ ਮਾਹੌਲ ਹੀ ਬਦਲ ਗਿਆ।ਕੌਣ ਰੋਟੀ ਬਣਾਵੇ ਕੌਣ ਕਪੜੇ ਧੋਵੇ ਸਾਰਾ ਭਾਰ ਬਾਪੂ ਤੇ ਆ ਗਿਆ। ਇੱਕ ਦਿਨ ਬਾਪੂ ਨੇ ਰਾਤ ਨੂੰ ਬਾਬੇ ਦੀ ਫੋਟੋ ਅੰਗੀਠੀ ਤੋਂ ਚੁੱਕਕੇ ਵਗਾਹ ਮਾਰੀ ਤੇ ਜਿਸਦਾ ਕੱਚ ਅਸੀਂ ਨਿਆਣਿਆਂ ਨੇ ਇਕਠਾ ਕੀਤਾ ਪਰ ਬਾਪੂ ਨੇ ਅਗਲੇ ਦਿਨ ਹੀ ਉਹੋ ਫੋਟੋ ਖਰੀਦ ਕੇ ਫਿਰ ਅੰਗੀਠੀ ਤੇ ਟਿਕਾ ਦਿੱਤੀ।

ਉਦੋਂ ਹੀ ਮੈ ਆਪਣੇ ਭਾਪੇ ਦੀ ਪਾਟੀ ਕਮੀਜ਼ ਵੇਖੀ,ਰਾਤੀਂ ਦਾ ਖਾਣਾ ਢਾਬੇ ਤੋਂ ਲੈ ਆਉਣਾ ਤੇ ਸਾਡੇ ਨਾਲ ਬਹਿਕੇ ਖਾ ਲੈਣਾ। ਇਹੋ ਜਿਹੇ ਹਾਲਤ ਵਿਚ ਵੀ ਉਸਨੇ ਮੈਨੂੰ ਆਨਾ ਦੇਣਾ ਬੰਦ ਨਹੀ ਕੀਤਾ। ਵਡਾ ਭਰਾ ਅਠਾਰਾਂ ਸਾਲ ਦਾ ਸੀ ਸਭ ਸਮਝਦਾ ਸੀ। ਉਹ ਇੱਕ ਦਿਨ ਚੁੱਪ ਕਰਕੇ ਘਰੋਂ ਗਿਆ ਤੇ ਫੌਜ ਵਿਚ ਭਰਤੀ ਹੋ ਗਿਆ। ਕਿਸੇ ਨੂੰ ਕੁਝ ਪਤਾ ਨਹੀ। ਸ਼ਾਮ ਨੂੰ ਭਾਪੇ ਨੂੰ ਦਸਿਆ,ਇਸਤੋਂ ਪਹਿਲਾਂ ਕਿ ਭਾਪਾ ਗੁਸੇ ਹੁੰਦਾ ਉਹ ਬੋਲਿਆ, " ਭਾਪਾ ਜੀ ਮੇਰੇ ਕੋਲੋਂ ਨਹੀ ਵੇਖਿਆ ਜਾਂਦਾ, ਤੁਹਾਡੀ ਇੱਕਲੀ ਤਨਖਾਹ ਤੇ ਬੀਬੀ ਦੀਆਂ ਦਵਾਈਆਂ ਤੇ ਲਗ ਜਾਂਦੀ ਹੈ।"

ਭਾਪਾ ਸਾਡਾ ਭੁੱਬਾਂ ਮਾਰ ਕੇ ਰੋ ਪਿਆ। ਉਦੋਂ ਬੀਬੀ ਅਜੇ ਹਸਪਤਾਲ ਹੀ ਸੀ। ਲੰਮੀ ਗੱਲ ਨੂੰ ਛੋਟਾ ਕਰਦਾ ਹਾਂ। ਮੇਰੇ ਕਪੜੇ ਵੀ ਪਾਟ ਰਹੇ ਸਨ ਤੇ ਬੀਬੀ ਨੇ ਤਾਈ ਨੂੰ ਕਿਹਾ, " ਤਾਈ ਨੇ ਕਪੜੇ ਤੇ ਖਰੀਦ ਲਏ ਪਰ ਪੈਸੇ ਸਾਡੇ ਖਾਤੇ ਵਿਚ ਉਧਾਰ ਲਿਖਾ ਦਿੱਤੇ, ਅਗਲਾ ਕਿਤਨਾ ਕੁ ਚਿਰ ਇੰਤਜਾਰ ਕਰਦਾ ਇੱਕ ਦਿਨ ਬਿਸ਼ਨ ਹਸਪਤਾਲ ਬੀਬੀ ਦਾ ਪਤਾ ਲੈਣ ਦੇ ਬਹਾਨੇ, ਪੈਸੇ ਮੰਗਣ ਆ ਗਿਆ। ਇਹ ਗੱਲ ਮੇਰੇ ਸਾਹਮਣੇ ਹੋਈ, ਬੀਬੀ ਨੇ ਸਿਰਹਾਣਿਉ ਵੀਹ ਰੁਪਏ ਕਢਕੇ ਬਿਸ਼ਨ ਨੂੰ ਦੇ ਦਿੱਤੇ ਤੇ ਕਿਹਾ ਉਨ੍ਹਾਂ ਨੂੰ ਨਾਂਹ ਦਸੀਂ। ਉਹ ਚਲੇ ਗਿਆ ਤੇ ਬੀਬੀ ਨੇ ਮੈਨੂੰ ਵੀ ਪੱਕਾ ਕੀਤਾ ਕਿ ਭਾਪੇ ਨੂੰ ਇਹ ਨਾਂਹ ਦਸੀਂ।

ਸਾਡਾ ਤਾਇਆ ਮੋਟਰ ਸਾਈਕਲ ਰਿਪੇਅਰ ਦੀ ਦੁਕਾਨ ਕਰਦਾ ਸੀ ਚੰਗੀ ਕਮਾਈ ਸੀ, ਵਿਚਕਾਰਲਾ ਪੜਾਈ ਵਿਚ ਚਲ ਨਹੀ ਰਿਹਾ ਸੀ ਤੇ ਸੋ ਭਾਪੇ ਨੇ ਭਰਾ ਨੂੰ ਕਹਿਕੇ ਉਸਦੀ ਦੁਕਾਨ ਤੇ ਰਖਾ ਦਿੱਤਾ। ਤਾਈ ਉਸਤੋਂ ਘਰ ਦਾ ਕੰਮ ਹੀ ਕਰਵਉਂਦੀ ਰਹਿੰਦੀ ਤੇ ਉਸਦੀ ਬਦਕਿਸਮਤੀ ਨਾਲ ਉਹਦੇ ਕੋਲੋਂ ਤਾਈ ਦੀ ਥਰਮਸ ਦੀ ਬੋਤਲ ਟੁਟ ਗਈ। ਤਾਈ ਨੇ ਇਹ ਗੱਲ ਭਾਪੇ ਨਾਲ ਕਰ ਦਿੱਤੀ ਤੇ ਬਾਰਾਂ ਰੁਪਏ ਵੀ ਮੰਗ ਲਏ।

ਭਾਪੇ ਨੇ ਬਾਰਾਂ ਰੁਪੈ ਤੇ ਦੇ ਦਿੱਤੇ ਪਰ ਮੁੰਡੇ ਨੂੰ ਦੁਕਾਨ ਤੋਂ ਹਟਾ ਕੇ ਇੱਕ ਹੋਰ ਦੋਸਤ ਇੰਦਰ ਦੀ ਦੁਕਾਨ ਤੇ ਕੰਮ ਸਿਖਣ ਲਾ ਦਿੱਤਾ ਤੇ ਉੱਥੋਂ ਹੀ ਉਹ ਬਹੁਤ ਵਧੀਆ ਜਾਵਾ ਮੋਟਰ ਸਾਈਕਲ ਦਾ ਮਕੈਨਿਕ ਬਣਿਆ। ਭਰਾ ਨਾਲ ਬੋਲਣਾ ਛਡ ਦਿੱਤਾ ਤੇ ਸਤਾਈ ਸਾਲ ਉਹਦੇ ਨਾਲ ਨਹੀ ਬੋਲਿਆ। ਸਾਰੇ ਵਿਆਹ ਹੋ ਗਏ ਦੋਵਾਂ ਪਰਿਵਾਰਾਂ ਦੇ। ਇੱਕ ਦੂਜੇ ਦੇ ਘਰ ਨਹੀ ਗਏ। ਫੌਜੀ ਵੀ ਪੈਸੇ ਭੇਜਣ ਲੱਗ ਪਿਆ।ਇਸ ਔਖੀ ਘੜੀ ਨਾਲ ਸਾਡੇ ਭਰਾਵਾਂ ਦਾ ਬਹੁਤ ਪਿਆਰ ਸੀ। ਉਦੋਂ ਤੱਕ ਜਦੋਂ ਤੱਕ ਵਿਆਹ ਨਹੀ ਹੋ ਗਏ। ਭਰਾਵਾਂ ਦੇ ਪਿਆਰ ਨੂੰ ਮੈ ਜ਼ਿੰਦਗੀ ਦੀ ਮੁਸ਼ਕਲ ਘੜੀ ਨਾਲ ਜੋੜ ਕੇ ਵੇਖਦਾ ਹਾਂ।

ਇੱਕ ਵਾਰ ਮੈਂ ਡੇਹਰਾਦੂਨ ਤੋਂ ਆਇਆ ਸੀ ਤਾਂ ਵੱਡੇ ਭਰਾ ਨੇ ਕਿਹਾ ਕਿ ਮੇਰੀ ਜੁੱਤੀ ਟੁੱਟੀ ਹੈ ਚਲ ਬਾਟਾ ਦੇ ਚਲੀਏ। ਅਸੀਂ ਦੋਵੇਂ ਬਾਟਾ ਦੇ ਚਲੇ ਗਏ ਤਾਂ ਉਸ ਮੈਨੂੰ ਕਿਹਾ ਕਿ ਬੂਟ ਪਸੰਦ ਕਰ। ਮੈ ਭਰਾ ਵਾਸਤੇ ਵਧੀਆ ਤੇ ਮਹਿੰਗੇ ਬੂਟ ਪਸੰਦ ਕੀਤੇ। ਸਾਡਾ ਦੋਵਾਂ ਦਾ ਮਾਪ ਇੱਕ ਹੀ ਸੀ ਸੋ ਉਸਨੇ ਕਿਹਾ ਕਿ ਤੂੰ ਪਾ ਕੇ ਵਿਖਾ। ਮੈ ਬੂਟ ਪਾ ਲਏ ਤੇ ਮੇਰੇ ਪੁਰਾਣੇ ਬੂਟ ਉਸਨੇ ਪਾ ਲਏ ਤੇ ਬਿੱਲ ਦੇਕੇ ਕਹਿੰਦਾ, " ਚਲ ਚਲੀਏ।"

ਇਹ ਗੱਲ ਅੱਜ ਵੀ ਯਾਦ ਹੈ। ਉਸਤੋਂ ਛੋਟਾ ਤੇ ਮੇਰੇ ਤੋਂ ਵਡਾ, ਸਭ ਤੋਂ ਚੋਰੀ ਮੈਨੂੰ ਡੇਹਰਾਦੂਨ ਸੌ ਰੁਪਏ ਹਰ ਮਹੀਨੇ ਭੇਜਦਾ ਸੀ। ਹੁਣ ਤੇ ਉਹ ਨਹੀ ਰਿਹਾ ਪਰ ਉਸਦੀਆ ਗੱਲਾਂ ਅਜੇ ਵੀ ਜ਼ਿਉਂਦੀਆਂ ਹਨ।

ਮੈਂ ਸਾਰੀ ਜ਼ਿੰਦਗੀ ਵਿਚ ਇਹ ਕਦੇ ਨਹੀ ਵੇਖਿਆ ਕਿ ਕੋਈ ਸਾਡੇ ਭਾਪੇ ਕੋਲ ਮਦਦ ਲਈ ਆਇਆ ਹੋਵੇ ਤੇ ਉਸਨੇ ਉਸਦੀ ਬਾਂਹ ਨਾਂ ਫੜੀ ਹੋਵੇ। ਕੁਝ ਉਦਾਹਰਣਾਂ ਹਨ। ਮੈਂ ਉਦੋਂ ਬਾਰਵੀ ਜਮਾਤ ਵਿਚ ਸੀ। ਹਰ ਸਾਲ ਦਿਵਾਲੀ ਵਾਲੇ ਦਿਨ ਜਾਂ ਇਸਦੇ ਲਾਗੇ,ਸਾਡੇ ਘਰ ਅਖੰਡ ਪਾਠ ਹੁੰਦਾ ਸੀ। ਰਿਸ਼ਤੇਦਾਰ ਆਉਂਦੇ ਸਨ ਤੇ ਤਿੰਨ ਚਾਰ ਅਸੀਂ ਹਮ ਉਮਰ ਸਾਂ ਨਾਨਕਿਆਂ ਵਲੋਂ। ਅਸੀਂ ਬਜ਼ਾਰ ਵਿਚ ਗਏ। ਕਿਸੇ ਸ਼ਰਾਬੀ ਬਦਮਾਸ਼ ਨਾਲ ਝਗੜਾ ਹੋ ਗਿਆ ਤੇ ਉਸਨੇ ਮੇਰੇ ਕਜ਼ਨ ਤੇ ਭਰਾ ਨੂੰ ਚਾਕੂ ਮਾਰ ਦਿੱਤਾ। ਰੌਲਾ ਪੈ ਗਿਆ। ਥਾਣੇ ਤੱਕ ਗੱਲ ਚਲੇ ਗਈ। ਦੋਵੇਂ ਹਸਪਤਾਲ ਦਾਖਲ ਪਰ ਜ਼ਖਮ ਡੂੰਘੇ ਨਹੀ ਸਨ ਤੇ ਖਤਰੇ ਵਾਲੀ ਗੱਲ ਨਹੀ ਸੀ। ਆਸੇ ਪਾਸੇ ਭਾਪੇ ਦਾ ਨਾਮ ਸੀ ਕਈ ਸੁਲਾਹ ਕਰਵਾਉਣ ਵਾਲੇ ਵੀ ਆ ਗਏ ਪਰ ਭਾਪਾ ਜੀ ਨੇ ਸਾਫ ਜੁਆਬ ਦੇ ਦਿੱਤਾ। ਅਖੰਡ ਪਾਠ ਚਲ ਰਿਹਾ ਸੀ ਤੇ ਭਾਪਾ ਜੀ ਪਾਠ ਸੁਣ ਰਹੇ ਸਨ। ਜਦੋਂ ਉਸ ਮੁੰਡੇ ਦਾ ਬਾਪ ਸਾਡੇ ਘਰ ਆਇਆ ਮੱਥਾ ਟੇਕਿਆ ਤੇ ਭਾਪੇ ਦੇ ਮਗਰ ਬੈਠ ਗਿਆ। ਰਾਤ ਦੇ ਦੋ ਵਜ਼ੇ ਦਾ ਸਮਾਂ ਸੀ ਭਾਪਾ ਜੀ ਨੇ ਉਸਨੂੰ ਪ੍ਰਸ਼ਾਦ ਦਿੱਤਾ। ਭਾਪੇ ਨੂੰ ਕੁਝ ਪਤਾ ਨਹੀ ਸੀ ਕਿ ਉਹ ਕੌਣ ਹੈ। ਦਸ ਕੁ ਮਿੰਟ ਬਾਦ ਹੀ ਉਸਨੇ ਭਾਪੇ ਨੂੰ ਕਿਹਾ," ਸਰਦਾਰ ਜੀ ਤੁਹਾਡੇ ਨਾਲ ਗੱਲ ਕਰਨੀ ਹੈ ਤੇ ਰੋਣ ਲੱਗ ਪਿਆ। ਉਸਦਾ ਮੁੰਡਾ ਪੁਲੀਸ ਵਾਲਿਆ ਨੇ ਹਵਾਲਾਤ ਦਿੱਤਾ ਹੋਇਆ ਸੀ।

ਭਾਪਾ ਜੀ ਨੂੰ ਪਤਾ ਲੱਗ ਗਿਆ, ਅਚਨਚੇਤ ਕੁਝ ਨਹੀ ਕਿਹਾ ਤੇ ਫਿਰ ਬੋਲੇ, " ਸਰਦਾਰ ਜੀ ਤੁਸੀਂ ਘਰ ਜਾਕੇ ਅਰਾਮ ਨਾਲ ਸੋਵੋਂ, ਮੈ ਦਰਬਾਰ ਸਾਹਿਬ ਚਲਿਆ ਹਾਂ। ਛੇ ਵਜ਼ੇ ਮੁੜ ਆਵਾਂਗਾ ਤੁਸੀਂ ਆ ਜਾਣਾ ਆਪਾਂ ਜਾਕੇ ਕਾਕੇ ਨੂੰ ਲੈ ਆਵਾਂਗੇ, ਤੁਸੀਂ ਫਿਕਰ ਨਾ ਕਰੋ, ਉਸਨੂੰ ਸਮਝਾਵੋ ਤੇ ਕਹੋ ਕਿ ਇਲਤਾਂ ਨਹੀ ਕਰੀਦੀਆਂ।" ਆਪਣੇ ਬੱਚੇ ਅਜੇ ਹਸਪਤਾਲ ਹੀ ਸਨ ਜਦੋਂ ਭਾਪੇ ਨੇ ਥਾਣੇ ਜਾ ਕੇ ਇੱਕ ਬਾਪ ਦਾ ਹਿਰਦਾ ਸ਼ਾਤ ਕਰ ਦਿੱਤਾ।

ਬਾਪੂ ਦੇ ਆਦਰਸ਼ ਦੀਆਂ ਦਰਜ਼ਨਾਂ ਕਹਾਣੀਆਂ ਹਨ ਪਰ ਇੱਕਲੇ ਆਦਰਸ਼ ਨਾਲ ਭਾਪੇ ਦਾ ਟਬਰ ਪਲਦਾ ਨਹੀ ਸੀ ਨਾਲੇ ਹੁਣ ਤੇ ਭਰਾ ਨਾਲ ਵੀ ਮੁਕਾਬਲਾ ਕਰਨਾ ਸੀ।

ਇਸ ਤੋਂ ਬਾਦ ਭਾਪਾ ਜੁਗਾੜੀ ਬਣ ਗਿਆ। ਸਾਡੇ ਪਿੰਡ ਇੱਕ ਸਰਦਾਰ ਘਰਾਣਾ ਸੀ ਜਿਸ ਨਾਲ ਭਾਪੇ ਦੀ ਕੋਈ ਦੁਆ ਸਲਾਮ ਵੀ ਨਹੀ ਸੀ। ਉਨ੍ਹਾਂ ਦਾ ਸਭਤੋਂ ਵਡਾ ਭਰਾ ਉਦੋਂ ਜਲੰਧਰ ਐਸ.ਐਸ ਪੀ ਲਗਾ ਹੋਇਆ ਸੀ ਜਿਸਦਾ ਨਾਮ ਅਜੈਪਾਲ ਸਿੰਘ ਮਾਨ ਸੀ। ਕਈ ਉਤਰਾ ਚੜਾ ਸੋਚਦੇ ਭਾਪੇ ਨੇ ਉਸਨੂੰ ਜਾ ਸਲੂਟ ਮਾਰਿਆ। ਉਸਨੇ ਵੀ ਭਾਪੇ ਦੀ ਬਾਂਹ ਫੜ ਲਈ ਤੇ ਕਿਹਾ, " ਮੈਂ ਤੇ ਪਹਿਲਾਂ ਹੀ ਤੇਰੀ ਮਦਦ ਕਰਨਾ ਚਾਹੁੰਦਾ ਸੀ ਪਰ ਤੂੰ ਪਤਾ ਨਹੀ ਕਿਹੜੀਆ ਹਵਾਵਾਂ ਵਿਚ ਰਹਿੰਦਾ ਸੀ।" ਉਸਨੇ ਭਾਪੇ ਦੀ ਪੋਸਟਿੰਗ ਅੰਮ੍ਰਿਤਸਰ ਸੀ ਜੀ ਐਮ ਦੇ ਦਫ਼ਤਰ ਕਰਵਾ ਦਿੱਤੀ ਜਿੱਥੇ ਟਰੈਫਿਕ ਦੇ ਚਲਾਣ ਪੇਸ਼ ਹੁੰਦੇ ਸਨ।

ਇੱਥੋਂ ਹੀ ਭਾਪੇ ਦਾ ਜੁਗਾੜ ਸ਼ੁਰੂ ਹੁੰਦਾ ਹੈ। ਸ਼ਾਮ ਨੂੰ ਜੇਬਾਂ ਭਰੀਆਂ ਹੁੰਦੀਆਂ। ਅੱਜ ਹੋਰ ਕਲ ਹੋਰ, ਪੰਜ ਸੌ ਗਜ਼ ਦਾ ਪਲਾਟ ਲੈ ਲਿਆ ਤੇ ਉਨ੍ਹਾਂ ਦਿਨਾਂ ਵਿਚ ਜਿਸਨੂੰ ਕੋਠੀ ਕਹਿੰਦੇ ਹਨ ਉਹ ਖੜੀ ਕਰ ਲਈ। ਛੇ ਟੈਕਸੀਆ ਪਾ ਲਈਆਂ। ਭਾਪੇ ਸਾਹਮਣੇ ਹੁਣ ਪੁੱਤ ਨੂੰ ਫੌਜ ਵਿਚੋਂ ਵਾਪਸ ਬੁਲਾਉਣ ਦਾ ਭੂਤ ਸੁਆਰ ਹੋ ਗਿਆ। ਮੈਡੀਕਲੀ ਅਨਫਿਟ ਇੱਕੋ ਇੱਕ ਰਾਹ ਸੀ ਜੋ ਅਪਣਾ ਲਿਆ ਤੇ ਪੁੱਤ ਨੂੰ ਵਾਪਸ ਲੈਕੇ ਇੱਕ ਅਸੰਭਵ ਜਿਹਾ ਕੰਮ ਕਰ ਲਿਆ।

ਮੈਂ ਵੀ ਉਦੋਂ ਤੱਕ ਵਿਗੜ ਚੁੱਕਾ ਸੀ। ਮੇਰੇ ਵੀ ਖਰਚੇ ਸਨ। ਜਦੋਂ ਭਾਪਾ ਘਰ ਆਉਂਦਾ, ਉਸਦੀ ਰੁਟੀਨ ਸੀ ਕਿ ਪੈਂਟ ਲਾਹਕੇ ਪਹਿਲਾਂ ਅਸ਼ਨਾਨ ਕਰਦਾ। ਬਸ ਇਹੋ ਮੌਕਾ ਹੁੰਦਾ, ਕਾਂਟੀ ਮਾਰਨ ਦਾ। ਮੈਂ ਕਦੇ ਕਦੇ ਭਾਪੇ ਦੀ ਜੇਬ ਵਿਚੋਂ ਦਸ ਜਾਂ ਵੀਹ ਰੁਪਏ ਕਢ ਲੈਂਦਾ। ਅਸ਼ਨਾਨ ਕਰਕੇ ਹੀ ਭਾਪਾ ਜੇਬ ਵਿਚ ਪਏ ਪੈਸੇ ਗਿਣਦਾ ਸੀ।

ਇੱਕ ਦਿਨ ਮੈਂ ਵੀਹ ਰੁਪਏ ਕਢ ਲਏ ਤੇ ਬਾਹਰ ਚਲੇ ਗਿਆ। ਜਦੋਂ ਵਾਪਸ ਆਇਆ ਤਾਂ ਭਾਪਾ ਕਾਪੀ ਪੈਂਨ ਲੈਕੇ ਹਿਸਾਬ ਕਰ ਰਿਹਾ ਸੀ ਤੇ ਬੁੜਬੁੜ ਕਰ ਰਿਹਾ ਸੀ ਤੇ ਕਹਿੰਦਾ," ਹਿਸਾਬ ਨਹੀ ਮਿਲਦਾ ਅੱਜ।"

ਮੈਂ ਡਰ ਵੀ ਗਿਆ ਤੇ ਸੋਚਿਆ ਵੀ ਕਿ ਭਾਪਾ ਤੂੰ ਕਿਹੜੀ ਮੂੰਗੀ ਵੇਚੀ ਹੈ? ਜਿਹੜਾ ਹਿਸਾਬ ਨਹੀ ਮਿਲਦਾ।

ਹੁਣ ਮੇਰੀ ਵਾਰੀ ਆਉਂਦੀ ਹੈ। ਪੁੱਤ ਬਹੁਤ ਹੁਸ਼ਿਆਰ ਸੀ ਇਸਲਈ ਇਸਨੂੰ ਡਾਕਟਰ ਬਨਾਉਣਾ ਹੈ। ਮੈ ਹਿਸਾਬ ਵਿਚ ਅੱਵਲ ਸੀ ਤੇ ਚਾਹੀਦਾ ਤੇ ਇਹ ਸੀ ਕਿ ਮੈ ਹਿਸਾਬ ਵਿਚ ਹੀ ਅੱਗੇ ਜਾਂਦਾ ਪਰ ਭਾਪੇ ਦਾ ਫਰਮਾਨ ਡਾਕਟਰ ਬਨਾਉਣ ਦਾ। ਮੈਡੀਕਲ ਮੇਰੀ ਸਮਝ ਵਿਚ ਹੀ ਨਹੀ ਸੀ ਸੋ ਬੁਰੀ ਸੰਗਤ ਵਿਚ ਸ਼ਾਮਲ ਹੋਕੇ ਪੁੱਠੇ ਕੰਮ ਕਰਨ ਲੱਗ ਪਿਆ ਤੇ ਫਸਟ ਆਉਣ ਵਾਲਾ, ਗਿਆਰਵੀਂ ਵਿਚੋਂ ਫੇਲ ਹੋ ਗਿਆ। ਬੱਚੇ ਦੀ ਮਾਨਸਿਕਤਾ ਨੂੰ ਸਮਝਣ ਦਾ ਰਿਵਾਜ਼ ਹੀ ਨਹੀ ਸੀ ਸੋ ਆਪਾਂ ਕੁਝ ਬਾਗੀ ਹੋ ਗਏ।

ਗਿਆਰਵੀ ਵਿਚੋਂ ਫੇਲ ਹੋਕੇ, ਮੈਂ ਕਾਲਜ ਵਿਚ ਪਰੈਪ ਵਿਚ ਦਾਖਲਾ ਲੈ ਲਿਆ। ਭਾਪਾ ਸਮਝਦਾ ਸੀ ਕਿ ਮੈ ਡਾਕਟਰ ਬਣਨਾ ਹੈ ਪਰ ਮੈਂ ਆਰਟਸ ਦੇ ਸਬਜੈਕਟ ਲਏ ਹੋਏ ਸਨ। ਘਰ ਆਏ ਨੂੰ ਭਾਪਾ ਕਹਿੰਦਾ ਕਿ ਮੁੰਡਾ ਡਾਕਟਰ ਬਣ ਰਿਹਾ ਹੈ ਤੇ ਮੈਂ ਡਰ ਵੀ ਜਾਂਦਾ ਤੇ ਪ੍ਰੇਸ਼ਾਨ ਵੀ ਹੋ ਜਾਂਦਾ। ਇਹੋ ਮੌਕਾ ਸੀ ਜਦੋਂ ਮੈਂ ਨਸ਼ੇ ਕਰਨੇ ਸ਼ੁਰੂ ਕਰ ਦਿੱਤੇ। ਸ਼ਰਾਬ, ਅਫੀਮ ਗੋਲੀਆਂ ਜੋ ਵੀ ਮਿਲੇ, ਦੋਸਤ ਵੀ ਇਹੋ ਜਿਹੇ ਹੀ ਸਨ।

ਭਾਪਾ ਮਾਂ ਦੀ ਸੇਵਾ ਵਿਚ ਰੁਝਿਆ ਹੋਇਆ ਸੀ ਤੇ ਆਖਰੀ ਸਮੇ ਤੱਕ ਉਸਨੇ ਮਾਂ ਦੀ ਸੇਵਾ ਕੀਤੀ। ਮਾਂ ਦੇ ਗੰਦੇ ਕੀਤੇ ਕਪੜੇ ਧੋਂਦਾ, ਭਾਂਡੇ ਮਾਂਜਦਾ,ਦਾਲ ਸਬਜੀ ਵੀ ਬਣਾ ਲੈਂਦਾ। ਮਾਂ ਮਨ੍ਹਾਂ ਵੀ ਕਰਦੀ ਤੇ ਸੋਟੀ ਦੇ ਸਹਾਰੇ ਰਸੋਈ ਵਿਚ ਚਲੇ ਜਾਂਦੀ ਤੇ ਮਾੜਾ ਮੋਟਾ ਕੰਮ ਵੀ ਕਰ ਲੈਂਦੀ। ਘਰ ਵਿਚ ਹੁੰਦਿਆ ਉਸ ਵਾਸਤੇ ਸਿਰਫ ਮਾਂ ਦੀ ਸੇਵਾ ਸੰਭਾਲ ਹੀ ਸੀ। ਬੜਾ ਸਿਰੜੀ ਸੀ ਇਸ ਕੰਮ ਵਿਚ।

ਆਪਣੇ ਜੁਗਾੜ ਲਈ ਉਹ ਸਾਨੂੰ ਵੀ ਸ਼ਾਮਲ ਕਰ ਲੈਂਦਾ। ਸਾਰੇ ਚਲਾਣ ਘਰ ਲੈ ਆਉਂਦਾ ਤੇ ਉਨ੍ਹਾਂ ਨੂੰ ਰਜਿਸਟਰ ਤੇ ਚਾੜਨ ਦਾ ਕੰਮ ਮੈ ਕਰਦਾ। ਖੰਡ ਬਲੈਕ ਵਿਚ ਖਰੀਦ ਕੇ ਕਿਸੇ ਅਫਸਰ ਦੇ ਘਰ ਪਹੁੰਚਾਉਣ ਲਈ ਮੈ ਜਾਂਦਾ। ਅਫਸਰ ਨੂੰ ਇਹ ਕਿਹਾ ਜਾਂਦਾ ਕਿ ਇਹ ਕੰਟਰੌਲ ਰੇਟ ਤੇ ਖਰੀਦੀ ਹੈ। ਕੋਈ ਜ਼ਿੰਦਰਾ ਮੰਗ ਲੈਂਦਾ ਕਿਸੇ ਨੂੰ ਕਾਰ ਚਾਹੀਦੀ ਹੈ। ਮੈਂ ਕਿਉਂਕਿ ਉੱਚੀਆਂ ਹਵਾਵਾਂ ਵਿਚ ਸੀ ਸੋ ਮੈਨੂੰ ਇਹ ਜੁਗਾੜ ਚੰਗਾ ਨਹੀ ਲਗਦਾ ਸੀ। ਜੁਗਾੜ ਨਾਲ ਨਫਰਤ ਸੀ ਮੈਨੂੰ। ਆਪਣੇ ਹੀ ਪਿੰਡ ਜਾ ਕੇ,ਅਜੇ ਪਾਲ ਸਿੰਘ ਮਾਨ ਦੀ ਫਸਲ ਦਾ ਹਿਸਾਬ ਰਖਣਾ ਵੀ ਮੇਰੇ ਹੀ ਹਿੱਸੇ ਆਇਆ। ਹਿੰਦੀ ਫਿਲਮਾਂ ਦਾ ਅਸਰ ਸੀ ਮੈਂ ਇਸ ਕੰਮ ਨੂੰ ਬਿਲਕੁਲ ਹੀ ਪਸੰਦ ਨਹੀ ਕਰਦਾ ਸੀ ਪਰ ਕਰਨਾ ਪੈਂਦਾ ਸੀ। ਕਿਤਨੀਆਂ ਭਰੀਆ

ਹੋਈਆਂ, ਕਿਤਨੀ ਕਣਕ ਨਿਕਲੀ, ਇਸ ਸਭ ਕਾਸੇ ਲਈ ਮੇਰੇ ਕੋਲ ਕਾਪੀ ਹੁੰਦੀ ਸੀ।

ਇੱਕ ਦਿਨ ਮੈਂ ਕਾਪੀ ਲੈਕੇ ਜਾ ਰਿਹਾ ਸੀ ਕਿ ਇੱਕ ਨਿੱਕਾ ਜਿਹਾ ਬਾਲ ਮੇਰੇ ਕੋਲ ਆਕੇ ਕਹਿੰਣ ਲੱਗਾ, "ਭਾਅ ਤੈਨੂੰ ਬੇਬੇ ਬੁਲਾਂਉਦੀ ਹੈ।" ਮੈਂ ਤੇ ਕਿਸੇ ਨੂੰ ਜਾਣਦਾ ਨਹੀ ਸੀ ਪਰ ਉਸਦੇ ਨਾਲ ਤੁਰ ਪਿਆ। ਜਦੋਂ ਅਸੀਂ ਉਹਦੇ ਘਰ ਪਹੁੰਚੇ ਤੇ ਉਸਦੀ ਬੇਬੇ ਬੋਲੀ, "ਵੇ ਤੂੰ ਗੁਰਨਾਮ ਦਾ ਮੁੰਡਾ ਹੈਂ?" ਮੈਂ ਹਾਂ ਵਿਚ ਸਿਰ ਹਿਲਾਇਆ ਤਾਂ ਉਸਨੇ ਮੈਨੂੰ ਬੁੱਕਲ ਵਿਚ ਲੈ ਲਿਆ। ਆਸੇ ਪਾਸੇ ਤੋਂ ਹੋਰ ਵੀ ਆ ਗਈਆਂ। ਮੈਨੂੰ ਇਤਨਾ ਪਿਆਰ ਦਿੱਤਾ, ਜਿਸਦਾ ਅਹਿਸਾਸ ਅੱਜ ਵੀ ਸਜਰਾ ਹੈ। ਇਹ ਸਾਡੇ ਸੰਸਕਾਰ ਸਨ। ਕੋਈ ਕਹੇ ਮੈਂ ਤੇਰੀ ਭੂਆ ਕੋਈ ਕਹੇ ਮੈਂ ਤੇਰੀ ਦਾਦੀ ਤੇ ਕੋਈ ਤਾਈ ਕੋਈ ਚਾਚੀ। ਇਹ ਨਿੱਘ ਅੱਜ ਅਲੋਪ ਹੋ ਚੁੱਕਾ ਹੈ।

ਦੂਜੇ ਪਾਸੇ ਇਸ ਕੰਮ ਦੇ ਬਦਲੇ ਭਾਪੇ ਦੀ ਰਿਸ਼ਤੇਦਾਰਾਂ ਵਿਚ ਬੱਲੇ ਬੱਲੇ ਸੀ। ਕਿਸੇ ਦਾ ਕੋਈ ਕੰਮ ਅੜਿਆ ਹੁੰਦਾ ਉਹ ਝੱਟ ਭਾਪੇ ਕੋਲ ਆ ਜਾਂਦਾ ਤੇ ਭਾਪਾ ਸਾਡਾ ਕਿਸੇ ਨੂੰ ਇਨਕਾਰ ਕਰਦਾ ਮੈਂ ਨਹੀ ਵੇਖਿਆ। ਦੂਰ ਦੀ ਰਿਸ਼ਤੇਦਾਰੀ ਵਿਚ ਹੀ ਇੱਕ ਮੁਟਿਆਰ ਆਪਣੇ ਦੋਸਤ ਨਾਲ ਘਰ ਛਡ ਗਈ। ਪਰਿਵਾਰ ਸਾਡੇ ਘਰ ਆ ਗਿਆ। ਬੂਹੇ ਬੰਦ ਹੋ ਗਏ। ਭਾਪੇ ਨੇ ਕਿਹਾ,ਇੱਕ ਵਾਰ ਤੇ ਕੁੜੀ ਤੁਹਾਡੇ ਘਰ ਪਹੁੰਚ ਜਾਵੇਗੀ, ਉਸਨੂੰ ਸਮਝਾਉਣਾ ਤੁਹਾਡਾ ਕੰਮ ਹੈ ਤੇ ਜੇ ਉਹ ਅਦਾਲਤ ਵਿਚ ਜਾ ਕੇ ਗਲਤ ਬਿਆਨ ਦੇ ਗਈ ਫਿਰ ਮੇਰੇ ਵਸੋਂ ਬਾਹਰ ਹੈ। ਕੁੜੀ ਦੀ ਮਾਂ ਨੇ ਕਿਹਾ, ਭਾਅ ਜੀ ਇੱਕ ਵਾਰ ਕੁੜੀ ਆ ਜਾਵੇ, ਉਹ ਮੇਰਾ ਆਖਾ ਨਹੀ ਮੋੜੇਗੀ। ਭਾਪੇ ਨੇ ਆਪਣਾ ਵਾਇਦਾ ਪੂਰਾ ਕੀਤਾ,ਦੂਜੇ ਪਾਸੇ ਸਾਰਾ ਪਿੰਡ, ਮੁੰਡੇ ਨਾਲ ਖੜਾ ਸੀ। ਕੁਝ ਮਿੰਨਤਾਂ ਕੁਝ ਦਾਬਾ,ਕੁੜੀ ਆਈ ਪੁਲੀਸ ਨਾਲ ਤੋਰਨੀ ਪਈ, ਪਰ ਕੁੜੀ ਸਿਆਣੀ ਨਿਕਲੀ। ਮਾਂ ਨੂੰ ਉਲਝਾ ਕੇ ਅਦਾਲਤ ਵਿਚ ਮੁਕਰ ਗਈ। ਅੱਜਕਲ ਉਹ ਖੁਸ਼ ਹੈ।

ਤਾਏ ਨਾਲ ਵਿਗੜੀ ਹੋਈ ਨੂੰ ਦਸ ਕੁ ਸਾਲ ਹੋ ਗਏ ਸਨ, ਜਦੋਂ ਇੱਕ ਚੋਰੀ ਦੇ ਸਕੂਟਰ ਵਿਚ ਤਾਏ ਨੂੰ ਜਲੰਧਰ ਦੀ ਪੁਲੀਸ ਫੜ ਕੇ ਲੈ ਗਈ। ਤਾਏ ਦੇ ਬਿਲਕੁਲ ਨਾਲ ਇੱਕ ਬੈਟਰੀਆਂ ਦੀ ਦੁਕਾਨ ਸੀ ਉਸਦਾ ਮਾਲਕ ਦਲੀਪ ਸਿੰਘ, ਸਾਡਾ ਤਾਇਆ ਤੇ ਸਾਡਾ ਭਾਪਾ ਕਦੇ ਕਦੇ ਸ਼ੁਗਲ ਨਾਲ ਪੈਗ ਪੂਗ ਲਾ ਲੈਂਦੇ ਸਨ। ਉਹ ਭਾਪੇ ਕੋਲ ਆਇਆ ਤੇ ਬੋਲਿਆ, " ਵੇਖ ਗੁਰਨਾਮ ਸਿੰਘ ਤੇਰਾ ਖੂਨ ਹੈ ਤੇ ਨਾਲੇ ਮੇਰੀ ਮਿੰਨਤ ਹੈ ਉਸਦੀ ਮਦਦ ਕਰਨੀ ਚਾਹੀਦੀ ਹੈ ਤੈਨੂੰ।"

ਸਾਡੀ ਇਕ ਟੈਕਸੀ ਕਾਰ ਦਾ ਡਰਾਇਵਰ ਭਾਗ ਸਿੰਘ ਸੀ ਜੋ ਸਾਡੇ ਹੀ ਪਿੰਡ ਦਾ ਰਿਟਾਇਰ ਫੌਜੀ ਸੀ। ਭਾਪੇ ਨੇ ਉਸਨੂੰ ਨਾਲ ਲਿਆ ਤੇ ਜਲੰਧਰ ਚਲੇ ਗਏ ਪਤਾ ਕੀਤਾ ਤੇ ਤਾਏ ਨੂੰ ਛੁਡਾ ਲਿਆ। ਤਾਇਆ ਚੁੱਪ ਕਰਕੇ ਕਾਰ ਦੀ ਪਿੱਛਲੀ ਸੀਟ ਤੇ ਬੈਠ ਗਿਆ। ਦੋਵਾਂ ਨੇ ਇੱਕ ਦੂਜੇ ਨੂੰ ਬੁਲਾਇਆ ਨਹੀ। ਭਾਪਾ ਜੀ ਨੇ ਕਿਹਾ, "ਭਾਗ ਸਿੰਘ ਕਾਰ ਬਸ ਸਟੈਂਡ ਤੇ ਲੈ ਚਲ।" ਭਾਗ ਸਿੰਘ ਨੇ ਕਾਰ ਬਸ ਸਟੈਂਡ ਵਲ ਮੋੜ ਲਈ ਜਦੋਂ ਬੱਸ ਸਟੈਂਡ ਆ ਗਿਆ ਤੇ ਭਾਪਾ ਬੋਲਿਆ, "ਭਾਗ ਸਿੰਘ ਇਸਨੂੰ ਕਹਿ ਇੱਥੇ ਉੱਤਰ ਜਾਵੇ ਤੇ ਬੱਸ ਫੜ ਲਵੇ।" ਤਾਇਆ ਵੀ ਚੁੱਪ ਕਰਕੇ ਉੱਤਰ ਗਿਆ,ਉਸਨੇ ਵੀ ਧੰਨਵਾਦ ਨਹੀ ਕੀਤਾ ਤੇ ਭਾਪਾ ਜੀ, ਭਾਗ ਸਿੰਘ ਨਾਲ ਅੰਮ੍ਰਿਤਸਰ ਆ ਗਏ। ਸ਼ਾਮ ਨੂੰ ਭਾਗ ਸਿੰਘ ਨੇ ਇਹ ਗੱਲ ਸਾਨੂੰ ਦਸੀਂ ਅਸੀਂ ਸਾਰੇ ਹੱਸ ਹੱਸ ਦੋਹਰੇ ਹੋ ਗਏ।

ਚਾਰ ਪੈਸੇ ਇੱਕਠੇ ਹੋ ਗਏ ਤਾਂ ਭਾਪਾ ਜੀ ਨੇ ਅੰਮ੍ਰਿਤਸਰ ਬਸ ਸਟੈਂਡ ਦੇ ਸਾਹਮਣੇ ਹੋਟਲ ਬਨਾਉਣ ਲਈ ਪਲਾਟ ਲੈ ਲਿਆ। ਮੇਰੇ ਤੋਂ ਦੋਵੇਂ ਵਡਿਆਂ ਦੇ ਨਾਮ ਤੇ। ਜਗੀਰੂ ਸੋਚ ਜਦੋਂ ਭਾਰੂ ਹੋ ਜਾਵੇ ਤਾਂ ਉਸਦਾ ਨੁਕਸਾਨ ਬਹੁਤ ਹੁੰਦਾ ਹੈ ਤੇ ਫਾਇਦਾ ਘਟ।

ਭਾਪੇ ਨੇ ਤੰਗ ਤੁਰਸ਼ੀਆਂ ਵੇਖੀਆਂ ਸਨ ਪਰ ਉਸ ਅੰਦਰ ਇੱਕ ਜਗੀਰੂ ਸੋਚ ਸੀ। ਉਹ ਬਹੁਤ ਵਡਾ

ਬਣਨਾ ਚਾਹੁੰਦਾ ਸੀ ਤੇ ਅਸੀਂ ਸਾਰੇ ਉਸਦੇ ਕਰਿੰਦੇ ਸਾਂ। ਉਹ ਚੰਗਾ ਸੀ ਬਹੁਤ ਚੰਗਾ ਪਰ ਕਬਜੇ ਦੀ ਭਾਵਨਾ ਬਹੁਤ ਭਾਰੂ ਹੋ ਗਈ। ਵਡੀ ਕੋਠੀ ਹੋਵੇ ਕਾਰਾਂ ਟਰਕ ਚਲਦੇ ਹੋਣ ਤੇ ਬੱਲੇ ਬੱਲੇ ਹੋਵੇ, ਇਹ ਹੀ ਉਸਦੀ ਸੋਚ ਸੀ। ਕਾਲਜ ਪੜ੍ਹਦੇ ਮੁੰਡੇ ਨੂੰ ਧੌਲ ਧੱਫਾ ਕਰਦਾ, ਉਹ ਹੱਕ ਸਮਝਦਾ। ਹੋਟਲ ਦੀ ਕਮਾਈ ਉਸ ਕੋਲ ਆਵੇ ਤੇ ਉਹ ਉਸਨੂੰ ਦੂਣ ਸਵਾਈ ਕਰਕੇ ਵਾਪਸ ਮੋੜੇ। ਇਹ ਗੱਲਾਂ ਆਦਰਸ਼ਕ ਤੇ ਭਾਵੇਂ ਹੋਣ, ਦੂਰ ਦਾ ਫਾਇਦਾ ਸੋਚਦਿਆਂ ਉਸਨੇ ਨੇੜੇ ਦਾ ਨੁਕਸਾਨ ਐਸਾ ਕੀਤਾ ਜਿਸਦੀ ਭਰਪਾਈ ਹੋਣੀ ਮੁਸ਼ਕਲ ਸੀ। ਦੋਵੇਂ ਮੁੰਡੇ ਵਿਆਹੇ ਗਏ ਸਨ,ਉਨ੍ਹਾਂ ਦੇ ਆਪਣੇ ਪਰਿਵਾਰ ਸਨ, ਆਪਣੀ ਸੋਚ ਸੀ। ਇਹੋ ਕਿਹਾ ਤੇ ਸਮਝਿਆ ਜਾ ਸਕਦਾ ਹੈ ਕਿ ਤੁਸੀਂ ਹਮੇਸ਼ਾਂ ਠੀਕ ਨਹੀ ਹੋ ਸਕਦੇ। ਘਰ ਵਿਚ ਕਲੇਸ਼ ਸ਼ੁਰੂ ਹੋ ਗਿਆ। ਜਿਸ ਨਾਲ ਮੈ ਹੋਰ ਵੀ ਪ੍ਰੇਸ਼ਾਨ ਹੋ ਗਿਆ। ਮੇਰੇ ਨਸ਼ਿਆਂ ਬਾਰੇ ਭਾਪੇ ਨੂੰ ਵੀ ਪਤਾ ਲੱਗ ਗਿਆ ਸੀ।

ਹੋਟਲ ਦੇ ਪਿੱਛੇ ਲਗਦਾ ਪਲਾਟ ਵੀ ਖਰੀਦ ਲਿਆ। ਇਹ ਮੇਰੇ ਲਈ ਸੀ ਪਰ ਮਾਮੇ ਦੇ ਮੁੰਡੇ ਦੇ ਨਾਮ ਖਰੀਦਿਆ। ਚਾਲੀ ਹਜ਼ਾਰ ਵਿਚ। ਕੈਨੇਡਾ ਦੀ ਕਮਾਈ ਨਾਲ ਮੈਂ ਦੋ ਛੱਤਾਂ ਵੀ ਛਤ ਲਈਆਂ। ਇੱਕ ਦਿਨ ਮੇਰਾ ਮਾਮਾ ਮੈਂਨੂੰ ਅੰਮ੍ਰਿਤਸਰ ਆਏ ਨੂੰ ਕਹਿਣ ਲੱਗਾ, " ਵੇਖ ਕੁਲਜੀਤ,ਆਪਣਾ ਪਲਾਟ ਆਪਣੇ ਨਾਮ ਕਰਾ ਲੈ, ਅਜੇ ਮੈਂ ਜੀਉਂਦਾ ਹਾਂ, ਵਕਤ ਦਾ ਕੋਈ ਪਤਾ ਨਹੀ ਹੁੰਦਾ।" ਮੈਂ ਗੱਲ ਮਜ਼ਾਕ ਵਿਚ ਉਡਾ ਦਿੱਤੀ। ਚਾਲੀ ਹਜ਼ਾਰ ਦਾ ਪਲਾਟ ਸਮਾਂ ਪਾਕੇ ਸੱਤਰ ਲੱਖ ਦਾ ਹੋ ਗਿਆ। ਇਹ ਉਹ ਮੌਕਾ ਸੀ ਜਦੋਂ ਮੈਂ ਫੈਸਲਾ ਕਰ ਲਿਆ ਕਿ ਹੁਣ ਮੈ ਕੈਨੇਡਾ ਹੀ ਰਹਿਣਾ ਹੈ। ਆਪਣੇ ਕਜ਼ਨ ਕੁਲਦੀਪ ਨੂੰ ਕਿਹਾ, ਉਸਦਾ ਜੁਆਬ ਸੀ ਤੇਰੀ ਅਮਾਨਤ ਹੈ, ਜਦੋਂ ਮਰਜੀ ਵੇਚ ਲੈ। ਪਲਾਟ ਦਾ ਸੌਦਾ ਹੋ ਗਿਆ ਤਾਂ ਮੈਂ ਕੁਲਦੀਪ ਦੇ ਘਰ ਗਿਆ,ਉਹ ਘਰ ਨਹੀ ਸੀ। ਅਸੀਂ ਮੁੜਣ ਲੱਗੇ ਸਾਂ ਤਾਂ ਮੇਰੀ ਭਰਜਾਈ, ਕੁਲਦੀਪ ਦੀ ਪਤਨੀ ਮਨਜੀਤ ਬੋਲੀ, ਨਹੀ ਵੀਰੇ ਅਜੇ ਨਹੀ ਜਾਣਾ। ਮੈਂ ਪਤਾ ਕਰਦੀ ਹਾਂ। ਤੁਸੀਂ ਚਾਹ ਪੀਵੋ ਤੇ ਉਸਨੇ ਟੀਵੀ ਔਨ ਕਰ ਦਿੱਤਾ। ਦੋ ਤਿੰਨ ਫੋਨ ਕੀਤੇ ਤੇ ਅੱਧੇ ਘੰਟੇ ਵਿਚ ਹੀ ਕੁਲਦੀਪ ਆ ਗਿਆ। ਲੋਕ ਕਹਿੰਦੇ ਹਨ ਕਿ ਬਾਹਰ ਵਾਲਿਆਂ ਦੀਆਂ ਜਾਇਦਾਦਾਂ ਘਰ ਦੇ ਹੀ ਛਕ ਜਾਂਦੇ ਹਨ ਪਰ ਮੇਰੇ ਨਾਲ ਇਹੋ ਜਿਹਾ ਕੁਝ ਨਹੀ ਹੋਇਆ।

ਬੀਏ ਕਰਨ ਤੋਂ ਬਾਦ,ਭਾਪੇ ਨੂੰ ਪਤਾ ਲੱਗਾ ਤਾਂ ਉਸਨੇ ਸੋਚਿਆ ਚਲੋ ਡਾਕਟਰ ਨਾਂ ਸਹੀ ਵਕੀਲ ਹੀ ਬਣ ਜਾਵੇ। ਮੈਂ ਡੇਹਰਾਦੂਨ ਜਾਕੇ ਦਾਖਲਾ ਲੈ ਲਿਆ। ਠੀਕ ਠਾਕ ਸੀ ਕਦੇ ਵੀ ਕਿਸੇ ਪੇਪਰ ਵਿਚੋਂ ਫੇਲ ਨਹੀ ਹੋਇਆ ਤੇ ਪੰਜ ਸਮੈਸਟਰ ਪੂਰੇ ਕਰ ਲਏ, ਅਜੇ ਇੱਕ ਸਮੈਸਟਰ ਰਹਿੰਦਾ ਸੀ ਜਦੋਂ ਮੈਂ ਅੰਮ੍ਰਿਤਸਰ ਆਇਆ। ਹੋਟਲ ਤੇ ਬੈਠਾ ਸੀ, ਦੋਵੇਂ ਭਰਾ ਹਾਜ਼ਰ ਨਹੀ ਸੀ ਜਦੋਂ ਪੁਲੀਸ ਆਈ ਤੇ ਮੈਨੂੰ ਫੜ ਕੇ ਲੈ ਗਈ। ਮੈਂ ਵੀ ਪੁਲੀਸ ਜੀਪ ਵਿਚ ਬੈਠ ਕੇ ਚਲੇ ਗਿਆ। ਵਕੀਲ ਬਣਨ ਵਾਲਾ ਸੀ ਸੋ ਹੌਂਸਲਾ ਸੀ ਮੈ ਜਾਕੇ ਥਾਣੇਦਾਰ ਦੇ ਸਾਹਮਣੇ ਕੁਰਸੀ ਤੇ ਬੈਠ ਗਿਆ। ਉਸਨੇ ਮੈਨੂੰ ਗਾਲ੍ਹ ਕਢੀ। ਮੈਂ ਵੀ ਹੌਂਸਲੇ ਨਾਲ ਕਿਹਾ, "ਤੁਹਾਨੂੰ ਇੰਝ ਕਹਿਣ ਦਾ ਕੋਈ ਹੱਕ ਨਹੀ, ਕਾਰਣ ਦਸੋ ਮੈਨੂੰ ਕਿਉਂ ਲੈਕੇ ਆਏ ਹੋ, ਮੈਂ ਹੋਰ ਛੇ ਮਹੀਨੇ ਨੂੰ ਵਕੀਲ ਬਣ ਜਾਂਣਾ ਹੈ?" ਅਸਲ ਵਿਚ ਚਾਰ ਕੁ ਦਿਨ ਪਹਿਲਾਂ ਢਾਬੇ ਤੇ ਝਗੜਾ ਹੋਇਆ ਸੀ, ਇਲਾਕੇ ਦਾ ਬਦਮਾਸ਼ ਰੋਜ਼ ਆਕੇ ਰੋਟੀ ਖਾਂਦਾ ਸੀ ਤੇ ਪੈਸੇ ਨਹੀ ਦਿੰਦਾ ਸੀ। ਸਾਡੇ ਭਾਪੇ ਨੂੰ ਹੀ ਕਿਹਾ ਤੇ ਉਸਨੇ ਇਹ ਕਿਹਾ, "ਢਾਅ ਲਵੋ ਰਲਕੇ।" ਬਸ ਜੀ ਸ਼ਹਿ ਮਿਲਣ ਦੀ ਗੱਲ ਸੀ। ਉਸ ਦਿਨ ਉਹ ਨਾਲ ਦੇ ਢਾਬੇ ਤੇ ਗਿਆ ਤੇ ਜਦੋਂ ਤੁਰਨ ਲੱਗਾ ਤਾਂ ਆਸੇ ਪਾਸੇ ਸਾਰਿਆਂ ਰਲਕੇ ਕੁਟਾਪਾ ਚਾੜ੍ਹ ਦਿੱਤਾ। ਗੱਲ ਅਜੇ ਚਲ ਹੀ ਰਹੀ ਸੀ ਤੇ ਕਾਬੂ ਮੈ ਆ ਗਿਆ।

ਥਾਣੇਦਾਰ ਨਵਾਂ ਸੀ। ਜਦੋਂ ਮੈਂ ਕਿਹਾ ਕਿ ਮੈਂ ਵਕੀਲ ਬਣਨ ਵਾਲਾ ਹਾਂ ਤਾਂ ਥਾਣੇਦਾਰ ਹੋਰ ਵੀ

ਤਾਅ ਖਾ ਗਿਆ। ਪੈਂਦੀ ਸੱਟੇ ਹੀ ਮੇਰੀ ਪੱਗ ਲਾ ਦਿੱਤੀ, ਕਪੜੇ ਲਵਾ ਦਿੱਤੇ ਤੇ ਅਲਫ ਨੰਗਾ ਕਰ ਲਿਆ। ਬਾਹਰ ਵੇਹੜੇ ਵਿਚ ਲੈ ਗਏ ਤੇ ਉਹੋ ਪੱਟਾ ਜੋ ਕਦੇ ਆਪਣੇ ਬਾਪੂ ਦੇ ਹੱਥ ਵਿਚ ਵੇਖਿਆ ਸੀ ਉਹ ਮੇਰੇ ਪਿਛਵਾੜੇ ਵਰਨ ਲੱਗਾ। ਮੈਂ ਦੁਹਾਈ ਤੇ ਨਹੀ ਪਈ ਪਰ ਚਾਂਗਰਾਂ ਮੇਰੀਆਂ ਵੀ ਨਿਕਲ ਗਈਆਂ। ਨਿਸਲ ਕਰਕੇ ਮੈਨੂੰ ਹਵਾਲਾਤ ਵਿਚ ਡਕ ਦਿੱਤਾ। ਉੱਥੇ ਬੈਠੈ ਹੀ ਮੈਂ ਸੋਚਿਆ ਕਿ ਹੁਣ ਪੜ੍ਹਾਈ ਨਹੀ ਕਰਨੀ ਤੇ ਇਸ ਥਾਣੇਦਾਰ ਨੂੰ ਸਬਕ ਸਿਖਾਂਉਣਾ ਹੈ। ਸਕੀਮਾਂ ਘੜਦਾ ਕਈ ਕੁਝ ਸੋਚ ਰਿਹਾ ਸੀ। ਹੁਣ ਸੋਚਦਾ ਹਾਂ ਕਿ ਨੌਜਵਾਨ ਕਿਉਂ ਗੈਂਗਸਟਰ ਬਣਦੇ ਹਨ?

ਅੱਧੇ ਘੰਟੇ ਵਿਚ ਹੀ ਬਾਪੂ ਆ ਗਿਆ। ਉਹ ਬਹੁਤ ਗੁਸੇ ਵਿਚ ਸੀ। ਥਾਣੇਦਾਰ ਨੂੰ ਦਸਿਆ ਕਿ ਮੈਂ ਉਸਦਾ ਬਾਪ ਹਾਂ ਤੇ ਬਿਨ੍ਹਾਂ ਪੁੱਛੇ ਹੀ ਟੈਲੀਫੋਨ ਕਰਕੇ ਐਸ ਐਸ ਪੀ ਨਾਲ ਗੱਲ ਕੀਤੀ। ਫੋਨ ਥਾਣੇਦਾਰ ਨੂੰ ਫੜਾ ਦਿੱਤਾ। ਉਹ ਬਹੁਤਾ ਬੋਲਿਆ ਤੇ ਨਹੀ ਪਰ ਹਵਾਲਦਾਰ ਨੂੰ ਕਹਿ ਕੇ ਮੈਨੂੰ ਛਡ ਦਿੱਤਾ ਤੇ ਬਾਪੂ ਮੈਨੂੰ ਲੈਕੇ ਘਰ ਆ ਗਿਆ। ਬਾਪੂ ਦਾ ਗੁੱਸਾ ਅਜੇ ਲੱਥਾ ਨਹੀ ਸੀ। ਉਸਨੇ ਮੈਨੂੰ ਕਿਹਾ, "ਨਹਾ ਲੈ ਤੇ ਤਿਆਰ ਹੋ ਜਾ। ਮੈਂ ਤੈਨੂੰ ਬਸ ਸਟੈਂਡ ਤੇ ਛਡ ਆਉਂਦਾ ਹਾਂ ਤੇ ਤੂੰ ਪਟਿਆਲੇ ਚਲੇ ਜਾ।" ਪਟਿਆਲੇ ਮੇਰਾ ਕਜ਼ਨ ਥਾਪਰ ਕਾਲਜ ਪੜ੍ਹਦਾ ਸੀ। ਮੈਂ ਪਟਿਆਲੇ ਦੀ ਬਜਾਇ ਚੰਡੀਗੜ ਚੜ੍ਹ ਗਿਆ। ਰਾਤ ਨੂੰ ਥਾਪਰ ਕਾਲਜ ਦੂਰਵੀ ਸੀ ਤੇ ਰਾਤ ਨੂੰ ਪੁੱਛਗਿਛ ਵੀ ਹੁੰਦੀ ਸੀ। ਪੰਜਾਬ ਯੂਨੀਵਰਸਿਟੀ ਨਿੰਦੀ ਪੜ੍ਹਦਾ ਸੀ, ਛੇ ਨੰਬਰ ਹੋਸਟਲ ਵਿਚ।

ਅਗਲੇ ਦਿਨ ਭਾਪੇ ਨੇ ਸਾਰੇ ਸ਼ਹਿਰ ਖੱਪ ਪਾ ਦਿੱਤੀ ਕਿ ਮੇਰਾ ਮੁੰਡਾ ਲਭਦਾ ਨਹੀ ਪਿਆ। ਚਲੋ ਛਡੋ, ਅੱਗੇ ਕੀ ਹੋਇਆ ਪਰ ਕਹਿੰਦੇ ਹਨ ਕਿ ਥਾਣੇਦਾਰ ਦੀ ਘਿਗੀ ਬਝੀ ਰਹੀ ਜਿਤਨਾ ਚਿਰ ਮੈਂ ਵਾਪਸ ਨਹੀ ਮੁੜਿਆ।

ਗੱਲ ਕੀ ਕਿ ਮੇਰਾ ਬਾਪੂ ਹਰ ਕੋਲ ਆਏ ਦੀ ਮਦਦ ਕਰਦਾ ਸੀ। ਮਹਿਕਮੇ ਤੋਂ ਬਾਹਰ ਜਾ ਕੇ ਵੀ ਮਦਦ ਕਰਦਾ। ਮਦਦ ਲਈ ਭਾਵੇਂ ਕਿਸੇ ਲੀਡਰ,ਵਡੇ ਅਫਸਰ ਦੀਆਂ ਮਿੰਨਤਾਂ ਹੀ ਕਿਉਂ ਨਾ ਕਰਨੀਆਂ ਪੈਣ। ਸਭ ਤੋਂ ਵਡੀ ਤੋਪ ਭਾਪੇ ਦੀ ਅਬਿਨਾਸ਼ੀ ਸਿੰਘ ਸੀ ਜੋ ਟੌਹੜੇ ਦਾ ਪੀਏ ਸੀ। ਉਹਦੇ ਕੋਲ ਐਵੇਂ ਹੀ ਨਹੀ ਜਾਂਦਾ ਸੀ,ਜਦੋਂ ਦਿਸੇ ਕਿ ਹੋਰ ਕੋਈ ਨਹੀ ਕਰ ਸਕਦਾ ਉਦੋਂ ਹੀ ਜਾਂਦਾ। ਕਿਸੇ ਵੇਲੇ ਅਬਿਨਾਸ਼ੀ ਸਿੰਘ ਕੋਤਵਾਲੀ ਹਵਾਲਾਤ ਵਿਚ ਸੀ ਕਿਸੇ ਮੋਰਚੇ ਦੇ ਸਿਲਸਿਲੇ ਵਿਚ। ਰੋਜ਼ ਸਵੇਰੇ ਉਸਨੂੰ ਹਵਾਲਾਤ ਵਿਚੋਂ ਕਢਾ ਉਸਦੇ ਘਰ ਲੈ ਜਾਂਦਾ। ਅਬਿਨਾਸ਼ੀ ਸਿੰਘ ਅਸਨਾਨ ਕਰਕੇ ਨਾਸ਼ਤਾ ਵਗੈਰਾ ਕਰਦਾ। ਉਤਨਾ ਚਿਰ ਭਾਪਾ ਬਾਹਰ ਹੀ ਕਾਰ ਵਿਚ ਬੈਠਾ ਰਹਿੰਦਾ। ਬਸ ਅਬਿਨਾਸ਼ੀ ਸਿੰਘ ਨੇ ਸਾਰੀ ਜ਼ਿੰਦਗੀ ਭਾਪੇ ਦੇ ਇਸ ਅਹਿਸਾਨ ਨੂੰ ਨਹੀ ਭੁਲਾਇਆ।

ਗੱਲਾਂ ਤਾਂ ਬਹੁਤ ਹਨ ਪਰ ਆਰਟੀਕਲ ਲੰਮਾ ਹੋਈ ਜਾਂਦਾ ਹੈ। ਬਾਕੀ ਗੱਲਾਂ ਫੇਰ ਸਹੀ ਕਦੇ।ਉਹ ਵੀ ਜਦੋਂ ਪਿੰਨੇ ਜਿਡਾ ਅਫੀਮ ਦਾ ਗੋਲਾ ਅਸੀ ਤਿੰਨਾਂ ਭਰਾਵਾਂ ਨੇ ਹੀ ਚੋਰੀ ਚੋਰੀ ਟੁਕਦਿਆਂ ਟੁਕਦਿਆਂ ਛਕ ਲਿਆ ਸੀ। ਜੁੱਤੀਆਂ ਮੇਰੇ ਇੱਕਲੇ ਦੇ ਪਈਆਂ।

ਮੇਰੇ ਅਚੇਤ ਵਿਚ ਮੇਰਾ ਬਾਪੂ ਬੈਠਾ ਹੋਇਆ ਹੈ। ਖਾਸ ਕਰ ਹੋਰਾਂ ਦੀ ਮਦਦ ਕਰਨ ਵਾਸਤੇ ਮੈ ਆਪਣੀ ਚਾਦਰ ਵੀ ਨਹੀ ਮਿਣਦਾ।

ਸੰਵੇਦਨਾ ਇਤਨੀ ਸੀ ਕਿ ਵਕੀਲੀ ਦੋ ਸਾਲ ਕਰ ਕੇ ਛਡ ਦਿੱਤੀ ਤੇ ਬੈਂਕ ਵਿਚ ਕਲਰਕ ਭਰਤੀ ਹੋ ਗਿਆ। ਭਾਪੇ ਦੇ ਜੁਗਾੜਾਂ ਤੇ ਆਪਣਾ ਆਪਾ ਵੀ ਉਸ ਵਿਚ ਸ਼ਾਮਲ ਹੋਣਾ, ਇਹ ਬਰਦਾਸ਼ਤ ਹੀ ਨਹੀ ਹੋਇਆ ਸਾਰੀ ਉਮਰ, ਇਸਦਾ ਕਰੈਡਿਟ ਵੀ ਭਾਪਾ ਨੂੰ ਜਾਂਦਾ ਹੈ। ਸਾਡੀ ਮਾਂ ਦੀ ਸੇਵਾ ਉਸਨੇ ਬਹੁਤ ਕੀਤੀ। ਆਖਰੀ ਉਮਰੇ ਤਾਂ ਉਸਦੇ ਲਿਬੜੇ ਵੀ ਹੱਥੀਂ ਧੋਂਦਾ ਰਿਹਾ। ਉਸਦੇ ਇਨ੍ਹਾਂ ਕਰਮਾਂ ਕਰਕੇ

ਉਸਨੂੰ ਬਹੁਤ ਪਿਆਰ ਕਰਦਾ ਹਾਂ ਪਰ ਉਸਦੀ ਜੁਗਾੜੀ ਤਬੀਅਤ ਨਾਲ ਨਫਰਤ ਕਰਦਾ ਹਾਂ, ਖਾਸ ਕਰਕੇ ਤੇਰਾਂ ਸਾਲ ਕੈਨੇਡਾ ਦੀ ਕਮਾਈ ਵੀ ਉਸਦੇ ਕਹੇ ਤੇ ਖਰਾਬ ਕਰ ਲਈ।

ਆਰਟੀਕਲ ਵਿਚ ਕਦੇ ਬਾਪੂ ਕਿਹਾ ਕਦੇ ਭਾਪਾ ਪਰ ਅਸਲ ਜ਼ਿੰਦਗੀ ਵਿਚ ਅਸੀਂ ਭਾਪਾ ਜੀ ਤੇ ਬੀਜ਼ੀ ਕਹਿੰਦੇ ਸਾਂ।

ਭਾਪਾ ਜੀ ਜੇ ਕਿਤੇ ਸੁਣਦੇ ਹੋਵੋ ਤਾਂ ਦੋ ਗੱਲਾਂ ਕਹਿੰਣੀਆ ਹਨ-

ਪਹਿਲੀ ਗੱਲ ਦੂਜਿਆਂ ਦੇ ਕੰਮ ਆਉਣ ਦਾ ਸੁਭਾਅ ਮੇਰਾ ਵੀ ਹੈ ਤੇ ਇਹ ਤੇਰੀ ਹੀ ਦੇਣ ਹੈ, ਇਹਦੇ ਲਈ ਸ਼ੁਕਰੀਆ।

ਦੂਜੀ ਗੱਲ ਤੇਰਾ ਜੁਗਾੜ ਤੇ ਗਲਤ ਕੀਮਤਾਂ ਮੇਰੇ ਅਚੇਤ ਵਿਚ ਬੈਠੀਆਂ ਹੋਈਆਂ ਹਨ। ਤੇਰਾ ਤੱਤਾ ਸੁਭਾਅ ਵੀ ਮੇਰੇ ਅਚੇਤ ਵਿਚ ਵਾਸ ਕਰਦਾ ਹੈ। ਮੈਂ ਤੈਨੂੰ ਅਪਣੇ ਅਚੇਤ ਵਿਚੋਂ ਮਨਫੀ ਕਰਨਾ ਚਾਹੁੰਦਾ ਹਾਂ।ਅਜੇ ਤੱਕ ਨਹੀ ਕਰ ਸਕਿਆ ਪਰ ਇੱਕ ਗੱਲ ਜ਼ਰੂਰ ਹੈ ਮੈਂ ਸੁਚੇਤ ਹੋਕੇ ਆਪਣੇ ਨਿਆਣਿਆਂ ਦੇ ਅਚੇਤ ਵਿਚ ਆਪਣਾ ਆਪਾ ਸ਼ਾਮਲ ਨਹੀ ਹੋਣ ਦਿੱਤਾ।

ਵੱਡਾ ਤਾਂ ਵਲੀ ਹੈ ਦੂਜੇ ਨੇ ਦੋ ਗੱਲਾਂ ਕਹੀਆਂ ਸਨ, ਤੁਸੀਂ ਵੀ ਸੁਣ ਲਵੋ-

ਇੱਕ ਵਾਰੀ ਉਸਨੇ ਕਿਹਾ, "ਡੈਡ ਯੂ ਆਰ ਏ ਮੈਂਨ ਜਸਟ ਹੀ ਮੈਂਨ।" ਇਸਦਾ ਅੱਧਾ ਕਰੈਡਿਟ ਭਾਪਾ ਜੀ ਤੁਹਾਨੂੰ ਹੈ।

ਦੂਜਾ ਉਸਨੇ ਕਿਹਾ ਸੀ, "ਡੈਡ ਤੇਰੇ ਤੇ ਮੇਰੇ ਵਿਚ ਪਤਾ ਕੀ ਫਰਕ ਹੈ?"

" ਕੀ?"

"ਕਿਸੇ ਸੁੰਨਮਸਾਨ ਜਗ੍ਹਾ ਤੇ ਕੋਈ ਜ਼ਖ਼ਮੀ ਹਾਲਤ ਵਿਚ ਪਿਆ ਹੋਵੇ ਤਾਂ ਤੂੰ ਕਾਰ ਰੋਕ ਕੇ ਉਸਦੀ ਮਦਦ ਕਰੇਂਗਾ।ਮੈਂ ਇੰਝ ਨਹੀ ਕਰਾਂਗਾ।ਹੋ ਸਕਦਾ ਹੈ ਕੋਈ ਸਕੈਮ ਹੋਵੇ।ਮੈਂ ਦੂਰ ਜਾਕੇ ਪੁਲੀਸ ਨੂੰ ਕਾਲ ਕਰਾਂਗਾ। ਇਹ ਉਨ੍ਹਾਂ ਦਾ ਕੰਮ ਹੈ ਤੇਰਾ ਨਹੀ।"

ਮੈ ਹੱਸ ਪਿਆ ਤੇ ਉਹ ਬੋਲਿਆ, ਡੈਡ, ਡੌਂਟ ਲਾਫ, ਯੂ ਆਰ ਏ ਸਟੂਪਿਡ ਪਰਸਨ।"

(**ਸੰਪਰਕ**-416-666-9568)


# ਪਰਵਾਜ਼ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਵੀਰਪਾਲ ਕੌਰ ਭੱਠਲ ਦਾ ਨਵਾਂ ਬਾਲ ਕਹਾਣੀ ਸੰਗ੍ਰਹਿ

# ਗਿਆਨ ਦਾ ਖ਼ਜ਼ਾਨਾ

# ਵਿਕਾਸ ਦਾ ਘੋੜਾ / -ਡਾ. ਕੇਵਲ ਸਿੰਘ ਪਰਵਾਨਾ

ਮੇਰੇ ਪਿਤਾ ਜੀ ਨੇ ਇਕ ਵਾਰ ਆਪਣੇ ਪੁਰਖਿਆਂ ਬਾਰੇ ਇਕ ਕਹਾਣੀ ਸੁਣਾਈ ਸੀ।ਉਨ੍ਹਾਂ ਦਾ ਇਕ ਮਾਮਾ ਹੁੰਦਾ ਸੀ, ਨ੍ਹਾਮਾ। ਇਹ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੀ ਗੱਲ ਹੈ। ਉਦੋਂ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪ੍ਰਬੰਧਕਾਂ ਵਲੋਂ ਬਾਲਮੀਕੀਆਂ-ਚਮਾਰਾਂ ਆਦਿਕ ਜਾਤੀਆਂ ਦਾ ਪ੍ਰਸ਼ਾਦ ਕਬੂਲ ਨਹੀਂ ਸੀ ਕੀਤਾ ਜਾਂਦਾ। ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿਚ ਇਕ ਜਥਾ ਅੰਦਰ ਗਿਆ ਅਤੇ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ, ਬੜੀ ਜਦੋਜਹਿਦ ਬਾਅਦ ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲਿਆ ਜਾਵੇ, ਜੋ ਹੁਕਮ ਹੋਵੇ ਉਸ ਅਨੁਸਾਰ ਚੱਲਿਆ ਜਾਵੇ। ਵਾਕ ਲਿਆ ਗਿਆ ਜੋ ਕਿ ਇਨ੍ਹਾਂ ਜਾਤੀਆਂ ਦੇ ਹੱਕ ਵਿਚ ਆਇਆ ਤੇ ਪ੍ਰਸ਼ਾਦ ਅਰਦਾਸ ਕਰ ਕੇ ਕਬੂਲ ਕਰ ਲਿਆ ਗਿਆ।ਉਦੋਂ ਹੀ ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਜੋ ਸਾਰੇ ਗੁਰਦੁਆਰਿਆਂ ਦੀ ਸੰਭਾਲ ਅਤੇ ਸੁਧਾਰ ਦੇ ਕਾਰਜ ਕਰੇਗੀ।ਉਦੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਕਮੇਟੀਆਂ ਬਣਾਈਆਂ ਜੋ ਪਿੰਡਾਂ ਵਿਚ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕਰਦੀਆਂ ਸਨ ਅਤੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਵਿਚ ਪ੍ਰਵੇਸ਼ ਕਰਾਉਂਦੀਆਂ ਸਨ।ਇਕ ਦਿਨ ਪਿਤਾ ਜੀ ਦੇ ਨਾਨਕੇ-ਪਿੰਡ ਵੀ ਧਰਮ ਪ੍ਰਚਾਰ ਕਮੇਟੀ ਗਈ ਹੋਈ ਸੀ।ਪਿਤਾ ਜੀ ਦਾ ਮਾਮਾ ਅਤੇ ਨਾਨਾ ਭਗਤਾ ਅੰਮ੍ਰਿਤ ਛਕ ਕੇ ਸਿੱਖ ਬਣ ਗਏ ਅਤੇ ਉਨ੍ਹਾਂ ਨੂੰ ਮਜ਼੍ਹਬੀ ਸਿੱਖ ਆਖਿਆ ਜਾਣ ਲੱਗਾ।

ਦੂਜੀ ਸੰਸਾਰ ਜੰਗ ਦੇ ਆਸਾਰ ਬਣ ਰਹੇ ਸਨ, ਅੰਗਰੇਜ਼ ਪਿੰਡਾਂ ਵਿਚ ਜਾ ਜਾ ਕੇ ਪੰਜਾਬੀਆਂ ਨੂੰ ਆਪਣੀ ਫੌਜ ਵਿਚ ਭਰਤੀ ਕਰਦੇ ਸਨ।ਇਕ ਦਿਨ ਮਾਮੇ ਦੇ ਪਿੰਡ ਵੀ ਆਏ, ਸੋਹਣਾ ਜਵਾਨ ਵੇਖ ਕੇ ਪਿਤਾ ਜੀ ਦੇ ਮਾਮੇ ਦਾ ਨਾਮ ਵੀ ਲਿਖ ਕੇ ਲੈ ਗਏ।ਦਸਾਂ ਪੰਦਰਾਂ ਦਿਨਾਂ ਬਾਅਦ ਘੋੜਿਆਂ 'ਤੇ ਦੋ ਫੌਜੀ ਗੋਰੇ ਆਏ, ਉਨ੍ਹਾਂ ਆ ਕੇ ਹਰਨਾਮ ਸਿੰਘ ਦਾ ਘਰ ਪੁੱਛਿਆ।ਕੋਈ ਉਨ੍ਹਾਂ ਨੂੰ ਹਰਨਾਮ ਸਿੰਘ ਨੰਬਰਦਾਰ ਦੇ ਘਰ ਛੱਡ ਗਿਆ।ਨੰਬਰਦਾਰ ਨੇ ਚੰਗੀ ਆਉ ਭਗਤ ਕੀਤੀ, ਜਦੋਂ ਉਨ੍ਹਾਂ ਨੇ ਹਰਨਾਮ ਸਿੰਘ ਬਾਰੇ ਪੁੱਛਿਆ ਤਾਂ ਨੰਬਰਦਾਰ ਨੇ ਕਿਹਾ ਕਿ ਉਹ ਹੀ ਹਰਨਾਮ ਸਿੰਘ ਹੈ।ਫੌਜੀ ਗੋਰਿਆਂ ਨੇ ਕਿਹਾ "ਟੁਮ ਬੂਡੇ ਹੋ ਹਮ ਜਵਾਨ ਹਰਨਾਮ ਸਿੰਘ ਮਾਂਗਟਾ ਹੈ, ਹਰਨਾਮ ਸਿੰਘ ਸੰਨ ਆਫ ਭਗਟ ਸਿੰਘ"।ਕੋਲ ਨੰਬਰਦਾਰ ਦਾ ਨੌਕਰ ਖੜਾ ਸੀ, ਉਹ ਸਮਝ ਗਿਆ ਤੇ ਬੋਲਿਆ, "ਹਾਂ ਜੀ ਹੈਗਾ ਜੀ, ਸਾਡੇ ਵੇਹੜੇ ਵਾਲੇ ਭਗਤੂ ਦਾ ਮੁੰਡਾ ਨ੍ਹਾਮਾ।" "ਉਸ ਕੋ ਬੁਲਾਉ" ਗੋਰੇ ਫੌਜੀਆਂ ਨੇ ਕਿਹਾ।ਨੰਬਰਦਾਰ ਨੇ ਨੌਕਰ ਨੂੰ ਭੇਜ ਦਿੱਤਾ।ਉਹ ਝੱਟ ਜਾ ਕੇ ਬੁਲਾ ਲਿਆਇਆ।ਫੌਜੀ ਗੋਰੇ ਉਸ ਨੂੰ ਨਿਯੁਕਤੀ ਪੱਤਰ ਦੇ ਕੇ ਵਾਪਸ ਚਲੇ ਗਏ।

ਓਸੇ ਸ਼ਾਮ ਨੂੰ ਨੰਬਰਦਾਰ ਨੇ ਪੰਚਾਇਤ ਸੱਦ ਲਈ। ਮਸਲਾ ਪੰਚਾਇਤ ਅੱਗੇ ਰੱਖਿਆ ਕਿ ਭਗਤੇ ਨੇ ਆਪਣੇ ਮੁੰਡੇ ਦਾ ਨਾਂ ਹਰਨਾਮ ਸਿੰਘ ਕਿਉਂ ਰੱਖਿਆ? ਇਹਦੇ ਕਰ ਕੇ ਉਨ੍ਹਾਂ ਨੂੰ ਪਰੇਸ਼ਾਨੀ ਝੱਲਣੀ ਪਈ ਨਾਲੇ ਉਨ੍ਹਾਂ ਦੀ ਬੇਇੱਜ਼ਤੀ ਹੋਈ, ਜੱਟਾਂ-ਸਰਦਾਰਾਂ ਵਾਲੇ ਨਾਂ ਇਹਨਾਂ ਕਿਉਂ ਰੱਖੇ? ਭਗਤ ਸਿੰਘ ਨੇ ਬਥੇਰਾ ਕਿਹਾ ਕਿ ਸਾਨੂੰ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਾਲਿਆਂ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਹੈ, ਹੁਣ ਉਹ ਵੀ ਸਿੱਖ ਹਨ, ਸਿੱਖੀ ਵਿਚ ਜਾਤ ਪਾਤ ਨਹੀਂ ਹੁੰਦੀ।ਪਰ ਉਨ੍ਹਾਂ ਦੀ ਨਹੀਂ ਸੁਣੀ ਗਈ।ਇਸ ਅਖਾਉਤੀ ਗਲਤੀ ਬਦਲੇ ਉਨ੍ਹਾਂ ਨੂੰ ਸੱਤ ਦਿਨ ਨੰਬਰਦਾਰ ਹਰਨਾਮ ਸਿੰਘ ਦਿਆਂ ਖੇਤਾਂ ਵਿਚ ਬੇਗਾਰ ਕਰਨ ਦੀ ਸਜ਼ਾ ਸੁਣਾਈ ਗਈ ਸੀ।

ਮਿਥੀ ਹੋਈ ਤਰੀਕ ਤੇ ਪਿਤਾ ਜੀ ਦੇ ਮਾਮਾ ਸ. ਹਰਨਾਮ ਸਿੰਘ ਕਪੂਰਥਲਾ ਵਿਖੇ ਫੌਜ ਦੀ

ਨੌਕਰੀ ਕਰਨ ਚਲੇ ਗਏ।ਪਰ ਪਿਤਾ ਜੀ ਉਨ੍ਹਾਂ ਦੇ ਸਿੱਖ ਬਣਨ ਤੋਂ ਪ੍ਰਭਾਵਤ ਬੜੇ ਹੋਏ।ਉਹਨਾਂ ਦਿਨਾਂ ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭੇਜੇ, ਧਰਮ ਪ੍ਰਚਾਰ ਕਮੇਟੀ ਵਾਲੇ, ਸਾਡੇ ਪਿੰਡ ਆਏ ਤਾਂ ਬਹੁਤ ਸਾਰੇ ਬਾਲਮੀਕਿਆ ਦੇ ਪਰਿਵਾਰ ਮਜ਼੍ਹਬੀ ਸਿੱਖ ਬਣ ਗਏ ਸਨ।ਪਿਤਾ ਜੀ ਨੇ ਦੱਸਿਆ ਕਿ ਉਨ੍ਹਾਂ ਦੇ ਤਾਏ ਵਧਾਵਾ ਸਿੰਘ ਨੇ ਆਪਣੇ ਪੰਜਾਂ ਮੁੰਡਿਆਂ ਸਮੇਤ ਅੰਮ੍ਰਿਤ ਛਕਿਆ, ਉਨ੍ਹਾਂ ਸਮੇਤ ਉਨ੍ਹਾਂ ਦੇ ਵੱਡੇ ਭਰਾ ਕਰਤਾਰ ਸਿੰਘ ਅਤੇ ਉਨ੍ਹਾਂ ਦੇ ਚਾਚੇ ਨਾਨਕ ਸਿੰਘ ਤੇ ਉਸ ਦੇ ਵੱਡੇ ਮੁੰਡੇ ਹਜ਼ਾਰਾ ਸਿੰਘ ਨੇ ਵੀ ਅੰਮ੍ਰਿਤ ਛਕਿਆ ਸੀ।ਧਰਮ ਪ੍ਰਚਾਰ ਕਮੇਟੀ ਵਾਲੇ ਕਹਿ ਕੇ ਗਏ ਸਨ ਕਿ ਅੱਜ ਤੋਂ ਤੁਸੀਂ ਸਾਰੇ ਅੰਮ੍ਰਿਤ ਛਕਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਬਣ ਗਏ ਹੋ, ਕੋਈ ਜਾਤ-ਪਾਤ ਨਹੀਂ, ਕੋਈ ਛੂਆ-ਛਾਤ ਨਹੀਂ।ਉਹ ਜਨਮ ਸਾਖੀਆਂ ਤੇ ਬਾਣੀ ਦੇ ਗੁਟਕੇ ਵੀ ਵੰਡ ਕੇ ਗਏ ਸਨ ਜੋ ਅੱਜ ਵੀ ਸਾਡੇ ਘਰ ਸਾਂਭੇ ਪਏ ਹਨ, ਮੈਂ ਖ਼ੁਦ ਉਹ ਜਨਮ ਸਾਖੀਆਂ ਪੜ੍ਹੀਆਂ ਹਨ।

ਪਿਤਾ ਜੀ ਨੇ ਦੱਸਿਆ ਕਿ ਉਨ੍ਹਾਂ ਸਾਰਿਆਂ ਨੇ ਕੇਸ ਤੇ ਦਾਹੜੇ ਰੱਖ ਲਏ, ਦਸਤਾਰਾਂ ਸਜਾ ਲਈਆਂ, ਗਾਤਰੇ ਪਾ ਲਏ ਸਨ।ਉਦੋਂ ਉਹ ਚੌਥੀ ਜਮਾਤ ਵਿਚ ਪੜ੍ਹਦੇ ਸਨ।ਉਹ ਅਜੇ 10-11 ਸਾਲ ਦੇ ਹੀ ਸਨ।ਉਨ੍ਹਾਂ ਦੇ ਤਾਂ ਅਜੇ ਦਾਹੜੀ ਵੀ ਨਹੀਂ ਸੀ ਆਈ।ਉਨ੍ਹਾਂ ਦੱਸਿਆ ਕਿ ਉਦੋਂ ਛੂਆ ਛਾਤ ਬੜੀ ਸੀ, ਜਮਾਤ ਵਿਚ ਸ਼ੂਦਰਾਂ ਨੂੰ ਅਲੱਗ ਬਿਠਾਇਆ ਜਾਂਦਾ ਸੀ, ਬੈਠਣ ਲਈ ਉਹ ਘਰੋਂ ਬੋਰੀ ਲੈ ਕੇ ਜਾਂਦੇ ਸਨ।ਪੀਣ ਵਾਲੇ ਪਾਣੀ ਦੇ ਘੜੇ ਉੱਚੀਆਂ ਜਾਤਾਂ ਤੇ ਮੁਸਲਮਾਨਾਂ ਲਈ ਵੱਖ ਵੱਖ ਹੁੰਦੇ ਸਨ।ਨੀਵੀਂ ਜਾਤੀ ਦੇ ਬੱਚਿਆਂ ਨੂੰ ਘੜਿਆਂ ਦੇ ਲਾਗੇ ਨਹੀਂ ਸੀ ਜਾਣ ਦਿਤਾ ਜਾਂਦਾ, ਉਨ੍ਹਾਂ ਲਈ ਗਲਾਸ ਵੀ ਵੱਖਰਾ ਤੇ ਪਾਣੀ ਵੀ ਕਿਸੇ ਉੱਚ-ਜਾਤੀ ਵਾਲੇ ਲੜਕੇ ਪਾਸੋਂ ਲੈਣਾ ਪੈਂਦਾ ਸੀ।ਜੇ ਕਿਸੇ ਪਾਸੋਂ ਗਲਤੀ ਹੋ ਜਾਂਦੀ, ਮਾਸਟਰ ਹਰੀ ਚੰਦ ਬ੍ਰਾਹਮਣ ਪੇਟ 'ਤੇ ਚੂੰਢੀ ਐਸੀ ਵੱਢਦਾ ਸੀ ਕਿ ਬੱਚੇ ਦੀਆਂ ਚੀਕਾਂ ਕਢਾ ਦਿੰਦਾ ਸੀ।ਜੇ ਗਲਤੀ ਵੱਡੀ ਹੁੰਦੀ ਸੀ ਤਾਂ ਸਜ਼ਾ ਵੀ ਵੱਡੀ ਹੁੰਦੀ ਸੀ।ਉਦੋਂ ਸਕੂਲ ਵਿਚ ਕੁਰਸੀ ਨਹੀਂ ਸੀ ਹੁੰਦੀ ਮਾਸਟਰ ਮੰਜੇ 'ਤੇ ਬੈਠਦਾ ਹੁੰਦਾ ਸੀ।ਵੱਡੀ ਗਲਤੀ ਕਰਨ ਵਾਲੇ ਦਾ ਹੱਥ ਮੰਜੇ ਦੇ ਪਾਵੇ ਹੇਠਾਂ ਰੱਖ ਕੇ, ਉੱਤੇ ਆਪ ਬੈਠ ਜਾਂਦਾ ਸੀ।ਮਾਸਟਰ ਹਰੀ ਚੰਦ ਦੀ ਕੁੱਟ ਤੋਂ ਡਰਦਿਆਂ ਮੇਰੇ ਪਿਤਾ ਜੀ ਦਾ ਵੱਡਾ ਭਰਾ ਕਰਤਾਰ ਸਿੰਘ ਪੜ੍ਹਾਈ ਵਿਚੇ ਛੱਡ ਕੇ ਘਰੇ ਬਹਿ ਗਿਆ ਸੀ ਤੇ ਪਿਤਾ ਜੀ ਵੀ ਚੌਥੀ ਪਾਸ ਕਰ ਕੇ ਹਟ ਗਏ ਸਨ।ਮਾਸਟਰ ਹਰੀ ਚੰਦ ਨੀਵੀਂ ਜਾਤ ਦੇ ਬੱਚਿਆਂ ਨਾਲ ਈਰਖਾ ਕਰਦਾ ਸੀ, ਕਹਿੰਦਾ ਹੁੰਦਾ ਸੀ ਇਹਨਾਂ ਪੜ੍ਹ ਕੇ ਕਿਹੜਾ ਤਸੀਲਦਾਰ ਲੱਗ ਜਾਣਾ।ਅੱਠ ਪਾਸ ਤਾਂ ਉਦੋਂ ਤਸੀਲਦਾਰ ਲੱਗ ਜਾਂਦੇ ਸੀ ਤੇ ਚਾਰ ਪੜ੍ਹੇ ਪਟਵਾਰੀ।ਪਿਤਾ ਜੀ ਨੇ ਦੱਸਿਆ ਕਿ ਉੱਚੀਆਂ ਜਾਤਾਂ ਵਾਲੇ, ਉਸ ਦੇ ਕਈ ਜਮਾਤੀ ਪਟਵਾਰੀ ਲੱਗ ਗਏ ਸਨ, ਦਰਖ਼ਾਸਤ ਤਾਂ ਉਨ੍ਹਾਂ ਵੀ ਦਿੱਤੀ ਸੀ ਪਰ ਨੀਵੀਂ ਜਾਤ ਕਰ ਕੇ ਰਹਿ ਗਿਆ।ਉਹਨਾਂ ਦਿਨਾਂ ਵਿਚ ਸਰਕਾਰੀ ਨੌਕਰੀਆਂ ਵਿਚ ਅੱਜ ਵਾਂਗ ਰਾਖਵਾਂਕਰਨ ਨਹੀਂ ਸੀ, ਵਿਤਕਰਾ ਸੀ ਬਹੁਤ ਜ਼ਿਆਦਾ।ਤਾਏ ਵਧਾਵਾ ਸਿੰਘ ਦਾ ਵੱਡਾ ਮੁੰਡਾ ਈਸ਼ਰ ਸਿੰਘ ਨੌਂ ਜਮਾਤਾਂ ਪਾਸ ਕਰ ਕੇ ਫੌਜ ਵਿਚ ਸਵੀਪਰ ਭਰਤੀ ਹੋਇਆ ਸੀ।ਮਾਮੇ ਹਰਨਾਮ ਸਿੰਘ ਨੂੰ ਵੀ ਉਨ੍ਹਾਂ ਸਵੀਪਰ ਹੀ ਰੱਖਿਆ ਸੀ।ਭਾਵੇਂ ਉਹ ਰੀਟਾਇਰ ਨਾਇਬ ਸੂਬੇਦਾਰ ਹੋਏ ਸਨ।ਉਨ੍ਹਾਂ ਦਿਨਾਂ ਵਿਚ ਨੀਵੀਆਂ ਜਾਤਾਂ ਦੇ ਬਹੁਤ ਸਾਰੇ ਮੁੰਡੇ ਫੌਜ ਵਿਚ ਸਵੀਪਰ ਭਰਤੀ ਹੋਏ ਸਨ, ਜੋ ਤਰੱਕੀ ਕਰ ਕੇ ਸੂਬੇਦਾਰੀ ਤੱਕ ਪਹੁੰਚ ਜਾਂਦੇ ਸਨ।

ਪਿਤਾ ਜੀ ਨੇ ਦੱਸਿਆ, "ਹੌਲੀ ਹੌਲੀ ਸਿੱਖੀ ਵਾਲਾ ਭਾਂਡਾ ਭੱਜ ਗਿਆ ਸੀ।ਸਾਡੇ ਕੋਲ ਕਿਹੜੀਆਂ ਜ਼ਮੀਨਾਂ ਸਨ।ਕੰਮ-ਕਾਰ ਤਾਂ ਜੱਟਾਂ-ਜ਼ਿੰਮੀਦਾਰਾਂ ਦਿਆਂ ਖੇਤਾਂ ਵਿਚ ਈ ਕਰਨਾ ਸੀ।ਉਹ ਸਾਨੂੰ ਅਜੇ ਤੱਕ 'ਚੂਹੜਾ' ਕਹਿ ਕੇ ਬੁਲਾਉਂਦੇ ਸਨ।ਪਾਣੀ ਪੀਣ ਲਈ, ਰੋਟੀ ਖਾਣ ਲਈ ਭਾਂਡੇ ਆਪਣੇ ਲੈ ਕੇ ਜਾਣੇ ਪੈਂਦੇ ਸਨ।ਜੇ ਕਿਤੇ ਉਨ੍ਹਾਂ ਦੇ ਨਾਲ ਛੂਹ ਜਾਣਾ, ਉਹ 'ਭਿੱਟੇ ਗਏ' ਕਹਿ ਕੇ ਸੌ ਸੌ ਗਾਹਲ ਕੱਢ ਦੇ

ਸਨ।ਉਂਜ ਵੀ ਕਈ ਗੰਦੇ-ਮੰਦੇ ਕੰਮ ਕਰਨੇ ਪੈਂਦੇ ਸਨ।ਸਾਡੇ ਗਾਤਰੇ ਤਾਂ ਲਹਿ ਗਏ ਛੇਤੀਂ।ਸਾਡੇ ਨਾਮ ਵੀ ਓਹੀ ਕਰਤਾਰਿਆ, ਸੁਰੈਣਿਆਂ, ਹਜ਼ਾਰਿਆ, ਭਾਨਿਆਂ, ਨ੍ਹਾਮਿਆਂ ਲਏ ਜਾਂਦੇ ਸਨ।ਪਿੰਡ ਦੇ ਗੁਰਦੁਆਰੇ ਵਿਚ ਸਾਨੂੰ ਵੜਨ ਨਹੀਂ ਸੀ ਦਿੱਤਾ ਜਾਂਦਾ।ਹਾਰ ਕੇ ਸੰਨ ਸੰਤਾਲੀ ਤੋਂ ਬਾਅਦ ਜਦੋਂ ਮੁਸਲਮਾਨ ਪਾਕਿਸਤਾਨ ਚਲੇ ਗਏ ਤਾਂ ਉਨ੍ਹਾਂ ਦੀ ਮਸੀਤ ਵਿਚ ਅਸੀਂ ਗੁਰਦੁਆਰਾ ਬਣਾ ਲਿਆ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੈ ਆਏ ਅਤੇ ਅੰਮ੍ਰਿਤਸਰ ਤੋਂ ਹੀ ਇਕ ਮਜ਼੍ਹਬੀ ਸਿੱਖ ਗ੍ਰੰਥੀ ਲੱਭ ਕੇ ਲਿਆਂਦਾ।ਕਿਉਂਕਿ ਪਿੰਡ ਵਿਚੋਂ ਕੋਈ ਉੱਚ-ਜਾਤੀ ਗ੍ਰੰਥੀ ਸਾਡੇ ਘਰਾਂ 'ਚ ਪਾਠ ਕਰਨ ਨਹੀਂ ਸੀ ਆਉਂਦਾ।ਲੜਕੀ ਦੀ ਸ਼ਾਦੀ ਦੀਆਂ ਲਾਵਾਂ ਪੜ੍ਹਨ ਲਈ ਜੇ ਤਰਲੇ ਮਿੰਨਤਾਂ ਕਰ ਕੇ ਕਿਸੇ ਨੂੰ ਲੈ ਕੇ ਆਉਣਾ ਤਾਂ ਉਸ ਨੇ ਸਾਡੇ ਘਰਾਂ ਦਾ ਪਾਣੀ ਤੱਕ ਨਾ ਪੀਣਾ, ਸੁੱਕੀ-ਸਾਣੀ ਆਪਣੀ ਪੂਜਾ ਲੈ ਕੇ ਚਲੇ ਜਾਣਾ।ਇਹ ਤਾਂ ਅਜ਼ਾਦੀ ਤੋਂ ਪਿਛੋਂ ਥੋੜਾ ਥੋੜਾ ਫਰਕ ਪੈਣਾ ਸ਼ੁਰੂ ਹੋਇਆ, ਜਦੋਂ ਡਾ. ਅੰਬੇਡਕਰ ਨੇ ਸਾਨੂੰ ਪੜ੍ਹਨ-ਲਿਖਣ ਦਾ ਅਧਿਕਾਰ ਲੈ ਕੇ ਦਿੱਤਾ।ਡਾ. ਅੰਬੇਡਕਰ ਨੇ ਸਾਨੂੰ ਤਿੰਨ ਅਧਿਕਾਰ ਲੈ ਕੇ ਦਿੱਤੇ-ਪਹਿਲਾ ਸਾਡੇ ਲਈ ਵਿਦਿਅਕ ਅਦਾਰਿਆਂ ਦੇ ਬੂਹੇ ਖੋਹਲ ਦਿੱਤੇ, ਦੂਜਾ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਲੈ ਕੇ ਦਿੱਤਾ, ਤੀਜਾ ਉਨ੍ਹਾਂ ਨੇ ਸਾਨੂੰ ਵੋਟ ਪਾਉਣ ਅਤੇ ਸੰਸਦ ਤੇ ਵਿਧਾਨ ਸਭਾਵਾਂ ਵਿਚ ਚੁਣ ਕੇ ਜਾਣ ਦਾ ਹੱਕ ਲੈ ਕੇ ਦਿੱਤਾ।ਹੁਣ ਸੰਵਿਧਾਨ ਵਿਚ ਵੀ ਉਹ ਲਿਖ ਗਏ ਕਿ ਜਿਹੜਾ ਕੋਈ ਉੱਚ-ਜਾਤੀ ਵਾਲਾ ਅਨੁਸੂਚਿਤ ਜਾਤੀ ਵਾਲਿਆਂ ਨਾਲ ਕੋਈ ਵਿਤਕਰਾ ਕਰੂ ਜਾਂ ਜਾਤੀ ਹਮਲਾ ਕਰੂ ਉਸ ਉੱਤੇ ਕਨੂੰਨੀ ਕਾਰਵਾਈ ਹੋਊਗੀ"।

ਪਿਤਾ ਜੀ ਦੀ ਗੱਲ ਕੁਝ ਹੱਦ ਤੱਕ ਠੀਕ ਹੈ।ਭਾਵੇਂ ਹੁਣ ਸਾਡੇ ਪੁਰਖੇ ਸਾਡੇ ਵਿਚ ਨਹੀਂ ਰਹੇ ਪਰ ਛੂਆ ਛਾਤ ਕਾਫੀ ਹੱਦ ਤੱਕ ਦੂਰ ਹੋ ਗਈ ਹੈ।ਨੌਕਰੀਆਂ ਵਿਚ ਵੀ ਸਾਡੇ ਅਫਸਰ ਜਾਣ ਲੱਗ ਪਏ ਹਨ, ਐਮ. ਐਲ. ਏ., ਐਮ. ਪੀ. ਤੇ ਮੰਤਰੀ ਵੀ ਬਣ ਗਏ ਹਨ, ਏਥੋਂ ਤੱਕ ਕਿ ਗਵਰਨਰ ਤੇ ਰਾਸ਼ਟਰਪਤੀ ਦੇ ਅਹੁਦਿਆਂ ਤੱਕ ਵੀ ਪਹੁੰਚ ਗਏ ਹਨ।ਪਰ ਅਜੇ ਬੜਾ ਕੁਝ ਹੋਣ ਵਾਲਾ ਹੈ, ਬੜਾ ਕੁਝ ਸਾਡੇ ਕਰਨ ਵਾਲਾ ਹੈ, ਬੜਾ ਕੁਝ ਗਲਤ ਹੋ ਰਿਹਾ ਹੈ, ਵਿਕਾਸ ਦਾ ਘੋੜਾ ਪੁੱਠਾ ਮੁੜ ਪਿਆ ਹੈ।

( **ਸੰਪਰਕ:091-9855084588**)

**ਪਰਵਾਜ਼ ਪ੍ਰਕਾਸ਼ਨ ਵੱਲੋਂ**

**ਪ੍ਰਕਾਸ਼ਤ ਅਵਿਨਾਸ਼ ਜੱਜ**

**ਦਾ ਨਵਾਂ**

**ਬਾਲ ਗੀਤ ਸੰਗ੍ਰਹਿ**

**ਰੱਜ ਰੱਜ ਕਰ ਲਓ ਪੜ੍ਹਾਈਆਂ**

## ਰਿਣ ਪੁਰਖਿਆ ਦਾ/ -ਭੂਰਾ ਸਿੰਘ ਕਲੇਰ

ਮੈਂ ਆਪਣੇ ਪਿਤਾ ਜੀ ਨੂੰ ਸਿੱਧਾ 'ਬਾਪੂ' ਹੀ ਸੰਬੋਧਨ ਕਰਦਾ ਸੀ। ਸੋ ਮੇਰਾ ਬਾਪੂ ਸਰੀਰਕ ਪੱਖੋਂ ਛਾਂਟਵੇਂ ਸਰੀਰ ਦਾ ਸੀ। ਉਸਦੀ ਠੋਡੀ 'ਤੇ ਥੋੜ੍ਹੀ ਜਿਹੀ ਦਾੜ੍ਹੀ ਸੀ। ਉਨ੍ਹਾਂ ਵੇਲਿਆਂ ਵਿਚ ਦਲਿਤਾਂ ਨੂੰ ਪੜ੍ਹਨ ਲਈ ਕੋਈ ਵਸੀਲਾ ਨਹੀਂ ਹੁੰਦਾ ਸੀ। ਭਾਵ 1947 ਤੋਂ ਪਹਿਲਾਂ ਵਾਲੇ ਦਲਿਤ ਬੜੇ ਹੀ ਦੱਬੇ-ਕੁਚਲੇ ਸਨ। ਪਰ ਮੇਰੇ ਬਾਪੂ ਨੇ ਗੁਰਮੁਖੀ ਅੱਖਰਾਂ ਦੀ ਪੈਂਤੀ ਪਤਾ ਨਹੀਂ ਕਿੱਥੋਂ ਸਿਖ ਲਈ ਸੀ। ਹੋਰ ਪੜ੍ਹਨ ਲਈ ਉਸ ਕੋਲ ਕੋਈ ਵਸੀਲਾ ਨਹੀਂ ਹੋਵੇਗਾ। ਇਸੇ ਲਈ ਉਹ ਮੈਨੂੰ ਛੋਟੇ ਹੁੰਦੇ ਨੂੰ ਹੀ ਪੜ੍ਹਾਉਣ ਦੀਆਂ ਸਕੀਮਾਂ ਬਣਾਉਂਦਾ ਸੀ। ਸੰਨ 1947 ਵਿਚ ਮੇਰੀ ਉਮਰ ਸਿਰਫ ਤਿੰਨ ਸਾਲ ਦੀ ਸੀ। ਸੰਨ 1950 ਵਿਚ ਉਸ ਮੈਨੂੰ ਕਿਧਰੋਂ ਬਾਲ-ਉਪਦੇਸ਼ ਲਿਆ ਕੇ ਸਕੂਲ ਪੜ੍ਹਨ ਲਈ ਛੱਡਣ ਗਿਆ। ਉਨ੍ਹਾਂ ਵੇਲਿਆਂ ਵਿਚ ਬੱਚੇ ਨੂੰ ਛੇ ਸਾਲ ਉਮਰ ਤੋਂ ਘੱਟ ਪੜ੍ਹਨ ਲਈ ਸਕੂਲ ਵਿਚ ਨਹੀਂ ਲਾਉਂਦੇ ਸਨ। ਅਜ਼ਾਦੀ ਆਈ ਤੋਂ ਬਾਅਦ ਦਲਿਤਾਂ ਲਈ ਵੀ ਸਕੂਲਾਂ ਦੇ ਦਰ ਖੁੱਲ੍ਹ ਗਏ ਸਨ। ਆਪਣੇ ਪਿੰਡ ਵਿਚੋਂ ਮੈਂ ਪਹਿਲਾ ਦਲਿਤ ਮੁੰਡਾ ਸੀ ਜੁ ਸਕੂਲ ਵਿਚ ਪੜ੍ਹਨ ਲੱਗਿਆ ਸੀ। ਇਹ ਵੱਖਰੀ ਗੱਲ ਸੀ ਕਿ ਅਜੇ ਛੂਤ ਛਾਤ ਘੱਟ ਨਹੀਂ ਹੋਈ ਸੀ। ਮੈਨੂੰ ਜਮਾਤ ਦੀ ਕਤਾਰ ਨਾਲੋਂ ਵਿੱਥ ਬੋਰੀ ਵਿਛਾਅ ਕੇ ਹੀ ਬੈਠਣਾ ਪੈਂਦਾ ਸੀ। ਇਹ ਮੈਨੂੰ ਹੀ ਪਤਾ ਹੈ ਕਿ ਉਸ ਵਕਤ ਮੈਨੂੰ ਜਾਤ-ਪਾਤ ਤੇ ਛੂਤ-ਛਾਤ ਕਰਕੇ ਕਿੰਨੀ ਸਰੀਰਕ ਤੇ ਮਾਨਸਿਕ ਪੀੜਾ 'ਚੋਂ ਲੰਘਣਾ ਪਿਆ ਸੀ। ਕਈ ਵਾਰ ਸਕੂਲ 'ਚੋਂ ਭੱਜਿਆ ਸੀ। ਪਰ ਜੇ ਸਕੂਲ ਤੋਂ ਅਟਕਦਾ ਸੀ ਤਾਂ ਬਾਪੂ ਐਨੀ ਗਿੱਦੜ ਕੁੱਟ ਕੁੱਟਦਾ ਸੀ ਕਿ ਓਨੀ ਮਾਸਟਰ ਜੀ ਕੁੱਟ ਨਹੀਂ ਕੁੱਟਦੇ ਸਨ। ਸੋ ਮੈਨੂੰ ਸਕੂਲ ਜਾਣ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਸੀ। ਬਾਪੂ ਜੋੜੇ ਜੁੱਤੀਆਂ ਦਾ ਕਾਰੀਗਰ ਵੀ ਸੀ ਪਰ ਇਹ ਕਿੱਤਾ ਘਾਟੇ ਵਾਲਾ ਕਿੱਤਾ ਸੀ। ਉਹ ਖੇਤਾਂ ਵਿਚ ਦਿਹਾੜੀ ਵੀ ਕਰਦਾ ਰਿਹਾ ਸੀ। ਉਹ ਉਨ੍ਹਾਂ ਵੇਲਿਆਂ ਵਿਚ ਵੀ ਸੈਲਾਨੀ ਸੁਭਾਅ ਦਾ ਆਦਮੀ ਸੀ। ਜਦ ਕੋਲ ਪੈਸੇ ਹੁੰਦੇ ਤਾਂ ਉਹ ਹਿਰਨਾਂ ਦੇ ਸਿੰਗੀਂ ਚੜ੍ਹਿਆ ਕਈ ਕਈ ਦਿਨ ਘਰੇ ਨਹੀਂ ਮੁੜਦਾ ਸੀ। ਉਨ੍ਹਾਂ ਵੇਲਿਆ ਵਿਚ ਪਿੰਡਾਂ ਵਿਚ ਫਿਲਮਾਂ ਬਾਰੇ ਕੋਈ ਪੇਂਡੂ ਵੀ ਨਹੀਂ ਜਾਣਦਾ ਹੁੰਦਾ ਸੀ। ਆਵਾਜਾਈ ਦੇ ਸਾਧਨ ਬੜੇ ਘੱਟ ਸਨ। ਪਰ ਮੇਰਾ ਬਾਪੂ ਫਿਲਮਾਂ ਵੇਖਣ ਦਾ ਸ਼ੁਕੀਨ ਸੀ। ਉਹ ਘਰੋਂ ਨਿਕਲਿਆ ਕਈ ਕਈ ਦਿਨ ਇਸ ਕਰਕੇ ਵੀ ਨਹੀਂ ਮੁੜਦਾ ਸੀ ਕਿ ਉਹ ਫਿਲਮੀ ਸ਼ੌਕੀਨ ਸੀ। ਗਾਉਂਦਾ ਬਹੁਤ ਵਧੀਆ ਸੀ। ਉਸ ਵੇਲੇ ਦੀਆਂ ਸਾਰੀਆਂ ਐਕਟੱਰਸਾਂ ਦੇ ਨਾਮ ਜ਼ਬਾਨੀ ਜਾਣ ਗਿਆ ਸੀ। ਸੁਰੱਈਆ, ਨਰਗਿਸ, ਨਿੰਮੀ ਨੂੰ ਉਹ ਫਿਲਮੀ ਪਰਦੇ ਉੱਪਰ ਪਛਾਨਣ ਲੱਗ ਪਿਆ ਸੀ। ਹੁਣ ਸੈਰ ਕਰਨ ਲਈ ਤੇ ਸ਼ਹਿਰਾਂ ਵਿਚ ਫਿਲਮਾਂ ਵੇਖਣ ਲਈ ਪੈਸੇ ਕਿੱਥੋਂ ਆਉਣ? ਮੇਰੇ ਪੁਰਖਿਆ ਪਾਸ ਚਾਰ ਘੁਮਾ ਨਿਆਈਂ ਦੀ ਜ਼ਮੀਨ ਸੀ। ਜੁ ਮੇਰੀ ਦਾਦੀ ਨੇ ਸਾਂਭ ਕੇ ਰੱਖੀ ਹੋਈ ਸੀ। ਬਾਪੂ ਨੇ ਹੁਣ ਉਹ ਜ਼ਮੀਨ ਗਹਿਣੇ ਧਰ ਕੇ ਆਪਣਾ ਸੌਂਕ ਪੂਰਾ ਕਰਨਾ ਸ਼ੁਰੂ ਕਰ ਦਿੱਤਾ। ਫਿਰ ਗਹਿਣੇ ਉੱਪਰ ਵਾਧਾ ਲੈ ਕੇ ਗਹਿਣੇ ਕੀਤੀ ਚਾਰੇ ਘੁਮਾਂ। ਫਿਰ ਵੇਚਣੀ ਸ਼ੁਰੂ ਕਰ ਦਿੱਤੀ। ਮੈਂ ਚੌਥੀ ਜਮਾਤ ਵਿਚ ਪੜ੍ਹਦਾ ਸੀ ਜਦ ਬਾਪੂ ਨੇ ਸਾਰੀ ਜ਼ਮੀਨ ਵੇਚ ਕੇ ਸਾਹ ਲਿਆ। ਮੈਂ ਜਦ ਪੰਦਰਾਂ ਕੁ ਸਾਲਾਂ ਦਾ ਹੋਇਆ ਤਾਂ ਲੋਕਾਂ ਦੇ ਆਖਣ ਤੇ ਮੈਂ ਵਕੀਲਾਂ ਪਾਸ ਗਿਆ ਹੱਕ-ਸੁਭਾ ਦਾ ਦਾਅਵਾ ਕਰਨ। ਪਰ ਅਫਸੋਸ ਉਸ ਵਕਤ ਇਹ ਕਾਨੂੰਨ ਖ਼ਤਮ ਹੋ ਗਿਆ ਸੀ। ਪਿੰਡ ਦੇ ਬਹੁਤ ਸਾਰੇ ਲੋਕ ਬਾਪੂ ਨਾਲ ਲੜੇ ਜ਼ਮੀਨ ਵੇਚਣ ਕਰਕੇ। ਕਈ ਸਕਾ ਭਾਈਚਾਰਾ ਤਾਂ ਉਸ ਨਾਲ ਘਰੇ ਆ ਕੇ ਲੜ ਕੇ ਗਿਆ। ਬਾਪੂ ਸਿਰਫ ਇੱਕ ਹੀ ਜਵਾਬ ਦਿੰਦਾ ਉਨ੍ਹਾਂ ਨੂੰ, "ਜ਼ਮੀਨ ਮੇਰੀ ਸੀ ਮੈਂ ਵੇਚ ਦਿੱਤੀ ਥੋਨੂੰ ਕੀ?"

ਮੇਰੀ ਦਾਦੀ ਮੈਨੂੰ ਅੱਜ ਤੱਕ ਵੀ ਯਾਦ ਹੈ। ਉਹ ਮੈਨੂੰ ਬਹੁਤ ਪਿਆਰ ਕਰਦੀ ਸੀ। ਜਦ ਮੈਂ ਸਕੂਲੋਂ

ਡਰਦਾ ਜਾਂਦਾ ਨਾ ਤਾਂ ਮੈਨੂੰ ਮੇਰੀ ਦਾਦੀ ਡੰਗੋਰੀ ਫੜ ਕੇ ਸਕੂਲ ਛੱਡਣ ਜਾਂਦੀ। ਜਦ ਮੈਂ ਬਸਤਾ ਲੈ ਕੇ ਜਮਾਤ ਵਿਚ ਜਾ ਬੈਠਦਾ ਤਾਂ ਉਹ ਡੰਗੋਰੀ ਫੜੀ ਮਾਸਟਰਾਂ ਦੀ ਕੁਰਸੀ ਪਾਸ ਜਾ ਕੇ ਉਨ੍ਹਾਂ ਨੂੰ ਫਤਹਿ ਬੁਲਾਉਂਦੀ। ਡੰਗੋਰੀ ਕੱਛ ਵਿਚ ਲੈ ਕੇ ਦੋਵੇਂ ਹੱਥ ਜੋੜ ਕੇ ਮਾਸਟਰਾਂ ਨੂੰ ਬੇਨਤੀ ਕਰਦੀ, "ਜੀ ਮੇਰੇ ਪੋਤੇ ਨੂੰ ਕੁੱਟਿਓ ਨਾ ਮੇਰੇ ਇਕੋ ਪੋਤਾ ਹੈ।" ਉਹ ਬੋਲਦੇ, "ਨਹੀਂ ਮਾਈ ਨਹੀਂ ਕੁੱਟਦੇ, ਤੂੰ ਜਾਹ ਘਰ ਨੂੰ।" ਅਤੇ ਉਹ ਡੰਗੋਰੀ ਨਾਲ ਤੁਰਦੀ ਵਾਪਸ ਘਰ ਨੂੰ ਮੁੜ ਜਾਂਦੀ। ਮੈਨੂੰ ਯਾਦ ਹੈ ਮੇਰੀ ਪੱਖੋ ਵਾਲੀ ਭੂਆ ਸੋਧਾਂ ਤੇ ਮੇਰੀ ਦਾਦੀ ਦੋਵੇਂ ਸਰਦਾਰਾਂ ਦੇ ਗੋਹਾ ਕੂੜਾ ਕਰਕੇ ਆਪਣੀ ਜ਼ਿੰਦਗੀ ਬਸਰ ਕਰ ਰਹੀਆਂ ਸਨ। ਮੇਰਾ ਬਾਪ ਦੱਸਦਾ ਸੀ ਕਿ ਮੇਰੀ ਭੂਆ ਸੋਧਾਂ ਦੇ ਗੋਦੀ ਉਸ ਦਾ ਮੁੰਡਾ ਗੁਰਦੇਵ ਸੀ ਜਦ ਉਹ ਵਿਧਵਾ ਹੋ ਗਈ ਸੀ। ਉਸ ਮੁੰਡਾ ਚੁੱਕ ਕੇ ਆਪਣੇ ਪੇਕੀ ਇੱਥੇ ਪੂਹਲੇ ਆ ਗਈ ਸੀ। ਦੂਸਰੀ ਸ਼ਾਦੀ ਨਹੀਂ ਕਰਾਈ ਸੀ। ਦੋਵੇਂ ਮਾਵਾਂ ਧੀਆਂ ਸਰਦਾਰਾਂ ਦੇ ਗੋਹਾ ਕੂੜਾ ਕਰਕੇ ਗੁਜਾਰਾ ਕਰ ਰਹੀਆਂ ਸਨ।

ਮੇਰਾ ਬਾਪੂ ਕਦੇ ਕਦੇ ਇਹ ਗੱਲਾਂ ਮੈਨੂੰ ਦੱਸਦਾ ਕਿ ਮੇਰੇ ਵੱਡੇ ਦਾਦਾ ਜੀ ਦਾ ਨਾਉਂ ਸੁੰਦਰ ਸੀ। ਮੇਰੀ ਦਾਦੀ ਨੂੰ ਮੇਰਾ ਵੱਡਾ ਦਾਦਾ ਸੁੰਦਰ ਹੀ ਵਿਆਹ ਕੇ ਲਿਆਇਆ ਸੀ। ਸੁੰਦਰ ਦਾਦਾ ਜੀ ਦੇ ਵੱਡੀਆਂ ਦੋ ਕੁੜੀਆਂ ਸੀ ਨ੍ਹਾਮੋ ਤੇ ਸੋਧਾਂ। ਇਕ ਜਿਉਂਦ ਪਿੰਡ ਵਿਆਹੀ ਸੀ ਨ੍ਹਾਮੋ ਤੇ ਸੋਧਾਂ ਪੱਖੋ ਕਲਾਂ ਵਿਆਹੀ ਸੀ। ਉਸ ਮਗਰੋਂ ਦੋ ਮੁੰਡੇ ਹੋਏ (ਮੇਰੇ ਤਾਏ) ਪਰ ਦੋਵੇਂ ਹੀ ਨਿੱਕੀ ਉਮਰ ਵਿਚ ਰੱਬ ਨੂੰ ਪਿਆਰੇ ਹੋ ਗਏ। ਥੋੜੇ ਚਿਰ ਬਾਅਦ ਮੇਰੇ ਵੱਡੇ ਦਾਦਾ ਜੀ ਸੁੰਦਰ ਵੀ ਚੱਲ ਵਸੇ। ਮੇਰੇ ਸਕੇ ਦਾਦਾ ਜੀ ਜੁ ਸੁੰਦਰ ਦਾਦਾ ਜੀ ਤੋਂ ਛੋਟੇ ਸਨ ਉਹ ਵੀ ਸਰਦਾਰਾਂ ਦੇ ਘਰੇ ਨੌਕਰ ਸਨ। ਪਸ਼ੂਆਂ ਨੂੰ ਸਾਂਭਦੇ ਸਨ ਅਤੇ ਪਸ਼ੂਆਂ ਦਾ ਗੋਹਾ ਕੂੜਾ ਬਲਦ ਵਾਲੀ ਗੱਡੀ ਵਿਚ ਲੱਦ ਕੇ ਇੱਕ ਮੀਲ ਬਾਗ ਵਿਚ ਰੂੜੀ 'ਤੇ ਲਾਹ ਆਉਂਦੇ ਸਨ। ਉਹ ਸਰਦਾਰਾਂ ਦੇ ਘਰੇ ਹੀ ਸੌਂਦੇ ਸਨ। ਨੌਕਰਾਂ ਲਈ ਪਸ਼ੂਆਂ ਵਾਲੇ ਘਰੇ ਕਮਰੇ ਬਣੇ ਹੋਏ ਸਨ। ਮੇਰੀਆਂ ਭੂਆਂ ਦੋਵੇਂ ਵਿਆਹੀਆਂ ਗਈਆਂ ਸਨ ਅਤੇ ਘਰ ਇਕੱਲੀ ਮੇਰੀ ਦਾਦੀ ਰਹਿ ਗਈ ਸੀ। ਮੇਰੇ ਛੋਟੇ ਦਾਦਾ ਜੀ ਦਾ ਨਾਉਂ ਹੀਰੂ ਸੀ ਜੁ ਸਰਦਾਰਾਂ ਦੀ ਹਵੇਲੀ ਵਿਚ ਰਹਿੰਦਾ ਸੀ। ਬਾਪੂ ਦੇ ਦੱਸਣ ਮੁਤਾਬਿਕ ਉਨ੍ਹਾਂ ਵੇਲਿਆਂ ਭਾਵ 1947 ਤੋਂ ਪਹਿਲਾਂ ਹਰੇਕ ਤਬਕੇ ਦੀ ਪਟੜੀ ਫੇਰ ਪੰਚਾਇਤ ਹੁੰਦੀ ਸੀ ਜਿਸ ਨੂੰ ਅੱਜ ਕੱਲ੍ਹ ਖਾਪ ਪੰਚਾਇਤ ਆਖਦੇ ਸਨ। ਖਾਪ ਪੰਚਾਇਤ ਦੇ ਵਿਚ ਆਸੇ ਪਾਸੇ ਦੇ ਪਿੰਡਾਂ ਦੇ ਖਾਸ ਆਦਮੀ ਹੁੰਦੇ ਸਨ ਜੁ ਆਪਣੇ ਆਪਣੇ ਭਾਈਚਾਰੇ ਦੇ ਫੈਸਲੇ ਕਰਦੇ ਸਨ। ਰਵਿਦਾਸੀਆ ਜਾਤੀ ਦੀ ਅੱਡ ਖਾਪ ਪੰਚਾਇਤ, ਮਜ਼੍ਹਬੀ ਜਾਤੀ ਦੀ ਅੱਡ ਖਾਪ ਪੰਚਾਇਤ ਤੇ ਬਾਕੀ ਜਾਤੀਆਂ ਦੀਆਂ ਆਪਣੀਆਂ ਆਪਣੀਆਂ ਖਾਪ ਪੰਚਇਤਾਂ ਹੁੰਦੀਆਂ ਸਨ। ਇਹ ਪੰਚਾਇਤਾਂ ਗੁਨਾਹਗਾਰ ਭਾਈਚਾਰੇ ਦੇ ਆਦਮੀ ਨੂੰ ਰਲ ਕੇ ਰੱਸੇ ਨਾਲ ਨੂੜ ਲੈਂਦੇ। ਉਸ ਤੋਂ ਮੁਆਫੀ ਮੰਗਅ ਕੇ ਫਿਰ ਖੋਲ੍ਹਦੇ। ਉਹ ਇਵਜ਼ ਵਿਚ ਸਾਰੇ ਭਾਈਚਾਰੇ ਨੂੰ ਰੋਟੀ ਕਰਦਾ।

ਇਸ ਤਰ੍ਹਾਂ ਹੀ ਬਾਪੂ ਆਪਣੇ ਵੱਡੇ-ਵਡੇਰਿਆਂ ਦੀਆਂ ਸੁਣੀਆਂ ਗੱਲਾਂ ਮੈਨੂੰ ਦੱਸਦਾ। ਇਸ ਤਰ੍ਹਾਂ ਹੀ ਖਾਪ ਪੰਚਾਇਤ ਸਾਡੇ ਰਵਿਦਾਸੀਆਂ ਵਿਹੜੇ ਦੀ ਇਕੱਠੀ ਹੋ ਗਈ। ਉਨ੍ਹਾਂ ਸਾਂਝੇ ਦਰਵਾਜ਼ੇ ਵਿਚ ਕਚਹਿਰੀ ਲਗਾ ਕੇ ਮੇਰੀ ਦਾਦੀ ਨੂੰ ਸੱਦਿਆ। ਪੰਚਾਇਤੀ ਆਖਣ ਲੱਗੇ ਮੇਰੀ ਦਾਦੀ ਨੂੰ, 'ਦੇਖ ਰਾਮਰੱਖੀ ! ਤੂੰ ਇਕੱਲੀ ਰਹਿਗੀ। ਤੇਰੇ ਪੁੱਤਰ ਵੀ ਰੱਬ ਨੂੰ ਪਿਆਰੇ ਹੋ ਗਏ ਅਤੇ ਤੇਰਾ ਪਤੀ ਵੀ ਸੁਰਗਵਾਸ ਹੋ ਗਿਆ। ਤੂੰ ਇਕੱਲੀ ਰਹਿ ਗਈ। ਇਸ ਲਈ ਹੀਰੂ ਤੇਰਾ ਸਕਾ ਦਿਉਰ ਹੈ। ਤੂੰ ਇਸ ਤੇ ਚਾਦਰ ਪਾ ਲੈ। ਰੱਬ ਭਲੀ ਕਰੇਗਾ। ਅਜੇ ਤੇਰੀ ਉਮਰ ਹੈਗੀ ਆ।" ਬਾਪੂ ਦੱਸਦਾ ਹੁੰਦਾ। ਮੇਰੀ ਦਾਦੀ ਨੇ ਪੈਰ 'ਚੋਂ ਜੁੱਤੀ ਲਾਹ ਲਈ। ਧਰਤੀ ਤੇ ਮਾਰ ਕੇ ਆਖਣ ਲੱਗੀ, "ਮੈਂ ਤਾਂ ਆਹ ਜੁੱਤੀ ਵੀ ਨਹੀਂ ਮਾਰਦੀ ਕਾਣੇ ਦੇ। ਆਏ ਐ ਵੱਡੇ।" ਖਾਪ ਪੰਚਾਇਤ ਬੁੜੀਆਂ ਨੂੰ ਸਜ਼ਾ ਨਹੀਂ ਦਿੰਦੀ ਸੀ। ਪੰਚਾਇਤ ਦਾ ਫੈਸਲਾ ਹੋਇਆ ਕਿ ਇਹ ਗੱਲ ਸਰਦਾਰ ਮੋਤਾ ਸਿਉਂ ਨੂੰ ਦੱਸੀ ਜਾਵੇ। ਪਿੰਡ ਦੇ ਫੈਸਲੇ ਕਰਨ ਨੂੰ ਅੰਗਰੇਜਾਂ ਨੇ ਉਨ੍ਹਾਂ ਨੂੰ ਹੀ ਥਾਪਿਆ ਹੋਇਆ ਸੀ। ਇੱਕ ਆਦਮੀ

ਦੀ ਡਿਊਟੀ ਲਾਈ ਤੇ ਉਸ ਨੇ ਇਹ ਗੱਲ ਸਰਦਾਰ ਮੋਤਾ ਸਿਉਂ ਨੂੰ ਜਾ ਦੱਸੀ। ਉਨ੍ਹਾਂ ਦੇ ਹੀ ਦਾਦੀ ਗੋਹਾ ਕੂੜਾ ਕਰਦੀ ਸੀ। ਖਾਪ ਪੰਚਾਇਤ ਦੀ ਰਿਪੋਰਟ ਸੁਣਾ ਕੇ ਉਨ੍ਹਾਂ ਦੇ ਘਰ ਜਦ ਮੇਰੀ ਦਾਦੀ ਕੰਮ ਕਰਨ ਗਈ ਤਾਂ ਸਰਦਾਰ ਮੋਤਾ ਸਿਉਂ ਤੇ ਉਨ੍ਹਾਂ ਦੇ ਭਾਈ ਸਰਦਾਰ ਵਧਾਵਾ ਸਿਉਂ ਦੋਵਾਂ ਨੇ ਮੇਰੀ ਦਾਦੀ ਨੂੰ ਆਪਣੇ ਪਾਸ ਬੁਲਾਇਆ। ਉਹ ਦੋਵੇਂ ਕੁਰਸੀਆਂ 'ਤੇ ਬੈਠੇ ਸਨ। ਮੇਰੀ ਦਾਦੀ ਹੱਥ ਬੰਨ੍ਹ ਕੇ ਉਨ੍ਹਾਂ ਪਾਸ ਭੁੰਜੇ ਬੈਠ ਗਈ। ਸਰਦਾਰ ਮੋਤਾ ਸਿੰਉਂ ਆਖਣ ਲੱਗਿਆ, "ਸੁਣ ਰਾਮ ਰੱਖੀ ! ਤੂੰ ਇਕੱਲੀ ਰਹਿ ਗਈ ਇਹ ਸਾਡਾ ਹੀਰੂ ਤੇਰਾ ਸਕਾ ਦਿਉਰ ਹੈ। ਕਿਹੜਾ ਕਿਧਰੋਂ ਹੋਰ ਹੈ। ਤੂੰ ਇਸ ਤੇ ਚਾਦਰ ਪਾ ਕੇ ਇਸ ਨੂੰ ਘਰੇ ਲੈ ਜਾ।" ਮੇਰੀ ਦਾਦੀ ਨੇ ਉਨ੍ਹਾਂ ਨੂੰ ਵੀ ਇਨਕਾਰ ਕਰ ਦਿੱਤਾ। ਫਿਰ ਸਰਦਾਰ ਵਧਾਵਾ ਸਿਉਂ ਨੇ ਦਲੀਲ ਦਿੱਤੀ, "ਕਿਉਂ ਰਾਮ ਰੱਖੀ ! ਤੇਰੇ ਨਾਉਂ ਕਿੰਨੀ ਜ਼ਮੀਨ ਹੈ?"

"ਜੀ ਚਾਰ ਘੁਮਾ।" ਵਧਾਵਾ ਸਿਉਂ ਆਖਣ ਲੱਗੇ, "ਉਹ ਚਾਰ ਘੁਮਾਂ ਜ਼ਮੀਨ ਤੇਰੇ ਸ਼ਰੀਕ ਸਾਂਭਣਗੇ। ਕੀ ਤੂੰ ਜਰ ਲਵੇਂਗੀ?" ਮੇਰੀ ਦਾਦੀ ਚੁੱਪ ਕਰ ਗਈ ਅਤੇ ਉਨ੍ਹਾਂ ਦਾ ਫੈਸਲਾ ਮੰਨ ਲਿਆ। ਕਹਿਣ ਲੱਗੀ, "ਚੰਗਾ ਸਰਦਾਰ ਜੀ ਥੋਡੀ ਮਰਜੀ ਐ।" ਇਸ ਤਰ੍ਹਾਂ ਮੇਰੇ ਦਾਦਾ ਜੀ ਹੀਰੂ ਘਰੇ ਆ ਗਏ। ਥੋੜ੍ਹੇ ਸਮੇਂ ਬਾਅਦ ਮੇਰੇ ਬਾਪੂ ਮੇਲਾ ਸਿਉਂ ਦਾ ਜਨਮ ਹੋਇਆ। ਅਤੇ ਇਸ ਘਰ ਦੀ ਪੀੜ੍ਹੀ ਅੱਗੇ ਤੁਰ ਪਈ।

ਪਿੰਡ ਵਿਚ ਸਾਡੇ ਰਵਿਦਾਸੀਆਂ ਵਿਹੜੇ ਤੇ ਤਕਰੀਬਨ ਸੱਠ ਸੱਤਰ ਘਰ ਸਨ। ਅੱਧੇ ਲੋਕ ਜ਼ਿਮੀਦਾਰਾਂ ਨਾਲ ਸੀਰੀ ਰਲਦੇ ਸਨ। ਅੱਧੇ ਜੋੜੇ ਜੁੱਤੀਆਂ ਬਨਾਉਣ ਦਾ ਕੰਮ ਕਰਦੇ ਸਨ। ਮੈਂ ਨਿੱਕੇ ਹੁੰਦੇ ਨੇ ਕਈ ਬੁੜ੍ਹੇ ਚੰਮ ਰੰਗਦੇ ਵੀ ਵੇਖੇ ਸਨ। ਜਦ ਮੈਂ ਹਾਈ ਸਕੂਲ ਪੜ੍ਹਨ ਲੱਗ ਪਿਆ ਤਾਂ ਸਭ ਚੰਮ ਰੰਗਣ ਦਾ ਕੰਮ ਛੱਡ ਗਏ ਸਨ। ਜੁੱਤੀਆਂ ਦੇ ਕਾਰੀਗਰ ਰਲ ਕੇ ਅੱਠ ਦਸ ਜਣੇ ਲੁਧਿਆਣੇ ਜਾਂ ਜਲੰਧਰ ਜਾਂਦੇ ਉਥੋਂ ਚੰਮ ਖਰੀਦ ਕੇ ਲਿਆਉਂਦੇ। ਜਲੰਧਰ ਤੋਂ ਚਮੜਿਆਂ ਦੀ ਬਿਲਟੀ ਕਰਾ ਆਉਂਦੇ। ਜਦ ਵੱਡਾ ਬੰਡਲ ਭੁਚੋ ਮੰਡੀ ਰੇਲਵੇ ਸਟੇਸ਼ਨ ਤੇ ਆਉਂਦਾ ਤਾਂ ਦੋ ਜਣੇ ਬੰਡਲ ਦੀ ਬਿਲਟੀ ਛੁਡਾਅ ਕੇ ਯੱਕੇ 'ਤੇ ਜਾਂ ਊਂਠ ਗੱਡੀ ਤੇ ਪਿੰਡ ਲੈ ਆਉਂਦੇ। ਬੰਡਲ ਸਾਂਝੇ ਦਰਵਾਜੇ ਵਿਚ ਖੋਲ੍ਹ ਕੇ ਆਪਣੇ ਆਪਣੇ ਚੰਮ ਲੈ ਜਾਂਦੇ। ਕਈ ਵਾਰ ਜੋੜੇ ਸੋਹਣੇ ਬਣਾਉਣ ਦੇ ਮੁਕਾਬਲੇ ਹੁੰਦੇ। ਕਈ ਮੁੰਡੇ ਜੁੱਤੀਆਂ ਤੇ ਜਰੀ ਨਾਲ ਬੜਾ ਸੋਹਣਾ ਤਿੱਲਾ ਕੱਢਦੇ। ਮੈਂ ਜਦ ਕੰਮ ਸਿੱਖਿਆ ਤਾਂ ਮੇਰੀ ਵੀ ਤਿੱਲਾ ਕੱਢਣ ਦੀ ਸਾਰੀ ਕਾਰੀਗਰਾਂ 'ਤੇ ਝੰਡੀ ਸੀ। ਇਹ ਕਿੱਤਾ ਘਾਟੇ ਵਾਲਾ ਸੀ। 1960 ਮਗਰੋਂ ਹੌਲੀ ਹੌਲੀ ਸਾਰੇ ਕਾਰੀਗਰ ਜੁੱਤੀਆਂ ਬਣਾਉਣ ਦਾ ਕਿੱਤਾ ਛੱਡ ਗਏ।

(**ਸੰਪਰਕ-98726-39669, 84279-46976**)

**ਪਰਵਾਜ਼ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ**

**ਗੁਣਜੋਤ ਸਿੰਘ ਬੇਦੀ ਵੱਲੋਂ**
**ਸੰਪਾਦਤ**
**ਲੇਖ ਸੰਗ੍ਰਹਿ**

**ਕਿਉਂਕਿ ਮੇਰੀ ਭਰੂਣ ਹੱਤਿਆ ਨਹੀਂ ਹੋਈ**

# ਮੇਰੇ ਨਾਨਕੇ, ਕੂਚਾ ਬੰਦ ਗਲੀ /- ਬਲੀਜੀਤ

ਮੇਰੀ ਮਾਂ ਦੇ ਪਿਓਕੇ ... ਮੇਰੇ ਨਾਨਕੇ ... ਪੁਰਾਣੀ ਖਰੜ ਤਹਿਸੀਲ ਦੇ ਪਿੰਡ ਕੁੰਭੜੇ ਦੀ ਕੂਚਾ ਬੰਦ ਗਲੀ ਦੇ ਅਖ਼ੀਰਲੇ ਘਰ ਵਿਚ ਸਨ। ਸਨ ਕੀ? ਮੇਰੇ ਲਈ ਤਾਂ ਮੇਰੇ ਨਾਨਕੇ ਅਜੇ ਵੀ ਉਥੇ ਹੀ ਹਨ।

ਅੱਧੇ ਤੋਂ ਵੱਧ ਹਰਿਆਣੇ ਦੀ ਤਰਜ ਦੇ ਇਹ ਚਾਰ ਬੈਦਵਾਣਾਂ ਦੇ ਪਿੰਡ ਨੇ। ਮੌਲੀ, ਮਟੌਰ, ਕੁੰਬੜਾ, ਸੁਹਾਣਾ। ਬਚਪਨ 'ਚ ਮਾਮੇ ਨਾਨੇ ਬੱਚੇ ਦੀ ਚਿੱਟੀ ਰੂਹ ਰੰਗ ਦਿੰਦੇ ਨੇ। ਮਾਮੇ ਨਾਨੇ ਨਿਆਣਿਆਂ ਦੇ ਸੁਪਰ ਸਟਾਰ ਹੁੰਦੇ ਨੇ। ਕਿਸੇ ਦੇ ਜੀਵਨ ਵਿੱਚ ਮਾਮਾ ਵੱਡੀ ਚੀਜ਼ ਹੁੰਦਾ ਹੈ। ਉਹ ਲੋਕ ਬਹੁਤ ਭਾਗਾਂ ਵਾਲੇ ਹੋਣਗੇ ਜਿਹਨਾਂ ਨੇ ਆਪਣਾ ਨਾਨਾ ਵੀ ਦੇਖਿਆ, ਮਾਣਿਆ ਹੋਵੇ। ਸੱਠ -ਸੱਤਰ ਸਾਲ ਦਾ ਚਿੱਟੀ ਦਾੜ੍ਹੀ ਵਾਲਾ ਭੱਦਰ ਪੁਰਸ਼। ਪਰ ਮੇਰੇ ਪੱਲੇ ਅਜਿਹਾ ਕੁੱਝ ਵੀ ਨਹੀਂ। ਆਪਣੀ ਮਾਂ ਨਾਲ ਨਾਨਕੇ ਪਿੰਡ ਗੇੜੇ ਗਿਣਤੀ, ਮਿਣਤੀ ਦੇ ਹੀ ਮਾਰੇ। ਹੱਥਾਂ ਦੀਆਂ ਉਂਗਲਾਂ 'ਤੇ ਹੀ ਗਿਣ ਸਕਦਾਂ! ਬਚਪਨ ਦੀ ਉਂਗਲੀ ਫੜ ਕੇ ਮਾਂ ਦੇ ਪਿੱਛੇ ਪਿੱਛੇ ਚਾਅ 'ਚ ਆਪਣੇ ਨਾਲ ਗੱਲਾਂ ਕਰਦਾ ਤੁਰੀ ਜਾਂਦਾ ਮੈਂ ਪੰਜ ਸੱਤ ਵਾਰ ਨਾਨਕੇ ਗਿਆ। ਦੂਸਰੇ ਦਿਨ ਮੂੰਹ ਲਟਕਾਉਂਦਾ ਮੁੜ ਆਉਂਦਾ। ਮੈਂ ਆਪਣੇ ਨਾਨਕਿਆਂ ਬਾਰੇ ਹੁੱਬ ਕੇ ਨਹੀਂ ਦੱਸ ਸਕਦਾ ਜਿਵੇਂ ਮੇਰੇ ਬੱਚੇ ਦੱਸ ਸਕਦੇ ਹਨ ਕਿ ਮੇਰੇ ਮਾਮਾ ਜੀ ਫ਼ੌਰਨ 'ਚ, ਮਿਲਾਨੋ 'ਚ ਰਹਿੰਦੇ ਹਨ। ਮੇਰੇ ਮਾਮਾ ਜੀ ਐਮ.ਏ. ਬੀ ਐਡ. ਟੀਚਰ ਹਨ। ਜਿਸ ਨੂੰ ਦੱਸਦੇ ਤੁਹਾਡਾ ਮੂੰਹ ਕੁੱਝ ਤਾਂ ਭਰ ਜਾਂਦਾ ਹੋਵੇ। ਪਰ ਮੈਂ ਚੁੱਪ ਦਾ ਕਵਚ ਪਾ ਕੇ, ਕੱਛੂ ਕੁੰਮੇ ਵਾਂਗ 'ਕੱਠਾ ਹੋ ਕੇ ਪਿੱਛਲੇ ਅੰਧੇਰੇ ਅੰਦਰ ਜਾ ਲੁਕਦਾ ਹਾਂ।

ਜਦੋਂ ਮੇਰੇ ਬੱਚਿਆਂ ਨੂੰ, ਉਹਨਾਂ ਦੇ ਮਾਮੇ, ਨਾਨੀ ਤੇ ਮਾਸੀ ਮੋਹ ਨਾਲ ਨਾਂ ਲੈ ਕੇ ਬੁਲਾਉਂਦੇ ਹਨ ਤਾਂ ਮੇਰੀ ਰੂਹ ਵਿਚ ਬਰਾਬਰ ਦੇ ਕਈ ਰਿਸ਼ਤਿਆਂ ਦੇ ਨੈਣ ਨਕਸ਼ ਲੱਭਣੇ ਮੁਸ਼ਕਲ ਹੋ ਜਾਂਦੇ ਹਨ। ਫੇਰ ਮੇਰੀ ਸੁਰਤ ਮੇਰੇ ਨਾਨਕੇ ਪਿੰਡ ਕੁੰਭੜੇ ਦੀਆਂ ਵਿੰਗੀਆਂ ਟੇਢੀਆਂ ਤੰਗ ਗਲੀਆਂ ਤੇ ਥਮਲੇ, ਕੌਲ਼ੇ ਗਿਣਨ/ਮਿਣਨ ਲੱਗ ਪੈਂਦੀ ਹੈ। ਸੁਰਤ ਭਟਕਦੀ ਹੋਈ ਕੂਚਾ-ਬੰਦ ਗਲੀ ਦੇ ਅਖ਼ੀਰ ਵਿਚ ਮੇਰੇ ਨਾਨੇ ਦੇ ਮਕਾਨ ਵਿਚ ਜਾ ਟਿਕਦੀ ਐ। ਮੈਂ ਆਪਣਾ ਨਾਨਾ ਕੁੱਮਣ ਸਿਓਂ ਨਹੀਂ ਦੇਖਿਆ। ਨਾ ਕਿਸੇ ਤੋਂ ਚੱਜ ਨਾਲ ਓਹਦੇ ਬਾਰੇ ਸੁਣਿਆ ਹੈ। ਜੇ ਮਾੜਾ ਮੋਟਾ ਸੁਣਿਆ ਵੀ ਹੈ ਤਾਂ ਉਹਨਾਂ ਲੋਕਾਂ ਕੋਲੋਂ ਜੋ ਸੁਆਰ ਕੇ, ਖੁੱਭ ਕੇ ਦੱਸ ਨਹੀਂ ਸਕਦੇ। ਅਸੀਂ ਤਾਂ ਭਾਸ਼ਾ ਲਿਖਣੀ ਹੀ ਜਾਣਦੇ ਹਾਂ, ਲਿਖਿਆ ਪੜ੍ਹ ਸਕਦੇ ਹਾਂ। ਅਨਪੜ੍ਹ ਨੇ ਆਪਣੀ ਰੂਹ 'ਤੇ ਲਿਖਿਆ ਹੁੰਦਾ! ਉਹ ਦੱਸ ਸਕਦਾ ਹੈ, ਜੇ ਦੱਸ ਸਕਣ ਦੀ ਸ਼ਕਤੀ ਪੱਲੇ ਹੋਵੇ। ਮੈਨੂੰ ਮੇਰੇ ਨਾਨੇ ਬਾਰੇ ਕੋਈ ਵੀ ਨਾ ਦੱਸ ਸਕਿਆ ਜਾਂ ਕਿਸੇ ਨੇ ਜ਼ਰੂਰੀ ਨਹੀਂ ਸਮਝਿਆ। ਇਸ ਵੇਲੇ, ਉਹਨਾਂ ਸਮਿਆਂ ਦਾ ਕੋਈ ਪੁਰਾਣਾ ਬਜ਼ੁਰਗ ਜਿਉਂਦਾ ਨਹੀਂ ਬਚਦਾ ਜੋ ਮੇਰੇ ਉਹਨਾਂ ਪੁਰਖਿਆਂ ਦੀ ਕਹਾਣੀ ਬੋਲ/ਲਿਖ ਸਕਦਾ ਹੋਵੇ, ਜੋ ਨੰਗੇ ਪਿੰਡੇ ਹੰਢਾਉਂਦੇ ਇਸ ਧਰਤੀ ਤੋਂ ਰੁਖ਼ਸਤ ਹੋ ਗਏ, ਜਿਹਨਾਂ ਨਿਮਾਣਿਆਂ ਦੇ ਅੰਸ਼ ਮੇਰੇ ਖ਼ੂਨ ਵਿਚ ਮੌਜੂਦ ਨੇ। ਨਾਨੇ ਬਾਰੇ ਇੰਨਾ ਹੀ ਸੁਣਿਆ ਕਿ ਉਸ ਦੇ ਦੋ ਵਿਆਹ ਸਨ। ਇਹ ਵੀ ਸੁਣਿਆ ਕਿ ਕਿਸੇ ਨੇ ਧੋਖੇ ਨਾਲ ਉਸ ਨੂੰ ਸੰਖੀਆ ਦੇ ਦਿੱਤਾ ਸੀ। ਦੇਣਾ ਕਿਸੇ ਹੋਰ ਨੂੰ ਸੀ। ਦੇ ਦਿੱਤਾ ਮੇਰੇ ਨਾਨੇ ਨੂੰ। ਸਾਝਰੇ ਤਿਆਰ ਹੋ ਕੇ ਘਰੋਂ ਨਿਕਲਿਆ, ਸੰਝ ਨੂੰ ਮਰੇ ਦੀ ਲੋਥ ਕੂਚਾ ਬੰਦ ਗਲੀ 'ਚ ਮੁੜ ਆਈ। ਲੱਗਦਾ ਕਿ ਅਚਾਨਕ ਮੌਤ ਹੋਣ ਕਾਰਨ ਉਸ ਬਾਰੇ ਮੇਰੇ ਨਾਲ ਗੱਲ ਬਾਤ ਕਰਨ ਦਾ ਕਿਸੇ ਦਾ ਜਿਗਰਾ ਨਾ ਭਰਦਾ ਹੋਵੇ।

ਮੇਰੇ ਨਾਨਕਿਆਂ ਵਿਚ ਰਿਸ਼ਤਿਆਂ ਦੇ ਵਲ਼ ਵਲ਼ੇਵਿਆਂ ਦਾ ਕੋਈ ਅੰਤ ਨਹੀਂ।

ਮੇਰੇ ਨਾਨੇ ਦੇ ਵਿਆਹ/ਕਰੇਵਿਆਂ 'ਚੋਂ ਕੁੱਲ ਛੇ ਬੱਚੇ ਸਨ। ਦੋ ਮੁੰਡੇ ਤੇ ਚਾਰ ਧੀਆਂ। ਦੋ ਮੁੰਡੇ ਮੇਰੇ ਮਾਮੇ – ਬਚਨ ਸਿੰਘ, ਪੰਜਾਬ ਸਿੰਘ। ਧੀਆਂ 'ਚ ਮੇਰੀ ਮਾਂ ਪੰਜਾਬ ਕੌਰ। ਬਚਨ ਸਿੰਘ, ਮੇਰਾ ਵੱਡਾ ਮਾਮਾ ਮੇਰੇ ਨਾਨੇ ਦੇ ਚਚੇਰੇ ਭਾਈ (ਜੋ ਭਰ ਜੁਆਨੀ ਵਿਚ ਸੁਆਸ ਛੱਡ ਗਿਆ ਸੀ) ਦਾ ਮੁੰਡਾ ਸੀ ਜੋ ਨਾਨੇ ਨੂੰ ਕਰੇਵੇ ਵਿੱਚ ਪਿੱਛੋਂ ਮਿਲਿਆ ਸੀ। ਮਾਸੀ ਵੀ ਮੈਨੂੰ ਇਕ ਸੰਪੂਰਨ ਕੌਰ ਦਾ ਨਾਂ ਇਸ ਕਰਕੇ ਯਾਦ ਹੈ ਕਿਉਂਕਿ ਮੇਰੀ ਮਾਂ ਤੇ ਇਹ ਮਾਸੀ ਇੱਕੋ ਘਰ ਯਾਨੀ 'ਮੇਰੇ ਘਰ' ਵਿਚ ਦੋਵੇਂ ਸਕੇ ਭਾਈਆਂ ਨੂੰ ਮੰਗੀਆਂ, ਵਿਆਹੀਆਂ ਤੇ ਮੁਕਲਾਵੇ ਆਈਆਂ ਸਨ। ਜੋ ਮੇਰੇ ਜਨਮ ਤੋਂ ਕਦੋਂ ਪਹਿਲਾਂ ਦੀ ਦੁਨੀਆ ਤੋਂ ਕੂਚ ਕਰ ਗਈ ਸੀ। ਬਾਕੀ ਕਿਸੇ ਹੋਰ ਮਾਸੀ ਦਾ ਨਾਓਂ, ਪਿੰਡ ਮੈਨੂੰ ਕਿਸੇ ਤੋਂ ਪੁੱਛਣਾ ਪੈਣਾ। ਨਾ ਮੈਂ ਆਪਣੀ ਨਾਨੀ ਦੇਖੀ। ਮਾਸੀ ਵੀ ਕੋਈ ਨਹੀਂ ਦੇਖੀ। ਮਾਮੀ ਵੀ ਇੱਕੋ ਹੀ ਦੇਖੀ। ਛੋਟੇ ਮਾਮੇ ਪੰਜਾਬ ਸਿਓਂ ਦੇ ਘਰਵਾਲੀ। ਪੰਜਾਬ ਸਿਓਂ ਤੇ ਉਸਦੀ ਘਰਵਾਲੀ ਗੁਰਤੇਜ ਕੌਰ ਕਦੇ ਹੀ ਸਾਡੇ ਘਰ ਪੈਰ ਪਾਉਂਦੇ ਸਨ। ਜਿਹਨਾਂ ਘਰਾਂ 'ਚ ਚੁੱਲ੍ਹਿਆਂ ਵਿਚ ਅੱਗ ਚੱਜ ਨਾਲ ਨਾ ਬਲਦੀ ਹੋਵੇ, ਸਭ ਨਾਤੀ ਗੋਤੀ ਉਹਨਾਂ ਰਿਸ਼ਤਿਆਂ ਤੋਂ ਖਹਿੜਾ ਛੁਡਾਉਂਦੇ ਹਨ। ਜੇ ਆ ਵੀ ਜਾਣ ਤਾ ਬੋਚ ਬੋਚ ਕੇ, ਸੁੰਘ ਸੁੰਘ ਕੇ ਬੋਲਦੇ ਹਨ ਤੇ ਜਾਣ ਨੂੰ ਕਾਹਲੇ ਮੰਜੇ ਤੋਂ ਢੂਆ ਚੁੱਕੀ ਰੱਖਦੇ ਹਨ :

"ਚੰਗਾ ਬੀਬੀ ਚਿਰ ਹੋਆ ਮ੍ਹਾਨੂੰ। ਇਬ ਚਲੈਂ", ਤੇ ਮਾਂ ਲੰਬੇ ਜੀਵਨ 'ਚ ਅਨੇਕ ਵਾਰ ਆਪਣੇ ਗੈਰਹਾਜ਼ਰ ਭਾਈਆਂ ਨੂੰ ਮੁਖਾਤਬ ਹੁੰਦੀ, "ਕਿਆ ਦੇਖ ਕੇ ਅਪਣੀਆਂ ਕੁੜੀਆਂ ਨੂੰ ਐਥੇ ਸਿੱਟ ਗੇ ਤੇ।"

ਦੱਸਿਆ ਨਾ ਕਿ ਮੇਰੇ ਨਾਨਕਿਆਂ ਦਾ ਮੜੰਗਾ ਹਰਿਆਣੇ ਵੱਲ ਦੇ ਲੋਕਾਂ ਨਾਲ ਮਿਲਦਾ ਐ। ਉਹਨਾਂ ਦੀ ਬੋਲੀ ਪੁਰਾਣੇ ਅੰਬਾਲੇ ਜਿਲ੍ਹੇ ਦੀ ਪੁਆਧੀ ਮੈਨੂੰ ਬੜੀ ਪੁਰਾਣੀ, ਬੜੀ ਸੁਹਣੀ ਲੱਗਦੀ ਏ। ਮੇਰੇ ਮਾਮੇ ਦੇ ਮੁੰਡੇ ਆਪਣੀ ਮਾਂ, ਯਾਨੀ ਮੇਰੀ ਮਾਮੀ ਨੂੰ ਉਸ ਦਾ ਜ਼ੋਰ ਨਾਲ ਨਾਂ ਲੈ ਕੇ ਬੁਲਾਉਂਦੇ ਸਨ:

'ਰੇ ਤੇਜੋ ! ਕਹਾਂ ਮਰ ਗੀ ਤੌਂਹ?'

ਮੇਰੀ ਛੋਟੀ ਮਾਮੀ ਤੇਜੋ ਕਿਸੇ ਬਾਹਰਲੇ ਬੰਦੇ ਨੂੰ ਆਪਣੇ ਘਰ ਦੇ ਅੰਦਰ ਫੜਕਣ ਨਾ ਦੇਂਦੀ। ਮੈਂ ਇਕੱਲਾ ਜਾਂ ਬੇਬੇ ਬਾਪੂ ਨਾਲ ਨਾਨਕੇ ਜਾਂਦਾ ਤਾਂ ਉਹ ਸਕੇ ਭੈਣ-ਭਾਈ, ਮਾਮੇ -ਭਾਣਜੇ ਦਰਮਿਆਨ ਬਾਂਸ ਲੈ ਕੇ ਖੜ੍ਹੀ ਹੋ ਜਾਂਦੀ। ਮਾਮੇ ਨੂੰ ਆਪਣੇ ਤਿੰਨ ਬੱਚੇ, ਦੋ ਮੁੰਡੇ, ਇੱਕ ਕੁੜੀ ਹੀ ਦਿਸੀ ਜਾਂਦੇ। ਅੱਗੋਂ ਉਹਨਾਂ ਦੇ ਦੋ ਨੂੰਹਾਂ ਤੇ ਇੱਕ ਜੁਆਈ ਹੋਰ ਟੱਬਰ 'ਚ ਰਲ ਗਏ। ਫੇਰ ਅੱਗੇ ਮਾਮੇ/ਮਾਮੀ ਦੇ ਅੱਠ ਪੋਤੇ, ਚਾਰ ਪੋਤੀਆਂ, ਇੱਕ ਦੋਹਤਾ, ਤਿੰਨ ਦੋਹਤੀਆਂ ਦੇਖਣ/ਸੰਭਾਲਣ ਨੂੰ ਪਏ ਸਨ। ਮਾਮੇ/ਮਾਮੀ ਨੂੰ ਵਿੱਚ ਜੋੜ ਕੇ ਉਹ ਕੁੱਲ ਚੌਵੀ ਜੀਅ ਸਨ। ਇੱਕ ਦੂਜੇ ਨਾਲ ਪਿਆਰ ਕਰਨ ਜਾਂ ਪਾੜ ਕੇ ਖਾਣ ਵਾਲੇ। ਉਥੇ, ਉਹਨਾਂ ਦੇ ਘਰ, ਕੁੰਬੜੇ ਜਾਂ ਕਰਨਾਲ ਜਾਂ ਕੁਰੁਕਸ਼ੇਤਰ... ਕਿਤੇ ਵੀ ਮੇਰੇ ਨਾਨਕਿਆਂ ਵਿਚ ਮੇਰਾ ਜਾਂ ਮੇਰੀ ਮਾਂ ਦਾ ਕੁੱਝ ਨਹੀਂ ਸੀ ਵਟੀਂਦਾ। ਮੈਨੂੰ ਉਥੇ ਕੀਹਨੇ ਬਰਦਾਸ਼ਤ ਕਰਨਾ ਸੀ? ਨਾਨਾ ਫੁੰਮਣ ਤੇ ਬੇਨਾਮ ਨਾਨੀ ਕਦੋਂ ਦੇ ਮਰ ਮੁੱਕ ਗਏ। ਦੋਹਾਂ ਮਾਮਿਆਂ 'ਚੋਂ ਰੋਇਆਂ, ਪਿੱਟਿਆਂ ਵੀ ਕੋਈ ਨਾ ਲੱਭਦਾ। ਜੀਉਂਦੇ ਵੀ ਮਰਿਆਂ ਬਰੋਬਰ।

ਮੈਂ ਇੱਕ ਵਾਰੀ ਆਪਣੇ ਮਾਮੇ ਕੋਲ ਰਾਜਪੁਰੇ ਗਿਆ ਜਿੱਥੇ ਉਹ ਚੰਗੀ ਖਾਸੀ ਜੁੱਤੀਆਂ ਦੀ ਦੁਕਾਨ ਕਰਦਾ ਸੀ। ਮਾਮੀ ਨੇ ਪਤਾ ਨਹੀਂ ਕਦੋਂ ਇਸ਼ਾਰਾ ਕਰਕੇ ਮਾਮੇ ਨੂੰ ਮੈਥੋਂ ਪਰ੍ਹੇ ਬੁਲਾ ਲਿਆ ਤੇ ਮਾਮਾ ਚੁਬਾਰੇ ਦੀ ਪੌੜੀਆਂ ਉਤਰ ਗਿਆ। ਉਹ ਢਾਬੇ ਤੋਂ ਮੇਰੇ ਲਈ ਦਾਲ ਫੁਲਕਾ ਲੈਣ ਗਿਆ ਸੀ। ਹੋਰ ਤਾਂ ਹੋਰ ਜਦੋਂ ਮੇਰਾ ਇਹ ਮਾਮਾ ਮਰਿਆ ਤਾਂ ਰਾਜਪੁਰੇ ਤੋਂ ਮੇਰੀ ਮਾਂ ਨੂੰ ਮਰੇ ਭਾਈ ਦੇ ਦਾਹ-ਸਸਕਾਰ ਵਿੱਚ ਆਉਣ ਲਈ ਸੁਨੇਹਾ ਦੇਣਾ ਵੀ ਜ਼ਰੂਰੀ ਨਹੀਂ ਸਮਝਿਆ ਗਿਆ। ਮੇਰੀ ਮਾਂ ਰੋਪੜ ਤੋਂ ਉਂਜ ਈ ਰਾਜਪੁਰੇ ਦੀ ਬੱਸ ਬੈਠ ਕੇ ਆਪਣੇ ਭਾਈ ਨੂੰ ਮਿਲਣ ਚਲੀ ਗਈ ਸੀ। ਬੱਸ ਤੋਂ ਉਤਰ ਕੇ ਬੜੇ ਭਾਈ ਦੇ ਘਰ ਨੂੰ

ਪੈਦਲ ਤੁਰ ਪਈ। ਅੱਗੋਂ ਭਾਈ ਦੀ ਮਜ਼ਲ ਆ ਰਹੀ ਸੀ। ਇਸ ਤੋਂ ਅਗਾਂਹ ਕੀ ਕਹੀਏ।

ਮੇਰੀ ਮਾਂ ਪੇਟ ਘਰੋੜੀ ਦੀ, ਨਾਨੇ ਛੁੰਮਣ ਦੀ ਛੇਵੀਂ ਸਭ ਤੋਂ ਛੋਟੀ ਅਖ਼ੀਰਲੀ ਉਲਾਦ ਸੀ। ਉਹ ਆਪਣੇ ਭਤੀਜੇ, ਭਤੀਜੀਆਂ ਨੂੰ ਗੋਦੀ ਚੁੱਕਦੀ, ਖਿਡਾਉਂਦੀ ਵਿਆਹੀ ਗਈ। ਉਹ ਆਪਣੇ ਸਭ ਤੋਂ ਵੱਡੇ ਭਤੀਜੇ ਤੋਂ ਚਾਰ ਕੁ ਸਾਲ ਵੱਡੀ ਸੀ ਤੇ ਜਦੋਂ ਬੇਬੇ ਆਪਣੇ ਬੱਚਿਆਂ ਨੂੰ ਲੈ ਕੇ ਪਿਓਕੇ ਗਈ ਤਾਂ ਉਥੇ ਪਿੰਡ ਦੇ ਅੰਦਰ ਹੋਰ ਪਿੰਡ ਵਸ ਗਿਆ ਸੀ। ਜਦੋਂ ਮੈਂ ਜੰਮਿਆ ਤਾਂ ਮਾਮੇ ਦੋਤਿਆਂ, ਪੋਤਿਆਂ ਵਾਲੇ ਬਜ਼ੁਰਗ ਸਨ। ਮਾਂ ਜਾਂ ਮੈਨੂੰ, ਜਾਂ ਮੇਰੇ ਭੈਣ-ਭਾਈਆਂ ਨੂੰ ਉਥੇ ਕੋਈ ਕੁੱਤਾ ਨਾ ਪੁੱਛਦਾ ? ਮੇਰੇ ਮਾਮਿਆਂ ਨੂੰ ਮੇਰੇ, ਸਕੇ ਭਾਣਜੇ ਦੇ ਅੰਦਰ ਚਲਦੀ ਗੁਫ਼ਤਗੂ  ਦਾ ਕੋਈ ਇਲਮ ਨਹੀਂ ਸੀ।

ਤੇ ਮੇਰਾ ਬੱਚਾ (ਜੋ ਮੇਰਾ ਬਚਪਨ ਦਾ ਰੂਪ ਸੀ) ਮੋਹ ਦੇ ਬਹੁਤ ਸਾਰੇ ਸਰੋਤਾਂ ਤੋਂ ਵਿਰਵਾ ਰਹਿ ਗਿਆ ! ?? ਸੁਆਲੀਆ ਨਿਸ਼ਾਨ ਖੜਾ ਹੋ ਗਿਆ ਨਾ। ਰਿਸ਼ਤਿਆਂ ਦੇ ਵਿਚਾਲੇ। ਬਾਂਸ ਦਾ ਡੰਡਾ।

ਵੱਡਾ ਮਾਮਾ ਬਚਨਾ ਆਉਂਦਾ ਤਾਂ ਬਾਪੂ ਸ਼ਾਮ ਨੂੰ ਮੀਟ ਲਿਆਉਂਣ ਬਾਰੇ ਸੋਚਣ ਲੱਗ ਪੈਂਦਾ। ਮਾਮਾ ਬਚਨਾ ਆਇਆ ਨਹੀਂ, ਕਿ ਬਾਪੂ ਕਸਾਈ ਵੱਲ ਨੂੰ ਤੁਰਿਆ ਨਹੀਂ। ਬਚਨਾ ਮਾਮਾ ਮੀਟ ਖਾਣ ਦਾ ਸ਼ੁਕੀਨ ਸੀ। ਜਦ ਉਹਨੇ ਆਉਣਾ ਤਾਂ ਸਮਝੋ ਘਰ 'ਚ ਮੀਟ ਜ਼ਰੂਰ ਬਣੂ। ਮੇਰਾ ਬਾਪ ਮੇਰੀ ਮਾਂ ਤੇ ਮਾਮੇ ਨੂੰ ਕਦੇ ਲਾ ਕੇ ਗੱਲ ਕਹਿੰਦਾ:

" ਤੁਸੀਂ ਦੋਹੇਂ ਜਣੇ ਇੱਜੜਾਂ ਦੇ ਇੱਜੜ ਬੱਕਰੀਆਂ ਖਾ ਗੇ।"

ਆਉਂਦਾ ਤਾਂ ਤਿੰਨ ਚਾਰ ਦਿਨ ਨਾ ਜਾਂਦਾ। ਦੂਸਰੇ ਦਿਨ ਬਾਪੂ ਉਸ ਨੂੰ ਬੱਕਰੇ ਦੀ ਸਿਰੀ/ਖਰੌੜੇ ਲਿਆ ਦਿੰਦਾ। ਤੀਸਰੇ ਦਿਨ ਪੋਟਾ ਦੁਆ ਦਿੰਦਾ ਜਿਹੜਾ ਸਾਰਾ ਦਿਨ ਹਾਰੇ ਵਿੱਚ ਉੱਬਲਦਾ ਰਹਿੰਦਾ। ਆਪਣੇ ਪਿੰਡ ਮਜ਼ਬੀਆਂ ਨਾਲ ਰਲ਼ਕੇ ਉਹ ਬੱਕਰੇ ਦੇ ਖ਼ੂਨ ਦੀ ਸਬਜ਼ੀ ਜਿਸਨੂੰ ਉਹ 'ਗੁੱਝੀ' ਕਹਿੰਦਾ ਸੀ ਵੀ ਖਾਈ ਜਾਂਦਾ।

ਉਹਨਾਂ ਸਮਿਆਂ ਵਿੱਚ ਦੇਸੀ ਮੁਰਗੇ, ਜਾਂ ਆਮ ਕਰਕੇ ਬੱਕਰੇ ਦਾ ਮੀਟ ਮਿਲਦਾ ਸੀ। ਮਾਮਾ ਮੀਟ ਖਾ ਕੇ " ਜੀਜਾ ਸੈਂ, ਜੀਜਾ ਸੈਂ।" ਕਹੀ ਜਾਂਦਾ । ਛੜਾ ਮਲੰਗ ਸੀ। ਜੁਆਨੀ ਪਹਿਰੇ ਉਸਦੀ ਤੀਂਮੀਂ ਦੋ ਕੁੜੀਆਂ ਪਿੱਛੇ ਛੱਡ ਕੇ ਤੁਰਦੀ ਹੋਈ। ਅੱਗੇ ਕੋਈ ਤੀਂਮੀਂ ਨਾ ਟੱਕਰੀ। ਤੀਂਮੀਂ ਦਾ ਮਤਲਬ ਖਰਚਾ। ਉਹ ਕਦੇ ਪੈਸਾ ਨਹੀਂ ਖਰਚਦਾ ਸੀ। ਪੈਸੇ ਉਸ ਕੋਲ ਹੁੰਦੇ ਹੀ ਨਹੀਂ ਸਨ। ਕਮਾਉਂਦਾ ਕੁੱਝ ਵੀ ਨਹੀਂ ਸੀ। ਕੋਈ ਕੰਮ ਕਰਨ ਨੂੰ ਉਸ ਦਾ ਜੀਅ ਨਹੀਂ ਸੀ ਕਰਦਾ। ਕਹਿੰਦਾ: 'ਇਬ ਕਿਸਨੂੰ ਕਰਕੈ ਦਖਾਮਾਂ।' ਕਦੇ ਜਾਂਦਾ ਜਾਂਦਾ ਬੇਬੇ ਤੋਂ ਬੱਸ ਦਾ ਕਿਰਾਇਆ ਵੀ ਮੰਗ ਲੈਂਦਾ।

ਕੁੰਭੜੇ ਤੋਂ ਮਾਮਾ ਬਚਨਾ ਜਦੋਂ ਵੀ ਸਾਡੇ ਘਰ ਆਉਂਦਾ ਤਾਂ ਇੰਝ ਲੱਗਦਾ ਜਿਵੇਂ ਸਿੱਧਾ ਨਾਈ ਦੀ ਕੁਰਸੀ ਤੋਂ ਉੱਠਕੇ ਆਇਆ ਹੋਵੇ। ਨਿਗ੍ਹਾ ਦੀ ਐਨਕਾਂ ਹਰ ਵਖ਼ਤ ਲਾਈ ਰੱਖਦਾ। ਸਾਫ-ਸੁਥਰਾ ਰਹਿੰਦਾ ਸੀ। ਕਦੇ ਖਿਆਲ ਨਹੀ ਆਇਆ ਕਿ ਕੋਈ ਗੰਦ, ਗੰਦਗੀ ਉਸ ਨਾਲ ਜੁੜੀ ਹੋਵੇ। ਕੁਤਰੀ ਹੋਈ ਖਸਖਸੀ ਦਾਹੜੀ। ਨਵਾਂ ਚਾਦਰਾ। ਕਲੀਆਂ ਵਾਲਾ ਕੁੜਤਾ। ਪੱਗ ਬੰਨ੍ਹੀ ਹੋਣੀ। ਹੱਥਾਂ ਪੈਰਾਂ ਦਾ ਰੰਗ ਗੋਰਾ ਲਾਲ। ਐਨਾ ਗੋਰਾ ਲਾਲ ਰੰਗ ਜਣੇ ਖਣੇ ਦਾ ਨਹੀਂ ਹੋ ਸਕਦਾ। ਤੁਹਾਨੂੰ ਲੱਗੂ ਕਿ ਇਹਦੀ ਚਮੜੀ ਨੂੰ ਛੂਹਿਆਂ ਖ਼ੂਨ ਹੱਥਾਂ ਨੂੰ ਲੱਗ ਜਾਵੇਗਾ। ਤੁਸੀਂ ਉਸ ਦੀਆਂ ਉਂਗਲੀਆਂ ਫੜ ਕੇ ਦੇਖੋ। ਸਖ਼ਤ। ਜਿਵੇਂ ਕਿਸੇ ਤਰਖ਼ਾਣ ਨੇ ਟਾਹਲੀ ਦੀ ਲੱਕੜ ਦੀਆਂ ਘੜ ਕੇ ਲਾਈਆਂ ਹੋਣ। ਓਹਦੀ ਖੱਲ ਛੂਹ ਕੇ ਦੇਖੋ। ਬਾਸੀ ਰੋਟੀ ਵਰਗੀ ਚਮੜੀ... ਲੋਹੇ ਦੇ ਹੱਥ...। ਉਹ ਕੁਰਮ ਦੀਆਂ, ਭੇਡੀ ਦੀਆਂ, ਧੌੜੀ ਦੀਆਂ ਜੁੱਤੀਆਂ ਬਣਾਓਣ ਦਾ ਮਾਹਿਰ ਕਾਰੀਗਰ ਸੀ। ਕਦੇ ਕਦੇ ਆਪਣੀ ਜਾਂ ਕਿਸੇ ਆੜੀ ਜੱਟ ਦੀ, ਬ੍ਰਾਮਣ ਦੀ ਜੁੱਤੀ ਬਣਾ ਦਿੰਦਾ। ਬੜਾ ਚਿਰ ਹੋਇਆ ਉਸ ਨੇ ਆਪਣੀ ਪੱਥਰੀ ਚੁੱਕ ਕੇ ਪਿਛਲੇ ਨ੍ਹੇਰੇ ਨਾਲ ਭਰੇ 'ਅੰਦਰ'  'ਚ

ਟਿਕਾਅ ਦਿੱਤੀ ਸੀ। ਇਹ 'ਅੰਦਰ' ਸਭ ਤੋਂ ਪਿਛਲਾ ਕੱਚਾ ਕੋਠਾ ਉਹਨਾਂ ਘਰਾਂ 'ਚ ਹੁੰਦਾ ਜਿਹਨਾਂ ਵਿਚ ਕਮਰੇ (?) ਇਕ ਦੇ ਪਿੱਛੇ ਦੂਸਰਾ, ਤੀਸਰਾ ਫਸਿਆ ਹੁੰਦਾ। ਖੱਬੇ ਸੱਜੇ ਚਮ੍ਹਾੜੀ ਦੇ ਹੋਰਾਂ ਦੇ ਐਵੇਂ ਦੇ, ਪਿੱਛੇ ਨੂੰ ਲੰਬੇ ਸੀਲ ਬੰਦ ਘਰ ਹੁੰਦੇ। ਇਸ ਅੰਦਰ ਬਚਨੇ ਮਾਮੇ ਨੇ ਆਪਣੇ ਚੋਲੇ ਛੱਡ ਚੁੱਕੇ ਪੁਰਖ਼ਿਆਂ ਦੀਆਂ ਪੱਥਰੀਆਂ ਉਹਨਾਂ ਦੀ ਯਾਦ ਵਜੋਂ ਇਕ ਦੂਜੀ ਉਤੇ ਚਿਣ ਕੇ, ਸੰਭਾਲ ਕੇ ਰੱਖੀਆਂ ਹੋਈਆਂ ਸਨ। ਉਸ ਨੇ ਆਪਣੀ ਪੱਥਰੀ ਜਿਉਂਦੇ ਜੀਅ ਪਿੱਛੇ ਟਿਕਾ ਦਿੱਤੀ ਸੀ। ਏਸੇ ਅੰਦਰ ਚਾਰ ਪੰਜ ਪੁਰਾਣੇ ਪਿੱਤਲ ਦੇ ਹੁੱਕੇ ਵੀ ਸਨ। ਕਦੇ ਮਾਮਾ ਬਚਨਾ ਹੁੱਕਾ ਪੀਂਦਾ ਹੁੰਦਾ ਸੀ। ਸਮਾਂ ਪਾ ਕੇ ਇਹਨਾਂ ਹੁੱਕਿਆਂ 'ਚੋਂ ਪਾਣੀ ਮੁੱਕ ਗਿਆ। ਫੇਰ ਉਹ ਬੀੜੀਆਂ ਪੀਣ ਲੱਗ ਪਿਆ ਸੀ। ਸਸਤੀਆਂ। ਇਹਨਾਂ ਹੁੱਕਿਆਂ ਦੇ ਨੇਚੇ ਸਭ ਤੋਂ ਪਿਛਲੀ ਕੰਧ ਉੱਤੇ ਲੁਕੋ ਕੇ ਇੰਝ ਕਿੱਲੀਆਂ 'ਤੇ ਲਟਕਾਏ ਹੋਏ ਦੇਖੇ ਜਿਵੇਂ ਵੱਡੇ ਜ਼ੈਲਦਾਰਾਂ ਦੇ ਡਰਾਇੰਗ ਰੂਮਾਂ ਵਿਚ ਦੁਨਾਲੀਆਂ ਰਫਲਾਂ ਟੰਗੀਆਂ ਹੁੰਦੀਆਂ। ਮਾਮਾ ਬਚਨਾ ਆਉਂਦਾ ਸੀ। ਲਗਾਤਾਰ ਆਉਂਦਾ ਸੀ। ਛੜੇ ਮਲੰਗ ਨੂੰ ਹੋਰ ਕਿਤੇ ਜਾਣ ਨੂੰ ਥਾਂਓਂ ਵੀ ਕੋਈ ਨਹੀਂ ਸੀ। ਜਦ ਆਉਂਦਾ ਸੀ ਤਾਂ ਕਈ ਰਾਤਾਂ/ ਦਿਨ ਕੱਟ ਕੇ ਮੁੜਦਾ ਸੀ। ਇਹ ਦਿਨ-ਕਟੀ ਕਰਨ ਵਾਲਾ ਸਮਾਂ ਸੀ। ਉਸਦੇ ਆਉਣ ਦੇ ਵੀ ਆਪਣੇ ਕਾਰਨ ਸਨ। ਉਸ ਭਗਤ ਕੋਲ ਕੁੱਝ ਵੀ ਐਸਾ ਨਹੀਂ ਸੀ ਜੀਹਦੇ ਖੁਸ ਜਾਣ ਦਾ ਡਰ ਭੈਅ ਹੁੰਦਾ ਹੋਵੇ। ਮਾਮਾ ਵੀ ਵਖ਼ਤ ਦਾ ਮਾਰਿਆ ਮਰਾਸੀ ਹੋਇਆ ਸੀ। ਮੋਢੇ 'ਤੇ ਟੰਗਿਆ ਪਰਨਾ ਸੰਭਾਲਦਾ ਕੋਢਾ ਹੋ ਕੇ ਮੇਰੀ ਮਾਂ ਨੂੰ ਮੱਥਾ ਟੇਕਦਾ ਤਾਂ ਮੈਨੂੰ ਚੰਗਾ ਲੱਗਦਾ:

"ਮੱਥਾ ਟੇਕਾਂ ਬੀਬੀ", ਮੇਰੀ ਮਾਂ ਉਸ ਤੋਂ ਵੀਹ ਸਾਲ ਛੋਟੀ ਸੀ।

"ਹੋਰ ਜੀਜਾ ਸੈਂ!", ਬਾਪੂ ਨੂੰ ਮੁਖ਼ਾਤਬ ਹੁੰਦਾ।

"ਹੋਰ, ਕਿਆ ਤੇਰਾ ਨਾਂਓ?", ਮੈਨੂੰ ਬੁਲਾਉਂਦਾ, "ਭਾਣਜਾ ਸੈਂ। ਮੇਰਾ ਪੁੱਤ, ਕੈਮੀ ਮਾ ਪੜ੍ਹਾਂ ਇਬ।"

ਜੇ ਓਹਦੇ ਘਰ ਹੁੰਦਿਆਂ ਅਸੀਂ ਕੋਈ ਇੱਲਤ ਕਰਦੇ ਤਾਂ ਉਸ ਦੀ ਬੋਲ ਬਾਣੀ ਸੁਣੋ:

"ਨਗੰਦ ਦੂੰ ਤਨੂੰ ਚਿੱਬੜ ਜ੍ਹੇ ਨੂੰ।"

"ਰੇ ਆ ਹਿਆਂ। ਖਬੀਲ ਫੇਰਾਂ ਤੇਰੇ ਮੁੱਚਰੂ 'ਪਰ।"

ਮੇਰੀ ਮਾਂ ਕਹਿੰਦੀ:

"ਢ੍ਹੀਦਾ ਬਾਪ ਮਰ ਗਿਆ ਤਾ ਛੋਟੇ ਜ੍ਹੇ ਦਾ। ਮਤਰੇਆ ਬਾਪ। ਛੋਟੇ ਜ੍ਹੇ ਨੂੰ ਕੰਮ ਲਾ ਲਿਆ... ਬਗਾਨੇ ਮੂਹਰੇ ਕੰਮ ਕਰਨਾ! ਸੌਖਾ ਪਿਆ? ਗੰਨਿਆਂ ਦੀਆਂ ਮਣ ਮਣ ਦੀਆਂ ਭਰੀਆਂ ਲੱਦ ਦਿੰਦਾ ਈਹ 'ਪਰ। ਪੋਂਡੇ (ਪੋਨੇ) ਢੋਂਦੇ ਦੀਆਂ ਇਸ ਬਚਾਰੇ ਦੀਆਂ ਲੱਤਾਂ ਬਾਹਰ ਨੂੰ ਬੀਂਗੀਂਆਂ ਹੋ ਗੀਆਂ।"

ਬਚਨੇ ਦੀ ਘਰ ਵਾਲੀ ਮਰੀ ਤਾਂ ਉਹਦੀ ਰੋਟੀ ਦਾ ਕਸੂਤਾ ਪੰਗਾ ਪੈ ਗਿਆ। ਉਹਦਾ ਭਤੀਜਾ ਵੀ ਉਹਦੇ ਕੋਲ ਹੀ ਰਹਿੰਦਾ ਸੀ। ਉਹਦਾ ਭਤੀਜਾ ਉਸ ਨੂੰ ਰਜਮੀ ਰੋਟੀ ਤਾਂ ਦੇ ਸਕਦਾ ਸੀ। ਪਰ ਭਤੀਜੇ ਦੇ ਰੋਟੀ ਬਣਾਉਣ, ਉਹਦੀ ਥਾਲੀ 'ਚ ਪਾਉਣ ਅਤੇ ਉਹਦੇ ਖਾਣ ਤੱਕ ਮਾਮੇ ਦੀ ਹਦਕ ਹੋ ਜਾਂਦੀ ਸੀ। ਸਾਰੀਆਂ ਰਿਸ਼ਤੇਦਾਰੀਆਂ ਵਿਚ ਓਹਦੀ ਰੋਟੀ ਦਾ ਰੌਲ਼ਾ ਪਿਆ ਰਹਿੰਦਾ। ਆਟੇ ਦੀ ਰੋਟੀ!! ਕਦੇ ਸੀਬੇ ਦੇ ਘਰ। ਕਦੇ ਕਿਤੇ। ਕਦੇ ਕਿਤੇ। ਨਾਲ ਈ ਅਗਲਾ ਕਹਿ ਦਿੰਦਾ: 'ਹਮੇ ਤਨੂੰ ਭੁੱਖਾ ਨੀਂ ਮਰਨ ਦੇਹਾਂ।' ਬਚਨਾ ਪਲ ਪਲ ਮੌਤ ਜੀਊਂਦਾ ਸੀ। ਕਦੇ ਉਸ ਨੇ ਆਪ ਰੋਟੀ ਬਣਾਉਣ ਦੀ ਕੋਸ਼ਿਸ਼ ਕੀਤੀ। ਕਾਮਯਾਬ ਨਹੀਂ ਹੋ ਸਕਿਆ। ਜੁੱਤੀਆਂ ਤੋਂ ਸਿਵਾ ਉਸ ਨੂੰ ਕੁੱਝ ਵੀ ਬਣਾਉਣ ਦੀ ਜਾਚ ਨਹੀਂ ਸੀ। ਕਦੇ ਮਾਮੇ ਦਾ ਫ਼ੌਜੀ ਜੁਆਈ ਆਪਣੀ ਘਰਵਾਲੀ ਮਾਮੇ ਪਾਸ ਛੱਡ ਗਿਆ ਕਿ ਬਚਨੇ ਦੀ ਰੋਟੀ ਪੱਕਦੀ ਰਹੂ। ਤਾਂ ਵੀ ਰੌਲ਼ਾ ਪੈਂਦਾ ਹੀ ਰਿਹਾ।

ਇੱਕ ਵਾਰ ਇੱਕ ਦੁਖਿਆਰੀ ਜ਼ਨਾਨੀ ਸਾਡੇ ਘਰ ਪਹਾੜਾਂ ਵੱਲੋਂ ਆ ਗਈ, ਨੰਗਲ-ਆਨੰਦਪੁਰ ਵੱਲੋਂ। ਗੋਦੀ ਓਹਦੇ ਛੋਟੀ ਜਿਹੀ ਲੜਕੀ। ਘਰ ਵਾਲੇ ਤੋਂ ਦੁੱਖੀ ਹੋ ਕੇ ਘਰੋਂ ਭੱਜ ਆਈ। ਮੇਰੀ ਮਾਂ ਨੂੰ ਕਹੇ 'ਬੀਬੀ ਤੂੰ ਮੈਨੂੰ ਜਿਥੇ ਮਰਜੀ ਬਹਾਲ ਦੇ'। ਬੇਬੇ ਨੂੰ ਵਿਚਾਰ ਆਇਆ ਕਿ ਕਿਉਂ ਨਾ ਇਹ ਤੀਂਵੀਂ ਮੈਂ ਆਪਣੇ ਭਾਈ ਬਚਨੇ ਨੂੰ ਕਰਾ ਦੇਵਾਂ। ਉਸ ਦਾ ਘਰ ਵਸਾ ਦੇਵਾਂ। ਬਚਨੇ ਦੀ ਰੋਟੀ ਪੱਕਦੀ ਹੋ ਜੂ। ਮੇਰਾ ਬਾਪੂ ਉਸਨੂੰ  ਦਾੜੀ ਰੰਗਾ ਕੇ, ਬਣਾ ਠਣਾ ਕੇ ਲਿਆਉਣ ਜਾਣ ਨੂੰ ਤਿਆਰ ਹੋ ਗਿਆ। ਮੇਰੀ ਮਾਂ ਨੇ ਉਸ ਜ਼ਨਾਨੀ ਦੀ ਬਹੁਤ ਸੇਵਾ ਕੀਤੀ। ਉਹ ਪਹਾੜੀ ਔਰਤ ਚੌਲ਼ਾਂ ਦੀ ਬਹੁਤ ਸ਼ੁਕੀਨ ਸੀ। ਓਹ ਓਪਰੀ ਜ਼ਨਾਨੀ ਬੇਬੇ ਦੀ ਭਰਜਾਈ ਬਣਦੀ ਬਣਦੀ ਡੂਢ ਮਹੀਨਾ ਸਾਡੇ ਘਰ ਰਹੀ। ਮੇਰਾ ਮਾਮਾ ਦੁਬਾਰਾ ਵਿਆਹ ਕਰਵਾਉਣਾ ਨਾ ਮੰਨਿਆ। ਜਦੋਂ ਮਾਮਾ ਬਚਨਾ ਉਹ ਔਰਤ ਬਾਰੇ ਸੋਚਣ, ਵਿਆਹ ਕਰਨ ਤੋਂ ਮੁਕਰਿਆ ਯਾ ਮੁਕਰਾ ਦਿੱਤਾ ਤਾਂ ਉਸ ਔਰਤ ਨੂੰ ਮੇਰੀ ਮਾਂ ਤੋਂ 'ਮੰਗਣ' ਮੇਰਾ ਸਭ ਤੋਂ ਛੋਟਾ ਚਾਚਾ ਨਸੀਬ ਆ ਗਿਆ। ਕਹਿੰਦਾ: 'ਮੇਰੀ ਤੀਮੀਂ ਕਿਹੜਾ ਰਾਜੀ ਰਹਿੰਦੀ ਐ। ਮੈਂ ਹੀ ਰੱਖ ਲਿੰਦਾ ਇਸ ਨੂੰ'। ਮੇਰੀ ਮਾਂ ਕਹਿੰਦੀ ਕਿ ਤੇਰੀ ਤੀਮੀਂ ਨੇ ਮਰਨ ਤੱਕ ਮੇਰੇ ਪੁੱਤ ਪਿੱਟੀ ਜਾਣੇ ਐ। ਉਸ ਤੀਂਮੀਂ ਵਾਸਤੇ ਲਾਲਾਂ ਗੇਰਦਾ ਮੇਰੇ ਤਾਏ ਦਾ ਮੁੰਡਾ ਸਾਧੂ ਸਿੰਘ ਵੀ ਬੇਬੇ ਨੂੰ ਦਰਖ਼ਾਸਤ ਦੇ ਗਿਆ: 'ਚਾਚੀ ਮੇਰੀ ਤੀਮੀਂ ਤਾਂ ਸਿਆਲ ਨੀਂ ਕੱਟਦੀ।'

ਅਸਲ ਵਿਚ ਮਾਮੇ ਦੀ ਫ਼ੌਜੀ ਨੂੰ ਵਿਆਹੀ ਹੋਈ ਵੱਡੀ ਧੀ (ਜਿਹੜੀ ਆਪਣੇ ਦੋ ਜੁਆਕਾਂ ਨਾਲ ਮਾਮੇ ਦੇ ਘਰ ਵਿਚ ਹੀ ਰਹਿ ਰਹੀ ਸੀ) ਮਿਹਣੇ ਦੇਣ ਲੱਗ ਪਈ:

" ਤੂੰ ਹੁਣ ਘੋੜੀ ਚੜੂੰਗਾ, ਦਾੜ੍ਹੀ ਤੇਰੀ ਬੱਗੀ ਪਈ। ਝਾਟਾ ਤੇਰਾ ਚਿੱਟਾ" ਉਸ ਨੇ ਮਾਮੇ ਦਾ ਘਰ, ਸਭ ਕੁੱਝ ' ਸੰਭਾਲਿਆ' ਹੋਇਆ ਸੀ।

ਕਿਸੇ ਸਮੇਂ ਮੇਰੀ ਮਾਂ ਦੋ ਨਿਆਣਿਆਂ - 'ਕੁੜੀ ਅਰ ਛੋਕਰਾ ਗੈਲ' ਮਾਮੇ ਬਚਨੇ ਦੇ ਘਰ ਰਹੀ ਸੀ। ਉਸਦੇ ਘਰਵਾਲਾ ਕਰਜ਼ੇ ਹੇਠ ਦੱਬਿਆ ਘਰੋਂ ਭੱਜ ਗਿਆ ਸੀ। ਕਰਜ਼ਾ ਬਹੁਤ ਮਾਮੂਲੀ ਸੀ ਪਰ ਉਹੀ ਨਹੀਂ ਸੀ ਉਤਰਦਾ। ਉਹਨੇ ਕੋਈ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਉਹਦੀ ਕੋਈ ਖਬਰ ਨਹੀਂ ਸੀ ਛਪੀ। ਉਹ ਲਾ-ਪਤਾ ਹੋ ਗਿਆ ਸੀ। ਬਾਅਦ 'ਚ ਪਤਾ ਲੱਗਿਆ ਕਿ ਉਹ ਪੀਲੀਭੀਤ ਸਾਧਾਂ ਦੇ ਡੇਰੇ ਵਿਚ ਜਾ ਰਲਿਆ ਸੀ। ਜੁਆਨ ਜਹਾਨ ਮੇਰੀ ਮਾਂ ਨੂੰ ਮਾਮੇ ਨੇ ਮੋਟੇ ਖਦਰ ਦੇ ਦੋ ਕੁੜਤੇ ਪਜ਼ਾਮੇ ਸੁਆ ਦਿੱਤੇ ਸਨ ਤਾਂ ਕਿ ਉਹ ਇੱਕ  ਧੋਵੇ, ਦੂਜਾ ਪਾਵੇ। ਮਾਂ ਦੱਸਦੀ ;' ਤੇਰਾ ਮਾਮਾ- ਬਚਨਾ ਕਹਿੰਦਾ: ਬੀਬੀ ਉਦੋਂ ਤੱਕ ਮੇਰੇ ਘਰ ਰਹਿ ਜਦ ਤੱਕ ਤੇਰੇ ਘਰਵਾਲਾ ਮੁੜ ਨਹੀਂ ਆਉਂਦਾ ਜਾਂ ਕੋਈ ਹੋਰ ਹੀਲਾ ਨਹੀਂ ਹੋ ਜਾਂਦਾ। ਘਰ ਤੋਂ ਬਾਹਰ ਪੈਰ ਨਹੀਂ ਪੁੱਟਣਾ। ਆਪਣੀ ਇੱਜਤ ਪੱਲੇ ਰਖਣੀ।' ਪਤਾ ਨਹੀਂ ਬੇਬੇ ਦੋ ਸੂਟਾਂ 'ਚ ਕਿੰਨਾ ਚਿਰ ਉਸ ਕੋਲ ਰਹੀ। ਕਦੇ ਕਹਿੰਦੀ ਦੋ ਸਾਲ ਰਹੀ। ਕਦੇ ਕਹਿੰਦੀ ਢਾਈ। ਕਦੇ ਤਿੰਨ।

ਜਿਹੜਾ ਮਾਮਾ ਬੱਚਿਆਂ ਨੂੰ ਲੱਭਦਾ, ਉਹ ਮਾਮਾ ਮੈਨੂੰ ਬਚਨੇ ਵਿੱਚੋਂ ਵੀ ਨਹੀਂ ਮਿਲਿਆ। ਤਾਂ ਵੀ ਉਹ ਬਜ਼ੁਰਗ ਮੈਨੂੰ ਬਹੁਤ ਚੰਗਾ ਲੱਗਦਾ ਸੀ। ਮਾਮੇ ਬਚਨੇ ਨੇ ਮੇਰੀ ਮਾਂ ਨਾਲ ਦੋ ਸਾਲ ਰੱਜਵਾਂ ਦੁੱਖ ਹੰਢਾਇਆ ਸੀ। ਚੰਡੀਗੜ੍ਹ ਇਕੱਲੇ ਰਹਿੰਦਿਆਂ ਮੈਂ ਉਸ ਨੂੰ ਕਿਹਾ ਕਿ ਮਾਮਾ ਤੂੰ ਮੇਰੇ ਕੋਲ ਰਹਿ ਪਰ ਉਹ ਚੁੱਪ ਹੋ ਗਿਆ ਸੀ। ਉਸਨੇ ਕੋਈ ਇਨਕਾਰ ਨਹੀਂ ਸੀ ਕੀਤਾ। ਉਹਨੇ ਮੇਰੇ ਨਾਲ ਬੋਲਣ ਨਾਲੋਂ ਆਪਣੇ ਨਾਲ ਹੀ ਗੁਫਤਗੂ ਕਰਨੀ ਚੰਗੀ ਸਮਝੀ। ਮੇਰੀ ਮਾਂ ਓਹਦੇ ਕੋਲ਼ ਲਗਾਤਾਰ ਦੋ ਤਿੰਨ ਸਾਲ ਰਹੀ ਸੀ। ਉਹ ਸਾਡੇ ਕੋਲ਼ ਤਿੰਨ ਚਾਰ ਦਿਨ ਮਸਾਂ ਕੱਟਦਾ ਸੀ।

ਜਦੋਂ ਮੇਰੇ ਦਾਦੇ ਨੂੰ ਪਤਾ ਲੱਗਿਆ ਕਿ ਕੁੰਭੜੇ ਪਿੰਡ ਵਿਚ ਪੰਜਾਬ ਕੌਰ ਨੂੰ ਕਿਸੇ ਹੋਰ ਦੇ ਘਰ ਵਸਾਉਣ ਲਈ ਹੀਲਾ ਵਸੀਲਾ ਕੀਤਾ ਜਾ ਰਿਹਾ ਹੈ ਤਾਂ ਓਹ ਧਰਨਾ ਲਾ ਕੇ ਬਹਿ ਗਿਆ: ਕਹਿੰਦਾ: 'ਤੁਸੀਂ ਸਾਨੂੰ

ਮਰੇ ਹੋਏ ਸਮਝ ਲਿਆ। ਮੇਰੇ ਮੁੰਡੇ ਦਾ ਘਰ ਪੱਟਣਾ? ਮੇਰੇ ਪੋਤੇ ਪੋਤੀਆਂ ਰੋਲ਼ਣੀਆਂ? ਤੁਸੀਂ ਕਰਕੇ ਦਿਖਾਓ! ਮੈਂ ਵੀ ਚਮਾਰ ਦਾ ਪੁੱਤ ਨੀਂ ਜੇ ਥੁਆੜਾ ਸਾਰਾ ਪਿੰਡ ਨਾ ਮੈਂ ਠਾਣੇ 'ਚ ਠੁਕਾਅ 'ਤਾ।' ਇਹ ਉਦੋਂ ਤੱਕ ਦੀ ਗੱਲ ਐ ਜਦੋਂ ਤੱਕ ਮੈਂ ਜੰਮਿਆ ਨਹੀਂ ਸੀ। ਮੈਂ ਆਪਣੀ ਮਾਂ ਦੀ ਚੌਥੀ ਉਲਾਦ ਸੀ। ਮੇਰੇ ਦਾਦੇ ਦੀ ਦਿੱਤੀ ਸੱਚੀ, ਝੂਠੀ ਧਮਕੀ ਕਾਰਨ ਮੈਂ ਆਪਣੇ ਇਸ ਪ੍ਰੀਵਾਰ 'ਚ ਜੰਮਿਆ। ਪਲਿਆ। ਜੇ ਮੇਰਾ ਦਾਦਾ ਪੂੰਨੂੰ ਰਾਮ ਉਸ ਮੌਕੇ ਹੱਥ ਨਾ ਦਿਖਾਉਂਦਾ, ਤਾਂ ਕੋਈ ਰੱਬ ਜਾਣਦਾ ਕਿ ਮੈਂ ਜੰਮਦਾ, ਕਿ ਨਾ ਜੰਮਦਾ ਯਾ ਕਿੱਥੇ ਜੰਮਦਾ।

ਮੈਂ ਇੱਥੋਂ ਤੱਕ ਉਹਨਾਂ ਭੈਣਾਂ ਭਾਈਆਂ, ਨਿਮਾਣੇ ਜਹੇ ਬੰਦਿਆਂ ਦਾ ਛੋਟਾ ਜਿਹਾ ਇਤਿਹਾਸ ਆਟੇ ਦੀ ਲੇਟੀ ਲਾ ਕੇ ਜੋੜ ਦਿੱਤਾ ਹੈ। ਇਹ ਕਥਾ ਕਿਸੇ ਹੋਰ ਨੇ ਚੱਜ ਨਾਲ ਸੁਣੀ ਹੋਵੇ ਨਹੀਂ ਪਤਾ। ਚੱਜ ਨਾਲ ਲਿਖੀ ਮੈਥੋਂ ਵੀ ਨਹੀਂ ਜਾ ਰਹੀ। ਮੈਂ ਇਹਨਾਂ ਰਿਸ਼ਤਿਆਂ ਦੀ ਭਾਲ ਕਰਦਾ ਭੂਸ਼ਨ ਦੀ ਦਿਹਲੀ 'ਤੇ ਬੈਠਾ ਸ਼ਬਦ ਸੰਸਾਰ, ਸਾਹਿਤ ਵਿਚ ਆਇਆ। ਖਾਲੀ ਖ਼ਾਨਿਆਂ ਵਿਚ ਲਿਖਿਆ। ਯਾ ਲਿਖਣ ਦੀ ਕੋਸ਼ਿਸ਼ ਕੀਤੀ। ਲਿਖਿਆ। ਲਿਖਦਿਆਂ ਲਿਖਦਿਆਂ ਸਿੱਖਿਆ। ਮੈਂ ਆਪਣੀ ਰੂਹ ਨੂੰ ਭਰਨਾ ਤੇ ਫੇਰ ਇਸ ਪਾਤਰ ਨੂੰ ਖਾਲੀ ਕਰਨਾ ਸਿੱਖਿਆ। ਲਿਖਦੇ ਲਿਖਦੇ ਸਿੱਖਦੇ ਰਹਿਣ ਦੇ ਭਰਮ ਨੂੰ ਪੱਲ਼ੇ ਬੰਨ੍ਹਣਾ ਲੋਚਿਆ। ਮੈਂ ਇਹਨਾਂ ਲੋਕਾਂ ਦੀ ਪ੍ਰਤੀਤ ਬਾਰੇ ਪੁੱਛ-ਗਿੱਛ ਕਰਨ ਤੋਂ ਨਹੀਂ ਹਟਦਾ। ਆਪਣੇ ਦਿਮਾਗ ਵਿਚ ਲਗੀ ਫ਼ਿਰਕੀ ਭਰੀ ਜਾਂਦਾ ਹਾਂ। ਮੈਂ ਚੁਸਤ ਚਲਾਕ ਚੋਰ ਵਾਂਗ ਕਿਸੇ ਦੇ ਜੀਵਨ ਵਿਚ ਝਾਕਦਾ ਰਹਿੰਦਾ ਹਾਂ। ਬਤੌਰ ਲੇਖਕ ਮੈਂ ਕੋਰੇ ਕਾਗਜ ਉਤੇ ਲਿਖੇ ਹਰਫ਼ਾਂ ਨੂੰ ਇਨਸਾਨ ਦੀ ਉਚੀ ਤੋਂ ਉਚੀ, ਡੂੰਘੀ ਤੋਂ ਡੂੰਘੀ, ਗੰਦੀ ਤੋਂ ਗੰਦੀ, ਚੰਗੀ ਤੋਂ ਚੰਗੀ ਸੀਮਾ ਤੱਕ ਲਿਜਾਣ ਦੀ ਤਾਕ 'ਚ ਬੈਠਾ ਹਾਂ। ਆਮੀਨ।

(**ਸੰਪਰਕ**-79865-74374)


# ਪਰਵਾਜ਼ ਪ੍ਰਕਾਸ਼ਨ
# ਵੱਲੋਂ
# ਪ੍ਰਕਾਸ਼ਤ
# ਕੇਵਲ ਸਿੰਘ ਪਰਵਾਨਾ
# ਦਾ ਨਵਾਂ ਨਾਵਲ

# ਦਿਸ਼ਾ

## ਪੁਰਖਿਆ ਦੀ ਰਾਖ਼ /- ਭਗਵੰਤ ਰਸੂਲਪੁਰੀ

"ਤੁਹਾਡਾ ਪਿੰਡ ਅਰਾਂਈ ਮੁਸਲਮਾਨਾਂ ਦੇ ਟੱਬਰ ਬਹੁਤ ਸਨ। ਬਾਕੀ ਘਰ ਤਾਂ ਘੱਟ ਈ ਸਨ। ਸੰਤਾਲੀ ਵੇਲੇ ਸਾਰੇ ਉਜੜ ਗਏ। ਮੈਂ ਜਾਂਦਾ ਰਿਹਾ ਤੁਹਾਡੇ ਪਿੰਡ। ਸਾਡੀ ਪਿੰਡੋਂ ਕੁੜੀ ਸੀ ਤੁਹਾਡੇ ਪਿੰਡ। ਬਹੁਤ ਵੱਡਾ ਪਿੰਡ ਐ।' ' ਸਾਡੀ ਰਿਸ਼ਤੇਦਾਰੀ ਵਿਚੋਂ ਇਕ ਬਜ਼ੁਰਗ ਦੱਸਦਾ ਹੁੰਦਾ ਸੀ।

ਸੰਤਾਲੀ ਤੋਂ ਬਾਅਦ ਮੇਰੇ ਦਾਦੇ ਮੰਗੂਵਾਲ ਤੋਂ ਉੱਠ ਕੇ ਰਸੂਲਪੁਰ ਆ ਬੈਠੇ। ਜਿਹੜਾ ਕਾਮਰੇਡਾ ਦਾ ਪ੍ਰਸਿੱਧ ਪਿੰਡ ਸੀ। ਸਾਇਦ ਪੜਦਾਦੇ ਪੂੰਨੂੰ ਤੇ ਵੀ ਕਾਮਰੇਡੀ ਦਾ ਪ੍ਰਭਾਵ ਹੋਵੇ। ਮੰਗੂਵਾਲ ਬਾਰੇ ਮਸ਼ਹੂਰ ਬੋਲੀ ਸੀ, 'ਬਣ ਜਾਣਾ ਰਾਜਧਾਨੀ ਪਿੰਡ ਮੰਗੂਵਾਲ ਨੇ' ਮੇਰਾ ਦਾਦਾ ਪੂੰਨੂੰ ਰਾਮ ਸੀ। ਜਿਹੜਾ ਆਪਣਾ ਟੱਬਰ ਲੈ ਕੇ ਰਸੂਲਪੁਰ ਆ ਬੈਠਾ। ਉਸ ਦੇ ਗੋਤੀ ਅਤੇ ਹੋਰ ਘਰ ਵੀ ਪਿੰਡ ਆ ਬੈਠੇ। ਉਦੋਂ ਪਿੰਡ ਪੂਰੀ ਤਰ੍ਹਾਂ ਉਜੜ ਗਿਆ ਸੀ। ਪਾਕਿਸਤਾਨ ਤੋਂ ਜ਼ਿੰਮੀਦਾਰ ਵੀ ਕਾਫੀ ਆ ਗਏ ਜਿਨ੍ਹਾਂ ਨੇ ਉਥੇ ਹੀ ਜ਼ਮੀਨਾਂ ਆਪਣੇ ਨਾਂ ਅਲਾਟ ਕਰਵਾ ਲਈਆਂ। ਪਿੰਡ ਦੇ ਨੀਵੇਂ ਥਾਂ ਮੇਰੇ ਦਾਦਾ ਆਪਣੇ ਟੱਬਰ ਨਾਲ ਆ ਬੈਠਾ ਇਕ ਪਾਸੇ ਬਾਜ਼ੀਗਰ ਆ ਬੈਠਾ। ਮੇਰੇ ਦਾਦੇ ਪੂੰਨੂੰ ਰਾਮ ਦੇ ਪੰਜ ਮੁੰਡੇ ਸਨ। ਵੱਡਾ ਬਖ਼ਸ਼ੀ ਰਾਮ, ਤੇ ਉਸ ਤੋਂ ਛੋਟੇ ਬੱਗਾ ਰਾਮ, ਭਾਗ ਰਾਮ, ਮੁਨਸ਼ੀ ਰਾਮ ਤੇ ਪਰਗਣ ਰਾਮ। ਦੋ ਭੈਣਾ ਸਨ। ਬਾਬੇ ਦੇ ਭਾਰਾਵਾਂ ਵਿਚੋਂ ਇਕ ਬਾਬਾ ਦੀ ਹੁਣੇ ਮੌਤ ਹੋਈ ਹੈ। ਇਹ ਬਾਬਾ ਪਰਗਣ ਸਭ ਤੋਂ ਛੋਟਾ ਸੀ। ਅੱਜ ਜਾਣੀ ਕਿ 26 ਸਤੰਬਰ,17 ਨੂੰ ਪਿੰਡੋਂ ਫੋਨ ਆਇਆ ਕਿ ਬਾਬਾ ਪਰਗਣ ਪੂਰਾ ਹੋ ਗਿਆ। ਉਹਦੇ ਨਾਲ ਹੀ ਮੇਰੇ ਪੁਰਖਿਆ ਦੀ ਪਿੰਡ ਵਿਚਲੀ ਦੂਜੀ ਪੀੜੀ ਦਾ ਭੋਗ ਪੈ ਗਿਆ।

ਕੁਝ ਸਾਲ ਪਹਿਲਾਂ ਪਿੰਡ ਵਿਚੋਂ ਆਪਣੇ ਪਿਓ ਦੇ ਹਿੱਸੇ ਆਇਆ ਘਰ ਵੇਚਣ ਲਈ ਮੈਂ ਆਪਣੇ ਬਾਬਿਆਂ ਦੇ ਮੌਤ ਦੇ ਸਰਟੀਫਿਕੇਟ ਜ਼ਿਲ੍ਹਾ ਰਜਿਸਟਰਾਰ ਜਨਮ ਤੇ ਮੌਤ, ਜਲੰਧਰ ਦੇ ਦਫ਼ਤਰ ਤੋਂ ਕਢਵਾਏ। ਜਿਸ ਵਿਚ ਮੈਨੂੰ ਤਿੰਨ ਸਰਟੀਫਿਕੇਟ ਮਿਲੇ। ਮੇਰੇ ਬਾਬੇ ਦਾ ਨਾਂ ਬਖ਼ਸ਼ੀ ਰਾਮ ਸੀ। ਜਿਸ ਦੀ ਸਰਕਾਰੀ ਰਿਕਾਰਡ ਵਿਚ ਮੌਤ 16 ਦਸੰਬਰ, 1976 ਲਿਖੀ ਹੋਈ ਹੈ। ਮੇਰੀ ਉਮਰ ਉਸ ਵੇਲੇ 8 ਕੁ ਸਾਲ ਦੀ ਸੀ। ਮੁਨਸ਼ੀ ਰਾਮ ਬਾਬੇ ਦੇ ਭਰਾ ਦੀ ਮੌਤ ਸਰਕਾਰੀ ਰਿਕਾਰਡ ਮੁਤਾਬਿਕ 21 ਅਕਤੂਬਰ, 1984 ਨੂੰ ਹੋਈ ਸੀ। ਅਤੇ ਉਸ ਤੋਂ ਛੋਟੇ ਭਾਗ ਰਾਮ ਦੀ ਮੌਤ 2 ਮਾਰਚ, 1095 ਨੂੰ ਹੋਈ ਸੀ। ਬੱਗਾ ਰਾਮ ਦੀ ਮੌਤ ਦਾ ਕੋਈ ਰਿਕਾਰਡ ਨਹੀਂ ਮਿਲਿਆ।

ਮੇਰਾ ਬਾਬਾ ਬਖ਼ਸ਼ੀ ਰਾਮ ਤੇ ਉਸ ਦੇ ਭਰਾ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕਾਮੇ ਦਾ ਕੰਮ ਕਰਦੇ ਸਨ। ਸੀਰੀ ਵੀ ਰਹੇ ਸਨ। ਮੈਂ ਆਪਣੇ ਬਾਬੇ ਨੂੰ ਇਕ ਵਾਰ ਦੇਖਿਆ ਸੀ। ਕਿਉਂਕਿ ਮੈਂ ਬਚਪਨ ਤੋਂ ਨਾਨਕੇ ਪਿੰਡ ਰਿਹਾ ਸੀ। ਮੇਰੀ ਮਾਂ ਮੈਨੂੰ ਨਾਨਕੇ ਹੀ ਨਿੱਕੇ ਜਿਹੇ ਨੂੰ ਛੱਡ ਗਈ ਸੀ। ਉਸ ਵੇਲੇ ਘਰ ਦੇ ਹਾਲਾਤ ਬੜੇ ਖਰਾਬ ਸਨ। ਇਕ ਵਾਰ ਮੇਰਾ ਬਾਬਾ ਨਾਨਕੇ ਘਰ ਆਇਆ ਸੀ। ਉਹਦਾ ਰੰਗ ਕਾਲੇ ਤਵੇ ਵਰਗਾ ਸੀ। ਉਸ ਨੇ ਚਿੱਟੀ ਪੱਗ ਬੰਨ੍ਹੀ ਹੋਈ ਸੀ। ਮੈਨੂੰ ਚੇਤੇ ਹੈ ਕਿ ਉਹ ਨਾਨੇ ਨਾਲ ਵਿਹੜੇ ਵਿਚ ਮੰਜਾ ਡਾਹ ਕੇ ਬੈਠਿਆ ਹੋਇਆ ਸੀ ਤੇ ਦੋਵੇਂ ਹੁੱਕਾ ਪੀ ਰਹੇ ਸਨ। ਮੈਂ ਕਿਤਿਓਂ ਖੇਡ ਕੇ ਬਾਹਰੋਂ ਆਇਆ ਸੀ। ਉਨ੍ਹਾਂ ਦੇ ਆਲੇ ਦੁਆਲੇ ਪਾਣੀ ਛਿੜਕਿਆ ਸੀ। ਬਾਬੇ ਦੀ ਇਹ ਝਲਕ ਮੇਰੇ ਜ਼ਿਹਨ ਵਿਚ ਹੈ। ਮੈਂ ਉਹਨੂੰ ਫਿਰ ਕਦੇ ਨਾ ਮਿਲਿਆ। ਉਹਦੇ ਮਰਨ ਦਾ ਵੀ ਮੈਨੂੰ ਪਤਾ ਨਹੀਂ।

ਰਸੂਲਪੁਰ ਪਿੰਡ ਦਾ ਦਾਸੋ ਮੈਨੂੰ ਬਾਬੇ ਬਖ਼ਸ਼ੀ ਬਾਰੇ ਦੱਸਦਾ ਹੁੰਦਾ ਸੀ, "ਤੇਰਾ ਬਾਬਾ ਬੜਾ ਕਾਮਾ ਬੰਦਾ ਸੀ। ਸਾਊ ਸੀ ਅਤੇ ਉਹਨੂੰ ਗੁੱਸਾ ਕਿਤੇ ਹੀ ਆਉਂਦਾ ਸੀ। ਨਹੀਂ ਤਾਂ ਉਹ ਆਪਣੀ ਮਸਤੀ ਵਿਚ ਰਹਿੰਦਾ

ਸੀ। ਕਿਸੇ ਨਾਲ ਲੜਦਾ ਨਹੀਂ ਸੀ। ਉਹ ਸਰੀਰ ਦਾ ਨਿੱਗਰ ਸੀ ਤੇ ਅੱਤ ਦਾ ਮਿਹਨਤੀ ਸੀ। ਕਹਿੰਦੇ ਨੇ ਇਲਾਕੇ ਵਿਚ ਕਣਕ ਵੱਢਣ ਵਿਚ ਉਹਦਾ ਕੋਈ ਮੁਕਾਬਲਾ ਨਹੀਂ ਸੀ ਕਰ ਸਕਦਾ। ਬੜੀ ਫੁਰਤੀ ਨਾਲ ਸਭ ਤੋਂ ਪਹਿਲਾਂ ਉਹ ਕਣਕ ਦਾ ਕਿਆਰਾ ਲਾ ਲੈਂਦਾ ਸੀ। ਕਣਕ ਵੱਢਣ ਵਿਚ ਉਹਨੇ ਕਈ ਇਲਾਕੇ ਵਿਚੋਂ ਸ਼ਰਤਾ ਵੀ ਜਿੱਤੀਆਂ। ਇਕ ਵਾਰ ਉਹਦੇ ਨਾਲ ਪਿੰਡ ਦੇ ਜ਼ਿੰਮੀਦਾਰਾਂ ਨੇ ਕਿਆਰਾ ਪਹਿਲਾਂ ਵੱਢਣ ਦੀ ਸ਼ਰਤ ਲਾ ਲਈ। ਬਈ ਜਿਹੜਾ ਪਹਿਲਾਂ ਕਿਆਰਾ ਵੱਢੇਗਾ ਉਹਨੂੰ ਬੋਰੀ ਕਣਕ ਦੀ ਇਨਾਮ ਮਿਲੇਗੀ। ਲਓ ਜੀ ਦੋਵੇਂ ਟੱਕ ਵਿਚ ਬੈਠ ਗਏ। ਬਖ਼ਸ਼ੀ ਕਹਿੰਦਾ 'ਸਰਦਾਰ ਜੀ ਤੁਸੀਂ ਸ਼ੁਰੂ ਕਰੋਂ ਕਣਕ ਵੱਢਣੀ ਮੈਂ ਜਰਾ ਸਿਗਟ ਪੀ ਲਵਾਂ। ਲਓ ਜੀ ਸਰਦਾਰ ਕਣਕ ਵੱਢਣ ਲੱਗ ਪਿਆ ਤੇ ਉਹ ਸਿਗਟ ਪੀਣ ਲੱਗ ਪਿਆ। ਸਿਗਟ ਪੀ ਕੇ ਉਹ ਕਣਕ ਦੇ ਕਿਆਰੇ ਵਿਚ ਵਰੋਲੇ ਵਾਂਗ ਫਿਰ ਗਿਆ। ਜ਼ਿੰਮੀਦਾਰ ਨਾਲੋਂ ਪਹਿਲਾਂ ਕਿਆਰਾ ਲਾ ਕੇ ਉੱਠਿਆ। ਕਣਕ ਦੀ ਬੋਰੀ ਪਿੱਠ 'ਤੇ ਚੁੱਕ ਕੇ ਘਰ ਲੈ ਆਇਆ। ਐਸਾ ਬੰਦਾ ਸੀ, ਬਖ਼ਸ਼ੀ। ਉਸ ਨੇ ਬੜੀ ਮਿਹਨਤ ਕੀਤੀ। ਪਰ ਉਹਦੀ ਔਲਾਦ ਚੰਗੀ ਨਾ ਨਿਕਲੀ। ਤੇਰੇ ਭਾਪੇ ਦੇ ਕਾਰਿਆ ਕਰਕੇ ਉਹ ਬਹੁਤ ਨਿਮੋਸ਼ੀ ਮੰਨ ਗਿਆ। ... ਹਾਂ ਸੱਚ ਜਦੋਂ ਪੂੰਨੂੰ ਨੇ ਆਪਣੇ ਮੁੰਡਿਆ ਦੇ ਥਾਂ ਦੀ ਵੰਡ ਪਾਈ ਤਾਂ ਜਿਹੜੇ ਦੋ ਛੋਟੇ ਸੀ ਉਨ੍ਹਾਂ ਨੂੰ ਪਿੰਡ ਦੇ ਵਿਚਕਾਰ ਥਾਂ ਦੇ ਦਿੱਤਾ। ਬਾਕੀ ਤਿੰਨਾਂ ਭਾਗੇ, ਬੱਗੇ ਤੇ ਬਖ਼ਸ਼ੀ ਨੂੰ ਏਧਰ ਕਬਰਾਂ ਵੱਲ ਦੇ ਦਿੱਤਾ। ਉਦੋਂ ਇਥੇਂ ਉਜਾੜ ਹੁੰਦਾ ਸੀ। ਬਿਲਕੁਲ ਨੇੜੇ ਕਬਰਾ ਸਨ। ਲੋਕ ਡਰਦੇ ਬਹੁਤ ਸਨ। ਬਖ਼ਸ਼ੀ ਨੂੰ ਕਬਰਾਂ ਵੱਲ ਕਰ ਦਿੱਤਾ ਤੇ ਦੋਹਾਂ ਨੂੰ ਉਨ੍ਹਾਂ ਦੇ ਨਾਲ ਲਗਦੇ ਤੌੜ ਦੇ ਦਿੱਤੇ।... ਲੋਕੀ ਕਬਰਾ ਦੇ ਨੇੜੇ ਆਉਣ ਤੋਂ ਬਹੁਤ ਡਰਦੇ ਸਨ। ''

ਦਾਦੀ ਕਰਮੀ ਸਧਾਰਨ ਔਰਤਾਂ ਵਰਗੀ ਔਰਤ ਸੀ। ਉਹ ਵੀ ਖੇਤਾਂ ਵਿਚ ਦਿਹਾੜੀ ਦੱਪਾ ਕਰਦੀ ਰਹੀ। ਆਖਰੀ ਉਮਰੇ ਉਹਦਾ ਚੂਲਾ ਟੁੱਟ ਗਿਆ। ਉਹ ਕਈ ਸਾਲ ਮੰਜੇ ਤੇ ਲੰਮੀ ਪਈ ਰਹੀ।

ਬਾਬੇ ਦੇ ਬਾਕੀ ਭਰਾ ਵਿਚ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕਾਮੇ ਸਨ। ਬਹੁਤ ਗਰੀਬੀ ਸੀ। ਕੋਈ ਵੀ ਪੜ੍ਹ ਨਾ ਸਕਿਆ। ਸਭ ਤੋਂ ਛੋਟਾ ਪਰਗਣ ਜਿਹਦੀ ਹੁਣੇ ਹੀ ਮੌਤ ਹੋਈ ਹੈ। ਉਸ ਨੂੰ ਦਾਦੇ ਨੇ ਪੜ੍ਹਾ ਦਿੱਤਾ। ਤੇ ਬਾਅਦ ਵਿਚ ਉਹ ਰੇਲਵੇ ਵਿਚ ਨੌਕਰੀ ਤੇ ਲੱਗ ਗਿਆ। ਸਾਡੇ ਨਾਲ ਦਾ ਘਰ ਬਾਬੇ ਦੇ ਭਰਾ ਭਾਗੇ ਦਾ ਸੀ। ਬਾਬੇ ਭਾਗੇ ਦੀ ਘਰਵਾਲੀ ਮੈਂ ਨਹੀਂ ਦੇਖੀ ਉਹ ਮੇਰੀ ਸੁਰਤੀ ਤੋਂ ਪਹਿਲਾਂ ਦੀ ਮਰ ਮੁਕ ਗਈ ਸੀ। ਇਹ ਬਾਬਾ ਭਾਗਾ ਡੋਡੋ ਪੀਂਦਾ ਸੀ। ਸਾਰੇ ਉਹਨੂੰ ਅਮਲੀ ਕਹਿੰਦੇ ਸਨ। ਉਨ੍ਹਾਂ ਦਿਨ੍ਹਾਂ 'ਚ ਸਾਡੇ ਬਾਬੇ ਨੇ ਪੱਕਾ ਘਰ ਬਣਾ ਲਿਆ ਸੀ। ਦੋ ਕਮਰੇ ਬਣਾ ਲਏ। ਪੱਕੀਆਂ ਇੱਟਾਂ ਤੇ ਸੀਮੈਂਟ ਨਾਲ ਪਲਸਤਰ ਕਰ ਲਿਆ। ਪਰ ਭਾਗੂ ਦਾ ਘਰ ਕਾਫੀ ਦੇਰ ਕੱਚਾ ਹੀ ਰਿਹਾ। ਛੱਤ ਸਲਵਾੜ ਤੇ ਕਾਨ੍ਹਿਆਂ ਦੀਆਂ ਸੀ। ਉਹਦਾ ਇਕ ਹੀ ਲੰਮਾ ਸਾਰਾ ਦਲਾਨ ਹੁੰਦਾ ਸੀ। ਦੂਜੇ ਬਾਬੇ ਬੱਗੇ ਦਾ ਵੀ ਕੱਚਾ ਘਰ ਸੀ। ਘਰਾ ਦੇ ਮੋਹਰੇ ਕਨਾਲ ਦਾ ਲੰਮਾ ਵਿਹੜਾ ਹੁੰਦਾ ਸੀ। ਇਸੇ ਬਾਬੇ ਦੀ ਘਰਵਾਲੀ ਜਾਣੀ ਸਾਡੀ ਦਾਦੀ ਦੇ ਪੇਕੇ ਨਾਮਧਾਰੀ ਕੂਕੇ ਸਨ। ਉਹ ਕਦੇ ਬਾਬੇ ਦੇ ਘਰ ਦਾ ਪਾਣੀ ਨਹੀਂ ਪੀਂਦੇ ਸਨ। ਕਹਿੰਦੇ ਨੇ ਜਦੋਂ ਕਦੇ ਰਾਤ ਰਹਿਣਾ ਪੈ ਜਾਵੇ ਤਾਂ ਉਹ ਆਪਣਾ ਬਿਸਤਰਾ ਤੇ ਰੋਟੀ ਪਾਣੀ ਆਪਣੇ ਨਾਲ ਲੈ ਕੇ ਆਉਂਦੇ ਸਨ। ਇਨ੍ਹਾਂ ਤੋਂ ਭਿੱਟ ਬੜੀ ਮੰਨਦੇ ਸਨ। ਤਿੰਨ੍ਹਾਂ ਘਰਾਂ ਵਿਚ ਕੋਈ ਕੰਧ ਨਹੀਂ ਸੀ। ਖੁੱਲ੍ਹਾ ਤੌੜ ਸੀ। ਬਾਬਿਆਂ ਦੀ ਅੱਗੋਂ ਔਲਾਦ ਹੋਈ ਉਹ ਵੀ ਕੋਈ ਪੜ੍ਹ ਨਹੀਂ ਸਕੇ। ਖੇਤਾਂ ਵਿਚ ਕੰਮ ਕਰਨ ਲੱਗ ਪਏ। ਥੋੜ੍ਹਾ ਬਹੁਤ ਪੜ੍ਹੇ ਪਰ ਕੋਈ ਨੌਕਰੀ ਤੇ ਨਾ ਲੱਗਾ। ਅੱਗੋਂ ਉਨ੍ਹਾਂ ਦੇ ਨਿਆਣੇ ਵੀ ਐਵੇਂ ਦਿਨ ਹੀ ਲੰਘਾ ਰਹੇ ਨੇ। ਵਿਹੜੇ 'ਚ ਲੱਗਦੀਆਂ ਚਾਚੀਆਂ ਫਿਲੌਰ ਵਿਚ ਸਥਿਤ ਫੈਕਟਰੀਆਂ ਵਿਚ ਕੰਮ ਕਰਦੀਆਂ ਹਨ। ਚਾਚੇ ਵੀ ਦਿਹਾੜੀਆਂ ਕਰਦੇ ਹਨ। ਕੁਝ ਵਿਹਲੇ ਹੀ ਰਹਿੰਦੇ ਸਨ। ਬਾਬੇ ਦੇ ਭਰਾ ਭਾਗੂ ਦੇ ਦੋ ਮੁੰਡੇ ਸਨ ਜਿਨ੍ਹਾਂ ਨੇ ਸਾਰੀ ਉਮਰ ਕੰਮ ਦਾ ਡੱਕਾ ਦੋਹਰਾ ਨਹੀਂ ਕੀਤਾ। ਉਨ੍ਹਾਂ ਦੀਆਂ ਘਰਵਾਲੀਆਂ ਫੈਕਟਰੀਆਂ ਵਿਚ ਕੰਮ ਕਰਦੀਆਂ ਹਨ।

ਬਾਬੇ ਦਾ ਭਰਾ ਭਾਗੂ ਲੰਮਾ ਤੇ ਪਤਲੀ ਦੇਹ ਦਾ ਫੁਰਤੀਲਾ ਬੰਦਾ ਸੀ। ਸਵੇਰੇ ਉੱਠ ਕੇ ਉਹ ਡੋਡੇ ਪੀ ਕੇ ਫੁਰਤੀ ਵਿਚ ਆ ਜਾਂਦਾ। ਤੇੜ ਇਕੱਲਾ ਕੱਛਾ ਪਾ ਕੇ ਰੱਖਦਾ। ਕੱਛੇ ਨਾਲ ਹੀ ਉਹ ਪਸ਼ੂਆਂ ਲਈ ਖੇਤਾਂ ਦੇ ਬੰਨਿਆਂ ਤੋਂ ਪੱਠ ਖੋਤਣ ਤੁਰ ਪੈਂਦਾ। ਉਹਦੀਆਂ ਲੱਤਾਂ ਕਾਨਿਆ ਵਰਗੀਆਂ ਪਤਲੀਆਂ ਸਨ। ਗੱਲ੍ਹਾਂ ਵਿਚ ਨੂੰ ਵੜੀਆਂ ਹੋਈਆਂ ਸਨ। ਪਰ ਉਹਦੀ ਤੋਰ ਬਹੁਤ ਤੇਜ਼ ਸੀ। ਝੱਟ ਖੇਤਾਂ ਵਿਚ ਪਹੁੰਚ ਜਾਂਦਾ। ਬਾਬੇ ਦਾ ਭਰਾ ਬੱਗਾ ਜ਼ਨਾਨੀਆਂ ਵਰਗਾ ਮਿੰਨਾ ਮੀਸਣਾ ਸੀ। ਉਹਨੂੰ ਚੋਰੀ ਚੋਰੀ ਮੁਤਰ ਮੁਤਰ ਜ਼ਨਾਨੀਆਂ ਤੇ ਕੁੜੀਆਂ ਵੱਲ ਝਾਕਣ ਦਾ ਠਰਕ ਸੀ। ਟੀਰੀ ਜਿਹੀ ਅੱਖ ਨਾਲ ਵੇਖਦਾ ਤੇ ਕਹਿੰਦਾ, 'ਆਹ ਕੌਣ ਆ ਬਈ?... ਆਹ ਕਿਹਦੀ ਨੂੰਹ ਆ... ਹੱਦ ਹੋ ਗਈ ਆਹ ਕਿਹਨਾ ਦੀ ਕੁੜੀ ਹੈ। ... ਕੁੜੇ ਕੁੜੀਏ ਤੂੰ ਕਿਹਦੀ ਕੁੜੀ ਆ?' ਹੁੱਕਾ ਲੈ ਕੇ ਸੰਤ ਕਰਤਾਰ ਦਾਸ ਦੇ ਡੇਰੇ ਤੇ ਬੋਹੜ ਥੱਲੇ ਬੈਠ ਜਾਂਦਾ। ਜਦੋਂ ਕਿਤੇ ਮਨ ਕਰਦਾ ਖੇਤਾਂ ਵਿਚ ਦਿਹਾੜੀ ਲਾ ਲਾਉਂਦਾ। ਹੁੱਕੇ ਦੀ ਚਿਲਮ ਲੈ ਕੇ ਲੋਕਾਂ ਦੇ ਘਰਾਂ ਦੇ ਚੁੱਲ੍ਹੇ ਸੁੰਘਦਾ ਰਹਿੰਦਾ, ਅੱਗ ਲੈਣ ਲਈ। ਵਿਚ ਨੂੰ ਟੀਰੀ ਅੱਖ ਨਾਲ ਆਪਣੀਆਂ ਲੱਗਦੀਆਂ ਨੂੰਹਾਂ ਵੱਲ ਝਾਕਦਾ ਰਹਿੰਦਾ। ਉਹਦੇ ਜਾਣ ਤੋਂ ਬਾਅਦ ਨੂੰਹਾਂ ਬੁੜ ਬੁੜ ਕਰਦੀਆਂ ਰਹਿੰਦੀਆਂ।

ਮੇਰੇ ਬਾਬੇ ਬਖ਼ਸ਼ੀ ਦੇ ਤਿੰਨ ਮੁੰਡੇ ਹੋਏ ਵੱਡਾ ਚਮਨ ਲਾਲ ਮੇਰਾ ਪਿਓ ਸੀ। ਉਸ ਤੋਂ ਛੋਟਾ ਬਿਹਾਰੀ ਰਾਮ ਕਾਫ਼ੀ ਸਾਲ ਮਨੀਮਾਜ਼ਰਾ ਵਿਖੇ ਬੱਕਰਿਆ ਤੇ ਹੋਰ ਪਸ਼ੂਆਂ ਦੀਆਂ ਆਂਦਰਾਂ ਸਾਫ਼ ਕਰਨ ਵਾਲੇ ਕਾਰਖਾਨੇ ਵਿਚ ਆਂਦਰਾ ਸਾਫ਼ ਕਰਨ ਲੱਗਾ ਰਿਹਾ। ਮੇਰਾ ਪਿਓ ਵੀ ਉਥੇ ਕੰਮ ਕਰਦਾ ਰਿਹਾ। ਹੁਣ ਉਹ ਮਾਨੀਮਾਜ਼ਰਾ ਵਿਖੇ ਇਕ ਧੱਕਾ ਕਲੋਨੀ ਵਿਚ ਰਹਿੰਦਾ ਹੈ। ਉਸ ਦਾ ਸਾਰਾ ਟੱਬਰ ਉਥੇ ਹੀ ਰਹਿੰਦਾ ਹੈ। ਚਾਚੀ ਨੇੜੇ ਦੀਆਂ ਕੋਠੀਆਂ ਵਿਚ ਝਾੜੂ ਪੋਚੇ ਦਾ ਕੰਮ ਕਰਦੀ ਹੈ। ਚਾਚਾ ਬਿਹਾਰੀ ਰੰਗ ਦੀ ਕਿਸੇ ਫੈਕਟਰੀ ਵਿਚ ਕੰਮ ਤੇ ਲੱਗਾ ਹੈ। ਉਹਨੇ ਦੋ ਕੁੜੀਆਂ ਵਿਆਹ ਦਿੱਤੀਆਂ ਹਨ। ਉਹਦੇ ਦੋ ਮੁੰਡੇ ਹਨ। ਥੋੜ੍ਹਾ ਬਹੁਤਾ ਪੜ੍ਹੇ ਤੇ ਕੰਮ ਤੇ ਲੱਗ ਗਏ। ਪਿੰਡ ਵਿਚ ਹੁਣ ਉਹਦੇ ਹਿੱਸੇ ਦਾ ਥਾਂ ਬਚਿਆ ਹੈ। ਪਰ ਉਹ ਪਿੰਡ ਵਿਚ ਰਹਿੰਦਾ ਨਹੀਂ। ਛੋਟਾ ਕੇਵਲ ਰਾਮ ਆਰੇ ਦਾ ਕੰਮ ਕਰਦਾ ਸੀ ਕਈ ਸਾਲ ਉਹਦੇ ਕੋਈ ਬੱਚਾ ਨਾ ਹੋਇਆ। ਫਿਰ ਉਹ ਨੂੰ ਟੀ ਬੀ ਦੀ ਬਿਮਾਰੀ ਚੁੰਬੜ ਗਈ। ਉਹ ਕੁਝ ਸਾਲਾਂ ਬਾਅਦ ਮਰ ਗਿਆ। ਉਹਦੀ ਘਰ ਵਾਲੀ ਆਪਣੇ ਪੇਕੇ ਚਲੇ ਗਈ। ਚਾਚਾ ਕੇਵਲ ਮੈਨੂੰ ਬਹੁਤ ਪਿਆਰ ਕਰਦਾ ਸੀ। ਕਦੇ ਕਦੇ ਉਹ ਮੈਨੂੰ ਸਾਇਕਲ ਤੇ ਮਿਲਣ ਨਾਨਕੇ ਆ ਜਾਂਦਾ। ਇਕ ਦੋ ਵਾਰ ਮੈਂ ਉਹਦੇ ਸਾਇਕਲ 'ਤੇ ਬੈਠ ਕੇ ਪਿੰਡ ਰਸੂਲਪੁਰ ਵੀ ਗਿਆ। ਰਸਤੇ ਵਿਚ ਉਹ ਮੈਨੂੰ ਕੋਈ ਖਾਣ ਵਾਲੀ ਚੀਜ ਲੈ ਦਿੰਦਾ। ਇਕ ਵਾਰ ਉਹ ਮੈਨੂੰ ਲੈਣ ਖਾਂਬਰੇ ਸਕੂਲ ਵੀ ਆ ਗਿਆ। ਉਹਦੀ ਸਿਹਤ ਬੜੀ ਤੱਕੜੀ ਸੀ। ਉਹਦਾ ਜੁੱਸਾ ਬਾਬੇ 'ਤੇ ਗਿਆ ਸੀ।

ਇਸ ਤਰ੍ਹਾਂ ਦੀ ਸੀ ਮੇਰੇ ਬਾਬੇ ਦਾਦਿਆਂ ਦੀ ਆਰਥਿਕ ਦਸਾਂ। ਇਹ ਦਲਿਤਾਂ ਦੇ ਸਧਾਰਨ ਪਰਿਵਾਰ ਸੀ। ਜਿਹੜੇ ਜਦੋਂ ਸਵੇਰ ਚੜ੍ਹਦੀ ਹੈ ਤਾਂ ਰੋਟੀ ਬਾਰੇ ਸੋਚਦੇ ਸਨ ਤੇ ਜਦੋਂ ਸ਼ਾਮ ਪੈਂਦੀ ਤਾਂ ਫਿਰ ਉਨ੍ਹਾਂ ਨੂੰ ਰੋਟੀ ਦਾ ਫ਼ਿਕਰ ਲੱਗ ਜਾਂਦਾ। ਉਹਨਾਂ ਅੱਗੇ ਪੇਟ ਦੀ ਭੁੱਖ ਪਹਿਲਾਂ ਆ ਜਾਂਦੀ ਸੀ। ਮੇਰੇ ਕੋਲ ਜਾਂ ਮੇਰੇ ਪੁਰਖਿਆ ਦੇ ਮੁੰਡਿਆ ਦੇ ਟੱਬਰਾਂ ਕੋਲ ਬਾਬੇ ਤੇ ਦਾਦੇ, ਦਾਦੀਆਂ ਦੀ ਕੋਈ ਵੀ ਤਸਵੀਰ ਨਹੀਂ। ਬੰਦੇ ਜੰਮਦੇ ਸੀ ਤੇ ਪੰਜ ਸੱਤ ਨਿਆਣੇ ਜੰਮਾ ਕੇ ਮਰ ਜਾਂਦੇ ਸਨ। ਬਸ ਕਹਾਣੀ ਖਤਮ। ਪੜਦਾਦੇ ਪੁੰਨੂੰ ਤੋਂ ਮੇਰੇ ਬੇਟੇ ਤੱਕ ਪਰਿਵਾਰ ਦੀ ਪੰਜਵੀਂ ਪੀੜ੍ਹੀ ਆ ਗਈ ਹੈ। ਅਜੇ ਤੱਕ ਕੋਈ ਵੀ ਉੱਚ ਵਿਦਿਆ ਤੱਕ ਪਹੁੰਚ ਨਹੀਂ ਸਕਿਆ। ਯੂਨੀਵਰਸਿਟੀ ਦੀ ਵਿਦਿਆ ਤੱਕ ਕੋਈ ਨਹੀਂ ਪਹੁੰਚਿਆ ਨਾ ਕੋਈ ਵੱਡੀ ਨੌਕਰੀ ਤੱਕ।

ਮੈਂ ਨਿੱਕਾ ਹੁੰਦਾ ਹੀ ਆਪਣੇ ਪੁਰਖਿਆ ਨਾਲੋਂ ਟੁੱਟ ਗਿਆ ਸੀ। ਮੇਰਾ ਬਚਪਨ ਨਾਨਕੇ ਘਰ ਤੇ ਉਨ੍ਹਾਂ ਦੇ ਪਰਿਵਾਰ ਵਿਚ ਬੀਤਿਆ ਸੀ। ਮੇਰੇ ਨਾਨਕੇ ਬਿਲਕੁੱਲ ਵੱਖਰੀ ਤਰ੍ਹਾਂ ਦੇ ਸਨ। ਨਾਨੇ ਤੇ ਉਹਦੇ ਭਰਾਵਾਂ ਕੋਲ ਜ਼ਮੀਨ ਸੀ। ਉਹ ਸ਼ੁਰੂ ਤੋਂ ਹੀ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕੰਮ ਕਰਨ ਨਹੀਂ ਗਏ। ਬਿਲਕੁੱਲ ਅਜ਼ਾਦ।

ਕੋਈ ਗੁਲਾਮੀ ਨਹੀਂ। ਨਾਨੇ ਹੁਰਾਂ ਦੇ ਬਾਬੇ ਦੂੰਨੀ ਚੰਦ ਮਰੇ ਡੰਗਰ ਚੁੱਕਣ ਦਾ ਕੰਮ ਕਰਦੇ ਸਨ। ਫਿਰ ਉਹ ਚਮੜਾ ਰੰਗਣ ਲੱਗ ਪਏ। ਉਨ੍ਹਾਂ ਨੇ ਆਪਣਾ ਕਿੱਤਾ ਚੁਣ ਲਿਆ। ਉਨ੍ਹਾਂ ਕੋਲ ਪੈਸੇ ਆਉਣ ਲੱਗੇ। ਉਨ੍ਹਾਂ ਨੇ ਜ਼ਮੀਨਾ ਖਰੀਦ ਲਈਆਂ। ਫਿਰ ਉਹ ਬੂਟਾ ਮੰਡੀ ਆੜਤ ਕਰਨ ਲੱਗ ਪਏ। ਨਾਨੇ ਹੁਰਾਂ ਦੇ ਪਰਿਵਾਰ ਵਿਚ ਮੇਰੇ ਨਾਨੇ ਤੇ ਉਹਦੇ ਭਰਾਵਾਂ ਦੇ ਮੁੰਡੇ ਪੜ੍ਹ ਲਿਖ ਕੇ ਉੱਚ ਅਹੁਦਿਆਂ ਤੱਕ ਪਹੁੰਚੇ। ਨਾਨਾ ਸਮਾਜਿਕ ਤੌਰ ਤੇ ਜਾਗਦਾ ਬੰਦਾ ਸੀ। ਉਹਨੂੰ ਸਮਾਜ ਦੀ ਸੂਝ ਸੀ। ਉਹ ਮੰਗੂ ਰਾਮ ਮੁੱਗੋਵਾਲੀਆ ਦੀ ਆਦਿ ਧਰਮ ਲਹਿਰ ਨਾਲ ਵੀ ਜੁੜਿਆ ਰਿਹਾ ਸੀ। ਮੇਰੀ ਸਮਝ ਨਾਨਕੇ ਪਰਿਵਾਰ ਵਿਚੋਂ ਨਿਕਲੀ। ਨਾਨਕੇ ਪਰਿਵਾਰ ਦਾ ਮੇਰੇ 'ਤੇ ਬਹੁਤ ਪ੍ਰਭਾਵ ਪਿਆ।

ਵਿਗਿਆਨੀ ਕਹਿੰਦੇ ਨੇ ਜੀਨਜ਼ ਰਾਹੀਂ ਤੁਹਾਡੇ ਪੁਰਖਿਆ ਦੇ ਗੁਣ ਤੇ ਸੁਭਾ ਅਗਲੀਆਂ ਪੀੜ੍ਹੀਆਂ ਵਿਚ ਟਰੈਵਿਲ ਕਰਦੇ ਰਹਿੰਦੇ ਹਨ। ਮੈਂ ਆਪਣੇ ਬੇਟੇ ਆਯੂਸ ਰਾਏ ਵਿਚ ਬਾਬੇ ਦੇ ਕਈ ਗੁਣ ਵੇਖਦਾ ਹਾਂ। ਉਹ ਆਪਣੀ ਮਸਤੀ ਵਿਚ ਰਹਿਣ ਵਾਲਾ, ਸਹਿਜ ਸੁਭਾ ਵਾਲਾ ਬਣਦਾ ਜਾ ਰਿਹਾ ਹੈ। ਆਪਣੇ ਆਲੇ ਦੁਆਰੇ ਤੋਂ ਬੇਪ੍ਰਵਾਹ ਰਹਿੰਦਾ ਹੈ। ਜਿਸ ਤਰ੍ਹਾਂ ਦਾ ਕੱਪੜਾ ਮਿਲੇ ਪਾ ਲੈਂਦਾ ਹੈ। ਬਹੁਤੀਆਂ ਮੰਗਾ ਨਹੀਂ ਕਰਦਾ। ਫੁੱਲਬਾਲ ਖੇਡਣ ਦਾ ਜਨੂੰਨੀ ਹੈ। ਜਦੋਂ ਪੜ੍ਹਦਾ ਹੈ ਤਾਂ ਪੂਰਾ ਖੁੱਭ ਜਾਂਦਾ ਹੈ।

ਪਿਛਲੇ ਦਿਨੀਂ ਮੈਂ ਆਪਣੇ ਪੁਰਖਿਆ ਦੇ ਪਿੰਡ ਰਸੂਲਪੁਰ ਗਿਆ। ਮੈਂ ਦੇਖਿਆ ਅੱਜ ਤੋਂ ਪੰਜਾਹ ਸਾਲ ਪਹਿਲਾਂ ਦੇ ਜਿਸ ਤਰ੍ਹਾਂ ਦੇ ਪਰਿਵਾਰ ਅਤੇ ਉਨ੍ਹਾਂ ਦੇ ਕੰਮ ਧੰਦੇ ਸਨ। ਉਹ ਅੱਜ ਵੀ ਉੱਥੇ ਹੀ ਖੜੇ ਸਨ। ਜਿਸ ਤਰ੍ਹਾਂ ਦੇ ਮੇਰੇ ਬਾਬੇ ਤੇ ਦਾਦੀਆਂ ਸਮਾਜਿਕ ਤੌਰ ਤੇ ਅਤੇ ਆਰਥਿਕ ਤੌਰ ਤੇ ਜੀਅ ਰਹੀਆਂ ਹਨ ਉਸ ਤਰ੍ਹਾਂ ਦੀ ਹੀ ਅੱਜ ਉਨ੍ਹਾਂ ਦੀ ਜ਼ਿੰਦਗੀ ਹੈ। ਉਨ੍ਹਾਂ ਦਾ ਕੁੱਝ ਵੀ ਨਹੀਂ ਬਦਲਿਆ। ਬਾਬਿਆਂ ਦੇ ਮੁੰਡੇ ਜਵਾਨ ਹੋ ਗਏ, ਵਿਆਹੇ ਗਏ ਅੱਗੇ ਉਨ੍ਹਾਂ ਦੇ ਬੱਚੇ ਹੋ ਗਏ ਉਹ ਵੀ ਵਿਆਹੇ ਗਏ। ਪੜ੍ਹਿਆ ਕੋਈ ਵੀ ਨਹੀਂ ਬਸ ਦਿਹਾੜੀਆਂ ਕਰਨ ਜੋਗੇ ਰਹਿ ਗਏ। ਖੇਤਾਂ ਨਾਲੋਂ ਟੁੱਟ ਕੇ ਹੁਣ ਫਿਲੌਰ ਕੰਮਾਂ 'ਤੇ ਜਾਣ ਲੱਗੇ। ਬਹੁਤੇ ਅਜੇ ਵੀ ਵਿਹਲੇ ਫਿਰਦੇ ਹਨ। ਉਨ੍ਹਾਂ ਦੀਆਂ ਵਹੁਟੀਆਂ ਫੈਕਟਰੀਆਂ ਵਿਚ ਕੰਮ ਕਰਦੀਆਂ ਹਨ। ਘਰਾਂ ਦੀ ਹਾਲਤ ਥੋੜ੍ਹੀ ਜਿਹੀ ਬਦਲੀ ਹੈ। ਮਕਾਨ ਕੱਚੇ ਤੋਂ ਪੱਕੇ ਬਣ ਗਏ ਹਨ। ਪੱਕੀਆਂ ਇੱਟਾਂ ਦੇ। ਪਰ ਆਰਥਿਕ ਹਾਲਤ ਖ਼ਸਤਾ ਹੈ। ਬਾਬਿਆਂ ਦੀ ਚੌਥੀ-ਪੰਜਵੀਂ ਪੀੜ੍ਹੀ ਵੀ ਅਨਪੜ੍ਹ ਰਹਿ ਗਈ। ਮਸਲਨ ਬਾਬੇ ਦੇ ਭਰਾ ਭਾਗੂ ਦੇ ਦੋ ਮੁੰਡੇ ਸਨ। ਵੱਡੇ ਨੇ ਤਾਂ ਜੰਮਣ ਤੋਂ ਲੈ ਕੇ ਹੁਣ ਤੱਕ ਕੋਈ ਕੰਮ ਨਹੀਂ ਕੀਤੀ। ਪਹਿਲਾਂ ਪਹਿਲ ਵਿਆਹਾ ਵਿਚ ਬਹਿਰਾ ਬਣ ਕੇ ਜਾਂਦਾ ਰਿਹਾ। ਸ਼ਾਮ ਨੂੰ ਖਾਣ ਨੂੰ ਕਾਫੀ ਸਮਾਨ ਲੈ ਆਉਂਦਾ। ਫਿਰ ਉਹ ਪਿੰਡ ਵਿਚ ਏਧਰ ਉਧਰ ਉੱਠ ਬੈਠ ਲੈਂਦਾ। ਕਦੇ ਤਾਸ਼ ਕੁੱਟ ਲੈਂਦਾ। ਕਦੇ ਕਿਸੇ ਨਾਲ ਜੱਕੜ ਮਾਰ ਲੈਂਦਾ। ਫਿਰ ਉਹਦਾ ਵਿਆਹ ਹੋ ਗਿਆ। ਵਿਆਹ ਨੂੰ ਵੀ ਵੀਹ ਸਾਲ ਹੋ ਗਏ। ਉਹਦੇ ਕੋਈ ਨਿਆਣਾ ਨਹੀਂ ਹੋਇਆ। ਹੁਣ ਵੀ ਉਹ ਕੋਈ ਕੰਮ ਨਹੀਂ ਕਰਦਾ। ਉਹਦੀ ਘਰਵਾਲੀ ਫਿਲੌਰ ਕਿਸੇ ਫੈਕਟਰੀ ਵਿਚ ਕੰਮ ਕਰਦੀ ਹੈ। ਪੰਜ ਛੇ ਹਜ਼ਾਰ ਲੈ ਆਉਂਦੀ ਹੈ ਉਹਦੇ ਨਾਲ ਘਰ ਦੀ ਰੋਟੀ ਪੱਕੀ ਜਾਂਦੀ ਹੈ। ਪਿਓ ਦਾ ਪੁੱਤ ਸਾਰੀ ਉਮਰ ਹੱਢ ਹਰਾਮ ਬਣਿਆ ਰਿਹਾ। ਉਸ ਤੋਂ ਛੋਟੇ ਭਰਾ ਨੇ ਵੀ ਚੱਜ ਨਾਲ ਕੰਮ ਨਾ ਕੀਤਾ। ਜਦੋਂ ਕਿਤੇ ਮਨ ਕਰਦਾ ਕੰਮ ਕਰ ਲੈਂਦਾ। ਉਹਦਾ ਵਿਆਹ ਹੋ ਗਿਆ। ਘਰਵਾਲੀ ਬਹੁਤ ਸੁੰਦਰ ਪਰ ਬਿਨਾ ਕੰਮ ਤੋਂ ਗੁਜਾਰਾ ਕਿਵੇਂ ਚੱਲੇ। ਹਰ ਸਾਲ ਨਿਆਣੇ ਕਰੀ ਗਿਆ। ਤਿੰਨ ਮੁੰਡੇ ਹੋ ਗਏ। ਫਿਰ ਜੀ ਉਹ ਮਰ ਗਿਆ। ਤੇ ਉਹਦੀ ਘਰਵਾਲੀ ਘਰ ਦਾ ਗੁਜਾਰਾ ਚਲਾਉਣ ਲਈ ਕਿਸੇ ਫੈਕਟਰੀ ਵਿਚ ਕੰਮ ਕਰਨ ਲੱਗ ਪਈ। ਨਿਆਣਾ ਕੋਈ ਪੜ੍ਹ ਨਾ ਸਕਿਆ।

ਬੱਗੇ ਬਾਬੇ ਦੇ ਦੋਵੇਂ ਮੁੰਡੇ ਫਿਲੌਰ ਆਰੇ ਦਾ ਕੰਮ ਕਰਦੇ ਸਨ। ਇਕ ਮੁੰਡਾ ਕਾਫੀ ਸਾਲ ਹੋਇਆ ਮਰ ਗਿਆ ਸੀ। ਉਹਦੇ ਨਿੱਕੇ ਨਿੱਕੇ ਨਿਆਣੇ ਸਨ। ਹੁਣ ਉਹ ਜਵਾਨ ਹੋ ਗਏ ਹਨ। ਵਿਆਹੇ ਗਏ ਹਨ। ਉਨ੍ਹਾਂ

ਦੀ ਆਰਥਿਕ ਹਾਲਤ ਥੋੜੀ ਠੀਕ ਹੈ। ਨਾਨਕਿਆ ਦੀ ਸਹਾਇਤਾ ਨਾਲ ਕਿਸੇ ਅਰਬ ਦੇਸ਼ ਜਾਣ ਲੱਗ ਪਏ। ਵੱਡੇ ਮੁੰਡੇ ਦੇ ਵਿਆਹ ਨੂੰ ਕਈ ਸਾਲ ਹੋ ਗਏ, ਕੋਈ ਬੱਚਾ ਨਹੀਂ।

ਬੱਗੇ ਬਾਬੇ ਦੇ ਦੂਜਾ ਮੁੰਡੇ ਦੀ ਆਰਥਿਕ ਹਾਲਤ ਅੱਜ ਵੀ ਬਹੁਤ ਖਰਾਬ ਹੈ। ਉਹਦੇ ਕੋਲ ਅੱਜ ਤੋਂ ਵੀਹ ਸਾਲ ਪਹਿਲਾਂ ਜਿਹੜਾ ਘਰ ਸੀ ਉਹੀ ਹੁਣ ਹੈ। ਉਹਦੇ ਕੋਲੋਂ ਮਕਾਨ ਦਾ ਪਲੱਸਤਰ ਵੀ ਨਹੀਂ ਹੋ ਸਕਿਆ, ਨਾ ਫਰਸ਼ ਪਿਆ। ਉਹਦਾ ਇਕ ਮੁੰਡਾ ਹੈ ਉਹ ਬਾਰਵੀਂ ਤੱਕ ਪੜ੍ਹ ਗਿਆ। ਕਿਸੇ ਡਾਕਟਰ ਦੇ ਨਾਲ ਲੱਗ ਕੇ ਕਿਸੇ ਪਿੰਡ 'ਡਾਕਟਰ' ਬਣਿਆ ਹੋਇਆ ਹੈ। ਫਿਰ ਉਹਦਾ ਝੁਕਾਅ ਬੁੱਧ ਧਰਮ ਵੱਲ ਹੋ ਗਿਆ। ਉਹ ਬੁੱਧ ਵਿਹਾਰ ਜਾਣ ਲੱਗਾ ਤੇ ਉਸ ਦਾ ਪ੍ਰਚਾਰ ਕਰਨ ਲੱਗ ਪਿਆ। ਅੱਜ ਕੱਲ ਉਹ ਬੀ ਐਸ ਪੀ ਪਾਰਟੀ ਦਾ ਫਿਲੌਰ ਦਾ ਸਰਗਰਮ ਲੀਡਰ ਬਣ ਗਿਆ ਹੈ।

ਬਾਬੇ ਦਾ ਸਭ ਤੋਂ ਛੋਟੇ ਭਰਾ ਪਰਗਣ ਜਿਹੜਾ ਰੇਲਵੇ ਵਿਚ ਨੌਕਰੀ ਕਰਦਾ ਸੀ। ਜਿਹੜਾ ਮੰਜੇ ਤੇ ਪਿਆ ਆਖਰੀ ਸ਼ਾਹ ਗਿਣਦਾ ਗਿਣਦਾ ਅੱਜ 26 ਨਵੰਬਰ, 17 ਨੂੰ ਪੂਰਾ ਹੋ ਗਿਆ। ਉਹਦੇ ਘਰ ਪੰਜ ਕੁੜੀਆਂ ਨੇ ਜਨਮ ਲਿਆ। ਮੁੰਡੇ ਦੀ ਆਸ ਨਾਲ ਉਸ ਨੇ ਪੰਜ ਕੁੜੀਆਂ ਜੰਮਾ ਦਿੱਤੀਆਂ। ਉਹ ਕੁੜੀਆਂ ਕਾਲਜ ਤੱਕ ਤਾਂ ਪੜ੍ਹੀਆਂ ਪਰ ਕਿਸੇ ਨੂੰ ਨੌਕਰੀ ਨਹੀਂ ਲੱਗੀ। ਸਾਰੀ ਉਮਰ ਐਮ. ਪੀ. ਦੇ ਡੋਗਰਗੜ੍ਹ ਜ਼ਿਲ੍ਹੇ ਵਿਚ ਰਹੇ ਰਿਟਾਇਰ ਹੋ ਕੇ ਪਿੰਡ ਆ ਗਿਆ। ਉਸ ਨੇ ਕੁੜੀਆਂ ਵਿਆਹ ਦਿੱਤੀਆਂ। ਅੱਗੇ ਮੁਨਸ਼ੀ ਬਾਬੇ ਦਾ ਵੀ ਇਹੀ ਹਾਲ ਰਿਹਾ। ਉਹਦੇ ਕੋਲ ਪੈਸੇ ਕਾਫੀ ਹੁੰਦੇ ਸਨ। ਕਹਿੰਦੇ ਨੇ ਉਹ ਚਮਾਰਾਂ ਨੂੰ ਤੇ ਜੱਟਾਂ ਨੂੰ ਵਿਆਜ਼ ਤੇ ਪੈਸੇ ਦਿੰਦਾ ਹੁੰਦਾ ਸੀ। ਬੜੀ ਆਕੜ ਸੀ ਉਹਦੀ। ਉਹਦਾ ਇਕੋ ਮੁੰਡਾ ਸੀ। ਜਿਹੜਾ ਪੜ੍ਹ ਨਾ ਸਕਿਆ। ਅੱਗੋਂ ਉਹਦੀ ਔਲਾਦ ਨੇ ਵੀ ਕੋਈ ਤਰੱਕੀ ਨਾ ਕੀਤੀ। ਸਾਰੇ ਨਖਿੱਧ ਜੰਮੇ।

ਮੈਂ ਕਦੇ ਕਦੇ ਸੋਚਦਾ ਹੁੰਦਾ ਹਾਂ ਕਿ ਬਾਬੇ ਦੇ ਮੁੰਡਿਆ ਅਤੇ ਬਾਬੇ ਦੇ ਭਰਾ ਦੇ ਨਿਆਣਿਆ ਨੇ ਕਿਉਂ ਨਹੀਂ ਵਿਦਿਆ ਪ੍ਰਾਪਤ ਕੀਤੀ। ਗਰੀਬੀ ਤਾਂ ਕਾਰਨ ਹੈ ਹੀ ਨਾਲ ਹੀ ਉਨ੍ਹਾਂ ਨੂੰ ਉੱਚਾ ਉੱਠਣ ਦੀ ਸੋਝੀ ਹੀ ਨਹੀਂ ਸੀ। ਘਰਾਂ ਦਾ ਮਾਹੌਲ ਹੀ ਠੀਕ ਨਹੀਂ ਸੀ। ਕੋਈ ਕਹਿੰਦਾ ਹੀ ਨਹੀਂ ਸੀ ਕਿ ਤੂੰ ਪੜ੍ਹ ਜਾ। ਨਾ ਹੀ ਕਿਸੇ ਵਿਚ ਪੜ੍ਹਨ ਦਾ ਜਜ਼ਬਾ ਸੀ। ਮੈਂ ਤਾਂ ਜੰਮਦਿਆਂ ਹੀ ਪੁਰਖਿਆ ਦੇ ਟੱਬਰ ਤੋਂ ਵੱਖ ਹੋ ਗਿਆ ਸੀ। ਮੇਰੇ ਨਾਨੇ ਤੇ ਮਾਂ ਨੂੰ ਪਤਾ ਲੱਗ ਗਿਆ ਸੀ ਕਿ ਏਥੇ ਨਰਕ ਵਿਚ ਮੁੰਡੇ ਨੂੰ ਰੱਖਣਾ ਠੀਕ ਨਹੀਂ। ਮੇਰੇ ਤੋਂ ਬਾਅਦ ਮੇਰਾ ਇਕ ਭਰਾ ਸੀ। ਉਹ ਪਿਓ ਦਾ ਪੁੱਤ ਸ਼ੁਰੂ ਤੋਂ ਪੜ੍ਹਿਆ ਹੀ ਨਹੀਂ। ਸਕੂਲ ਤੋਂ ਨੱਠ ਜਾਂਦਾ। ਫਿਰ ਉਹ ਵੱਡੇ ਹੋ ਕੇ ਮਾੜੀ ਸੰਗਤ ਵਿਚ ਪੈ ਗਿਆ। ਨਸ਼ੇ ਕਰਨ ਲੱਗ ਪਿਆ। ਤੇ ਇਕ ਮੋੜ ਤੇ ਆ ਕੇ ਉਹ ਪਾਗਲ ਹੋ ਗਿਆ। ਜਿਸ ਦਾ ਬਹੁਤ ਇਲਾਜ਼ ਕਰਵਾਇਆ। ਅੱਜ ਕੱਲ ਉਹ ਮੈਂਟਲ ਹਸਪਤਾਲ ਅੰਮ੍ਰਿਤਸਰ ਵਿਚ ਦਾਖਲ ਹੈ। ਮੇਰੇ ਤੋਂ ਛੋਟੀ ਭੈਣ ਹੈ। ਜਿਹੜੀ ਮਸਾ ਪੰਜ ਕੁ ਜਮਾਤਾਂ ਪੜ੍ਹੀ ਫਿਰ ਉਹ ਮਾਂ ਨਾਲ ਕੱਪੜੇ ਸਿਉਣ ਲੱਗ ਪਈ। ਉਸ ਨੇ ਬਹੁਤ ਮਿਹਨਤ ਕੀਤੀ। ਮਾਂ ਨੇ ਕਦੇ ਵੀ ਉਹਨੂੰ ਜੱਟਾਂ ਦੇ ਖੇਤਾਂ ਵਿਚ ਦਿਹਾੜੀ ਕਰਨ ਨਹੀਂ ਭੇਜਿਆ।

ਮੇਰਾ ਪਿਓ ਸਾਇਦ ਦਸ ਪੜ੍ਹ ਗਿਆ ਸੀ। ਪਰ ਉਹ ਮਾੜੀ ਸੰਗਤ ਵਿਚ ਪੈ ਗਿਆ ਸੀ। ਡੋਡੇ, ਅਫੀਮ, ਸ਼ਰਾਬ, ਸਿਗਰਟ ਵਰਗੇ ਨਸ਼ੇ ਖਾਂਦਾ ਪੀਂਦਾ ਸੀ। ਅੱਜ ਤੋਂ ਪੰਜ ਸਾਲ ਪਹਿਲਾਂ ਪਿਓ ਦਾ ਸ਼ਬਦ ਚਿੱਤਰ ਲਿਖਿਆ ਸੀ। ਪਿਓ ਬਾਰੇ ਮੈਂ ਖੁੱਲ੍ਹ ਕੇ ਲਿਖਿਆ ਸੀ। ਪਿਓ ਦੇ ਨਵਾਬੀ ਰੂਪ ਦੀ ਇਕ ਘਟਨਾ ਦਾ ਜ਼ਿਕਰ ਕਰਨਾ ਉੱਚਿਤ ਸਮਝਦਾ ਹਾਂ,

ਉਦੋਂ ਮੈਂ ਨੌਵੀਂ ਜਮਾਨ ਵਿਚ ਹੋਵਾਗਾਂ ਤਾਂ ਪਿੰਡ ਗਿਆ। ਗਰਮੀਆਂ ਦਾ ਦਿਨ ਸੀ। ਅਸੀਂ ਸਾਰੇ ਭਾਵ ਕਿ ਮੇਰੀ ਮਾਂ, ਭੈਣ ਕਿੱਕਰਾਂ ਦੀ ਛਾਂ ਥੱਲੇ ਬੈਠੇ ਸਾਂ। ਦੂਜੇ ਵਿਹੜੇ ਵਿਚ ਭਾਗੂ ਬਾਬੇ ਦਾ ਟੱਬਰ ਬੈਠਾ ਸੀ। ਤੀਜੇ ਪਾਸੇ ਬੱਗੇ ਦਾ ਟੱਬਰ ਸੀ। ਐਨੇ ਨੂੰ ਇਕ ਚਿੱਟੇ ਰੰਗ ਦੀ ਅੰਬੈਸਡਰ ਕਾਰ ਵਿਹੜੇ ਵਿਚ ਆ ਕੇ

ਰੁਕਦੀ ਹੈ। ਉਸ ਵਿਚ ਇਕ ਨਵੇਂ ਕੱਪੜੇ ਪਾਈ। ਪੱਕੇ ਰੰਗ ਦਾ ਬੰਦਾ ਉਤਰਦਾ ਹੈ। ਉਹਨੇ ਕਾਲੇ ਰੰਗ ਦੀਆਂ ਐਨਕਾਂ ਲਾਈਆਂ ਹੁੰਦੀਆਂ ਹਨ। ਸਿਗਰਟ ਦਾ ਕੱਸ਼ ਖਿੱਚਦਾ ਹੈ। ਉਹਦੇ ਹੱਥ ਵਿਚ ਇਕ ਲਿਫ਼ਾਫ਼ਾ ਫੜ੍ਹਿਆ ਹੁੰਦਾ ਹੈ। ਨਾਲ ਹੀ 'ਜਗ ਬਾਣੀ' ਅਖ਼ਬਾਰ ਤੇ ਇਕ ਹਿੰਦੀ ਨਾਵਲ। ਉਹ ਜੇਬ ਵਿਚੋਂ ਦੋ-ਤਿੰਨ ਸੌ ਸੌ ਦੇ ਨੋਟ ਕੱਢ ਕੇ ਡਰਾਇਵਰ ਨੂੰ ਕਿਰਾਇਆ ਦਿੰਦਾ ਹੈ। ਤੇ ਬੜੇ ਮਜ਼ਾਜ ਨਾਲ ਘਰ ਵੜ੍ਹ ਜਾਂਦਾ ਹੈ। ਇਹੀ ਮੇਰਾ ਪਿਓ ਸੀ। ਉਹਦੇ ਵਿਹਾਰ ਤੋਂ ਇੰਝ ਲੱਗਦਾ ਸੀ ਕਿ ਉਹ ਕੋਈ ਵੱਡਾ ਬਿਜਨਸ਼ ਮੈਨ ਹੋਵੇ ਜਾਂ ਕੋਈ ਉੱਚ ਅਫ਼ਸਰ ਹੋਵੇ। ਪਰ...

ਪੰਦਰੀਂ ਬੀਹੀਂ ਦਿਨੀ ਉਹ ਇਸ ਤਰ੍ਹਾਂ ਹੀ ਘਰ ਆਉਂਦਾ ਸੀ ਤੇ ਦੋ ਚਾਰ ਦਿਨ ਰਹਿ ਕੇ ਚਲੇ ਜਾਂਦਾ ਸੀ। ਰਾਤ ਨੂੰ ਮੁਰਗਾ ਭੁੰਨਦਾ ਤੇ ਸ਼ਰਾਬ ਪੀਂਦਾ। ਪੀ ਕੇ ਮਾਂ ਨੂੰ ਕੁੱਟ ਦਿੰਦਾ। ਮਾਂ ਕੱਪੜੇ ਸੀਓ ਕੇ ਘਰ ਦਾ ਗੁਜ਼ਾਰਾ ਕਰਦੀ।

ਪਤਾ ਨਹੀਂ ਸੀ ਲੱਗਦਾ ਕਿ ਪਿਓ ਉਹ ਕੰਮ ਕੀ ਕਰਦਾ ਸੀ। ਐਨਾ ਪਤਾ ਲੱਗਦਾ ਸੀ ਕਦੇ ਕਦੇ ਉਹਦੇ ਆਉਣ ਨਾਲ ਪੁਲਿਸ ਘਰ ਵਿਚ ਗੇੜੇ ਮਾਰਨ ਲੱਗ ਪੈਂਦੀ ਸੀ। ਔਰਤਾਂ ਨੂੰ ਗਾਹਲਾਂ ਕੱਢਦੀ। ਪਿੰਡ ਦੀ ਚਾਮਾਰਲ੍ਹੀ ਦੇ ਬੰਦੇ, ਬੁੜੀਆਂ ਤੇ ਨਿਆਣੇ 'ਕੱਠੇ ਹੋ ਜਾਂਦੇ। ਇਹ ਦਿਨ ਬਹੁਤ ਹੀ ਭਿਆਨਕ ਸਨ।

ਆਖਰੀ ਉਮਰੇ ਉਹ ਸਾਰਾ ਕੁੱਝ ਛੱਡ ਗਿਆ। ਮੈਂ ਵੀ ਜਵਾਨ ਹੋ ਗਿਆ ਸੀ। ਅਸੀਂ ਵੱਖਰੇ ਹੋ ਗਏ ਸੀ। ਨਾਨੇ ਨੇ ਪਿੰਡ ਸਾਡਾ ਘਰ ਬਣਾ ਦਿੱਤਾ ਸੀ। ਫਿਰ ਮੇਰਾ ਪਿਓ ਘਰ ਬੈਠ ਗਿਆ। ਬੜੀ ਮੁਸ਼ਕਲ ਨਾਲ ਉਹਦੇ ਗਲ਼ ਵਿਚ ਪਿਆ 'ਦਸ ਨੰਬਰੀ' ਦਾ ਪਟਾ ਲੱਥਾ। ਫਿਰ ਉਹ ਮਿਸਤਰੀ ਨਾਲ ਦਿਹਾੜੀ ਕਰਨ ਲੱਗ ਪਿਆ। ਮੈਂ ਜਦੋਂ ਪਿੰਡ ਗੇੜਾ ਮਾਰਦਾ ਤਾਂ ਮੈਨੂੰ ਜਿਹੜਾ ਵੀ ਕੋਈ ਬੁੜਾ ਟੱਕਰਦਾ ਤਾਂ ਕਹਿੰਦਾ, 'ਲੈ ਬਈ ਮੁੰਡਿਆ ਤੇਰਾ ਪਿਓ ਹੁਣ ਸੁਧਰ ਗਿਆ। ਹੁਣ ਤਾਂ ਦਸਾਂ ਨੌਹਾਂ ਦੀ ਕਮਾਈ ਖਾਂਦਾ। ਕਹਿੰਦੇ ਨੇ ਮੱਛੀ ਪੱਥਰ ਚੱਟ ਕੇ ਮੁੜਦੀ ਆ, ਉਹ ਕੁਦਰਤ ਦੇ ਰੰਗ ਨੇ ਮੁੰਡਿਆ।' ਮੈਨੂੰ ਲੱਗਦਾ ਉਹ ਬੁੜਾ ਮੇਰੇ ਸਿਰ ਵਿਚ ਜਿਵੇਂ ਡਾਂਗ ਮਾਰ ਕੇ ਚਲੇ ਗਿਆ ਹੋਵੇ। ਫਿਰ ਉਹ ਇਕ ਦਿਨ ਸਵੇਰੇ ਘਰ ਦੀ ਪੱਕੀ ਪੌੜੀ ਤੇ ਬੈਠਾ ਗੱਲਾਂ ਕਰ ਰਿਹਾ ਸੀ ਨਾਲਾ ਚਾਹ ਪੀ ਰਿਹਾ ਸੀ ਬਸ ਭੁੜਕ ਕੇ ਡਿੱਗ ਪਿਆ। ਤੇ ਮੁੜ ਕੇ ਉੱਠਿਆ ਨਾ। ਖਤਮ। ਪਤਾ ਹੀ ਨਾ ਲੱਗਾ ਉਹਨੂੰ ਕਿਹੜੀ ਕਸਰ ਹੋ ਗਈ। ਤੇ ਤਿੰਨ ਚਾਰ ਸਾਲ ਬਾਅਦ ਪਿੰਡ ਵਾਲਾ ਘਰ ਵੇਚ ਕੇ ਮਾਂ ਨੂੰ ਜਲੰਧਰ ਬਣਾਏ ਘਰ ਲੈ ਆਂਦਾ। ਇਸ ਤਰ੍ਹਾਂ ਆਪਣੀ ਜ਼ਿੰਦਗੀ ਦੀ ਡਾਇਰੀ ਵਿਚੋਂ ਪਿੰਡ ਦਾ ਵਰਕਾ ਪਾੜ ਕੇ ਵਗਾਹ ਮਾਰਿਆ। ਪਰ ਆਪਣੇ ਨਾਂ ਨਾਲ ਪਿੰਡ ਦਾ ਨਾਂ ਲਗਾ ਕੇ ਪਿੰਡ ਨੂੰ ਆਪਣੇ ਮੌਰਾ 'ਤੇ ਚੁੱਕ ਲਿਆ। ਮੇਰੇ ਮਨ ਅੰਦਰ ਪਿੰਡ ਪ੍ਰਤੀ ਇਕ ਗੰਢ ਬੱਝ ਗਈ, ਕਿਤੇ ਕਿਤੇ ਪਿੰਡ ਜਾਂਦਾ ਹਾਂ, ਆਪਣੇ ਪਰਿਵਾਰ ਨਾਲ। ਕੀੜ੍ਹੀਆਂ ਵਰਗੀ ਜ਼ਿੰਦਗੀ ਜੀਅ ਰਹੇ ਮੇਰੇ ਪੁਰਖਿਆ ਦੀਆਂ ਅਗਲੀਆਂ ਪੀੜ੍ਹੀਆਂ ਅਤੇ ਹੋਰ ਲੋਕ ਸਾਡੇ ਵੱਲ, ਕਾਰ ਵੱਲ ਤੇ ਬੱਚਿਆ ਵੱਲ ਵੇਖਦੇ ਰਹਿ ਜਾਂਦੇ ਹਨ। ਸਾਹਮਣੇ ਕੁੱਝ ਨਹੀਂ ਬੋਲਦੇ, ਅੱਗੇ ਪਿੱਛੇ ਜ਼ਰੂਰ ਬੋਲਦੇ ਹੋਣਗੇ। ਪਰ ਮੇਰੇ ਮਨ ਦੀ ਗੰਢ ਹੋਰ ਪੀਡੀ ਹੋ ਜਾਂਦੀ ਹੈ।

ਮੇਰੇ ਕੋਲ ਆਪਣੇ ਪੁਰਖਿਆ 'ਤੇ ਮਾਣ ਕਰਨ ਵਾਲਾ ਕੁਝ ਵੀ ਨਹੀਂ ਹੈ। ਉਨ੍ਹਾਂ ਨੇ ਹੋਰਨਾ ਦਲਿਤ ਲੋਕਾਂ ਵਾਂਗ ਨਰਕ ਵਰਗੀ ਜ਼ਿੰਦਗੀ ਜੀਵੀ। ਲਾ ਪਾ ਕੇ ਮੇਰੇ ਕੋਲ ਪੁਰਖਿਆ ਦੀਆਂ ਯਾਦਾਂ ਦੀ ਰਾਖ਼ ਹੀ ਬਚੀ ਹੈ। ਬਸ ਮੁੱਠ ਕੁ ਰਾਖ਼। ਭਲਾ ਰਾਖ਼ ਤੇ ਕਾਹਦਾ ਮਾਣ ਕਰਨਾ।

**ਸੰਪਰਕ**-94170-64350

## ਮੇਰੇ ਪੁਰਖੇ ਦਾ ਸੰਦੇਸ਼ / -ਮੋਹਨ ਲਾਲਾ ਫਿਲੌਰੀਆ

ਅਸਲ ਵਿਚ ਮੇਰੇ ਪੁਰਖਿਆਂ ਦੇ ਮੈਨੂੰ ਬਹੁਤ ਡਰਾ ਕੇ ਰੱਖਿਆ। ਪਤਾ ਨਹੀਂ ਉਹ ਕਿਓਂ ਡਰਦੇ ਰਹੇ ਔਲਾਦ ਨੂੰ ਡਰਾ ਕੇ ਰੱਖਦੇ। ਡਰ ਵਿਚ ਜੰਮਿਆ ਪਲਿਆ ਨਿਆਣਾ ਵੱਡਾ ਹੋ ਕੇ 'ਬਹਾਦਰੀ' ਕਿਵੇਂ ਦਿਖਾ ਸਕਦਾ ਹੈ। ਫਿਰ ਡਰਦਿਆਂ ਨੂੰ ਡਰਾਉਣਾ ਵੀ ਭਲਾ ਕੋਈ ਮੁਸ਼ਕਲ ਕੰਮ ਹੈ। ਇਹ ਡਰ ਸਹਿਮ ਦੀ ਗੁੜਤੀ ਮੇਰੇ ਪੁਰਖਿਆਂ ਨੂੰ ਕਦੋਂ ਮਿਲੀ ਅਤੇ ਡਰ ਦਾ ਸਹਿਮ ਪਤਾ ਨਹੀਂ ਪੀੜ੍ਹੀ ਦਰ ਪੀੜ੍ਹੀ ਚਲਿਆ ਆ ਰਿਹਾ ਹੈ। ਇਹ ਮੈਨੂੰ ਮੇਰੇ ਪੁਰਖਿਆ ਦੀ ਦਣ ਹੈ।

ਬਾਬੇ ਪ੍ਰਵਚਨ ਕਰ ਰਹ ਸਨ। "ਨਾ ਕਰ ਮੇਰੀ ਮੇਰੀ ਇਹ ਤਨ ਹੋਸੀ ਭਸਮ ਕੀ ਢਰੀ।' ਭਲਾ ਵਿਚਾਰ ਕੀਤਾ ਜਾਵੇ ਪਈ ਜੇ ਮੇਰੀ ਮੇਰੀ ਨਾ ਵੀ ਕੀਤੀ ਤਾਂ ਵੀ ਤਨ ਨੇ ਭਸਮ ਦੀ ਢੇਰੀ ਤਾਂ ਹੋਣਾ ਹੀ ਹੈ। ਭਸਮ ਨਾ ਹੋਇਆ ਤਾਂ ਖ਼ਾਕ ਹੋ ਜਾਵੇਗਾ। ਬਾਬੇ ਇਹ ਵੀ ਪ੍ਰਵਚਨ ਕਰਦੇ ਹਨ 'ਭੀੜਆਂ ਸੁਣੀਦੀਆਂ ਗਲੀਆਂ ਜਿਥੋਂ ਦੀ ਯਮ ਲੈ ਜਾਣਗੇ।" ਇਹ ਡਰ ਭੀੜੀਆਂ ਗਲੀਆਂ ਦਾ ਸੀ। ਜਾਂ ਭਸਮ ਹੋਣ ਦਾ ਡਰ ਸੀ। ਬਸ ਜਿਵੇਂ ਅਗਲੇ ਕਹਿੰਦੇ ਰਹੇ, 'ਮੇਰੇ ਪੁਰਖੇ' ਉਵੇਂ ਆਖਿਆ ਮੰਨਦੇ ਰਹੇ। ਮੇਰੇ ਪੁਰਖੇ ਕਹਿਣੇਕਾਰ ਸਨ। ਸਾਊ ਸਨ। ਜਾਂ ਕਹੋ ਕਿ ਪੁਰਖੇ ਗੁਲਾਮ ਸਨ।

ਉਹਨੀਂ ਕਦੀ ਨਹੀਂ ਸੀ ਸੋਚਿਆ, 'ਮੈਂ ਕੌਣ ਹਾਂ' ਮੇਰਾ ਜੀਣ ਦਾ ਮਕਸਦ ਕੀ ਹੈ? ਮੈਂ 'ਕਿਵੇਂ ਜੀਣਾ ਹੈ? ਬਸ ਜੰਮ ਪਏ। ਪੁਰਖਿਆਂ ਨੂੰ ਜਿਵੇਂ ਪੁਰਖਿਆਂ ਦੇ ਪੁਰਖਿਆਂ ਨੇ ਜੰਮਿਆ ਕੁਦਰਤ ਦਾ ਕਾਰਾ ਸੀ। 'ਰੁੱਖੀ ਸੁਖੀ ਖਾ ਕੇ ਠੰਢਾ ਪਾਣੀ' ਪੀਂਦੇ ਰਹੇ। ਕੁੱਟ ਮਾਰ ਖਾ ਕੇ ਕਦੀ ਚੂੰ ਨਾ ਕੀਤੀ। ਉੱਚੀ ਨਾ ਬੋਲੇ ਜੇ ਬੋਲੇ ਤਾਂ ਫਿਰ ਜ਼ਬਾਨ ਨੂੰ ਸਜ਼ਾ ਮਿਲਦੀ ਰਹੀ। ਇਹ ਸਜ਼ਾ ਪਹਿਲਾਂ 'ਬੇਗਾਨੇ' ਦੇਂਦੇ ਰਹੇ ਫਿਰ 'ਆਪਣੇ' ਹੀ ਇਹ ਸਜ਼ਾ ਦੇਣ ਲੱਗੇ ਏਦਾਂ ਮੇਰੇ ਪੁਰਖਿਆਂ ਦਾ ਦੁੱਖ ਭਰਿਆ ਜੀਵਨ ਹੈ ਉਹ ਤਕੜਿਆਂ ਦੀ ਉਸਤਤ ਕਰਦੇ ਰਹੇ ਪਰ ਆਪ ਕਦੀ 'ਤਕੜੇ' ਹੋਣ ਦਾ ਸੋਚਿਆ ਹੀ ਨਹੀਂ। ਉਹ ਦੂਜਿਆਂ ਦੇ ਕਹਿਣ ਤੇ ਦੂਜਿਆਂ ਲਈ ਬਹਾਦਰੀ ਦਖਾਉਂਦੇ ਰਹੇ ਕੁਰਬਾਨੀ ਕਰਦੇ ਰਹੇ। ਜਾਨਾਂ ਵਾਰਦੇ ਰਹੇ। ਵਾਹ ਵਾਹ ਦੂਜਿਆਂ ਨੂੰ ਮਿਲਦੀ ਰਹੀ ਕੁਰਬਾਨੀ ਦੀ ਪ੍ਰਸੰਸਾ ਮੇਰੇ ਪੁਰਖਿਆਂ ਦੀ ਸੀ। ਖ਼ੂਨ ਪਸੀਨਾ ਮੇਰੇ ਪੁਰਖਿਆਂ ਦਾ ਸੀ ਪਰ ਬਹਾਦਰ ਹੋਰ ਦਰਦਾਨਦੇ ਗਏ।

ਮੇਰੇ ਪਿਤਾ ਮੇਰੇ ਪੁਰਖਾ ਸੀ। ਮੇਰੇ ਪਿਤਾ ਦਾ ਪਿਤਾ ਉਹ ਉਸ ਦਾ ਪੁਰਖਾ ਸੀ। ਅੱਗੋਂ ਮੇਰੇ ਪਿਤਾ ਦੇ ਪਿਤਾ ਦਾ ਪਿਤਾ ਉਸ ਦਾ ਪੁਰਖਾ ਸੀ। ਮੇਰਾ ਪਿਤਾ ਮੇਰਾ ਪੁਰਖਾ ਸੀ। ਅੱਗੋਂ ਅਸੀਂ ਚਾਰ ਭਰਾ ਹੋਏ। ਛੋਟੇ ਸੀ ਤਾਂ ਪਿਤਾ ਇਕ 'ਸਭਨਾ ਦਾ ਪਿਤਾ' (ਪੁਰਖਾ) ਰਿਹਾ ਅਸੀਂ ਵੱਡੇ ਹੋਏ ਤਾਂ ਅਸੀਂ ਆਪਣਾ ਸਭ ਕੁਝ ਵੰਡ ਲਿਆ ਪਿਤਾ ਦੀ ਚਾਰ ਮਰਲੇ ਜਗਾ ਮਰਲਾ ਮਰਲਾ ਹਿੱਸੇ ਆਈ ਫਿਰ ਆਪਣਾ ਪਿਤਾ ਵੀ ਚਾਰ ਹਿੱਸਿਆ ਵਿਚ ਵੰਡ ਲਿਆ ਏਦਾਂ ਮੇਰਾ ਪੁਰਖਾ ਸਾਡਾ ਪੁਰਖਾ ਬਣ ਗਿਆ। ਮੇਰਾ ਪੁਰਖਾ ਵੰਡਿਆ ਗਿਆ। ਉਸ ਦੇ ਚਾਰ ਟੋਟੇ ਹੋ ਗਏ ਅੱਗੋ ਪੁੱਤਰ ਇਕ ਰਹੇ ਨਾ ਪਿਤਾ ਇਕ ਰਿਹਾ ਨਾ ਚਾਰ ਮਰਲੇ ਥਾਂ ਇਕ ਰਿਹਾ ਬਸ ਸਭ ਕੁਝ ਟੋਟੇ ਟੋਟੇ ਹੋ ਗਿਆ। ਹੋਰ ਕੁਝ ਕਰਨ ਤੋਂ ਅਵੇਸਲੇ ਰਹੇ ਜੋ ਕੁਸ਼ ਸੀ ਉਸ ਤੋਂ ਲੜਦੇ ਰਹੇ। ਮੇਰੇ ਪੁਰਖੇ ਇਹ ਦੇਖ ਹੱਸਦੇ ਰਹੇ। ਪੁਰਖਿਆ ਦਾ ਬਟਵਾਰਾ ਚੰਗੀ ਚਾਲ ਨਾ ਰਹੀ, 'ਮੇਰੇ ਪੁਰਖੇ' 'ਸਾਡੇ ਪੁਰਖੇ ਬਣੇ ਫਿਰ ਸਾਡ ਤੋਂ ਵੀ ਬਟਵਾਰਾ ਬਦਲਿਆ ਆਪਣੇ ਪੁਰਖੇ ਬਣ ਗਏ। ਅਸੀਂ ਇਕ ਨਾ ਰਹੇ। ਤੂੰ ਤੂੰ ਮੈਂ ਮੈਂ ਹੋਈ, ਤਾਂ ਸਾਡੇ ਪੁਰਖੇ 'ਤੁਹਾਡੇ' ਬਣ ਗਏ ਜਾਂ ਉਹਨਾਂ ਦੇ ਪੁਰਖੇ ਬਣ ਗਏ। ਪੁਰਖੇ ਬੀਤ ਗਏ ਦਾ ਨਾਂ ਹੈ। ਮੇਰੇ ਪੁਰਖੇ ਜਾ ਚੁੱਕੇ ਹਨ। ਮੇਰੇ, ਤੇਰੇ, ਸਾਡੇ, ਤੁਹਾਡੇ, ਆਪਣੇ ਉਹਨਾਂ ਦੇ ਇਸ ਤਰ੍ਹਾਂ ਦੇ ਬਦਲਾਅ ਵਾਪਰਦੇ ਰਹੇ

ਹਨ। ਦਿਸ਼ਾ ਤੇ ਦਸ਼ਾ ਬਦਲਦੀ ਰਹੀ ਹੈ। ਆਪਣੇ ਪੁਰਖਿਆਂ ਵੱਲ ਆਵਾ ਤਾਂ ਮੈਂ ਆਪਣਾ ਬਾਪ ਦੇਖਿਆ ਹੈ। ਉਹਨਾਂ ਦਾ ਦੇਹਾਂਤ 10 ਫਰਵਰੀ, 1995 ਨੂੰ ਹੋਇਆ। ਮੇਰੀ ਉਮਰ ਉਸ ਵੇਲੇ 46 ਸਾਲ ਦੀ ਸੀ ਤੇ ਉਸ ਦੀ ਉਮਰ 103 ਸਾਲ ਦੀ ਸੀ। ਉਹ ਕੋਰਾ ਅਨਪੜ੍ਹ ਰੱਜ ਕੇ ਗੁੱਸੇ ਖੋਰ ਅਣਖ ਨਾਲ ਜੀਣ ਵਾਲਾ। ਕਮਾਈ ਕਰਦਾ ਸੀ ਪਰ ਫ਼ਜ਼ੂਲ ਦਾ ਖਰਚਦਾ ਸੀ। ਨਾ ਖਰਚਣ ਦੇਂਦਾ । ਉਹ ਗਰੀਬ ਸੀ ਪਰ ਓਂਦਾ ਦਾ ਗਰੀਬ ਨਹੀਂ ਸੀ ਕਿ ਤਰਲੇ ਹੀ ਕਰੀ ਜਾਵੇ ਕਿ ਅਸੀਂ ਜੀ ਗਰੀਬ ਹੁੰਨੇ ਆ।" ਲ੍ਹੇਲੜੀਆਂ ਕੱਢਣ ਵਾਲੇ ਨੂੰ ਉਹ ਚੰਗਾ ਨਾ ਸਮਝਦਾ ਨਾ ਹੀ ਉਹ ਡਰੂ ਬੰਦੇ ਨੂੰ ਚੰਗਾ ਨਾ ਸਮਝਦਾ। ਮੇਰੀ 1970 ਵਿਚ ਚੰਡੀਗੜ੍ਹ ਨੌਕਰੀ ਲੱਗੀ ਤਾਂ ਇਕ ਕਮਰਾ ਕਰਾਏ ਤੇ ਲੈ ਕੇ ਰਹਿਣ ਲੱਗੇ ਦੋ ਬਿਸਤਰੇ ਲਗਦੇ ਤਾਂ ਆਇਆ ਗਿਆ ਕਿੱਥੇ ਰਹੇ। ਮੇਰਾ ਬਾਪ ਚੰਡੀਗੜ੍ਹ ਆਇਆ ਤਾਂ ਬੜੀ 'ਘੁੱਟਣ' ਮਹਿਸੂਸ ਕੀਤੀ। ਉਸ ਨੇ ਮੇਰੀ 'ਘੁੱਟਣ' ਦਾ ਅੰਦਾਜ਼ਾ ਵੀ ਲਗਾਇਆ। ਮੇਰੀ ਘੁੱਟਣ ਇਹ ਸੀ ਕਿ ਆਸ ਪਾਸ ਪਤਾ ਨਾ ਲੱਗੇ ਕਿ ਮੈਂ ਚਮਾਰ ਜਾਤੀ ਚੋਂ ਹਾਂ। ਉਸ ਨੂੰ ਮਰੀ ਘੁੱਟਣ ਅਤੇ ਆਪਣੀ ਘੁੱਟਣ ਤੋਂ ਮੁਕਤੀ ਚਾਹੀਦੀ ਸੀ। ਇਹ ਮੁਕਤੀ ਅਜ਼ਾਦੀ ਬਰਾਬਰੀ ਨੂੰ ਭਾਲਦੀ ਮੇਰੇ ਪੁਰਖੇ ਅਤੇ ਉਹਨਾਂ ਦੇ ਪੁਰਖੇ ਚਲੇ ਗਏ। ਆਪਣੀ ਘੁੱਟਣ ਤੋਂ ਮੁਕਤੀ ਲਈ ਮੇਰਾ ਬਾਪ ਘਰੋਂ ਬਾਹਰ ਜਾਣ ਤੇ ਚੌਂਕ 'ਚ ਬੈਠੇ ਮੋਚੀ ਕੋਲੋਂ ਹੁੱਕਾ ਪੀ ਆਉਂਦਾ। ਮੋਚੀ ਮੇਰਠ ਵਲ਼ ਦਾ ਸੀ। ਤੇ ਮੇਰਾ ਬਾਪ ਜਲੰਧਰ ਦਾ ਸੀ। ਦੋਵੇਂ ਮੋਚੀ ਸਨ। ਉਹਨਾਂ ਵਿਚ 'ਆਪਣਾਪਨ' ਆ ਗਿਆ। ਉਹਨਾਂ ਦੋਵਾਂ ਨੂੰ ਘੁੱਟਣ ਤੋਂ ਮੁਕਤੀ ਮਿਲ ਗਈ। ਸਾਡੀ ਕੋਠੀ ਵਿਚ ਰਹਿੰਦੇ ਕਿਸੇ ਕਿਰਾਏਦਾਰ ਨੇ ਮੇਰੇ ਬਾਪ ਨੂੰ ਮੋਚੀ ਨਾਲ ਹੁੱਕਾ ਪੀਂਦੇ ਦੇਖ ਲਿਆ। ਬਸ ਫਿਰ ਕੀ ਸੀ ਓਹਲਾ ਚੁੱਕਿਆ ਗਿਆ ਸ਼ਰਮਿੰਦਗੀ ਮਹਿਸੂਸ ਹੋਈ। ਬਾਪ ਨੂੰ ਰੋਕਣ ਦਾ ਯਤਨ ਕੀਤਾ ਤਾਂ ਕਿ ਮੋਚੀ ਨਾਲ ਬੈਠ ਕੇ ਹੁੱਕਾ ਨਾ ਪੀਵੇ। ਬਸ ਫਿਰ ਕੀ ਸੀ ਉਹ ਫਟ ਪਿਆ ਉਹ ਪੂਰੀ ਤਰ੍ਹਾਂ ਘੁੱਟਣ ਚੋਂ ਬਾਹਰ ਆ ਗਿਆ। ਉਹ ਫਿਸ ਪਿਆ ਉਹ ਫਟ ਪਿਆ। ਪਤਾ ਲੱਗਾ ਉਹ ਮੋਚੀ ਕੋਲੋਂ ਤੋਲਾ ਕੁ ਦਾਰੂ ਵੀ ਪੀ ਕੇ ਆਇਆ ਸੀ। ਉਸ ਦਿਨ ਮੇਰੇ ਬਾਪ ਨੇ ਮੈਨੂੰ ਬਹੁਤ ਗਾਹਲਾਂ ਕੱਢੀਆਂ, "ਉਹ ਸਾਲਿਓ ! ਤੁਸੀਂ ਪੜ੍ਹ ਲਿਖ ਕੇ ਡਰੀ ਜਾਨੇ ਮੈਂ ਅਨਪੜ੍ਹ ਹੋ ਕੇ ਨੀ ਡਰਦਾ। ਉਹ ਸਾਲਿਆਂ ਤੇਰਾ ਤਾਂ ਚੰਡੀਗੜ੍ਹ ਆ ਕੇ ਮੱਚ ਹੀ ਮਰ ਗਿਆ, ਤੇਰੀ ਤਾਂ ਅਵਾਜ਼ ਹੀ ਨਹੀਂ ਨਿਲਕਦੀ ਤੈਨੂੰ ਹੈਸ ਕੰਮ ਲਈ ਪੜ੍ਹਾਇਆ ਸੀ ਬਈ ਤੇਰੀ ਅਵਾਜ਼ ਹੀ ਨਾ ਨਿਕਲੇ। ਮੈਨੂੰ ਸਭ ਪਤਾ ਲੱਗ ਗਿਆ ਤੂੰ ਏਥੇ ਆਪਣੀ ਜਾਤ ਬਦਲ ਕੇ ਰਹਿੰਨੇ, ਸਾਲਿਆ ਤੈਨੂੰ ਸ਼ਰਮ ਨਹੀਂ ਆਉਂਦੀ 'ਬਾਹਮਣ' ਬਣਿਆ ਫਿਰਦਾ... ਹਮ ਸ਼ਰਮਾਂ ਹੋਤੇ ਹੈ। ਤੇਰੇ ਨਾਲੋਂ ਤਾਂ ਉਹ ਚੌਂਕ ਵਿਚ ਬੈਠਾ ਮੋਚੀ ਚੰਗਾ ਜਿਹੜਾ ਛਾਤੀ ਚੌੜੀ ਕਰਕੇ ਬਹਿੰਦਾ, ਕਮਾਈ ਕਰਦਾ। ਖਾਂਦਾ ਪੀਂਦਾ ਅਣਖ ਨਾਲ ਬੈਠਦਾ ਕਿਸੇ ਦੀ ਪਰਵਾਹ ਨਹੀਂ ਕਰਦਾ ਤੁਹਾਡੇ ਹਾਅ ਬਾਬੂ ਲਗਣ ਨਾਲ ਹੀ ਮਚ ਮਰ ਗਏ। ਤੁਸੀਂ ਪੜ੍ਹ ਲਿਖ ਕੇ ਡਰੀ ਜਾਨੇ ਓ, ਕੀ ਕੌਮ ਦਾ ਸਵਾਰੋਗੇ। ਮੈਂ ਅਨਪੜ੍ਹ ਹੋ ਕੇ ਨੀਂ ਡਰਦਾ ਓਏ।" ਬਾਪ ਦੀ ਘੁੱਟਣ ਪਤਾ ਨਹੀਂ ਕਿਧਰ ਚਲੀ ਗਈ ਪਰ ਮੇਰੀ ਘੁੱਟਣ ਵਧਦੀ ਵਧਦੀ ਵਧ ਗਈ।

ਏਵੇਂ ਹੀ ਇਕ ਵਾਰ ਠੰਢ ਵਿਚ ਆਪਣਾ ਪੁਰਾਣਾ ਕੋਟ ਪਾਉਣ ਲਈ ਦਿੱਤਾ ਤਾਂ ਉਸ ਨੇ ਉਲਟਾ ਸਿੱਧਾ ਕਰਕੇ ਦੇਖਿਆ, 'ਇਹ ਨਵਾਂ ਕਿ ਪੁਰਾਣਾ?" ਉਸ ਪੁੱਛਿਆ। 'ਪੁਰਾਣਾ।' ਮੈਂ ਕਿਹਾ। ਉਸ ਕੋਟ ਚੁੱਕ ਕੇ ਮਾਰਿਆਂ। "ਸਾਲਿਆ ਲੈ ਕੇ ਦੇਣਾ ਸੀ ਤਾਂ ਨਵਾਂ ਲੈ ਕੇ ਦੇ ਪੁਰਾਣਾ ਪਾਉਣ ਨੂੰ ਮੈਂ ਹੀ ਰਹਿ ਗਿਆ। ਪਹਿਲਾਂ ਜੱਟਾਂ ਦਾ ਉਤਾਰ ਪਾਉਂਦੇ ਰਹੇ ਹੁਣ ਪੁੱਤਾਂ ਦਾ ਉਤਾਰ ਵੀ ਪਾਈਏ। ਕੋਈ ਸ਼ਰਮ ਕਰੋ ਪਿਓ ਨੂੰ ਉਤਾਰ ਪੁਆਉਂਦੇ ਹੋ। ਕਦੀ ਮੇਰੇ ਭਾਗਾਂ 'ਚ ਵੀ ਕਪੜਾ ਲਿਖਿਆ ਜਾਓ ਕਿ ਨਾ। ਇਹ ਤਾਂ ਇਕ ਮਾਣ

ਤਾਣ ਹੁੰਦਾ।'' ਬਾਪ ਦਾ ਕਿਹਾ ਹੋਇਆ 'ਮਾਣ ਤਾਣ' ਸ਼ਬਦ ਅੱਜ ਵੀ ਮੇਰੇ ਜ਼ਿਹਨ ਵਿਚ ਖੁੱਭਿਆ ਹੋਇਆ ਹੈ। ਐਵੇਂ ਜੀਅ ਕੇ ਗੁਜ਼ਾਰ ਕੇ ਮੇਰਾ ਬਾਪ ਮੇਰਾ ਪੁਰਖਾ ਚਲਾ ਗਿਆ।

ਉਹਨਾਂ ਦੇ ਕਹੇ ਹੋਏ ਖਰਵੇ ਸ਼ਬਦ ਕਦੀ ਕਦਾਈ ਯਾਦ ਆਉਂਦੇ ਰਹੇ। ਅਜੇ ਕਹਾਣੀਆਂ ਪੜ੍ਹਦੇ ਹੀ ਸੀ ਕਿ 1999 ਵਿਚ ਜੱਬਲਪੁਰ ਬੈਠਾ ਸੀ 'ਘੁੱਟਣ' ਚੋਂ ਬਾਹਰ ਨਿਕਲਣ ਦਾ ਯਤਨ ਕਰ ਰਿਹਾ ਸੀ। ਬੈਠਾ ਬੈਠਾ ਆਪਣੇ ਬਾਪ ਬਾਰੇ ਸੋਚ ਰਿਹਾ ਸੀ। 'ਮੋਚੀ ਦਾ ਪੁੱਤ' ਕਹਾਣੀ ਲਿਖੀ ਇਸ ਕਹਾਣੀ ਵਿਚ ਬਹੁਤ ਸਾਰੇ ਪਹਿਲੂ ਆਪਣੇ ਬਾਪ ਸੀ ਸ਼ਖ਼ਸੀਅਤ ਦੇ ਆ ਗਏ।

ਇਸ ਤਰ੍ਹਾਂ ਮੇਰਾ ਬਾਪ ਮੇਰਾ ਪੁਰਖਾ ਮੇਰੀ ਪ੍ਰੇਰਨਾ ਸਰੋਤ ਬਣਿਆ। ਮੇਰਾ ਰੋਲ ਮਾਡਲ ਵੀ। ਇਕ ਹੋਰ ਕਹਾਣੀ 'ਮਾਣ ਤਾਣ' ਲਿਖੀ ਜਿਹੜੀ ਪ੍ਰੇਮ ਪ੍ਰਕਾਸ਼ ਨੇ ਛਾਪੀ। ਹੋਰ ਕਹਾਣੀਆਂ ਵਿਚ ਗਾਹੇ ਬਗਾਹੇ ਮੇਰੇ ਪੁਰਖੇ ਦਾ ਪਰਛਾਵਾਂ ਪੈ ਜਾਂਦਾ ਹੈ। ਉਹਨਾਂ ਦੇ ਕਹੇ ਹੋਏ ਬੋਲ ਅਕਸਰ ਕੰਨਾ 'ਚ ਗੂੰਜਦੇ ਹਨ, ''ਸਾਲਿਓ ਮੈਂ ਅਨਪੜ੍ਹ ਹੋ ਕੇ ਨਹੀਂ ਡਰਦਾ। ਤੁਸੀਂ ਪੜ੍ਹ ਲਿਖ ਕੇ ਡਰੀ ਜਾਂਦੇ ਹੋ।'' ਜਾਂ ਫਿਰ ਉਹ ਕਹਿੰਦੇ ਰਹੇ, ''ਹਮ ਸ਼ਰਮਾ ਹੋਤੇ ਹੈਂ।'

ਮੇਰਾ ਬਾਪ ਅਨਪੜ੍ਹ ਸੀ। ਉਮਰ ਤਾਂ ਸੌ ਸਾਲ ਭੋਗ ਗਿਆ। ਬੜਾ ਕੁਝ ਅਣ ਕਿਹਾ ਛੱਡ ਗਿਆ। ਜੋ ਪਰਿਵਾਰ ਤੱਕ ਸੀਮਤ ਰਿਹਾ। ਮੇਰੇ ਬਾਪ ਦੀ ਉਮਰ ਦੇ ਉਹਨਾਂ ਦੇ ਭੈਣ ਭਰਾ ਵੀ ਉਹਨਾਂ ਵਾਂਗ ਅਣਖੀ ਸਨ। ਲੜਾਕੇ ਸਨ ਡਰਦੇ ਨਹੀਂ ਸਨ ਮੇਰੇ ਚਾਚੇ ਤਾਏ ਮਾਮੇ ਫੁੱਫੜ ਅੱਗੋਂ ਉਨ੍ਹਾਂ ਦੇ ਹਾਣੀ ਪਰਾਣੀ। ਸੰਨ ਸੰਤਾਲੀ ਤੋਂ ਪਹਿਲਾਂ ਦੇ ਜੰਮੇ ਜਾਏ ਜਿਹਨਾਂ ਨੂੰ ਵੋਟ ਦਾ ਅਧਿਕਾਰ ਨਹੀਂ ਸੀ ਡਾ. ਅੰਬੇਡਕਰ ਵੀ ਉਨ੍ਹਾਂ ਦਾ ਹੀ ਭਾਈ ਭਰਾ ਸੀ। ਉਸ ਨੂੰ ਸਕੂਲ ਜਾਣ ਦਾ ਮੌਕਾ ਮਿਲ ਗਿਆ। ਉਹ ਪੜ੍ਹ ਗਿਆ। ਉਸ ਨੇ ਲਿਖਿਆ ਵੀ, ਉਹ ਬੋਲਿਆ ਵੀ। ਉਹ ਮੂਕ ਨਹੀਂ ਰਿਹਾ, ਉਹ ਦੂਸਰਿਆਂ ਦੇ ਹਿੱਸੇ ਦਾ ਵੀ ਬੋਲਿਆ। ਉਸ ਨੇ ਉੱਚੀ ਉੱਚੀ ਕਿਹਾ ਕਿ ਉਸ ਦਾ ਕੋਈ ਘਰ ਘਾਟ ਨਹੀਂ ਹੈ ਉਹ ਇਸ ਦੇਸ਼ ਨੂੰ ਆਪਣਾ ਕਿਵੇਂ ਕਹਿ ਸਕਦਾ ਹੈ। ਉਹ ਉਸ ਧਰਮ ਨੂੰ ਆਪਣਾ ਕਿਵੇਂ ਕਹਿ ਸਕਦਾ ਹੈ ਜਿੱਥੇ ਸਾਨੂੰ ਕੁੱਤਿਆਂ ਬਿੱਲੀਆਂ ਤੋਂ ਵੀ ਨੀਚ ਮੰਨਿਆ ਜਾਂਦਾ ਹੈ। ਕੋਈ ਵੀ ਅਣਖੀ ਅਛੂਤ ਇਸ ਮਾਤਰ ਭੂਮੀ ਤੇ ਫ਼ਖਰ ਨਹੀਂ ਕਰ ਸਕਦਾ। ਖੂਹਾਂ ਤੋਂ ਪਾਣੀ ਨਹੀਂ ਸੀ ਪੀਤਾ ਜਾ ਸਕਦਾ। ਮੰਦਰਾਂ ਵਿਚ ਜਾਣਾ ਵਿਵਰਜਤ ਸੀ। ਡਾ. ਅੰਬੇਡਕਰ ਨੂੰ ਹੱਕ ਮੰਗਣ ਤੇ ਗ਼ਦਾਰ ਕਿਹਾ ਜਾਂਦਾ ਰਿਹਾ, ਡਾ. ਅੰਬੇਡਕਰ ਨੇ ਇਕ ਜਗਾ ਕਿਹਾ ਕਿ ਮਾਂ ਖਾਣ ਨੂੰ ਨਹੀਂ ਦੇਂਦੀ ਤੇ ਪਿਓ ਭੀਖ਼ ਨਹੀਂ ਮੰਗਣ ਦੇਂਦਾ ਇਹ ਕੇਹੋ ਜਿਹਾ ਤਮਾਸ਼ਾ ਹੈ।''

ਸਦੀਆਂ ਤੋਂ ਹੀ ਇਹ ਤਮਾਸ਼ਾ ਚਲਦਾ ਆ ਰਿਹਾ ਹੈ। ਮਦਾਰੀ ਡੁੱਗ ਡੁੱਗੀ ਵਜਾ ਰਿਹਾ ਹੈ। ਮਦਾਰੀ ਦੀ ਡੁੱਗ ਡੁੱਗੀ ਵਿਚ ਸਾਰੀ ਦੁਨੀਆਂ ਸ਼ਾਮਲ ਹੈ। ਇਸ ਤਮਾਸ਼ੇ ਵਿਚ ਮੇਰੇ ਪੁਰਖੇ ਵੀ ਸ਼ਾਮਲ ਸਨ। ਮੇਰੇ ਪੁਰਖਿਆਂ ਦੀ ਭੀੜ ਅਲੱਗ ਸੀ ਉਹ ਨੰਗੇ ਪਿੰਡੇ ਸਨ ਹੱਥ ਜੋੜ ਕ ਖੜ੍ਹੇ ਸਨ ਉਹਨਾਂ ਦੇ ਚੇਹਰਿਆਂ ਤੇ ਤਰਲੇ ਸਨ ਉਹ ਬੰਦਗੀ ਕਰਦੇ ਆਪ ਭੁੱਖੇ ਰਹਿੰਦੇ। ਦੂਸਰਿਆ ਨੂੰ ਰੱਜੇ ਰਹਿਣ ਦੀ ਦੁਆ ਦੇਂਦੇ ਪਰ ਆਪੂੰ ਕਦੀ 'ਰੱਜਣ' ਦਾ ਯਤਨ ਨਾ ਕੀਤਾ। ਇਹੀ ਉਹਨਾਂ ਦੀ ਇਮਾਨਦਾਰੀ ਸੀ। ਵਫਾਦਾਰੀ ਸੀ। ਦੇਸ਼ ਭਗਤੀ ਸੀ ਦੇਸ਼ ਨਾਲ ਪਿਆਰ ਸੀ। ਮੇਰੇ ਪੁਰਖੇ ਦਾ ਸੰਦੇਸ਼ ਮੇਰੇ ਲਈ ਚੁਣੌਤੀ ਬਣਿਆ ਹੋਇਆ। ''ਮੈਂ ਅਨਪੜ੍ਹ ਹੋ ਕੇ ਨਹੀਂ ਡਰਦਾ ਤੁਸੀਂ ਪੜ੍ਹ ਲਿਖ ਕੇ ਡਰੀ ਜਾ ਰਹੇ ਹੋ।''

## ਜੜ੍ਹਾਂ / - ਸੁਖਦੇਵ ਸਿੱਧੂ

ਬੰਦੇ ਦੇ ਹੋਣ-ਥੀਣ ਦਾ ਸਬੂਤ ਜੜ੍ਹ ਚ ਪਿਆ ਹੁੰਦਾ ਹੈ। ਹੁਣ ਲੋਕਾਂ ਨੂੰ ਅਪਣੀਆਂ ਜੜ੍ਹਾਂ ਤੇ ਅਪਣੇ ਪੁਰਖੇ ਭਾਲਣ ਦੀ ਸੁਰਤ ਆਉਣ ਲੱਗੀ ਹੈ। ਪਹਿਲਾਂ ਕਿਸੇ ਨੇ ਏਧਰ ਕੋਈ ਬਹੁਤਾ ਗੁਮੇਹ ਨਹੀਂ ਸੀ ਕੀਤਾ। ਕਰਦੇ ਵੀ ਕਿੱਦਾਂ; ਹੋਰ-ਹੋਰ ਫ਼ਿਕਰ ਹੀ ਡਾਢੇ ਸੀ। ਰੋਟੀ ਕਮਾਉਣ ਦਾ ਫ਼ਿਕਰ ਵੱਡਾ ਸੀ। ਰਤਾ ਕੁ ਸਰਦਿਆਂ ਨੂੰ ਹੁਣ ਮਾਣ ਹੋਣ ਲੱਗਾ ਹੈ।

ਜੜ੍ਹਾਂ ਦੇ ਮੁੱਲ ਦਾ ਪਤਾ ਮੈਨੂੰ ਵੀ ਹੁਣ ਲੱਗਣ ਲੱਗਿਆ ਹੈ। ਪਹਿਲੀਆਂ 'ਚ ਸਰਕਾਰੇ ਦਰਬਾਰੇ ਰਿਕਾਰਡ ਤਾਂ ਰਾਜਿਆਂ-ਰਾਣਿਆਂ, ਸਰਦਿਆਂ-ਪੁੱਜਦਿਆਂ, ਜ਼ੈਲਦਾਰਾਂ, ਰਾਏ-ਖ਼ਾਨਾਂ, ਸਰਦਾਰ-ਬਹਾਦਰਾਂ ਦੇ ਹੀ ਹੋ ਸਕਣੇ ਸੀ। ਹਮਾਤੜਾਂ ਦੇ ਰਿਕਾਰਡ ਸਾਂਭਣ ਦਾ ਭਲਾ ਅਗਲਿਆਂ ਨੂੰ ਕਿਓਂ ਫ਼ਿਕਰ ਹੋਣਾ ਸੀ। ਬੰਸਾਵਲੀ ਦਾ ਸਾਡਾ ਵੱਡਾ ਆਸਰਾ ਹੁਣ ਹਰਦੁਆਰ ਹੀ ਰਹਿ ਜਾਂਦਾ ਹੈ। ਹਰਿ (ਹਰਿਦੁਆਰ) ਕੀ ਪਉੜੀ ਪੰਜਾਬੀ ਰਹਿਤਲ ਦੇ ਢਿੱਡ ਚ ਜਾ ਉਤਰਦੀ ਹੈ। ਸਿੱਖਾਂ ਦੇ ਵੀ। ਜਿਹੜੇ ਹਰਦੁਆਰ ਨਹੀਂ ਜਾਂਦੇ; ਕੀਰਤਪੁਰ ਜਾ ਆਉਂਦੇ ਹਨ। ਇਹਨੂੰ ਮੁਕਤੀ ਦਾ ਆਖ਼ਿਰੀ ਪੌਡਾ ਵੀ ਮੰਨਿਆ ਜਾਂਦਾ ਹੈ। ਸਰਦੇ ਪੁਜਦੇ ਤਾਂ ਪ੍ਰੋਹਿਤਾਂ ਦਾ ਖਰਚਾ ਝੱਲ ਲੈਂਦੇ ਹੋਣਗੇ, ਹਮਾਤੜ ਵਿਚਾਰੇ ਕੀ ਕਰਦੇ ਹੋਣਗੇ। ਕਹਿੰਦੇ ਨੇ, ਜਿਹੜੇ ਗ਼ਰੀਬ ਹਰਿਦੁਆਰ ਜਾਣ ਜੋਗੇ ਨਹੀਂ ਸੀ, ਪਿੰਡ ਦਾ ਪ੍ਰੋਹਿਤ ਹਰਿਦੁਆਰ ਜਾ ਕੇ ਉਨ੍ਹਾਂ ਦੀ ਮੌਤ ਦਾ ਰਿਕਾਰਡ ਜਮ੍ਹਾਂ ਕਰਵਾ ਦਿੰਦਾ ਸੀ। ਮੈਨੂੰ ਪਤਾ ਹੈ ਕਿ ਸਾਡੇ ਪਿੰਡ ਕੋਈ ਬ੍ਰਾਹਮਣ ਜਾਂ ਪੁਰੋਹਿਤ ਨਹੀਂ ਸੀ ਵਸਦਾ; ਬਜ਼ੁਰਗ ਵੀ ਦੱਸਦੇ ਹਨ ਕਿ ਬ੍ਰਾਹਮਣ ਜਾਂ ਪੁਰੋਹਿਤ ਦੀ ਉਨ੍ਹਾਂ ਨੂੰ ਖ਼ਬਰ ਨਹੀਂ ਹੈ। ਪਰ ਦੱਸਣ ਵਾਲ਼ੇ ਦੱਸਦੇ ਨੇ ਕਿ ਹਰਿਦੁਆਰ ਦੇ ਪੰਡਿਆਂ ਦੀਆਂ ਹੱਟੀਆਂ ਇਲਾਕੇ ਦੇ ਪਿੰਡਾਂ-ਸ਼ਹਿਰਾਂ ਤੇ ਜਾਤਾਂ ਦੇ ਹਿਸਾਬ ਨਾਲ਼ ਵਸੀਆਂ ਹੋਈਆਂ ਹਨ। ਪੁਸ਼ਤਾਂ-ਦਰ-ਪੁਸ਼ਤਾਂ ਦਾ ਹਿਸਾਬ ਏਥੋਂ ਮਿਲ਼ ਸਕਦਾ ਹੈ - ਨੱਕੜ ਦਾਦਿਆਂ ਦੇ ਨੱਕੜ ਦਾਦਿਆਂ ਦਾ ਵੀ ਤੇ ਪੜਪੋਤਿਆਂ ਦੇ ਪੜਪੁਤਿਆਂ ਤੋਂ 'ਗਾਂਹ ਦਾ ਵੀ। ਸਵਾਲਾਂ ਦਾ ਸਵਾਲ ਹੈ ਕਿ ਜਿਨ੍ਹਾਂ ਨਿਮਨ ਮਨੁੱਖਾਂ/ਜਾਤਾਂ ਨੂੰ ਕਿਸੇ ਵੀ ਧਰਮ ਸਥਾਨਾਂ ਦੀਆਂ ਪੌੜੀਆਂ ਚੜ੍ਹਨ ਦੀ ਮਨਾਹੀ ਹੈ, ਉਨ੍ਹਾਂ ਦਾ ਹਿਸਾਬ ਕਿਹਨੇ ਰੱਖਿਆ ਹੋਊ ਤੇ ਹੁਣ ਇਹ ਕੌਣ ਰੱਖਦਾ ਹੈ?

ਪਿੰਡੀਂ ਥਾਂਈਂ, ਪਿਤਰਾਂ ਦੇ ਨਾਂ ਤੇ ਸਾਡਾ ਜ਼ੋਰ ਤਾਂ ਸਰਾਧਾਂ ਤੀਕ ਆ ਕੇ ਮੁੱਕ ਜਾਂਦਾ ਰਿਹਾ ਹੈ। ਜਾਂ ਹੁਣ ਬਰਸੀਆਂ-ਅਖੰਡ ਪਾਠ ਸ਼ੁਰੂ ਹੋ ਗਏ ਨੇ। ਪਰ ਇਹ ਵੀ ਪਿਤਰਾਵਲੀ ਤੋਂ ਉਰ੍ਹਾਂ ਹੀ ਰਹਿ ਜਾਂਦੇ ਨੇ। ਪੁਰਾਣੇ ਪਿੰਡੀਂ ਬਜ਼ੁਰਗਾਂ ਦੀ ਜਗਾਹ ਬਣਾ ਕੇ ਪੂਜਾ ਸ਼ੁਰੂ ਹੋ ਜਾਂਦੀ ਹੈ। ਇਹ ਸਭ ਵੀ ਬੋਝੇ ਦੇ ਜ਼ੋਰ ਅਤੇ ਰੁਤਬੇ ਦੇ ਹਿਸਾਬ ਨਾਲ ਹੀ ਟਿਕਿਆ ਹੋਇਆ ਹੈ। ਜਿੰਨੀ ਭਾਰੀ ਜੇਬ ਓਨਾ ਵੱਡੀ ਤੇ ਸੁੰਦਰ ਜਗ੍ਹਾ ਬਣਦੀ ਹੈ। ਅਜੇਹੀਆਂ ਥਾਵਾਂ ਬਾਰੇ ਅਸੀਂ ਬੜੀਆਂ ਦੰਦ-ਕਥਾਵਾਂ ਸੁਣੀਆਂ ਹੋਈਆਂ ਨੇ। ਮਰੇ ਹੋਏ ਪੁਰਾਣੇ ਬਜ਼ੁਰਗ ਦੇ ਸਕੇ ਸੋਧਰੇ ਤਾਂ ਗੱਲ ਬਹੁਤ ਵਧਾ ਕੇ ਕਰੀ ਜਾਣਗੇ। ਦੂਸਰੇ ਬਿਲਕੁਲ ਹੀ ਥੱਲਾ ਲਾ ਦੇਣਗੇ। ਅਸਲ ਗੱਲ ਦੋਹਾਂ ਧਿਰਾਂ ਦੇ ਵਿਚ ਵਿਚਾਲੇ ਰੁਲ਼ ਕੇ ਰਹਿ ਜਾਂਦੀ ਹੈ। ਕਈ ਸਿਰਫ ਸਰਦਾਰੀਆਂ ਸਦਕਾ ਹੀ ਕਬੂਲ ਲਏ ਜਾਂਦੇ ਨੇ। ਸੱਭ ਜੱਗ ਜਾਣੂੰ ਹੈ ਕਿ ਰੁਤਬੇ ਦਾ ਅਸਰ ਹੁੰਦਾ ਹੈ। ਵਿਚ ਵੀ ਕੁਝ ਹੁੰਦਾ? ਕਈ ਸ਼ਰਧਾ ਭਾਵਨਾ ਕਰਕੇ ਤੇ ਕਈ ਮੌਕੇ ਮੇਲ ਕਰਕੇ, ਕੱਖੋਂ ਲੱਖ ਦੇ ਹੋ ਰਹਿੰਦੇ ਨੇ।

ਸਭਨਾਂ ਮੁਲਕਾਂ ਚ ਸਰਕਾਰੀ ਤੇ ਗ਼ੈਰਸਰਕਾਰੀ ਮਰਦਮਸ਼ੁਾਰੀ ਗਿਣਤੀ ਦੇ ਕਈ ਫਾਇਦੇ ਹਨ। ਇਹਦੇ ਤੋਂ ਕੰਮ ਦੀ ਜਾਣਕਾਰੀ ਮਿਲਣ ਦੀ ਆਸ ਜਗਦੀ ਹੈ। ਇਸ ਇਨਫਰਮੇਸ਼ਨ ਦਾ ਵੀ 'ਜਿੰਨਾ ਗੁੜ, ਓਨਾ ਹੀ ਮਿੱਠਾ ਹੋਣ ਵਾਲਾ ਹਿਸਾਬ ਹੈ। ਅੰਗਰੇਜ਼ਾਂ ਦੀਆਂ ਲੱਖ ਖਾਮੀਆਂ ਦੇ ਬਾਵਜੂਦ ਇਨ੍ਹਾਂ ਦੀ ਦਸਤਾਵੇਜਾਂ ਦੀ ਸਾਂਭ ਸੰਭਾਲ ਦਾ ਕੋਈ ਸਾਨੀ ਨਹੀਂ। ਭਾਰਤ ਚ ਵੀ ਇਨ੍ਹਾਂ ਨੇ ਉਨ੍ਹਵੀਂ ਸਦੀ ਚ ਕੁਝ ਹੀਲੇ ਕੀਤੇ ਸੀ; 1831 ਤੇ 1871 ਵਾਲੀ ਮਰਦਮਸ਼ੁਮਾਰੀ ਦੇ ਚਰਚੇ ਰਹੇ ਸੀ; ਅਜੇ ਵੀ ਹਵਾਲੇ ਮਿਲਦੇ ਹਨ। ਖੋਜ ਕਾਰਜਾਂ ਦੇ ਪਰਪੱਕ ਸੋਮਿਆਂ ਲਈ ਵਿਦਵਾਨਾਂ ਦਾ ਲੰਡਨ ਤੋਂ ਬਿਨ ਨਹੀਂ ਸਰਦਾ। ਓਦੂੰ ਪਹਿਲਾਂ ਵੀ ਭਾਰਤੀ ਸਭਿਅਤਾ ਚ ਕੁਝ ਨਾ ਕੁਝ ਤਾਂ ਹੁੰਦਾ ਹੀ ਰਿਹਾ ਹੈ। ਮੋਹਿੰਜੋਦੜੋ-ਹੜੱਪਾ ਦੀ ਸ਼ਾਨਾਂ ਵਾਲ਼ੀ ਰਹਿਤਲ ਵੀ ਹੈ; ਕੁਝ ਹੋਰ ਸਿੱਕੇਬੰਦ ਲੱਭ ਜਾਣ ਦੀ ਵੀ ਆਸ ਵੀ ਹੈ। ਸਾਡੇ ਤਾਂ ਹੁਣੇ ਜਿਹੇ ਹੀ ਇਹਦੀ ਮਹੱਤਤਾ ਨੂੰ ਗੌਲਣ ਲੱਗੇ ਨੇ। ਪਹਿਲਾਂ ਕਿਸੇ ਨੇ ਇਹਦੇ ਵੱਲ ਬਹੁਤਾ ਧਿਆਨ ਹੀ ਨਹੀ ਸੀ ਕੀਤਾ। ਇਹ ਸੱਭ ਨੂੰ ਪਤਾ ਹੀ ਹੈ ਕਿ ਹੁਣ ਵਾਲੀ ਮਰਦਮਸ਼ੁਮਾਰੀਆਂ ਚੋਂ ਅਜੇ ਵੀ ਕਈ ਰਹਿ ਜਾਂਦੇ ਹੋਣੇ ਨੇ। ਸਾਡੇ ਤਾਂ ਬੱਚੇ ਦਾ ਜਨਮ ਪੱਕੇ ਪੈਰੀਂ ਦਰਜ ਕਰਾਉਣ ਦਾ ਕੰਮ ਵੀ ਹੁਣੇ ਜਿਹੇ ਸ਼ੁਰੂ ਹੋਇਆ ਹੈ। ਅਜੇ ਵੀ ਕੁਝ ਰਹਿ ਜਾਣ ਤਾਂ ਹੈਰਾਨੀ ਦੀ ਗੱਲ ਨਾ ਹੋਊ।

ਪਿੰਡਾਂ ਥਾਵਾਂ ਦੀਆਂ ਕੰਨੋਂ ਕੰਨੀਂ ਸੁਣੀਆਂ-ਸੁਣਾਈਆਂ ਗੱਲਾਂ ਤਾਂ ਬਥੇਰੀਆਂ ਮਿਲ ਜਾਂਦੀਆਂ ਨੇ ਪਰ ਜੜ੍ਹਾਂ ਭਾਲਣ ਲਈ ਠੋਸ ਸਬੂਤਾਂ ਵਾਲੀਆਂ ਘੱਟ ਹਨ। ਪੁਰਾਣੇ ਬਾਬੇ ਪੜਦਾਦੇ ਦਸਦੇ ਹੁੰਦੇ ਸੀ: ਐਸ ਪਿੰਡ ਦੀ ਮੋੜ੍ਹੀ ਫਲਾਨੇ ਕਿਆਂ ਦੇ ਬੁੜ੍ਹੇ ਨੇ ਗੱਡੀ ਸੀ; ਫਲਾਨੇ ਪਿੰਡੋਂ ਲਿਆ ਕੇ। ਬੱਸ ਏਨੀ ਕੁ ਗੱਲ ਹੀ ਹੁੰਦੀ ਸੀ। ਨਾਲ ਕੁਝ ਭਰਤੀ ਵੀ ਪਾਈ ਹੁੰਦੀ ਸੀ। ਬਿਨਾਂ ਸ਼ੱਕ ਇਹ ਮੁੱਲ ਵਾਲ਼ੀ ਓਰਲ ਹਿਸਟਰੀ ਸੀ ਪਰ ਬਹੁਤੀ ਵਾਰ ਪਰਖ ਤੇ ਪੂਰੀ ਨਹੀਂ ਉਤਰਦੀ। ਸਾਰੀ ਤਾਂ ਬਿਲਕੁਲ ਵੀ ਨਹੀਂ ਸੀ ਉਤਰਦੀ।

ਹੈਰਾਨੀ ਹੁੰਦੀ ਹੈ ਕਿ ਮੇਰੇ ਪੁਰਖਿਆਂ ਬਾਰੇ ਜਿੰਨਾ ਕੁ ਮੈਨੂੰ ਪਤਾ ਹੈ, ਓਨਾ ਕੁ ਹੀ ਮੇਰੇ ਹੋਰ ਸਭ ਵਡੇਰਿਆਂ ਨੂੰ ਪਤਾ ਸੀ। ਸਗੋਂ ਮੇਰੇ ਬਾਪ ਨੂੰ ਤਾਂ ਮੇਰੇ ਨਾਲੋਂ ਵੀ ਘੱਟ ਪਤਾ ਨਿਕਲਿਆ। ਇਹ ਅਪਣੇ ਪੜਦਾਦੇ ਤੀਕ ਹੀ ਜਾ ਸਕਦੇ ਸੀ। ਅਪਣੇ ਕਹਾਣਾ ਪਾਉਂਦੇ ਹੁੰਦੇ ਨੇ: ਪੜ ਪਿਆ ਤੇ ਸਾਕ ਗਿਆ। ਪਰ ਮੈਂ ਇਕ ਪੀੜੀ 'ਗਾਂਹ ਚਲਾ ਗਿਆਂ ਹਾਂ। ਮੈਂ ਅਪਣੇ ਬਾਬੇ ਦੇ ਚਾਚੇ ਤਾਏ ਦੇ ਪੁੱਤਾਂ ਨੂੰ ਪੁੱਛ-ਪੁਛਾ ਕੇ ਮਸੀਂ ਪੰਜਵੀ ਪੀੜ੍ਹੀ ਤਕ ਹੀ ਪਹੁੰਚ ਸਕਿਆ ਹਾਂ। ਬਾਬੇ ਅਰਜਣ ਤੇ ਬਾਬੇ ਇੰਦਰ ਨੇ ਮੈਨੂੰ ਦੱਸਿਆ ਸੀ: ਬਾਬੇ ਬੰਨੇ ਤੇ ਤਿੰਨ ਪੁੱਤ ਸੀ। ਭੋਲ਼ਾ, ਜੱਗੂ ਤੇ ਬੋਹੜ। ਬਾਬੇ ਭੋਲ਼ੇ ਦਾ ਪੰਜ ਪੁੱਤਾਂ ਚੋਂ ਕੱਲਾ ਰਾਮ ਸਿਓਂ (ਮੇਰਾ ਬਾਬਾ) ਹੀ ਬਚਿਆ ਸੀ। ਬਾਬੇ ਜੱਗੂ ਦੇ ਮੁਣਸ਼ੀ, ਅਰਜਣ, ਇੰਦਰ, ਧੰਨਾ ਤੇ ਰੱਖਾ। ਬੋਹੜ ਦਾ ਸਵਾ ਲੱਖ ਹੀ ਸੀ- ਰੁਲ਼ਦੂ। ਰੁਲ਼ਦੂ ਦੇ ਅੱਗੋਂ ਦੋ ਪੁੱਤ ਸੀ, ਜੀਤ ਤੇ ਗੁਰਮੀਤ (ਗੋਨੀ); ਅੱਗੇ ਗੋਨੀ ਦੇ ਵੀ ਕੋਈ ਔਲਾਦ ਨਹੀਂ। ਬਾਬੇ ਅਰਜਣ ਤੇ ਰੱਖੇ ਦੇ ਵੀ ਕੋਈ ਔਲਾਦ ਨਹੀਂ ਸੀ। ਬਾਬੇ ਇੰਦਰ ਦੇ ਇਕੋ ਪੁੱਤ ਸੀ, ਦੋ ਧੀਆਂ ਤੇ ਬਾਬੇ ਧੰਨੇ ਦੇ ਤਿੰਨ ਪੁੱਤ ਤੇ ਇਕ ਧੀ। ਬਾਬੇ ਮੁਣਸ਼ੀ ਦਾ ਟੱਬਰ ਵੀ ਵੱਡਾ ਹੋਇਆ; ਤਿੰਨ ਧੀਆਂ ਤਿੰਨ ਪੁੱਤ। ਦੱਸਣ ਮੁਜਬ ਮੇਰਾ ਅਪਣਾ ਬਾਬਾ ਤਾਂ ਮੇਰੇ ਜੰਮੇਂ ਤੋਂ ਸਾਲ ਕੁ ਬਾਅਦ ਪੂਰਾ ਹੋ ਗਿਆ ਸੀ; ਦੂਸਰੇ ਬਾਬਿਆਂ ਦੀਆਂ ਮੈਨੂੰ ਕਈ ਗੱਲਾਂ ਯਾਦ ਨੇ - ਅੜਬਾਈ ਦੀਆਂ, ਲੜਾਈ-ਝਗੜੇ ਦੀਆਂ, ਵੰਡ-ਵਿਹਾਰ ਦੀਆਂ, ਖਾਣ-ਪੀਣ ਦੀਆਂ ਤੇ ਹਾਸੇ-ਠੱਠੇ ਦੀਆਂ। ਬਾਬਾ ਅਰਜਣ ਰੰਗ ਮੇਲਾ ਲਾਉਣ ਵਾਲ਼ਾ ਸੀ, ਧੰਨਾ ਤੇ ਇੰਦਰ ਦਿਲ-ਗੁਰਦੇ ਵਾਲ਼ੇ ਸੀ - ਲੜਾਈ-ਭੜਾਈ ਵਾਲ਼ੇ। ਮੈਨੂੰ ਹੁਣੇ ਪਤਾ ਲੱਗਾ ਕਿ ਮੇਰੇ ਨਕੜਦਾਦੇ ਦਾ ਨਾਂ ਪਰੇਮਾ ਜਾਂ ਪੇਮਾ ਸੀ। ਭਲਾ ਹੋਰ ਨਮੋਸ਼ੀ ਕੀ ਹੋਣੀ ਹੈ ਕਿ ਏਦੂੰ ਵੱਧ ਮੈਨੂੰ ਪਤਾ

ਹੀ ਨਹੀਂ। ਏਨਾਂ ਪਤਾ ਹੈ ਕਿ ਮੇਰੇ ਵੱਡ ਵਡੇਰੇ ਮੰਜਕੀ ਦੇ ਪਿੰਡ ਤੱਗੜਾਂ ਤੋਂ ਉੱਠ ਕੇ ਆਏ ਦੱਸੇ ਜਾਂਦੇ ਸੀ। ਪਰ ਇਹ ਪਤਾ ਨਹੀਂ, ਕਦੋਂ ਤੇ ਕੌਣ ਪਹਿਲਾਂ ਆਇਆ ਸੀ। ਹੋ ਸਕਦਾ ਬਾਬਾ ਪੇਮਾ (ਪ੍ਰੇਮਾ) ਜਾਂ ਇਹਦਾ ਬਾਪ ਜਾਂ ਬਾਬਾ ਜਾਂ ਪੜਦਾਦਾ ਆਇਆ ਹੋਵੇ। ਜਾਂ ਕੋਈ ਹੋਰ ਵੱਡ-ਵਡੇਰਾ ਆਇਆ ਹੋਵੇ। ਏਨਾ ਜ਼ਰੂਰ ਪੱਕਾ ਹੋ ਗਿਆ ਕਿ ਸਾਡੀ ਜੜ੍ਹ ਤੱਗੜਾਂ ਤੋਂ ਆ ਕੇ ਲੱਗੀ ਸੀ। ਉਹ ਏਥੇ ਕਿਓਂ ਆਏ ਇਹਦੀ ਸੁੰਧਕ ਤਾਂ ਹੁਣ ਕੀ ਲੱਗਣੀ ਹੋਈ।

ਸਾਡੇ ਪਿੰਡਾਂ ਵੱਲ ਦਾ ਕੁਰਸੀਨਾਮਾ ਕਾਕੱੜਾਂ (ਸ਼ਾਹਕੋਟ) ਦੇ ਕਿਸੇ ਬਜ਼ੁਰਗ ਸੈਂਹਸੀ ਕੋਲ਼ ਹੁੰਦਾ ਸੀ। ਕਹਿੰਦੇ ਇਹ ਆ, ਬਈ ਉਸ ਕੋਲ਼ ਵਹੀ ਹੁੰਦੀ ਸੀ, ਜੀਹਦੇ ਤੇ ਉਹ ਇਹ ਸਭ ਕੁਛ ਦਰਜ ਕਰਵਾ ਲੈਂਦਾ ਸੀ। ਨਿੱਕੇ ਹੁੰਦਿਆਂ ਮੈਂ ਇਹਨੂੰ ਕਈ ਵਾਰੀ ਪਿੰਡ ਆਏ ਨੂੰ ਦੇਖਿਆ, ਪਰ ਮੈਂ ਉਸ ਕੋਲ ਤੱਕਿਆ ਕੁਝ ਨਹੀਂ; ਜ਼ਰੂਰ ਕਿਤੇ ਸਾਂਭ ਕੇ ਰੱਖਿਆ ਹੋਣਾ। ਇਹ ਬਜ਼ੁਰਗ ਮੂੰਹ-ਜ਼ੁਬਾਨੀਂ ਰਟਿਆ ਕੁਰਸੀਨਾਮੇ ਦਾ ਗ੍ਰੰਥ ਖੋਲ੍ਹ ਲੈਂਦਾ ਸੀ। ਇਹਨੂੰ ਸਭ ਕੁਝ ਮੁਹਾਰਨੀ ਵਾਂਗ ਯਾਦ ਸੀ। ਸੱਤ ਅੱਠ ਪੀੜ੍ਹੀਆਂ ਤਾਂ ਐਂਵੇ ਹੀ ਤੁਰਿਆ ਜਾਂਦਾ ਹੀ ਦੱਸ ਦਿੰਦਾ ਸੀ। ਫਿਰ ਦੱਸਣਾ: ਫਲਾਨੇ ਕਿਆਂ ਦੀ ਪੀੜ੍ਹੀ ਐਈਥੋਂ ਜਾ ਕੇ ਫਲਾਨੇ ਕਿਆਂ ਨਾਲ਼ ਰਲ਼ਦੀ ਆ। ਪਿੱਛਿਓਂ ਲਿਆ ਕੇ ਜੋੜ ਮੇਲਾ ਕਰਾਉਣਾ। ਥੋੜ੍ਹੇ ਬੰਦਿਆਂ ਦੇ ਨਾਂਵਾਂ ਨਾਲ ਓਦੋਂ ‘ਸਿੰਘ ਲਗਦੇ ਸੀ। ਸਿੱਧ-ਪੱਧਰੇ ਬੰਦੇ ਸੀ। ਵਲ਼-ਵਲ਼ੇਵੇਂ ਰਹਿਤ; ਵੈਰ-ਵਿਰੋਧ ਵੀ ਘੱਟ ਸੀ। ਜਿੱਦਾਂ ਨਾਂ ਪਿੰਡਾਂ ਚ ਲੈਂਦੇ ਸੀ, ਇਹਨੇ ਵੀ ਓਦਾਂ ਹੀ ਦੱਸ ਦੇਣੇ। ਉਹਨੇ ਦੱਸਣਾ: ਨੱਥਾ, ਮੋਹਣੇ ਦਾ, ਮੋਹਣਾ ਸੌਣ ਦਾ, ਸੌਣ ਮੱਘਰ ਦਾ, ਮੱਘਰ ਰਲ਼ੇ ਦਾ ਤੇ ਰਲ਼ਾ ਜੱਗੇ ਦਾ ਤੇ ਫਿਰ ਮੁੜ ਕੇ ਮੋਹਣੇ ਦੇ ਗਿਣਨ ਲੱਗ ਜਾਣਾ: ਮੋਹਣੇ ਦੇ ਤਿੰਨ ਪੁੱਤ ਹੋਏ ਸੰਤਾ, ਬੰਤਾ ਤੇ ਫੱਗੂ; ਸੰਤੀ ਤੇ ਬੰਤੀ ਦੋ ਧੀਆਂ। ਫੱਗੂ ਤਾਂ ਬਚਿਆ ਨਹੀਂ ਸੀ। ਸੰਤੇ ਦੀ ਔਲਾਦ ਫਲਾਨਾ ਫਲਾਨਾ ਤੇ ਬੰਤੇ ਦਾ ਫਲਾਨਾ। ਇਹਦੀ ਰਟੀ ਹੋਈ ਮੁਹਾਰਨੀ ਸੁਣ ਕੇ ਮੈਂ ਹੈਰਾਨ ਹੋਣਾ ਕਿ ਏਸ ਬਾਬੇ ਨੂੰ ਏਨੇ ਨਾਂ ਕਿੱਦਾਂ ਯਾਦ ਰਹਿ ਜਾਂਦੇ ਨੇ। ਲੱਗਣਾ ਇਹਦੇ ਅੰਦਰ ਕੋਈ ਯੰਤਰ ਬੀੜਿਆ ਹੋਇਆ ਸੀ, ਨਹੀਂ ਤਾਂ ਸਾਨੂੰ ਤਾਂ ਸਕੂਲ ਦਾ ਪਾਠ ਵੀ ਯਾਦ ਨਹੀਂ ਸੀ ਰਹਿੰਦਾ। ਰਤਾ ਕੁ ਸੁਰਤ ਆਈ ਤੋਂ ਪਤਾ ਲੱਗਾ ਕਿ ਇਹ ਇਹਦਾ ਕੰਮ ਸੀ। ਰੋਟੀ ਪਾਣੀ ਦਾ ਸਾਧਨ। ਇਹ ਪਿੰਡੀਂ ਜਾ ਕੇ ਏਸੇ ਦਾ ਖੱਟਿਆ ਖਾਂਦਾ ਸੀ। ਪਤਾ ਨਹੀਂ ਕਿੰਨੇ ਕੁ ਪਿੰਡਾਂ ਦੇ ਹਿਸਾਬ ਇਹ ਆਵਦੇ ਦਿਲ ਚ ਲੈ ਕੇ ਤੁਰ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ’ਕੱਲੇ ਮਾਨ ਗੋਤ ਦੇ ਜੱਟਾਂ ਦਾ ਸੈਂਹਸੀ ਹੀ ਸੀ ਤੇ ਹੋਰ ਕਿਸੇ ਬਾਰੇ ਨਹੀਂ ਸੀ ਪਤਾ। ਪਰ ਇਹਦੇ ਚ ਪੂਰੀ ਸੱਚਾਈ ਨਹੀਂ ਲੱਗਦੀ। ਮੈਂ ਆਪ ਇਹਨੂੰ ਕੰਮੀਆਂ ਕਮੀਣਾਂ ਦੇ ਕੁਰਸੀਨਾਮੇ ਸੁਣਾਉਂਦੇ ਵੀ ਸੁਣਿਆ ਸੀ ਤੇ ਹੋਰ ਨਿਮਨ ਧਿਰਾਂ ਦੇ ਵੀ।

ਇਹ ਵਿਚਾਰਾ ਬਾਬਾ ਤਾਂ ਦੇਰ ਦਾ ਜਹਾਨੋਂ ਤੁਰ ਗਿਆ ਤੇ ਇਹਦੀਆਂ ਅਗਲੀਆਂ ਪੁਸ਼ਤਾਂ ਨੇ ਇਹਦੇ ਖ਼ਜ਼ਾਨੇ ਦੀ ਦੇਖਭਾਲ਼ ਨਹੀਂ ਕੀਤੀ। ਨਾ ਹੀ ਕਿਸੇ ਨੇ ਵਹੀ ਖਾਤਾ ਸਾਂਭ ਕੇ ਰੱਖਿਆ। ਦੱਸਣ ਵਾਲ਼ੇ ਦੱਸਦੇ ਨੇ ਇਹਦੀ ਗਵਾਹੀ ਤੇ ਜ਼ਮੀਨਾਂ ਦੇ ਵੱਡੇ ਮੁਕੱਦਮੇ ਵੀ ਤੈਅ ਹੋਏ ਸੀ। ਜੱਜ ਕਹਿੰਦਾ: ਕੋਈ ਗਵਾਹ ਹਾਜਰ ਕਰੋ, ਜਿਹੜਾ ਪੱਕੀ ਤੇ ਸਹੀ ਗੱਲ ਦੱਸ ਸਕਦਾ ਹੋਵੇ। ਏਸ ਬਾਬੇ ਨੇ ਜਾ ਕੇ ਜੱਜ ਸਾਹਮਣੇ ਤਵਾਰੀਕੀ ਤਫ਼ਸੀਲ ਦੀ ਐਸੀ ਰੇਲ ਸੁਣਾਈ, ਕਿ ਜੱਜ ਹੈਰਨ ਵੀ ਹੋਇਆ ਤੇ ਖ਼ੁਸ਼ ਵੀ। ਫ਼ੈਸਲਾ ਇਹਦੇ ਦੱਸੇ ਮੂਜਬ ਹੋ ਗਿਆ। ਜਾਇਦਾਦ ਜਿਹਦੀ ਸੀ, ਉਹਨੂੰ ਮਿਲ ਗਈ। ਇਹਦੀ ਥੋੜ ਹੁਣ ਵਧੇਰੇ ਰੜਕਣ ਲੱਗੀ ਹੈ।

ਉੱਨਤ ਮੁਲਕਾਂ ਚ ਜੱਦ-ਕੁੱਲ ਲੱਭਣ ਦੀਆਂ ਕਲੱਬਾਂ ਬਣੀਆਂ ਹੋਈਆਂ ਨੇ। ਪਰਚੇ ਤੇ

ਕਿਤਾਬਾਂ ਛਪਦੀਆਂ ਨੇ।ਅਮਰੀਕਾ, ਕੈਨੇਡਾ, ਅਸਟਰੇਲੀਆ ਨੀਊਜ਼ੀਲੈਂਡ ਤੋਂ ਜੜ੍ਹਾਂ ਲੱਭਣ ਆਇਆਂ ਦੀ ਲੰਦਨ, ਐਡਿਨਬਰਾ ਤੇ ਆਇਰਲੈਂਡ ਦੇ ਮਿਸਲਖ਼ਾਨਿਆਂ ਵਿਚ ਭੀੜ ਲੱਗੀ ਰਹਿੰਦੀ ਹੈ।ਬੀ ਬੀ ਸੀ ਲੰਡਨ ਵਾਲਿਆਂ ਨੇ ਪਿੱਛੇ-ਜਿਹੇ ਵਲੈਤ ਦੇ ਨਾਮਣੇ ਵਾਲ਼ੇ ਬੰਦਿਆਂ ਦੀਆਂ ਪੁਸ਼ਤਾਂ ਲੱਭਣ ਦੇ ਪ੍ਰੋਗਰਾਮ ਬਣਾ ਕੇ ਦਿਖਾਏ ਹਨ। ਕਈ ਸ਼ਖ਼ਸ ਆਪਣੇ ਪਿਤਰਾਂ ਦੀ ਹਾਲਤ ਜਾਣ/ਸੁਣ ਕੇ ਅੱਖਾਂ ਨਮ ਕਰਦੇ ਹਨ; ਟੈਲੀਵੀਯਨ 'ਤੇ ਧਾਹੀਂ ਰੋਂਦੇ ਬੰਦੇ ਵੀ ਮੈਂ ਤੱਕੇ ਨੇ। ਆਪਣੇ ਪੁਰਖਿਆਂ ਦੀ ਕੱਖੋਂ ਹੌਲ਼ੀ ਜ਼ਿੰਦਗ਼ੀ ਦਾ ਹੋਣਾ ਉਨ੍ਹਾਂ ਤੋਂ ਸਹਿ ਨਾ ਹੋਇਆ। ਇਨ੍ਹਾਂ ਚੋ ਕਈਆਂ ਦੇ ਪੜਦਾਦੇ ਨੱਕੜਦਾਦੇ ਭਾਰਤ ਚੋਂ ਵੀ ਗਏ ਸੀ; ਕਈਆਂ ਦੇ ਭਾਰਤ ਚੋਂ ਅਫ਼ਰੀਕਾ ਗਏ ਤੇ ਫਿਰ ਵਲੈਤ ਆ ਗਏ।

ਵਲੈਤ ਚ ਕੰਮ ਕਰਦਿਆਂ ਮੇਰੇ ਨਾਲ਼ ਦਿਲਚਸਪ ਗੱਲਾਂ ਵੀ ਹੋਈਆਂ। ਇੱਕ ਵਾਰੀ ਕਿਸੇ ਸ਼ਰਮਾ ਨਾਂ ਦੇ ਬੰਦੇ ਦੀ ਇਨਕੁਆਰੀ ਆ ਗਈ। ਮੈਨੂੰ ਕਹਿੰਦੇ ਇਹਨੂੰ ਤੂੰ ਨਜਿੱਠ ਦੇਹ।ਅਫ਼ਸਰਾਂ ਨੇ 'ਸ਼ਰਮੇ ਨਾਂ ਤੋਂ ਅੰਦਾਜ਼ਾ ਲਾਇਆ ਕਿ ਕੋਈ ਪੰਜਾਬੀ ਜਾਂ ਭਾਰਤੀ ਬੰਦਾ ਹੋਣਾ ਤੇ ਸ਼ਾਇਦ ਜ਼ੁਬਾਨ ਦੀ ਕੋਈ ਤੰਗੀ ਆ ਜਾਵੇ। ਮੈਂ ਗਿਆ ਤਾਂ ਘਰ ਇਕੱਲੀ ਔਰਤ ਸੀ। ਦੇਖਣ ਤੋਂ ਇਹ ਸ਼ੁੱਧ ਅਫਰੀਕਨ ਦਿਸਦੀ ਸੀ। ਕਾਲੇ ਸ਼ਾਹ, ਸੰਘਣੇ ਕੁੰਡਲਾਂ ਵਾਲੇ ਵਾਲ਼। ਸੋਹਣਾ ਫੱਬਦਾ ਕਾਲਾ ਰੰਗ। ਨਿੱਕੇ ਨਿੱਕੇ ਬੱਚੇ ਵੀ ਸ਼ੁਧ ਅਫਰੀਕਨ ਦਿਸਦੇ ਸੀ। ਉਹਨੇ ਮੈਨੂੰ ਬੈਠਣ ਨੂੰ ਕਿਹਾ। ਕਹਿੰਦੀ ਉਹਦੇ ਆਦਮੀ ਨੇ ਵੀ ਛੇਤੀ ਆ ਜਾਣਾ ਹੈ; ਰਤਾ ਕੁ ਬਾਹਰ ਗਿਆ ਹੈ। ਮੈਂ ਕਿਆਸ ਲਾਇਆ ਕਿ ਕਿਸੇ ਭਾਰਤੀ ਨੇ ਕਾਲ਼ੀ ਅਫਰੀਕਨ ਔਰਤ ਨਾਲ ਸ਼ਾਦੀ ਕੀਤੀ ਹੋਣੀ ਹੈ।ਇਨਕੁਆਰੀ ਤਾਂ ਮੈਂ ਨਿਬੇੜ ਹੀ ਲਈ ਸੀ, ਤਾਂ ਉਹਦਾ ਆਦਮੀ ਵੀ ਆ ਗਿਆ। ਜਾਣ ਪਛਾਣ ਕਰਾਉਂਦਿਆਂ ਕਹਿੰਦਾ: ਮੈਂ ਮਿਸਟਰ ਸ਼ਰਮਾ ਹਾਂ।ਓਹ ਵੀ ਪੂਰੇ ਦਾ ਪੂਰਾ ਅਫਰੀਕਨ ਕਾਲ਼ਾ ਦਿਸੇ। ਮੇਰੀ ਦਿਲਚਸਪੀ ਹੋਰ ਵਧ ਗਈ ਤਦ ਉਹਨੇ ਭੇਦ ਖੋਲ੍ਹਿਆ ਕਿ ਉਹਦਾ ਪੜਦਾਦਾ ਭਾਰਤੀ ਸੀ। ਓਦੂੰ ਬਾਅਦ ਸਾਰੀ ਦੀ ਸਾਰੀ ਅਣਸ ਕਾਲ਼ੇ ਅਫਰੀਕਨਾਂ ਚ ਹੀ ਰਹੀ। ਪਰ ਨਾਂ ਸ਼ਰਮਾ ਚੱਲਦਾ ਗਿਆ; ਜ਼ਿੰਦਾਬਾਦ ਹੋ ਗਿਆ।

ਦੂਸਰੀ ਗੱਲ: ਮੇਰੇ ਕੰਮ ਤੇ ਕਿਸੇ ਨਵੇਂ ਬੰਦੇ ਨੂੰ ਕੰਮ 'ਤੇ ਨੌਕਰੀ ਦਿੱਤੀ ਗਈ। ਅਸੀਂ ਕਈ ਮਸਲਿਆਂ ਤੇ 'ਕੱਠਿਆਂ ਕੰਮ ਕਰਨਾ ਸੀ; ਜਾਣਕਾਰੀ ਹਿੱਤ ਮੈਂ ਨਾਂ ਪੁੱਛਿਆ, ਤਾਂ ਕਹਿੰਦੇ: ਏਡਰੀਅਨ ਸਿਨਹਾ। ਸਿਨਹਾ ਨਾਂ ਤੋਂ ਕਿਹੜਾ ਭਾਰਤੀ ਜਾਣੂੰ ਨਹੀਂ; ਮਾਲਾ ਸਿਨਹਾ, ਸ਼ਤਰੂਘਨ ਸਿਨਹਾ, ਜਸਵੰਤ ਸਿਨਹਾ ਜਾਣੇ-ਪਛਾਣੇ ਨਾਂ ਹਨ। ਸ੍ਰੀ ਲੰਕਾ ਵਾਲ਼ੇ ਵੀ ਸਿਨਹਾ ਨੂੰ ਰਤਾ ਕੁ ਬਦਲ ਕੇ ਵਰਤ ਲੈਂਦੇ ਨੇ। ਸਾਡੇ ਅਪਣੇ ਸ਼ਬਦ 'ਸਿੰਘ ਮਿਲ਼ਦਾ ਹੈ ਜੋ ਕਿ ਇਹਦਾ ਬਦਲਿਆ ਰੂਪ ਹੀ ਹੈ। ਮੈਂ ਸਮਝਿਆ ਕਿ ਕੋਈ ਸਾਊਥ ਇੰਡੀਅਨ ਹੋਊ ਜਾਂ ਕੋਈ ਇਸਾਈ ਹੋਣਾ। ਦੱਸਣ ਵਾਲ਼ੇ ਕਹੀ ਜਾਣ – ਨਹੀਂ ਗੋਰਾ ਹੈ; ਮੈਂ ਕਹਾਂ ਨਾਂ ਸਿਨਹਾ ਭਾਰਤੀ ਹੈ। ਦੱਸਣ ਵਾਲ਼ੇ ਅਪਣੀ ਥਾਂ ਅੜੇ ਰਹੇ ਤੇ ਮੈਂ ਅਪਣੀ ਥਾਂ। ਉਹ ਅਪਣੀ ਥਾਂ ਸੱਚੇ ਸੀ ?? ਮੈਂ ਆਪਣੀ ਥਾਂ। ਜਦ ਏਡਰੀਅਨ ਪਹਿਲੇ ਦਿਨ ਕੰਮ ਤੇ ਆਇਆ, ਸਭ ਅਫ਼ਸਰਾਂ ਨੂੰ ਮਿਲਣ ਆਇਆ; ਮੈਨੂੰ ਵੀ। ਤਦ ਜਾ ਕੇ ਮੈਨੂੰ ਸਮਝ ਆਈ। ਇਹ ਅੰਗਰੇਜ਼ਾਂ ਜਿਹਾ ਚਿੱਟਾ ਸੀ। ਗੋਰਾ-ਵਸਾਰ ਰੰਗ, ਕੱਕੇ ਭੂਰੇ ਵਾਲ਼। ਅੰਗਰੇਜ਼ਾਂ ਵਾਲ਼ੀ ਕੂਲ਼ੀ ਤੇ ਨਰਮ ਜ਼ੁਬਾਨਦਾਨੀ। ਹੌਲ਼ੀ-ਹੌਲ਼ੀ ਸਾਡਾ ਨੇੜ ਹੋਇਆ ਤਾਂ ਮੈਂ ਪੁੱਛਣਾ ਸ਼ੁਰੂ ਕੀਤਾ, ਤਦ ਪਤਾ ਲੱਗਾ ਕਿ ਗ਼ਲਤ ਮੈਂ ਵੀ ਨਹੀਂ ਸੀ। ਏਡਰੀਅਨ ਨੇ ਭੇਤ ਖ੍ਹੋਲਿਆ: ਏਹਦਾ ਬਾਬਾ ਸੁਭਾਸ਼ ਚੰਦਰ ਬੋਸ ਦਾ ਸੰਗੀ ਸਾਥੀ ਸੀ; ਦੋਵੇਂ ਬੰਗਾਲ ਤੋਂ।ਫੜੋ-ਫੜਾਈ ਹੋਣ ਲੱਗੀ ਤਾਂ ਇਹ ਕਿਸੇ ਤਰ੍ਹਾਂ ਵਲੈਤ ਨੂੰ ਨਿਕਲ਼ ਆਇਆ ਸੀ। ਏਥੇ ਆ ਕੇ ਅੰਗਰੇਜ਼ ਔਰਤ ਨਾਲ਼ ਵਿਆਹ ਕਰਵਾ ਲਿਆ। ਦੇਸੀ ਬੰਦਿਆਂ ਨਾਲ਼ ਬਹੁਤਾ ਮੇਲ਼ ਨਾ ਰੱਖਿਆ। ਉਦੋਂ ਬੰਦੇ ਹੁੰਦੇ ਵੀ ਘੱਟ ਹੀ ਸੀ। ਅੱਗੋਂ ਉਹਦੇ ਪੁੱਤ-ਪੋਤਿਆਂ ਵੀ ਅੰਗਰੇਜ਼ਾਂ ਨਾਲ਼ ਹੀ ਵਿਆਹ ਕਰਵਾਏ। ਏਡਰੀਅਨ ਨੇ ਅੱਗੋਂ

ਇਟਾਲੀਆਨ ਔਰਤ ਨਾਲ਼ ਵਿਆਹ ਕਰਵਾਇਆ ਸੀ। ਪਰ ਨਾਂ ਸਿਨਹਾ ਚਲਦਾ ਰਿਹਾ। ਏਡਰੀਅਨ ਦੱਸਦਾ ਹੁੰਦਾ ਸੀ ਕਿ ਉਹਦੇ ਬਾਬੇ ਦੇ ਘਰ ਦੇ ਵੱਡੇ-ਵਡੇਰੇ ਭਾਵੇਂ ਬੰਗਾਲ ਦੇ ਸੀ; ਪਰ ਉਨ੍ਹਾਂ ਦੀ ਜੜ੍ਹ ਬਿਹਾਰ ਤੋਂ ਤੁਰਦੀ ਸੀ। ਮੈਂ ਹੈਰਾਨ ਸਾਂ ਕਿ ਉਹਨੂੰ ਆਪਣੇ ਪੁਰਖਿਆਂ ਦੇ ਜ਼ਿਲ੍ਹੇ ਤੱਕ ਦਾ ਵੀ ਪਤਾ ਸੀ। ਜਿੰਨਾ ਚਿਰ ਅਸੀਂ 'ਕੱਠਿਆਂ ਕੰਮ ਕੀਤਾ, ਉਹਦੀ ਬਿਹਾਰ ਜਾਣ ਦੀ ਤੜਪ ਜ਼ੋਰ ਫੜਦੀ ਰਹੀ ਸੀ। ਉਹ ਆਪਣੇ ਪੁਰਖਿਆਂ ਦੀ ਘੋਖ ਕੱਢਣ ਦੀ ਖ਼ਬਤ ਲਈ ਫਿਰਦਾ ਸੀ। ਦੇਸ਼ ਵਿਚ ਸਾਡਾ ਇਸ ਪਾਸੇ ਕੀ ਹਾਲ ਹੈ, ਸਭ ਜਾਣਦੇ ਨੇ।

ਮੇਰੇ ਹੁਣ ਵਾਲ਼ੇ ਕੰਮ ਤੇ ਤੀਹਾਂ-ਬੱਤੀਆਂ ਸਾਲਾਂ ਦੇ ਇਕ ਸਾਬਤ ਅਫ਼ਰੀਕੀ ਮੂੰਹ ਮੁਹਾਂਦਰੇ ਦਾ ਲੱਗਦਾ ਬੰਦਾ ਆਇਆ। ਨਾਂ ਪੁੱਛਿਆ ਤਾਂ ਕਹਿੰਦਾ: ਡਵੇਨ ਰਾਮਦਿਆਲ। ਉਹ ਆਪਣੇ ਲਹਿਜੇ ਨਾਲ਼ 'ਰੈਮ ਡੀਐਲ ਆਖੇ। ਮੈਂ ਖੋਜ ਕਰਨ ਹਿੱਤ ਪੁੱਛਿਆ ਤਾਂ ਉਹ ਦੱਸੇ ਕਿ ਉਹਦੀ ਦਾਦੀ ਪੂਰੀ ਇੰਡੀਅਨ ਸੀ। ਕੋਈ ਨਹੀਂ ਸੀ ਦੱਸ ਸਕਦਾ; ਬੱਸ ਬੋਲਦੀ ਤਾਂ ਪਤਾ ਲੱਗਦਾ; ਇਹ ਜਮੈਕਿਨ ਭਾਅ ਦੀ ਅੰਗਰੇਜ਼ੀ ਬੋਲਦੀ ਸੀ। ਭਾਸ਼ਾ ਬਹਤਾ ਨੀਰ। ਬੋਲੀ ਖੁੱਸ ਗਈ ਸੀ ਪਰ ਦਾਲਾਂ, ਕੜ੍ਹੀਆਂ ਤੇ ਰੋਟੀਆਂ ਬਣਾਉਂਦੀ ਰਹੀ। ਡਵੇਨ ਮਾਣ ਨਾਲ਼ ਖੀਵਾ ਹੋ ਕੇ ਦੱਸੇ ਕਿ ਅਸੀਂ ਜਮੈਕਿਨ ਇੰਡੀਅਨ ਹਾਂ। ਪੜਦਾਦੇ ਦਾ ਨਾਂ ਰਾਮ ਦਿਆਲ ਸੀ। ਅਗਲੇ ਨਾਂ ਈਸਾਈਆਂ ਵਾਲੇ ਹੋ ਗਏ; ਰਾਮ ਦਿਆਲ ਤੁਰਿਆ ਆਉਂਦਾ ਹੈ। ਪ੍ਰਤੱਖ ਭਾਵੇਂ ਕੁਝ ਵੀ ਦਿਸੇ, ਨਾਂ ਰਾਮ ਦਿਆਲ ਜ਼ਿੰਦਾਬਾਦ ਹੈ।

ਵਲੈਤੀਏ ਭਾਰਤੀਆਂ ਚ ਹੁਣ ਹਰਿਦੁਆਰ ਜਾਂ ਪਤਾਲਪੁਰੀ ਜਾ ਕੇ ਅਸਥ ਪਾਉਣ ਦਾ ਰਿਵਾਜ ਟੁੱਟਣ ਲੱਗ ਪਿਆ ਹੈ। ਥੋੜ੍ਹੇ ਜਿਦੋ-ਜਿਦੀ ਅਜੇ ਵੀ ਸਾਲ-ਸਾਲ, ਛੇ-ਛੇ ਮਹੀਨੇ ਅਸਥੀਆਂ ਘਰੀਂ ਰੱਖ ਛੱਡਦੇ ਨੇ। ਫਿਰ ਦੇਸ਼ ਜਾ ਕੇ ਅਸਥ ਪ੍ਰਵਾਹ ਕਰਕੇ ਹੀ 'ਆਨੰਦ' ਲੈਂਦੇ ਹਨ। ਹੁਣ ਬਹੁਤੇ ਟੇਮਜ਼ ਜਾਂ ਸ਼ੇਕਸਪੀਅਰ ਦੇ ਸ਼ਹਿਰ ਏਵਨ ਦਰਿਆਵਾਂ ਚ ਹੀ ਇਹ ਕੰਮ ਕਰ ਲੈਂਦੇ ਹਨ। ਦੂਰ ਨੇੜੇ ਦੇ ਆਪਣੇ ਲਾਗਲੇ ਦਰਿਆਵਾਂ ਚ ਇਹ ਰਸਮ ਕਰ ਲੈਂਦੇ ਨੇ। ਪਰ ਏਥੇ ਬੰਸਾਵਲੀ ਸੰਭਾਲਣ ਦਾ ਕੰਮ ਦੇਸ਼ ਨਾਲੋਂ ਉੱਤਮ ਦਰਜੇ ਦਾ ਹੈ। ਪੁਸ਼ਤਾ ਦੀਆਂ ਪੁਸ਼ਤਾ ਝੱਟ ਫੱਟ ਲੱਭ ਜਾਂਦੀਆਂ ਨੇ।

ਹੁਣ ਕੰਪਿਊਟਰ ਨੇ ਇਹ ਕੰਮ ਹੋਰ ਸੌਖਾਲ਼ਾ ਕਰ ਦਿੱਤਾ ਹੈ। ਪਿਤਰ ਭਾਲਣ ਦੇ ਪ੍ਰੋਗਰਾਮ ਵੀ ਮਿਲ ਜਾਂਦੇ ਨੇ। ਟੈਲੀਵੀਯਨ ਵਾਲ਼ੇ ਪ੍ਰੋਗਰਾਮ ਦਿਖਾਉਂਦੇ ਨੇ ਕਿ ਕਿਵੇਂ ਪਿਤਰਾਵਲੀ ਲੱਭੀ ਜਾਵੇ। ਕਾਲਜਾਂ ਵਿਚ ਦੋ-ਦੋ, ਚਾਰ-ਚਾਰ ਦਿਨਾਂ ਦੇ ਕੋਰਸ ਕਰਾਏ ਜਾਂਦੇ ਨੇ। ਪਰ ਸਾਡੀਆਂ ਜੜ੍ਹਾਂ ਦਾ ਮਾਣ ਅਜੇ ਵੀ ਸੁੱਤਾ ਪਿਆ ਹੈ। ਕਦੇ ਤਾਂ ਜਾਗੂਗਾ ਹੀ!

ਵਿਗਿਆਨਕ ਤਕਨੀਕ ਦੀਆਂ ਮੱਲਾਂ ਦੀ ਤਾਕਤ ਅਥਾਹ ਹੈ। ਇਹਦੇ ਹੋਰ ਵਾਰੇ ਨਿਆਰੇ ਸਾਡੀ ਸਮਝ ਨੇ ਆਪਣੇ ਕਲ਼ਾਵੇ ਚ ਲਈ ਜਾਣੇ ਹਨ। ਵਿਗਿਆਨ ਦੀ ਕੁਵਰਤੋਂ ਦੇ ਡਰ ਦਾ ਖ਼ਦਸ਼ਾ ਵਾਜ਼ਿਬ ਵੀ ਹੋ ਸਕਦਾ ਹੈ। ਪਰ ਇਸ ਤੋਂ ਵੱਡੀ ਸ਼ਕਤੀ ਤਾਂ ਭਰਮ ਤੋੜਕ ਹੋਣ ਚ ਪਈ ਹੈ। ਇਹ ਪੁਰਖਿਆਂ ਦੀਆਂ ਖੁਰਾ ਖੋਜਣ ਚ ਪੂਰਾ ਸਹਾਈ ਹੋਊ। ਭਾਰਤੀ ਦੇ ਮੱਥੇ ਵੱਡਾ ਕੋਹੜ ਜਾਤੀ ਪਾਤੀ ਵਿਤਕਰੇ ਦਾ ਹੈ। ਧਰਮ ਤੇ ਜਾਤੀ ਪ੍ਰਥਾਵਾਂ/ਵਰਤਾਰਿਆਂ ਦੇ ਪਰੋਸੇ ਪ੍ਰਣਾਏ ਸ਼ਾਵਨਵਾਦ ਦਾ ਭਰਮ ਡੀ ਐੱਨ ਏ ਟੈਸਟ ਪ੍ਰਣਾਲੀਆਂ ਅੱਖ ਦੇ ਫੋਰ ਚ ਤੋੜ ਸਕਦੀਆਂ ਨੇ। ਜਿੰਨਾਂ ਨੂੰ ਸ਼ਾਵਨਵਾਦੀ ਹਓਮੈ ਦੀ ਵਾ' ਬਹੁਤੀ ਚੜ੍ਹੀ ਹੋਈ ਹੈ, ਉਹ ਅਪਣਾ ਟੈਸਟ ਕਰਵਾ ਕੇ ਦੇਖ ਲੈਣ; ਕੋਈ ਪਤਾ ਨਹੀਂ ਅਫ਼ਗਾਨੀ, ਈਰਾਨੀ, ਟਰਕਿਸ਼ ਜਾਂ ਅੰਗਰੇਜ਼ ਆਦਿਕ ਜੋੜ ਮੇਲ ਹੀ ਨਿਕਲ ਆਵੇ। **ਸੰਪਰਕ- 2427/01092017**

# ਪਿਓ ਦਾਦੇ ਦਾ ਖੋਹਲ ਡਿੱਠਾ ਖ਼ਜ਼ਾਨਾ/ -ਸ਼ਰਨਜੀਤ ਕੌਰ

ਲੋਕਾਈ ਦੇ ਤਿੰਨ ਰਿਣਾਂ 'ਚੋਂ ਇਕ ਰਿਣ ਪਿਤਰਾਂ ਦਾ ਹੁੰਦਾ ਹੈ। 'ਰਿਣ ਪਿੱਤਰਾਂ ਦਾ' ਚੁਕਾਣਾ ਹਰ ਇਕ ਲਈ ਮੁੱਖ ਕਾਰਜ ਹੁੰਦਾ ਹੈ? ਮੇਰੀ ਜਾਚੇ 'ਪੁਰਖਿਆਂ ਨੂੰ ਚੇਤੇ ਕਰਨਾ' ਰਿਣ ਪਿੱਤਰਾਂ ਦਾ ਚੁਕਤਾ ਕਰਨ ਦਾ ਯੋਗ ਤਰੀਕਾ ਹੈ।

ਮੇਰੇ ਪੁਰਖਿਆ 'ਚ ਮੈਂ ਆਪਣੇ ਦਾਦੇ ਨੂੰ ਦੇਖਿਆ ਨਹੀਂ ਪਰ ਮੇਰੀ ਮਾਂ ਦਸਦੀ ਏ 'ਤੁਹਾਡੇ ਦਾਦੇ ਦੋ ਵਿਆਹ ਕਰਾਏ ਹੈ ਸਨ। ਪਹਿਲੇ ਵਿਆਹ ਤੂੰ ਤੁਹਾਡੇ ਭਾਪਾ ਜੀ ਤੇ ਹਿੱਕ ਤੁਹਾਡੀ ਫੁਫੀ ਹਈ ਜਿਸ ਕੀ ਭੂਆ ਬਸੰਤ ਆਖਨੇ ਸੇ ਤੇ 'ਦੂਈ' ਤੂੰ ਦੋ ਤੁਹਾਡੇ ਚਾਚੇ ਤੇ ਹਿਕ ਫੁਫੀ ਜਿਸਕੀ ਭੂਆ ਕੌਰਾਂ ਆਖਨੇ ਸੇ। ਇਹ 'ਦੂਈ' ਤੁਹਾਡੇ ਦਾਦੇ ਨੇ ਦਾਦੇ ਪੋਤਰੇ ਭਰਾ ਨੀ 'ਘਰੋਂ' ਹਈ। ਉਦੂ ਪਲੇਰਾ ਨੀ ਮਹਾਮਾਰੀ ਪਈ ਸੀ ਤੇ ਉਸੇ ਵਿਚ ਤੁਹਾਡੀ ਦਾਦੀ ਪੂਰੀ ਹੋਈ ਗਈ। ਤੈ ਉਦੂੰ ਹੀ ਦਾਦੇ ਨਾ ਦਾਦੇ ਪੋਤਰਾ ਭਰਾ ਪੂਰਾ ਤੈ ਦਾਦੇ ਹੋਇਆ, ਉਸਕੀ ਘਰੈਆਲੀ ਉਪਰ ਚਾਦਰ ਪਾਈ ਸੀ। ਜਾਣੀ ਉਸ ਨਾਲ ਵਿਆਹ 'ਚ ਕਾਤਾ, 'ਹਾਏ ਖਾਏ!!" ਮੇਰੇ ਮੂੰਹੋਂ ਨਿਕਲਿਆ। ਪਰ ਮੇਰੀ ਮਾਂ ਮੇਰੇ ਵਲ ਤਕਦੀ ਆਖਣ ਲੱਗੀ, 'ਨੀ ਉਦੂੰ ਇਹੈ ਰਵਾਜ਼ ਸਾਂ, ਅਖੈ ਘਰੈ ਨੀ ਇਜ਼ਤ ਘਰੈ ਹੀ ਰਹਿਣ ਦਿਓ ਤੇ ਕਹਿ ਆਖਨੀ ਏ। ਉਮਰਾਂ ਨੇ ਕੋਈ ਲੇਖੇ ਜੋਖੇ ਨਹੀਂ ਹਏ। ਬਸ! ਚਾਦਰ!! ਪੈ ਗਈ ਬਸ ਚਾਹੇ ਪੰਜਾਹ ਨਾ ਮਰਦ ਤੇ ਵੀਹਾਂ ਨੀ ਕੁੜੀ ਹੋਵੈ।''ਕਹਿੰਦੇ ਨੇ ਉਸ ਸਮੇਂ 'ਸੱਕੇ ਬਹਿੱਕੇ' ਦਾ ਵੀ ਕੋਈ ਵਖਰੇਵਾਂ ਨਹੀਂ ਸੀ ਮੈਨੂੰ ਮੇਰੇ ਵਿਆਹ ਤੋਂ ਵੀ ਮਗਰੋਂ ਸਮਝ ਪਈ ਸੀ ਕਿ ਦੋ ਮੇਰੇ ਚਾਚੇ ਤੇ ਇਕ ਭੂਆ ਮਤਰੇਏ ਹਨ। ਕਦੇ ਕੋਈ ਅਪ ਸ਼ਬਦ ਨਹੀਂ ਸੀ ਹੁੰਦਾ। ਇਕ ਵਾਰੀ ਅਸੀਂ ਨਾਭੇ ਇਨ੍ਹਾਂ ਨੂੰ ਮਿਲਣ ਗਏ ਸਭ ਤੋਂ ਪਹਿਲਾਂ ਭੂਆ ਕੌਰਾਂ ਦੇ ਘਰ ਗਏ ਨਾਭੇ। ਸੁਣਿਆ ਸੀ ਕਿ ਇਹ ਲੋਕ ਚੀਨੀ ਬਹੁਤ ਪੀਂਦੇ ਹਨ। ਚਾਹ ਨਿਰਾ ਸ਼ਰਬਤ। ਜਦੋਂ ਭੂਆ ਚਾਹ ਬਣਾਉਣ ਲੱਗੀ ਤਾਂ ਮੈਂ ਉੱਠ ਕੇ ਆਖਿਆ, "ਭੂਆ ਜੀ ਚੀਨੀ ਥੋਹੜੀ ਪਾਉਣਾ।" ਭੂਆ ਤਾਂ ਤਲਖ਼ੀ ਵਿਚ ਆਉਂਦੀ ਬੋਲੀ। 'ਹੇ ਕਹਿ ਪਈ ਆਖਨੀ ਏਂ... ਤੂੰ ਕਦੂੰ ਮਾੜੇ ਘਰ ਪਈ ਆਵਨੀ ਏ। ਮਾੜੀਏ ਭਤੀਜੀ ਏ!! ਪਹਿਲੀ ਵਾਰ ਤੈ ਤੂੰ ਆਈਂ ਏਂ ਤੇ ਕਹਿ ਆਖਨੀ ਏ ਚੀਨੀ ਤੂੰ ਬਗੈਰ ਭੁਘੀ ਚਾਹ ਦਿਆਂ, "ਉਹ ਗਲ ਨੀ ਭੂਆ ਜੀ, ਅਸੀਂ ਚਾਹ 'ਚ ਬਹੂੰ ਚੀਨੀ ਨਾ ਪੀਵੇ। ਇਹ ਬੀਮਾਰੀ ਦਾ ਘਰ ਏ।

"ਹਾਏ! ਮੈਂ ਕਿਹੜੇ ਖੂਹੇ 'ਚ ਢਹੀ ਮਰਾਂ ਜੇ ਮੈਡੀ ਭਤੀਜੀ ਹਿਹ ਕੁਝ ਆਖਨੀ ਏ।"

ਇਹ ਬਹੁਤ ਪੁਰਾਣੀਆਂ ਗੱਲਾਂ ਹਨ। ਲਗਭਗ ਪੰਜਾਹ ਸਾਲ ਪੁਰਾਣੀਆਂ ਤਾਂ ਹੋਣਗੀਆਂ। ਰਿਸ਼ਤੇਦਾਰੀਆਂ ਦੀਆਂ ਜੜ੍ਹਾਂ ਪੱਕੀਆਂ ਪੀਡੀਆਂ ਹੁੰਦੀਆਂ ਸਨ। ਵੱਡੇ ਛੋਟੇ ਸਭ ਰਿਸ਼ਤੇਦਾਰੀ ਨੂੰ ਪੁਗਾਂਦੇ ਸਨ ਖਿੜੇ ਮੱਥੇ। ਮੇਰੀ ਨਾਨੀ ਦੀ ਜ਼ਰਾ ਕੁ ਮੈਨੂੰ ਸੋਝੀ ਹੈ। ਸੰਤਾਲੀ ਦੀ ਵੰਡ ਵੇਲੇ ਮੇਰਾ ਮਾਮਾ ਕਹੂਟੇ ਤੋਂ (ਰਾਵਲ ਪਿੰਡੀ) ਜੋ ਅਜਕਲ ਪਾਕਿਸਤਾਨ ਦਾ ਨੀਓਕਲੀਅਰ ਸਟੇਸ਼ਨ ਹੈ, ਦਿੱਲੀ ਲੋਧੀ ਰੋਡ ਲੈ ਆਇਆ ਸੀ। ਧੁੰਧਲਕੀ ਸ਼ਕਲ, ਕਣਕ ਭਿੰਨਾ ਰੰਗ, ਕੰਨਾਂ 'ਚ ਵੱਡੀਆਂ ਵੱਡੀਆਂ ਗੋਲ ਗੋਲ ਵਾਲੀਆਂ ਤੇ ਨੱਕ 'ਚ ਕੋਕਾ। ਕਦੇ ਉਸ ਕੋਈ ਸ਼ਿਕਾਇਤ ਨਹੀਂ ਸੀ ਕੀਤੀ, ਕਦੇ ਨੂੰਹ ਸਸ ਨੂੰ ਲੜਦਿਆਂ, ਮਿਹਣੋ ਮਿਹਣੀ ਹੁੰਦਿਆਂ ਨਹੀਂ ਸੀ ਸੁਣਿਆ।

'ਮੇਰੇ ਪੁਰਖੇ' ਬਾਰੇ ਸੋਚਦਿਆਂ ਮੈਨੂੰ ਐਉਂ ਪਰਤੀਤ ਹੁੰਦਾ ਹੈ ਕਿ ਉਹ ਸਮਾਜਿਕ ਤੌਰ ਤੇ ਪੂਰੀ ਤਰ੍ਹਾਂ ਬਝੇ ਹੋਏ ਸਨ। ਉਦੋਂ ਗਰੀਬੀ ਅਮੀਰੀ ਦਾ ਕੋਈ ਵਖਰੇਵਾਂ ਨਹੀਂ ਨਜ਼ਰੀਂ ਪੈਂਦਾ ਸੀ। ਆਰਥਿਕ ਤੌਰ ਤੇ ਮੈਨੂੰ ਤਾਂ ਸਾਰੇ ਹੀ ਬਰਾਬਰ ਲਗਦੇ ਪੂਰੇ ਸੂਰੇ। ਤੇ ਰਾਜਨੀਤਿਕ ਤੌਰ ਤੇ ਅਖੇ 'ਘਈਏ ਨੇ ਤਾਂ ਘਾਹ ਹੀ ਖੋਦਣੈ' ਕੋਈ

ਸਰਕਾਰ ਆਵੇ, ਕੋਈ ਜਾਵੇ ਤੇ ਬਸ!!

ਮੇਰੇ ਪਿਤਾ ਜੀ ਨੂੰ ਇਸ ਫਾਨੀ ਸੰਸਾਰ ਤੋਂ ਗਿਆਂ ਗਲਭਗ ਪੰਦਰਾਂ ਸਾਲ ਹੋ ਗਏ ਹੋਣਗੇ। ਉਹ ਨੌਕਰੀ ਪੇਸ਼ਾ ਸਨ। ਪਾਕਿਸਤਾਨ ਬਣਨ ਮਗਰੋਂ ਉਨ੍ਹਾਂ ਨੂੰ ਹੁਸ਼ਿਆਰਪੁਰ ਨੌਕਰੀ ਮਿਲੀ। ਉਹ ਪੁਲਿਸ ਵਿਚ ਥਾਣੇਦਾਰ ਸਨ ਪਰ ਅੱਜ ਕੱਲ ਵਰਗੇ ਨਹੀਂ ਬਿਲਕੁਲ ਅਡ ਬਸ ਗੁਜ਼ਾਰਾ ਠੀਕ ਠਾਕ ਕੋਈ ਬਹੁਤੀ ਐਸ਼ੋ ਇਸ਼ਰਤ, ਫਜ਼ੂਲ ਖਰਚੀ ਨਹੀਂ ਸੀ ਉਨ੍ਹਾਂ ਦੀ ਬਦਲੀ ਥਾਉਂ ਥਾਈ ਹੁੰਦੀ ਰਹੀ, ਪਰ ਸਾਰਾ ਟੱਬਰ ਹੁਸ਼ਿਆਰਪੁਰ ਹੀ ਰਹਿੰਦਾ ਸੀ। ਉਹ ਇਕੱਲੇ ਜਾਂਦੇ। ਉਦੋਂ ਅਜਿਹਾ ਕੋਈ ਰਿਵਾਜ਼ ਨਹੀਂ ਸੀ ਕਿ ਬਦਲੀ ਹੋਈ ਟੱਬਰ ਵੀ ਨਾਲ ਮੇਰੇ ਭਾਪਾ ਜੀ ਕੋਈ ਬਹੁਤੇ ਚੋਂਚਲੇ ਮੋਚਲੇ ਨਹੀਂ ਸਨ ਕਰਦੇ।

ਮੇਰੀ ਮਾਂ ਘਰੇਲੂ ਗ੍ਰਹਿਣੀ, ਰੋਟੀ ਬਣਾਨੀ, ਕੱਪੜੇ ਧੋਣੇ, ਭੈਣਾਂ ਭਰਾਵਾਂ ਦਾ ਧਿਆਨ। ਕਦੀ ਕਿਸੇ ਨੂੰ ਉਨ੍ਹਾਂ ਪੜ੍ਹਨ ਲਈ ਨਹੀਂ ਸੀ ਆਖਿਆ, ਕਦੇ ਝਿੜਕ ਨਹੀਂ ਸੀ ਦਿੱਤੀ ਬਸ ਦੇਖਾ ਦੇਖੀ ਦੇ ਸੰਸਾਰ ਅਸੀਂ ਭੈਣਾਂ ਭਰਾ ਉਨ੍ਹਾਂ ਸੰਸਕਾਰਾਂ ਵਿਚ ਪੱਕੇ ਸਾਂ। ਅੱਜ ਚਾਲੀ ਪੰਜਤਾਲੀ ਸਾਲਾਂ ਮਗਰੋਂ ਵੀ ਉਹ ਸੰਸਕਾਰ ਟੁੱਟੇ ਨਹੀਂ। ਇਮਾਨਦਾਰੀ, ਸੱਚ ਬੋਲਣਾ ਆਪਣੇ ਆਪ ਕੋਈ ਝਗੜਾ ਨਹੀਂ ਕਰਨਾ। ਮੇਰੀ ਮਾਂ ਧਾਰਮਿਕ ਖਿਆਲਾਂ ਦੀ ਔਰਤ ਸੀ। ਗੁਰਦਵਾਰੇ ਮੰਦਰ ਜਾਣਾ, ਕਥਾ ਕੀਰਤਨ ਸੁਣਨਾ। ਕਮਾਲ ਇਹ ਵੇ ਕਿ ਉਹ ਮੀਟ ਮੁਰਗਾ ਆਪਣੇ ਹੱਥੀਂ ਬਣਾ ਸਭ ਨੂੰ ਖੁਆਂਦੀ ਪਰ ਆਪ ਉਸ ਕਦੇ ਨਾਂ ਖਾਧਾ। ਘਰ ਬੈਠਿਆਂ ਹੀ ਉਸ ਕੋਲ ਸਭ ਨੌਲਿਜ ਸੀ, ਸਮਾਜਿਕ ਵੀ ਤੇ ਰਾਜਨੀਤਿਕ ਵੀ, "ਅਖੇ! ਹਿਹ 'ਜਿਨ' (ਜਿਨਾਹ) ਤੇ ਅਸਾਂ ਕੀ ਚਮੁੱਟੀ ਹੀ ਗਿਆ ਹੁਣ ਕਹਿ ਆਖਣਾ ਵੈ, ਇਸਕੀ ਸਬਰ ਪਵੈਸ।" ਆਮ ਘਰ ਵਿਚ ਪਾਕਿਸਤਾਨ ਦੀਆਂ ਅਣਹੋਣੀਆਂ ਦੀ ਚਰਚਾ ਚਲਦੀ ਤੇ ਉਹ ਵੀ ਕੁੱਝ ਕੁਝ ਆਖ ਛਡਦੀ। ਉਦੋਂ ਵੀ ਪਤੀ ਪਤਨੀ ਦੀ ਨੋਕ ਝੋਕ ਆਮ ਚਲਦੀ ਹਾਂ!! ਮੈਂ ਕਦੇ ਵੀ ਉਨ੍ਹਾਂ ਨੂੰ ਆਪਸੀ ਹਾਸਾ ਮਖੌਲ, ਚੋਚਲੇ, ਕਰਦੇ ਨਹੀਂ ਦੇਖਿਆ ਸੀ। ਮੇਰੀ ਮਾਂ ਦੀ ਮਾਨਸਿਕਤਾ ਅਜੋਕੀਆਂ ਔਰਤਾਂ ਤੋਂ ਇਕ ਦਮ ਵੱਖਰੀ ਸੀ। ਮੈਂ ਕਦੇ ਵੀ ਆਪਣੀ ਮਾਂ ਪਿਤਾ ਜੀ ਨੂੰ ਇਕੋ ਮੰਜੇ ਇਕੱਠੇ ਬੈਠੇ ਨਹੀਂ ਤੱਕਿਆ ਸੀ ਉਹ ਸਦਾ ਇਕ 'ਓਹਲਾ' ਰੱਖਦੇ-'ਓਹਲਾ' ਉਨ੍ਹਾਂ ਦੇ ਆਪਣੇ ਪੁਰਖਿਆ ਦਾ, ਓਹਲਾ ਆਪਣੇ ਬੱਚਿਆ ਦਾ।

ਅਸੀਂ ਤਿੰਨ ਭੈਣਾਂ ਤਿੰਨ ਭਰਾ ਹਾਂ। ਕੁੜੀਆਂ ਮੁੰਡਿਆ ਦਾ ਵਖਰੇਵਾਂ ਜਿਹਾ ਉਨ੍ਹਾਂ ਕਦੀ ਵੀ ਕੋਈ ਵੀ ਗਲ ਨਹੀਂ ਸੀ ਆਖੀ। ਕਦੀ ਵੀ। ਮੈਂ ਤੇ ਮੇਰੀ ਭੈਣ ਦੂਰ ਰੇਲਵੇ ਸਟੇਸ਼ਨ ਹਾਈ ਸਕੂਲ ਵਿਚ ਪੜ੍ਹੀਆਂ ਸਾਂ। ਕਮਾਲ ਇਹ ਦੇਖਿਆ ਸੀ ਕਿ ਸਾਡੇ ਮਾਂ ਪਿਓ ਨੇ ਕਦੇ ਵੀ ਇਹ ਨਹੀਂ ਸੀ ਸੋਚਿਆ ਕਿ ਇਹ ਕੁੜੀਆਂ ਇਕੱਲੀਆਂ ਇੰਨੇ ਦੂਰ ਜਾਂਦੀਆਂ ਹਨ। ਇਹ ਕਦੇ ਨਹੀਂ ਸੀ ਸੋਚਿਆ ਕਿ ਸਕੂਲ ਜਾਣ ਲਈ ਕੋਈ ਰਿਕਸ਼ਾਂ ਜਾਂ ਸਕੂਟਰ ਹੋਣਾ ਚਾਹੀਦਾ ਹੈ, ਤੇ ਨਾਂ ਹੀ ਕਦੇ ਸਾਡੇ ਮਨਾਂ ਵਿਚ ਵੀ ਇਸ ਬਾਰੇ ਕੋਈ ਸ਼ਿਕਾਇਤ ਹੀ ਕਦੀ ਆਈ। ਮੀਂਹ ਹੋਵੇ, ਝੱਖੜ ਹੋਵੇ, ਸਭ ਸਧਾਰਨਤਾ ਨਾਲ ਹੀ ਚਲੀ ਜਾ ਰਿਹਾ ਸੀ। ਸਾਡੇ ਨਾਲ ਇਕ ਕੁੜੀ 'ਪੰਮੀ' ਵੀ ਸਕੂਲ ਜਾਂਦੀ ਸੀ। ਉਸਦਾ ਪਿਓ ਇਕ ਵੱਡਾ ਇਨਡਸਟਰੀਅਲ ਸੀ ਮੈਨੂੰ ਯਾਦ ਹੈ ਉਹ ਵੀ ਰੋਜ਼ ਹੀ ਇਓ ਹੀ ਪੈਦਲ ਜਾਂਦੀ ਸੀ। ਉਸ ਸਮੇਂ ਬਹੁਤੀਆਂ ਖਾਹਿਸ਼ਾਂ ਨਹੀਂ ਸਨ। ਦੇਖਾ ਦੇਖੀ ਨਹੀਂ ਸੀ। ਬਰਾਬਰਤਾ ਸੀ। ਸਹਿਜ ਸ਼ਾਂਤ ਸਨ ਸਭ ਲੋਕ। ਮੇਰੇ ਸਾਡੇ ਭੈਣ ਭਰਾ ਵਧੀਆ ਪੜ੍ਹੇ ਸਨ ਤੇ ਵਧੀਆ ਨੌਕਰੀਆਂ ਤੇ ਸਨ। ਉਹ ਪੁਰਖਿਆ ਦਾ ਸਮਾਂ ਭੋਲਾ ਭਾਲਾ ਵਧੀਆ ਸਮਾਂ ਸੀ। ਪਰ ਸਮੇਂ ਦਾ ਬਦਲਾਅ ਕੁਦਰਤੀ ਹੈ। ਨਿਯਮ ਬਧ ਹੈ। ਪ੍ਰਗਤੀ ਜ਼ਰੂਰੀ ਹੈ। ਜਾਗ੍ਰਤੀ ਜ਼ਰੂਰੀ ਹੈ। ਸਮਾਂ ਇੰਨੀ ਤੇਜ਼ੀ ਨਾਲ ਬਦਲਿਆ ਕਿ ਕਿਤੇ ਬਰੇਕ ਨਹੀਂ ਉਂਜ ਬਦਲਾਅ ਨੇ ਆਪਸੀ ਗੁੰਡਾ ਗਰਦੀ, ਆਪਸੀ ਲੜਾਈ ਵਧਾਈ। ਫਿਰ ਵੀ ਓ ਪੁਰਖਿਆ ਦਾ ਸਿੱਧਾ ਸਾਦਾ ਜੀਵਨ 'ਨਾ ਭੁੱਲਣ ਵਾਲਾ ਹੈ। ਰੂਹੀ ਰਿਸ਼ਤਾ ਹੈ। ਉਨ੍ਹਾਂ ਵਲੋਂ ਮਿਲੀ ਸ਼ਾਂਤੀ ਹੈ।" (**ਸੰਪਰਕ-98556-06432**)

## ਸਾਡੇ ਪੁਰਖੇ /-ਐਸ. ਆਰ ਲੱਧੜ

ਪੁਰਖੇ ਸਭ ਲਈ ਪੂਜਣਯੋਗ ਹੁੰਦੇ ਹਨ। ਇਸ ਰੰਗੀਨ ਦੁਨੀਆਂ ਵਿਚ ਲੈ ਕੇ ਆਉਣਾ, ਸਾਡਾ ਪਾਲਣ ਪੋਸ਼ਣ ਕਰਨਾ, ਵਿਦਿਆ ਅਤੇ ਸੰਸਕਾਰ ਦੇਣੇ ਅਤੇ ਕਿਸੇ ਕਾਬਲ ਬਣਾਉਣਾ ਸਭ ਵਿਚ ਪੁਰਖਿਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਭਾਰਤ ਅਸਮਾਨਤਾਵਾਂ ਵਾਲਾ ਦੇਸ਼ ਹੈ। ਇਥੇ ਕਰੋੜਾਂ ਲੋਕਾਂ ਦੀ ਜਿੰਦਗੀ ਜਿਥੇ ਸਵੈ-ਮਾਣ ਨਾਲ ਭਰਪੂਰ ਹੈ, ਆਪਣਿਆਂ ਪੁਰਖਿਆਂ ਤੇ ਮਾਣ ਕਰਨ ਵਾਲੀ ਹੈ ਉਥੇ ਕਰੋੜਾਂ ਲੋਕ ਅਜਿਹੇ ਵੀ ਹਨ ਜੋ ਜਨਮ ਤੋਂ ਮਰਨ ਤੱਕ ਨਰਕ ਭੋਗਦੇ ਹਨ, ਉਹਨਾਂ ਦੀ ਜਿੰਦਗੀ ਵਿੱਚ ਮਾਣ ਕਰਨ ਵਾਲਾ ਕੁੱਝ ਨਹੀਂ ਹੁੰਦਾ। ਇਸ ਸੰਸਾਰ ਦੇ ਅਵਿਗਿਆਨਕ ਅਜੂਬੇ 'ਵਰਣ ਵਿਵਸਥਾ' ਕਾਰਨ ਸ਼ੂਦਰ ਅਤੇ ਅਛੂਤ ਪਰਿਵਾਰਾਂ ਦੇ ਬਹੁਤੇ ਲੋਕ ਬਿਨਾਂ ਉਹਨਾਂ ਦੇ ਪੁਰਖਿਆਂ ਦੇ ਕਸੂਰ ਦੇ ਮੱਲੋ-ਮੱਲੀ ਇਸ ਸ਼ਰੇਣੀ ਵਿੱਚ ਆਪਣਾ ਨਾਮ ਦਰਜ ਕਰਵਾ ਦਿੰਦੇ ਹਨ। ਮੈਨੂੰ ਇਸ ਗੱਲ ਦਾ ਸੁਭਾਗ ਪ੍ਰਾਪਤ ਹੋਇਆ ਹੈ ਕਿ ਮੈਂ ਆਪਣੇ ਪੁਰਖਿਆਂ ਬਾਰੇ ਮਾਣ ਨਾਲ ਕੋਈ ਗੱਲ ਸਾਂਝੀ ਕਰਾਂ। ਮੇਰੀ ਇਹ ਇੱਛਾ ਹੁੰਦੀ ਸੀ ਕਿ ਮੈਂ ਆਪਣੇ ਪੁਰਖਿਆਂ ਬਾਰੇ ਜਿੰਨ੍ਹਾਂ ਪਿੱਛੇ ਜਾ ਸਕਦਾ ਹਾਂ ਜਾਵਾਂ ਅਤੇ ਉਹਨਾਂ ਦੇ ਨਾਵਾਂ ਅਤੇ ਕੰਮ-ਕਾਰ ਬਾਰੇ ਪਿਤਾ ਜੀ ਤੋਂ ਪੁੱਛਾਂ। ਤੀਹ ਕੁ ਸਾਲ ਪਹਿਲਾਂ ਮੈਂ ਇਕ ਪਰਿਵਾਰਕ ਦੱਰਖਤ ਬਣਾਇਆ। ਜਦੋਂ ਮੈਂ ਬਾਕੀ ਪਰਿਵਾਰਕ ਮੈਂਬਰਾਂ ਨਾਲ ਇਹ ਸਾਂਝਾ ਕੀਤਾ ਤਾਂ ਸਾਰੇ ਬਹੁਤ ਖੁਸ਼ ਹੋਏ। ਮੇਰੇ ਪਿਤਾ ਜੀ ਤਿੰਨ ਭਰਾ ਅਤੇ ਛੇ ਭੈਣਾਂ ਸਨ। ਭਾਵ ਮੇਰਾ ਇਕ ਤਾਇਆ, ਇਕ ਚਾਚਾ ਅਤੇ ਛੇ ਭੂਆ ਸਨ। ਦਾਦਾ ਜੀ, ਦਿਵਾਨ ਚੰਦ ਦੋ ਭਰਾ ਸਨ। ਵੱਡੇ ਭਰਾ ਦਾ ਨਾਂ ਰੁਲੀਆ ਰਾਮ ਸੀ। ਉਹਨਾਂ ਦੀ ਇਕ ਭੈਣ ਸੀ ਜਿਸ ਦਾ ਘਰ ਵਿੱਚ, ਬਹੁਤ ਰੋਹਬ ਹੁੰਦਾ ਸੀ। ਦਾਦਾ ਜੀ ਦੇ ਪਿਤਾ ਜੀ ਦਾ ਨਾਂ ਭਾਵ ਮੇਰੇ ਪੜਦਾਦਾ ਜੀ ਦਾ ਨਾਂ ਸ਼੍ਰੀ ਬੂਟਾ ਰਾਮ ਸੀ ਅਤੇ ਉਹਨਾਂ ਦੇ ਪਿਤਾ ਦਾ ਨਾਂ ਸ਼੍ਰੀ ਡੋਗਰ ਮੱਲ ਸੀ। ਦਾਦਾ ਜੀ ਦੇ ਦਾਦਾ ਜੀ ਤੋਂ ਪਹਿਲਾਂ ਦੇ ਪੁਰਖਿਆਂ ਦੇ ਨਾਵਾਂ ਬਾਰੇ ਪਿਤਾ ਜੀ ਤੋਂ ਕੋਈ ਜਾਣਕਾਰੀ ਨਾ ਮਿਲ ਸਕੀ। ਪਰ ਮੈਂ ਸੁਣਿਆ ਕਿ ਹਰਿਦੁਆਰ ਪਾਂਡਿਆਂ ਨੇ ਅਜਿਹੀ ਜਾਣਕਾਰੀ ਖੂਬ ਰੱਖੀ ਹੋਈ ਹੈ। ਜੋ ਲੋਕ ਕਿਸੇ ਵਿਅਕਤੀ ਦੀ ਮੌਤ ਉਪਰੰਤ ਆਖਰੀ ਰਸਮਾਂ ਲਈ ਹਰਿਦੁਆਰ ਫੁੱਲ ਤਾਰਨ ਜਾਂਦੇ ਹਨ ਉਹਨਾਂ ਦੇ ਪਰਿਵਾਰ ਦੀ ਸਾਰੀ ਜਾਣਕਾਰੀ, ਘਰ ਵਿਚ ਨਵ-ਜੰਮੇ ਬੱਚਿਆਂ ਦੇ ਨਾਂ ਵੀ ਪਾਂਡੇ ਆਪਣੀ ਬਹੀ- ਖਾਤੇ ਵਿੱਚ ਨੋਟ ਕਰ ਲੈਂਦੇ ਹਨ। ਖੈਰ ਇਹ ਵਿਸ਼ਾ ਅਲੱਗ ਹੈ।

ਆਮ ਲੋਕਾਂ ਦੇ ਪੁਰਖਿਆਂ ਦਾ ਇਤਿਹਾਸ ਕੋਈ ਮੁਗਲ ਰਾਜਿਆਂ ਜਾਂ ਨਵਾਬਾਂ ਦਾ ਇਤਿਹਾਸ ਤਾਂ ਨਹੀਂ ਹੋਵੇਗਾ ਜਿਸ ਤੇ ਫ਼ਖਰ ਕੀਤਾ ਜਾ ਸਕੇ ਪਰ ਆਮ ਲੋਕਾਂ ਦੀਆਂ ਜ਼ਿੰਦਗੀਆਂ ਵੀ ਅਜਿਹੀਆਂ ਰੋਮਾਂਚਕ ਘਟਨਾਵਾਂ ਅਤੇ ਸੰਘਰਸ਼ ਭਰਪੂਰ ਹੁੰਦੀਆਂ ਹਨ ਜੋ ਆਉਣ ਵਾਲੀਆਂ ਨਸਲਾਂ ਦੀ ਜ਼ਿੰਦਗੀ ਦੀ ਦਸ਼ਾ ਅਤੇ ਦਿਸ਼ਾ ਬਦਲ ਦਿੰਦੀਆਂ ਹਨ।

ਮੇਰੇ ਪੁਰਖਿਆਂ ਦਾ ਇਤਿਹਾਸ ਕੁਝ ਅਜਿਹਾ ਹੈ ਕਿ ਮੈਂ ਫ਼ਖਰ ਮਹਿਸੂਸ ਕਰਦਾ ਹਾਂ ਕਿ ਮੈਂ ਉਹਨਾਂ ਦਾ ਵੰਸ਼ਜ਼ ਹਾਂ ਅਤੇ ਸਾਡਾ ਪਰਿਵਾਰ ਜਦੋਂ ਜੁੜ ਬੈਠਦਾ ਹੈ ਤਾਂ ਆਪਣੇ ਪੁਰਖਿਆਂ ਨੂੰ ਯਾਦ ਕਰ ਕੇ ਮਾਣ ਅਤੇ ਖੁਸ਼ੀ ਮਹਿਸੂਸ ਕਰਦੇ ਹਨ। ਮੇਰੇ ਦਾਦਾ ਜੀ ਦੀਵਾਨ ਚੰਦ ਅਤੇ ਉਹਨਾਂ ਦੇ ਵੱਡੇ ਭਰਾ ਰੁਲੀਆ ਰਾਮ ਸਾਡੇ ਪਿੰਡ ਵਿਚ ਇਕੱਲਾ ਪਰਿਵਾਰ ਸਨ। ਬਾਕੀ ਪਿੰਡ ਵਿਚ ਕਈ-ਕਈ ਘਰ ਸਕਿਆਂ ਦੇ ਸਨ। ਦਾਦਾ ਜੀ ਦੇ ਪਿਤਾ ਜੀ ਦੀ ਮੌਤ, ਉਹਨਾਂ ਦੇ ਬਚਪਨ ਵਿਚ ਹੀ ਹੋ ਗਈ ਸੀ। ਦਾਦਾ ਜੀ ਦੀ ਮਾਂ ਅਤੇ ਦਾਦੀ ਦੋਵੇਂ ਵਿਧਵਾ ਸਨ ਇਸ ਲਈ ਦੋਵੇਂ ਔਰਤਾਂ ਲਈ ਮੇਰਾ ਦਾਦਾ ਅਤੇ ਉਸ ਦਾ ਭਰਾ

ਬਚਪਨ ਤੋਂ ਹੀ ਉਹਨਾਂ ਨੂੰ ਪਾਲਣਾ-ਪੋਸ਼ਣਾ ਅਤੇ ਉਹਨਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਤੁਰ ਰਹਿਣਾ ਸੁਭਾਵਕ ਸੀ। ਬਚਪਨ ਵਿਚ ਕਈ ਵਾਰ ਸੁਣਿਆ ਕਿ ਦੋਵੇਂ ਭਰਾ ਜੰਗਲ ਪਾਣੀ ਵੀ ਖੇਤਾਂ ਵਿੱਚ ਇਕੱਠੇ ਜਾਇਆ ਕਰਦੇ ਸਨ। ਰੁਲੀਆਂ ਰਾਮ ਦਾਦਾ ਜੀ ਦੇ ਦੋ ਬੇਟੀਆਂ ਸਨ। ਇਸ ਲਈ ਉਹਨਾਂ ਦੇ ਵਿਆਹ ਤੋਂ ਬਾਅਦ ਉਹਨਾਂ ਦੀ ਬੁਢਾਪੇ ਵਿੱਚ ਦੇਖ ਭਾਲ ਉਹਨਾਂ ਦੇ ਛੋਟੇ ਭਰਾ ਅਤੇ ਉਹਨਾਂ ਦੇ ਬੇਟਿਆਂ ਭਾਵ ਮੇਰੇ ਭਾਈਆ ਜੀ ਨੇ ਕੀਤੀ। ਮੈਂ ਦਾਦਾ ਜੀ ਰੁਲੀਆ ਰਾਮ ਦੀ ਪਤਨੀ, ਸਾਡੀ ਦਾਦੀ ਕਦੇ ਨਹੀਂ ਸੀ ਦੇਖੀ ਪਰ ਉਹ ਸਾਨੂੰ ਸਾਰਿਆਂ ਨੂੰ ਬਹੁਤ ਪਿਆਰ ਕਰਦੇ ਸਨ ਖਾਸ ਕਰ ਕੇ ਮੈਨੂੰ 'ਸੋਹਣਾ' ਕਹਿ ਕੇ ਬਲਾਉਂਦੇ ਹੁੰਦੇ ਸਨ। ਸਾਡਾ ਪਰਿਵਾਰ ਛੋਟਾ ਸੀ ਪਰ ਸਾਰੇ ਜੀਆਂ ਵਿੱਚ ਪਿਆਰ ਬਹੁਤ ਸੀ। ਚੰਗੀ ਕਿਸਮਤ ਕਿ ਬਹੂਆਂ ਵੀ ਪਰਿਵਾਰ ਨੂੰ ਜੋੜਨ ਵਾਲੀਆਂ ਮਿਲ ਗਈਆਂ। ਪਰ ਜਿਸ ਘਰ ਵਿੱਚ ਅਸੀਂ ਰਹਿੰਦੇ ਸਾਂ ਉਸ ਦੀ ਵੀ ਇਕ ਕਹਾਣੀ ਹੈ ਜੋ ਆਪ ਨਾਲ ਸਾਂਝੀ ਕਰਨੀ ਬੜੀ ਜ਼ਰੂਰੀ ਹੈ। ਸੰਨ 1925 ਦੇ ਆਸ-ਪਾਸ ਦਾਦਾ ਜੀ ਦੋਵੇਂ ਭਰਾਵਾਂ ਨੇ ਸਾਡਾ ਪਿੰਡ ਵਾਲਾ ਘਰ ਬਣਾਇਆ ਸੀ। ਘਰ ਕੀ ਸੀ ਕੋਈ ਵੱਡੀ ਹਵੇਲੀ ਸੀ। ਉਹਨਾਂ ਦਿਨਾਂ ਵਿੱਚ ਪੱਕਾ ਘਰ ਸਾਰੇ ਇਲਾਕੇ ਵਿਚ ਮੇਰੇ ਦਾਦਾ ਜੀ ਦਾ ਹੀ ਸੀ। ਜੁਆਨੀ ਵੇਲੇ ਮੇਰੇ ਦਾਦਾ ਜੀ ਸੁਣਿਆਂ ਦੋਵੇਂ ਭਰਾ ਕਲਕੱਤੇ ਗਏ ਸਨ, ਮਜ਼ਦੂਰੀ ਕਰਨ। ਦੋ ਪੈਸੇ ਦਿਹਾੜੀ ਹੁੰਦੀ ਸੀ। ਪਤਾ ਨਹੀਂ ਕਿੰਨਾ ਸਮਾਂ ਉਥੇ ਰਹੇ, ਕਿੰਨੇ ਪੈਸੇ ਲੈ ਕੇ ਆਏ ਪਰ ਜੋ ਘਰ ਉਹਨਾਂ ਪਿੰਡ ਆ ਕੇ ਬਣਾਇਆ, ਉਹ ਨਾਨਕ ਸ਼ਾਹੀ ਇੱਟਾਂ ਦਾ ਘਰ ਆਸ-ਪਾਸ ਦੇ ਕਿਸੇ ਪਿੰਡ ਵਿਚ ਕਿਸੇ ਹੋਰ ਪਰਿਵਾਰ ਕੋਲ ਨਹੀਂ ਸੀ। ਤੇਰ੍ਹਾਂ ਖਾਨਿਆਂ ਦਾ ਬਰਾਂਡਾ ਸੀ, ਸ਼ਤੀਰਾ ਤੇ ਬਾਲਿਆਂ ਵਾਲਾ । ਉਹਨਾਂ ਪਿਛੇ ਤੇਰਾਂ ਖਾਨਿਆਂ ਦਾ ਦਲਾਨ, ਉਹਨਾਂ ਦੇ ਪਿੱਛੇ ਚਾਰ ਕਮਰੇ। ਪੱਕੀ ਪੌੜੀ ਚੜ੍ਹਾਈ ਗਈ ਸੀ। ਘਰ ਦੇ ਦੋਵੇਂ ਪਾਸੇ ਦੋ ਰਸੋਈਆਂ। ਬਨੇਰਿਆਂ ਵਾਲੀ ਪੱਕੀ ਛੱਤ। ਵੱਡਾ ਸਾਰਾ ਛੇ ਫੁੱਟ ਦੀ ਚਾਰ-ਦਿਵਾਰੀ ਦਾ ਬਗਲ। ਲੋਕਾਂ ਵਿੱਚ ਸਾਡੇ ਪਰਿਵਾਰ ਦੀ 'ਅੱਲ੍ਹ' ਪਈ ਹੋਈ ਸੀ, 'ਪੱਕਿਆਂ ਵਾਲੇ ' ਸਾਡੇ ਦੇਖਣ ਵਿੱਚ ਸਾਰੇ ਪਿੰਡ ਵਿੱਚ, ਜਿਹਨਾਂ ਵਿੱਚ ਜੱਟਾਂ ਜ਼ਿੰਮੀਦਾਰਾਂ ਦੇ ਘਰ ਵੀ ਸਨ, ਸਭ ਕੱਚੇ ਸਨ। ਸਾਡੇ ਘਰ ਦਾ ਵਿਹੜਾ ਵੀ ਸਾਰੇ ਪਿੰਡ ਦੇ ਲੋਕਾਂ ਤੋਂ ਵੱਡਾ ਸੀ ਜਿਸ ਦੇ ਐਨ ਵਿਚਕਾਰ ਦਾਦਾ ਜੀ ਨੇ ਜ਼ਾਮਨ ਦਾ ਦਰੱਖਤ ਲਾਇਆ ਸੀ। ਮੌਸਮ ਵਿਚ ਜਿਥੇ ਅਸੀਂ ਜਾਮਨਾਂ ਖਾਂਦੇ ਉਥੇ ਗਰਮੀਆਂ ਵਿੱਚ ਮੰਜੇ ਡਾਹ ਕੇ ਜਾਮੁਨ ਦੀ ਛਾਂ ਮਾਣਦੇ। ਮੇਰੇ ਬੇਟੇ ਦੇ ਵਿਆਹ ਤੇ ਨਿਊਯਾਰਕ ਤੋਂ ਮੇਰਾ ਦੋਸਤ ਆਇਆ ਤੇ ਮੇਰੀ ਪਤਨੀ ਅਤੇ ਬੇਟਿਆਂ ਨੂੰ ਦੱਸਣ ਲੱਗਾ ਕਿ ਸਾਡਾ ਘਰ ਪਿੰਡ ਵਿਚ ਬਹੁਤ ਆਲੀਸ਼ਾਨ ਸੀ ਤਾਂ ਮੇਰਾ ਸੀਨਾ ਆਪਣੇ ਦਾਦਾ ਜੀ ਅਤੇ ਉਸ ਦੇ ਭਰਾ ਦੀ ਧਰੋਹਰ ਬਾਰੇ ਸੁਣ ਕੇ ਫ਼ਖਰ ਨਾਲ ਚੌੜ੍ਹਾ ਹੋ ਗਿਆ।

ਪਿਆਰਾ ਰਾਮ ਮੇਰੇ ਪਿਤਾ ਜੀ ਅਤੇ ਜੀ ਕਰਤਾਰ ਚੰਦ ਤਾਇਆ ਜੀ ਦੋਵੇਂ ਭਰਾਵਾਂ ਵਿੱਚ ਵੀ ਮੇਰੇ ਦੋਵੇਂ ਦਾਦੇ-ਭਰਾਵਾਂ ਵਾਂਗ ਬਹੁਤ ਪਿਆਰ ਸੀ। ਭਾਵੇਂ ਸਾਡੀ ਆਪਣੀ ਜ਼ਮੀਨ ਨਹੀਂ ਸੀ ਪਰ ਪਿਤਾ ਜੀ ਅਤੇ ਤਾਇਆ ਜੀ ਨੇ ਜੱਟਾਂ ਤੋਂ ਜ਼ਮੀਨ ਲੈ ਕੇ ਅੱਧ ਦੀ ਖੇਤੀ ਕਰਨੀ। ਫਿਰ ਅੱਧ ਵਿਚੋਂ ਅਗਾਂਹ ਦੋਵੇਂ ਭਰਾਵਾਂ ਨੇ ਅੱਧ- ਅੱਧ ਕਰ ਲੈਣਾ। ਵਿਹਲੇ ਸਮੇਂ ਉਹ ਮੱਝਾਂ ਦਾ ਵਿਉਪਾਰ ਕਰਦੇ। ਕਈ ਵਾਰ ਪਿੰਡ ਵਾਸੀਆਂ ਨੂੰ ਪੈਸੇ ਉਧਾਰ ਵੀ ਦਿੰਦੇ। ਇੰਝ ਪਿੰਡ ਵਿੱਚ ਸਾਡੇ ਪਰਿਵਾਰ ਦੀ ਕਾਫ਼ੀ ਇੱਜ਼ਤ ਸੀ। ਮੈਂ ਕੋਈ ਪੰਦਰਾਂ ਸੋਲਾਂ ਸਾਲ ਦਾ ਹੋਵਾਂਗਾ ਜਦੋਂ ਤਾਇਆ ਜੀ ਦੀ ਇੱਕ ਦੁਰਘਟਨਾ ਕਾਰਨ ਮੌਤ ਹੋ ਗਈ। ਅਸੀਂ ਭਾਈਆ ਜੀ ਅਤੇ ਤਾਇਆ ਜੀ ਨੂੰ ਕਦੀ ਵੀ ਲੜ੍ਹਦਿਆਂ ਨਹੀਂ ਸੀ ਦੇਖਿਆ। ਦੋਵੇਂ ਭਰਾ ਇਕੱਠੀ ਖੇਤੀ ਕਰਦੇ, ਇਕੱਠੇ ਵਿਹਲੇ ਦਿਨਾਂ ਵਿੱਚ ਇਕੋ ਸਾਈਕਲ ਤੇ ਰਿਸ਼ਤੇਦਾਰੀ ਵਿੱਚ ਵਾਢੇਂ ਜਾਂਦੇ। ਕਈ ਵਾਰ ਤਾਂ ਕਈ ਪਿੰਡ ਵਾਲੇ ਦੋਵੇਂ ਭਰਾਵਾਂ ਨੂੰ ਦਿਵਾਨ-ਰੁਲੀਆ ਕਹਿ ਕੇ ਬਲਾਉਂਦੇ। ਤਾਇਆ ਜੀ ਦੀ ਮੌਤ ਮੇਰੇ ਦਾਦਾ ਜੀ ਨੇ ਦਿਲ ਤੇ ਲਾ ਲਈ ਅਤੇ ਜਲਦੀ ਹੀ ਉਹ ਵੀ ਇਸ

ਦੁਨੀਆਂ ਤੋਂ ਚਲਾਣਾ ਕਰ ਗਏ। ਮੈਂ ਉਦੋਂ ਦਸਵੀਂ ਕਲਾਸ ਦੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਸੀ।

ਜਿਥੇ ਮੇਰੇ ਪੁਰਖਿਆਂ ਤੋਂ ਮੈਨੂੰ ਪਰਿਵਾਰ ਦੇ ਸਾਰੇ ਜੀਆਂ ਨੂੰ ਪਿਆਰ ਕਰਨ ਦੀ ਗੁੜ੍ਹਤੀ ਮਿਲੀ ਉਥੇ ਮਿਹਨਤ ਕਰ ਕੇ ਇੱਜ਼ਤ ਨਾਲ ਜਿਉਣ ਦਾ ਗੁਰ ਵੀ ਮਿਲਿਆ। ਮੇਰੇ ਦਾਦਾ ਜੀ ਦੋਵੇਂ ਭਰਾਵਾਂ ਜਾਂ ਮੇਰੇ ਭਾਈਆ ਜੀ ਅਤੇ ਤਾਇਆ ਜੀ ਨੂੰ ਆਮ ਪਿੰਡ ਵਾਸੀਆਂ ਵਾਂਗ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਨ ਦੀ ਆਦਤ, ਨਹੀਂ ਸੀ। ਚੰਗਾ ਖਾਣਾ ਅਤੇ ਚੰਗਾ ਪਹਿਨਣਾ ਦੋ ਹੀ ਸ਼ੌਂਕ ਸਨ। ਦਾਦਾ ਜੀ ਹੋਰੀਂ ਅਤੇ ਭਾਈਆ ਜੀ/ ਤਾਇਆ ਜੀ ਹੱਡ ਭੰਨਵੀਂ ਮਿਹਨਤ ਕਰਦੇ ਅਤੇ ਇੱਜ਼ਤ ਨਾਲ ਰਹਿੰਦੇ ਸਨ। ਉਹ ਮਜ਼ਦੂਰੀ ਕਰਨ ਨਾਲੋਂ ਅੱਧ ਦੀ ਖੇਤੀ ਕਰਨ ਨੂੰ ਜ਼ਿਆਦਾ ਸਨਮਾਨਯੋਗ ਸਮਝਦੇ ਸਨ। ਉਹ ਆਪ ਤਾਂ ਸਮਾਜਿਕ ਕਾਰਨਾਂ ਕਰ ਕੇ ਨਾ ਪੜ੍ਹ ਸਕੇ ਪਰ ਉਹਨਾਂ ਸਾਰੇ ਬੱਚਿਆਂ ਨੂੰ ਸਕੂਲ ਪੜ੍ਹਨ ਭੇਜਿਆ। ਮੇਰੀਆਂ ਦੋ ਭੈਣਾਂ ਅਤੇ ਤਿੰਨ ਭਰਾ ਅਸੀਂ ਸਾਰਿਆਂ ਨੂੰ ਬੀਬੀ ਜੀ ਅਤੇ ਭਾਈਆ ਜੀ ਨੇ ਸਰਕਾਰੀ ਸਕੂਲ ਪੜ੍ਹਨ ਪਾਇਆ। ਬੱਚਿਆ ਨੂੰ ਸਕੂਲ ਦਾਖਲ ਕਰਾਉਣ ਦਾ ਕੰਮ ਮੇਰੇ ਦਾਦਾ ਜੀ ਦਾ ਸੀ। ਮੇਰੇ ਤਾਇਆ ਜੀ ਦਾ ਲੜਕਾ ਰਾਮ ਲਾਲ, ਕਾਲਜ ਵਿੱਚ ਜਾਣ ਵਾਲਾ ਪਿੰਡ ਦਾ ਪਹਿਲਾ ਵਿਅਕਤੀ ਸੀ। ਜਲਦੀ ਹੀ ਸਾਡਾ ਪਰਿਵਾਰ ਪਿੰਡ ਵਿਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਪਰਿਵਾਰ ਬਣ ਗਿਆ। ਮੇਰੀ ਛੋਟੀ ਭੈਣ ਬਲਬੀਰ ਪਿੰਡ ਦੀ ਸਭ ਤੋਂ ਪਹਿਲੀ ਬੀ. ਏ., ਐਮ. ਏ. ਕਰਨ ਵਾਲੀ ਬਣੀ ਅਤੇ ਮੈਂ ਪਿੰਡ ਦਾ ਪਹਿਲਾ ਇੰਜੀਨੀਅਰ ਅਤੇ ਬਾਅਦ ਵਿਚ ਆਈ ਸ਼ਬਣਿਆ।

ਮੇਰੀ ਬੀਬੀ 'ਸਵਰਨੀ' ਇਕ ਅਲੌਕਿਕ ਸ਼ਖ਼ਸੀਅਤ ਦੀ ਮਾਲਿਕ ਸੀ। ਉਹਨਾਂ ਦੀ ਸਿਆਣਪ ਅਤੇ ਦੂਰ-ਅੰਦੇਸ਼ੀ ਦੀ ਅੱਜ ਵੀ ਸਾਰਾ ਪਰਿਵਾਰ ਦਾਦ ਦਿੰਦਾ ਹੈ। ਜਦੋਂ ਬਚਪਨ ਵਿੱਚ ਅਸੀਂ ਸਾਰੇ ਭੈਣ ਭਰਾ ਸਕੂਲ ਜਾਂਦੇ ਸਾਂ ਤਾਂ ਪਿੰਡ ਦੀ ਇਕ ਬਜ਼ੁਰਗ ਔਰਤ ਨੇ ਕਿਹਾ, 'ਸਵਰਨੀਏ' ਸਾਰੇ ਨਿਆਣੇ ਸਕੂਲ ਭੇਜ ਦਿੰਦੀ ਏਂ, ਸੁੱਚੇ ਨੂੰ ਹਟਾ ਲੈ ਤਾਂ ਜੋ ਉਹ ਆਪਣੇ ਬਾਪ ਨਾਲ ਖੇਤੀਬਾੜੀ ਵਿੱਚ ਹੱਥ ਬਟਾਵੇ, ਉਹ ਵੀ ਕੁੱਝ ਸੌਖਾ ਹੋ ਜੂ।' ਬੀਬੀ ਨੇ ਕਿਹਾ, 'ਚਾਚੀ, ਬੱਚੇ ਤਾਂ ਸਾਰੇ ਸਕੂਲ ਜਾਣਗੇ, ਜੋ ਨਹੀਂ ਪੜ੍ਹੇਗਾ, ਆਪੇ ਆਪਣੇ ਬਾਪ ਨਾਲ ਕੰਮ ਕਰੂੰ।'ਇਹ ਬੀਬੀ ਜੀ ਦੀ ਦੂਰ ਅੰਦੇਸ਼ੀ ਹੀ ਸੀ ਕਿ ਉਹਨਾਂ ਭਾਈਏ ਜੀ ਨੂੰ ਲੁਧਿਆਣਾ ਸ਼ਹਿਰ ਵਿਚ ਪਲਾਟ ਲੈਣ ਲਈ ਮਜ਼ਬੂਰ ਕੀਤਾ ਫਿਰ ਮਕਾਨ ਅਤੇ ਦੁਕਾਨਾਂ ਬਣਵਾਈਆਂ ਅਤੇ 1981 ਵਿਚ ਪਿੰਡੋਂ ਸਾਰੇ ਪਰਿਵਾਰ ਨੂੰ ਬੱਚਿਆਂ ਦੀ ਪੜ੍ਹਾਈ ਖਾਤਰ ਪਿੰਡੋਂ ਸ਼ਹਿਰ ਲਿਆ ਕੇ ਵਸ ਗਏ। ਅੱਜ ਮੈਂ ਚੰਡੀਗੜ੍ਹ, ਉੱਚੇ ਅਹੁਦੇ ਤੇ ਤੈਨਾਤ ਹਾਂ, ਇਕ ਭਰਾ ਥਾਣੇਦਾਰ, ਇਕ ਭਰਾ ਲੈਕਚਰਾਰ ਹੈ, ਅਤੇ ਉਸ ਦੀ ਪਤਨੀ ਪ੍ਰਿੰਸੀਪਲ ਹੈ। ਦੋ ਭਤੀਜੇ ਡਾਕਟਰ ਹਨ, ਇਕ ਬਹੂ ਡਾਕਟਰ ਹੈ। ਵੱਡੇ ਭਰਾ ਦੇ ਤਿੰਨ ਬੇਟੇ ਅਤੇ ਤਿੰਨੋਂ ਬਹੂਆਂ ਉੱਚੀਆਂ ਸਰਕਾਰੀ ਨੌਕਰੀਆਂ ਤੇ ਹਨ। ਤਾਏ ਦੇ ਦੋ ਪੋਤਰੇ ਅਮਰੀਕਾ ਅਤੇ ਕੈਨੇਡਾ ਵਿਚ ਸੈਟਲ ਹਨ। ਸਾਰੇ ਭਰਾਵਾਂ ਦੇ ਬੱਚੇ ਅੱਛੇ ਸਕੂਲਾਂ ਵਿਚ ਪੜ੍ਹ ਰਹੇ ਹਨ। ਜਿਥੇ ਪਰਿਵਾਰ ਦੀ ਖੁਸ਼ਹਾਲੀ ਦਾ ਸਿਹਰਾ ਮੈਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੂੰ ਦਿੰਦਾ ਹਾਂ ਜੋ ਸਹੀ ਮਾਅਨਿਆ ਵਿਚ ਸਾਡਾ ਸਭ ਦਾ ਉਚੱਤਮ ਸਤਕਾਰ ਯੋਗ ਪੁਰਖਾ ਹੈ ਉਥੇ ਮੇਰਾ ਸਿਰ ਆਪਣੀ ਮਾਤਾ ਜੀ, ਪਿਤਾ ਜੀ, ਦਾਦਾ ਜੀ, ਦਾਦੀ ਜੀ, ਤਾਇਆ ਜੀ, ਦਾਦਾ ਜੀ ਦੇ ਭਰਾ, ਆਪਣੇ ਇਹਨਾ ਵੱਡੇ- ਵਡੇਰਿਆਂ ਦੀਆਂ ਮਿਹਨਤਾ ਸਦਕਾ ਇਹਨਾਂ ਦੇ ਚਰਨਾਂ, ਵਿਚ ਝੁੱਕਦਾ ਹੈ । ਮੈਨੂੰ ਹਮੇਸ਼ਾ ਮਾਣ ਮਹਿਸੂਸ ਹੁੰਦਾ ਹੈ ਕਿ ਮੈਂ ਉਹਨਾਂ ਮਹਾਨ ਸਿਰੜੀ ਕਾਮਿਆਂ, ਮਿਹਨਤਕਸ਼ ਅਤੇ ਦੂਰ ਅੰਦੇਸ਼ੀ ਲੋਕਾਂ ਦੀ ਸੰਤਾਨ ਹਾਂ।ਬਾਬਾ ਸਾਹਿਬ ਭੀਮ ਰਾਓ, ਅੰਬੇਡਕਰ ਨੇ ਜੋ ਸਿਖਿਆ ਦੇ ਦੁਆਰ ਸਾਡੇ ਵਾਸਤੇ ਖੋਹਲੇ, ਉਸ ਦੀ ਬਦੌਲਤ ਹੀ ਮੇਰੇ ਵਰਗੇ ਲੱਖਾਂ ਲੋਕ ਜੀਵਨ ਦੀਆ ਉਚੱਤਮ ਅਹੁਦੇ ਤੱਕ ਪਹੁੰਚ ਸਕੇ।(**ਸੰਪਰਕ-94175-00610**)

# ਮੇਰੇ ਪੁਰਖੇ /– ਰਘਬੀਰ ਸਿੰਘ ਮਾਨ

ਜਦੋਂ ਮੇਰਾ ਧਿਆਨ ਆਪਣੇ ਪੁਰਖਿਆਂ ਵੱਲ ਜਾਂਦਾ ਹੈ ਤਾਂ ਮੇਰੇ ਜ਼ਿਹਨ ਵਿੱਚ ਦੋ ਸ਼ਖ਼ਸੀਅਤਾਂ ਰੂਪਮਾਨ ਹੁੰਦੀਆਂ ਹਨ। ਪਹਿਲੀ , ਕਰਮ-ਕਾਂਡਾਂ ਤੇ ਵਹਿਮਾਂ-ਭਰਮਾਂ ਦੀ ਪਸਰੀ ਸੰਘਣੀ ਧੁੰਦ ਨੂੰ ਮਿਟਾਉਣ ਵਾਲਾ, ਸੱਚ ਅਤੇ ਗਿਆਨ ਦਾ ਸੂਰਜ, ਯੁੱਗ-ਪੁਰਸ਼, ਮਹਾਂ-ਵਿਦਵਾਨ, ਮਹਾਂ-ਵਿਗਿਆਨੀ, ਮਹਾਂ-ਕੁਦਰਤ ਪ੍ਰੇਮੀ, ਮਹਾਂ-ਪੈਦਲ ਯਾਤਰੀ, ਮਹਾਂ-ਧਰਮੀ, ਮਹਾਂ-ਯੋਧਾ ਅਤੇ ਮਹਾਂ-ਕਵੀ ਗੁਰੂ ਨਾਨਕ ਦੇਵ ਜੀ। ਦੂਜੀ ਸ਼ਖ਼ਸੀਅਤ , ਇਕ ਦਲੇਰ, ਹਠੀ-ਤਪੀ, ਨੀਤੀਵਾਨ ਅਥਵਾ ਪਰਮਾਰਥ ਨੂੰ ਪ੍ਰਣਾਈ, ਨੇਕ ਰੂਹ, ਗਰੀਬ-ਗੁਰਬੇ ਦੀਆਂ ਗਰਜ਼ਾਂ ਪੂਰਨ ਵਾਲੀ, ਦਇਆਵਾਨ ਤੇ ਤੇਜਸਵਨ ਮੇਰੀ ਮਾਂ।

ਬਾਬਾ ਨਾਨਕ ਤਾਂ ਮੇਰਾ ਰਹਿਬਰ ਹੈ। ਮੇਰਾ ਤੇ ਮੇਰੀ ਕੌਮ ਦਾ ਰੋਲ ਮਾਡਲ। ਬਾਬੇ ਨਾਨਕ ਨੇ ਮਾਂ ਦੇ ਰੂਪ ਵਿੱਚ ਔਰਤ ਨੂੰ ਰੱਜਵਾਂ ਮਾਣ ਦਿਤਾ ਸੀ। ਸਲੂਟ ਹੈ ਬਾਬੇ ਨਾਨਕ ਨੂੰ। ਉਹਨਾਂ ਦੀ ਉੱਚੀ ਸੋਚ ਦਾ ਕਾਇਲ ਹਾਂ ।ਮੇਰੀਆਂ ਨਸਾਂ ਵਿੱਚ ਲੋਕਾਈ ਦੀਆਂ ਅੱਖਾਂ ਖੋਲ੍ਹਣ ਵਾਲੇ ਬਾਬੇ ਨਾਨਕ ਦੇ ਵਿਚਾਰ ਡੂੰਘੇ ਉਕਰੇ ਹੋਏ ਹਨ।

ਪਰਿਵਾਰਿਕ ਜ਼ਿੰਦਗੀ ਵਿੱਚ ਮੇਰਾ ਰੋਲ ਮਾਡਲ ਮੇਰੀ ਮਾਂ ਹੀ ਸੀ। ਪੰਜ ਸਾਲ ਪਹਿਲਾਂ ਜਦੋਂ ਉਹ ਵਿੱਛੜੀ ਤਾਂ ਮੈਨੂੰ ਐਂ ਲੱਗਿਆ ਜਿਵੇਂ ਮੇਰੇ ਸਿਰੋਂ ਅਸਮਾਨ ਖਿਸਕ ਗਿਆ ਹੋਵੇ, ਠੰਡੜੀ ਛਾਂ ਤੋਂ ਵਾਂਝਾ ਹੋ ਗਿਆ ਹੋਵਾਂ।

ਹਰ ਵਿਅਕਤੀ ਦਾ ਅੰਤਿਮ ਸੱਚ ਹੈ ਕਿ "ਮੇਰੀ ਮਾਂ ਵਰਗਾ ਕੋਈ ਨਹੀਂ।" ਮੇਰਾ ਵੀ ਏਹੀ ਸੱਚ ਐ। ਅੱਜ ਜਦੋਂ ਮੈਂ ਕਿਸੇ ਮੁਸ਼ਕਲ ਜਾਂ ਔਖਿਆਈ ਵਿੱਚ ਹੁੰਦਾ ਹਾਂ ਤਾਂ ਮੈਨੂੰ ਮਾਂ ਸ਼ਿਦਤ ਨਾਲ ਯਾਦ ਆਉਂਦੀ ਹੈ। ਮਾਂ ਦਾ ਵਿਛੋੜਾ ਮੈਨੂੰ ਤੜਪਾ ਜਾਂਦਾ ਹੈ।

ਮੇਰੀ ਮਾਂ ਨੇ ਗਰੀਬੀ ਵਿੱਚ ਗੁਜ਼ਰ ਕੀਤੀ। ਮੇਰੇ ਬਾਪ ਨਾਲ ਖੇਤਾਂ ਦੇ ਕੰਮ ਵਿੱਚ ਹੱਥ ਵਟਾਅ ਕੇ ਮੇਰੇ ਵੱਡੇ ਭਰਾਵਾਂ ਤੇ ਮੈਨੂੰ ਪੜ੍ਹਾਈ ਕਰਨ ਲਈ ਸਮਾਂ ਦਿੱਤਾ। ਸਾਨੂੰ ਸਾਰਿਆਂ ਨੂੰ ਵਿਦਿਆ ਦੇਣ ਵਿੱਚ ਮਿਹਨਤ-ਮੁਸ਼ੱਕਤ ਕੀਤੀ। ਰੁਜ਼ਗਾਰ ਵਿੱਚ ਪਾਇਆ । ਉਹ ਅਗਾਂਹਵਧੂ ਵਿਚਾਰਾਂ ਦੀ ਸੀ। ਉਹਦੇ ਸੁਪਨੇ ਅੰਬਰ ਤੋਂ ਵੀ ਉੱਚੇ ਸਨ। ਆਪ ਸਕੂਲ ਨਹੀਂ ਸੀ ਗਈ। ਕੋਰੀ ਅਨਪੜ੍ਹ ਸੀ। ਪਰ ਉਸ ਨੇ ਵੱਡੀ ਉਮਰ ਹੋਣ 'ਤੇ ਵੀ ਪੰਜਾਬੀ ਵਿੱਚ ਦਸਤਖ਼ਤ ਕਰਨੇ ਸਿੱਖੇ। ਉਸ ਦਾ ਪਾਸਪੋਰਟ ਬਣਿਆ, ਅੰਬੈਸੀਆਂ ਵਿੱਚ ਗਈ, ਵਿਦੇਸ਼ ਵਿੱਚ ਗਈ, ਜਿਥੇ ਵੀ ਲੋੜ ਪਈ ਸਾਰੀ ਜ਼ਿੰਦਗੀ ਉਸ ਨੇ ਦਸਤਖ਼ਤ ਕੀਤੇ ।ਕਦੀ ਅੰਗੂਠਾ ਨਹੀਂ ਸੀ ਲਾਇਆ। ਅਕਸਰ ਹਰ ਕੋਈ ਉਹਨੂੰ ਦਸਤਖ਼ਤ ਕਰਦੇ ਵੇਖਦੇ ਪੜ੍ਹੀ ਲਿਖੀ ਹੀ ਸਮਝਦਾ ।ਸਾਨੂੰ ਇਸ 'ਤੇ ਮਾਣ ਹੁੰਦਾ ਸੀ।

ਸੱਚ ਇਹ ਵੀ ਹੈ ਕਿ "ਹਰ ਬੱਚੇ ਦਾ ਪਹਿਲਾ ਅਧਿਆਪਕ ਉਸ ਦੀ ਮਾਂ ਹੁੰਦੀ ਐ।" ਮੇਰੀ ਮਾਂ ਵੀ ਮੇਰਾ ਪਹਿਲਾ ਅਧਿਆਪਕ ਸੀ। ਅੱਜ ਉਸ ਨੂੰ ਯਾਦ ਕਰਦਿਆਂ ਮੇਰੇ ਚੇਤੇ ਵਿੱਚ ਮੇਰਾ ਬਚਪਨ ਉਸਲਵੱਟੇ ਲੈਂਦਾ ਹੈ।

ਬਚਪਨ ਸਮੇਂ ਉਹ ਮੈਨੂੰ ਤੇ ਮੇਰੇ ਭੈਣ-ਭਰਾਵਾਂ ਨੂੰ ਲੋਕ-ਕਹਾਣੀਆਂ ਸੁਣਾਇਆ ਕਰਦੇ ਸਨ। ਭਾਵੇਂ ਉਹ ਕਹਾਣੀਆਂ ਮਿਥਿਹਾਸਿਕ ਹੁੰਦੀਆਂ ਸਨ। ਪਰ ਉਹਨਾਂ ਕਹਾਣੀਆਂ ਤੋਂ ਜੋ ਸਿੱਖਿਆ ਮਿਲਦੀ ਸੀ, ਉਹ ਮੇਰੇ ਕੋਰੇ ਮਨ 'ਤੇ ਡੂੰਘੀ ਖੁਣੀ ਗਈ ਸੀ।

ਇਕ ਕਹਾਣੀ ਸੀ ਕਿ ਕੋਈ ਵਿਅਕਤੀ ਲੰਮੀ ਯਾਤਰਾ 'ਤੇ ਸੀ। ਇਕ ਪਿੰਡ ਉਸ ਨੂੰ ਰਾਤ ਪੈ ਗਈ। ਰਾਤ ਕੱਟਣ ਲਈ ਉਸ ਨੇ ਪਿੰਡ 'ਚ ਰਹਿੰਦੀ ਇਕ ਮਾਈ ਨੂੰ ਬੇਨਤੀ ਕੀਤੀ। ਮਾਈ ਘਰ ਵਿੱਚ ਇਕੱਲੀ

ਰਹਿੰਦੀ ਸੀ। ਉਸ ਮਾਈ ਨੇ ਤਰਸ ਕੀਤਾ ਤੇ ਰਾਹੀ ਨੂੰ ਘਰ ਵਿੱਚ ਰਾਤ ਗੁਜ਼ਾਰਨ ਦੀ ਆਗਿਆ ਦੇ ਦਿੱਤੀ। ਉਸ ਮਾਈ ਨੇ ਘਰ ਵਿੱਚ ਮੱਝ ਰੱਖੀ ਹੋਈ ਸੀ। ਜਿਸ ਦਾ ਦੁੱਧ ਵੇਚ ਕੇ ਉਹ ਆਪਣਾ ਗੁਜ਼ਾਰਾ ਕਰਿਆ ਕਰਦੀ ਸੀ। ਰਾਤ ਦੀ ਰੋਟੀ ਦਾ ਸਮਾਂ ਹੋਇਆ। ਰਾਹੀ ਕੋਲ ਜਿਹੜਾ ਆਟਾ ਸੀ। ਉਹ ਆਪਣੀ ਰੋਟੀ ਬਨਾਉਣ ਲਈ ਗੁੰਨਣ ਲੱਗਾ। ਉਸ ਦਾ ਧਿਆਨ ਵਿਹੜੇ 'ਚ ਕਿੱਲੇ ਨਾਲ ਬੱਝੀ ਮੱਝ ਵੱਲ ਗਿਆ। ਮੱਝ ਬਹੁਤ ਸੁੰਦਰ ਸੀ। ਕੱਦ ਕਾਠ ਪੱਖੋਂ ਹਾਥੀ ਵਰਗੀ ਜਾਪ ਰਹੀ ਸੀ। ਘੜੇ ਜਿੱਡਾ ਨੱਬ ਵੇਖ ਰਾਹੀ ਦੰਗ ਰਹਿ ਗਿਆ। ਰਾਹੀ ਆਟੇ ਵਿੱਚ ਪਾਣੀ ਪਾਉਂਦਾ ਬੋਲਿਆ, "ਮਾਈ ਤੇਰੀ ਮੱਝ ਬਹੁਤ ਸੋਹਣੀ ਐ, ਇਹ ਵੱਡੀ ਵੀ ਬਹੁਤ ਐ।"

"ਹਾਂ ਪੁੱਤਾ, ਤੇਰਾ ਭਲਾ ਹੋਵੇ, ਮੱਝ ਦੁੱਧ ਵੀ ਬਹੁਤ ਦਿੰਦੀ ਐ, ਏਹਦਾ ਦੁੱਧ ਵੇਚ ਕੇ ਹੀ ਮੈਂ ਗੁਜ਼ਾਰਾ ਕਰਦੀ ਆਂ।"

"ਮਾਈ ਇੱਕ ਗੱਲ ਪੁੱਛਾਂ?"

"ਪੁੱਛ, ਬੱਚਾ।"

"ਤੇਰੇ ਘਰ ਦਾ ਦਰਵਾਜ਼ਾ ਤਾਂ ਬਹੁਤ ਛੋਟਾ ਐ, ਜੇ ਮੱਝ ਮਰ ਗਈ ਤਾਂ ਬਾਹਰ ਕਿਵੇਂ ਕੱਢੇਂਗੀ?"

"ਠਹਿਰ, ਤੇਰੇ ਰੱਖੇ ਜਾਣ, ਰੁੜ ਜਾਣਿਆਂ, ਕਾਲ਼ੀ ਜੁਬਾਨ ਆਲ਼ਾ, ਚੱਕ ਆਪਣਾ ਆਟਾ, ਦਫ਼ਾ ਹੋ ਮੇਰੇ ਘਰੋਂ, ਮੈਂ ਤੈਨੂੰ ਪਲ ਵੀ ਨਹੀਂ ਰੱਖਦੀ।" ਮਾਈ ਨੇ ਅੱਧ ਗੁੰਨਿਆ ਆਟਾ ਉਹਦੇ ਝੱਗੇ ਦੇ ਪੱਲੇ ਵਿੱਚ ਸੁੱਟ ਦਿਤਾ। ਉਸ ਦੇ ਪੱਲੇ ਚੋਂ ਪਾਣੀ ਚੋਅ ਰਿਹਾ ਸੀ। ਉਹ ਪੱਲੇ ਨੂੰ ਸਾਂਭੀ ਗਲ਼ੀ ਵਿਚ ਤੁਰਿਆ ਜਾ ਰਿਹਾ ਸੀ। ਕਿਸੇ ਪੁੱਛਿਆ, " ਆਹ ਕੀ ਚੋਅ ਰਿਹਾ ਬਈ?"

"ਮੇਰੀ ਜ਼ੁਬਾਨ ਦਾ ਰਸ।"

ਮਾਂ ਨੇ ਸਮਝਾਇਆ, ' ਹਮੇਸ਼ਾ ਸੋਚ ਸਮਝ ਕੇ ਬੋਲੋ। ਮਿੱਠਾ ਬੋਲੋ, ਅਸ਼ੁਭ ਬੋਲ ਕੇ ਕਿਸੇ ਦਾ ਦਿੱਲ ਨਾ ਦੁਖਾਓ।'

ਮਾਂ ਨੇ ਪੂਰਨ ਭਗਤ ਦੀ ਕਹਾਣੀ ਸੁਣਾਉਂਦਿਆਂ ਦੱਸਿਆ ਕਿ ਰਾਜਾ ਸਲਵਾਨ ਨੇ ਪੂਰਨ ਭਗਤ ਦੇ ਹੱਥ ਪੈਰ ਵੱਢਵਾ ਕੇ ਅੰਨ੍ਹੇ ਖੂਹ ਵਿੱਚ ਸੁੱਟਵਾ ਦਿਤਾ ਸੀ। ਇਹ ਉਹਦੇ ਪਿੱਛਲੇ ਕਰਮਾਂ ਦਾ ਫ਼ਲ ਸੀ। ਪਿੱਛਲੇ ਜਨਮ ਵਿੱਚ ਪੂਰਨ ਭਗਤ ਜੰਗਲ ਵਿੱਚ ਬੰਦਗੀ ਕਰ ਰਿਹਾ ਸੀ। ਇਕ ਕਸਾਈ ਗਾਂ ਲੈ ਕੇ ਉਥੋਂ ਲੰਘਿਆ। ਕਸਾਈ ਨੇ ਗਾਂ ਨੂੰ ਵੱਢਣਾ ਸੀ। ਗਾਂ ਕਸਾਈ ਤੋਂ ਕਿਸੇ ਤਰ੍ਹਾਂ ਛੁੱਟ ਗਈ ਤੇ ਵਾਪਸ ਪੂਰਨ ਦੇ ਅੱਗਿਓ ਉਧਰ ਨੂੰ ਗਈ, ਜਿਧਰੋਂ ਆਈ ਸੀ। ਕਸਾਈ ਗਾਂ ਨੂੰ ਭਾਲਦਾ ਦੌੜਦਾ ਹੋਇਆ ਉਧਰ ਆਇਆ। ਉਸ ਨੇ ਪੂਰਨ ਭਗਤ ਨੂੰ ਗਾਂ ਬਾਰੇ ਪੁੱਛਿਆ, ਪੂਰਨ ਭਗਤ ਮੂੰਹੋਂ ਕੁਝ ਨਾ ਬੋਲਿਆ ਪਰ ਉਸ ਆਪਣਾ ਹੱਥ ਉਧਰ ਕਰ ਦਿਤਾ ਜਿਸ ਪਾਸੇ ਗਾਂ ਗਈ ਸੀ। ਇਸ ਤਰ੍ਹਾਂ ਕਸਾਈ ਨੇ ਗਾਂ ਨੂੰ ਲੱਭ ਲਿਆ ਤੇ ਵੱਢ ਸੁੱਟੀ। ਕਹਿੰਦੇ ਗਾਂ ਦਾ ਉਸ ਨੂੰ ਸਰਾਪ ਲੱਗ ਗਿਆ। ਤਾਂ ਹੀ ਉਸ ਦੇ ਹੱਥ ਪੈਰ ਵੱਢੇ ਗਏ ਸਨ। ਮਾਂ ਨੇ ਸਾਨੂੰ ਸਮਝਾਇਆ, "ਝੂਠ ਨਹੀਂ ਬੋਲਣਾ ਚਾਹੀਦਾ, ਪਰ ਜੇ ਝੂਠ ਬੋਲਿਆਂ ਕਿਸੇ ਦੀ ਜਾਨ ਬਚਦੀ ਹੈ ਤਾਂ ਉਹ ਸੌ ਸੱਚ ਨਾਲੋਂ ਵੀ ਬੇਹਤਰ ਹੁੰਦਾ ਹੈ। ਜੇ ਪੂਰਨ ਭਗਤ ਝੂਠ ਬੋਲ ਦਿੰਦਾ ਤਾਂ ਗਾਂ ਦੀ ਜਾਨ ਬੱਚ ਸਕਦੀ ਸੀ।"

ਮੇਰੀ ਮਾਂ ਨੇ ਸਮਝਾਇਆ, 'ਝੂਠ ਲੱਖ ਦਾ ਵੀ ਹੁੰਦਾ ਹੈ ਤੇ ਕੱਖ ਦਾ ਵੀ। ਝੂਠ ਤਾਂ ਝੂਠ ਹੀ ਹੁੰਦਾ ਹੈ ਭਾਂਵੇਂ ਉਹ ਰੀਣ ਮਾਤਰ ਹੀ ਹੋਵੇ। ਇਕ ਕਹਾਣੀ ਹੈ, ਕੋਈ ਔਰਤ ਕਦੀ ਝੂਠ ਨਹੀਂ ਸੀ ਬੋਲਿਆ ਕਰਦੀ। ਦੇਵਤਿਆਂ ਨੇ ਉਸ ਔਰਤ ਨਾਲ ਈਰਖਾ ਕੀਤੀ ਕਿ ਇਹ ਔਰਤ ਤਾਂ ਧਰਮਰਾਜ ਦੀਆਂ ਨਜ਼ਰਾਂ ਵਿੱਚ ਬਹੁਤ ਉੱਚੀ ਪਦਵੀ ਪ੍ਰਾਪਤ ਕਰ ਲਵੇਗੀ। ਇਸ ਕਰਕੇ ਉਹਨਾਂ ਇੱਕ ਸਕੀਮ ਬਣਾਈ, ਕਿਸੇ ਫਰਸ਼ਿਤੇ ਨੂੰ

ਔਰਤ ਦਾ ਰੂਪ ਦੇ ਕੇ ਉਸ ਦੀ ਗੋਦੀ ਵਿੱਚ ਇੱਕ ਬੱਚਾ ਦੇ ਕੇ ਉਸ ਔਰਤ ਕੋਲ ਭੇਜਿਆ। ਫਰਿਸ਼ਤਾ ਰੂਪੀ ਔਰਤ ਨੇ ਆਪਣਾ ਬੱਚਾ ਉਸ ਔਰਤ ਨੂੰ ਫੜਾਇਆ ਤੇ ਆਖਣ ਲੱਗਾ, 'ਭੈਣ, ਮੇਰੇ ਬੱਚੇ ਨੂੰ ਕੁਝ ਚਿਰ ਲਈ ਸਾਂਭੀ। ਮੈਂ ਹੁਣੇ ਆਉਂਦੀ ਆਂ।' ਉਹ ਔਰਤ ਗਾਇਬ ਹੋ ਗਈ। ਫਰਸ਼ਿਤਾ ਰੂਪੀ ਔਰਤ ਕਾਫੀ ਦੇਰ ਤੱਕ ਬੱਚੇ ਕੋਲ ਨਾ ਪਰਤੀ। ਮਾਂ ਬਿਨ੍ਹਾਂ ਬੱਚਾ ਰੋਣ ਲੱਗਾ। ਔਰਤ ਬੱਚੇ ਨੂੰ ਪੁਚਕਾਰ ਕੇ ਚੁੱਪ ਕਰਾਉਂਦੀ ਰਹੀ, ਪਰ ਬੱਚਾ ਹੋਰ ਜ਼ਿਆਦਾ ਰੋਣ ਲੱਗਾ। ਬੱਚੇ ਨੂੰ ਚੁੱਪ ਕਰਾਉਂਦਿਆਂ ਔਰਤ ਥੱਕ ਗਈ। ਉਸ ਨੇ ਉਧਰ ਇਸ਼ਾਰਾ ਕੀਤਾ ਜਿਧਰ ਉਸ ਬੱਚੇ ਦੀ ਮਾਂ ਗਈ ਸੀ। ਬੱਚੇ ਨੂੰ ਉਸ ਝੂਠ ਕਿਹਾ, 'ਔਹ ਤੇਰੀ ਮਾਂ ਆ ਰਹੀ ਐ।' ਪਰ ਬੱਚੇ ਦੀ ਮਾਂ ਤਾਂ ਕਿਧਰੇ ਵੀ ਨਹੀਂ ਸੀ। ਮਿੱਥ ਐ ਕਿ ਜਦੋਂ ਉਹ ਔਰਤ ਧਰਮਰਾਜ ਕੋਲ ਗਈ ਤਾਂ ਉਸ ਨੂੰ ਇਸ ਝੂਠ ਲਈ ਸਜ਼ਾ ਭੁਗਤਣੀ ਪਈ ਸੀ।

ਇਹਨਾਂ ਲੋਕ ਕਹਾਣੀਆਂ ਵਿੱਚ ਆਦਰਸ਼ ਜੀਵਨ ਜਾਚ ਦੀ ਕੰਨਸੋਅ ਹੈ। ਚੰਗੇ ਗੁਣ ਗ੍ਰਹਿਣ ਕਰਨ ਲਈ ਪ੍ਰੇਰਨਾ ਹੈ। ਮੇਰੀ ਮਾਂ ਮਨੁੱਖਤਾ ਦੀ ਦਰਦਮੰਦ ਸੀ। ਉਹਦਾ ਹਿਰਦਾ ਬੜਾ ਵਿਸ਼ਾਲ ਸੀ। ਉਹ ਲੋੜਵੰਦਾਂ ਦੀਆਂ ਗਰਜ਼ਾਂ ਪੂਰੀਆਂ ਕਰਕੇ ਤਸੱਲੀ ਮਹਿਸੂਸ ਕਰਦੀ ਸੀ। ਜਦੋਂ ਵੀ ਕੋਈ ਲੋੜਵੰਦ ਉਹਦੇ ਕੋਲ ਆਉਂਦਾ ਤਾਂ ਮੇਰੀ ਮਾਂ ਉਸ ਦੀਆਂ ਗੱਲਾਂ ਸਮਝ ਕੇ ਉਹਨੂੰ ਬਿਨ੍ਹਾਂ ਮੰਗਿਆ ਹੀ ਕੁਝ ਨਾ ਕੁਝ ਦੇ ਦਿੰਦੀ। ਮੇਰੀ ਮਾਂ ਬਹੁਤ ਦਿਆਲੂ ਸੀ, ਉਹ ਸਰਦੀਆਂ ਵਿੱਚ ਨੰਗੇ ਪੈਰੀਂ ਜਾਂਦੇ ਬੱਚਿਆਂ ਦੇ ਬੂਟ ਪੁਆ ਦਿੰਦੀ। ਉਸ ਨੂੰ ਵੇਖ ਕੇ ਮੈਂ ਵੀ ਦਿਆਲਤਾ ਵਿੱਚ ਰੰਗਿਆ ਗਿਆ ਸਾਂ। ਜਦੋਂ ਮੇਰੀ ਜੇਬ ਵਿੱਚ ਕੁਝ ਹੁੰਦਾ ਹੈ ਤਾਂ ਮੈਂ ਲੋੜਵੰਦ ਤੇ ਦੁੱਖੀ ਵਿਅਕਤੀ ਦੀ ਮਦਦ ਕਰਨ ਲਈ ਤਤਪਰ ਰਹਿੰਦਾ ਹਾਂ।

ਮੇਰੀ ਮਾਂ ਜ਼ਾਤ-ਪਾਤ ਦੀ ਵੱਲਗਣਾ ਤੋਂ ਉੱਪਰ ਸੀ। ਉਸ ਨੇ ਆਦਿ-ਧਰਮੀ ਵਿਆਹ ਤੋਂ ਖੁੰਝੇ ਕਈ ਮੁੰਡਿਆਂ ਦੇ ਰਿਸ਼ਤੇ ਕਰਵਾਏ। ਲੜਕੀਆਂ ਲਈ ਚੰਗੇ ਘਰ ਲੱਭੇ ਤੇ ਆਪਣੇ ਪੱਲਿਓ ਉਹਨਾਂ ਦੇ ਵਿਆਹਾਂ 'ਤੇ ਖਰਚ ਕੀਤਾ। ਵੱਤਰੋਂ ਖੁੰਝਿਆਂ ਦੇ ਘਰ ਵਸਾਏ। ਅਸੀਂ ਅਕਸਰ ਕਿਹਾ ਕਰਦੇ ਸਾਂ , ਕਿ ਪਾਣੀ ਤਾਂ ਨਿਵਾਣਾਂ ਨੂੰ ਜਾਂਦਾ ਹੁੰਦਾ, ਪਰ ਸਾਡੀ ਮਾਂ ਨੇ ਪਾਣੀ ਉਚਾਈ ਵੱਲ ਤੋਰਿਆ।

ਜਦੋਂ ਉਹ ਵਿਦੇਸ਼ੋਂ ਪਰਤਦੀ ਤਾਂ ਬਹੁਤਿਆਂ ਦੀਆਂ ਗਰਜ਼ਾਂ ਪੂਰੀਆਂ ਕਰਦੀ ਅੱਗਾ-ਪਿੱਛਾ ਨਾ ਵੇਖਦੀ। ਉਹਦੇ ਦੁਆਲੇ ਲੋੜਵੰਦਾਂ ਦਾ ਮੇਲਾ ਲੱਗਿਆ ਰਹਿੰਦਾ। ਜਿਸ ਦੀ ਮੇਰੀ ਮਾਂ ਨੇ ਮਦਦ ਕਰਨੀ ਹੁੰਦੀ, ਕਿਸੇ ਵਿਰੋਧ ਦੇ ਬਾਵਜੂਦ ਉਹ ਮਦਦ ਕਰਦੀ। ਕਿਸੇ ਦਾ ਦੁੱਖ ਸੁਣ ਉਹ ਖੂਹ ਜਿਡਾ ਪੀੜਤ ਹਾਉਕਾ ਲੈਂਦੀ, ਤੇ ਲੋੜਵੰਦ ਨੂੰ ਬੋਝੇ ਵਿਚਲਾ ਆਖਰੀ ਸਿੱਕਾ ਵੀ ਦੇਣ ਲੱਗੀ ਦੇਰ ਨਾ ਲਾਉਂਦੀ। ਜੇ ਮੈਂ ਉਹਨੂੰ ਪਰਸ ਵਿਚੋਂ ਪੈਸੇ ਮੁਕਣ ਬਾਰੇ ਦੱਸਦਾ ਤਾਂ ਆਖਦੀ 'ਮਾਲਕ ਦੇ ਈ ਆ ਸਾਰੇ। ਹੋਰ ਦੇ ਦਊ। ਚਿੰਤਾ ਕਿਉਂ ਕਰਦਾ?'

ਮਾਂ ਦੀਆਂ ਇਹ ਆਦਤਾਂ ਮੇਰੇ ਰੋਮ-ਰੋਮ ਵਿੱਚ ਵੱਸੀਆਂ ਹੋਈਆਂ ਹਨ। ਉਹਦੇ ਸਾਰੇ ਗੁਣ ਮੈਨੂੰ ਸੇਧ ਦੇ ਰਹੇ ਹਨ। ਇਮਾਨਦਾਰੀ, ਸਚਾਈ ਅਤੇ ਮਨੁੱਖਤਾ ਦੀ ਭਲਾਈ ਮੇਰਾ ਮਨੋਰਥ ਬਣ ਚੁੱਕਿਆ ਹੈ। ਮੈਂ ਸੋਚ ਰਿਹਾਂ, ਜਿਹਨਾਂ ਨੂੰ ਪੁਰਖਿਆਂ ਦਾ ਸਾਥ ਨਹੀਂ ਮਿਲਦਾ , ਉਹ ਕਿੰਨੇ ਅਧੂਰੇ ਰਹਿ ਜਾਂਦੇ ਹਨ। ਕਿਸੇ ਵੀ ਮਨੁੱਖ ਨੂੰ ਇਨਸਾਨ ਬਣਾਉਣ ਵਿੱਚ ਪੁਰਖਿਆਂ ਦਾ ਹੱਥ ਹੁੰਦਾ ਹੈ। ਕਿਸੇ ਵੀ ਮਨੁੱਖ ਲਈ ਪੁਰਖਿਆਂ ਦੀ ਜੀਵਨ-ਜਾਚ, ਨੈਤਿਕ ਕਦਰਾਂ-ਕੀਮਤਾਂ ਦੀ ਸਮਝ, ਸਲੀਕਾ, ਵਿਵਹਾਰ ਤੇ ਆਪਣੇ ਤੋਂ ਪਿੱਛੇ ਰਹਿ ਗਿਆਂ ਨੂੰ ਨਾਲ ਰਲਾਉਣ ਦੀ ਸੋਚ ਬਹੁਤ ਮਹੱਤਵਪੂਰਨ ਹੁੰਦੀ ਹੈ । ਪੁਰਖਿਆਂ ਦਾ ਲੰਬਾ ਅਣਥੱਕ ਘਾਲਣਾ ਦਾ ਤਜ਼ੁਰਬਾ ਰੋਲ ਮਾਡਲ ਹੁੰਦਾ ਹੈ। ਸਾਰਿਆਂ ਦੇ ਪੁਰਖੇ ਰੋਲ ਮਾਡਲ ਹੀ ਹੁੰਦੇ ਹਨ ਪਰ ਉਹਨਾਂ ਦੇ ਗੁਣਾਂ ਨੂੰ ਵਾਚਣ ਅਤੇ ਉਹ ਗੁਣ ਆਪਣੇ ਵਿੱਚ ਸਮੋਣ ਦੀ ਸਮਰਥਾ ਕਿਸੇ ਕਿਸੇ ਵਿੱਚ ਹੀ ਹੁੰਦੀ ਹੈ।

ਸੰਪਰਕ: 88728-54500

# ਮੈਂ ਅਤੇ ਮੇਰੇ ਪੁਰਖੇ /- ਭੋਲਾ ਸਿੰਘ ਸੰਘੇੜਾ

ਪੁਰਖਿਆਂ ਬਾਰੇ ਗੱਲ ਕਰਦਿਆਂ ਮੈਂ ਬਹੁਤਾ ਤਾਂ ਪਿਛਾਂਹ ਨਹੀਂ ਪਰਤਾਂਗਾ ਕਿਉਂਕਿ ਨਾ ਤਾਂ ਮੈਨੂੰ ਦਾਦੇ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਤੇ ਨਾ ਹੀ ਦਾਦੀ ਦੇ। ਮੈਂ ਆਪਣੀ ਗੱਲ ਮਾਂ, ਪਿਓ ਜਾਂ ਵੱਡੇ ਭਰਾਵਾਂ ਤੱਕ ਹੀ ਸੀਮਤ ਰੱਖਾਂਗਾ। ਮੇਰੇ ਪੜਦਾਦੇ ਦਾ ਨਾਂ ਆਲਾ ਸਿੰਘ ਸੀ। ਬਾਬਾ ਆਲਾ ਸਿੰਘ ਦਾ ਨਾਂ ਤਾਂ ਪਹਿਲਾਂ ਹੀ ਲੋਕਾਂ ਦੀ ਜ਼ੁਬਾਨ ਤੇ ਸੀ। ਉਹ ਇਕ ਇਤਿਹਾਸਕ ਸ਼ਖ਼ਸੀਅਤ ਹੋਏ ਹਨ। ਸ਼ਹਿਰ ਬਰਨਾਲਾ ਉਨ੍ਹਾਂ ਦੇ ਨਾਂ ਤੇ ਹੀ ਵਸਿਆ ਹੋਇਆ ਹੈ। ਸਾਡੇ ਲਾਣੇ ਨੂੰ ਵੀ ਇਸੇ ਨਾਂ ਤੇ ਲੋਕਾਂ ਨੇ 'ਬਾਬੇ ਆਲੇ ਕੇ' ਦੀ ਅੱਲ ਪਾਈ ਹੋਈ ਸੀ।

ਸਾਡੇ ਪਰਿਵਾਰ ਦੇ ਸ਼ੁਰੂਆਤੀ ਹਾਲਾਤ ਹੀ ਚੰਗੇ ਨਹੀਂ ਸਨ। ਸਾਡਾ ਟੱਬਰ ਦੋ ਭਾਂਤ ਦਾ ਸੀ। ਗੱਲ ਇਉਂ ਹੋਈ ਕਿ ਮੇਰੇ ਬਾਪੂ ਹੋਰੀਂ ਦੋ ਭਰਾ ਸਨ; ਭਾਗ ਸਿੰਘ ਤੇ ਸ਼ੇਰ ਸਿੰਘ। ਇਨ੍ਹਾਂ ਦੇ ਦੋ-ਦੋ ਬੱਚੇ ਸਨ। ਭਾਗ ਸਿੰਘ ਦੇ ਬੇਟਾ ਸੁਰਜੀਤ ਸਿੰਘ ਤੇ ਬੇਟੀ ਚਿਤਿੰਨ ਕੌਰ। ਸ਼ੇਰ ਸਿੰਘ ਦੇ ਦੋ ਬੇਟੇ ਛੋਟਾ ਸਿੰਘ ਤੇ ਹਰਮੇਲ ਸਿੰਘ।

ਭਾਣਾ ਇਹ ਵਰਤਿਆ ਕਿ ਇਕ ਪਾਸੇ ਭਾਗ ਸਿੰਘ ਦੀ ਪਤਨੀ ਦੀ ਮੌਤ ਹੋ ਗਈ ਤੇ ਦੂਜੇ ਪਾਸੇ ਸ਼ੇਰ ਸਿੰਘ ਦੀ ਮੌਤ ਹੋ ਗਈ। ਸਮਾਜਿਕ ਵਰਤਾਰੇ ਅਨੁਸਾਰ ਸ਼ੇਰ ਸਿੰਘ ਦੀ ਪਤਨੀ ਤੇਜ਼ ਕੌਰ ਨੂੰ ਭਾਗ ਸਿੰਘ ਦੇ ਘਰ ਬਿਠਾ ਦਿੱਤਾ ਗਿਆ। ਇਸ ਤਰ੍ਹਾਂ ਭਾਗ ਸਿੰਘ ਤੇ ਤੇਜ ਕੌਰ ਪਤੀ-ਪਤਨੀ ਬਣ ਗਏ। ਅੱਗੋਂ ਇਨ੍ਹਾਂ ਦੇ ਤਿੰਨ ਲੜਕੇ ਤੇ ਦੋ ਲੜਕੀਆਂ ਹੋਈਆਂ। ਇਨ੍ਹਾਂ ਪੰਜਾਂ ਭੈਣ-ਭਰਾਵਾਂ 'ਚੋਂ ਮੈਂ ਸਭ ਤੋਂ ਛੋਟਾ ਸੀ। ਇਨ੍ਹਾਂ ਹੀ ਦਿਨਾਂ 'ਚ ਹਰਮੇਲ ਸਿੰਘ ਦਾ ਭਰਾ ਛੋਟਾ ਸਿੰਘ ਵੀ ਗੁਜ਼ਰ ਗਿਆ ਸੀ। ਸੋ ਹੁਣ ਹਰਮੇਲ ਸਿੰਘ ਮੇਰੀ ਮਾਂ ਦਾ ਤਾਂ ਬੇਟਾ ਸੀ ਪਰ ਬਾਪੂ ਦਾ ਨਹੀਂ, ਇਸੇ ਤਰ੍ਹਾਂ ਹੀ ਸੁਰਜੀਤ ਸਿੰਘ ਮੇਰੇ ਬਾਪੂ ਦਾ ਬੇਟਾ ਤਾਂ ਸੀ ਪਰ ਮਾਂ ਦਾ ਨਹੀਂ। ਆਪਣੇ ਬਾਪੂ ਭਾਗ ਸਿੰਘ ਦੀ ਜ਼ਮੀਨ ਜਾਇਦਾਦ ਦੇ ਸੁਰਜੀਤ ਸਿੰਘ ਸਮੇਤ ਅਸੀਂ ਚਾਰ ਪੁੱਤਰ ਵਾਰਿਸ ਬਣ ਗਏ ਸੀ। ਹਰਮੇਲ ਸਿੰਘ ਇਕੱਲਾ ਹੀ ਅੱਧੀ ਜ਼ਮੀਨ ਦਾ ਮਾਲਕ ਸੀ।

ਸਿਆਣੇ ਜਾਣਦੇ ਹਨ ਕਿ ਦੋ ਭਾਂਤ ਦੇ ਟੱਬਰ ਦੇ ਹਾਲਾਤ ਕਦੇ ਵੀ ਆਮ ਨਹੀਂ ਰਹਿੰਦੇ। ਉਨ੍ਹਾਂ ਦੀਆਂ ਤਾਂ ਨੀਹਾਂ ਵਿੱਚ ਹੀ ਅੱਗ ਬੀਜੀ ਹੁੰਦੀ ਹੈ। ਕਲੇਸ਼ ਦੀ ਇਹ ਚਿੰਗਿਆੜੀ ਨੂੰ ਮੈਂ ਸੁਰਤ ਸੰਭਾਲਣ ਤੋਂ ਲੈ ਕੇ ਹੁਣ ਤੱਕ (50 ਸਾਲ) ਭੜਕਦੀ ਹੋਈ ਦੇਖਦਾ ਰਿਹਾ ਹਾਂ। ਸ਼ੁਕਰ ਹੈ ਕਿ ਸਾਡਾ ਪਰਿਵਾਰ ਇਸਦੀ ਅੱਗ ਵਿਚ ਰਾਖ ਹੋਣ ਤੋਂ ਬਚ ਗਿਆ।

ਸੁਰਜੀਤ ਸਿੰਘ ਨੂੰ ਸਾਰੀ ਉਮਰ ਇਸ ਗੱਲ ਦਾ ਝੋਰਾ ਰਿਹਾ ਕਿ ਜੇ ਤੇਜ਼ ਕੌਰ ਭਾਗ ਸਿੰਘ ਦੀ ਪਤਨੀ ਨਾ ਬਣਦੀ ਤਾਂ ਉਸ ਇਕੱਲੇ ਨੇ ਹੀ ਸਾਰੀ ਜ਼ਮੀਨ (42 ਕਿੱਲੇ) ਦਾ ਮਾਲਕ ਹੋਣਾ ਸੀ। ਮੇਰੇ ਮਾਂ ਬਾਪੂ ਜਾਂ ਫਿਰ ਸਾਡੇ ਤਿੰਨਾਂ ਭਰਾਵਾਂ ਵੱਲ ਦੇਖਦਿਆਂ ਉਸਨੂੰ ਖਿਝ ਜਿਹੀ ਚੜ੍ਹ ਜਾਂਦੀ ਤੇ ਉਹ ਕੋਈ ਨਾ ਕੋਈ ਬਹਾਨਾ ਲੈ ਕੇ ਲੜਨ-ਝਗੜਨ ਲੱਗ ਜਾਂਦਾ।

ਇਹੀ ਹਾਲ ਮੇਰੇ ਮਾਂ ਤੇ ਬਾਪੂ ਦਾ ਸੀ ਮੈਂ ਤਾਂ ਉਨ੍ਹਾਂ ਨੂੰ ਲੜਦੇ ਝਗੜਦੇ ਹੀ ਦੇਖਿਆ ਸੀ। ਇਸ ਲੜਾਈ 'ਚ ਮਾਂ ਦਾ ਨਿਸ਼ਾਨਾ ਸੁਰਜੀਤ ਸਿੰਘ ਵੱਲ ਹੁੰਦਾ ਤੇ ਬਾਪੂ ਦਾ ਹਰਮੇਲ ਸਿੰਘ ਵੱਲ। ਜਿਵੇਂ ਇਹੀ ਉਨ੍ਹਾਂ ਦੀ ਔਲਾਦ ਹੋਵੇ।

ਮੇਰੇ ਬਾਪੂ ਦਾ ਤਾਂ ਤਪਸ਼ ਹੀ ਅਜਿਹਾ ਸੀ ਕਿ ਉਸਦੇ ਸਾਹਮਣੇ ਪਰਿਵਾਰ ਦਾ ਕੋਈ ਵੀ ਜੀਅ ਉੱਚਾ ਸਾਹ ਵੀ ਨਹੀਂ ਸੀ ਕੱਢ ਸਕਦਾ। ਸੱਚੀ ਗੱਲ ਤਾਂ ਇਹ ਹੈ ਕਿ ਮੇਰੇ ਬਾਪੂ ਨੂੰ ਪੜ੍ਹਾਈ ਦਾ ਮਹੱਤਵ ਦੱਸਣ ਵਾਲੇ ਹਾਲਾਤ ਤਾਂ ਆਪਣੇ-ਆਪ ਹੀ ਬਣ ਗਏ ਸਨ।

ਸੁਰਤ ਸੰਭਲਦਿਆਂ ਹੀ ਅਹਿਸਾਸ ਹੋਇਆ ਕਿ ਸਾਡਾ ਘਰ ਪਰਿਵਾਰ ਅਤੇ ਰਹਿਣ ਸਹਿਣ ਮੇਰੇ ਹਾਣੀ ਮੁੰਡਿਆ ਵਰਗਾ ਨਹੀਂ।

ਪੁਰਾਣਾ ਘਰ। ਕੱਚੀਆਂ ਕੰਧਾਂ। ਕੜੀ-ਸਰਕੜੇ ਦੀ ਛੱਤ। ਮੋਟੀਆਂ-ਮੋਟੀਆਂ ਵਿੰਗ-ਤੜਿੰਗੀਆਂ ਲਟੈਣਾਂ। ਧੁਆਂਖੀ ਹੋਈ ਛੱਤ। ਕੰਧਾਂ 'ਚ ਤਰੇੜਾਂ ਹੀ ਤਰੇੜਾਂ।

ਸਾਡੇ ਘਰ ਦੇ ਸਾਹਮਣੇ ਹੀ ਸੱਥ ਸੀ। ਘਰ ਅੱਗੇ ਨਾ ਕੋਈ ਵਾਗਲਾ ਸੀ ਨਾ ਗੇਟ। ਇਸ ਸੱਥ ਵਿਚ ਗੱਡੇ ਆਉਂਦੇ। ਰੇਹੜੀਆਂ ਆਉਂਦੀਆਂ। ਕਦੇ-ਕਦੇ ਟਰੱਕ ਤੇ ਟਰਾਲੀਆਂ ਵੀ ਆਉਂਦੀਆਂ। ਇਨ੍ਹਾਂ 'ਚ ਹਰਾ, ਚਾਰਾ, ਤੂੜੀ, ਛਟੀਆਂ ਜਾਂ ਮਿੱਟੀ ਵਗੈਰਾ ਹੁੰਦੀ। ਸਾਡੇ ਘਰ ਦਾ ਕੋਈ ਵੀ ਪਰਦਾ ਨਹੀਂ ਸੀ ਤੇ ਨਾਂ ਹੀ ਸਾਡੀ ਥਾਂ ਦੀ ਹੱਦ ਦਾ ਕੋਈ ਪਤਾ ਸੀ। ਕਈ ਵਾਰ ਦੋ-ਦੋ ਗੱਡੇ ਜਾਂ ਟਰਾਲੀਆਂ ਵੀ ਇਕੱਠੀਆਂ ਹੋ ਜਾਂਦੀਆਂ। ਇਨ੍ਹਾਂ ਵਿਚੋਂ ਇਕ ਅੱਧੀ ਸਾਡੇ ਚੁੱਲ੍ਹੇ-ਚੌਂਤਰੇ ਦੇ ਨੇੜੇ ਖੜ੍ਹੀ ਕਰ ਦਿੱਤੀ ਜਾਂਦੀ। ਇਨ੍ਹਾਂ 'ਚੋਂ ਤੂੜੀ, ਮਿੱਟੀ-ਘੱਟਾ ਉੱਡ ਆਉਣਾ ਆਮ ਗੱਲ ਸੀ। ਸੱਥ ਵਿਚ ਓਪਰੇ ਬੰਦਿਆਂ ਨੂੰ ਦੇਖਕੇ ਔਰਤਾਂ ਘੁਟਣ ਜਿਹੀ ਮਹਿਸੂਸ ਕਰਦੀਆਂ। ਜਦ ਕਦੇ ਕੋਈ ਰਿਸ਼ਤੇਦਾਰ ਆ ਕੇ ਮੰਜੇ ਤੇ ਬੈਠਦਾ, ਉਹ ਵੀ ਸੱਥ ਵੱਲ ਪਿੱਠ ਕਰ ਲੈਂਦਾ।

ਪਰ ਮੇਰੇ ਹਾਣੀਆਂ ਦੀ ਹਾਲਤ ਮੇਰੇ ਨਾਲੋਂ ਹਰ ਪੱਖੋਂ ਬਿਹਤਰ ਸੀ। ਉਨ੍ਹਾਂ ਦੇ ਪੱਕੇ ਘਰ ਸਨ। ਕਿਸੇ ਦੇ ਵਧੀਆ ਬੈਠਕ ਸੀ ਤੇ ਕਿਸੇ ਦੇ ਸ਼ਾਨਦਾਰ ਚੁਬਾਰਾ। ਜਿਮੀਂਦਾਰਾਂ ਵਿਚੋਂ ਸਾਡੇ ਵਰਗੀ ਹਾਲਤ ਕਿਸੇ ਗਏ-ਗੁਜ਼ਰੇ ਘਰ ਦੇ ਵੀ ਨਹੀਂ ਸੀ। ਤੁਸੀਂ ਸੋਚਦੇ ਹੋਵੋਗੇ ਕਿ ਗਰੀਬ ਘਰਾਂ ਦੀ ਹਾਲਾਤ ਹੋਰ ਕਿਹੋ ਜਿਹੀ ਹੁੰਦੀ ਹੈ? ਨਹੀਂ ਦੋਸਤੋ ! ਗੱਲ ਇਹ ਨਹੀਂ। ਮੇਰਾ ਬਾਪੂ ਤਾਂ 42 ਕਿੱਲਿਆਂ ਦਾ ਮਾਲਕ ਸੀ। ਅੱਜ ਵੀ ਸਾਡੇ ਚਾਰ ਭਰਾਵਾਂ ਕੋਲ 60 ਕਿੱਲਿਆਂ ਦੇ ਕਰੀਬ ਵਧੀਆ ਜ਼ਮੀਨ ਹੈ।

ਸਾਡੀ ਜ਼ਮੀਨ ਦੇ ਦੋ ਟੱਕ ਹਨ ਅੱਠ ਏਕੜ ਦਾ ਨਿਆਈ ਵਾਲਾ ਟੱਕ ਤਾਂ ਪਿੰਡ ਦੇ ਨਾਲ ਹੀ ਹੈ। ਦੂਜਾ ਟੱਕ ਪਿੰਡ ਤੋਂ ਛੇ ਕਿੱਲੋਮੀਟਰ ਦੀ ਦੂਰੀ ਤੇ ਹੈ। ਮਾਂ ਦੱਸਦੀ ਹੁੰਦੀ ਸੀ ਕਿ ਮੁਰੱਬੇਬੰਦੀ ਹੋਣ ਵੇਲੇ ਤੇਰਾ ਬਾਪੂ ਕਿਸੇ ਅਧਿਕਾਰੀ ਨਾਲ ਠੰਡਾ-ਤੱਤਾ ਹੋ ਗਿਆ ਸੀ। ਇਸੇ ਜਿਦ 'ਚ ਉਸਨੇ ਸਾਡਾ ਦੂਜਾ ਟੱਕ ਪਿੰਡ ਜ਼ਿਮੀਂਦਾਰਾਂ ਨਾਲੋਂ ਸਭ ਤੋਂ ਦੂਰ ਕੱਟ ਦਿੱਤਾ ਸੀ। ਇਸ ਟੱਕ ਦੀ ਹੱਦ ਪਿੰਡ ਸੇਖਾ ਦੀ ਜ਼ਮੀਨ ਨਾਲ ਲੱਗਦੀ ਹੈ। ਨਾਵਲਕਾਰ ਪਰਗਟ ਸਿੰਘ ਸਿੱਧੂ ਦਾ ਇਹ ਪਿੰਡ ਇੱਥੋਂ ਸਿਰਫ ਤਿੰਨ ਕਿਲੋਮੀਟਰ ਪੈਂਦਾ ਹੈ ਉਨ੍ਹਾਂ ਦਿਨਾਂ 'ਚ ਫਸਲਾਂ ਖੂਹ ਜਾਂ ਮੀਂਹ ਦੇ ਪਾਣੀ ਤੇ ਮਨੱਸਰ ਹੁੰਦੀਆਂ ਸਨ। ਨਾ ਹੀ ਅੱਜ ਵਰਗੀਆਂ ਫ਼ਸਲਾਂ ਸਨ ਤੇ ਨਾ ਹੀ ਅੱਜ ਵਰਗਾ ਝਾੜ। ਭਾਵੇਂ ਸਾਡੀ ਸਾਰੀ ਜ਼ਮੀਨ ਉਪਜਾਊ ਤਾਂ ਨਹੀਂ ਸੀ ਪਰ ਐਨੀ ਮਾੜੀ ਵੀ ਨਹੀਂ ਸੀ ਕਿ ਗੁਜ਼ਾਰੇ ਜੋਗੀ ਫ਼ਸਲ ਹੀ ਨਾ ਹੋਵੇ।

ਪਿੰਡ 'ਚ ਮੇਰੇ ਬਾਪੂ ਨੂੰ ਕੰਜੂਸ ਵੀ ਕਿਹਾ ਜਾਂਦਾ ਸੀ। ਜਿਹੜੀ ਕਮਾਈ ਹੁੰਦੀ ਉਸਦਾ ਬਹੁਤਾ ਹਿੱਸਾ ਉਹ ਵਿਆਜ ਤੇ ਦੇ ਦਿੰਦਾ ਸੀ। ਉਸਨੂੰ ਵਿਆਜ ਦਾ ਬਹੁਤ ਲਾਲਚ ਸੀ। ਇਸੇ ਲਾਲਚ ਵੱਸ ਉਸਦਾ ਧੇਲਾ ਖਰਚਣ ਨੂੰ ਮਨ ਨਹੀਂ ਸੀ ਕਰਦਾ ਹੁੰਦਾ। ਉਹ ਦੂਰ ਵਾਲੇ ਟੱਕ 'ਚ ਸਰਕੜੇ ਦੀ ਇਕ ਝੌਂਪੜੀ ਜਿਹੀ ਬਣਾਕੇ ਰਹਿੰਦਾ ਹੁੰਦਾ ਸੀ। ਮਹੀਨੇ ਦੋ ਮਹੀਨਿਆਂ ਬਾਅਦ ਘਰ ਗੇੜਾ ਮਾਰਦਾ ਤੇ ਲੋਕਾਂ ਨਾਲ ਵਿਆਜ ਦਾ ਹਿਸਾਬ-ਕਿਤਾਬ ਕਰ ਜਾਂਦਾ। ਮੁੱਕਦੀ ਗੱਲ ਤਾਂ ਇਹ ਹੈ ਕਿ ਮੇਰਾ ਬਾਪੂ ਚੰਗੀ ਜ਼ਮੀਨ ਜਾਇਦਾਦ ਦਾ ਮਾਲਕ ਤਾਂ ਸੀ ਪਰ ਜ਼ਮਾਨੇ ਦੀ ਉਸਨੂੰ ਕੋਈ ਸੋਝੀ ਨਹੀਂ ਸੀ। ਜੇ ਮੈਂ ਇਹ ਕਹਾਂ ਕਿ ਸਾਡਾ ਪਰਿਵਾਰ ਸਾਰੇ ਪਿੰਡ ਵਿੱਚੋਂ ਸਭ ਤੋਂ ਵੱਧ ਪਛੜਿਆ ਹੋਇਆ ਸੀ ਤਾਂ ਇਹ ਕੋਈ ਗ਼ਲਤ ਨਹੀਂ ਹੋਵੇਗਾ। ਮੇਰਾ ਬਾਪੂ ਪਰਿਵਾਰ ਦੀ ਸੁੱਖ ਸਹੂਲਤ ਲਈ ਇਕ ਧੇਲਾ ਵੀ ਖਰਚਣ ਲਈ ਤਿਆਰ ਨਹੀਂ ਸੀ। ਉਨ੍ਹਾਂ ਦਿਨਾਂ 'ਚ ਸਾਡੇ ਘਰ ਮੈਂ ਨਕਦ ਪੈਸਾ ਕਦੇ ਵੀ ਨਹੀਂ ਸੀ ਦੇਖਿਆ। ਹਾੜ੍ਹੀ-ਸਾਉਣੀ ਦੀ ਫ਼ਸਲ ਘਰ ਜ਼ਰੂਰ ਆਉਂਦੀ। ਮੇਰੀ

ਮਾਂ ਇਸੇ ਫ਼ਸਲ ਨੂੰ ਹੱਟੀ-ਭੱਠੀ ਵੇਚ ਕੇ ਡੰਗ ਟਪਾਉਂਦੀ। ਭੈਣ ਬਲਵਿੰਦਰ ਕੌਰ ਜਦੋਂ ਵੀ ਆਪਣੇ ਸਹੁਰਿਆਂ ਤੋਂ ਮਿਲਣ ਆਉਂਦੀ ਤਾਂ ਉਸਨੇ ਆਖਣਾ-ਇਨ੍ਹਾਂ ਨੂੰ ਲੋਕਾਂ ਵਾਂਗ ਕਿਉਂ ਨਹੀਂ ਰਹਿਣਾ ਆਉਂਦਾ। ਸਭ ਕੁੱਝ ਹੁੰਦੇ ਸੁੰਦੇ ਵੀ ਔਖਾਂ ਕੱਟਦੇ ਆ।

ਮੇਰਾ ਬਾਪੂ ਬਹੁਤਾ ਸਮਾਂ ਖੇਤ ਹੀ ਰਹਿੰਦਾ। ਜਦ ਕਦੇ ਉਹ ਘਰ ਆ ਜਾਂਦਾ ਤਾਂ ਸਾਨੂੰ ਬੜੀ ਔਖ ਹੋ ਜਾਂਦੀ। ਉਹ ਹੱਟੀ ਤੇ ਦਾਣੇ ਲਿਜਾਣ ਦੇ ਸਖਤ ਵਿਰੁੱਧ ਸੀ। ਹੁਣ ਵੀ ਮੈਂ ਕਦੇ-ਕਦੇ ਸੋਚਕੇ ਪ੍ਰੇਸ਼ਾਨ ਹੋ ਜਾਂਦਾ ਹਾਂ ਕਿ ਪੈਸਾ ਧੇਲਾ ਉਹ ਘਰ ਦਿੰਦਾ ਨਹੀਂ ਸੀ, ਦਾਣੇ ਹੱਟੀ ਤੇ ਵੇਚਣ ਦੇ ਵਿਰੁੱਧ ਸੀ ਫਿਰ ਉਸਦੇ ਮਨ 'ਚ ਇਹ ਗੱਲ ਕਦੇ ਕਿਉਂ ਨਾ ਆਈ ਕਿ ਉਸਦਾ ਪਰਿਵਾਰ ਆਖ਼ਰ ਕਿਵੇਂ ਗੁਜ਼ਾਰਾ ਕਰਦਾ ਹੋਵੇਗਾ?

ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਹਰਮੇਲ ਸਿੰਘ ਦਾ ਇਕ ਭਾਈ ਛੋਟਾ ਸਿੰਘ ਵਿਦਿਆਰਥੀ ਜੀਵਨ ਵਿਚ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ। ਮਾਂ ਉਸਨੂੰ ਆਪਣੇ ਚੇਤਿਆਂ ਵਿਚੋਂ ਨਹੀਂ ਸੀ ਵਿਸਾਰ ਸਕੀ। ਸਾਡੇ ਪਰਿਵਾਰ ਵਿਚੋਂ ਵਿੱਦਿਆ ਨਾਲ ਸਾਂਝ ਪਾਉਂਣ ਵਾਲਾ ਉਹ ਪਹਿਲਾ ਸ਼ਖ਼ਸ ਸੀ।

ਮਾਂ ਜਦੋਂ ਵੀ ਸੰਦੂਕ ਖੋਲ੍ਹਦੀ ਮੈਂ ਉਸਦੇ ਕੋਲ ਜਾ ਖੜ੍ਹਦਾ। ਫਿਰ ਉਹ ਸੰਦੂਕ ਵਿੱਚੋਂ ਇਕ ਖੱਦਰ ਦਾ ਬਣਿਆ ਹੋਇਆ ਵੱਡਾ ਸਾਰਾ ਝੋਲਾ ਕੱਢਦੀ। ਇਹ ਝੋਲਾ ਕਿਤਾਬਾਂ ਤੇ ਕਾਪੀਆਂ ਨਾਲ ਭਰਿਆ ਹੁੰਦਾ। ਉਹ ਉਸ ਵਿੱਚੋਂ ਇਕ ਕਾਪੀ ਕੱਢਦੀ ਤੇ ਉਸਦੇ ਸਫ਼ੇ ਪਲਟਣ ਲੱਗਦੀ, ਕਾਪੀ ਦੀ ਲਿਖਾਈ ਨੂੰ ਉਹ ਧਿਆਨ ਨਾਲ ਦੇਖਦੀ। ਇਸ ਤਰ੍ਹਾਂ ਕਰਦਿਆਂ ਉਸਦੀਆਂ ਅੱਖਾਂ ਵਿਚੋਂ ਹੰਝੂ ਡਿੱਗਣ ਲੱਗਦੇ।

ਇਕ ਦਿਨ ਮੈਂ ਪੁੱਛਿਆ, "ਬੇਬੇ ਇਹ ਕਿਤਾਬਾਂ ਕੀਹਦੀਆਂ ਨੇ?"

ਹੰਝੂ ਪੂੰਝਦੀ ਉਹ ਬੋਲੀ, "ਤੇਰਾ ਇਕ ਭਾਈ ਹੁੰਦਾ ਸੀ ਛੋਟਾ ਸਿੰਘ... ਇਹ ਉਸਦੀਆਂ ਕਿਤਾਬਾਂ ਕਾਪੀਆਂ ਨੇ ਜਦੋਂ ਮਰਿਆ ਝੜੀ ਲੱਗੀ ਹੋਈ ਸੀ... ਸੰਸਕਾਰ ਕਰਨ ਨੂੰ ਸੁੱਕੀ ਥਾਂ ਨਾਂ ਮਿਲੇ... ਲੋਕਾਂ ਨੇ ਸਿਵੇ ਦੋੜੇ ਤਾਣ ਕੇ ਉਸਦਾ ਸੰਸਕਾਰ ਕੀਤਾ ਸੀ... ਪੜ੍ਹਨ ਨੂੰ ਬਹੁਤ ਹੁਸ਼ਿਆਰ ਸੀ ਪੁੱਤ।"

ਫਿਰ ਉਸਨੇ ਕਿਤਾਬਾਂ ਕਾਪੀਆਂ ਨੂੰ ਉਸੇ ਤਰ੍ਹਾਂ ਹੀ ਝੋਲੇ 'ਚ ਪਾ ਕੇ ਸੰਦੂਕ 'ਚ ਰੱਖ ਦਿੱਤਾ।

ਜਦ ਕਦੇ ਵੀ ਉਸਦੇ ਮਨ ਵਿਚ ਵੈਰਾਗ ਉਠਦਾ ਤਾਂ ਉਹ ਸੰਦੂਕ ਖੋਲ੍ਹਕੇ ਝੋਲਾ ਕੱਢ ਲੈਂਦੀ ਤੇ ਉਦਾਸ ਹੋ ਜਾਂਦੀ। ਮੇਰਾ ਕੱਦ ਮੇਰੇ ਬਾਪੂ ਤੇ ਗਿਆ ਸੀ। ਉਸਦਾ ਕੱਦ ਛੇ ਫੁੱਟ ਤੋਂ ਉੱਪਰ ਸੀ। ਹੁਣ ਤਾਂ ਮੈਨੂੰ ਰਿਸ਼ਤੇਦਾਰ ਤੇ ਆਂਢ-ਗੁਆਂਢ ਵਾਲੇ ਵੀ ਟੋਕਣ ਲੱਗੇ ਸਨ-ਇਹਨੂੰ ਸਕੂਲ ਭੇਜੋ ਜਾਂ ਕਿਸੇ ਕੰਮ ਧੰਦੇ ਲਾਓ, ਕਿਵੇਂ ਬਲਦ ਵਾਂਗੂ ਵਧਦਾ ਜਾਂਦੈ। ਕੋਈ ਆਖਦਾ-ਇਹਨੂੰ ਹੁਣ ਲਮਢੀਂਗ ਜਿਹੇ ਨੂੰ ਕਿਹੜਾ ਸਕੂਲ 'ਚ ਬੜਨ ਦਿਊ, ਇਹ ਤਾਂ ਬੱਕਰੀਆਂ 'ਚ ਬੋਕ ਲੱਗਿਆ ਕਰੂ।

ਇਕ ਦਿਨ ਮੇਰੇ ਵੱਡੇ ਭਾਈ ਨਾਲ ਮੈਂ ਮੱਝਾਂ ਚਰਾਉਣ ਲਈ ਗਿਆ। ਮੱਝਾਂ ਨੂੰ ਚਾਰਦੇ-ਚਾਰਦੇ ਅਸੀਂ ਦੂਰ ਵਾਲੇ ਖੇਤ ਨਿੱਕਲ ਗਏ। ਇਸਤੋਂ ਪਹਿਲਾਂ ਮੇਰਾ ਭਾਈ ਨਿਆਈਂ ਵਾਲੇ ਖੇਤ ਹੀ ਜਾਂਦਾ ਸੀ। ਉਹ ਕਿਸੇ ਪਾਲੀ ਨੂੰ ਮੱਝਾਂ ਸੰਭਾਲਕੇ ਘਰ ਆਕੇ ਰੋਟੀ ਖਾ ਜਾਂਦਾ ਸੀ। ਉਸ ਦਿਨ ਅਸੀਂ ਰੋਟੀ ਵਗੈਰਾ ਨਾਲ ਨਹੀਂ ਸੀ ਲੈਕੇ ਗਏ। ਦੁਪਹਿਰ ਤੋਂ ਬਾਅਦ ਭੁੱਖ ਨੇ ਮੇਰਾ ਬੁਰਾ ਹਾਲ ਕਰ ਦਿੱਤਾ। ਮੇਰੀਆਂ ਚੀਕਾਂ ਨਿੱਕਲ ਗਈਆਂ। ਮੈਨੂੰ ਰੋਂਦਾ ਦੇਖ ਕੇ ਮੇਰਾ ਭਾਈ ਵੀ ਰੋਣ ਲੱਗਿਆ ਅਖ਼ੀਰ ਉਹ ਦੂਰ ਨਜ਼ਰੀਂ ਪੈਂਦੇ ਇਕ ਬਜ਼ੁਰਗ ਕੋਲ ਗਿਆ ਤੇ ਇਕ ਰੋਟੀ ਮੰਗ ਕੇ ਲਿਆਇਆ।

ਇਕ ਦਿਨ ਮੇਰਾ ਬਾਪੂ ਘਰ ਆਇਆ। ਉਹ ਜਦੋਂ ਵੀ ਪਿੰਡ ਗੇੜਾ ਮਾਰਦਾ ਉਸਨੂੰ ਮਿਲਣ ਗਿਲਣ ਵਾਲੇ ਆਉਂਦੇ ਹੀ ਰਹਿੰਦੇ। ਛੀਂਬਿਆਂ ਦੇ ਪਰਿਵਾਰ ਵਿੱਚੋਂ ਇਕ ਬਜ਼ੁਰਗ ਸੁੱਚਾ ਸਿੰਘ ਵੀ ਜ਼ਰੂਰ ਗੇੜਾ ਮਾਰਦਾ। ਮਾਂ ਦੱਸਦੀ ਹੁੰਦੀ ਸੀ ਕਿ ਉਸਦਾ ਬਹੁਤਾ ਬਚਪਨ ਸਾਡੇ ਘਰ ਹੀ ਬੀਤਿਆ ਸੀ। ਉਹ ਆਪ ਵੀ ਅੱਖਰਾਂ ਦਾ ਸਿਆਣੂ ਸੀ ਤੇ ਉਸਦਾ ਇਕ ਮੁੰਡਾ ਪਟਵਾਰੀ ਲੱਗਾ ਹੋਇਆ ਸੀ। ਹੁਣ ਉਸਦਾ ਪੋਤਾ ਮੇਰਾ

ਜਮਾਤੀ ਸੀ। ਬਾਪੂ ਜਦੋਂ ਵੀ ਪਿੰਡ ਆਉਂਦਾ ਸੱਥ ਵਿਚ ਤਾਸ਼ ਖੇਡਣ ਦੀ ਬਾਜਾਇ ਲਾਲਾ ਜਗਨ ਨਾਥ ਦੀ ਹੱਟੀ ਤੇ ਬੈਠਦਾ। ਜਗਨ ਨਾਥ ਇਕ ਰਿਟਾਇਰਡ ਪਟਵਾਰੀ ਸੀ। ਇਸਦਾ ਲੜਕਾ ਵੀ ਮੇਰੀ ਜਮਾਤ ਵਿਚ ਪੜ੍ਹਦਾ ਸੀ। ਸਪੱਸ਼ਟ ਹੈ ਕਿ ਸੁੱਚਾ ਸਿੰਘ ਅਤੇ ਜਗਨ ਨਾਥ ਨੂੰ ਮੇਰੀ ਪੜ੍ਹਾਈ ਦੇ ਪੱਧਰ ਬਾਰੇ ਪਤਾ ਸੀ। ਉਨ੍ਹਾਂ ਕਈ ਵਾਰੀ ਮੈਂ ਬਾਪੂ ਨੂੰ ਕਹਿੰਦੇ ਸੁਣਿਆ ਸੀ- ਦੇਖੀਂ ਭਾਗ ਸਿਆਂ ਕਿਤੇ ਕੰਮ ਦੇ ਲਾਲਚ ਵਿਚ ਆਕੇ ਮੁੰਡੇ ਨੂੰ ਪੜ੍ਹਨੋ ਹਟਾਲੇਂ। ਬਾਅਦ ਵਿਚ ਇਹੀ ਜਗਨ ਨਾਥ ਅਤੇ ਮੇਰਾ ਬਾਪੂ ਮੇਰੀ ਕਹਾਣੀ 'ਬਾਪੂ' ਦੇ ਪਾਤਰ ਬਣੇ।

ਇਕ ਦਿਨ ਮੈਂ ਝੋਲੀ 'ਚ ਦਾਣੇ ਲੈ ਕੇ ਜਦੋਂ ਜਗਨ ਨਾਥ ਦੀ ਹੱਟੀ ਤੇ ਗਿਆ ਤਾਂ ਅੱਗੇ ਮੇਰਾ ਬਾਪੂ ਬੈਠਾ ਸੀ। ਉਸਨੂੰ ਦੇਖਦਿਆਂ ਮੈਂ ਪਿਛਾਂਹ ਮੁੜਨ ਲੱਗਿਆ ਹੀ ਸੀ ਕਿ ਜਗਨ ਨਾਥ ਬੋਲਿਆ, "ਉਹ ਆਜਾ ਸ਼ੇਰ ਬੱਗਿਆ ਆਜਾ... ਕੁਸ਼ ਨ੍ਹੀ ਕਹਿੰਦਾ ਭਾਗ ਸਿਉਂ"

ਮੈਂ ਡਰਦੇ-ਡਰਦੇ ਨੇ ਮੁੜਕੇ ਦੁਕਾਨ 'ਚ ਪੈਰ ਰੱਖਿਆ। ਤੱਕੜੀ 'ਚ ਦਾਣੇ ਪਾਉਂਦਿਆਂ ਮੇਰਾ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਸੀ। ਜਗਨ ਨਾਥ ਨੇ ਤੋਲ ਕੇ ਕੋਲ ਪਈ ਕਣਕ ਦੀ ਢੇਰੀ ਤੇ ਪਲਟ ਲਏ ਸਨ। ਇਸ ਬਦਲੇ ਮੈਂ ਉਸ ਤੋਂ ਇਕ ਕੋਰੀ ਕਾਪੀ ਨੀਲੀ ਤੇ ਲਾਲ ਸਿਆਹੀ ਦੀਆਂ ਟਿੱਕੀਆਂ ਤੇ ਇਕ ਸੀਖਾਂ ਵਾਲੀ ਡੱਬੀ (ਮਾਚਿਸ) ਲੈ ਅਇਆ ਸੀ।

ਫਿਰ ਇਕ ਦਿਨ ਬਾਪੂ ਬੋਲਿਆ, "ਲੈ ਬਈ ਮੁੰਡਿਆ ਮੈਂ ਤੇਰੀ ਪੜ੍ਹਾਈ ਦੀਆਂ ਚੀਜ਼ਾਂ ਲਈ ਜਗਨ ਨਾਥ ਕੋਲ ਇਕ ਰੁਪਿਆ ਜਮਾ ਕਰਵਾ ਦਿੱਤੈ... ਜਿਹੜੀ ਚੀਜ਼ ਦੀ ਲੋੜ ਹੋਵੇ ਉਸਤੋਂ ਲੈਂਦਾ ਰਹੀਂ... ਦਾਣੇ ਨ੍ਹੀ ਸਿੱਟਣੇ ਹੱਟੀ ਤੇ ਸਮਝਿਆ ਜਦੋਂ ਰੁਪਈਆਂ ਮੁੱਕ ਗਿਆ ਫੇਰ ਦੱਸੀਂ"

ਇਸ ਨਾਲ ਦੂਜਿਆਂ ਮੁੰਡਿਆਂ ਦੇ ਮੁਕਾਬਲੇ ਮੇਰਾ ਸਵੈਮਾਣ ਵਧ ਗਿਆ। ਮੈਨੂੰ ਲੱਗਿਆ ਬਾਪੂ ਮੇਰੀ ਪੜ੍ਹਾਈ ਵੱਲ ਧਿਆਨ ਦੇਣ ਲੱਗਿਆ ਹੈ। ਉਨ੍ਹਾਂ ਦਿਨਾਂ ਵਿਚ ਇਕ ਰੁਪਈਆ ਹੀ ਬਹੁਤ ਹੁੰਦਾ ਸੀ। ਇਕ ਮਹੀਨੇ ਬਾਅਦ ਜਦੋਂ ਆ ਕੇ ਬਾਪੂ ਨੇ ਜਗਨ ਨਾਥ ਨਾਲ ਹਿਸਾਬ ਕੀਤਾ ਤਾਂ ਪਤਾ ਲੱਗਿਆ ਕਿ ਮੈਂ ਤਾਂ 55 ਪੈਸੇ ਹੀ ਖਰਚ ਕੀਤੇ ਸਨ।

ਜਗਨ ਨਾਥ ਬੋਲਿਆ, "ਭਾਗ ਸਿਆਂ ਇਹ ਮੁੰਡਾ ਤਾਂ ਤੇਰੇ ਨਾਲੋਂ ਵੀ ਦੋ ਚੰਦੇ ਉੱਤੋਂ ਦੀ ਹੈ"

ਸ਼ਾਇਦ ਇਸ ਇਕ ਰੁਪਏ ਨੇ ਖਰਚ ਕਰਨ ਦੇ ਮਾਮਲੇ 'ਚ ਪਰਖ ਕਰਵਾ ਦਿੱਤੀ ਸੀ। ਇਸ ਤੋਂ ਬਾਅਦ ਬਾਪੂ ਨੇ ਮੇਰੀ ਪੜ੍ਹਾਈ ਲਿਖਾਈ ਤੇ ਖਰਚ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਤੇ ਆੜ੍ਹਤੀਆਂ ਨੂੰ ਵੀ ਆਖ ਦਿੱਤਾ ਸੀ-ਮੇਰੇ ਪੜ੍ਹਾਕੂ ਮੁੰਡੇ ਨੂੰ ਕਦੇ ਪੈਸੇ ਤੋਂ ਜਵਾਬ ਨਾ ਦਿਓ।

ਮੈਂ ਹਰ ਜਮਾਤ ਵਿਚੋਂ ਅਵੱਲ ਆਉਂਦਾ ਸੀ। ਪੰਜਵੀ ਜਮਾਤ ਪਾਸ ਕਰਨ ਤੋਂ ਬਾਅਦ ਮੈਂ ਵਜੀਫ਼ੇ ਦੀ ਪਰੀਖਿਆਂ ਵਿਚੋਂ ਵੀ ਸਫ਼ਲ ਰਿਹਾ ਸੀ।

ਇਸ ਤੋਂ ਬਾਅਦ ਮਾਂ ਸੰਦੂਕ ਖੋਲ੍ਹਦੀ ਹੋਈ ਕਦੇ ਵੀ ਉਦਾਸ ਨਹੀਂ ਹੋਈ ਤੇ ਨਾ ਹੀ ਮੈਨੂੰ ਛੋਟਾ ਸਿੰਘ ਦੀਆਂ ਪੁਰਾਣੀਆਂ ਕਿਤਾਬਾਂ ਵਾਲਾ ਝੋਲਾ ਹੀ ਨਜ਼ਰ ਆਇਆ ਸੀ।

ਇਨ੍ਹਾਂ ਹੀ ਦਿਨਾਂ 'ਚ ਬਾਪੂ ਨੇ ਕਲਕੱਤੇ ਤੋਂ ਦੋ ਐੱਚ. ਐੱਮ. ਟੀ. ਮੰਗਵਾਈਆਂ। ਇਕ ਮੇਰੇ ਭਣੋਈਏ ਲਈ ਤੇ ਇਕ ਮੇਰੇ ਲਈ। ਹੁਣ ਜਦੋਂ ਵੀ ਮੈਂ ਕਦੇ ਖੇਤ ਗੇੜਾ ਮਾਰਨਾ ਤਾਂ ਬਾਪੂ ਨੇ ਆਖਣਾ-ਕੋਈ ਲੋੜ ਨਹੀਂ ਖੇਤ ਆਉਂਣ ਦੀ। ਘਰੇ ਬੈਠ ਕੇ ਪੜ੍ਹਾਈ ਵੱਲ ਧਿਆਨ ਦਿਆ ਕਰ।

ਸੋ ਮਿੱਤਰੋ ਜੇ ਮੈਂ ਪੜ੍ਹਾਈ 'ਚ ਹੁਸ਼ਿਆਰ ਨਾ ਹੁੰਦਾ ਤਾਂ ਮੈਂ ਵੀ ਖੇਤਾਂ ਵਿਚ ਰੁਲ-ਖੁਲ ਰਿਹਾ ਹੁੰਦਾ। ਹੁਣ ਮੈਨੂੰ ਲੋਕਾਂ ਦੀਆਂ ਓਦੋਂ ਦੀਆਂ ਆਖੀਆਂ ਗੱਲਾਂ ਸਮਝ ਆਉਂਦੀਆਂ ਹਨ ਕਿ ਲਓ ਵੀ ਹੁਣ ਤਾਂ ਬਾਬੇ ਆਲੇ ਕੇ ਲਾਣੇ ਦੀ ਵੀ ਪੀੜ੍ਹੀ ਬਦਲ ਜਾਊ। ( **ਸੰਪਰਕ: 98147-87506**)

# ਸਿਰਜਣ ਪ੍ਰਕਿਰਿਆ ਦੀਆਂ ਜੜ੍ਹਾਂ ਮੇਰੇ ਪੁਰਖੇ /-ਦਵਿੰਦਰ ਮੰਡ

ਪੁਰਖੇ ਮਨੁੱਖ ਦੇ ਇਤਿਹਾਸ ਦੀਆਂ ਜੜ੍ਹਾਂ ਹੁੰਦੇ ਸਨ। ਮਨੁੱਖ ਜੰਮਦਾ ਹੈ, ਜਵਾਨੀ ਬਤੀਤ ਕਰਦਾ ਹੈ ਤੇ ਮੁਕ ਜਾਂਦਾ ਹੈ। ਬਹੁਤੇ ਮਨੁੱਖ ਆਪਣੇ ਅੰਦਰ ਕਈ ਰਿਸ਼ਤਿਆਂ ਦਾ ਇਤਿਹਾਸ ਲੈ ਕੇ ਦੱਫ਼ਨ ਹੋ ਜਾਂਦੇ ਹਨ। ਇਹ ਪੁਰਖੇ ਐਰੇ ਗ਼ੈਰੇ ਨਹੀਂ ਹੁੰਦੇ। ਇਹ ਤਾਂ ਤੁਹਾਡੇ ਸਿਰ ਪਈ ਜ਼ਿੰਮੇਵਾਰੀ ਦਾ ਨਿਰਵਾ ਕਰਦੇ ਹਨ। ਤੁਸੀਂ ਕੀ ਸਿੱਖਿਆ ਹੈ, ਕੀ ਨਹੀਂ? ਕਈ ਅਜਿਹੇ ਪੁਰਖੇ ਹੁੰਦੇ ਹਨ ਜਿਹਨਾਂ ਦਾ ਖ਼ੂਨ ਤੁਹਾਨੂੰ ਸੰਸਾਰ ਦੇ ਨਾਇਕ ਬਣਾ ਦਿੰਦਾ ਹੈ। ਦੂਜੇ ਪਾਸੇ ਅਜਿਹੇ ਪੁਰਖੇ ਵੀ ਹਨ ਜਿਨ੍ਹਾਂ ਦਾ ਨਾਮ ਤੁਹਾਡੀਆਂ ਪੀੜ੍ਹੀਆਂ ਲਈ ਜ਼ਖ਼ਮ ਬਣ ਜਾਂਦਾ ਹੈ। ਪੁਰਖਿਆ ਦਾ ਝੂਠ ਸੱਚ ਤੁਹਾਡੇ ਵਿਅਕਤਿਤਵ ਦੇ ਹਮੇਸ਼ਾਂ ਨਾਲ ਚਲਦਾ ਹੈ।

ਮੇਰੀ ਜ਼ਿੰਦਗੀ 'ਚ ਭਾਵੇਂ ਕੋਈ ਬਹੁਤੇ ਉਤਰਾਅ ਚੜਾਅ ਨਹੀਂ ਆਏ ਪਰ ਮੇਰੀ ਮਾਨਸਿਕਤਾ ਦੀ ਤਹਿ ਵਿੱਚ ਮੇਰੇ ਪੁਰਖਿਆ ਦੀਆਂ ਚੰਗੀਆਂ ਮੰਦੀਆਂ ਗੱਲਾਂ ਦੱਬੀਆਂ ਪਈਆਂ ਹਨ। ਇਹਨਾਂ ਰਿਸ਼ਤੇ-ਨਾਤਿਆਂ ਨੇ ਮੈਨੂੰ ਸਮੇਂ ਸਮੇਂ ਪ੍ਰਭਾਵਿਤ ਕੀਤਾ ਹੈ। ਜਦੋਂ ਵੀ ਸਾਹਿਤ ਸਿਰਜਣਾ ਕਰਦਾ ਹਾਂ ਇਹ ਪੁਰਖੇ ਮੇਰੇ ਅੰਗ ਸੰਗ ਵਿਚਰਦੇ ਰਹੇ ਹਨ।

ਇਹਨਾਂ ਨੇ ਮੇਰੀਆਂ ਅੱਖਾਂ 'ਚ ਨਮੀ ਵੀ ਲਿਆਂਦੀ ਤੇ ਕਿਸੇ ਕਿਸੇ ਪਲ ਮੇਰੇ ਅੱਥਰੂਆਂ ਨੂੰ ਸਾਫ਼ ਵੀ ਕੀਤਾ। ਮੈਂ ਸਮੇਂ ਨਾਲ ਭਾਵੇਂ ਇਕ ਅਜਿਹੇ ਮੁਕਾਮ ਤੇ ਪਹੁੰਚ ਗਿਆ ਹਾਂ ਜਿੱਥੇ ਪੈਸੇ ਧੇਲੇ ਦੀ ਕੋਈ ਕਮੀ ਨਹੀਂ ਰਹਿੰਦੀ ਪਰ ਇਹ ਪੁਰਖੇ ਉੱਠਦਿਆਂ ਬੈਠਦਿਆਂ ਮੇਰੀ ਸੋਚ ਦੀ ਅਗਵਾਈ ਕਰ ਰਹੇ ਸਨ। ਮੈਨੂੰ ਪਿੰਡ ਛੱਡਿਆ ਪੰਦਰਾਂ ਵੀਹ ਸਾਲ ਹੋ ਗਏ ਹਨ ਪਰ ਜਦੋਂ ਵੀ ਕਦੇ ਮੈਨੂੰ ਕੋਈ ਸੁਪਨਾ ਆਉਂਦਾ ਹੈ ਉਹ ਪਿੰਡ ਜਾਂ ਨਾਨਕੇ ਪਿੰਡ ਦਾ ਹੀ ਆਉਂਦਾ ਹੈ। ਉਥੋਂ ਦੇ ਖੇਤਾਂ 'ਚ ਰਾਹਾਂ 'ਚ, ਟਾਹਲੀਆਂ ਤੂਤਾਂ 'ਚ, ਖੇਡ ਮੈਦਾਨਾਂ 'ਚ ਤੇ ਗ਼ਲੀਆਂ ਛੱਪੜਾ ਤੇ ਘੁੰਮਦਾ ਮੈਂ ਮੇਰਾ ਪਿਤਾ, ਦਾਦਾ ਤੇ ਹੋਰ ਰਿਸ਼ਤੇ ਨਾਤੇ ਮੇਰੇ ਅੰਗ ਸੰਗ ਰਹੇ ਹਨ। ਮੇਰੇ ਪੁਰਖਿਆਂ 'ਚ ਜਿਹਨਾਂ ਨੇ ਮੇਰੇ ਲਈ ਵਿਲੈਨ ਕਿਸਮ ਦਾ ਰੋਲ ਨਿਭਾਇਆ ਹੈ ਉਹਨਾਂ ਦੇ ਵੀ ਸੁਪਨੇ ਮੈਨੂੰ ਬਹੁਤੀ ਵਾਰ ਆਏ ਹਨ। ਜੇ ਮੈਂ ਇਹ ਕਹਿ ਲਵਾ ਕਿ ਮੇਰੀਆਂ ਰਚਨਾਵਾਂ, ਸਿਰਜਣਾਵਾਂ ਦਾ ਪਾਤਾਲ ਇਹ ਮੇਰੇ ਪੁਰਖੇ ਹਨ ਤਾਂ ਕੋਈ ਅੱਤਕਥਨੀ ਨਹੀਂ ਹੈ। ਅੱਜ ਮੈਂ ਜਲੰਧਰ ਦੇ ਵੱਡੇ ਕਾਲਜ (ਡੀ ਏ ਵੀ) 'ਚ ਐਸੋਸੀਏਟ ਪ੍ਰੋਫੈਸ਼ਰ ਹਾਂ ਤਾਂ ਇਸ ਸਾਧਨਾ ਪਿਛੇ ਪ੍ਰਮੁਖ ਕਾਰਣ ਆਪਣੇ ਇਹਨਾਂ ਪੁਰਖਿਆ ਦਾ ਹੀ ਮੰਨਦਾ ਹਾਂ। ਕਾਲਜ ਵਿਚ ਆਪਣੇ ਕਰਤੱਵ ਨਾਲ ਕਿੰਝ ਨਿਆ ਕਰਨਾ ਹੈ, ਘਰ 'ਚ ਆ ਰਹੇ ਗਲਤ ਪੈਸੇ ਨੂੰ ਕਿਵੇਂ ਤਿਲਾਂਜਲੀ ਦੇਣੀ ਹੈ ਇਹ ਸਭ ਕੁਝ ਇਹਨਾਂ ਪੁਰਖਿਆ ਦੀ ਹੀ ਬਦੌਲਤ ਹੈ। ਬੇਸ਼ਕ ਮੇਰੀਆਂ ਸਿਰਜਨਾਵਾਂ ਪਿਛੇ ਕਾਫ਼ੀ ਪੁਰਖੇ ਕਾਰਜਸ਼ੀਲ ਰਹੇ ਹਨ ਪਰ ਜਿਹਨਾਂ ਨੇ ਮੇਰੀ ਜ਼ਿੰਦਗੀ ਨੂੰ ਹਲੂਣਿਆਂ ਹੈ ਜਾਂ ਕੁਝ ਹਿਲਜੁਲ ਵਾਲਾ ਰੋਲ ਨਿਭਾਇਆ ਹੈ ਉਹਨਾਂ ਬਾਰੇ ਚਰਚਾ ਕਰਨੀ ਜ਼ਰੂਰੀ ਸਮਝਦਾ ਹਾਂ।

ਮੇਰਾ ਬਾਬਾ ਮਹਿੰਗਾ ਸਿੰਘ ਸਚਮੁਚ ਇਕ ਮਹਿੰਗਾ ਮਨੁੱਖ ਸੀ। 1974 ਵਿੱਚ ਉਹਦੀ ਮੌਤ ਹੋ ਗਈ। ਮੈਂ ਉਸ ਸਮੇਂ ਕੋਈ ਨੌਂ ਦੱਸ ਸਾਲ ਦਾ ਸਾਂ। ਬਾਬੇ ਨਾਲ ਬਤੀਤ ਕੀਤਾ ਸਮਾਂ ਮੈਨੂੰ ਅੱਜ ਵੀ ਯਾਦ ਹੈ। ਉਹ ਮੇਰਾ ਰਤਾ ਭਰ ਵੀ ਵਿਸਾਹ ਨਹੀਂ ਸੀ ਖਾਂਦਾ। ਜੇ ਮੈਂ ਸਕੂਲੋਂ ਮਾੜੀ ਮੋਟੀ ਦੇਰੀ ਕਰ ਦਿੰਦਾ ਤਾਂ ਤੁਰੰਤ ਸਕੂਲ ਪਹੁੰਚ ਜਾਂਦਾ ਸੀ। ਉਹਦਾ ਸੁਭਾਅ ਬਹੁਤ ਉਦਾਰਵਾਦੀ ਸੀ। ਉਹ ਖੇਸ ਬੁਣਦਾ ਤੇ ਨਿਰੰਤਰ ਮਿਹਨਤ ਕਰਦਾ ਮੇਰੀਆਂ ਅੱਖਾਂ ਅੱਗੇ ਵਿਚਰਦਾ। ਮੈਨੂੰ ਉਹ ਕਾਕਾ ਕਹਿ ਕੇ ਸੰਬੋਧਨ ਕਰਦਾ। ਜਦੋਂ ਮੈਂ ਸਾਥੀਆਂ ਮਿੱਤਰਾਂ ਨਾਲ ਖੇਡਦਾ ਇਧਰ ਉਧਰ ਹੋ ਜਾਂਦਾ ਤਾਂ ਉਹਦੀ ਆਵਾਜ਼ ਕਾਕਾ ਕਾਕਾ ਕਹਿੰਦਿਆਂ ਸਾਡੇ ਪਿੰਡ 'ਚ ਗੂੰਜਦੀ ਸੀ। 1945 'ਚ ਉਸ ਨੇ ਸੰਸਾਰ ਦੀ ਦੂਜੀ ਜੰਗ ਵੀ ਲੜੀ। ਅੰਗਰੇਜ਼ ਆਪਣੇ ਮਦਦਗਾਰ

ਫੌਜੀਆਂ ਨੂੰ ਆਪਣੇ ਦੇਸ਼ ਵੀ ਲਿਜਾਣਾ ਚਾਹੁੰਦੇ ਸਨ ਤੇ ਕਈ ਗਏ ਵੀ ਪਰ ਬਾਬਾ ਬਿਲਕੁਲ ਨਾ ਮੰਨਿਆ। ਜੇ ਮੈਂ ਉਹਦੀ ਬਾਹਰੀ ਸ਼ਖ਼ਸੀਅਤ 'ਤੇ ਨਜ਼ਰ ਮਾਰਾਂ ਤਾਂ ਮਹਿਸੂਸ ਹੁੰਦਾ ਹੈ ਕਿ ਗਰਮੀਆਂ 'ਚ ਉਹਨੇ ਕਦੇ ਪੂਰੇ ਕਪੜੇ ਨਹੀਂ ਸੀ ਪਾਏ ਹੋਣੇ। ਡੱਬੀਦਾਰ ਪਰਨਾ ਬੰਨ੍ਹਣਾ ਉਹਦੀ ਆਦਤ ਸੀ। ਉਹ ਮਿਹਨਤ ਨਾਲ ਹਰ ਕਾਰਜ ਕਰਦਾ। ਮੈਨੂੰ ਉਹ ਆਪਣਾ ਸਹਾਰਾ ਮੰਨਣ ਲੱਗ ਪਿਆ ਸੀ ਅਕਸਰ ਮੇਰੇ ਅਧਿਆਪਕ ਬਾਪ ਨੂੰ ਕਹਿੰਦਾ ਸੀ, "ਪੁੱਤ ਜੇ ਕਾਕਾ ਤਾਣਾ ਤਣਨਾ ਤੇ ਪਾਣ ਕਰਨਾ(ਧਾਗੇ ਪੱਕੇ ਕਰਨ ਦਾ ਇਕ ਸਾਧਨ) ਜਾਣ ਗਿਆ ਤਾਂ ਮੈਨੂੰ ਬਾਹਲੈ ਸੁਖਾਲਾ ਹੋ ਜਾਣੈ।" ਇਹ ਗੱਲ ਸਾਬਤ ਵੀ ਸੱਚ ਹੋਈ, ਮੈਂ ਤਾਣਾ ਤਣਨਾ। ਸੂਤ ਦੇ ਧਾਗਿਆ ਨੂੰ ਲੜੀਬੱਧ ਕਰਨਾ) ਚੰਗੀ ਤਰ੍ਹਾਂ ਜਾਣ ਗਿਆ ਸਾਂ। ਮੈਂ ਨੱਠ ਨੱਠ ਤਾਣਾ ਤਣਦਾ ਤੇ ਦੂਰ ਬੈਠੇ ਬਾਬੇ ਦਾ ਖ਼ੁਸ਼ ਹੋਣਾ ਮੇਰੇ ਮਨ ਦਾ ਸਕੂਨ ਸੀ। ਫਿਰ ਜਦੋਂ ਉਹਨੇ ਮੈਨੂੰ ਪਾਣ ਕਰਨ ਦਾ ਬਲ ਸਿਖਾਉਣ ਦਾ ਨਿਸ਼ਚਾ ਕੀਤਾ ਤਾਂ ਉਹ ਸੰਸਾਰ ਤੋਂ ਕੂਚ ਕਰ ਗਿਆ। ਉਸ ਸਮੇਂ ਮੈਂ ਪਿੰਡ ਦੇ ਸਕੂਲ 'ਚ ਪੜ੍ਹਦਾ ਸਾਂ। ਮੈਂ ਆਪਣੇ ਬਚਪਨ ਦੇ ਸਾਥੀ ਕਾਲੇ ਨਾਲ ਪੈਦਲ ਤੁਰ ਕੇ ਸਕੂਲ ਗਏ ਬਾਪ ਨੂੰ ਸੁਨੇਹਾ ਦੇਣ ਗਿਆ ਸੀ। ਸਾਡੇ ਪਿੰਡ ਤੋਂ ਬਾਪ ਦਾ ਸਕੂਲ ਤਿੰਨ ਕੁ ਮੀਲ ਤੇ ਹੈ। ਬਾਪ ਤਾਂ ਸਾਇਕਲ ਚੁਕ ਕੇ ਪਿੰਡ ਆ ਗਿਆ ਤੇ ਮੈਂ ਤੇ ਕਾਲਾ ਸਕੂਲ 'ਚ ਹੋ ਰਹੇ ਪੁਤਲੀਆਂ ਦਾ ਤਮਾਸ਼ਾ ਦੇਖਦੇ ਰਹੇ। ਜਦੋਂ ਇਸ ਖੇਡ ਤਮਾਸ਼ੇ ਦੇ ਆਨੰਦ ਤੋਂ ਵਿਹਲੇ ਹੋਏ ਤਾਂ ਘਰ ਆ ਕੇ ਦੇਖਿਆ ਸਭ ਰੋ ਰਹੇ ਸਨ। ਬਾਪ ਦਾ ਰੋਂਦਾ ਚਿਹਰਾ ਦੇਖ ਮੇਰੀਆਂ ਅੱਖਾਂ ਵੀ ਵਹਿ ਤੁਰੀਆਂ।

ਜਿਵੇਂ ਜਿਵੇਂ ਮੈਂ ਵੱਡਾ ਹੋਇਆ ਮੈਨੂੰ ਬਾਬੇ ਅੰਦਰਲੀ ਮੌਤ ਦੀ ਜੋਤ ਯਾਦ ਆਈ। ਉਸਦੀ ਸੱਜੀ ਬਾਂਹ ਤੇ ਇਕ ਨਾਂ ਖੁਣਵਾਇਆ ਹੋਇਆ ਸੀ। ਇਹ ਨਾਂ ਸਾਡੇ ਗੁਆਂਢੀ ਪਰਿਵਾਰ ਦੀ ਲੱਗਦੀ (ਭੂਆ) ਦਾ ਸੀ। ਬਾਬੇ ਦਾ ਪਿਆਰ ਉਸ ਨਾਲ ਕਈ ਸਾਲ ਚਲਿਆ ਸੀ। ਜਦੋਂ ਉਹ ਵਿਆਹੀ ਗਈ ਤਾਂ ਸਮੇਂ ਸਮੇਂ ਉਹਦਾ ਪਿੰਡ ਆਉਣਾ ਜਾਰੀ ਸੀ। ਮੈਂ ਤਾਂ ਉਹਨੂੰ ਬਜ਼ੁਰਗ ਅਵਸਥਾ 'ਚ ਵੀ ਸਾਡੇ ਘਰ ਆਉਂਦਿਆਂ ਦੇਖਿਆ ਸੀ।

"ਕਿੱਦਾ ਕੁੜੀਓ? ਡਾਂਗ ਫੜੀ, ਲਾਲ ਸੂਹੀ ਬਜ਼ੁਰਗ (ਭੂਆ) ਮੇਰੀਆਂ ਅੱਖਾਂ ਅੱਗੇ ਆ ਜਾਂਦੀ ਹੈ।

"ਆ ਜਾ ਭੂਆ ਕਿੱਦਾ ਸੇਹਤ?" ਮੇਰੀ ਮਾਂ ਅਕਸਰ ਭੂਆ ਨੂੰ ਚਾਹ ਪਾਣੀ ਪਿਆ ਕੇ ਖ਼ੁਸ਼ ਹੁੰਦੀ ਸੀ।

"ਠੀਕ ਆ ਧੀਏ? ਨਿੱਕੇ ਨਿਆਣੇ ਨਿੱਕੇ... ਹੌਲਦਾਰ ਨੂੰ ਤਾਂ ਗਿਐ ਹੁਣ ਵਾਹਵਾ ਡੇਰ ਹੋਗੀ?" ਭੂਆ ਅੰਦਰ ਵੜਦਿਆਂ ਬਾਬੇ ਦਾ ਨਾਂ ਲੈ ਲੰਮਾ ਹਉਂਕਾ ਭਰਦੀ ਸੀ। ਉਂਝ ਵੀ ਉਹ ਬਾਬੇ ਨੂੰ 'ਹੌਲਦਾਰ' ਕਹਿ ਕੇ ਹੀ ਸੰਬੋਧਨ ਕਰਦੀ ਸੀ। ਮੇਰੀ ਮਾਂ ਮੂੰਹ 'ਚ ਹੱਸਦੀ ਭੂਆ ਦੇ ਸਾਰੇ ਪ੍ਰਸ਼ਨ ਦਾ ਉੱਤਰ ਬੜੀ ਸਹਿਜ ਅਵਸਥਾ ਵਿਚ ਦਿੰਦੀ ਸੀ।

ਮੇਰਾ ਬਾਬਾ ਸੰਤ ਸਰਵਣ ਦਾਸ ਡੇਰੇ ਦਾ ਬਹੁਤ ਵੱਡਾ ਸ਼ਰਧਾਲੂ ਸੀ। ਸੰਤ ਸਰਵਣ ਦਾਸ ਦੀ ਸ਼ਖ਼ਸੀਅਤ ਉਹਦੇ ਰੋਮ ਰੋਮ ਵਿਚ ਵਸੀ ਹੋਈ ਸੀ। ਹਰ ਐਤਵਾਰ ਡੇਰੇ 'ਤੇ ਜਾਣਾ ਉਹਦਾ ਕਰਮ ਸੀ। ਉਹਦਾ ਜ਼ਿਹਨ ਹਮੇਸ਼ਾ ਉਧਰ ਲੱਗਿਆ ਰਹਿੰਦਾ ਸੀ। ਉਹ ਹਵੇਲੀ ਵਿਚ ਸੰਤ ਸਰਵਣ ਦਾਸ ਦੀ ਫੋਟੋ ਲੈ ਕੇ ਕਈ ਕਈ ਘੰਟੇ ਉਹਦਾ ਨਾ ਜਪਦਾ ਰਹਿੰਦਾ ਸੀ। ਫੋਟੋ ਅੱਜ ਵੀ ਮੈਂ ਸਾਂਭੀ ਹੋਈ ਹੈ। ਮੇਰੀਆਂ ਬਾਲਪਣ ਦੀਆਂ ਅੱਖਾਂ ਬਾਬੇ ਦੇ ਹੰਝੂਆਂ ਨੂੰ ਚੰਗੀ ਤਰ੍ਹਾਂ ਪਹਿਚਾਣਦੀਆਂ ਸਨ। ਜਦੋਂ ਸੰਤ ਸਰਵਣ ਦਾਸ ਦਾ ਦੇਹਾਂਤ ਹੋਇਆ ਤਾਂ ਬਾਬਾ ਧਾਹਾਂ ਮਾਰ ਮਾਰ ਕੇ ਰੋਇਆ ਸੀ। ਕਈ ਦਿਨ ਉਹਨੇ ਰੋਟੀ ਨਹੀਂ ਸੀ ਖਾਧੀ। ਬਾਬਾ ਪਿੰਡ ਦੀ ਨਿੰਮ ਹੇਠ (ਸੱਥ) ਵਿਚ ਖੇਸੀਆਂ ਬੁਣਦਾ ਸੀ। ਮੰਗਤੇ, ਫੇਰੀ ਵਾਲੇ, ਹਰ ਜਾਤ ਦੇ ਬੰਦੇ ਉਧਰ ਨੂੰ ਤੁਰੇ ਰਹਿੰਦੇ ਸਨ। ਪਰ ਬਾਬਾ ਆਪਣੇ ਕੰਮ 'ਚ ਰੁਝਿਆ ਟੱਸ ਤੋਂ ਮੱਸ ਨਾ ਹੁੰਦਾ। ਮੇਰੀਆਂ ਅੱਖਾਂ ਸਾਹਮਣੇ ਆਇਆ ਉਹ ਦ੍ਰਿਸ਼ ਮੈਨੂੰ ਅੱਜ ਵੀ ਯਾਦ ਆਉਂਦਾ ਹੈ ਜਦੋਂ ਪਿੰਡ ਦਾ ਜੱਟ ਜੈਲਾ ਬਾਬੇ ਤੋਂ ਖੇਤਾਂ 'ਚ ਵਗਾਰ ਕਰਾਉਣ ਲਈ ਆਇਆ ਸੀ। ਬਾਬੇ ਦੇ ਚਿਹਰੇ ਦਾ ਰੰਗ ਇਕ ਦਮ ਬਦਲ ਗਿਆ, ਅੱਖਾਂ ਲਾਲ ਹੋ

ਗਈਆਂ। ਖੇਸ ਬੁਣਦਿਆਂ, ਉਹਨੇ ਤੁੜ ਵਿਚੋਂ ਡਾਂਗ ਕੱਢੀ 'ਤੇ ਗਾਲਾਂ ਦਿੰਦਾ ਉਹਦੇ ਪਿਛੇ ਭੱਜਾ ਸੀ।

"ਹੂੰਅ, ਖੜ ਤੇਰੀ ਮਾਂ ਨੂੰ ਤੂੰ ਕੌਣ ਹੁੰਦਾ ਬਗਾਰ ਕਰੌਣ ਆਲਾ। ਸਾਲਾ! ਬਾਬਾ ਉੱਚੀ ਉੱਚੀ ਗਾਲਾਂ ਦਿੰਦਾ ਜੈਲੇ ਨੂੰ ਬਾਹਰਲੀ ਫਿਰਨੀ ਤੱਕ ਭਜਾ ਕੇ ਆਇਆ ਸੀ।

ਖੇਸ ਬੁਣਦਿਆ, ਬਾਬੇ ਦੀ ਪਿੱਠ ਮਲਣੀ, ਉਹਦੇ ਮੋਢਿਆ ਤੇ ਚੜਨਾ ਮੇਰੇ ਨਿੱਕੇ ਹੁੰਦੇ ਦਾ ਕਰਮ ਰਿਹਾ ਹੈ।

ਮੇਰੇ ਬਾਬੇ ਦਾ ਅਸਲ ਪਿੰਡ ਅਲਾਵਲਪੁਰ ਲਾਗੇ 'ਦੌਲੀਕੇ' ਹੈ। ਉਸਦੇ ਨਾਨਕੇ ਪਿੰਡ ਮੰਡ ਵਿਚ ਸਨ ਜਿਸ ਕਰਕੇ ਉਹਦਾ ਮਾਮਾ (ਮੇਲਾ ਰਾਮ) ਉਸਨੂੰ ਇਸ ਪਿੰਡ ਲੈ ਆਇਆ ਸੀ। ਮੇਲਾ ਰਾਮ ਦੇ ਆਪਣੀ ਕੋਈ ਔਲਾਦ ਨਾ ਸੀ। ਜਦੋਂ ਮੇਲਾ ਰਾਮ ਮੁਕ ਗਿਆ ਤਾਂ ਪਿੰਡ 'ਚ ਬਾਬੇ ਵੱਲੋਂ ਖਰੀਦੀ ਜਗ੍ਹਾ ਬਦਲੇ ਮੇਲਾ ਰਾਮ ਦੇ ਭਤੀਜੇ ਦੂਨੀ ਚੰਦ ਨਾਲ ਕਈ ਦਹਾਕੇ ਝਗੜਾ ਵੀ ਚਲਦਾ ਰਿਹਾ। ਅਸਲ 'ਚ ਦੂਨੀ ਚੰਦ ਸਾਰੀ ਜ਼ਮੀਨ 'ਤੇ ਆਪਣਾ ਅਧਿਕਾਰ ਸਮਝਦਾ ਸੀ। ਪਰ ਮੇਰਾ ਬਾਬਾ ਉਸ ਜਾਇਦਾਦ ਦਾ ਵਾਰਸ ਬਣ ਗਿਆ ਸੀ। ਇਹਨਾਂ ਝਗੜੇ ਝੇੜਿਆ 'ਚ ਬਾਬਾ ਕਈ ਸਾਲ ਦੂਨੀ ਚੰਦ ਨੂੰ ਵੱਢਣ ਵਢਾਉਣ ਦੀਆਂ ਗੱਲਾਂ ਵੀ ਕਰਦਾ ਰਿਹਾ ਸੀ।

1971 ਦੀ ਭਾਰਤ ਪਾਕਿ ਲੜਾਈ ਵਿਚ ਦੂਨੀ ਚੰਦ ਦਾ ਇਕ ਫੌਜੀ ਮੁੰਡਾ ਪਤਾ ਨਹੀਂ ਕਿਥੋਂ ਇਕ ਪੇਟੀ (ਸੰਦੂਕੜੀ) ਚੁਕ ਲਿਆਇਆ ਸੀ। ਅਸਲ ਵਿਚ ਇਹ ਪੇਟੀ ਬੰਬਾਂ ਦੀ ਸੀ। ਦੂਨੀ ਚੰਦ ਤੇ ਮੁੰਡੇ ਉਹ ਪੇਟੀ ਕਬਰਾਂ 'ਚ ਦੱਬ ਆਏ। ਕੁਦਰਤੀ ਦੂਨੀ ਚੰਦ ਦੇ ਆਪਣੇ ਪੁੱਤਰਾਂ ਨਾਲ ਲੜਾਈ ਪੈ ਗਈ। ਉਹ ਸਾਰਾ ਕੁਝ ਪੁਲਿਸ ਨੂੰ ਦੱਸ ਆਇਆ। ਪੁਲਿਸ ਦੂਨੀ ਚੰਦ ਦੇ ਮੁੰਡੇ (ਸੇਵਾ ਮੁਕਤ) ਨੂੰ ਫ਼ੜ ਕੇ ਲੈ ਗਈ। ਕੇਸ ਚਲਿਆ। ਫਿਰ ਪੈਸੇ ਲੈ ਲੂ ਕੇ ਸਭ ਕੁਝ ਠੀਕ ਠਾਕ ਹੋ ਗਿਆ। ਉਸ ਦਿਨ ਮੇਰਾ ਬਾਬਾ ਖੁਸ਼ੀ ਵਿਚ ਪਤਾਸੇ ਵੰਡਦਾ ਫਿਰੇ। ਅਖੇ, "ਪੁਤਰੋ ਮੈਂ ਬਚ ਗਿਆ, ਮੈਂ ਬਚ ਗਿਐ ਨਹੀਂ ਤਾਂ ਕੰਜ਼ਰ ਨੇ ਬੰਬਾਂ ਦੀ ਪੇਟੀ ਮੇਰੇ ਉੱਤੇ ਪਾ ਦੇਣੀ ਸੀ... ਰੱਬ ਨੇ ਭਲੀ ਕੀਤੀ।"

ਬਾਬੇ ਦੀ ਉਦਾਰਵਾਦੀ ਸੋਚ ਮੈਨੂੰ ਹਮੇਸ਼ਾਂ ਪ੍ਰਭਾਵਿਤ ਕਰਦੀ ਰਹੀ। ਘਰ ਵਿਚੋਂ ਰੋਟੀਆਂ ਚੁਕ ਚੁਕ ਕੁੱਤਿਆਂ, ਪੰਛੀਆਂ ਨੂੰ ਪਾਉਣੀਆਂ ਉਹਦਾ ਮੁਖ ਮਕਸਦ ਬਣ ਚੁੱਕਾ ਸੀ। ਪੰਛੀਆਂ ਨੂੰ ਰੱਖਿਆ ਜਾਂਦਾ ਪਾਣੀ ਤਾਂ ਉਹਨੇ ਕਦੇ ਮੁਕਣ ਨਹੀਂ ਸੀ ਦਿੱਤਾ। ਕੋਈ ਮੰਗਤਾ ਉਸ ਨੇ ਆਟੇ ਤੋਂ ਖਾਲੀ ਨਹੀਂ ਸੀ ਜਾਣ ਦਿੱਤਾ। ਜਿੰਨਾ ਬਚਪਨ ਮੈਂ ਬਾਬੇ ਨਾਲ ਗੁਜਾਰਿਆ ਕਦੇ ਵੀ ਦਾਰੂ ਮੀਟ ਨੂੰ ਹੱਥ ਲਾਉਂਦਾ ਬਾਬਾ ਮੈਂ ਨਾ ਦੇਖਿਆ। ਬਾਬੇ ਅੰਦਰਲੀ ਦੂਜਿਆਂ ਪ੍ਰਤੀ ਭਾਵਨਾ ਦਾ ਵੱਡਾ ਗੁਣ ਮੈਨੂੰ ਹਮੇਸ਼ਾ ਯਾਦ ਰਿਹਾ। ਕੋਸ਼ਿਸ਼ ਕਰਦਾ ਹਾਂ ਉਸ ਗੁਣ ਨੂੰ ਆਪਣੇ 'ਚ ਲਿਆਉਣ ਦਾ।

ਮੇਰੇ ਨਾਨਕੇ ਜਲੰਧਰ ਛਾਉਣੀ ਲਾਗੇ ਪਿੰਡ ਕੁੱਕੜ ਪਿੰਡ 'ਚ ਹਨ। ਬਚਪਨ 'ਚ ਨਾਨਕੇ ਪਿੰਡ ਨੂੰ ਵਹੀਰਾਂ ਘੱਤਣੀਆਂ ਮੇਰੀ ਆਦਤ 'ਚ ਸ਼ਾਮਲ ਸੀ। ਜਦੋਂ ਸਕੂਲੋਂ ਛੁੱਟੀਆਂ ਹੁੰਦੀਆਂ ਤਾਂ ਨਾਨਕੇ ਪਿੰਡ ਜਾਣ ਦਾ ਇਕ ਵੱਖਰਾ ਚਾਅ ਤੇ ਸੁਗੰਧ ਮੈਨੂੰ ਟਿਕਣ ਨਾ ਦਿੰਦੇ। ਜਲੰਧਰ ਛਾਉਣੀ ਤੋਂ ਰਿਕਸ਼ਿਆਂ 'ਤੇ ਬਹਿ ਕੁੱਕੜ ਪਿੰਡ ਪਹੁੰਚਣਾ ਮੇਰੇ ਸੁਆਦ ਦਾ ਹਿੱਸਾ ਰਿਹਾ ਹੈ। ਅਸਲ 'ਚ ਮੇਰੇ ਲਈ ਨਾਨਕੇ ਪਿੰਡ ਦਾ ਖੁੱਲ੍ਹਾਂ ਖਾਣ ਪੀਣ ਮੈਨੂੰ ਆਪਣੇ ਵੱਲ ਹਮੇਸ਼ਾਂ ਖਿੱਚਦਾ ਰਿਹਾ। ਮੇਰਾ ਨਾਨਾ ਨਾਨੀ, ਵੱਡਾ ਮਾਮਾ ਮਾਮੀ ਤੇ ਸਭ ਤੋਂ ਛੋਟਾ ਮਾਮਾ ਮਾਮੀ ਇੰਗਲੈਂਡ 'ਚ ਵਸ ਗਈ ਸਨ। ਇੰਗਲੈਂਡ ਵੱਲੋਂ ਆਉਂਦੇ ਖੁੱਲ੍ਹੇ ਪੈਸੇ ਵਿਚ ਕਾਰਲੇ ਮਾਮੇਂ ਦੀ ਖੁੱਲ੍ਹੀ ਡੁੱਲ੍ਹੀ ਆਦਤ ਤੇ ਭਾਰੂ ਹੋ ਗਏ ਸਨ। ਘਰ ਤੋਂ ਬਾਹਰ ਇਕ ਪਾਸੇ ਬਣੀ ਇਕ ਕਨਾਲ ਦੀ ਹਵੇਲੀ 'ਚ ਮਾਮਾ ਹਫ਼ਤੇ 'ਚ ਤਿੰਨ ਚਾਰ ਵਾਰ ਪਤੀਲੇ 'ਚ ਬੱਕਰਾ, ਸੂਰ, ਮੁਰਗਾ ਰਿੰਨ੍ਹਦਾ ਸੀ। ਸਿਰੀਆਂ। ਪੇਟੇ, ਗੁਰਦੇ-ਕਪੂਰੇ ਅਤੇ ਖਰੌੜੇ ਚਾੜ੍ਹਨੇ, ਮਿੱਤਰ ਮੰਡਲੀ ਇਕੱਠੀ ਕਰਨੀ ਤੇ ਫਿਰ ਦੇਸੀ ਸ਼ਰਾਬ ਪੀ ਕੇ ਖ਼ਰਮਸਤੀਆਂ ਕਰਨੀਆਂ। ਉਹ ਆਪਣਾ ਫ਼ਰਜ਼ ਸਮਝਣ ਲੱਗ ਪਿਆ ਸੀ। ਮੈਂ ਤੇ ਘਰ ਵਿਚ ਰੱਖਿਆ ਕਾਮਾ 'ਤਾਰੂ'

ਉਹਨਾਂ ਦੀ ਆਓ ਭਗਤੀ ਵਿਚ ਨੱਠੇ ਫਿਰਦੇ। ਕੁੱਕੜ ਪਿੰਡ ਦੇ ਨਾਲ ਹੀ ਹੈ ਪਿੰਡ ਸੋਫ਼ੀ ਪਿੰਡ। ਉਥੋਂ ਮੈਂ ਤੇ ਤਾਰੂ ਖੌਰੇ ਕਿੰਨੀ ਵਾਰ ਰਸਭਰੀ, ਸੌਂਫ਼ੀਆ, ਸੰਤਰੇ ਦੀ ਦੇਸੀ ਸ਼ਰਾਬ ਦੀ ਬੋਤਲ ਲੈਣ ਜਾਂਦੇ ਸਾਂ। ਮਾਮੇ ਅਤੇ ਉਸਦੇ ਸ਼ਰਾਬੀ ਮਿੱਤਰਾਂ ਦੇ ਨੇੜੇ ਬਹਿ ਗੰਦੀਆਂ ਤੇ ਹਾਸਰਸ ਗੱਲਾਂ ਦਾ ਸੁਆਦ ਲੈਂਦੇ। ਮੈਨੂੰ ਮਾਮੇ ਕੋਲ ਰਹਿੰਦਿਆਂ ਕਈ ਕਿਸਮ ਦਾ ਤਜਰਬਾ ਹੋਇਆ। ਵੱਡੇ ਰਾਜਨੀਤੀਵਾਨ, ਪੰਡਿਤ, ਮੁਲਾਜ਼ਮ ਮਾਮੇ ਦੀ ਹਵੇਲੀ 'ਚ ਆ ਸ਼ਰਾਬਾ ਪੀ ਰੰਗਰਲੀਆਂ ਮਨਾਉਂਦੇ। ਇਹ ਸਭ ਕੁਝ ਮੇਰੇ ਲਈ ਹਸਰਸ ਖੇਡਾਂ ਹੁੰਦੇ। ਅੱਜ ਜਦੋਂ ਮੈਂ ਬਚਪਨ ਦੇ ਇਸ ਸਮੇਂ 'ਤੇ ਝਾਤੀ ਮਾਰਦਾ ਹਾਂ ਤਾਂ ਮੈਨੂੰ ਉਹ ਮਹਾਂ ਪੰਡਿਤ ਜੋ ਮੇਰੇ ਮਾਮੇ ਦੇ ਮਿੱਤਰ ਸਨ ਵਾਰ ਵਾਰ ਯਾਦ ਆਉਂਦੇ ਹਨ। ਬਹੁਤਿਆਂ ਦੇ ਨਾਂ ਤਾਂ ਮੈਨੂੰ ਹੁਣ ਯਾਦ ਨਹੀਂ ਪਰ ਛਾਉਣੀ ਤੋਂ ਆਉਂਦਾ ਪੰਡਿਤ ਸ਼ਰਮਾਂ ਮੈਨੂੰ ਕਦੇ ਨਾ ਭੁੱਲਿਆ। ਉਹਦੇ ਚਿੱਟੇ ਕੱਪੜੇ ਤੇ ਗਲ਼ ਪਾਇਆ ਜਨੇਊ ਮੈਨੂੰ ਅੱਜ ਵੀ ਭਲੀਂ ਭਾਂਤ ਯਾਦ ਹੈ। ਮਾਮੇ ਕੋਲੋਂ ਸ਼ਰਾਬ ਦੇ 'ਕੱਠੇ ਚਾਰ ਪੰਜ ਪੈੱਗ ਚਾੜ੍ਹ ਜਾਂਦਾ ਸੀ। ਉਹ ਜਦੋਂ ਪੂਰੀ ਤਰ੍ਹਾਂ ਆਊਟ ਹੋ ਜਾਂਦਾ ਤਾਂ ਮਾਮਾ ਮੈਨੂੰ ਤੇ ਤਾਰੂ ਨੂੰ ਹਸਾਉਣ ਲਈ ਆਵਾਜ਼ ਮਾਰਦਾ।

"ਮੁੰਡਿਓ ਆਇਓ ਜਰਾ।" ਅਸੀਂ ਨੱਠੇ ਜਾਂਦੇ। "ਲਾਓ ਬੀੜੀ ਜਰਾ।" ਤਾਰੂ ਤੁਰੰਤ ਇਕ ਬੀੜੀ ਲਾ ਦਿੰਦਾ। ਮਾਮਾ ਮੇਰਾ ਬੀੜੀ ਦੇ ਸੂਟੇ ਖਿਚਦਾ ਪੰਡਿਤ ਸ਼ਰਮੇ ਦੀ ਧੋਤੀ ਚੁਕ ਉਹਦੇ ਪਤਾਲੂਆਂ 'ਤੇ ਤੱਤੀ ਲਾ ਦਿੰਦਾ। ਪੰਡਿਤ ਮੰਜੇ 'ਤੇ ਟਪੂਸੀ ਮਾਰਦਾ, "ਤੇਰੀ ਮਾਂ ਦੀ, ਤੇਰੀ ਮਾਂ ਦੀ" ਕਰਦਾ ਫਿਰ ਉਥੇ ਢੇਰੀ ਹੋ ਜਾਂਦਾ। ਮੈਂ ਤੇ ਤਾਰੂ ਮਾਮੇ ਦੀ ਇਸ ਹਰਕਤ 'ਤੇ ਉੱਚੀ ਉੱਚੀ ਹੱਸਦੇ ਸਾਂ। ਮਾਮਾ ਮੇਰਾ ਸਹਿਕਾਰੀ ਬੈਂਕ ਦਾ ਸੈਕਟਰੀ ਵੀ ਸੀ। ਇਹ ਬੈਂਕ ਨਾਲ ਦੇ ਕਈ ਹੋਰ ਪਿੰਡਾਂ ਦੇ ਲੋਕਾਂ ਨੂੰ ਕਰਜਾ ਵੀ ਦਿੰਦੀ ਸੀ। ਮਾਮਾ ਬਾਕੀ ਮੁਲਾਜ਼ਮਾ ਨਾਲ ਮਿਲ ਕੇ ਬੈਂਕ 'ਚ ਕਈ ਤਰ੍ਹਾਂ ਦੇ ਘਪਲੇ ਕਰਦਾ ਸੀ। ਆਪਣੇ ਰਿਸ਼ਤੇਦਾਰ ਦੇ ਨਾਂ ਤੇ ਜਾਲੀ ਦਰਖ਼ਤ ਕਰ ਲੋਨ ਚੁਕ ਲੈਂਦਾ ਸੀ। ਮੈਨੂੰ ਹੁਣ ਵੀ ਚੇਤਾ ਆਉਂਦਾ, ਮੈਂ ਹੀ ਪੰਜਾਬੀ ਵਿਚ ਕਈ ਥਾਹਾਂ ਤੇ ਹਸਤਾਖ਼ਰ ਕੀਤੇ ਸਨ। ਮਾਮਾ ਉਸ ਲੋਨ ਨਾਲ ਸ਼ਰਾਬ ਪੀਂਦਾ ਤੇ ਬਾਕੀ ਲੋਕਾਂ ਨੂੰ ਵੀ ਰਜਾਉਂਦਾ ਸੀ। ਇਹ ਹੀ ਨਹੀਂ ਜਦੋਂ ਸ਼ਰਾਬ ਪੀ ਮਾਮਾ ਟੱਲੀ ਹੋ ਜਾਂਦਾ ਤਾਂ ਨੇੜੇ ਪਿੰਡ ਦਾ (ਸੋਫ਼ੀ ਪਿੰਡ) ਦਾ ਰਾਮ ਆਸਰਾ (ਸਵਰਗੀ) ਮਾਮੇ ਨਾਲ ਮਿਲ ਜਾਂਦਾ। ਬਾਕੀ ਸਾਰੇ ਬੰਦਿਆਂ ਨੂੰ ਹਵੇਲੀ 'ਚੋਂ ਬਾਹਰ ਭੇਜ ਦਿੰਦੇ। ਰਾਮ ਆਸਰੇ ਦੀ ਘਰਵਾਲੀ ਮੁਕ ਚੁੱਕੀ ਸੀ। ਔਰਤ ਉਸਦੀ ਪ੍ਰਮੁੱਖ ਲੋੜ ਸੀ। ਮੈਨੂੰ ਤੇ ਤਾਰੂ ਨੂੰ ਜਦੋਂ ਉਹ ਰਿਸ਼ਤੇ ਵਿਚੋਂ ਦੂਰ ਦੀ ਲਗਦੀ ਆਪਣੀ ਭਰਜਾਈ ਨੂੰ ਸੱਦਣ ਲਈ ਭੇਜ ਦਿੰਦਾ। ਮੈਂ ਤੇ ਤਾਰੂ ਖੁਸ਼ੀ ਖੁਸ਼ੀ ਤਾਰੋ ਦੇ ਘਰ ਚਲੇ ਜਾਂਦੇ।

ਮਾਮੀ, ਮਾਮਾ ਸਾਦੈ।" ਮੈਂ ਆਲਾ ਦੁਆਲਾ ਦੇਖ ਮਾਮੀ ਨੂੰ ਸੁਨੇਹਾ ਦੇ ਦਿੰਦਾ।

"ਚਲੋ ਪੁਤੋ ਮੈਂ ਆਈ।" ਸਾਡੇ ਮਗਰੇ ਹੀ ਤਾਰੋ ਤੁਰੰਤ ਹਵੇਲੀ ਪਹੁੰਚ ਜਾਂਦੀ। ਬਸ ਫਿਰ ਕੀ ਸੀ ਉਹ ਅੰਦਰ ਚਲੇ ਜਾਂਦੀ। ਫਿਰ ਘੰਟੇ ਜਾਂ ਅੱਧੇ ਘੰਟੇ ਬਾਅਦ ਉਹ ਕਮਰੇ ਵਿਚੋਂ ਬਾਹਰ ਨਿਕਲ ਬੂਹਾ ਖੋਲ੍ਹ ਘਰ ਨੂੰ ਚਲੇ ਜਾਂਦੀ। ਮਾਮਾ ਤੇ ਰਾਮ ਆਸਰਾ ਸਾਡੇ ਵਲੋਂ ਲਿਆਂਦੇ ਜੱਗ ਨਾਲ ਇੰਦਰੀ ਧੋਂਦੇ ਮੇਰੀਆਂ ਅੱਖਾਂ ਅੱਗੇ ਅੱਜ ਵੀ ਆ ਰਹੇ ਹਨ। ਰਾਮ ਆਸਰਾ ਚਿਹਰੇ ਤੇ ਜੇਤੂ ਮੁਸਕਾਨ ਲਿਆ ਸਾਨੂੰ 'ਸਾਬਸ਼ ਪੁਤਰੋ ਸਾਬਾਸ਼' ਪੁੱਤਰੋਂ ਕਹਿੰਦਾ ਨਾ ਥੱਕਦਾ। ਮਾਮੇ ਨੇ ਰਾਜਨੀਤੀ ਵਿਚ ਵੀ ਪੈਰ ਰੱਖਿਆ। ਉਹਨਾਂ ਦਿਨਾਂ ਵਿਚ ਉਹ ਚੌਧਰੀ ਜਗਜੀਤ ਸਿੰਘ ਦੇ ਖ਼ਿਲਾਫ਼ ਖੜਾ ਗਿਆ। ਸ਼ਾਇਦ ਇਹ ਵੋਟਾਂ ਵਿਧਾਨ ਸਭਾ ਦੀਆਂ ਸਨ। ਮਾਮਾ ਆਜ਼ਾਦ ਉਮੀਦਵਾਰ ਸੀ। ਪੈਸਾ ਕੋਲ ਬਥੇਰਾ ਸੀ। ਚੌਧਰੀ ਦਾ ਸੁਨੇਹਾ ਆਇਆ ਕਿ 'ਪੰਜ ਹਜ਼ਾਰ ਰੁਪਈਆਂ ਲੈ ਲਾ ਤੇ ਬਹਿ ਜਾ।" ਮਾਮੇ ਨੇ ਤੁਰੰਤ ਦਸ ਹਜ਼ਾਰ ਦੀ ਆਫ਼ਰ ਕਰ ਦਿੱਤੀ ਤੇ ਚੌਧਰੀ ਨੂੰ ਬੈਠਣ ਲਈ ਕਹਿ ਦਿੱਤਾ। ਖ਼ੈਰ ਜੋ ਵੀ ਸੀ ਮਾਮਾ ਹਾਰ ਗਿਆ ਪਰ ਉਹਦੀ ਇਹ 'ਮੈਂ' ਦੀ ਗੱਲ ਮੇਰੇ ਜ਼ਿਹਨ ਦੀ ਕਿਸੇ ਨੁਕਰ 'ਚ ਬਹਿ ਗਈ।

ਇਕ ਦਿਨ ਮੈਂ ਮਾਮੇਂ ਨਾਲ ਜਲੰਧਰ ਕੈਂਟ ਚਲਾ ਗਿਆ। ਉਹਨੇ ਮੈਨੂੰ ਇਕ ਹੋਟਲ 'ਚ ਬਾਕੀ ਮਿੱਤਰਾਂ ਸਮੇਤ ਮੁਰਗਾ ਖੁਆਇਆ। ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਫਿਰ ਮੈਨੂੰ ਇਕ ਜਗ੍ਹਾ ਬਿਠਾ ਮਾਮਾ ਪਤਾ

ਨਹੀਂ ਕਿਧਰ ਚਲਾ ਗਿਆ। ਘੰਟਾ ਦੋ ਘੰਟੇ ਮੈਂ ਮਾਮੇ ਦੀ ਉਡੀਕ ਕਰਦਾ ਰਿਹਾ। ਦੇਰ ਬਾਅਦ ਜਦੋਂ ਮਾਮਾ ਆਇਆ ਤਾਂ ਅਸੀਂ ਕੁੱਕੜ ਪਿੰਡ ਨੂੰ ਚਲੇ ਗਏ। ਮੈਨੂੰ ਤਾਂ ਰਾਤ ਨੂੰ ਪਤਾ ਲੱਗਾ। ਮਾਮੀ ਨਾਲੇ ਰੋ ਰਹੀ ਸੀ ਤੇ ਨਾਲ ਹੀ ਸ਼ਰੀਕੇ ਵਾਲਿਆਂ ਨੂੰ ਗਾਲ਼ਾ ਕੱਢ ਰਹੀ ਸੀ।

"ਮਰ ਜਾਣ ਮੈਂ ਤਾਂ ਕੈਂਹਦੀ ਆ ਜਿਹਨਾਂ ਸਾਡਾ ਖ਼ੂਨ ਪੀਤਾ।" ਅਸਲ 'ਚ ਮਾਮਾ ਇਕ ਹਸਪਤਾਲ 'ਚ ਸਹਿਕਦੀ, ਪ੍ਰੇਸ਼ਾਨ ਰਿਸ਼ਤੇ ਵਿਚੋਂ ਲੱਗਦੀ ਭਰਜਾਈ ਨੂੰ ਖ਼ੂਨ ਦੇ ਕੇ ਆਇਆ ਸੀ। ਮਾਮੀ ਇਸ ਗੱਲ ਤੇ ਮਾਮੇ ਨਾਲ ਬੋਲ ਕਬੋਲ ਹੋ ਰਹੀ ਸੀ।

ਕੇਲ ਕਰੇਂਦੇ ਹੰਝ ਕੋ...।" ਵਾਕ ਅਨੁਸਾਰ ਮਾਮਾ ਉਦੋਂ ਐਨ ਰੁੰਡ ਮੁਰੰਡ ਹੋ ਗਿਆ ਜਦੋਂ ਅਚਾਨਕ ਮਾਮਾ ਇੰਗਲੈਂਡ ਵਿਚ ਮੁੱਕ ਗਿਆ। ਪੈਸੇ ਆਉਣੇ ਬੰਦ ਹੋ ਗਏ। ਹਰ ਇਕ ਨੇ ਮਾਮੇ ਤੋਂ ਹੱਥ ਖਿੱਚ ਲਿਆ। ਮਾਮਾ ਜੋ ਸੱਤ ਕੁੜੀਆਂ ਅਤੇ ਦੋ ਮੁੰਡਿਆਂ ਦਾ ਬਾਪ ਹੈ ਬਹੁਤ ਹੱਥਲ ਹੋ ਗਿਆ। ਇਧਰ-ਉਧਰ ਨੱਠ ਭੱਜ ਕਰਨ ਲੱਗਾ। ਫਿਰ ਸਮੇਂ ਨੇ ਉਹਨੂੰ ਪੈਸੇ ਦੀ ਅਹਿਮੀਅਤ ਸਮਝਾਈ। ਨਿੱਕੇ ਨਿੱਕੇ ਕੰਮ ਕਰਨ ਲੱਗਾ। ਮੁੰਡੇ ਨੂੰ ਪੜ੍ਹਨੋ ਹਟਾਉਣਾ ਪਿਆ। ਉਹਨੂੰ ਕਿਸੇ ਢੰਗ ਨਾਲ ਇੰਗਲੈਂਡ ਭੇਜਿਆ ਗਿਆ। ਮੁੰਡੇ ਨੇ ਡੱਟ ਕੇ ਕੰਮ ਕੀਤਾ। ਹੌਲੀ ਹੌਲੀ ਉਹ ਸੌਖੇ ਹੋਣੇ ਸ਼ੁਰੂ ਹੋ ਗਏ। ਮਾਮਾ ਵੀ ਅਸਿੱਧੇ ਢੰਗ ਨਾਲ ਇੰਗਲੈਂਡ ਚਲਾ ਗਿਆ। ਦੋਸਤ ਮਿੱਤਰ ਸਭ ਸਾਥ ਛੱਡ ਗਏ। ਅੱਜ ਮਾਮਾ ਅੱਸੀਆ ਦੇ ਨੇੜੇ ਢੁੱਕਿਆ ਇੰਗਲੈਂਡ ਵਿਚ ਜੀਵਨ ਬਸਰ ਕਰ ਰਿਹਾ ਹੈ।

ਆਦਮਪੁਰ ਦੇ ਨੇੜੇ ਡਰੋਲੀ ਲਾਗੇ ਇਕ ਵੱਡਾ ਪਿੰਡ ਹੈ ਕਾਝਰਾ। ਨੌਂ ਭੈਣ ਭਰਾਵਾ ਵਿਚੋਂ ਇਕ ਮੇਰੀ ਭੂਆ ਇਸ ਪਿੰਡ ਵਿਆਹੀ ਹੋਈ ਸੀ। ਬੇਸ਼ਕ ਉਹਨਾਂ ਦਾ ਜੱਦੀ ਘਰ ਕਾਲਰੇ ਪਿੰਡ ਸੀ ਪਰ ਚੰਗੀ ਜ਼ਮੀਨ ਦੇ ਮਾਲਕ ਹੋਣ ਕਰਕੇ ਉਹ ਲੁਟੇਰਾ ਰੋਡ ਤੇ ਇਕ ਖੂਹ ਤੇ ਰਹਿੰਦੇ ਸਨ। ਮੇਰੀ ਭੂਆ ਦੀਆਂ ਦੋ ਹੋਰ ਜਠਾਣੀਆਂ ਤੇ ਇਕ ਦਰਾਣੀ ਸੀ। ਦਿਓਰ ਰੋਹਤਕ ਜੱਜ ਲੱਗਿਆ ਹੋਇਆ ਸੀ ਤੇ ਬਾਕੀ ਤਿੰਨੇ ਭਰਾ ਖੂਹ 'ਤੇ ਖੇਤੀ ਬਾੜੀ ਕਰਦੇ ਸਨ। ਇਹਨਾਂ ਤਿੰਨਾਂ ਭਰਾਵਾਂ ਵਿਚੋਂ ਮੇਰਾ ਇਕ ਫੁੱਫੜ ਹੀ ਅਜਿਹਾ ਸ਼ਖ਼ਸ ਸੀ ਜੋ ਵੈਲੀ ਕਿਸਮ ਦਾ ਸੀ। ਘਰ 'ਚ ਸ਼ਰਾਬ ਕੱਢ ਕੇ ਪੀਣੀ, ਡੋਡੇ, ਅਫ਼ੀਮ ਦਾ ਸੇਵਨ ਕਰਨਾ ਤੇ ਬਦਮਾਸ਼ੀ 'ਚ ਪੈਰ ਰੱਖਣਾ ਉਹਦਾ ਮੁੱਖ ਕਿੱਤਾ ਸੀ। ਮੇਰੀ ਭੂਆ ਉਥੇ ਵਿਆਹ ਤਾਂ ਦਿੱਤੀ ਗਈ ਪਰ ਭੱਦਰ ਪੁਰਸ਼ ਬਾਬੇ ਤੇ ਚਾਚੇ ਤਾਇਆ ਨੂੰ ਫੁੱਫੜ ਦੀ ਇਸ ਆਦਤ ਬਾਰੇ ਉੱਕਾ ਪਤਾ ਨਾ ਸੀ। ਉਹ ਪਿੰਡ ਦੇ ਇਕ ਹੋਰ ਜੱਟ ਬਦਮਾਸ਼ ਜੈਲੇ ਦਾ ਸੱਜਾ ਹੱਥ ਸੀ। ਜ਼ਮੀਨ ਖਾਤਰ ਵੱਢ-ਵਢਾਂਗਾਂ ਕਰਨਾ ਉਹਦੇ ਲਈ ਐਵੇਂ ਪੁਤਲੀਆਂ ਦੇ ਤਮਾਸ਼ੇ ਵਾਂਗ ਸੀ। ਉਹਦੇ ਨੇੜਲਾ ਖੂਹ ਉਹਦੀ ਮਾਸੀ ਦੇ ਪੁੱਤਰਾ ਦਾ ਸੀ। ਜ਼ਮੀਨ ਦੀ ਵੰਡ ਖੁਣੋਂ ਉਹ ਇਕ ਦੂਜੇ ਦੇ ਦੁਸ਼ਮਣ ਬਣ ਗਏ। ਇਕ ਦੂਜੇ ਦੇ ਬੰਦੇ ਮਾਰ ਜੇਲਾਂ ਵੀ ਕੱਟ ਆਏ ਸਨ। ਇਹੋ ਜਿਹਾ ਕੁਝ ਹਮੇਸਾਂ ਉਥੇ ਚਲਦਾ ਰਿਹਾ। ਮੇਰੀ ਆਪਣੀ ਸੁਰਤ 'ਚ ਇਹ ਫੁੱਫੜ ਪਿੰਡ ਮੱਡ ਦੋ ਤਿੰਨ ਵਾਰ ਹੀ ਆਇਆ ਸੀ। ਮੇਰੇ ਲਈ ਜਿਥੇ ਫੁੱਫੜ ਇਕ ਵਿਲੈਨ ਜਾਂ ਹਊਆ ਸੀ ਪਰ ਉਹਦੇ ਸਾਹਮਣੇ ਹੋ ਮੈਨੂੰ ਉੱਕਾ ਡਰ ਨਹੀਂ ਸੀ ਲੱਗਦਾ। ਮੈਂ ਉਹਦੀਆਂ ਲੱਤਾਂ ਘੁੱਟਦਾ। ਉਹ ਮੈਨੂੰ ਦਸ ਜਾਂ ਵੀਹ ਪੈਸੇ ਦੇ ਛੱਡਦਾ। ਮੇਰੇ ਲਈ ਉਹ ਖੁਸ਼ੀ ਦਾ ਅਨੁਭਵ ਹੀ ਸੀ। ਜਦੋਂ ਵੀ ਮੈਂ ਕਾਲਰੇ ਗਿਆ ਫੁੱਫੜ ਨੂੰ ਵਿਹਲਾ ਹੀ ਦੇਖਿਆ ਬਸ ਪਾਣੀ 'ਚ ਡੋਡੇ ਘੋਲਦਿਆਂ, ਅਮਲੀਆਂ ਵਾਂਗ ਵਿਚਰਨਾ ਉਹਦੀ ਆਦਤ ਬਣ ਗਈ ਸੀ। ਮੈਨੂੰ ਆਪਣੇ ਬਾਪ ਨਾਲ ਇਸ ਭੂਆ ਦੇ ਘਰ ਆ ਜ਼ਿਆਦਾ ਖੁਸ਼ੀ ਹੁੰਦੀਸੀ ਕਿਉਂਕਿ ਉਥੇ ਮੇਰੇ ਖੇਡਣ ਲਈ ਕੁਕੜੀਆਂ ਸਨ, ਹੱਕਣ ਲਈ ਬਲਦ ਸਨ, ਪੱਠੇ ਕੁਤਰਨ ਲਈ ਬਿਜਲੀ ਦਾ ਟੋਕਾ ਸੀ, ਗੰਨੇ ਚੂਪਣ ਲਈ ਵੱਡਾ ਕਮਾਦ ਅਤੇ ਸ਼ਿਕਾਰ ਖੇਡਣ ਲਈ ਸ਼ਿਕਾਰੀ ਕੁੱਤੇ। ਮੈਂ ਭੂਆ ਦਾ ਲਾਡਲਾ ਭਤੀਜਾ ਭੂਆ ਲਈ ਨਾਨਕ ਸਿੰਘ ਦੀ ਕਹਾਣੀ ਭੂਆਂ ਦੇ ਨਾਇਕ ਵਾਂਗ ਹੀ ਸਾਂ। ਭੂਆ ਮੇਰੀ ਆਓ ਭਗਤੀ ਲਈ ਨੱਠੀ ਭੱਜੀ ਫਿਰਦੀ। ਮੂਹਰੇ ਤੁਰੇ ਫਿਰਦੇ ਮੁਰਗੇ ਮੁਰਗੀਆਂ ਵਿਚੋਂ ਮੇਰੇ ਜਾਣ ਨਾਲ ਉਹਨਾਂ 'ਚੋਂ ਇਕ ਦੋ ਘੱਟ ਜਾਂਦੇ। ਵੱਡੇ ਵੱਡੇ ਸ਼ਿਕਾਰੀ ਕੁੱਤੇ

ਸ਼ਿਕਾਰ ਖੇਡਣ ਲਈ ਹਮੇਸ਼ਾਂ ਤਤਪਰ ਰਹਿੰਦੇ। ਮੇਰੇ ਬਾਲਪਨ 'ਚ ਫੁੱਫੜ ਦੇ ਘਰ ਘਟੀ ਘਟਨਾ ਮੇਰੇ ਲਈ ਅਸਹਿ ਬਣ ਗਈ। ਖ਼ੁਰਗੋਸ਼ਾਂ ਦਾ ਸ਼ਿਕਾਰ ਖੇਡਣ ਜਾਣਾ ਫੁੱਫੜ ਅਤੇ ਮੁੰਡਿਆ ਦਾ ਮੁਖ ਕੰਮ ਸੀ। ਮੈਨੂੰ ਉਹ ਵੱਡੀਆਂ ਵੱਡੀਆਂ ਗੱਪਾਂ ਮਾਰ ਗੱਲਾਂ ਨਾਲ ਪ੍ਰਭਾਵਿਤ ਕਰਕੇ। ਮੈਂ ਇਕ ਦਿਨ ਫੁੱਫੜ ਦੇ ਵੱਡੇ ਮੁੰਡੇ ਤਾਰੀ ਨਾਲ ਸਮੇਤ ਕੁੱਤੇ ਸ਼ਿਕਾਰ ਖੇਡਣ ਚਲਾ ਗਿਆ। ਸ਼ਿਕਾਰ ਖੇਡਣ ਲਈ ਇਹ ਸਮਾਂ ਬਿਲਕੁਲ ਢੁਕਵਾਂ ਸੀ ਕਿਉਂਕਿ ਇਹਨੀ ਦਿਨੀਂ ਕਣਕਾਂ ਤਾਜੀਆਂ ਹੀ ਵੱਢੀਆ ਹੋਈਆਂ ਸਨ। ਇਸ ਸਮੇਂ ਸੈਹੇ ਕਾਫ਼ੀ ਗਿਣਤੀ ਵਿਚ ਮਿਲ ਜਾਂਦੇ ਸਨ। ਮੈਨੂੰ ਪਤਾ ਹੀ ਨਾ ਲੱਗਿਆ ਕਦੋਂ ਫੁੱਫੜ ਵੀ ਨਾਲ ਆ ਰਲ਼ਿਆ। ਅਸੀਂ ਅਜੇ ਗੱਲਾਂ ਕਰ ਹੀ ਰਹੇ ਸਾਂ ਕਿ ਅਚਾਨਿਕ ਇਕ ਝਾੜੀ ਵਿਚੋਂ ਖ਼ਰਗੋਸ਼ ਬਾਹਰ ਨੂੰ ਭੱਜਾ। ਵੱਡਾ ਸ਼ਿਕਾਰੀ ਕੁੱਤਾ ਬੜੀ ਤੇਜੀ ਨਾਲ ਉਹਦੇ ਪਿਛੇ ਦੌੜਾ। ਤੇਜੀ ਨਾਲ ਭੱਜਣ ਵਾਲਾ ਸੈਹਾ ਮਾਦਾ ਸੀ। ਉਹ ਸੀ ਗਰਭਵਤੀ। ਮੇਰੇ ਦੇਖਦਿਆਂ ਹੀ ਉਹਦੇ ਗਰਭ ਵਿਚੋਂ ਰੂੰਆ ਵਰਗੇ ਬੱਚੇ ਨਿਕਲ ਪਿਛੇ ਡਿਗਣ ਲੱਗੇ। ਪਿਛਲੇ ਕੁੱਤੇ ਦੰਦਾਂ ਨਾਲ ਉਹਨਾਂ ਨੂੰ ਦਬੋਚਦੇ ਰਹੇ। ਮੇਰਾ ਫੁੱਫੜ ਖੁਸ਼ੀ ਨਾਲ ਤਾੜੀਆ ਮਾਰਦਾ, ਖ਼ਰਮਸਤੀਆ ਕਰਦਾ ਕੁੱਤਿਆਂ ਨੂੰ ਹੱਲਾ ਸ਼ੇਰੀ ਦੇ ਰਿਹਾ ਸੀ।

ਭੂਆ ਨੇ ਸਾਰੀ ਉਮਰ ਉਸ ਘਰ ਵਿਚ ਦੁਖਾਂਤ ਹੀ ਭੋਗਿਆ। ਆਪਣੇ ਚਾਰਾਂ ਪੁੱਤਰਾਂ ਕਾਰਣ ਉਹਨੇ ਸਬਰ ਦਾ ਪੱਲਾ ਫੜ ਲਿਆ। ਜ਼ਰਾ ਵੀ 'ਸੀ' ਨਾ ਕਰਦੀ ਤੇ ਨਾਂ ਹੀ ਕਦੇ ਉਹਨੇ ਸਾਡੇ ਘਰ ਆ ਕੋਈ ਸਹੁਰੇ ਘਰ ਦਾ ਉਲਾਹਮਾ ਦਿੱਤਾ ਸੀ। ਮੇਰਾ ਬਾਪ ਅਕਸਰ ਭੂਆ ਦੇ ਦੁਖਾਂਤ ਬਾਰੇ ਘਰ 'ਚ ਗੱਲਾਂ ਬਾਤਾਂ ਕਰਦਾ ਸੀ। ਉਹ ਪੜ੍ਹਿਆ ਲਿਖਿਆ ਸਕੂਲ ਅਧਿਆਪਕ ਸੀ ਤੇ ਸਾਰੀਆਂ ਸਥਿਤੀਆਂ ਨੂੰ ਵਾਚਦਾ ਸੀ। ਮੂੰਹ ਤੇ ਹਮੇਸ਼ਾਂ ਗੱਲ ਕਹਿਣ ਵਾਲੇ ਮੇਰੇ ਬਾਪ ਨੂੰ ਫੁੱਫੜ ਪਸੰਦ ਨਹੀਂ ਸੀ ਕਰਦਾ। ਉਹਨਾਂ ਦਿਨਾਂ ਵਿਚ ਭੂਆ ਨਾਲ ਇਕ ਬਹੁਤ ਵੱਡਾ ਹਾਦਸਾ ਵਾਪਰ ਗਿਆ। ਉਹ ਵੇਲਣੇ 'ਚ ਗੰਨੇ ਲਗਾ ਰਹੀ ਸੀ ਕਿ ਉਹਦੇ ਵਾਲ ਵੀ ਗੰਨਿਆ ਸਮੇਤ ਵੇਲਣੇ ਵਿਚ ਆ ਗਏ। ਬਲਦ ਕਿਥੋਂ ਖੜਨ ਵਾਲੇ ਸਨ। ਨਾਂ ਕਿਸੇ ਨੂੰ ਇਸ ਗੱਲ ਦਾ ਪਤਾ ਲੱਗਾ। ਪਲਾਂ ਵਿੱਚ ਹੀ ਭੂਆ ਦੀ ਖੋਪੜੀ ਦਾ ਉਪਰ ਵਾਲਾ ਮਾਸ ਸਮੇਤ ਵਾਲ ਅਲੱਗ ਹੋ ਗਿਆ। ਭੂਆ ਨੂੰ ਖੌਰੇ ਕਿੰਨੀ ਪੀੜ ਹੋਈ ਹੋਵੇਗੀ। ਇਸ ਹਾਦਸੇ ਬਾਰੇ ਸੋਚ ਮੈਂ ਅੱਜ ਵੀ ਭਾਵੁਕ ਹੋ ਜਾਂਦਾ ਹਾਂ। ਜਦੋਂ ਵਾਲ ਅਤੇ ਮਾਸ ਦਾ ਲੋਥੜਾ ਮੇਰੇ ਬਾਪ ਅਤੇ ਬਾਬੇ ਨੇ ਦੇਖਿਆ ਉਹ ਧਾਹਾਂ ਮਾਰ ਮਾਰ ਰੋਏ। ਮੈਂ ਉਦੋਂ ਛੋਟਾ ਸਾਂ ਪਰ ਮੈਨੂੰ ਵੀ ਉਹ ਇਕ ਚੁੰਨੀ 'ਚ ਬੰਨਿਆ ਛੋਟਾ ਢੇਰ ਦਿਖਾਇਆ ਗਿਆ ਸੀ। ਅਸੀਂ ਕੀ ਕਰ ਸਕਦੇ ਸਾਂ? ਉਦੋਂ ਡਾਕਟਰੀ ਦੀਆਂ ਇੰਨੀਆਂ ਸਹੂਲਤਾਂ ਵੀ ਨਹੀਂ ਸਨ। ਜੇ ਅੱਜ ਦਾ ਸਮਾਂ ਹੁੰਦਾ ਉਹ ਮਾਸ ਤੇ ਵਾਲ ਸਿਰ 'ਤੇ ਫਿੱਟ ਹੋ ਜਾਣੇ ਸਨ। ਫਿਰ ਮੇਰੀ ਭੂਆ ਦਾ ਨਾਂ ਗੰਜੀ ਭੂਆ' ਪੈ ਗਿਆ। ਮੌਤ ਤੱਕ ਉਸ ਨੇ ਆਪਣਾ ਇਹ ਦੁਖਾਂਤ ਜਰ ਲਿਆ। ਫੁੱਫੜ ਦੀਆਂ ਗਾਲਾਂ ਖਾਂਦੀ, ਧੱਕੇਸ਼ਾਹੀ ਸਹਿੰਦੀ, ਸਿਰ ਨੂੰ ਸਾਂਭਦੀ ਮੂੰਹ ਕਦੇ ਨਾ ਕੂੰਦੀ। ਫੁੱਫੜ ਨੂੰ ਭੂਆ ਦੀ ਅਜਿਹੀ ਹਾਲਤ ਤੇ ਜ਼ਰਾ ਤਰਸ ਨਾ ਆਇਆ। ਬਲਦਾਂ ਦੀਆਂ ਪਰੇਣੀਆਂ ਉਹ ਭੂਆ ਦੇ ਪਿੰਡੇ ਤੇ ਵੀ ਵਰਾਉਂਦਾ ਰਿਹਾ ਸੀ। ਭੂਆ ਦੇ ਦੂਜੇ ਨੰਬਰ ਵਾਲਾ ਮੁੰਡਾ ਬੂਰਾ ਮੈਨੂੰ ਕਦੇ ਨਾ ਭੁੱਲਿਆ। ਇਕ ਵਾਰ ਮੈਂ ਭੂਆ ਦੇ ਘਰ ਗਿਆ। ਉਹਨਾਂ ਸੈਹੇ ਦਾ ਮੀਟ ਮੇਰੇ ਲਈ ਬਣਾਇਆ। ਮੈਂ ਵੀ ਘਰ ਦੀ ਕੱਢੀ ਦੇਸੀ ਸ਼ਰਾਬ ਦਾ ਇਕ ਹਾੜਾ ਲਾ ਲਿਆ। ਉਧਰ ਭੂਆ ਦੀ ਚੀਕ ਮੇਰੇ ਕੰਨੀ ਪਈ। ਫੁੱਫੜ ਉਹਨੂੰ ਕੁੱਟ ਰਿਹਾ ਸੀ। ਮੇਰੇ ਦੇਖ ਦਿਆਂ ਹੀ ਬੂਰਾ ਉੱਠਿਆ ਉਹਨੇ ਬਾਪ ਦੇ ਹੱਥੋਂ ਪਰੈਣ ਖੋਹ ਫੁੱਫੜ ਦੀ ਪਿੱਠ ਸੇਕ ਦਿੱਤੀ। ਉਸ ਦਿਨ ਮੈਨੂੰ ਪੂਰਾ 'ਹੀਰੋ' ਤੋਂ ਘੱਟ ਨਾ ਲੱਗਿਆ। ਮੈਂ ਉਹਨੂੰ ਫੁੱਫੜ ਤੋਂ ਉਪਰ ਦਾ ਕੋਈ 'ਸੂਰਮਾ' ਸਮਝਣ ਲੱਗ ਪਿਆ। ਪਿੰਡ ਆ ਮੈਂ ਆਪਣੇ ਬਾਪ ਨੂੰ ਸਾਰੀ ਗੱਲ ਦੱਸੀ ਤੇ ਨਾਲ ਹੀ ਕਿਹਾ, "ਭਾਪਾ ਹੁਣ ਭੂਆ ਦਾ ਫ਼ਿਕਰ ਨਾ ਕਰਿਓ।" ਬਾਪ ਦੇ ਅੱਖਾਂ ਵਿਚ ਵੀ ਨਵੀਂ ਰੌਸ਼ਨੀ ਦੇਖੀ। ਬਸ ਫਿਰ ਥੋੜ੍ਹੇ ਦਿਨਾਂ ਬਾਅਦ ਫੁੱਫੜ ਦੇ ਮਰਨ ਦੀ ਹੀ ਖਬਰ ਸਾਨੂੰ ਪਹੁੰਚੀ। ਮੇਰੇ ਲਈ ਫੁੱਫੜ ਭਾਵੇਂ ਪਰਾਇਆ ਖ਼ੂਨ ਸੀ, ਪੁਰਖਾ ਨਹੀਂ ਪਰ ਉਹਦੇ ਅਸਤਿਤਵ ਬਾਰੇ ਲਿਖ ਕੇ ਮੈਨੂੰ ਸਕੂਨ ਮਿਲਿਆ ਹੈ। (**ਸੰਪਰਕ-99145-65255**)

## ਮੇਰੇ ਪੁਰਖੇ ਮੇਰੇ ਰਹਿਬਰ /-ਨਿਰਮਲ ਨਿੰਮਾ ਲੰਗਾਹ

ਆਪਣੇ ਪੁਰਖਿਆ ਭਾਵ ਜੱਦੀ ਪੁਸ਼ਤੀ ਬੰਸਾਂਵਲੀ ਬਾਰੇ। ਆਪਣੇ ਦਾਦੇ ਪੜਦਾਦੇ ਤੇ ਅੱਗੋਂ ਉਨ੍ਹਾਂ ਦੇ ਵੱਡੇ ਵਡੇਰਿਆਂ ਬਾਰੇ ਲਿਖਣਾ। ਡੂੰਘੀਆਂ ਜੜ੍ਹਾਂ ਲੱਭ ਕੇ ਆਪਣੇ ਪਿੱਤਰਾਂ ਦੀਆਂ। ਉਨ੍ਹਾਂ ਦੀ ਉਸ ਪੁਰਾਤਨ ਸਮੇਂ ਅਨੁਸਾਰ ਜੀਵਨ ਸ਼ੈਲੀ ਤੇ ਵਿਭਿੰਨ ਸਮਾਜਿਕ, ਆਰਥਿਕ, ਸਭਿਆਚਾਰਕ ਆਦਿ ਵਰਤਾਰਿਆਂ ਬਾਰੇ ਅਪਣਾਏ ਦ੍ਰਿਸ਼ਟੀਕੋਣਾ ਦੀ ਆਲੋਚਨਾਤਮਕ ਚਰਚਾ ਕਰਨੀ। ਕਾਰਜ ਏ ਬੜਾ ਔਖਾ, ਭਾਵੁਕ ਤੇ ਖੋਜ਼ ਭਰਪੂਰ। ਫੇਰ ਵੀ ਮੈਂ ਕੋਸ਼ਿਸ ਕੀਤੀ ਆ ਜਾਨਣ ਦੀ। ਪਈ ਜੋ ਵੀ ਅੱਜ ਮੈਂ ਹਾਂ। ਹਰ ਮਨੁੱਖ ਦੀ ਤਰ੍ਹਾਂ। ਜਿੰਨੇ ਕੁ ਪ੍ਰਭਾਵਿਤ ਕੀਤਾ ਮੇਰੇ ਪੁਰਖਿਆ ਨੂੰ ਮੇਰੀ ਸ਼ਖ਼ਸੀਅਤ ਨੂੰ। ਜੀਵਨ ਸ਼ੈਲੀ ਨੂੰ।

ਇਹ ਮਾਣ ਵਾਲੀ ਗੱਲ ਹੈ। ਸਾਡੀ ਪੀੜ੍ਹੀ ਦੇ ਲੋਕ ਜਾਣਦੇ ਨੇ ਆਪਣੇ ਦਾਦੇ, ਪੜਦਾਦੇ ਦੇ ਨਾਮ। ਨਵੀਨ ਪੀੜ੍ਹੀ ਤਾਂ ਖਿੱਚ ਧੂਹ ਕੇ ਪੁੱਜਦੀ ਏ ਮਸੀਂ ਦਾਦੇ ਦੇ ਨਾਂ ਤੱਕ ਹੀ। ਉਨ੍ਹਾਂ ਕੋਲ ਵਕਤ ਈ ਕਿੱਥੇ ਆ ਇਹ 'ਫਾਲਤੂ' ਗੱਲਾਂ ਜਾਨਣ ਲਈ। ਉਹ ਗਲ੍ਹ ਗਲ੍ਹ ਡੁੱਬੇ ਤੇ ਖੁੱਭੇ ਪਏ ਨੇ। ਇਸ਼ਕ ਹੋਵੇ ਖਾਨਦਾਨੀ ਮਰਿਯਾਦਾ ਨਾਲ। ਲਗਨ ਹੋਵੇ ਆਪਣੇ ਵਜ਼ੂਦ ਦੇ ਮੁੱਢਲੇ ਸੋਰਕਾਰਾਂ ਨੂੰ ਪਹਿਚਾਨਣ ਦੀ। ਫੇਰ ਈ ਫੱਟਦੀ ਏ ਲਗਨ ਆਪਣੇ ਪੁਰਾਤਨ ਵਿਰਸੇ ਨੂੰ ਜਾਨਣ ਦੀ।

ਵਿਗਿਆਨਕ ਪੱਖੋਂ ਵੱਡਾ ਹੱਥ ਹੁੰਦਾ ਏ ਸਾਡੇ ਪੁਰਖਿਆਂ ਦਾ। ਸਾਡੀ ਸ਼ਖ਼ਸੀਅਤ ਨੂੰ ਨਿਖਾਰਨ ਲਈ, ਉਸਾਰਨ ਲਈ। ਇਹ ਸਭ ਅਚੇਤ ਰੂਪ ਵਿੱਚ ਕੁਦਰਤੀ ਵਰਤਾਰੇ ਵਜੋਂ ਜਾਂਦਾ ਏ ਵਾਪਰੀ। ਪੀੜ੍ਹੀ ਦਰ ਪੀੜ੍ਹੀ ਜੀਨਜ ਨਰ ਤੇ ਮਾਦਾ ਦੇ। ਜਾਂਦੇ ਨੇ ਖ਼ੂਨ ਵਿੱਚ ਸਮੋਈ। ਇਹ ਕਿਰਿਆ ਪਸ਼ੂ, ਪੰਛੀਆਂ, ਬਨਸਪਤੀ ਤੇ ਹੋਰ ਜੀਵਨ ਪ੍ਰਾਣੀਆਂ ਵਿੱਚ ਵੀ ਵਾਪਰਦੇ ਏ ਬਰਾਬਰ। ਏਨਾਂ ਜੀਨਜ਼ ਦੀ ਹੁੰਦੀ ਰਹਿੰਦੀ ਏ ਟਰਾਂਸਫਰਮੇਸ਼ਨ ਵੀ। ਜਦੋਂ ਵਿਆਹੀ ਜਾਂਦੀ ਏ ਇੱਕ ਪਰਿਵਾਰ ਦੀ ਕੁੜੀ ਦੂਜੇ ਵਿੱਚ। ਦੂਜੇ ਖਾਨਦਾਨ ਦੀ ਤੀਜੇ ਵਿੱਚ। ਸਾਂਝੇ ਹੁੰਦੇ ਨੇ ਸਾਡੇ ਵਿੱਚ ਜੀਨਸ ਮਾਂ ਬਾਪ ਦੇ। ਏਨ੍ਹਾਂ ਵਿਚ ਜੱਦੀ ਪੁਸ਼ਤੀ ਸਾਂਝੇ ਗੁਣ ਔਗੁਣ ਹੁੰਦੇ ਨੇ ਦਾਦੇ ਵੱਲੋਂ ਵੀ, ਨਾਨੇ ਨਾਨੀ ਵੱਲੋਂ ਵੀ। ਕਿਸੇ ਵੀ ਮੁੰਡੇ ਕੁੜੀ ਦਾ ਚਰਿਤਰ ਹੋਣਾ ਵਿਭਿੰਨ ਕਿਸਮ ਦਾ। ਸਮਾਜਿਕ, ਆਰਥਿਕ ਆਦਿ ਵਰਤਾਰਿਆਂ ਬਾਰੇ ਚੇਤਨ ਜਾਂ ਪਹੁੰਚ। ਮਹਾਂਦਰੇ, ਨਕਸ਼ ਨੈਣ ਕੱਦ ਬੁੱਤ, ਸੁਭਾਅ, ਸ਼ਖ਼ਸੀਅਤ ਆਦਿ ਕਰਦੇ ਨੇ ਨਿਰਭਰ ਜੀਨਜ ਤੇ ਹੀ।

ਗੱਲ ਕਰਾਂ ਆਪਣੇ ਪੁਰਖਿਆ ਦੀ। ਪੜਦਾਦੇ ਤੱਕ ਈ ਮਹਿਦੂਦ ਏ ਮੇਰੀ ਜਾਣਕਾਰੀ। ਦਾਦਾ ਸੀ ਮੇਰਾ ਬੂਟਾ ਸਿੰਘ। ਦਾਦੇ ਦਾ ਪਿਓ ਭਾਵ ਮੇਰਾ ਪੜਦਾਦਾ ਸੀ ਸੰਤਾ ਸਿੰਘ। ਕੋਈ ਪਤਾ ਨਹੀਂ ਮੈਨੂੰ ਇਸਤੋਂ ਪਿੱਛੇ ਵੱਲ। ਹਾਂ ਸਪੱਸ਼ਟ ਏ ਐਹ ਹਕੀਕਤ। ਹੋਣਗੇ ਉਹ ਵੀ ਪੰਜਾਬੀ ਸਭਿਆਚਾਰ ਵਿੱਚ ਵਿਚਰਦੇ ਹੋਰ ਪੰਜਾਬੀਆਂ ਵਰਗੇ ਈ। ਸਧਾਰਨ ਮਿਹਨਤੀ ਕਿਸਾਨ। ਕੋਈ ਰਾਜੇ, ਮਹਾਂਰਾਜੇ ਜਾਂ ਅਮੀਰ, ਜਗੀਰਦਾਰ ਨਹੀਂ। ਸੱਚੀ ਕਿਰਤ ਕਮਾਈ ਕਰਕੇ ਖਾਣ ਪੀਣ ਵਾਲੇ ਪੇਂਡੂ ਜੱਟ।

ਵੱਡਾ ਹੱਥ ਏ ਮੇਰੇ ਪੁਰਖਿਆ ਦਾ। ਮੇਰੀ ਦਿੱਖ ਤੇ ਸੋਚ ਸਮਝ ਨੂੰ ਉਸਾਰਨ ਵਿੱਚ। ਅੱਜ ਜੋ ਵੀ ਮੈਂ ਹਾਂ। ਜੋ ਪਿੱਛੇ ਰਿਹਾਂ ਜਾਂ ਅੱਗੋ ਹੋਵਾਂਗਾ। ਇਹ ਸਭ ਹੋਇਐ ਉਨ੍ਹਾਂ ਦੀ ਬਦੌਲਤ ਤੇ ਅਗੋਂ ਵੀ ਵਾਪਰੇਗਾ।

ਮੇਰੇ ਦਾਦੇ ਬੂਟਾ ਸਿੰਘ ਦੇ ਪਿਤਾ ਸੰਤ ਸਿੰਘ ਨੂੰ। ਬਾਗ ਤੇ ਰੁੱਖ ਬੂਟੇ ਲੌਣ ਦਾ ਵੱਡਾ ਸੌਂਕ ਸੀ। ਦੋ ਢਾਈ ਸਦੀਆਂ ਪਹਿਲਾਂ ਸਾਡੇ ਪਿੰਡ ਵਿਚ। ਵਿਰਲਾਂ ਈ ਹੋਊ ਕੋਈ ਰੁੱਖ ਬੂਟਾ। ਫ਼ਲਦਾਰ ਬੂਟੇ ਤਾਂ ਉੱਕਾ ਨੀ ਹੋਣਗੇ। ਇਕੋ ਇਕ ਹੈ ਸੀ ਪੁਰਾਣਾ ਬੂਟਾ ਬੋਹੜ ਦਾ। ਬੁੱਢਾ ਬੇਸੁਰਾ ਤੇ ਖਾਦੜ ਜਿਆ। ਪਿੰਡ 'ਚ ਸਵੇਰੇ

ਸਾਮੀ ਪੰਛੀ ਨਾ ਗਾਉਂਦੇ ਹੋਣ। ਨੈਣਾਂ ਨੂੰ ਨਸਿਆਉਂਦੀ ਹਰਿਆਵਲ ਨਾ ਹੋਵੇ। ਸਾਵਣ ਮਹੀਨੇ ਗਾਉਂਦੀ ਨਾ ਹੋਵੇ ਕੋਇਲ। ਪੈਲਾਂ ਨਾ ਪਾਉਂਦੇ ਹੋਣ ਮੋਰ। ਉਹ ਪੰਜਾਬ ਦਾ ਪਿੰਡ ਨਹੀਂ ਹੋਵੇਗਾ। ਸਹਾਰਾ ਦੇ ਮਾਰੂਥਲ ਦੇ ਟਿੱਬੇ ਜਿਹਾ। ਰੁੱਖਾਂ ਬਗੈਰ ਹੋਊ। ਜ਼ਿੰਦਗੀ ਉਜਾੜ ਬੀਆਬਾਨ ਵਰਗੀ। ਸੰਤਾ ਸਿੰਘ ਦੀ ਰੂਹ ਨੂੰ ਟੁੰਬਿਆ ਹੋਊ ਰੱਕੜ, ਬੰਜ਼ਰ ਤੇ ਰਸਹੀਣ ਵਾਤਾਵਰਣ ਨੇ, ਦਿਲ 'ਚ ਖਾਹਸ ਪੈਦਾ ਹੋਈ ਕੁਝ ਕਰਨ ਦੀ।

ਉਨ੍ਹਾਂ ਦੀ ਰੀਸੇ ਹੋਰ ਕਿਸਾਨਾ ਵੀ ਲਾਏ ਨਿੱਕੇ ਵੱਡੇ ਬਾਗ਼। ਹੋਰ ਰੁੱਖ ਬੂਟੇ ਵੀ ਲਾਏ। ਵਾਤਾਵਰਣ ਹੋ ਗਿਆ ਹੁਸੀਨ। ਸਵੇਰੇ ਸ਼ਾਮੀ ਪੰਛੀ ਗਾਉਂਦੇ ਮਿੱਠੇ ਗੀਤ। ਸੰਤਾ ਸਿੰਘ ਤੋਂ ਸ਼ੌਕ ਲੱਗਾ ਮੇਰੇ ਦਾਦਾ ਜੀ ਨੂੰ। ਬਾਗ਼ ਤੇ ਪੌਦੇ ਲੌਣ ਦਾ। ਦਾਦਾ ਬੂਟਾ ਸਿੰਘ ਬੜੇ ਪੜੇ ਲਿਖੇ ਆਲਮ ਫਾਜ਼ਲ ਮਨੁੱਖ ਸਨ ਉਹ ਉਰਦੂ ਅੰਗਰੇਜ਼ੀ, ਪੰਜਾਬੀ, ਫਾਰਸੀ ਆਦਿ ਭਾਸਾਵਾਂ ਦੇ ਚੰਗੇ ਗਿਆਤਾ ਸਨ। ਉਹ 'ਕੱਲੇ ਕਾਰੇ ਮਾਲਕ ਸਨ 40 ਏਕੜ ਜ਼ਮੀਨ ਦੇ।

ਦਾਦਾ ਜੀ ਵਿਆਹ ਕੇ ਲਿਆਏ ਮੇਰੀ ਦਾਦੀ ਨੂੰ। ਬਾਰ ਦੇ ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰਬਰ ਸਤਾਰਾਂ ਚੋਂ। ਜੰਞ ਗਈ ਟਰੇਨ ਤੇ। ਅਖਰੋਟ ਦੀ ਲੱਕੜ ਦਾ ਲੋਹਜੜ ਸੰਦੂਕ ਆਇਆ ਦਾਜ ਵਿਚ। ਇਸ ਨੂੰ ਰੱਖਿਆ ਮੈਂ ਸੰਭਾਲ ਕੇ ਹੁਣ ਵੀ। ਦਾਦਾ ਜੀ ਨੇ ਬੈਂਕ, ਡਾਕ ਵਿਭਾਗ, ਫੌਜ਼ੀ ਰਸਾਲੇ ਆਦਿ ਵਿੱਚ ਕੀਤੀ ਨੌਕਰੀ। ਪਰ ਜ਼ਮੀਨ ਦੀ ਸੰਭਾਲ ਕਾਰਨ ਛੱਡ ਆਉਂਦੇ ਰਹੇ। ਦਾਦਾ ਜੀ ਦੇ ਹੋਏ ਦੋ ਮੁੰਡੇ। ਇਕ ਮੇਰੇ ਪਿਤਾ ਸੇਵਾ ਸਿੰਘ ਤੇ ਚਾਚਾ ਹਰਬੰਸ ਸਿੰਘ। ਤਿੰਨ ਕੁੜੀਆਂ (ਮੇਰੀਆਂ ਭੂਆ) ਸਨ। ਉਸ ਜ਼ਮਾਨੇ ਦੇ ਹਿਸਾਬ। ਉਨ੍ਹਾਂ ਸਾਰੇ ਬੱਚਿਆਂ ਨੂੰ ਪੜਾਇਆ। ਉਹ ਖੇਤੀ ਨਹੀਂ ਕਰਦੇ ਸਨ। ਦੋ ਤਗੜੀਆਂ ਮੱਝਾਂ ਰੱਖਦੇ। ਜ਼ਮੀਨ ਦੇ ਛੱਡਦੇ ਠੇਕੇ ਤੇ। ਸ਼ੌਕ ਨਾਲ ਪਾਲ਼ਿਆ ਦੋਵਾਂ ਮੁੰਡਿਆ ਨੂੰ। ਦਾਦਾ ਜੀ ਦਾ ਸੁਭਾਅ ਬੜਾ ਸ਼ਾਂਤ, ਮਿੱਠਾ ਤੇ ਮਿਲਾਪੜਾ ਸੀ। ਮਹੀਨੇ ਕਦੇ ਦੋ ਜਾਂ ਤਿੰਨ ਮਹੀਨੇ ਪਿਛੋਂ। ਮੱਸਿਆ ਜਾਂਦੇ ਅੰਮ੍ਰਿਤਸਰ। ਉਥੋਂ ਲੈ ਆਉਂਦੇ ਆਪਣੀ ਪਸੰਦ ਦੀਆਂ ਕਿਤਾਬਾਂ। ਜਦੋਂ ਮੈਂ ਹੋਸ਼ ਸੰਭਾਲੀ। ਘਰ ਵਿੱਚ ਹੀਰ ਵਾਰਸ, ਬੁੱਲ੍ਹੇ ਸ਼ਾਹ, ਕਾਦਰ ਯਾਰ, ਪੀਲੂ, ਭਾਈ ਵੀਰ ਸਿੰਘ, ਨਾਨਕ ਸਿੰਘ, ਪ੍ਰੀਤਲੜੀ ਆਦਿ ਦੀਆਂ ਰਚਨਾਵਾਂ ਮੌਜੂਦ ਸਨ। ਏਹੀ ਕਾਰਨ ਆ ਮੈਂ ਛੋਟੀ ਉਮਰ ਵਿੱਚ ਈ ਪੜ੍ਹਨ ਲੱਗ ਪਿਆ ਸਾਹਿਤ।

ਮਰਨ ਤੱਕ ਦਾਦਾ ਜੀ। ਆਪ ਵੀ ਲਉਂਦੇ ਰਹੇ ਰੁੱਖ। ਦੂਜੇ ਲੋਕਾਂ ਨੂੰ ਵੀ ਕਰਦੇ ਰਹੇ ਉਤਸ਼ਾਹਿਤ। ਪੜ੍ਹਦੇ ਰਹੇ ਸਾਹਿਤ। 80 ਸਾਲ ਦੀ ਉਮਰ ਵਿੱਚ ਵੀ। ਉਨ੍ਹਾਂ ਦੀ ਨਜ਼ਰ ਬੜੀ ਤੇਜ਼ ਸੀ। ਉਹ ਕੋਈ ਦਿਲਚਸਪੀ ਨਹੀਂ ਸੀ ਲੈਂਦੇ। ਘਰੇਲੂ ਕੰਮਾਂ ਵਿੱਚ। ਜੋ ਕਰੇ ਦਾਦੀ ਕਰੇ। ਉਨ੍ਹਾਂ ਤੋੜਕੇ ਮੇਰੇ ਦਿਮਾਗ਼ ਚੋਂ ਜ਼ਾਤ ਪਾਤ ਦੇ ਵਿਤਕਰੇ ਨੂੰ। ਮੇਰੇ ਲਈ ਬਣਾ ਦਿੱਤਾ ਜੀਵਨ ਬੜਾ ਸੌਖਾ, ਸਹਿਜ ਤੇ ਅਗਾਂਹ ਵਧੂ।

ਮੇਰੀ ਦਾਦੀ ਤੇਜ਼ ਕੌਰ। ਬੜੀ ਜਵੇ ਵਾਲੀ ਤੇ ਗੁੱਸੇ ਖੋਰ ਔਰਤ ਸੀ। ਘਰ ਦਾ ਅਸਲੀ ਧੁਰਾ ਉਹੀ ਸੀ। ਮੁੰਡੇ ਵੀ ਉਸ ਤੋਂ ਭੈਅ ਖਾਂਦੇ। ਨੂੰਹਾਂ ਰੱਖਦੀ ਦਬਕੇ ਹੇਠ। ਕੁਸਕਣ ਨਾ ਦਿੰਦੀ ਭੋਰਾ ਵੀ। ਮਾਮੂਲੀ ਗਲਤੀ ਤੋਂ ਗਾਲ੍ਹਾਂ ਕੱਢਦੀ, ਮੰਦਾ ਬੋਲਦੀ। ਉਂਝ ਅੰਮ੍ਰਿਤ ਛਕਿਆ ਸੀ। ਦੋ ਵੇਲੇ ਕਰਦੀ ਪਾਠ ਵੀ। ਚੜ੍ਹੀ ਰਹਿੰਦੀ ਤੀਰਥਾਂ ਦੀ ਯਾਤਰਾਂ ਤੇ। ਗਰੀਬਾਂ ਨੂੰ ਦੇ ਕੇ ਪੈਸੇ, ਵਿਆਜ਼ ਲੈਂਦੀ ਮਰਜ਼ੀ ਦਾ। ਵਗਾਰ ਵੀ ਕਰਾਉਂਦੀ। ਜ਼ਾਤੀਵਾਦ ਦਾ ਜ਼ਹਿਰ ਡੂੰਘਾ ਫਸਿਆ ਸੀ ਉਸਦੇ ਦਿਮਾਗ਼ ਵਿੱਚ। ਕੀ ਮਜ਼ਾਲ ਕਿਸੇ ਕਾਮੇ ਦੀ। ਕਿ ਹੱਥ ਵੀ ਲਾ ਜਾਏ ਭਾਂਢੇ ਨੂੰ।

ਦਾਦੀ ਵਿੱਚ ਸ਼ਾਹੀ ਕਠੋਰਤਾ ਸੀ। ਵੱਡੇ ਘਰ ਦੀ ਧੀ ਹੋਣ ਦਾ ਗਰੂਰ ਸੀ ਤੇ ਅਭਿਮਾਣ ਸੀ। ਉਸ ਵਰਗੀ ਅੱਖੜ, ਸ਼ਖਤ ਸੁਭਾਅ ਬੇਰਹਿਮ ਤੇ ਅੜਬ ਔਰਤ। ਅੱਜ ਤੱਕ ਨੀਂ ਵੇਖੀ ਮੈਂ ਕਿਤੇ। ਘਰ ਵਿੱਚ ਡਿਕਟੇਟਰਸ਼ਿੱਪ ਚਲਦੀ ਉਸਦੀ। ਘਰ ਦਾ ਖਰਚਾ, ਰਿਸ਼ਤੇਦਾਰਾਂ ਨਾਲ ਮੇਲ ਜੋਲ, ਲੋਕਾਂ ਨਾਲ ਲੈਣ ਦੇਣ ਤੇ ਹੋਰ ਸਾਰੇ ਆਰਥਿਕ ਸਮਾਜਕ ਮਸਲੇ। ਉਹੀ ਨਿਬੇੜਦੀ, ਹੱਲ ਕਰਦੀ। ਘਰ ਦੀ ਕੁੰਜੀ ਬਰਦਾਰ ਸੀ।

ਉਸਦਾ ਫ਼ੈਸਲਾ ਅੰਤਿਮ ਤੇ ਅਟੱਲ ਹੁੰਦਾ।

ਮੇਰੀ ਮਾਂ ਜਸਬੀਰ ਕੌਰ। ਗੋਰੇ ਨਿਛੋਹ ਰੰਗ ਦੀ। ਛਾਂਟਵੇਂ ਸਰੀਰ ਤੇ ਤਿੱਖੇ ਨੈਣ ਨਕਸ਼ਾਂ ਵਾਲੀ। ਬੜੀ ਸੁੰਦਰ ਤੇ ਜਵਾਨ ਔਰਤ ਸੀ। ਮੇਰੀ ਚਾਚੀ ਗਿਆਨ ਕੌਰ ਵੀ ਖ਼ੂਬਸੂਰਤ ਔਰਤ ਸੀ ਕਦੇ। ਮੰਮੀ ਤੇ ਚਾਚੀ ਦੀ ਬੜੀ ਬਣਦੀ ਸੀ। ਦੋਵੇਂ ਹੱਦੋਂ ਵੱਧ ਦੁਖੀ ਸਨ। ਜ਼ਾਲਮ ਸੱਸ ਤੇ ਸ਼ਰਾਬੀ ਪਤੀਆਂ ਤੋਂ। ਮੈਂ ਕਦੇ ਵੀ ਮੰਮੀ ਡੈਡੀ ਜਾਂ ਚਾਚੇ ਚਾਚੀ ਨੂੰ। ਵੇਖਿਆ ਨਾ ਪਿਆਰ ਮੁਹੱਤਬ ਦੀ ਗੱਲ ਕਰਦੇ ਜਾਂ ਹੱਸਦੇ। ਮਜ਼ਾਕ ਕਰਦੇ।

ਜ਼ਮੀਨ ਦੇ ਲਾਲਚ ਵਿਚ ਉਨ੍ਹਾਂ ਦੇ ਮਾਪਿਆ ਨੇ। ਕੂੰਜਾਂ ਵਰਗੀਆਂ ਕੁੜੀਆਂ ਧੱਕ ਦਿੱਤੀਆਂ ਸਨ ਨਰਕ ਵਿੱਚ। ਦੋਵਾਂ ਦਾ ਕੋਈ ਇੱਜ਼ਤ ਮਾਣ ਜਾਂ ਕਦਰ ਨਹੀਂ ਸੀ ਘਰ ਵਿੱਚ। ਨੌਕਰਰਾਣੀਆਂ ਵਰਗਾ ਕੀਤਾ ਜਾਂਦਾ ਸਲੂਕ। ਉਨ੍ਹਾਂ ਦੀ ਹਰੇਕ ਰੀਝ ਤੇ ਚਾਅ ਨੂੰ। ਕੁਚਲ ਦਿੱਤਾ ਜਾਂਦਾ। ਦੋਵੇਂ ਇਕ ਤਰ੍ਹਾਂ ਕੈਦੀ ਸਨ ਘਰ ਵਿਚ, ਮਰਦਾਂ ਦੀ ਅੰਨ੍ਹੀ ਹਵਸ ਦੀਆਂ ਸ਼ਿਕਾਰ। ਹਰ ਵਕਤ ਡਰੀਆਂ ਤੇ ਸਹਿਮੀਆਂ ਰਹਿੰਦੀਆਂ। ਘਰ ਦੇ ਸ਼ਰਾਬੀ ਮਹੌਲ ਨੇ ਜਕੜਿਆ ਹੋਇਆ ਸੀ, ਆਪਣੇ ਨਿਰਦਈ ਪੰਜਿਆ ਵਿਚ ਦੋਵਾਂ ਨੂੰ। ਸਿਰਫ ਦਾਦਾ ਜੀ ਕਰਦੇ ਸਨ ਪਿਆਰ।

ਉਨ੍ਹਾਂ ਦਾ ਕੰਮ ਸੀ ਘਰ ਸੰਭਾਲਣਾ। ਰੋਟੀਆਂ ਪਕਾਉਣੀਆਂ ਅੱਧੀ ਅੱਧੀ ਰਾਤ ਤੱਕ। ਸ਼ਰਾਬੀਆਂ ਦੀਆਂ, ਪਰਿਵਾਰ ਤੇ ਨੌਕਰਾਂ ਦੀਆਂ। ਉਨ੍ਹਾਂ ਦਾ ਕੀਤਾ ਜਾਂਦਾ ਜਬਰੀ ਸਰੀਰਕ ਸ਼ੋਸ਼ਣ। ਬੱਚੇ ਪੈਦਾ ਕਰਨਾ ਈ ਉਨ੍ਹਾਂ ਦਾ ਅਹਿਮ ਕਾਰਜ਼ ਹੁੰਦਾ।

ਚਾਚੀ ਦੀ ਅਕਸਰ ਕੁੱਟ ਮਾਰ ਹੁੰਦੀ। ਚਾਚਾ ਠਰਕੀ ਸੀ ਰੰਨਾ ਦਾ। ਕਈ ਪਿੰਡਾਂ ਤੇ ਸ਼ਹਿਰਾਂ ਵਿੱਚ, ਉਸਦੀ ਦੋਸਤੀ ਸੀ ਔਰਤਾਂ ਨਾਲ। ਚਾਚੀ ਗੁੱਸੇ ਨਾਲ ਵੱਧ ਘੱਟ ਬੋਲਦੀ। ਚਾਚਾ ਕੁੱਟ ਸੁਟਦਾ ਛੱਲੀਆਂ ਵਾਂਗ। ਮੰਮੀ ਨਾਲ ਵੀ ਹੁੰਦੀ ਨਾ ਘੱਟ। ਦੋਵੇਂ ਅੰਦਰੇ ਅੰਦਰ ਰੋਂਦੀਆਂ, ਧੁਖਦੀਆਂ ਪਰ ਬੋਲ ਨਾ ਸਕਦੀਆਂ।

ਇਸ ਦਮਘੋਟੂ ਤੇ ਵਹਿਸ਼ੀ ਮਹੌਲ ਦਾ ਨਤੀਜਾ। ਨਿੱਤ ਹੁੰਦੇ ਧੌਲ ਧੱਫ਼ੇ ਤੇ ਗਾਲ ਮੰਦੇ ਦਾ ਖਤਰਨਾਕ ਅਸਰ। ਮੰਮੀ ਜੰਮ ਕੇ ਪੰਜਵਾਂ ਮੁੰਡਾ, ਸਦਾ ਲਈ ਮੰਜੀ ਨਾਲ ਜੁੜ ਗਈ। ਉਹ ਟੀ ਬੀ ਦੀ ਭਿਆਨਿਕ ਬਿਮਾਰੀ ਦੀ ਸ਼ਿਕਾਰ ਹੋ ਗਈ।

ਉਹ ਕਈ ਸਾਲ ਰਹੀ ਅੰਮ੍ਰਿਤਸਰ ਹਸਪਤਾਲ ਦਾਖ਼ਲ। ਮੈਨੂੰ ਇਲਮ ਸੀ ਉਨ੍ਹਾਂ ਬਚਣਾ ਨਹੀਂ। ਮਰ ਚੁੱਕੀ ਸੀ ਉਨ੍ਹਾਂ ਦੀ ਆਤਮਾ ਏਨੇ ਕਸ਼ਟ ਸਹਿ ਕੇ ਵੀ ਉਹ ਕਦੇ ਨਫ਼ਰਤ ਨਾ ਕਰ ਸਕਦੀ ਪਤੀ ਨੂੰ। ਅਖੀਰ 1990 ਵਿਚ ਉਹ ਫੌਤ ਹੋ ਗਈ।

ਮਾਂ ਨੇ ਮੈਨੂੰ ਵੱਡੇ ਗੁਣਾਂ ਨਾਲ ਭਰਪੂਰ ਕੀਤਾ। ਜ਼ਾਤ ਪਾਤ ਦਾ ਵਿਰੋਧ ਕਰਨਾ, ਸੱਚ ਬੋਲਣਾ, ਗਰੀਬ ਗੁਰਬੇ ਦੀ ਮਦਦ ਕਰਨਾ, ਸ਼ਾਂਤ ਰਹਿਣਾ ਤੇ ਵੈਰੀ ਨਾਲ ਵੀ ਪਿਆਰ ਕਰਨਾ। ਔਖੇ ਵੇਲੇ ਲੋੜਵੰਦਾਂ ਦੇ ਕੰਮ ਆਉਣਾ। ਇਹ ਸਾਰੇ ਗੁਣ ਮਿਲੇ ਮੈਨੂੰ ਮਾਂ ਤੋਂ।

ਪਿਤਾ ਸੇਵਾ ਸਿੰਘ ਤੇ ਚਾਚਾ ਹਰਬੰਸ ਸਿੰਘ। ਸਿਰ ਕੱਢਵੇਂ ਜਵਾਨ ਸਨ , ਇਲਾਕੇ ਵਿਚ। ਲੰਮਾਂ ਸਮਾਂ ਪਿਤਾ ਜੀ ਪੱਥਰ ਚੁੱਕਦੇ ਰਹੇ ਮੇਲਿਆ ਵਿੱਚ। ਸ਼ੌਂਕ ਨਾਲ ਪਾਲ਼ੇ ਪੁੱਤ ਮਾਪਿਆਂ ਦੇ। ਡੁੱਬ ਗਏ ਸ਼ਰਾਬ ਦੇ ਸਮੁੰਦਰ ਵਿੱਚ। ਬੁਰੀ ਤਰ੍ਹਾਂ ਵਿਗੜ ਗਏ। ਘਰ ਦਾ ਗੁਜ਼ਾਰਾ ਬੜਾ ਅਸਾਨ ਸੀ। ਆਮਦਨ ਕਾਫ਼ੀ ਹੁੰਦੀ ਸੀ। ਜਦੋਂ ਮੈਂ ਹੋਸ਼ ਸੰਭਾਲੀ ਤਾਂ ਘਰ ਦਾ ਮਹੌਲ ਸ਼ਰਾਬ ਵਿਚ ਡੁੱਬਿਆ ਸੀ। ਹਵੇਲੀ ਵਿਚ ਭੱਠੀਆਂ ਤੇ ਡਰੰਮਾਂ ਨਾਲ ਸ਼ਰਾਬ ਕੱਢ ਰਹੇ ਹੁੰਦੇ ਕਾਮੇ। ਦੇਗਬਾਰ ਵਿਚ ਮੁਰਗੇ ਭੁੱਜਦੇ ਜਾਂ ਬੱਕਰੇ ਦਾ ਮੀਟ ਬਣਦਾ। ਪਾਰੋਂ ਆਏ ਮੁਸਲਮਾਨ ਬਲੈਕਰ, ਬੈਠਕ ਵਿੱਚ ਖਾ ਪੀ ਰਹੇ ਹੁੰਦੇ। ਇਕ ਦੋ ਪਿੰਡ ਦੇ ਵੀ ਨਾਲ ਹੁੰਦੇ।

ਪਿਤਾ ਜੀ ਤੇ ਚਾਚਾ ਬਲੈਕ ਦਾ ਧੰਦਾ ਬਿਲਕੁੱਲ ਨਹੀਂ ਸਨ ਕਰਦੇ। ਉਹ ਕਿੰਨੇ ਵੀ ਸ਼ਰਾਬੀ ਹੁੰਦੇ, ਨੇਮ ਨਾਲ ਤੜਕੇ ਉੱਠਦੇ। ਡੈਡੀ ਲੈ ਕੇ ਕਾਮਿਆਂ ਨੂੰ ਨਾਲ, ਚਾਰ ਹੱਲ੍ਹ ਜੋੜਦੇ ਖੇਤਾਂ ਵਿੱਚ। ਚਾਚਾ ਤੇ ਇੱਕ

ਨੌਕਰ ਕਰਦੇ ਚਾਰੇ ਦਾ ਪ੍ਰਬੰਧ। ਉਨ੍ਹਾਂ ਦੀ ਦੋਸਤੀ ਕੁੱਝ ਬਲੈਕਰਾਂ ਨਾਲ ਵੀ ਸੀ। ਉਹ ਘਰ ਆਏ ਮਹਿਮਾਨਾਂ ਦੀ ਸੇਵਾ ਕਰਦੇ ਸਨ। ਵੇਲੇ ਕੁਵੇਲੇ ਉਨ੍ਹਾਂ ਦਾ ਮਾਲ ਵੀ ਸੰਭਾਲਦੇ ਸਨ।

ਸਕੂਲ ਜਾਣ ਤੋਂ ਪਹਿਲਾਂ ਮੈਂ ਹਵੇਲੀ ਜਾਂਦਾ। ਕੁੱਝ ਅੱਗੇ ਬਣੇ ਬਰਾਂਡੇ ਦੀ ਖੁਰਲੀ ਵਿੱਚ। ਅਫ਼ੀਮ, ਬਦਾਮ, ਕੱਪੜਾ, ਕਾਲੀ ਮਿਰਚ, ਲੌਂਗ, ਇਲਾਚੀਆਂ ਆਦਿ ਦੇ ਢੇਰ ਲੱਗੇ ਹੁੰਦੇ। ਬਾਹਰਲੀ ਖੁਰਲੀ ਤੇ ਬੱਝੀਆਂ ਕੋਤਲ ਘੋੜੀਆਂ। ਖਾ ਕੇ ਨਿਹਾਰੀ ਫੁਰਕੜੇ ਮਾਰਦੀਆਂ। ਏਨਾ ਤੇ ਮੈਂ ਬੜੇ ਹੂਟੇ ਲੈਂਦਾ। ਦੋਵੇਂ ਭਰਾ ਜਦੋਂ ਪੀਣ ਲੱਗਦੇ। ਫੇਰ ਝੜੀ ਲੱਗਦੀ।

ਅਚਾਨਿਕ ਇਕ ਰਾਤ। ਕਤਲ ਹੋ ਗਿਆ ਚਾਚੇ ਦਾ। ਭਰ ਜਵਾਨ ਚਾਚੀ ਰੰਡੀ ਹੋਗੀ। ਪਿਤਾ ਜੀ ਘੋਰ ਉਦਾਸ ਹੋ ਗਏ। ਘਰੇਲੂ ਹਾਲਤਾਂ ਤੇ ਮਾਰੂ ਅਸਰ ਪਿਆ ਤੇ ਖੇਤੀਬਾੜੀ ਤੇ ਵੀ। ਜਿਆਦਾ ਕੰਮ ਤੇ ਭਰਾ ਦੇ ਗਮ ਕਰਕੇ। ਡੈਡੀ ਲੱਗ ਪਏ ਖਾਣ ਅਫ਼ੀਮ। ਵੀਹ ਸਾਲ ਖਾ ਕੇ ਛੱਡ ਦਿੱਤੀ।

ਆਪਣੇ ਪਿਤਾ ਤੇ ਚਾਚੇ ਕਰਕੇ ਵੀ ਮੇਰੇ ਮਨ ਵਿਚੋਂ ਜਾਤ ਪਾਤ ਦਾ ਵਹਿਮ ਟੁੱਟਿਆ। ਮੇਰੇ ਪੁਰਖੇ ਸਾਰੇ ਹੀ ਹਰ ਧਰਮ ਦੇ ਘਰੋਂ ਖੁਸ਼ ਹੋ ਕੇ ਖਾ ਪੀ ਲੈਂਦੇ। ਉਨ੍ਹਾਂ ਦੇ ਦੋਸਤ ਬਹੁਤੇ ਗੈਰ ਸਿੱਖ ਸਨ। ਮੇਰੇ ਪਿਤਾ ਤੇ ਚਾਚੇ ਨੂੰ ਕਮਾਈ ਕਰਨ ਦਾ ਸ਼ੌਂਕ ਰੱਜ ਕੇ ਸੀ ਤੇ ਖਵਾ ਪਿਆ ਛੱਡਦੇ ਯਾਰਾਂ ਬੇਲੀਆਂ ਨੂੰ। ਕਦੇ ਪੈਸੇ ਮੁਕਦੇ। ਰੁੱਖ ਵੇਚ ਦਿੰਦੇ। ਕਈ ਵਾਰ ਪੱਕੀਆਂ ਫਸਲਾਂ ਦੇ ਵੱਟ ਲੈਂਦੇ ਪੈਸੇ। ਖੇਤਾਂ 'ਚ ਖਲੋਤੀਆਂ ਦੇ। ਬੈਂਕ ਤੋਂ ਕਰਜ਼ਾ ਲੈਣੋ ਬੜਾ ਡਰਦੇ, ਝਿਜਕਦੇ। ਮੇਰੇ ਪੁਰਖਿਆ 'ਚੋਂ ਕੋਈ ਵੀ। ਰਾਜਨੀਤੀ ਵਿੱਚ ਨਹੀਂ ਸੀ। 1970 ਦੇ ਆਸ ਪਾਸ ਦੀ ਗੱਲ ਏ। ਜਥੇਦਾਰ ਸੁੱਚਾ ਸਿੰਘ ਲੰਗਾਹ (ਸਾਬਕਾ ਮੰਤਰੀ) ਨੇ ਪਿੰਡ ਦੀ ਮਸੀਤ ਵਿੱਚ। ਛੇ ਸੱਤ ਮੁੰਡਿਆ ਦੀ ਮੀਟਿੰਗ ਕੀਤੀ। ਸਾਨੂੰ ਦੱਸਿਆ ਗਿਆ ਇਨਕਲਾਬ ਬਾਰੇ। ਜਾਣੂ ਕਰਵਾਇਆ ਅਮੀਰੀ ਗਰੀਬੀ ਦੇ ਪਾੜੇ ਤੋਂ। ਕੁੱਝ ਕਿਤਾਬਾਂ ਵੀ ਦਿੱਤੀਆਂ ਪੜ੍ਹਨ ਨੂੰ। ਇਹ ਭਗਤ ਸਿੰਘ, ਸ਼ਰਾਭੇ, ਤੇ ਅਜ਼ਾਦ ਬਾਰੇ ਸਨ।

26 ਜੂਨ ਨੂੰ ਜਦੋਂ ਐਮਰਜੈਸੀ ਲੱਗੀ, ਉਦੋਂ ਤੱਕ ਮੈਂ ਨਕਸਲਬਾੜੀ ਲਹਿਰ ਦਾ ਸਰਗਰਮ ਵਰਕਰ ਬਣ ਚੁੱਕਾ ਸੀ। ਯੂਨੀਵਰਸਿਟੀ ਤੱਕ ਪੜ੍ਹਦਿਆਂ ਮੈਂ ਨਿੱਠ ਕੇ ਕੰਮ ਕੀਤਾ। ਨੌਜਵਾਨ ਭਾਰਤ ਸਭਾ ਤੇ ਪੀ ਐਸ ਯੂ ਵਿਚ।

ਪਿਤਾ ਜੀ ਧਾਲੀਵਾਲ ਸ਼ਹਿਰ ਦੇ ਪ੍ਰਸਿੱਧ ਮਿਸ਼ਨ ਸਕੂਲ ਤੋਂ ਦੱਸਵੀਂ ਪਾਸ ਸਨ। ਪਰ ਉਨ੍ਹਾਂ ਵਿਚ ਪੜ੍ਹਿਆ ਵਾਲਾ ਇਕ ਵੀ ਗੁਣ ਨਹੀਂ ਹੈਗਾ। ਵਾਂ ਵਾਂਗ ਬੜੇ ਗੁੱਸੇ ਖੋਰ ਤੇ ਸਖ਼ਤ ਸੁਭਾ ਦੇ ਸਨ। ਹਰ ਗੱਲ ਨਾਲ ਪੰਜ ਸੱਤ ਗਾਲ੍ਹਾ ਜ਼ਰੂਰ ਕੱਢਦੇ ਸਨ। ਕਿੰਨਾ ਵੀ ਨੁਕਸਾਨ ਹੋਜੇ। ਗੰਭੀਰ ਗਲਤੀ ਕਰ ਲੈਣ। ਸੱਚ ਬੋਲਣੋ ਨਹੀਂ ਟਲਦੇ। ਲੱਖ ਐਬ ਹੋਣ ਦੇ ਬਾਵਜੂਦ ਉਨ੍ਹਾਂ ਮੈਨੂੰ ਖੁਸ਼ ਹੋ ਕੇ ਯੂਨੀਵਰਸਿਟੀ ਤੱਕ ਪੜ੍ਹਾਇਆ। ਇਹ ਆਸ ਕਦੇ ਨਾ ਰੱਖੀ ਕਿ ਨਿੰਮਾ ਕੁੱਝ ਕਮਾ ਕੇ ਵੀ ਦਏਗਾ। ਉਨ੍ਹਾਂ ਜ਼ਿੰਦਗੀ ਭਰ ਯਾਰਾਂ ਦੋਸਤਾਂ ਨੂੰ ਕੋਲੋਂ ਖੁਵਾਇਆ। ਕਿਸੇ ਤੋਂ ਖਾਧਾ ਕਦੇ ਨਹੀਂ। ਸਾਰੀ ਉਮਰ ਸਖ਼ਤ ਮਿਹਨਤ ਕੀਤੀ। ਖੁਦ ਕਮਾਇਆ ਤੇ ਖੁਸ਼ੀ ਨਾਲ ਲੁਟਾਇਆ। ਇਹ ਇਕ ਚੰਗਾ ਗੁਣ ਉਨ੍ਹਾਂ ਤੋਂ ਮੇਰੇ ਵਿਚ ਆਇਆ।

ਮਾਂ ਤੋਂ ਬਗੈਰ ਮੇਰੇ ਰੋਲ ਮਾਡਲ ਬਦਲਦੇ ਰਹੇ ਨੇ। ਪਹਿਲਾਂ ਦਾਦਾ ਜੀ ਰਹੇ। ਉਨ੍ਹਾਂ ਦੇ ਪ੍ਰੇਰਨਾ ਨਾਲ ਮੈਂ ਦੱਸਵੀਂ ਤੱਕ ਜਾਂਦਿਆਂ ਪੰਜਾਬੀ ਦੇ ਸਾਰੇ ਸਾਹਿਤਕਾਰ ਪੜ੍ਹ ਲਏ। ਬਹੁਤ ਸਾਰਾ ਵਿਦੇਸ਼ੀ ਸਾਹਿਤ ਵੀ ਪੜ੍ਹ ਲਿਆ। ਮੇਰੀ ਗੀਤਾਂ ਦੀ ਪੁਸਤਕ ਵੀ ਛਪ ਗਈ। ਦਾਦਾ ਜੀ ਨੇ ਖੁਸ਼ ਹੋ ਇਨਾਮ ਦਿੱਤਾ ਸੌ ਰੁਪਿਆ। ਰੁੱਖਾ ਪੌਦਿਆ ਨਾਲ ਇਸ਼ਕ ਹੋ ਗਿਆ। ਅੱਠਵੀਂ ਤੱਕ ਜਾਂਦਿਆਂ ਪਿਤਾ ਤੋਂ ਦਾਰੂ ਪੀਣ ਦਾ ਝੱਸ ਪੈ ਗਿਆ। ਹੁਣ ਸਭ ਨਸ਼ੇ ਚੱਖ ਕੇ ਵੇਖ ਲਏ। ਕੁੜੀਆਂ ਨਾਲ ਦੋਸਤੀ ਪਾਉਣ ਦਾ ਚਸਕਾ ਲੱਗਾ ਚਾਚੇ ਤੋਂ। ਬਾਕੀ ਸਭ ਗੁਣ ਆਏ ਮਾਂ ਤੋਂ। (**ਸੰਪਰਕ-98552-67822** )

# ਇਨਕਲਾਬੀ ਜੜ੍ਹਾਂ ਦੀ ਤਲਾਸ਼/ - ਜਗਵਿੰਦਰ ਜੋਧਾ

1014 ਦੇ ਦਸੰਬਰ ਮਹੀਨੇ ਦੇ ਤੀਜੇ ਹਫ਼ਤੇ ਦੀ ਉਹ ਸ਼ਾਮ ਆਮ ਨਾਲੋਂ ਵੱਧ ਠੰਢਕ ਵਾਲੀ ਸੀ। ਲੰਮੇ ਸਫ਼ਰ ਤੋਂ ਬਾਦ ਮੈਂ ਹਰਿਦੁਆਰ ਦੇ ਰੇਲਵੇ ਸਟੇਸ਼ਨ ’ਤੇ ਉਤਰਿਆ ਸਾਂ। ਆਪਣੇ ਥੱਕੇ ਲੱਕ ਨੂੰ ਸਿੱਧਾ ਕਰਦਿਆਂ ਮੈਂ ਆਪਣੇ ਦੋਸਤ ਹਿੰਦੀ ਕਵੀ ਸੁਦੀਪ ਗੌਹਰ ਨੂੰ ਦੇਖਿਆ ਜੋ ਇਕ ਦੁਕਾਨ ’ਤੇ ਖੜ੍ਹਾ ਇਕ ਰਸਾਲੇ ਦੇ ਪੰਨੇ ਪਰਤਾ ਰਿਹਾ ਸੀ। ਮੈਨੂੰ ਦੇਖਦਿਆਂ ਹੀ ਉਸਦੀਆਂ ਚੁੰਨ੍ਹੀਆਂ ਅੱਖਾਂ ਰਤਾ ਕੁ ਫੈਲੀਆਂ ਤੇ ਉਹ ਮੂੰਹ ਵਿੱਚੋਂ ਪਾਨ ਵਾਲੀ ਹਵਾ ਦਾ ਭਬੂਕਾ ਛੱਡਦਾ ‘ਰੇ ਭਾਈ’ ਕਹਿ ਕੇ ਮੈਨੂੰ ਲਿਪਟ ਗਿਆ ਸੀ। ਹਰਿਦੁਆਰ ਦੇ ਰੇਲਵੇ ਸਟੇਸ਼ਨ ਦਾ ਮਾਹੌਲ ਭਾਰਤ ਦੇ ਹੋਰ ਸਟੇਸ਼ਨਾਂ ਵਰਗਾ ਹੀ ਹੈ, ਪਰ ਇੱਥੇ ਵੱਡੀ ਗਿਣਤੀ ਵਿਚ ਪੁਰਖਿਆਂ ਦੇ ਰਿਣ ਤੋਂ ਮੁਕਤ ਹੋਣ ਦੀ ਤਸੱਲੀ ਤੇ ਤਣਾਅ ਦੇ ਰਲ਼ੇ-ਮਿਲੇ ਭਾਵਾਂ ਨਾਲ ਢਕੇ ਚਿਹਰੇ ਆਸ ਪਾਸ ਦਿਖਾਈ ਦਿੰਦੇ ਸਨ। ਸੁਦੀਪ ਦੇ ਸਕੂਟਰ ਪਿੱਛੇ ਬੈਠਾ ਮੈਂ ਹਰਿਦੁਆਰ ਸ਼ਹਿਰ ਦੀਆਂ ਉਦਾਸ ਜਿਹੀਆਂ ਗਲੀਆਂ ਤੇ ਬਾਜ਼ਾਰਾਂ ਨੂੰ ਦੇਖ ਰਿਹਾ ਸਾਂ। ਮੇਰੇ ਮਨ ਵਿਚ ਅੰਗਰੇਜ਼ੀ ਫਿਲਮ ‘ਦੀ ਕੁਐਸਟ’ ਦਾ ਮੁੱਖ ਪਾਤਰ ‘ਸਟੈਨਲੇ’ ਵਾਰ ਵਾਰ ਆ ਰਿਹਾ ਸੀ ਜੋ ਮੈਡਰਿਡ ਤੋਂ ਆਪਣੇ ਪੁਰਖਿਆਂ ਦੀ ਕਬੀਲਾਈ ਜੀਵਨ-ਸ਼ੈਲੀ ਦੇਖਣ ਸੀਰੀਆ ਆਉਂਦਾ ਹੈ। ਸੁਦੀਪ ਗੌਹਰ ਦੀ ਪਤਨੀ ਰਾਗਣੀ ਦੇ ਬਣਾਏ ਚਾਹ-ਪਕੌੜੇ ਖਾਂਦਿਆਂ ਤੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦਿਆਂ ਵੀ ਮੇਰੇ ਮਨ ਵਿਚ ਅਜੀਬ ਜਿਹਾ ਸੰਸਾ ਖਟਕਦਾ ਰਿਹਾ ਸੀ। ਮੈਂ ਉਸ ਇਤਿਹਾਸ ਦੇ ਲੁਕੇ ਹੋਏ ਆਖਰੀ ਹਿੱਸੇ ਨੂੰ ਜਾਨਣ ਦੀ ਕਾਹਲ ਤੇ ਉਤੇਜਨਾ ਵਿਚ ਸਾਂ ਜਿਸਨੂੰ ਜਾਣ ਕੇ ਇਕ ਤਸੱਲੀ ਤੇ ਮਾਣ ਦੀ ਭਾਵਨਾ ਰਤਾ ਗੂੜ੍ਹੀ ਹੋਣ ਤੋਂ ਬਿਨਾਂ ਕੁਝ ਨਹੀਂ ਸੀ ਸੌਰਨਾ।

ਸੁਦੀਪ ਮੈਨੂੰ ਪਿਛਲੇ ਸਾਲ ਦਿੱਲੀ ਵਿਚ ਸਾਹਿਤ ਅਕਾਦਮੀ ਦੇ ਯੁਵਾ ਕਾਵਿ ਸੰਮੇਲਨ ਵਿਚ ਮਿਲਿਆ ਸੀ। ਪਹਿਲੀ ਨਜ਼ਰੇ ਉਹ ਕਵੀ ਨਾਲੋਂ ਜ਼ਿਆਦਾ ਲੁਧਿਆਣੇ ਦਾ ਪੂਰਬੀਆਂ ਮਜ਼ਦੂਰ ਜਾਪਦਾ ਸੀ ਜੋ ਵਾਲ਼ਾਂ ਨੂੰ ਤੇਲ ਨਾਲ ਚੋਪੜ ਕੇ ਦੇਸ ਜਾਣ ਲਈ ਤਿਆਰ ਹੋਇਆ ਹੋਵੇ। ਅਸੀਂ ਦੋਵੇਂ ਹੋਟਲ ਦੇ ਇੱਕੋ ਕਮਰੇ ਵਿਚ ਰਹੇ ਤੇ ਦੇਰ ਰਾਤ ਤੱਕ ਰੱਜ ਕੇ ਗੱਲਾਂ ਕੀਤੀਆਂ। ਫੋਨ ਨੰਬਰ ਵਟਾ ਲਏ ਤੇ ਸੁਦੀਪ ਨੇ ਮੈਨੂੰ ਕਦੇ ਹਰਿਦੁਆਰ ਆਉਣ ਦਾ ਸੱਦਾ ਦਿੱਤਾ। ਮੇਰੇ ਮਨ ਵਿਚ ਵੀ ਹਰਿਦੁਆਰ ਜਾ ਕੇ ਆਪਣੇ ਪੁਰਖਿਆ ਵਿੱਚੋਂ ਸਭ ਤੋਂ ਅਹਿਮ ਬੰਦੇ ਬਾਰੇ ਜਾਨਣ ਦੀ ਇੱਛਾ ਉਸਲਵੱਟੇ ਲੈਣ ਲੱਗੀ ਸੀ। ਇਸ ਸਾਲ ਦਸੰਬਰ ਦੀਆਂ ਛੁੱਟੀਆਂ ਵਿਚ ਮੈਂ ਜੱਕੋ ਤੱਕੀ ਛੱਡ ਕੇ ਆਖਿਰ ਹਰਿਦੁਆਰ ਆ ਪੁੱਜਾ ਸਾਂ ਸੁਦੀਪ ਤੇ ਰਾਗਣੀ ਦਾ ਮਹਿਮਾਨ ਬਣਿਆ ਹੋਇਆ ਸਾਂ। ਦੋਵਾਂ ਨੇ ਅੰਤਰ-ਜਾਤੀ ਵਿਆਹ ਕਰਾਇਆ ਸੀ। ਸੁਦੀਪ ਝੀਂਬਰ ਜਾਤੀ ਦਾ ਸੀ ਤੇ ਰਾਗਣੀ ਕਾਇਸਥਾਂ ਦੀ ਕੁੜੀ। ਇਕ ਟ੍ਰੈਕਿੰਗ ਅਕੈਡਮੀ ਵਿਚ ਦੋਵਾਂ ਦਾ ਇਸ਼ਕ ਹੋਇਆ ਸੀ ਤੇ ਦੋਵੇਂ ਲਖਨਾਊ ਤੋਂ ਭੱਜ ਕੇ ਹਰਿਦੁਆਰ ਆ ਗਏ ਸਨ। ਰਾਗਣੀ ਬਾਲਵਾੜੀ ਵਿਭਾਗ ਵਿਚ ਪੱਕੀ ਸਰਕਾਰੀ ਮੁਲਾਜ਼ਮ ਸੀ ਤੇ ਸੁਦੀਪ ਕਿਸੇ ਅਖ਼ਬਾਰ ਵਿਚ ਉਪ-ਸੰਪਾਦਕ। ਦੋਵਾਂ ਦੀ ਜ਼ਿੰਦਗੀ ਘੱਟੋ-ਘੱਟ ਸਰੋਤਾਂ ਦੇ ਬਾਵਜੂਦ ਬਹੁਤ ਸਾਰੇ ਚਾਵਾਂ ਤੇ ਸੁਪਨਿਆਂ ਦਾ ਅਜਾਇਬ ਘਰ ਜਾਪਦੀ ਸੀ।

ਸੁਦੀਪ ਤੇ ਰਾਗਣੀ ਦੇ ਦੋ ਕਮਰਿਆਂ ਦੇ ਘਰ ਦੇ ਇਕ ਕਮਰੇ ਵਿਚ ਲੇਟਿਆ ਮੈਂ ਆਪਣੇ ਹੁਣ ਤਕ ਦੀ ਉਮਰ ਦੇ ਕਈ ਪਹਿਲੂਆਂ ਬਾਰੇ ਸੋਚਦਾ ਰਿਹਾ। ਮੈਨੂੰ ਯਾਦ ਆਇਆ ਕਿ ਮੈਂ ਆਪਣੇ ਦਾਦੇ ਤੇ ਉਹਦੇ ਭਰਾ ਨੂੰ ਹੀ ਚੰਗੀ ਤਰ੍ਹਾਂ ਦੇਖਿਆ ਸੀ। ਮੇਰੀ ਸੁਰਤ ਸੰਭਲਣ ਤੋਂ ਪਹਿਲਾਂ ਪੜਦਾਦੀ ‘ਇੰਦੀ’ ਦੀ ਮੌਤ ਹੋ ਚੁੱਕੀ ਸੀ। ਉਹਦੇ ਬਾਰੇ ਸੁਣਿਆ ਸੀ ਕਿ ਉਹ ਬੜੀ ਦਲੇਰ ਔਰਤ ਸੀ ਤੇ ਘਰ ਵਾਲੇ ਦੇ ਘਰੋਂ ਚਲੇ ਜਾਣ ਤੋਂ

ਬਾਅਦ ਸ਼ਰੀਕਾਂ ਤੋਂ ਜ਼ਮੀਨ ਤੇ ਡੰਗਰ ਬਚਾਉਣ ਲਈ ਉਹਨੇ ਕਮਰਕੱਸਾ ਮਾਰ ਕੇ ਡਾਂਗ ਫੜ ਲਈ ਸੀ। ਮੇਰਾ ਦਾਦਾ ਜਾਗਰ ਤੇ ਉਹਦਾ ਵੱਡਾ ਭਰਾ ਨਾਜਰ ਮੇਰੇ ਜਵਾਨ ਹੋਣ ਤਕ ਜਿਉਂਦੇ ਰਹੇ ਸਨ। ਦੋਵਾਂ ਦਾ ਸੰਤੋਖ ਤੇ ਸਾਂਝੀ-ਸੁਰ ਮਸ਼ਹੂਰ ਸੀ। ਜਵਾਨੀ ਵੇਲੇ ਉਹ ਜਲੰਧਰੋਂ ਗਾਡਰ ਲੈਣ ਗਏ ਸਨ। ਸੱਤ ਰੁਪਏ ਦੇ ਗਾਡਰ ਲਈ ਤਿੰਨ ਰੁਪਏ ਰੇਹੜੀ ਵਾਲੇ ਨੂੰ ਕਿਰਾਇਆ ਦੇਣਾ ਉਨ੍ਹਾਂ ਨੂੰ ਬਿਲਕੁਲ ਨਾਜਾਇਜ਼ ਲੱਗਾ ਸੀ। ਦੋਵਾਂ ਨੇ ਗਾਡਰ ਅੱਗੋਂ-ਪਿੱਛੋਂ ਸਿਰ 'ਤੇ ਧਰਿਆ ਤੇ ਛੇ ਕੁ ਘੰਟਿਆਂ 'ਚ ਪਿੰਡ ਆ ਵੜੇ ਸਨ। ਵੱਡਾ ਬਾਬਾ ਨਾਜਰ ਛੜਾ ਰਹਿ ਗਿਆ ਸੀ। ਅੱਧੀ ਜ਼ਮੀਨ ਉਸਦੇ ਨਾਂ ਲੱਗੀ ਹੋਈ ਸੀ। ਪਿੰਡ ਦੇ ਕਈ ਬੰਦੇ ਉਸਨੂੰ ਰਿਸ਼ਤਾ ਕਰਾਉਣ ਜਾ ਯੂ. ਪੀ. ਤੋਂ ਤੀਵੀਂ ਲਿਆ ਦੇਣ ਦੀਆਂ ਗੱਲਾਂ ਕਰਦੇ ਰਹੇ ਸਨ ਪਰ ਨਾਜ਼ਰ ਨੇ ਜ਼ਮੀਨ ਸਾਂਝੀ ਰੱਖਣ ਲਈ ਛੋਟੇ ਭਰਾ ਦੇ ਪਰਿਵਾਰ ਨੂੰ ਹੀ ਆਪਣਾ ਮੰਨ ਲਿਆ ਸੀ। ਇਸੇ ਕਰਕੇ ਪਰਿਵਾਰ ਦੇ ਲੈਣ ਦੇਣ ਸਮੇਂ ਉਸਨੂੰ ਅੱਗੇ ਰੱਖਿਆ ਜਾਂਦਾ ਸੀ। ਜਵਾਨੀ ਸਮੇਂ ਉਹ ਬਾਦਮਾਸ਼ਾਂ ਨਾਲ ਰਿਹਾ ਸੀ ਤੇ ਵੰਡ ਤੋਂ ਪਹਿਲਾਂ ਲਾਹੌਰ, ਗੁਜਰਾਂਵਾਲੇ ਤੇ ਸ਼ੇਖੂਪੁਰੇ ਦੇ ਇਲਾਕਿਆਂ ਵਿਚ ਕੀਤੀਆਂ ਵਾਰਦਾਤਾਂ ਦੀ ਉਸ ਕੋਲ ਲੰਮੀ ਤੇ ਰੌਚਕ ਜਾਣਕਾਰੀ ਸੀ। ਉਸਨੇ ਸਾਡੇ ਲਾਗਲੇ ਪਿੰਡ ਰੁੜਕੀ ਤੋਂ ਜ਼ਮੀਨ ਦੇ ਕਿਸੇ ਝਗੜੇ ਕਾਰਨ ਬਲਦਾਂ ਦੀ ਦਰਸ਼ਨੀ ਜੋਗ ਖੋਹ ਲਈ ਸੀ ਤੇ ਮੀਆਂਵਾਲੀ ਲਿਜਾ ਕੇ ਵੇਚ ਦਿੱਤੀ ਸੀ। ਬਦਮਾਸ਼ੀ ਵੇਲੇ ਦੀ ਉਸਦੀ ਵਾਕਫ਼ੀ ਮੁਰੱਬੇਬੰਦੀ ਵੇਲੇ ਕੰਮ ਆ ਗਈ ਸੀ। ਪਿੰਡ ਦੀ ਨਿਆਈਂ ਦੇ ਸੱਤ ਕਿੱਲੇ ਜਿਨ੍ਹਾਂ ਦੀ ਕੀਮਤ ਬਾਰ੍ਹਾਂ ਆਨੇ ਸੀ ਉਸਨੇ ਚਾਰ ਆਨੇ ਵਾਲੇ ਇੱਕੀ ਕਿੱਲਿਆਂ ਵਿਚ ਵਟਾ ਲਏ ਸਨ। ਇਸ ਤਰ੍ਹਾਂ ਉਹਨੇ ਆਪਣੇ ਭਰਾ ਦੇ ਪਰਿਵਾਰ ਦਾ ਭਵਿੱਖ ਸੁਰੱਖਿਅਤ ਕਰ ਦਿੱਤਾ ਸੀ। ਇਹ ਗੱਲ ਬਾਬਾ ਨਾਜਰ ਕੁੜਮਾ ਦਾਰੀ ਵਿਚ ਮਾਣ ਨਾਲ ਛਾਤੀ ਫੁਲਾ ਕੇ ਸੁਣਾਉਂਦਾ ਸੀ। ਰੌਲ਼ਿਆਂ ਵੇਲੇ ਉਸਨੇ ਹਦੀਆਬਾਦ ਤੋਂ ਇਕ ਮੁਸਲਮਾਨ ਔਰਤ ਉਧਾਲ ਲਿਆਂਦੀ ਸੀ, ਪਰ ਆਪਣੇ ਭਰਾ ਦੇ ਰਿਸ਼ਤੇ ਵਿਚ ਇਹ ਗੱਲ ਕਿਤੇ 'ਦੱਦ' ਵਾਂਗ ਨਾ ਲੱਗ ਜਾਵੇ, ਇਸ ਦੇ ਡਰੋਂ ਉਸ ਔਰਤ ਨੂੰ ਅਗਾਂਹ ਤੋਰ ਦਿੱਤਾ ਸੀ। ਸਾਰੇ ਉਸਨੂੰ ਤਾਇਆ ਨਾਜਰ ਕਹਿੰਦੇ ਸਨ। ਘਰ ਦੀ ਹਰ ਗੱਲ ਵਿਚ ਤਾਏ ਦਾ ਪੂਰਾ ਦਖ਼ਲ ਸੀ। ਮੰਡੀ ਵਿਚ ਢੇਰੀ ਕੀਤੀ ਜਿਨਸ ਦੀ ਰਖਵਾਲੀ ਉਸਦਾ ਜ਼ਿੰਮਾ ਸੀ। ਜਿਨਸ ਦੀ ਤੁਲਾਈ ਵੇਲੇ ਬਾਬਾ ਜਾਗਰ ਪਹੁੰਚ ਜਾਇਆ ਕਰਦਾ ਸੀ। ਨਾਜਰ ਦਾ ਦਾਅਵਾ ਸੀ ਕਿ ਉਸਨੇ ਜੇਲ੍ਹ ਵਿਚ ਕਿਸੇ ਮਲੰਗ ਕੋਲੋਂ ਕੋਈ 'ਮੰਤਰ' ਲੈ ਲਿਆ ਸੀ, ਜਿਸ ਨਾਲ ਉਹ ਕਈ ਬਿਮਾਰੀਆਂ ਦੀ ਝਾੜ-ਫੂਕ ਕਰਦਾ ਰਹਿੰਦਾ ਸੀ।

ਛੋਟਾ ਬਾਬਾ ਜਾਗਰ ਉਸਦੇ ਮੁਕਾਬਲੇ ਠਿਗਣੇ ਕੱਦ ਦਾ ਤੇ ਤੇਜ਼ ਤਰਾਰ ਸੁਭਾ ਵਾਲਾ ਸੀ। ਜਵਾਨੀ ਵੇਲੇ ਉਹ ਭਲਵਾਨ ਰਿਹਾ ਸੀ। ਭਲਵਾਨੀ ਕਰਦਿਆਂ ਉਸ ਬਾਰੇ ਮਸ਼ਹੂਰ ਸੀ ਕਿ ਉਹ ਆਪਣੇ ਕੱਦ-ਬੁੱਤ ਕਰਕੇ ਵਿਰੋਧੀ ਭਲਵਾਨ ਨੂੰ ਬੇਫਿਕਰ ਹੋ ਲੈਣ ਦਿੰਦਾ ਤੇ ਜਦੋਂ ਵਿਰੋਧੀ ਇਸ ਅਹਿਸਾਸ ਕਰਕੇ ਅਸਾਨੀ ਨਾਲ ਹੱਥ ਪਾਉਂਦਾ ਤਾਂ ਬਾਬਾ ਅੱਖ ਦੇ ਫੋਰ ਵਿਚ ਉਹਨੂੰ ਚਿੱਤ ਕਰ ਦਿੰਦਾ। ਭਲਵਾਨੀ ਛੱਡ ਕੇ ਕਰਾਏ ਵਿਆਹ ਤੋਂ ਬਾਬੇ ਦੇ ਤਿੰਨ ਪੁੱਤਰਾਂ ਤੇ ਦੋ ਧੀਆਂ ਦੀ ਵੱਡੀ ਕਬੀਲਦਾਰੀ ਸੀ। ਪੈਸੇ ਦਾ ਲੈਣ ਦੇਣ ਉਸ ਕੋਲ ਹੀ ਸੀ ਤੇ ਬਾਬਾ ਜਾਗਰ ਇਸ ਅਧਿਕਾਰ ਦੀ ਵਰਤੋਂ ਬਹੁਤ ਕੰਜੂਸੀ ਨਾਲ ਕਰਦਾ ਸੀ। ਉਹ ਸਾਰਾ ਦਿਨ ਖੇਤੀ ਦੇ ਕੰਮਾਂ ਵਿਚ ਰੁੱਝਿਆ ਰਹਿੰਦਾ ਤੇ ਕਿਰਸ ਨਾਲ ਜੀਣ ਦੇ ਤਰੀਕੇ ਨੂੰ ਉਪਦੇਸ਼ ਵਾਂਗ ਦੁਹਰਾਉਂਦਾ ਰਹਿੰਦਾ। ਉਸਦੇ ਕੁੜਤੇ ਦੀ ਜੇਬ ਵਿਚ ਸੌ ਸੌ ਤੋਂ ਲੈ ਕੇ ਛੋਟੇ ਨੋਟਾਂ ਤਕ ਇਕ ਮੋਟੀ ਤਹਿ ਲਿਫਾਫਿਆਂ ਵਿਚ ਲਪੇਟ ਕੇ ਪਾਈ ਹੁੰਦੀ ਜਿਸ ਉਪਰੋਂ ਇਕ ਮੈਲ਼ੇ ਜਿਹੇ ਰੁਮਾਲ ਦੀਆਂ ਕਈ ਗੰਢਾਂ ਮਾਰੀਆਂ ਹੁੰਦੀਆਂ। ਉਨ੍ਹਾਂ ਗੰਢਾਂ ਦਾ ਖੁੱਲ੍ਹਣਾ ਤੇ ਵਿੱਚੋਂ ਪੈਸਿਆਂ ਦਾ ਨਿਕਲਣਾ ਕਿਸੇ ਕਿਸਮਤ ਵਾਲੇ ਨੇ ਹੀ ਦੇਖਿਆ ਹੋਵੇਗਾ। ਕਈ ਵਾਰ ਕਿਸੇ ਡੰਗਰ ਨੂੰ ਵੇਚਣ ਜਾਂ ਸਰਦੀਆਂ ਮੌਕੇ ਵਾਧੂ ਰੱਖੀ ਕਣਕ ਵੇਚਣ ਤੋਂ ਬਾਅਦ ਪੈਸੇ ਫੜ ਕੇ ਉਸ ਗੱਠੜ ਵਿਚ ਤੁੰਨਦਿਆਂ ਮੈਂ ਉਸਨੂੰ ਕਈ ਵਾਰ ਦੇਖਿਆ ਸੀ। ਉਹ ਹਮੇਸ਼ਾ ਲੰਗੋਟ ਪਹਿਨਦਾ ਸੀ ਤੇ

ਜਵਾਨੀ ਵੇਲੇ ਦੀ ਭਲਵਾਨੀ ਦੀ ਭਾਵਨਾ ਇਕ ਯਾਦ ਵਾਂਗ ਹਮੇਸ਼ਾ ਉਸ ਨਾਲ ਰਹਿੰਦੀ ।ਸੌਂਦੇ ਜਾਗਦੇ ਉਸਨੇ ਕਦੇ ਕੁੜਤੇ ਦਾ ਵਸਾਹ ਨਹੀਂ ਸੀ ਖਾਧਾ। ਬਾਬੇ ਦੀ ਇਹ ਇੱਛਾ ਕਿ ਉਸਦੇ ਪੁੱਤਰਾਂ 'ਚੋਂ ਕੋਈ ਭਲਵਾਨ ਬਣੇ ਅਧੂਰੀ ਰਹਿ ਗਈ ਸੀ। ਇਸ ਲਈ ਉਹ ਪੈਸੇ ਦੇ ਮਾਮਲੇ ਵਿਚ ਹੋਰ ਚੀੜ੍ਹਾ ਤੇ ਕੰਜੂਸ ਹੋ ਗਿਆ ਸੀ। ਉਸਦੀ ਇਸੇ ਕੰਜੂਸੀ ਦੀ ਆਦਤ ਕਰਕੇ ਮੇਰੇ ਪਿਤਾ ਦੀ ਪੜ੍ਹਾਈ ਅਧ ਵਿਚਕਾਰ ਰਹਿ ਗਈ ਸੀ। ਜਮਾਤ ਦੇ ਮਨੀਟਰ ਮੇਰੇ ਪਿਤਾ ਨੂੰ ਚੱਜ ਦੇ ਕੱਪੜੇ ਨਾ ਜੁੜਦੇ। ਉਹ ਖੇਤੀ ਦੇ ਕੰਮਾਂ ਤੋਂ ਵਿਹਲਾ ਹੋ ਕੇ ਪ੍ਰਾਥਨਾ ਤੋਂ ਬਾਅਦ ਸਕੂਲ ਪੁੱਜਦਾ। ਉਸ ਕੋਲ ਕਾਪੀਆਂ-ਕਿਤਾਬਾਂ ਦੀ ਹਮੇਸ਼ਾ ਤੰਗੀ ਰਹਿੰਦੀ। ਬਾਬਾ ਚਾਹੁੰਦਾ ਸੀ ਕਿ ਉਸਦਾ ਜੇਠਾ ਪੁੱਤਰ ਯਾਨੀ ਮੇਰਾ ਪਿਤਾ ਪੜ੍ਹਾਈ ਛੱਡ ਕੇ ਉਸਦਾ ਹੱਥ ਵਟਾਵੇ। ਅੱਕ ਕੇ ਮੇਰੇ ਪਿਤਾ ਨੇ ਹਲ਼ ਦੀ ਹੱਥੀ ਫੜ ਲਈ ਤੇ ਆਪਣੇ ਜਮਾਤੀਆਂ ਵਿੱਚੋਂ ਕਈਆਂ ਨੂੰ ਮਾਸਟਰ ਲੱਗੇ ਦੇਖਦਿਆਂ ਜਵਾਨੀ ਗੁਜ਼ਾਰ ਦਿੱਤੀ। ਜਦੋਂ ਉਸਦੇ ਜਮਾਤੀ ਆਪਣੇ ਨਵੇਂ ਸਾਈਕਲਾਂ 'ਤੇ ਸਵਾਰ ਹੋ ਕੇ ਪੋਚਵੀਂਆਂ ਪੱਗਾਂ ਬੰਨ੍ਹ ਕੇ ਪਰੈੱਸ ਕੀਤੀਆਂ ਪੈਂਟਾਂ ਕਮੀਜ਼ਾਂ ਪਾਈ ਪੜ੍ਹਾਉਣ ਜਾਂਦੇ ਤਾਂ ਉਹ ਸੜਕ ਦੇ ਕੋਲ ਬਾਬੇ ਤੋਂ ਅਗਲੇ ਹਲ਼ ਲੱਗਾ ਵਾਹੀ ਜ਼ਮੀਨ ਦੇ ਸਿਆੜਾਂ ਵੱਲ ਦੇਖ ਕੇ ਅੱਖਾਂ ਵਿਚ ਆਈ ਸਿੱਲ੍ਹ ਨੂੰ ਪੂੰਝ ਰਿਹਾ ਹੁੰਦਾ। ਛੋਟੀ ਉਮਰੇ ਕੀਤੇ ਵਿਆਹ ਨੇ ਉਸਨੂੰ ਇਸ ਦਲਦਲ ਵਿਚ ਲੱਕ ਲੱਕ ਫਸਾ ਦਿੱਤਾ ਸੀ। ਇਸ ਘੁਟਨ ਦਾ ਇਕ ਸਿਰਾ ਸਾਂਝੇ ਪਰਿਵਾਰ ਲਈ ਸਾਰਾ ਦਿਨ ਜੂੜ ਮਾਰਦੀ ਮੇਰੀ ਮਾਂ ਦੀ ਮਿਹਨਤ ਨਾਲ ਵੀ ਜੁੜਿਆ ਹੋਇਆ ਸੀ। ਉਹ ਗੁਰਦੁਆਰੇ ਵਿਚ ਪਾਠੀ ਦੀ ਆਵਾਜ਼ ਸੁਣ ਕੇ ਉੱਠਦੀ ਤੇ ਦੁੱਧ ਰਿੜਕਣ, ਚੋਣ, ਰੋਟੀਆਂ ਦਾਲ੍ਹਾਂ ਬਣਾਉਣ ਤੇ ਭਾਂਡੇ ਕੱਪੜੇ ਧੋਂਦਿਆਂ ਅੱਧੀ ਰਾਤ ਤਕ ਸੁਰਖ਼ਰੂ ਹੁੰਦੀ। ਮੇਰੇ ਮਾਤਾ-ਪਿਤਾ ਦੀ ਨਿਰਭਰਤਾ ਉਸ ਖ਼ਾਨਦਾਨੀ ਜ਼ਮੀਨ 'ਤੇ ਕੀਤੀ ਜਾਣ ਵਾਲੀ ਮੁਸ਼ੱਕਤ 'ਤੇ ਹੀ ਸੀ ਜੋ ਬਾਬੇ ਤੇ ਉਸਦੇ ਭਰਾ ਦੇ ਨਾਂ ਸੀ। ਵੱਖ ਹੋਣ ਦੀ ਸੂਰਤ ਵਿਚ ਇਸ ਜ਼ਮੀਨ ਨਾਲੋਂ ਟੁੱਟ ਕੇ ਨਿਰਬਾਹ ਦਾ ਕੋਈ ਹੋਰ ਸਾਧਨ ਹੀ ਨਹੀਂ ਸੀ। ਇਸ ਲਈ ਉਹ ਦੋਵੇਂ ਜੀਅ ਮਨ ਮਾਰ ਕੇ ਵੱਡੇ ਸਾਂਝੇ ਟੱਬਰ ਦਾ ਬੋਝ ਢੋਣ ਲਈ ਬੇਵਸ ਸਨ।

ਮੈਨੂੰ ਯਾਦ ਆਇਆ ਕਿ ਲਗਾਤਾਰ ਮੁਸ਼ੱਕਤ ਨਾਲ ਜੁੜੇ ਦਾਦਕੇ ਪਰਿਵਾਰ ਨੇ ਸਾਕਾਚਾਰੀ ਬਾਰੇ ਵਚਿੱਤਰ ਤਰ੍ਹਾਂ ਦੀ ਉਦਾਸੀਨਤਾ ਧਾਰ ਲਈ ਸੀ। ਨਾ ਕੋਈ ਉਨ੍ਹਾਂ ਦੇ ਆਉਂਦਾ, ਨਾ ਉਹ ਕਿਸੇ ਦੇ ਜਾਂਦੇ। ਦਾਦੇ ਤੇ ਉਸਦੇ ਭਰਾ ਨੂੰ ਉਨ੍ਹਾਂ ਦੇ ਨਾਨਕਿਆਂ ਤੋਂ ਪੈਸੇ ਦੇ ਮਾਮਲੇ 'ਚ ਕਦੇ ਕੋਈ ਧੋਖਾ ਮਿਲਿਆ ਸੀ। ਇਸ ਲਈ ਦਾਦੇ ਨੇ ਆਪਣੇ ਸਹੁਰੇ ਪਰਿਵਾਰ ਤੇ ਸਾਂਢੂਆਂ ਨਾਲ ਵੀ ਕੋਈ ਸਾਂਝ ਨਹੀਂ ਸੀ ਰੱਖੀ। ਉਸ ਘਰ ਵਿਚ ਇਕ ਅਜੀਬ ਜਿਹੀ ਦੁਨੀਆ ਵਸਦੀ ਸੀ ਜਿਸਦਾ ਬਾਹਰੀ ਦੁਨੀਆ ਨਾਲ ਕੋਈ ਸੰਬੰਧ ਨਹੀਂ ਸੀ ਰਿਹਾ। ਸੂਰਜ ਚੜ੍ਹਨ ਤੋਂ ਲੈ ਕੇ ਤਾਰੇ ਦਿਸਣ ਤਕ ਸਾਰੇ ਲੋਕ ਕਿਸੇ ਨਾ ਕਿਸੇ ਧੰਦੇ ਵਿਚ ਰੁੱਝੇ ਰਹਿੰਦੇ।

ਮੇਰੀ ਮਾਂ ਨੂੰ ਕਦੇ ਕਦੇ ਆਪਣੇ ਪੇਕੇ ਜਾਣ ਦੀ ਖੁੱਲ੍ਹ ਮਿਲੀ ਹੋਈ ਸੀ। ਉਹ ਪੇਕੇ ਜਾਂਦੀ ਤਾਂ ਦਾਦੀ ਕਿਰਾਏ ਦੇ ਪੈਸੇ ਗਿਣ ਕੇ ਮਾਂ ਨੂੰ ਫੜਾ ਦਿੰਦੀ। ਮੈਂ ਤੇ ਮੇਰੀ ਮਾਂ ਨਾਨਕੇ ਘਰ ਪਹੁੰਚਦੇ ਤਾਂ ਮੇਰੀ ਨਾਨੀ ਆਪਣੀ ਜੇਠੀ ਧੀ ਦੇ ਮਿਹਨਤ ਨਾਲ ਸਖ਼ਤ ਹੋ ਗਏ ਹੱਥ ਦੇਖ ਕੇ ਹੰਝੂ ਵਹਾਉਂਦੀ। ਮੇਰੀ ਕਮਜ਼ੋਰ ਸਿਹਤ ਨੂੰ ਖੁਰਾਕ ਦੀ ਕਮੀ ਨਾਲ ਜੋੜ ਕੇ ਦੇਖਦੀ ਤੇ ਪੂਰਾ ਨਾਨਕਾ ਪਰਿਵਾਰ ਮੇਰੇ ਦਾਦਕਿਆਂ ਨੂੰ ਦੱਸਦਾ।

ਮੇਰੀਆਂ ਛੋਟੀਆਂ ਦੋ ਮਾਸੀਆਂ ਜਲੰਧਰ ਛਾਉਣੀ ਨੇੜੇ ਇਕ ਪਿੰਡ ਵਿਚ ਦੋ ਸਕੇ ਭਰਾਵਾਂ ਨੂੰ ਵਿਆਹੀਆਂ ਹੋਈਆਂ ਸਨ। ਥੋੜ੍ਹੀ ਜ਼ਮੀਨ ਕਾਰਨ ਉਹ ਦੋਵੇਂ ਭਰਾ ਵਾਰੀ-ਵਾਰੀ ਦੁਬਈ ਜਾਂਦੇ ਤੇ ਉੱਥੋਂ ਆਏ ਮਜ਼ਦੂਰੀ ਦੇ ਪੈਸਿਆਂ ਨਾਲ ਪੂਰੇ ਪਰਿਵਾਰ ਦੇ ਹਿੱਸੇ ਸੁਖਾਵੀਂ ਜ਼ਿੰਦਗੀ ਆਉਂਦੀ ਰਹਿੰਦੀ। ਮਾਸੀਆਂ ਦਾ ਸਹੁਰਾ ਸਰਕਾਰੀ ਝੋਲੀਚੁੱਕ ਨੰਬਰਦਾਰ ਸੀ। ਉਸਦੇ ਬਾਰੇ ਮਸ਼ਹੂਰ ਸੀ ਕਿ ਸ਼ਰਾਬ ਚਾਹੇ ਪਠਾਨਕੋਟ ਵਿਚ ਫੜੀ ਜਾਵੇ ਝੂਠੀ ਗਵਾਹੀ ਉਸਦੀ ਹੀ ਹੁੰਦੀ ਸੀ। ਮੇਰੇ ਨਾਨਕਿਆਂ ਦੇ ਕਾਰ-ਵਿਹਾਰ ਤੇ ਫੈਸਲਿਆਂ ਵਿਚ

ਉਸਦੀ ਪੂਰੀ ਦਖਲਅੰਦਾਜ਼ੀ ਸੀ। ਕਿਸੇ ਸਾਂਝੇ ਦਿਨ-ਤਿਹਾਰ 'ਤੇ ਨੰਬਰਦਾਰ ਆਪਣੀ ਲਿਆਂਦੀ ਸ਼ਰਾਬ ਇਕੱਤਰ ਲੋਕਾਂ ਨੂੰ ਪਿਲਾਉਂਦਾ ਤੇ ਫਿਰ ਮਜਮਾ ਲਾ ਕੇ ਆਪਣੀਆਂ ਗਵਾਹੀਆਂ ਨਾਲ ਲੋਕਾਂ ਦੇ ਕੁਟਾਏ 'ਚਿੱਤੜਾਂ' ਦੇ ਕਿੱਸੇ ਖ਼ੂਬ ਮਸਾਲਾ ਲਾ ਕੇ ਸੁਣਾਉਂਦਾ। ਉਸ ਸਮੇਂ ਮੇਰਾ ਪਿਤਾ ਕਿਸੇ ਕੋਨੇ ਵਿਚ ਬੈਠਾ ਹੁੰਦਾ।

ਕਈ ਵਾਰ ਗਰਮੀਆਂ ਦੀਆਂ ਛੁੱਟੀਆਂ ਵਿਚ ਮੈਂ ਤੇ ਮੇਰੀ ਭੈਣ ਨਾਨਕੇ ਜਾਂਦੇ। ਉੱਥੇ ਮਾਸੀਆਂ ਦੇ ਨਿਆਣੇ ਵੀ ਆਏ ਹੁੰਦੇ। ਮੈਂ ਆਪਣੇ ਸੁਭਾ ਅਨੁਸਾਰ ਜੇ ਕੋਈ ਸ਼ਰਾਰਤ ਕਰਦਾ ਤਾਂ ਮੇਰਾ ਨਾਨਾ ਆਪਣੀ ਲੰਮੀ ਚਿੱਟੀ ਦਾੜ੍ਹੀ ਪਲੋਸਦਾ ਤੇ ਸਿਰੀ ਸਾਹਿਬ ਵਾਲੇ ਗਾਤਰੇ ਨੂੰ ਸੂਤ ਕਰਦਿਆਂ ਗੁੱਸੇ ਨਾਲ ਲਾਲ ਹੋਈ ਆਪਣੀ ਇਕਲੌਤੀ ਅੱਖ ਕੱਢਦਾ ਗਾਹਲਾਂ ਦਿੰਦਾ,

"ਉਇ! ਕੁੜੀ ਯਾਵ੍ਹਿਆ ਰੰਗੜ੍ਹਾ, ਆ ਹਟ ਜਾਹ ਰੰਗੜ੍ਹਾਂ ਵਾਲੇ ਕੰਮਾਂ ਤੋਂ, ਸਾਲਾ ਰੰਗੜ੍ਹਾਂ ਦੀ ਔਲਾਦ।"

ਮੈਂ ਇਹ ਸੁਣ ਕੇ ਚੁੱਪ ਕਰ ਜਾਂਦਾ। ਮਾਸੀ ਦੇ ਨਿਆਣਿਆਂ ਦੇ ਸ਼ਰਾਰਤਾਂ ਕਰਨ 'ਤੇ ਐਸੇ ਕੋਈ ਸ਼ਬਦ ਸੁਣਨ ਵਿਚ ਨਾ ਆਉਂਦੇ। ਰਾਤ ਨੂੰ ਸੌਣ ਸਮੇਂ ਇਕ ਮਾਤਰ ਪੱਖੇ ਦੇ ਮੂਹਰਲੇ ਮੰਜਿਆਂ 'ਤੇ ਮਾਸੀਆਂ ਦੇ ਜਵਾਕ ਸੌਂਦੇ। ਮੇਰੀ ਵਾਰੀ ਤੀਜੇ ਚੌਥੇ ਮੰਜੇ 'ਤੇ ਆਉਂਦੀ ਜਿੱਥੇ ਹਵਾ ਦੀ ਪਹੁੰਚ ਤੋਂ ਬਾਹਰ ਮੱਛਰ ਬੇਪਰਵਾਹੀ ਨਾਲ 'ਟੀਕੇ' ਲਾਈ ਜਾਂਦਾ।

ਨਾਨੇ-ਨਾਨੀ ਨੂੰ ਆਪਣੇ ਗੁਰਸਿੱਖ ਹੋਣ ਤੇ ਮੇਰੇ ਦਾਦਕਿਆਂ ਦੇ ਸਾਧਾਰਣ ਮਿਹਨਤੀ ਪਰਿਵਾਰ ਹੋਣ ਕਾਰਨ ਇਕ ਨਫ਼ਰਤ ਦੀ ਭਾਵਨਾ ਤਕ ਅੰਤਰ ਦਿਸਦਾ ਸੀ। ਸਿੰਘ-ਸਭਾਈ ਸਿੱਖੀ ਜਿਸਨੇ ਕਿਰਤ ਤਿਆਗ ਕੇ ਭੇਖਾਚਾਰ ਨੂੰ ਵਧੀਆ ਮਨੁੱਖ ਹੋਣ ਦਾ ਪ੍ਰਮਾਣ-ਪੱਤਰ ਸਮਝਿਆ ਸੀ ਇਸੇ ਤਰ੍ਹਾਂ ਦੇ ਵਿਚਾਰਾਂ ਨੂੰ ਵਧਾਉਂਦੀ ਰਹੀ ਹੋਵੇਗੀ। ਨਾਨੇ ਦੇ ਆਪਣੇ ਤਿੰਨੇ ਭਰਾ ਹੁੱਕਾ-ਤਮਾਕੂ ਪੀਣ ਵਾਲੇ ਸਨ। ਉਨ੍ਹਾਂ ਦੇ ਮੁਕਾਬਲੇ ਮੇਰੇ ਦਾਦਕੇ ਪਰਿਵਾਰ ਦੇ ਜੀਣ ਦੇ ਢੰਗ ਤਰੀਕੇ ਨਾਨੇ ਨੂੰ ਜ਼ਿਆਦਾ ਭੈੜੇ ਲਗਦੇ। ਉਸਨੂੰ ਲਗਦਾ ਸੀ ਕਿ ਮੇਰੇ ਦਾਦਕੇ ਪਰਿਵਾਰ ਵਾਲੇ ਲੋਕ ਪੱਛੜੇ ਹੋਏ, ਅਸੱਭਿਅਕ ਤੇ ਬੁਰੇ ਜੀਵਨ-ਮੁੱਲਾਂ ਵਾਲੇ ਹਨ। ਉਹ ਮੇਰੇ ਮਾਤਾ-ਪਿਤਾ ਦੇ ਵਿਆਹ ਨਾਲ ਸੰਬੰਧਿਤ ਕਈ ਘਟਨਾਵਾਂ ਦਾ ਜ਼ਿਕਰ ਕਰਦਾ। ਇਨ੍ਹਾਂ ਵਿਚੋਂ ਸਭ ਤੋਂ ਵੱਧ ਵਾਰ ਇਹ ਸੁਣਾਈ ਜਾਂਦੀ ਕਿ ਮੇਰੇ ਪਿਤਾ ਦੀ ਬਰਾਤ ਵਿਚ ਆਏ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਤਾਂ ਪੈਸਿਆਂ ਨਾਲ ਮੱਥਾ ਟੇਕਿਆ ਸੀ, ਪਰ ਰਾਗੀਆਂ ਨੂੰ ਪੈਸੇ ਨਹੀਂ ਦਿੱਤੇ ਸਨ। ਇਹ ਗੱਲਾਂ ਸੁਣ ਕੇ ਸਾਰੇ ਉੱਚੀ ਉੱਚੀ ਹੱਸਦੇ ਸਨ ਤੇ ਮੈਨੂੰ ਬਹੁਤ ਸ਼ਰਮਿੰਦਗੀ ਦਾ ਸਾਮ੍ਹਣਾ ਕਰਨਾ ਪੈਂਦਾ ਸੀ।

ਇਨ੍ਹਾਂ ਗੱਲਾਂ ਨਾਲ ਮੇਰਾ ਬਾਲਮਨ ਹੀਣਤਾ ਦਾ ਸ਼ਿਕਾਰ ਹੁੰਦਾ ਗਿਆ। ਮੈਂ ਵੱਡਾ ਹੋ ਰਿਹਾ ਸੀ ਤੇ ਆਪਣੇ ਪਰਿਵਾਰਕ ਪਿਛੋਕੜ ਬਾਰੇ ਹੋਰ ਜਾਨਣਾ ਚਾਹੁੰਦਾ ਸਾਂ। ਮੇਰੇ ਪਿਤਾ ਨੇ ਦੱਸਿਆ ਕਿ ਮੇਰਾ ਪੜਦਾਦਾ ਘੁਮੱਕੜ-ਬਿਰਤੀ ਵਾਲਾ ਸੀ। ਉਹਦਾ ਨਾਂ ਪੂਰਨ ਸੀ ਤੇ ਉਹ ਸਾਡੇ ਲੋਕ ਨਾਇਕ ਪੂਰਨ ਵਾਂਗ ਘਰ, ਪਰਿਵਾਰ ਤੇ ਸਮਾਜ ਲਈ ਓਪਰਾ ਮਨੁੱਖ ਸੀ। ਸਾਲ ਵਿਚ ਇਕ-ਦੋ ਵਾਰ ਘਰ ਆਉਂਦਾ ਤੇ ਫਿਰ ਅਚਾਨਕ ਘਰ ਦੀ ਕੋਈ ਚੀਜ਼ ਚੁੱਕ ਕੇ ਗਾਇਬ ਹੋ ਜਾਂਦਾ। ਉਹ ਜਿਵੇਂ ਘਰ ਤੋਂ ਬਦਲਾ ਲੈਣਾ ਚਾਹੁੰਦਾ ਸੀ।

ਫਿਰ ਮੇਰੇ ਪਿਤਾ ਨੇ ਪੂਰਨ ਦੇ ਵੱਡੇ ਭਰਾ ਬਾਬਾ ਦਲੀਪ ਸਿੰਘ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਉਹ 'ਦੇਸ਼ ਭਗਤ' ਸੀ। ਕਾਮਾਗਾਟਾ ਮਾਰੂ ਜਹਾਜ਼ ਦਾ ਮੁਸਾਫ਼ਰ ਸੀ ਤੇ ਉਸ ਜਹਾਜ਼ ਰਾਹੀਂ ਕਨੇਡਾ ਜਾਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਇਹ ਜਾਣਕਾਰੀ ਮੇਰੇ ਦਾਦਕੇ ਪਰਿਵਾਰ ਜਾਂ ਮੇਰੇ ਪਿਤਾ ਲਈ ਸਾਧਾਰਣ ਰਹੀ ਹੋਵੇਗੀ ਪਰ ਮੈਨੂੰ ਆਪਣੇ ਪੁਰਖਿਆਂ ਬਾਰੇ ਮਾਣ ਨਾਲ ਭਰ ਦੇਣ ਲਈ ਥੋੜ੍ਹੀ ਨਹੀਂ ਸੀ। ਜਲੰਧਰ ਐਮ. ਏ. ਕਰਨ ਦੌਰਾਨ ਦੇਸ਼ ਭਗਤ ਹਾਲ ਵਿਚ ਕੰਧਾਂ 'ਤੇ ਦੇਸ਼ ਭਗਤਾਂ ਦੀਆਂ ਤਸਵੀਰਾਂ ਲੱਗੀਆਂ ਦੇਖੀਆਂ ਤਾਂ

ਮੈਨੂੰ ਬਾਬਾ ਦਲੀਪ ਸਿੰਘ ਵੀ ਇਨ੍ਹਾਂ ਵਰਗਾ ਹੀ ਕੋਈ ਜਾਪਿਆ। ਉਨ੍ਹਾਂ ਵਾਂਗ ਹੀ ਜਵਾਨੀ ਪਹਿਰੇ ਅੰਗਰੇਜ਼ਾਂ ਨਾਲ ਲੜਨ ਵਾਲਾ, ਨਵੇਂ ਭਵਿੱਖ ਦੇ ਸੁਪਨਿਆਂ ਨਾਲ ਭਰਿਆ ਤੇ ਚਿੱਟਾ-ਕਾਲਾ ਜਿਹਾ ਕੋਈ ਚਿਹਰਾ ਜੋ ਕਿਸੇ ਕੰਧ 'ਤੇ ਟੰਗਿਆ ਮਿਲੇਗਾ! ਫਿਰ ਮੈਨੂੰ ਪਤਾ ਲੱਗਾ ਕਿ ਉਨ੍ਹਾਂ ਦੇਸ਼ ਭਗਤਾਂ ਦੀਆਂ ਤਸਵੀਰਾਂ ਹੀ ਏਥੇ ਲੱਗਦੀਆਂ ਹਨ, ਜਿਨ੍ਹਾਂ ਦੇ ਪਰਿਵਾਰਾਂ ਵਾਲੇ ਵਿਸ਼ੇਸ਼ ਕੋਸ਼ਿਸ਼ਾਂ ਤੇ 'ਸਹਿਯੋਗ' ਦੇ ਬਹਾਨੇ ਹਾਲ ਨਾਲ ਜੁੜੇ ਰਹਿੰਦੇ ਹਨ। ਮੇਰੇ ਗੁੰਮਨਾਮ ਪੁਰਖੇ ਨੂੰ ਏਥੇ ਕਿਹਨੇ ਪ੍ਰਮਾਣਿਕ ਦੇਸ਼ ਭਗਤ ਮੰਨਣਾ ਹੈ? ਸਾਡੇ ਪਿੰਡ ਦੇ ਇਤਿਹਾਸ ਬਾਰੇ ਕਰਤਾਰ ਸਿੰਘ ਅਰਸ਼ ਦੀ ਇਕ ਕਿਤਾਬ ਪੜ੍ਹੀ। ਉਸਨੇ ਪਿੰਡ ਦੇ ਕਈ ਦੇਸ਼ ਭਗਤਾਂ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਵਿੱਚੋਂ ਇਕ ਤਾਂ ਐਸਾ ਵੀ ਸੀ ਜਿਸ ਬਾਰੇ ਪ੍ਰਸਿੱਧ ਸੀ ਕਿ ਉਸਨੇ ਘੁਮਿਆਰਾਂ ਦੇ ਖੋਤੇ ਖੋਹਲ ਕੇ ਵੇਚ ਦਿੱਤੇ ਸਨ। ਉਸਨੂੰ ਇਸ ਜੁਰਮ ਬਦਲੇ ਜੇਲ੍ਹ ਵੀ ਹੋਈ ਸੀ। ਜੇਲ੍ਹ ਵਿਚ ਉਹ ਰਾਜਸੀ ਕੈਦੀਆਂ ਦੇ ਨਾਲ ਜਾ ਰਲ਼ਿਆ ਤੇ ਆਜ਼ਾਦੀ ਤੋਂ ਬਾਦ ਕੈਦ ਦੇ ਕਾਗਜ਼ਾਤ ਦਿਖਾ ਕੇ ਸਰਕਾਰੀ ਪੈਨਸ਼ਨ ਤੇ ਹੋਰ ਸਹੂਲਤਾਂ ਦੇ ਗੱਫੇ ਲੈਂਦਾ ਰਿਹਾ ਸੀ। ਅਰਸ਼ ਦੀ ਕਿਤਾਬ ਵਿਚ ਉਸਦੀ ਮੁਸਕਰਾਉਂਦੀ ਤਸਵੀਰ ਜ਼ਰੂਰ ਕਿਸੇ ਤਸੱਲੀ ਭਰੇ ਅਹਿਸਾਸ ਦੀ ਤਰਜਮਾਨੀ ਕਰਦੀ ਸੀ। ਉਸ ਕਿਤਾਬ ਵਿਚ ਬਾਬਾ ਦਲੀਪ ਸਿੰਘ ਦਾ ਕੋਈ ਜ਼ਿਕਰ ਤਕ ਨਹੀਂ ਸੀ।

2008 ਵਿਚ ਮੇਰੀ ਇਕ ਦੋਸਤ ਹਰਜਿੰਦਰ ਦਾ ਵੈਨਕੂਵਰ ਤੋਂ ਫੋਨ ਆਇਆ। ਉਸਨੇ ਉੱਥੇ ਕਾਮਾਗਾਟਾਮਾਰੂ ਸਮਾਰਕ ਬਾਰੇ ਦੱਸਿਆ। ਮੇਰੇ ਮਨ ਵਿਚ ਆਪਣੇ ਪੁਰਖੇ ਦਲੀਪ ਸਿੰਘ ਬਾਰੇ ਜਾਨਣ ਦੀ ਇੱਛਾ ਜਾਗ ਪਈ। ਮੈਂ ਸੋਹਣ ਸਿੰਘ ਜੋਸ਼ ਤੇ ਮਲਵਿੰਦਰਜੀਤ ਵੜੈਚ ਦੀਆਂ ਇਸ ਸਾਕੇ ਬਾਰੇ ਲਿਖੀਆਂ ਕਿਤਾਬਾਂ ਪੜ੍ਹ ਮਾਰੀਆਂ। ਵੜੈਚ ਹੋਰਾਂ ਦੀ ਕਿਤਾਬ ਵਿਚ ਬਜਬਜ ਘਾਟ ਦੇ ਫਸਾਦ ਤੋਂ ਬਾਦ ਗ੍ਰਿਫਤਾਰ ਕੀਤੇ ਗਏ 211 ਯਾਤਰੀਆਂ ਦੇ ਵੇਰਵੇ ਵਿਚ 163 ਵੇਂ ਨੰਬਰ 'ਤੇ ਇੰਦਰਾਜ ਪੜ੍ਹ ਕੇ ਮੇਰੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ। ਉਸ ਵੇਰਵੇ ਅਨੁਸਾਰ ਦਲੀਪ ਸਿੰਘ ਪੁੱਤਰ ਗੈਲਾ ਸਿੰਘ, ਜੱਟ ਸਿੱਖ, ਪਿੰਡ ਬੰਡਾਲਾ, ਥਾਣਾ ਨੂਰਮਹਿਲ, 7.10.1914 ਨੂੰ ਗ੍ਰਿਫਤਾਰ ਹੋਇਆ ਤੇ ਆਰਾਮ ਬਾਗ਼ ਵਿਚ ਨਜ਼ਰਬੰਦ ਰਿਹਾ। ਮੈਂ ਇਸ ਬਾਰੇ ਹੋਰ ਪਤਾ ਕੀਤਾ ਤਾਂ ਮੇਰੀ ਪੱਤੀ ਦੇ ਦੋ ਸਭ ਤੋਂ ਬਜ਼ੁਰਗਾਂ ਨੇ ਕੁਝ ਜਾਣਕਾਰੀ ਦੇ ਦਿੱਤੀ। ਬਾਬਾ ਸ਼ਿਵ ਸਿੰਘ ਜਿਸਦੀ ਉਮਰ ਉਦੋਂ 97 ਕੁ ਸਾਲ ਦੀ ਸੀ ਤੇ ਬਾਬਾ ਸਰਵਣ ਖਾਨ ਲਲਾਰੀ ਜੋ 55 ਕੁ ਸਾਲ ਦਾ ਸੀ, ਨੇ ਬਾਬਾ ਦਲੀਪ ਸਿੰਘ ਨੂੰ ਦੇਖਿਆ ਸੀ। ਬਾਬਾ ਸਰਵਣ ਖ਼ਾਨ ਲਲਾਰੀ ਤਾਂ ਅਜੇ ਵੀ ਜਿਉਂਦਾ ਹੈ। ਉਨ੍ਹਾਂ ਦੱਸਿਆ ਕਿ ਬਾਬਾ ਦਲੀਪ ਸਿੰਘ ਸਵਾ ਛੇ ਫੁੱਟ ਦਾ ਦਰਸ਼ਨੀ ਜਵਾਨ ਸੀ, ਜੋ ਪੀਲੀ ਜਾਂ ਨੀਲੀ ਪੱਗ ਬੰਨ੍ਹਦਾ ਤੇ ਬਹੁਤ ਘੱਟ ਬੋਲਦਾ ਸੀ। ਉਹ ਬਹੁਤਾ ਸਮਾਂ ਜਾਂ ਕਿਸੇ ਆਹਰ ਵਿਚ ਲੱਗਾ ਰਹਿੰਦਾ ਜਾਂ ਆਪਣੇ ਭਰਾ ਦੇ ਬੱਚਿਆਂ ਨੂੰ ਖਿਡਾਉਂਦਾ ਰਹਿੰਦਾ। ਨੇੜਲੇ ਪਿੰਡ ਰੁੜਕਾ ਕਲਾਂ ਦਾ ਕਰਮ ਸਿੰਘ ਉਸਦਾ ਪੱਕਾ ਮਿੱਤਰ ਸੀ। ਦੋਵਾਂ ਨੇ 'ਕੱਠੇ ਕਨੇਡਾ ਜਾਣ ਲਈ ਸਾਡੇ ਪਿੰਡ ਦੇ ਨਾਥੀ ਰਾਮ ਪਰਜਾਪਤ ਤੋਂ ਕਰਜ਼ਾ ਲਿਆ ਸੀ। ਦੋਵੇਂ ਪਹਿਲਾਂ ਸਿੰਘਾਪੁਰ ਗਏ ਸਨ ਤੇ ਉੱਥੇ ਜਾ ਕੇ ਕਰਜ਼ੇ ਦੇ ਰੁਪਈਆਂ ਨੂੰ ਡਾਲਰਾਂ ਵਿਚ ਵਟਾ ਕੇ ਕਨੇਡਾ ਜਾਣ ਲਈ ਲੋੜੀਂਦੀ ਆਰਥਿਕ ਯੋਗਤਾ ਹਾਸਿਲ ਕਰ ਲਈ ਸੀ। ਇਹ ਸਾਰੀ ਜਾਣਕਾਰੀ ਸਰਵਣ ਖ਼ਾਨ ਦੇ ਪਿਤਾ ਮੀਰ ਖ਼ਾਨ ਦੇ ਹੱਥ ਲਿਖਤ ਰੋਜ਼-ਨਾਮਚੇ ਵਿਚ ਦਰਜ ਸੀ। ਸਰਵਣ ਖ਼ਾਨ ਮੁਤਾਬਿਕ ਉਸਨੇ ਦਲੀਪ ਸਿੰਘ ਨੂੰ ਉਦੋਂ ਦੇਖਿਆ ਜਦੋਂ ਉਹ ਇਸ ਸਾਕੇ 'ਚੋਂ ਵਾਪਸ ਆ ਚੁੱਕਾ ਸੀ। ਉਹ ਤੇ ਉਸਦੇ ਸਾਥੀ ਮੋਰਚੇ ਬਣਾ ਕੇ ਅੰਗਰੇਜ਼ਾਂ ਦੇ ਵਿਰੋਧ ਵਿਚ ਗੁਰਦੁਆਰਿਆਂ ਲਈ ਜਾਂਦੇ ਸਨ। 1940 ਦੇ ਆਸ ਪਾਸ ਸਰਵਣ ਖ਼ਾਨ ਆਪਣੀ ਮਾਸੀ ਕੋਲ ਮੁਰਾਦਾਬਾਦ ਚਲਾ ਗਿਆ ਸੀ। ਉਹ ਦਸ ਬਾਰ੍ਹਾਂ ਸਾਲਾਂ ਬਾਦ ਆਇਆ ਤਾਂ ਰੌਲ਼ੇ ਪੈ ਹਟੇ ਸਨ ਤੇ ਇਸੇ ਦੌਰਾਨ ਹੀ ਬਾਬਾ ਦਲੀਪ ਸਿੰਘ ਦੀ ਮੌਤ ਵੀ ਹੋ ਗਈ ਸੀ।

ਮੇਰੀ ਦੋਸਤ ਹਰਜਿੰਦਰ ਨੇ ਮੈਨੂੰ ਵੈਨਕੂਵਰ ਤੋਂ ਕੁਝ ਦਸਤਾਵੇਜ਼ਾਂ ਦੀਆਂ ਕਾਪੀਆਂ ਭੇਜੀਆ। ਇਹ

ਤਤਕਾਲੀ ਪ੍ਰਸ਼ਾਸਨ ਵਲੋਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਬਾਰੇ ਜਾਰੀ ਕੀਤੀ ਹੱਥ ਲਿਖਤ ਸੂਚਨਾ ਸੀ। ਉਸ ਜਾਣਕਾਰੀ ਮੁਤਾਬਿਕ ਪਹਿਲੀ ਸੂਚੀ ਵਿਚ ਦਲੀਪ ਸਿੰਘ ਪੁੱਤਰ ਗੈਲਾ ਸਿੰਘ ਉਸ ਸਮੇਂ 25 ਵਰ੍ਹਿਆਂ ਦਾ ਸੀ। ਉਸ ਕੋਲ 40 ਡਾਲਰ ਦੀ ਰਕਮ ਸੀ ਤੇ ਉਹ ਟਿਕਟ ਨੰਬਰ 339 'ਤੇ ਸਫ਼ਰ ਕਰ ਰਿਹਾ ਸੀ। ਉਸਨੇ ਆਪਣੇ ਆਪ ਨੂੰ ਵਿਆਹੁਤਾ ਲਿਖਾਇਆ ਸੀ ਤੇ ਸੂਚੀ ਵਿਚ ਹੀ 17 ਨੰਬਰ ਖ਼ਾਨੇ ਦੇ ਸਾਮ੍ਹਣੇ ਉਸਦਾ ਨਾਮ ਲਿਖਿਆ ਸੀ ਤੇ ਅੱਗੇ ਵੱਡੇ ਸਾਰੇ ਕਾਲ਼ੇ ਅੰਗੂਠੇ ਦਾ ਨਿਸ਼ਾਨ ਸੀ।

ਉਹ ਅੰਗੂਠਾ ਮੈਨੂੰ ਤਾਜ਼ਾ ਤੇ ਧੜਕਦਾ ਜਾਪਿਆ। ਮੈਂ ਉਸ ਅੰਗੂਠੇ ਉੱਪਰ ਆਪਣਾ ਅੰਗੂਠਾ ਰੱਖ ਕੇ ਦੇਖਦਾ ਰਿਹਾ। ਕਨੇਡਾ ਦੇ ਪਾਣੀਆਂ ਵਿਚ ਹਫ਼ਤਿਆਂ ਬੱਧੀ ਭੁੱਖਾ-ਪਿਆਸਾ ਉਤਾਰਨ ਦੀ ਆਗਿਆ ਉਡੀਕਦਾ ਬਾਬਾ ਦਲੀਪ ਸਿੰਘ ਮੇਰੀਆਂ ਅੱਖਾਂ ਮੂਹਰੇ ਘੁੰਮਣ ਲੱਗਾ। ਕਦੇ ਉਹ ਬਾਬੇ ਨਾਜਰ ਵਾਂਗ ਜਾਪਦਾ, ਕਦੇ ਬਾਬੇ ਜਾਗਰ ਵਾਂਗ ਤੇ ਕਦੇ ਮੇਰੇ ਪਿਤਾ ਵਾਂਗ। ਮੈਂ ਇਹ ਜਾਨਣ ਲਈ ਕਾਹਲਾ ਪੈਣ ਲੱਗਾ ਕਿ ਬਾਬਾ ਦਲੀਪ ਸਿੰਘ ਦੀ ਮੌਤ ਕਦੋਂ ਤੇ ਕਿਵੇਂ ਹੋਈ। ਕਿਸੇ ਨੇ ਦੱਸਿਆ ਕਿ ਇਸ ਕੰਮ ਲਈ ਹਰਿਦੁਆਰ ਜਾਇਆ ਜਾਵੇ ਤੇ ਉੱਥੇ ਪੰਡਿਆਂ ਦੀਆਂ ਵਹੀਆਂ ਫਰੋਲੀਆਂ ਜਾਣ। ਇਹ ਵੀ ਪਤਾ ਲੱਗਾ ਕਿ ਮੌਤ ਤੋਂ ਬਾਅਦ ਫੁੱਲ ਪਾਉਣ ਲਈ ਜਦੋਂ ਲੋਕ ਉਨ੍ਹਾਂ ਕੋਲ ਜਾਂਦੇ ਹਨ ਤਾਂ ਉਹ ਸਾਰਾ ਵੇਰਵਾ ਲਿਖ ਲੈਂਦੇ ਹਨ। ਹੁਣ ਤਾਂ ਅਦਾਲਤਾਂ ਵੀ ਉਨ੍ਹਾਂ ਦੀ ਜਾਣਕਾਰੀ ਨੂੰ ਮਾਨਤਾ ਦੇਣ ਲੱਗੀਆਂ ਹਨ। ਰੁਜ਼ਗਾਰ ਦੇ ਸਿਲਸਿਲੇ ਵਿਚ ਬਹੁਤ ਸਾਲ ਖੱਜਲ-ਖੁਆਰ ਹੁੰਦਿਆਂ ਹਰਿਦੁਆਰ ਜਾਣ ਦੀ ਫੁਰਸਤ ਹੀ ਨਹੀਂ ਸੀ ਮਿਲੀ। ਹੁਣ ਜਦੋਂ ਮੈਂ ਸੁਦੀਪ ਦੇ ਘਰ ਠਹਿਰਿਆ ਹੋਇਆ ਸਾਂ ਤਾਂ ਇਕ ਅਜੀਬ ਜਿਹੀ ਕਾਹਲ ਮੈਨੂੰ ਵਿਆਕੁਲ ਕਰ ਰਹੀ ਸੀ। ਜਿਵੇਂ ਕੋਈ ਮੱਥੇ 'ਤੇ ਲੱਗੇ ਕਲੰਕ ਨੂੰ ਧੋਣ ਲਈ ਕਾਹਲਾ ਪਿਆ ਹੋਵੇ, ਜਿਵੇਂ ਕੋਈ ਲੰਮੀ ਸਜ਼ਾ ਤੋਂ ਬਾਅਦ ਰਿਹਾਈ ਮੌਕੇ ਦਰਵਾਜ਼ਾ ਖੁੱਲ੍ਹਣ ਦੀ ਉਡੀਕ ਕਰ ਰਿਹਾ ਹੋਵੇ।

ਅਗਲੇ ਦਿਨ ਮੈਂ ਸੁਦੀਪ ਨਾਲ ਕੁਸ਼ਾ ਘਾਟ 'ਤੇ ਜਾ ਕੇ ਪੰਡਤ ਸੰਤ ਰਾਮ ਤੇ ਨੰਤ ਰਾਮ ਦੇ ਅੱਡੇ ਦਾ ਪਤਾ ਕੀਤਾ। ਨੰਤ ਰਾਮ ਦੇ ਪੁੱਤਰ ਸੰਜੀਵ ਨੇ ਸਾਰਾ ਕੰਮ-ਕਾਰ ਸਾਂਭ ਲਿਆ ਸੀ ਤੇ ਦੋਵੇਂ ਬਜ਼ੁਰਗ ਤਸਵੀਰਾਂ ਬਣ ਕੇ ਗੱਦੀ ਦੇ ਪਿਛਲੀ ਦੀਵਾਰ 'ਤੇ ਲੱਗੇ ਨਕਲੀ ਫੁੱਲਾਂ ਦੇ ਹਾਰਾਂ ਪਿੱਛੋਂ ਝਾਕ ਰਹੇ ਸਨ। ਸੰਜੀਵ ਨੇ ਸਾਰੇ ਡਾਟੇ ਦਾ ਕੰਪਿਊਟ੍ਰੀਕਰਨ ਕਰ ਲਿਆ ਸੀ। ਉਹ ਪੈਂਤੀ ਕੁ ਸਾਲ ਦਾ ਗੋਰਾ-ਚਿੱਟਾ ਨੌਜਵਾਨ ਸੀ ਜੋ ਆਪਣੇ ਕੰਮ ਵਿਚ ਪੂਰਾ ਤਾਕ ਹੋਇਆ ਪਿਆ ਸੀ। ਮੇਰੇ ਆਉਣ ਦਾ ਕਾਰਨ ਜਾਣ ਕੇ ਉਹ ਆਪ ਇਕ ਕੰਪਿਊਟਰ 'ਤੇ ਛਾਣ-ਬੀਣ ਕਰਨ ਲੱਗਾ। ਪੰਦਰਾਂ ਮਿੰਟ ਬਾਦ ਉਸਨੇ ਪੁਰਾਣੀ ਵਹੀ ਦਾ ਸਕੈਨ ਕਰ ਕੇ ਸੇਵ ਕੀਤਾ ਵਰਕਾ ਮੈਨੂੰ ਦਿਖਾਇਆ। ਲਿਖਿਆ ਸੀ,

'ਦਲੀਪ ਸਿੰਘ ਪੁੱਤਰ ਗੈਲਾ ਸਿੰਘ ਪੁੱਤਰ ਸੰਤੂ ਕੇ ਫੂਲ ਯਹਾਂ ਸਾਤ ਚੇਤਰ ਬਿਕਰਮੀ ਉੱਨੀ ਸੌ ਨਿਨਿਆਨਵੇ ਕ੍ਰਿਸ਼ਨ ਪਕਸ਼ ਕੋ ਉਸਕੀ ਭਰਜਾਈ ਇੰਦੀ ਔਰ ਇੰਦੀ ਕਾ ਭਾਈ ਨੰਦ ਸਿੰਘ ਲੇਕਰ ਆਏ ਥੇ। ਵੋ ਸੁਬਹ ਗਿਆਰਾ ਵਜੇ ਫੂਲੋਂ ਕੋ ਵਿਸਰਜਤ ਕਰਕੇ ਗਿਆਰਾ ਰੁਪਏ ਦਕਸ਼ਣਾ ਦੇ ਕਰ ਏਕ ਵਜੇ ਗਏ। ਦਲੀਪ ਸਿੰਘ ਚੌਵਨ ਸਾਲ ਕੀ ਆਯੂ ਭੋਗ ਕਰ ਕੁਸ਼ ਸਮਯ ਬੀਮਾਰ ਰਹਨੇ ਕੇ ਪਸ਼ਚਾਤ ਸਤਰਹ ਫਾਗਨ ਕੋ ਸੁਆਸ ਪੂਰੇ ਕਰ ਗਏ ਥੇ।"

ਇਹ ਪੜ੍ਹ ਕੇ ਮੇਰੀਆਂ ਅੱਖਾਂ ਭਰ ਗਈਆਂ। ਕੰਪਿਊਟਰ ਦੀ ਧੁੰਦਲੀ ਦਿਸ ਰਹੀ ਸਕਰੀਨ ਦੀ ਫੋਟੋ ਆਪਣੇ ਮੋਬਾਇਲ ਵਿਚ ਖਿੱਚ ਕੇ ਮੈਂ ਘਾਟ ਤੋਂ ਹੇਠਾਂ ਗੰਗਾ ਜੀ ਵਲ ਉੱਤਰ ਪਿਆ। ਇਕ ਬੁੱਕ ਭਰ ਕੇ ਆਪਣਾ ਚਿਹਰਾ ਧੋਤਾ। ਮੈਨੂੰ ਲੱਗਾ ਮੇਰੇ ਮੱਥੇ 'ਤੇ ਲੱਗਾ 'ਰੰਗੜਾਂ ਦੀ ਔਲਾਦ' ਦਾ ਦਾਗ਼ ਧੋਤਾ ਗਿਆ ਹੋਵੇ। ਪਾਣੀ ਦੇ ਦੋ ਬੁੱਕ ਗੰਗਾ ਵਿਚ ਪਾਉਂਦਿਆਂ ਮੈਂ ਆਪਣੇ ਪੁਰਖੇ ਨੂੰ ਮੱਥਾ ਟੇਕਿਆ।

ਕੁਝ ਦੇਰ ਬਾਦ ਮੈਂ ਸੁਦੀਪ ਦੇ ਸਕੂਟਰ ਪਿੱਛੇ ਬੈਠਾ ਹਰਿਦੁਆਰ ਦੇ ਰੇਲਵੇ ਸਟੇਸ਼ਨ ਵੱਲ ਜਾ ਰਿਹਾ ਸਾਂ। ਹਰਿਦੁਆਰ ਸ਼ਹਿਰ ਦੇ ਬਾਜ਼ਾਰਾਂ ਦੀ ਰੰਗਤ ਅੱਖਾਂ ਨੂੰ ਸਕੂਨ ਦੇਣ ਵਾਲੀ ਲੱਗ ਰਹੀ ਸੀ।

**ਸੰਪਰਕ**-94654-64502

# ਮੇਰੇ ਪੂਰਵਜ /-ਗੁਰਮੀਤ ਸਿੰਘ ਸਿੰਗਲ

ਮੇਰੇ ਬਾਬਾ ਜੀ ਦਾ ਨਾਮ ਸ: ਹਜ਼ੂਰਾ ਸਿੰਘ ਅਤੇ ਦਾਦੀ ਦਾ ਨਾਮ ਕਰਤਾਰ ਕੌਰ ਸੀ।

ਮੇਰੇ ਬਾਬਾ ਜੀ ਦੇ ਸਿਰ ਵਿੱਚ ਗੰਜ ਸੀ। ਦੁੱਧ ਚਿੱਟੀ ਦਾਹੜੀ ਵਿੱਚ ਛਿੱਦਰੇ ਜਿਹੇ ਵਾਲ। ਉਹ ਛਿੱਦਰੀ ਦਾਹੜੀ ਦੇ ਵਾਲਾਂ ਦੀ ਠੋਡੀ ਹੇਠਾਂ ਨਿੱਕੀ ਜਿਹੀ ਜੂੜੀ ਬਣਾਉਂਦਾ। ਇੱਧਰ ਉੱਧਰ ਸਿਰ ਹਿਲਾਉਂਦਿਆਂ ਇਹ ਜੂੜੀ ਹਿੱਲਦੀ ਰਹਿੰਦੀ। ਘੂੰਗਰੂ ਦੀ ਗੋਲੀ ਵਾਂਗ। ਉਹਨਾਂ ਦਾ ਕੱਦ ਦਰਮਿਆਨਾਂ ਸੀ ਅਤੇ ਰੰਗ ਗੋਰਾ।

ਬਾਬਾ ਜੀ ਹੱਸਮੁੱਖ ਸੁਭਾਅ ਦੇ ਸਨ। ਹਰ ਸਮੇਂ ਹੱਸੂੰ ਹੱਸੂੰ ਕਰਦੇ। ਹੱਸਦੇ ਤਾਂ ਪੂਰੇ ਸੂਰੇ ਦੰਦ ਦਿਖਾਈ ਦਿੰਦੇ। ਬਾਬਾ ਜੀ ਦੇ ਦੰਦ ਕਾਇਮ ਸਨ। ਮੈਂ ਅਕਸਰ ਸਵੇਰ ਵੇਲੇ ਉਹਨਾਂ ਨੂੰ ਨਿੰਮ ਦੀ ਦਾਣਤ ਕਰਦੇ ਵੇਖਦਾ। ਆਪਣੀ ਸੂਰਤ ਸੰਭਾਲਦਿਆਂ ਮੈਂ ਬਾਬਾ ਜੀ ਨੂੰ ਸਖਤ ਮਿਹਨਤ ਕਰਦੇ ਤੱਕਿਆ।

ਉਸ ਨੇ ਖੇਤਾਂ ਦੀ ਚੀਕਣੀ ਮਿੱਟੀ ਨਾਲ ਮਿੱਟੀ ਹੁੰਦਿਆਂ ਹੱਡ ਵਾਹੇ ਸਨ .....ਜਿਵੇਂ ਆਪ ਵੀ ਚੀਕਣੀ ਮਿੱਟੀ ਦੇ ਹੀ ਬਣੇ ਹੋਏ ਹੋਣ।

ਮੇਰਾ ਬਾਪੂ ਜੀ ਅੰਤਾਂ ਦਾ ਵਿਹਲੜ ਬੰਦਾ ਸੀ।ਬਾਬਾ ਜੀ ਉਹਨਾਂ ਨੂੰ ਸਖਤ ਨਫ਼ਰਤ ਕਰਦੇ। ਉਹ ਬਾਪੂ ਜੀ ਨੂੰ ਘੱਟ ਵੱਧ ਹੀ ਬੁਲਾਉਂਦੇ।

ਬਾਬਾ ਜੀ ਗਰਮੀਆਂ ਦੀ ਰੁੱਤ ਵਿੱਚ ਜਿਆਦਾਤਰ ਤੇੜ ਕਛਹਿਰਾ ਅਤੇ ਬਿਨਾਂ ਬਾਹਾਂ ਤੋਂ ਫਤੂਹੀ ਪਾਉਂਦੇ ਜਿਹੜੀ ਕਛਹਿਰੇ ਦੇ ਅੱਧ ਤੱਕ ਹੁੰਦੀ। ਸਿਰ ਤੇ ਡੱਬੀਦਾਰ ਪਰਨਾਂ ਬੰਨ੍ਹਿਆ ਹੁੰਦਾ। ਕਛਹਿਰੇ ਦੀਆਂ ਮੂਹਰੀਆਂ ਦੇ ਪਿੱਛਲੇ ਪਾਸੇ ਤਿਕੋਣਾਂ ਜਿਹੀਆਂ ਪਈਆਂ ਹੁੰਦੀਆਂ। ਹੱਥ ਵਿੱਚ ਹਮੇਸ਼ਾ ਖੂੰਡੀ ਫੜੀ ਹੁੰਦੀ। ਖੂੰਡੀ ਫੜ ਕੇ ਜਦੋਂ ਉਹ ਖੇਤਾਂ ਵੱਲ ਜਾਣ ਸਮੇਂ ਜਦੋਂ ਅੱਗੇ ਵੱਲ ਪੁਲਾਂਘਾਂ ਪੁੱਟਦੇ ਤਾਂ ਕਛਹਿਰੇ ਦੀਆਂ ਤਿਕੋਣਾਂ ਵਾਰੋ ਵਾਰੋ ਉਪਰ ਥੱਲੇ ਹੁੰਦੀਆਂ ਰਹਿੰਦੀਆਂ। ਅਸੀਂ ਉਸ ਨੂੰ ਵੇਖ ਵੇਖ ਹੱਸਦੇ।

ਉਏ ਥੋਨੂੰ ਦੱਸਾਂ ਪਤਾ....ਸਿਆਣੇ ਬਿਆਣੇ ਨੂੰ ਮਖੌਲਾਂ ਕਰਦੇ ਓਂ... ਆਹ ਖੂੰਡੀ ਦੇਖੀ ਐ...ਖੂੰਡੀ....ਇੱਕ ਇੱਕ ਮੌਰਾਂ ਚ ਪੈਗੀ ਤਾਂ ਚਾਂਗਰਾਂ ਮਾਰਦੇ ਫਿਰੋਂਗੇ... ਸੁਣਿਐ...। ਉਹ ਛਿੱਦਰੀਆਂ ਮੁੱਛਾਂ ਵਿੱਚ ਹੱਸਦੇ ਤੇ ਆਪਣੀ ਰੇਵੀਆ ਚਾਲ ਨਾਲ ਅੱਗੇ ਵੱਧ ਜਾਂਦੇ।

ਅਸੀਂ ਸਾਰੇ ਭੈਣ ਭਰਾ ਹੋਰ ਵੀ ਹੱਸ ਪੈਂਦੇ।

ਸ਼ਾਮ ਨੂੰ ਅਸੀਂ ਸਾਰੇ ਬਾਬਾ ਜੀ ਨਾਲ ਖੇਡਦੇ। ਉਹਦੇ ਮੋਢਿਆਂ ਤੇ ਚੜ੍ਹ ਜਾਂਦੇ। ਉਹਨੂੰ ਮਧੋਲਦੇ। ਉਹ ਹੱਸਦੇ ਹੋਏ ਕਹਿੰਦੇ..ਓਏ ਤੁਸੀਂ ਹਟਦੇ ਨੀਂ..... ਫੇਰਾਂ ਥੋਡੇ ਤੇ ਖੂੰਡੀ...."

ਪਰ ਅਸੀਂ ਆਪਣੀ ਖੇਡ ਵਿੱਚ ਮਸਤ ਰਹਿੰਦੇ। ਸ਼ਾਇਦ ਬਾਬਾ ਜੀ ਨੂੰ ਵੀ ਸਾਡੇ ਨਾਲ ਖੇਡ੍ਹ ਕੇ ਮੇਰਾ ਜਨਮ ਪਟਿਆਲਾ ਨੇੜੇ ਪੈਂਦੇ ਪਿੰਡ ਦੂੱਧਨ ਸਾਧਾਂ ਵਿੱਚ ਹੋਇਆ।

ਮੈਨੂੰ ਮੇਰੀ ਬੇਬੇ ਦੱਸਦੀ ਹੁੰਦੀ ਸੀ ਕਿ ਸਾਡਾ ਜੱਦੀ ਪਿੰਡ ਸਰਹਿੰਦ ਦੇ ਨਜ਼ਦੀਕ ਰੈਲੀ ਹੈ। ਮੇਰੇ ਬਾਪੂ ਜੀ ਹੁਰੀਂ ਤਿੰਨ ਭਰਾ ਸਨ। ਬਾਪੂ ਜੀ ਵਿਚਕਾਰਲੇ ਸਨ। ਬਾਪੂ ਜੀ ਦਾ ਕੱਦ ਸਾਢੇ ਛੇ ਫੁੱਟ ਸੀ। ਵੇਖਣ ਵਾਲਾ ਵੇਖਦਾ ਹੀ ਰਹਿ ਜਾਂਦਾ।ਬਾਪੂ ਜੀ ਘਰ ਦੇ ਲਾਣੇਦਾਰ ਸਨ। ਉਹ ਅਕਸਰ ਸ਼ਹਿਰ ਹੀ ਤੁਰੇ ਰਹਿੰਦੇ। ਇਸ ਗੱਲੋਂ ਮੇਰੇ ਤਾਏ ਦੇ ਮੁੰਡੇ ਅਤੇ ਚਾਚਾ ਜੀ ਬਹੁਤ ਔਖੇ ਸਨ। ਪਰ ਬਾਪੂ ਜੀ ਰੋਅਬ ਦਾਬ ਹੀ ਕੁੱਝ ਅਜਿਹਾ ਸੀ ਕਿ ਕੋਈ ਵੀ ਡਰਦਾ ਨਾ ਬੋਲਦਾ। ਇਸ ਪਿੰਡ ਵਿੱਚ ਸਾਡਾ ਸਾਂਝਾ ਪਰਿਵਾਰ ਸੀ। ਇੱਥੇ ਸਾਡੀ ਸਾਂਝੀ ਖੇਤੀ ਸੀ। ਸਾਨੂੰ ਸਰਕਾਰ ਵੱਲੋਂ ਪਟਿਆਲਾ ਨੇੜੇ ਪਿੰਡ ਦੁੱਧਨ ਸਾਧਾਂ ਵਿੱਖੇ ਕੁੱਝ

ਜ਼ਮੀਨ ਅਲਾਟ ਹੋ ਗਈ। ਇਸ ਜ਼ਮੀਨ ਤੇ ਜਾਣ ਦਾ ਗੁਣਾਂ ਮੇਰੇ ਬਾਪੂ ਜੀ ਸਿਰ ਪੈ ਗਿਆ।ਸਾਡੇ ਨਾਲ ਸਾਡਾ ਬਾਬਾ ਜੀ ਵੀ ਆਇਆ।ਸਾਡੀ ਦਾਦੀ ਜਿਸ ਨੂੰ ਅਸੀਂ ਅੰਮਾਂ ਹੀ ਕਹਿੰਦੇ,ਉਹ ਚਾਚਾ ਜੀ ਹੁਰਾਂ ਕੋਲ ਰੈਲੀ ਪਿੰਡ ਹੀ ਰਹੇ।

ਮੇਰੇ ਬਾਪੂ ਜੀ ਅੰਤਾਂ ਦੇ ਵਿਹਲੜ ਸਨ। ਵਿਹਲੜ ਅਤੇ ਚਿੱਟ ਕੱਪੜੀਏ। ਉਹ ਖੇਤਾਂ ਵਿੱਚ ਡੱਕਾ ਤੋੜ ਕੇ ਦੂਹਰਾ ਨਾ ਕਰਦੇ।ਬਾਬਾ ਜੀ ਇਸ ਗੱਲੋਂ ਪੋਟਾ ਪੋਟਾ ਦੁੱਖੀ ਸਨ। ਇਹ 1974-75 ਦੀਆਂ ਗੱਲਾਂ ਹਨ। ਉਹਨਾਂ ਦਿਨਾਂ ਵਿੱਚ ਪੰਜਾਬ ਵਿੱਚ ਭੱਈਆਂ ਦੀ ਆਮਦ ਨਹੀਂ ਸੀ ਹੋਈ। ਸਾਰੇ ਕੰਮ ਆਪ ਹੀ ਕਰਨੇ ਹੁੰਦੇ ਸਨ। ਅਸੀਂ ਤਿੰਨ ਭਰਾ ਅਤੇ ਸਾਡੀਆਂ ਤਿੰਨ ਹੀ ਭੈਣਾਂ ਸਨ। ਭੈਣਾਂ ਵੱਡੀਆਂ ਸਨ। ਪੜ੍ਹਾਈ ਪੱਖੋਂ ਬਿਲਕੁੱਲ ਕੋਰੀਆਂ। ਉਹਨਾਂ ਦਿਨਾਂ ਵਿੱਚ ਸ਼ਾਇਦ ਕੁੜੀਆਂ ਨੂੰ ਪੜ੍ਹਾਉਂਣ ਦਾ ਬਹੁਤ ਘੱਟ ਰਿਵਾਜ ਸੀ। ਸਾਡੀਆਂ ਭੈਣਾਂ ਸਾਥੋਂ ਵੱਡੀਆਂ ਸਨ। ਉਹ ਬਾਬਾ ਜੀ ਨਾਲ ਖੇਤਾਂ ਵਿੱਚ ਮਰਦਾਂ ਵਾਂਗ ਕੰਮ ਕਰਦੀਆਂ।

ਇੱਥੇ ਵੀ ਬਾਪੂ ਜੀ ਸਾਈਕਲ ਚੁੱਕ ਕੇ ਤਕਰੀਬਨ ਪਟਿਆਲੇ ਹੀ ਤੁਰੇ ਰਹਿੰਦੇ। ਸ਼ਾਮ ਨੂੰ ਘਰ ਮੁੜਦੇ ਤਾਂ ਸ਼ਰਾਬ ਪੀਤੀ ਹੁੰਦੀ। ਬਾਪੂ ਜੀ ਦੇ ਤਮਤਮਾਉਂਦੇ ਚਿਹਰੇ ਵੱਲ ਵੇਖ ਕੇ ਬਾਬਾ ਜੀ ਗਹਿਰੀ ਨਮੋਸ਼ੀ ਵਿੱਚ ਨੀਵੀਂ ਪਾ ਲੈਂਦੇ।

ਇਵੇਂ ਹੀ ਦਿਨ ਬੀਤ ਰਹੇ ਸਨ।

ਇੱਕ ਦਿਨ ਬਾਪੂ ਜੀ ਤੇ ਬਾਬਾ ਜੀ ਆਪੋ ਵਿੱਚ ਕੋਈ ਗੁੱਝੀ ਗੱਲ ਕਰ ਰਹੇ ਸਨ।ਬਾਬਾ ਜੀ ਵਾਰ ਵਾਰ ਨਾਂਹ ਵਿੱਚ ਸਿਰ ਮਾਰ ਰਹੇ ਸਨ।

ਚੰਗਾ ਫੇਰ ਤੂੰ ਨਹੀਂ ਮੰਨਦਾ ?... ਅਚਾਨਕ ਬਾਪੂ ਜੀ ਬਾਬਾ ਜੀ ਨੂੰ ਝੱਈਆਂ ਜਿਹੀਆਂ ਲੈ ਲੈ ਪੈਣ ਲੱਗੇ। ਉਹਨਾਂ ਦਾ ਚਿਹਰਾ ਸਖਤ ਹੁੰਦਾ ਚਲਾ ਗਿਆ। ਅਸੀਂ ਸਾਰੇ ਸਹਿਮ ਗਏ ਸਾਂ।

ਬਾਬਾ ਜੀ ਗਹਿਰੀ ਨਮੋਸ਼ੀ ਵਿੱਚ ਨੀਵੀਆਂ ਪਾ ਗਏ। ਜਿਵੇਂ ਵੱਡੀ ਜੰਗ ਹਾਰ ਗਏ ਹੋਣ।

ਦਰਅਸਲ ਬਾਪੂ ਜੀ ਬਾਬਾ ਜੀ ਨੂੰ ਜਮੀਨ ਵੇਚਣ ਲਈ ਕਹਿ ਰਹੇ ਸਨ। ਉਹ ਦੁੱਧਣ ਸਾਧਾਂ ਪਿੰਡ ਤੋਂ ਬਠੋਈ ਪਿੰਡ ਵਿਖੇ ਜਮੀਨ ਲੈਣ ਲਈ ਕਹਿ ਰਹੇ ਸਨ। ਇੱਥੇ ਜ਼ਮੀਨ ਮਹਿੰਗੀ ਵਿਕਣੀ ਸੀ। ਇਸ ਵੱਟੇ ਬਠੋਈ ਵਿਖੇ ਦੁੱਗਣੀ ਜ਼ਮੀਨ ਬਣਾ ਲੈਣੀ ਸੀ।ਪਰ ਬਾਬਾ ਜੀ ਮੰਨ ਨਹੀਂ ਰਹੇ ਸਨ। ਅਸਲ ਵਿੱਚ ਇਹ ਜ਼ਮੀਨ ਬਾਬਾ ਜੀ ਦੇ ਨਾਮ ਸੀ। ਇਸ ਨੂੰ ਵੇਚਣ ਲਈ ਬਾਬਾ ਜੀ ਦੀ ਸਹਿਮਤੀ ਜ਼ਰੂਰੀ ਸੀ। ਜੇਕਰ ਬਾਪੂ ਜੀ ਦੇ ਨਾਮ ਹੁੰਦੀ ਤਾਂ ਸ਼ਾਇਦ ਉਹ ਬਾਬਾ ਜੀ ਨੂੰ ਇਹ ਜ਼ਮੀਨ ਵੇਚਣ ਲਈ ਪੁੱਛਦੇ ਵੀ ਨਾ। ਇਸ ਪਿੰਡ ਵਿੱਚਲੀ ਜ਼ਮੀਨ ਵੇਚਣ ਲੱਗਿਆਂ ਬਾਬਾ ਜੀ ਡੋਲ ਰਹੇ ਸਨ। ਪਰ ਜਿਵੇਂ ਕਿਵੇਂ ਬਾਪੂ ਜੀ ਨੇ ਬਾਬਾ ਜੀ ਨੂੰ ਮਨਾ ਲਿਆ।

ਤੇ ਫਿਰ ਇੱਕ ਦਿਨ ਅਸੀਂ ਦੁੱਧਨ ਸਾਧਾਂ ਪਿੰਡ ਤੋਂ ਬਠੋਈ ਪਿੰਡ ਆ ਗਏ ਸਾਂ। ਇਹ ਕਿਸੇ ਇੰਦੂ ਰਾਣੀ ਨਾਂ ਦੀ ਔਰਤ ਦੇ ਨਾਮ ਜ਼ਮੀਨ ਸੀ। ਮੇਰੀ ਕਿਆਸ ਅਰਾਈ ਹੈ ਕਿ ਸ਼ਾਇਦ ਇਹ ਜ਼ਮੀਨ ਪਟਿਆਲੇ ਦੇ ਸ਼ਾਹੀ ਘਰਾਣੇ ਵਿੱਚੋਂ ਕਿਸੇ ਇੱਕ ਰਾਣੀ ਦੀ ਹੋਵੇਗੀ। ਇਸ ਜ਼ਮੀਨ ਵਿੱਚ ਇੱਕ ਬਾਉਲੀ ਸੀ। ਇਹ ਬਾਉਲੀ ਨਾਨਕਸ਼ਾਹੀ ਇੱਟਾਂ ਦੀ ਬਣੀ ਹੋਈ ਸੀ। ਇਸ ਬਾਉਲੀ ਵਿੱਚ ਪੌੜੀਆਂ ਉਤਰਦੀਆਂ ਪਹਿਲਾਂ ਦੋ ਕਮਰੇ ਆਉਂਦੇ ਫਿਰ ਅੱਗੇ ਜਾ ਕੇ ਖੂਹ ਆਉਂਦਾ। ਮੈਨੂੰ ਇਸ ਦੀਆਂ ਪੌੜੀਆਂ ਉਤਰਦਿਆਂ ਬਹੁਤ ਡਰ ਆਉਂਦਾ। ਜਿਵੇਂ ਇੱਥੇ ਭੂਤ ਰਹਿੰਦੇ ਹੋਣ।

ਅਸੀਂ ਇਥੇ ਹੀ ਖੂਹ ਨੇੜੇ ਵੱਡਾ ਸਾਰਾ ਕੱਚਾ ਮਕਾਨ ਬਣਾ ਲਿਆ। ਡੰਗਰਾਂ ਵਾਸਤੇ ਅਲੱਗ ਛੱਪਰ ਬਣਾ ਲਿਆ। ਸਿਆਲਾਂ ਦੀ ਰੁੱਤ ਵਿੱਚ ਡੰਗਰ ਇਸ ਛੱਪਰ ਹੇਠਾਂ ਹੀ ਬੰਨਦੇ।

ਬਾਪੂ ਜੀ ਦਾ ਵਿਹਲੜਪੁਣਾਂ ਉਵੇਂ ਹੀ ਸੀ। ਇੱਥੇ ਵੀ ਉਹ ਤਕਰੀਬਨ ਪਟਿਆਲੇ ਹੀ ਤੁਰੇ

ਰਹਿੰਦੇ। ਫਿਰ ਇੱਕ ਦਿਨ ਅਜਿਹਾ ਆਇਆ ਕਿ ਉਹ ਘਰ ਤੋਂ ਕਈ ਕਈ ਦਿਨ ਗਾਇਬ ਰਹਿਣ ਲੱਗੇ।ਅਸੀਂ ਸਾਰਾ ਪਰਿਵਾਰ ਉਡੀਕਦਾ ਰਹਿੰਦਾ।ਹੌਲੀ ਹੌਲੀ ਪਤਾ ਲੱਗ ਗਿਆ ਕਿ ਉਹ ਅਕਸਰ ਹੀ ਸਾਡੇ ਜੱਦੀ ਪਿੰਡ ਰੈਲੀ ਚਲੇ ਜਾਂਦੇ ਸਨ।

ਫਿਰ ਇਹ ਵੀ ਪਤਾ ਲੱਗ ਗਿਆ ਕਿ ਚਾਚਾ ਜੀ ਫੌਜ ਵਿੱਚ ਭਰਤੀ ਹੋ ਕੇ ਚਲੇ ਗਏ ਸਨ।

ਬੇਬੇ ਬਾਪੂ ਜੀ ਦੇ ਜਿਆਦਾ ਰੈਲੀ ਪਿੰਡ ਜਾਣ ਨੂੰ ਚੰਗਾ ਨਾ ਸਮਝਦੀ।ਪਰ ਉਹ ਬਾਪੂ ਜੀ ਨੂੰ ਕੁੱਝ ਨਾ ਕਹਿੰਦੀ। ਉਹ ਉਸ ਤੋਂ ਕਿਸੇ ਪ੍ਰੇਤ ਵਾਂਗ ਡਰਦੀ।

ਅਸੀਂ ਬਾਬਾ ਜੀ ਨਾਲ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਦੋ ਤਿੰਨ ਕਿੱਲੇ ਵਾਹੀਯੋਗ ਨਹੀਂ ਸਨ। ਉਨ੍ਹਾਂ ਦਿਨਾਂ ਵਿੱਚ ਬਲਦਾਂ ਨਾਲ ਹੀ ਖੇਤੀ ਹੁੰਦੀ ਸੀ। ਕਿਸੇ ਟਾਂਵੇ ਟਾਂਵੇਂ ਘਰ ਹੀ ਟਰੈਕਟਰ ਆਏ ਸਨ। ਸਾਡੇ ਬਲਦਾਂ ਦੀ ਤਕੜੀ ਜੋਗ ਸੀ। ਬਾਬਾ ਜੀ ਬਲਦਾਂ ਦੀ ਖੁਰਾਕ ਦਾ ਖਾਸ ਖਿਆਲ ਰੱਖਦੇ। ਇੱਕ ਛਿਮਾਹੀ ਦੀ ਹੱਡ ਤੋੜਵੀਂ ਮਿਹਨਤ ਨਾਲ ਅਸੀਂ ਇਹ ਤਿੰਨੇ ਕਿੱਲੇ ਵਾਹੀਯੋਗ ਬਣਾ ਲਏ। ਇਸ ਵਾਰ ਇਸ ਜ਼ਮੀਨ ਵਿੱਚੋਂ ਮੱਕੀ ਦੀ ਫ਼ਸਲ ਬਹੁਤ ਹੋਈ। ਸਾਡੇ ਘਰ ਦੇ ਵੱਡੇ ਸਾਰੇ ਵਿਹੜੇ ਵਿੱਚ ਸੋਨੇ ਦੀ ਭਾਅ ਮਾਰਦੇ ਛੱਲੀਆਂ ਦੇ ਅੰਬਾਰ ਨੂੰ ਵੇਖ ਵੇਖ ਬਾਬਾ ਜੀ ਫੁੱਲੇ ਨਾਂ ਸਮਾਉਂਦੇ।

ਸਾਡੇ ਪਰਿਵਾਰ ਵੱਲੋਂ ਹੱਦੋਂ ਵੱਧ ਕੀਤੀ ਮਿਹਨਤ ਕਾਰਨ ਸਾਰੇ ਪਿੰਡ ਵਾਲੇ ਹੈਰਾਨ ਸਨ। ਉਹ ਵੇਖਦੇ ਕਿਵੇਂ ਇੱਕ ਬਜੁਰਗ ਬੰਦਾ ਸਾਰੇ ਪਰਿਵਾਰ ਸਮੇਤ ਖੇਤਾਂ ਵਿੱਚ ਜੁੱਟਿਆ ਰਹਿੰਦੈ। ਬਾਬਾ ਜੀ ਸਿਰਫ ਆਪਣੇ ਕੰਮ ਨਾਲ ਕੰਮ ਰੱਖਦੇ। ਕਿਸੇ ਕੋਲ ਬਹੁਤੀ ਦੇਰ ਨਾ ਖੜ੍ਹਦੇ।

ਚਾਚਾ ਜੀ ਫੌਜ ਵਿੱਚ ਸਨ। ਕਦੇ ਕਦਾਈ ਮੇਰਾ ਤਾਇਆ ਜੀ ਸਾਡੇ ਕੋਲ ਆ ਜਾਂਦਾ। ਖੂਹ ਦੇ ਲਾਗੇ ਹੀ ਸ਼ਰਾਬ ਦਾ ਦੌਰ ਚੱਲ ਪੈਂਦਾ।ਬਾਬਾ ਜੀ ਸ਼ਰਾਬ ਨੂੰ ਚੰਗਾ ਨਹੀਂ ਸਨ ਸਮਝਦੇ।ਪਰ ਉਹ ਕੁੱਝ ਨਾਂ ਬੋਲਦੇ।ਉਹਨਾਂ ਤੋਂ ਦੂਰ ਮੰਜੇ ਤੇ ਬਹਿ ਕੇ ਪਾਠ ਕਰਨ ਲੱਗਦੇ।

ਬਾਬਾ ਜੀ ਦੀ ਮਿਹਨਤ ਅਤੇ ਸਾਰੇ ਪਰਿਵਾਰ ਦੀ ਇੱਕਜੁਟਤਾ ਸਦਕਾ ਸਾਡੇ ਖੇਤਾਂ ਵਿੱਚ ਹਰਿਆਲੀ ਹੀ ਹਰਿਆਲੀ ਦਿਖਾਈ ਦਿੰਦੀ। ਸਾਡੇ ਨਾਲ ਦੇ ਗਵਾਂਢੀ ਨੇ ਵੀ ਸਾਡੇ ਵਾਂਗ ਹੀ ਕਿਸੇ ਹੋਰ ਪਿੰਡ ਵਿੱਚੋਂ ਉਠ ਕੇ ਇਸ ਪਿੰਡ ਵਿੱਚ ਜ਼ਮੀਨ ਖਰੀਦੀ ਸੀ। ਉਹਨਾਂ ਦੀ ਸਾਡੇ ਨਾਲ ਵੱਟ ਸਾਂਝੀ ਸੀ। ਕਦੇ ਕਦਾਈਂ ਉਹਨਾਂ ਦੇ ਖੇਤਾਂ ਵਾਲੇ ਪਾਸਿਉਂ ਅਜੀਬ ਜਿਹੀ ਗੰਧ ਆਉਂਦੀ। ਇਹ ਘਰ ਦੀ ਸ਼ਰਾਬ ਕੱਢਣ ਦੀ ਗੰਧ ਸੀ। ਬਾਪੂ ਜੀ ਦੀ ਇਹਨਾਂ ਨਾਲ ਯਾਰੀ ਪੈ ਗਈ। ਬਾਬਾ ਜੀ ਇਸ ਗੱਲ ਦੇ ਸਖਤ ਵਿਰੋਧੀ ਸਨ।ਉਹ ਨਹੀਂ ਚਾਹੁੰਦੇ ਸਨ ਕਿ ਬਾਪੂ ਜੀ ਇੱਥੇ ਕਿਸੇ ਨਾਲ ਸ਼ਰਾਬ ਪੀਣ। ਪਰ ਮੇਰੇ ਬਾਪੂ ਜੀ ਦਾ ਅੜਬ ਸੁਭਾਅ ਸੀ।ਬਾਬਾ ਜੀ ਦੇ ਵਰਜਣ ਦੇ ਬਾਵਜੂਦ ਵੀ ਉਹ ਨਾ ਹਟੇ।

ਫਿਰ ਉਹ ਇਕੱਠੇ ਹੀ ਸ਼ਰਾਬ ਕੱਢਣ ਲੱਗੇ।ਗਈ ਰਾਤ ਤੱਕ ਸ਼ਰਾਬ ਦਾ ਦੌਰ ਚੱਲਦਾ ਰਹਿੰਦਾ।

ਮੈਨੂੰ ਉਹਨਾਂ ਦੀ ਸੇਵਾ ਵਿੱਚ ਹਰ ਟਾਈਮ ਹਾਜ਼ਰ ਰਹਿਣਾਂ ਪੈਂਦਾ।

ਬਾਪੂ ਜੀ ਦੇ ਅਜਿਹੇ ਚਾਲੇ ਵੇਖ ਕੇ ਬਾਬਾ ਜੀ ਬਹੁਤ ਅਤਿ ਦੇ ਉਦਾਸ ਹੋ ਗਏ। ਹਰ ਟਾਈਮ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਬਾਬਾ ਜੀ ਦੇ ਚਿਹਰੇ ਦਾ ਖੇੜਾ ਕਿੱਧਰੇ ਉਡੱ ਪੁੱਡ ਗਿਆ।ਹਰ ਸਮੇਂ ਫਿਕਰਾਂ ਵਿੱਚ ਘਿਰੇ ਰਹਿੰਦੇ।

ਫਿਰ ਅਚਾਨਕ ਇੱਕ ਘਟਨਾਂ ਵਾਪਰ ਗਈ। ਕਿਸੇ ਨੇ ਪੁਲਿਸ ਕੋਲ ਮੁੱਖਬਰੀ ਕਰ ਦਿੱਤੀ ਕਿ ਬਾਪੂ ਜੀ ਹੁਰੀ ਅਕਸਰ ਹੀ ਘਰ ਦੀ ਸ਼ਰਾਬ ਕੱਢਦੇ ਹਨ। ਇੱਕ ਦਿਨ ਪੁਲਿਸ ਦਾ ਛਾਪਾ ਪਿਆ। ਬਾਪੂ ਜੀ ਅਤੇ ਸਾਡੇ ਨਾਲ ਦੇ ਗਵਾਂਢੀ ਨੂੰ ਪੁਲਿਸ ਫੜ ਕੇ ਲੈ ਗਈ।

ਸਾਡਾ ਸਾਰਾ ਟੱਬਰ ਸਹਿਮ ਗਿਆ। "ਬਾਪੂ ਜੀ ਹੁਣ ਕੀ ਬਣੂੰ" ਬੇਬੇ ਨੇ ਡਾਹਢੀ ਫ਼ਿਕਮੰਦੀ ਨਾਲ ਬਾਬਾ ਜੀ ਨੂੰ ਪੁੱਛਿਆ। ਪਰ ਬਾਬਾ ਜੀ ਜਿਵੇਂ ਹੌਂਸਲਾ ਫੜ ਗਏ। ਉਹ ਪਿੰਡ ਦੇ ਸਰਪੰਚ ਕੋਲ ਗਏ।

ਸਰਪੰਚ ਦੀ ਵਿਚੋਲਗੀ ਨਾਲ ਪੁਲਿਸ ਵਾਲਿਆਂ ਨੂੰ ਕੁੱਝ ਲੈ ਦੇ ਕੇ ਬਾਪੂ ਜੀ ਨੂੰ ਛੁੱਡਾ ਕੇ ਘਰ ਲੈ ਆਏ।

ਵੇਖ ਰੱਬ ਦਿਆ ਬੰਦਿਆ... ਨਹੀਂ ਤਾਂ ਸਿੱਧਾ ਹੋ ਕੇ ਕੰਮ ਕਰਨ ਲੱਗ ਜਾ... ਫੇਰ ਨਾਂ ਕਹੀਂ ਬਈ ਮੈਨੂੰ ਦੱਸਿਆ ਨੀਂ... ਮੈਂ ਕਿਸੇ ਖੂਹ ਖਾਤੇ ਪੈ ਜੂੰ..ਫੇਰ ਮੌਜਾਂ ਕਰੀਂ... ਓਏ ਸ਼ਰਮ ਕਰ ਤੇਰੀਆਂ ਧੀਆਂ ਕੋਠੇ ਜਿੱਡੀਆਂ ਜਿੱਡੀਆਂ ਹੋ ਗਈਆਂ ਨੇ.... ਤੂੰ ਆਪਣਾਂ ਵੈਲਪੁਣਾਂ ਕਦੋਂ ਛੱਡੇਂਗਾ.... ਬਾਬਾ ਜੀ ਦੀ ਜਿਵੇਂ ਧਾਅ ਨਿੱਕਲ ਗਈ।ਉਸ ਨੇ ਸਿਰ ਦੇ ਪਰਨੇ ਨਾਲ ਅੱਖਾਂ ਪੂੰਝੀਆਂ। ਪਰਾਂ ਖੜ੍ਹੀ ਬੇਬੇ ਛੰਮ ਛੰਮ ਅੱਥਰੂ ਕੇਰਦੀ ਰਹੀ।

ਭੈਣਾਂ ਵੀ ਅੰਦਰ ਵੜ ਕੇ ਰੋ ਰਹੀਆਂ ਸਨ।

ਉਸ ਦਿਨ ਤੋਂ ਬਾਅਦ ਬਾਪੂ ਜੀ ਮਾੜਾ ਮੋਟਾ ਡੰਗਰ ਵੱਛੇ ਨੂੰ ਪੱਠੇ ਆਦਿ ਪਾ ਦਿੰਦੇ।ਉਹਨਾਂ ਨੂੰ ਪਾਣੀ ਧਾਣੀ ਪਿਆਉਂਦੇ। ਚੱਲੋਂ ਕੁਝ ਤਾਂ ਅਸਰ ਹੋਇਆ, ਬਾਬਾ ਜੀ ਇਸ ਗੱਲੋਂ ਹੀ ਖੁਸ਼ ਸਨ।

× × ×

ਇਹ ਸਿਲਸਿੱਲਾ ਬਹੁਤੀ ਦੇਰ ਨਾ ਚੱਲਿਆ।ਬਾਪੂ ਜੀ ਫਿਰ ਸਾਈਕਲ ਚੁੱਕ ਕੇ ਪਟਿਆਲੇ ਤੁਰੇ ਰਹਿੰਦੇ।ਸ਼ਾਮ ਨੂੰ ਸ਼ਰਾਬ ਪੀਤੀ ਹੁੰਦੀ।ਬਾਬਾ ਜੀ ਉਹਨਾਂ ਵੱਲ ਕੌੜ ਨਜ਼ਰਾਂ ਨਾਲ ਵੇਖਦੇ ਰਹਿੰਦੇ। ਪਰ ਕੁੱਝ ਨਾ ਬੋਲਦੇ।

ਬਾਬਾ ਜੀ ਦੀ ਰਹਿਨੁਮਾਈ ਹੇਠ ਸਾਡੇ ਪਰਿਵਾਰ ਨੇ ਬੰਜ਼ਰ ਜ਼ਮੀਨ ਨੂੰ ਵਾਹੀਯੋਗ ਬਣਾਇਆ ਸੀ।ਮੈਂ ਤੇ ਮੇਰਾ ਵੱਡਾ ਭਰਾ ਨਾਲ ਹੀ ਪੈਂਦੇ ਢਕਾਨਸੂ ਪਿੰਡ ਵਿੱਚ ਪੜ੍ਹਨ ਜਾਂਦੇ।ਛੁੱਟੀ ਵਾਲੇ ਦਿਨ ਅਸੀਂ ਵੀ ਬਾਬਾ ਜੀ ਹੁਰਾਂ ਨਾਲ ਕੰਮ ਕਰਵਾਉਂਦੇ।

ਸਾਡੇ ਘਰ ਦੀ ਚੜ੍ਹਦੀ ਕਲਾ ਵੇਖ ਵੇਖ ਬਾਬਾ ਜੀ ਦਾ ਚਿਹਰਾ ਨੂਰੋ ਨੂਰ ਹੋਇਆ ਪਿਆ ਸੀ। ਅਚਾਨਕ ਇੱਕ ਦਿਨ ਚਾਚਾ ਜੀ ਸਾਡੇ ਪਿੰਡ ਬਠੋਈ ਆਏ। ਸ਼ਾਇਦ ਉਹ ਫੌਜ ਵਿੱਚੋਂ ਛੁੱਟੀ ਆਏ ਸਨ।ਉਹਨਾਂ ਨਾਲ ਸਾਡੀ ਸੁਨੱਖੀ ਚਾਚੀ ਸੀ।ਉਹ ਦੋਵੇਂ ਖੇਤਾਂ ਵਿੱਚ ਲਹਿਲਹਾਉਂਦੀ ਫ਼ਸਲ ਵੱਲ ਵੇਖ ਵੇਖ ਹੈਰਾਨ ਹੋ ਰਹੇ ਸਨ।

ਚਾਚਾ ਜੀ ਫੌਜ ਵਿੱਚੋਂ ਰੰਮ ਲੈ ਕੇ ਆਏ ਸਨ।ਸ਼ਾਮ ਨੂੰ ਸ਼ਰਾਬ ਦਾ ਦੌਰ ਚੱਲ ਪਿਆ।ਅਚਾਨਕ ਸਾਡਾ ਗਵਾਂਢੀ ਆਣ ਪੁੱਜਾ।ਉਸ ਨੂੰ ਵੀ ਸੁਲ੍ਹਾ ਮਾਰਨੀ ਪੱਈ। ਉਹ ਵੀ ਉਹਨਾਂ ਦੇ ਨਾਲ ਹੀ ਬਹਿ ਕੇ ਪੀਣ ਲੱਗਾ। ਉਸ ਦੀ ਨਿਗ੍ਹਾ ਸਾਹਮਣੇ ਬੈਠੇ ਮੇਰੀ ਚਾਚੀ ਤੇ ਵਾਰ ਵਾਰ ਚਲੀ ਜਾਂਦੀ। ਚਾਚਾ ਜੀ ਇਸ ਗੱਲ ਨੂੰ ਤਾੜ ਗਏ।

ਗਵਾਂਢੀ ਖਾ ਪੀ ਕੇ ਆਪਣੇ ਘਰ ਚਲਾ ਗਿਆ।

ਤੂੰ ਬਾਈ ਇਸ ਬੰਦੇ ਨੂੰ ਘਰ ਕਦੇ ਨੀਂ ਵਾੜਨਾਂ... ਇਹ ਆਦਮੀ ਦੀ ਅੱਖ ਮੈਨੂੰ ਚੰਗੀ ਨੀਂ ਲੱਗਦੀ।ਚਾਚਾ ਜੀ ਨੇ ਬਾਪੂ ਜੀ ਨੂੰ ਕਿਹਾ ਸੀ।

ਇਹੋ ਗੱਲ ਤਾਂ ਮੈਂ ਵੀ ਇਹਨੂੰ ਕਹਿਣ ਨੂੰ ਫਿਰਦਾ ਸੀ। ਬਾਬਾ ਜੀ ਨੇ ਵੀ ਜਿਵੇਂ ਚਾਚਾ ਜੀ ਦੇ ਤੌਖਲੇ ਦੀ ਪ੍ਰੋੜ੍ਹਤਾ ਕੀਤੀ।

ਉਸ ਦਿਨ ਤੋਂ ਬਾਅਦ ਬਾਪੂ ਜੀ ਉਸ ਆਦਮੀ ਤੋਂ ਕਿਨਾਰਾ ਜਿਹਾ ਕਰਨ ਲੱਗੇ।ਉਹ ਆਦਮੀ ਇਸ ਗੱਲੋਂ ਸੜ ਭੁੱਜ ਗਿਆ।ਇੱਕ ਦਿਨ ਉਸ ਸ਼ਰਾਬ ਨਾਲ ਰੱਜਿਆ ਸਾਡੇ ਘਰ ਆਣ ਧਮਕਿਆ। ਬਾਪੂ ਜੀ ਘਰ ਨਹੀਂ ਸਨ। ਉਹ ਬਾਬਾ ਜੀ ਨੂੰ ਅਵਾ-ਤਵਾ ਬੋਲਦਾ ਰਿਹਾ। ਬਾਬਾ ਜੀ ਬੜੀ ਹਲੀਮੀ ਨਾਲ ਉਸ ਨੂੰ ਘਰ ਜਾਣ ਲਈ ਕਹਿ ਰਹੇ ਸਨ। ਫਿਰ ਉਹ ਆਪ ਹੀ ਆਪਣੇ ਘਰ ਚਲਾ ਗਿਆ।

ਕੁੱਝ ਦੇਰ ਬਾਅਦ ਬਾਪੂ ਜੀ ਵੀ ਪਟਿਆਲੇ ਤੋਂ ਆ ਗਏ। ਜਦੋਂ ਉਹਨਾਂ ਨੂੰ ਇਸ ਗੱਲ ਦਾ ਪਤਾ

ਲੱਗਾ ਤਾਂ ਉਹ ਸਾਹਮਣੇ ਪਈ ਗੰਡਾਸੀ ਚੁੱਕ ਕੇ ਉਹਨਾਂ ਦੇ ਘਰ ਵੱਲ ਦੌੜਨ ਲੱਗੇ। ਪਰ ਸਾਰੇ ਪਰਿਵਾਰ ਨੇ ਉਸ ਨੂੰ ਇਉਂ ਜਾਣ ਤੋਂ ਰੋਕ ਦਿੱਤਾ।

ਆਖਰ ਇੱਕ ਦਿਨ ਬਾਪੂ ਜੀ ਤੇ ਉਹ ਆਦਮੀ ਆਪੋ ਵਿੱਚ ਗੁੱਥਮ ਗੁੱਥਾ ਹੋ ਗਏ।ਬਾਪੂ ਜੀ ਸਰੀਰ ਪੱਖੋਂ ਤਕੜੇ ਸਨ। ਉਹਨਾਂ ਨੇ ਉਸ ਬੰਦੇ ਦੀ ਚੰਗੀ ਭੁਗਤ ਸਵਾਰੀ।ਉਹ ਬੰਦਾ ਕਈ ਦਿਨ ਮੰਜੇ ਤੋਂ ਨਾ ਉਠਿਆ।

ਸਾਡੇ ਘਰ ਪ੍ਰਤੀ ਉਸ ਬੰਦੇ ਦੀ ਨਫ਼ਰਤ ਦਿਨੋਂ ਦਿਨ ਵੱਧਦੀ ਜਾਂਦੀ ਸੀ।

ਬਾਪੂ ਜੀ ਜਦੋਂ ਪਟਿਆਲੇ ਗਏ ਹੁੰਦੇ ਤਾਂ ਬਾਬਾ ਜੀ ਅਤੇ ਸਾਡੇ ਸਾਰੇ ਪਰਿਵਾਰ ਦਾ ਸਾਹ ਸੁੱਕਿਆ ਰਹਿੰਦਾ।

ਕੁੱਝ ਮਹੀਨਿਆਂ ਬਾਅਦ ਹੀ ਜਿਵੇਂ ਸਾਡੇ ਸਾਰੇ ਪਰਿਵਾਰ ਦੇ ਔਸਾਣ ਹੀ ਮਾਰੇ ਗਏ ਹੋਣ। ਸਾਨੂੰ ਪਤਾ ਲੱਗਿਆ ਕਿ ਉਸ ਬੰਦੇ ਨੇ ਦੁਨਾਲੀ ਬੰਦੂਕ ਖਰੀਦ ਲਈ ਹੈ। ਇੱਕ ਦਿਨ ਉਹ ਸ਼ਰਾਬ ਪੀ ਕੇ ਆਪਣੇ ਮਕਾਨ ਦੀ ਛੱਤ ਤੇ ਚੜ੍ਹ ਕੇ ਚਾਂਗਰਾਂ ਮਾਰ ਰਿਹਾ ਸੀ। ਬਾਪੂ ਜੀ ਦਾ ਨਾਂ ਲੈ ਲੈ ਕੇ ਗੰਦੀਆਂ ਗਾਲ੍ਹਾਂ ਵੀ ਕੱਢ ਰਿਹਾ ਸੀ।

ਸਾਡੇ ਸਾਰੇ ਪਰਿਵਾਰ ਦੇ ਸਾਹ ਸੂਤੇ ਗਏ।

ਬਾਪੂ ਜੀ ਵੀ ਗੰਡਾਸੀ ਚੁੱਕ ਕੇ ਬਾਹਰ ਵੱਲ ਭੱਜ ਰਹੇ ਸਨ। ਪਰ ਗੰਡਾਸੀ ਅਤੇ ਬੰਦੂਕ ਦਾ ਕੀ ਮੇਲ।ਉਸ ਬੰਦੇ ਨੇ ਇੱਕੋ ਫਾਇਰ ਨਾਲ ਬਾਪੂ ਜੀ ਦਾ ਘੋਗਾ ਚਿੱਤ ਕਰ ਦੇਣਾਂ ਸੀ।ਸਾਰੇ ਪਰਿਵਾਰ ਨੇ ਮਸਾਂ ਸਮਝਾ ਬੁੱਝਾ ਕੇ ਬਾਪੂ ਜੀ ਨੂੰ ਅੰਦਰ ਵਾੜਿਆ।

ਉਹ ਆਪਣੇ ਮਕਾਨ ਦੀ ਛੱਤ ਤੇ ਚੜ੍ਹਿਆ ਬਾਪੂ ਜੀ ਦਾ ਨਾਂ ਲੈ ਲੈ ਕੇ ਗਾਲ੍ਹਾਂ ਕੱਢਦਾ ਰਿਹਾ।

ਇਹ ਅਸ਼ਲੀਲ ਗਾਲ੍ਹਾ ਸਾਡਾ ਸਾਰ ਪਰਿਵਾਰ ਸੁਣ ਰਿਹਾ ਸੀ। ਮੇਰੀਆਂ ਜਵਾਨ ਭੈਣਾਂ ਵੀ ਮਕਾਨ ਦੇ ਇੱਕ ਖੂੰਜੇ ਵਿੱਚ ਇਹ ਸਭ ਕੁੱਝ ਸੁਣਦੀਆਂ ਰਹੀਆਂ।

ਬਾਬਾ ਜੀ ਨੀਵੀਂ ਪਾ ਕੇ ਅਸ਼ਲੀਲ ਗਾਲ੍ਹਾਂ ਸੁਣਦਾ ਰਿਹਾ। ਉਹ ਨਮੋਸ਼ੀ ਵਿੱਚ ਧਰਤੀ ਵੱਲ ਨਜ਼ਰਾਂ ਗੱਡ ਕੇ ਬੈਠਾ ਸੀ। ਜਿਵੇਂ ਧਰਤੀ ਵਿੱਚ ਸਮਾ ਜਾਣਾ ਚਾਹੁੰਦਾ ਹੋਵੇ।

ਉਸ ਦਿਨ ਤੋਂ ਬਾਅਦ ਬਾਬਾ ਜੀ ਨੇ ਕਿਸੇ ਅਣਜਾਣੇ ਡਰ ਪੱਖੋਂ ਮੇਰੀਆਂ ਭੈਣਾਂ ਨੂੰ ਖੇਤਾਂ ਵਿੱਚ ਲਿਜਾਣਾਂ ਬੰਦ ਕਰ ਦਿੱਤਾ। ਆਪ ਹੀ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ।ਹੁਣ ਬਾਪੂ ਜੀ ਵੀ ਬਾਬਾ ਜੀ ਨਾਲ ਖੇਤਾਂ ਵਿੱਚ ਕੰਮ ਕਰਦੇ।ਉਹਨਾਂ ਦਾ ਸੋਹਲ ਸਰੀਰ ਸੀ। ਉਹਨਾਂ ਖੇਤੀ ਜਿਹਾ ਅਕਾਊ ਤੇ ਭਾਰੀ ਕੰਮ ਕਦੇ ਨਹੀਂ ਕੀਤਾ ਸੀ। ਕਹੀ ਚਲਾਉਂਦਿਆਂ ਉਹਨਾਂ ਦੇ ਹੱਥਾਂ ਵਿੱਚ ਛਾਲੇ ਪੈ ਗਏ। ਫਿਰ ਘਰ ਵਿੱਚ ਮੇਰੇ ਵੱਡੇ ਭਰਾ ਨੂੰ ਸਕੂਲ ਤੋਂ ਹਟਾ ਕੇ ਖੇਤੀ ਦੇ ਕੰਮ ਵਿੱਚ ਲਾਉਣ ਦੀਆਂ ਸਲਾਹਾਂ ਹੋਣ ਲੱਗੀਆਂ। ਪਰ ਬਾਬਾ ਜੀ ਨੇ ਵੱਡੇ ਭਰਾ ਨੂੰ ਸਕੂਲ ਤੋਂ ਹਟਾਉਂਣ ਲਈ ਸਖਤੀ ਨਾਲ ਮਨ੍ਹਾ ਕਰ ਦਿੱਤਾ।

ਮੈਂ ਆਪੇ ਨਬੇੜੂੰ ਜਿਵੇਂ ਵੀ ਨਿਬੜਿਆ, ਬਾਬਾ ਜੀ ਦੇ ਮੱਥੇ ਦੀਆਂ ਤਿਉੜੀਆਂ ਗਹਿਰੀਆਂ ਹੋ ਗਈਆਂ।

× × ×

ਅਚਾਨਕ ਇੱਕ ਭਾਣਾ ਵਰਤ ਗਿਆ। ਨਾਲ ਦੇ ਗਵਾਂਢੀ ਨੇ ਬਾਪੂ ਜੀ ਨੂੰ ਖੇਤਾਂ ਵਿੱਚ ਘੇਰ ਲਿਆ । ਪਰ ਬਾਪੂ ਜੀ ਉਸ ਤੋਂ ਤਕੜੇ ਸਨ। ਉਸ ਨੇ ਦੁਸ਼ਮਣ ਦੀ ਚੰਗੀ ਭੁਗਤ ਸਵਾਰੀ।ਉਸ ਦਿਨ ਤੋਂ ਗਵਾਂਢੀ ਆਪਣੀ ਭਾਰੀ ਹੇਠੀ ਮੰਨ ਗਿਆ।ਜਿਵੇਂ ਉਹ ਕਿਸੇ ਮੌਕੇ ਦੀ ਭਾਲ ਵਿੱਚ ਰਹਿਣ ਲੱਗਾ।

ਬਾਬਾ ਜੀ ਇਹ ਸਭ ਕੁੱਝ ਤਾੜ ਗਏ ਸਨ।ਉਹਨਾਂ ਨੂੰ ਬਾਪੂ ਜੀ ਦੇ ਸਿਰ ਤੇ ਮੰਡਰਾਉਂਦੇ ਖਤਰੇ ਸਬੰਧੀ ਸੋਚ ਸੋਚ ਕੇ ਹਰ ਪਲ ਚਿੰਤਾ ਰਹਿੰਦੀ।

ਪਤਾ ਨਹੀਂ ਕਿਉਂ ਦੋਵੇਂ ਧਿਰਾਂ ਠਾਣੇ ਨਹੀਂ ਗਈਆਂ ਸਨ। ਜਦੋਂ ਕਿ ਲੜਾਈ ਦਾ ਹਰ ਪਲ ਖਤਰਾ ਬਣਿਆ ਰਹਿੰਦਾ।ਮੇਰੇ ਬਾਬਾ ਜੀ ਨੇ ਕੁੱਝ ਸੋਚ ਵਿਚਾਰ ਕੇ ਬਾਪੂ ਜੀ ਨੂੰ ਸਾਡੇ ਜੱਦੀ ਪਿੰਡ ਰੈਲੀ ਭੇਜ ਦਿੱਤਾ। ਪਰ ਮੇਰੀ ਬੇਬੇ ਇਸ ਗੱਲ ਦੇ ਸਖਤ ਖਿਲਾਫ਼ ਸੀ।

ਬਾਪੂ ਜੀ ਜਿਵੇਂ ਇਹੋ ਭਾਲਦੇ ਸਨ। ਉਹ ਸਾਡੇ ਜੱਦੀ ਪਿੰਡ ਪੱਤਰੇ ਵਾਚ ਗਏ।

ਬਾਬਾ ਜੀ ਨੇ ਸਮਝਿਆ ਚੱਲੋ ਖਤਰਾ ਟੱਲ ਗਿਆ।

ਪਰ ਪਿੰਡ ਤਾਏ ਦੇ ਮੁੰਡਿਆਂ ਨੇ ਉਸ ਨੂੰ ਨਾਂ ਝੱਲਿਆ। ਉਹ ਅੰਦਰੋਂ ਅੰਦਰ ਤਾਏ ਨਾਲ ਲੜ ਰਹੇ ਸਨ ਕਿ ਕਿੱਥੇ ਵਿਹਲੜ ਫਿਰ ਆ ਗਿਆ। ਉਹ ਬਾਪੂ ਜੀ ਨੂੰ ਵਾਪਸ ਭੇਜਣਾਂ ਚਾਹੁੰਦੇ ਸਨ। ਬਾਪੂ ਜੀ ਨੂੰ ਵੀ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ। ਉਹ ਫਿਰ ਸਾਡੇ ਕੋਲ ਵਾਪਸ ਆ ਗਏ।

ਇੱਕ ਦਿਨ ਗਵਾਂਢੀਆਂ ਦੇ ਘਰ ਕਾਫੀ ਹਿੱਲ ਜੁੱਲ ਸੀ। ਉਹਨਾਂ ਦੇ ਘਰ ਵੈਲੀ ਕਿਸਮ ਦੇ ਕਈ ਬੰਦੇ ਘੁੰਮ ਰਹੇ ਸਨ। ਸਾਡੇ ਸਾਰੇ ਪਰਿਵਾਰ ਦੀ ਜਾਨ ਮੁੱਠੀ ਵਿੱਚ ਆ ਗਈ। ਬਾਬਾ ਜੀ ਨੂੰ ਆਉਂਣ ਵਾਲੀ ਹਨੇਰੀ ਦਾ ਜਿਵੇਂ ਪਤਾ ਲੱਗ ਗਿਆ ਸੀ। ਇੱਥੇ ਸਾਡੇ ਸਹਾਇਤਾ ਕਰਨ ਵਾਲਾ ਕੋਈ ਨਹੀਂ ਸੀ। ਜਿਉਂ ਜਿਉਂ ਦਿਨ ਛਿੱਪਣ ਲੱਗਾ। ਬਾਬਾ ਜੀ ਦੀ ਘਬਰਾਹਟ ਹੋਰ ਵੱਧ ਗਈ। ਪਰ ਕੁੱਝ ਸੋਚ ਕੇ ਉਹਨੇ ਸਾਨੂੰ ਸਾਰੇ ਭੈਣ ਭਰਾਵਾਂ ਨੂੰ ਰਾਤ ਦੇ ਘੁਸਮੁੱਸੇ ਵਿੱਚ ਖੇਤਾਂ ਵੱਲ ਲੈ ਤੁਰਿਆ। ਨਾਲ ਹੀ ਮੇਰੀ ਬੇਬੇ ਵੀ ਚੱਲ ਪਈ। ਬਾਬਾ ਜੀ ਸਾਨੂੰ ਸਾਰਿਆਂ ਨੂੰ ਸਾਡੇ ਮੱਕੀ ਵਾਲੇ ਖੇਤ ਦੇ ਵਿਚਾਲੇ ਛੱਡ ਆਇਆ। ਜਦੋਂ ਅਸੀਂ ਖੇਤਾਂ ਵੱਲ ਤੁਰੇ ਤਾਂ ਬਾਪੂ ਜੀ ਗੰਡਾਸੀ ਨੂੰ ਰੇਤੀ ਨਾਲ ਤਿੱਖੀ ਕਰ ਰਹੇ ਸਨ।

ਅਸੀਂ ਮੱਕੀ ਦੇ ਖੇਤ ਵਿੱਚ ਸਹਿਮੇ ਬੈਠੇ ਸਾਂ। ਪਰ ਕੁੱਝ ਦੇਰ ਬਾਅਦ ਬਾਪੂ ਜੀ ਵੀ ਹੱਥ ਵਿੱਚ ਗੰਡਾਸੀ ਫੜ ਕੇ ਸਾਡੇ ਕੋਲ ਆ ਗਿਆ। ਹੁਣ ਘਰ ਵਿੱਚ ਇਕੱਲੇ ਬਾਬਾ ਜੀ ਹੀ ਸਨ। ਕੁੱਝ ਦੇਰ ਬਾਅਦ ਸਾਡੇ ਗਵਾਂਢੀ ਦੇ ਘਰ ਰੌਲੇ ਰੱਪੇ ਦੀਆਂ ਅਵਾਜ਼ਾਂ ਆਉਂਣ ਲੱਗੀਆਂ। ਜਿਹਨਾਂ ਵਿੱਚ ਤੀਵੀਆਂ ਦੀਆਂ ਅਵਾਜ਼ਾਂ ਉੱਚੀਆਂ ਸਨ। ਜਿਵੇਂ ਉਹ ਮਰਦਾਂ ਨੂੰ ਰੋਕ ਰਹੀਆਂ ਹੋਣ। ਸਾਨੂੰ ਸਮਝਣ ਵਿੱਚ ਦੇਰ ਨਾ ਲੱਗੀ ਕਿ ਉਹ ਸਾਡੇ ਘਰ ਵੱਲ ਹੀ ਆ ਰਹੇ ਹੋਣਗੇ ਅਤੇ ਉਹਨਾਂ ਦੀਆਂ ਤੀਵੀਆਂ ਉਹਨਾਂ ਨੂੰ ਰੋਕ ਰਹੀਆਂ ਸਨ।

ਕੁੱਝ ਦੇਰ ਬਾਅਦ ਸਾਡੇ ਘਰ "ਬਾਹਰ ਨਿੱਕਲ ਓਏ ਕੁੱਤਿਆ" ਦੇ ਲਲਕਾਰੇ ਪੈਂਦੇ ਸੁਣਾਈ ਦਿੱਤੇ। ਨਾਲ ਹੀ ਅਸ਼ਲੀਲ ਗਾਲ੍ਹਾਂ ਦਾ ਮੀਹ।ਅਸੀਂ ਸਾਰੇ ਰੋਣ ਲੱਗੇ। ਪਰ ਡਰਦਿਆਂ ਬੇਬੇ ਨੇ ਸਾਨੂੰ ਚੁੱਪ ਰਹਿਣ ਲਈ ਕਿਹਾ। ਬਾਪੂ ਜੀ ਗੰਡਾਸੀ ਫੜ ਬਾਹਰ ਭੱਜਣ ਲੱਗੇ। ਬੇਬੇ ਉਹਦੇ ਸਾਹਮਣੇ ਲਿਲਕੜੀਆਂ ਲੈਣ ਲੱਗੀ। ਬਾਪੂ ਜੀ ਹਾਰ ਮੰਨ ਕੇ ਉੱਥੇ ਹੀ ਬਹਿ ਗਏ।

ਗਵਾਂਢੀ ਦੀ ਸਾਰੀ ਢਾਣੀ ਗਾਲ੍ਹਾਂ ਕੱਢ ਕੇ ਵਾਪਸ ਚਲੀ ਗਈ। ਘੰਟੇ ਕੁ ਬਾਅਦ ਜਦੋਂ ਚੁੱਪ ਚਾਂ ਹੋ ਗਈ ਤਾਂ ਅਸੀਂ ਸਾਰੇ ਦੱਬੇ ਪੈਰ ਘਰ ਆ ਗਏ। ਪਤਾ ਲੱਗਿਆ ਕਿ ਗਵਾਂਢੀ ਦੇ ਬੰਦੇ ਬਾਬਾ ਦੀ ਦਾਹੜੀ ਪੁੱਟ ਗਏ ਸਨ। ਬਾਪੂ ਜੀ ਪੈਰਾਂ ਤੋਂ ਹੀ ਮੱਚ ਗਏ। ਉਹ ਪਾਗਲਾਂ ਵਾਂਗ ਗੰਡਾਸੀ ਚੁੱਕ ਕੇ ਗਵਾਂਢੀ ਦੇ ਘਰ ਵੱਲ ਸਰਪੱਟ ਦੌੜ ਪਏ। ਉਹਨਾਂ ਦੇ ਪਿੱਛੇ ਪਿੱਛੇ ਸਾਡਾ ਸਾਰਾ ਪਰਿਵਾਰ ਭੱਜ ਉਠਿਆ। ਉਹ ਸਾਰੇ ਬਾਪੂ ਜੀ ਨੂੰ ਰੋਕਦੇ ਰਹੇ। ਪਰ ਉਹ ਤਾਂ ਜਿਵੇਂ ਤੁਫਾਨ ਬਣ ਚੁੱਕਾ ਸੀ।

ਓਏ ਹੱਟ ਜੋ ਪਿੱਛੇ ਅੱਜ ਜਾਂ ਮਰਜੂੰ ਜਾਂ ਮਾਰਦੂੰ" ਐਂ ਕਿਵੇਂ ਡਰ ਡਰ ਕੇ ਦਿਨ ਕੱਢਾਂਗੇ। ਬਾਪੂ ਜੀ ਦੇ ਸਿਰ ਤੇ ਜਿਵੇਂ ਭੂਤ ਸਵਾਰ ਸੀ।ਉਸ ਨੇ ਜਾਂਦਿਆਂ ਹੀ ਗਵਾਂਢੀ ਦੀ ਕੱਚੀ ਕੀਤੀ ਚਾਰਦੀਵਾਰੀ ਵਿੱਚ ਲੱਗੇ ਤਖਤਿਆਂ ਵਿੱਚ ਲਲਕਾਰਾ ਮਾਰ ਕੇ ਗੰਡਾਸੀ ਮਾਰੀ। ਸਾਢੇ ਛੇ ਫੁੱਟ ਲੰਮੇ ਬਾਪੂ ਜੀ ਦੇ ਲਲਕਾਰਿਆਂ ਨੇ ਜਿਵੇਂ ਪਿੰਡ ਦੀਆਂ ਕੰਧਾਂ ਹਿੱਲਣ ਲਾ ਦਿੱਤੀਆਂ। ਪਿੰਡ ਦੇ ਲੋਕ ਇਕੱਠੇ ਹੋ ਗਏ ਸਨ। ਬਾਪੂ ਜੀ ਦੇ ਲਲਕਾਰੇ ਸੁਣ ਕੇ ਭਾੜੇ ਦੇ ਟੱਟੂ ਹਨੇਰੇ ਦਾ ਫਾਇਦਾ ਚੁੱਕ ਕੇ ਭੱਜ ਗਏ। ਹੁਣ

ਗਵਾਂਢੀ ਇੱਕਲਾ ਰਹਿ ਗਿਆ ਸੀ ਉਹ ਬੰਦੂਕ ਲੈ ਕੇ ਆਪਣੇ ਵਿਹੜੇ ਵਿੱਚ ਲਲਕਾਰੇ ਮਾਰਨ ਲੱਗਾ। ਉਸ ਨੂੰ ਉਸ ਦੇ ਘਰਦਿਆਂ ਨੇ ਕਾਬੂ ਕੀਤਾ ਹੋਇਆ ਸੀ।

ਪਿੰਡ ਦੇ ਲੋਕ ਇਕੱਠੇ ਹੋਣ ਲੱਗੇ। ਸਿਆਣੇ ਬੰਦਿਆਂ ਨੇ ਵਿੱਚ ਵਿਚਾਲੇ ਪੈ ਕੇ ਦੋਵੇਂ ਧਿਰਾਂ ਨੂੰ ਠੰਢੇ ਕੀਤਾ। ਬਾਪੂ ਜੀ ਹੁਰਾਂ ਨੂੰ ਸਮਝਾ ਬੁੱਝਾ ਕੇ ਘਰ ਤੋਰ ਦਿੱਤਾ।

ਬਾਬਾ ਜੀ ਦੀ ਪੁੱਟੀ ਦਾਹੜੀ ਕਾਰਨ ਬਾਪੂ ਜੀ ਬਹੁਤ ਨਮੋਸ਼ੀ ਮਹਿਸੂਸ ਕਰ ਰਹੇ ਸਨ।ਉਹ ਅਜੇ ਵੀ ਇਹਦਾ ਬਦਲਾ ਲੈਣ ਦੀ ਸੋਚਦੇ।

ਛੱਡੂੰਗਾ ਨਹੀਂ ਬੱਚੂ ਨੂੰ , ਬੰਦੇ ਦਾ ਪੁੱਤ ਬਣਾ ਕੇ ਹੀ ਸਾਹ ਲਊਂ... ਮੈਨੂੰ ਵੀ ਵਜੀਰ ਸਿਉਂ ਕਿਸੇ ਨੇ ਕਹਿਣਾਂ ਫੇਰ..." ਅਕਸਰ ਉਹ ਸ਼ਰਾਬ ਪੀ ਕੇ ਦੰਦ ਕਰੀਚਦੇ ਹੋਏ ਕਹਿੰਦੇ।

ਗਵਾਂਢੀ ਨਾਲ ਅੱਤ ਦਾ ਵੈਰ ਪੈ ਗਿਆ ਸੀ। ਬਾਬਾ ਜੀ ਉਹਦੀ ਬੰਦੂਕ ਬਾਰੇ ਸੋਚ ਕੇ ਧੁਰ ਅੰਦਰੋਂ ਡਰ ਜਾਂਦੇ।ਫਿਰ ਇੱਕ ਦਿਨ ਉਹਨਾਂ ਨੇ ਇਥੋਂ ਦੀ ਜ਼ਮੀਨ ਵੇਚ ਕੇ ਸਾਡੇ ਜੱਦੀ ਪਿੰਡ ਰੈਲੀ ਵਾਪਸ ਮੁੜ ਜਾਣ ਦਾ ਫੈਸਲਾ ਲੈ ਲਿਆ।

ਸ਼ਾਇਦ ਬਾਪੂ ਜੀ ਵੀ ਇਹੋ ਚਾਹੁੰਦੇ ਸਨ।

...... ਤੇ ਇੱਕ ਦਿਨ ਹੋਰ ਭਾਣਾਂ ਵਰਤ ਗਿਆ।ਖੇਤਾਂ ਵਿੱਚ ਬਾਪੂ ਜੀ ਤੇ ਉਹ ਗਵਾਂਢੀ ਫਿਰ ਲੜ ਪਏ।ਬਾਪੂ ਜੀ ਨੇ ਉਸ ਦੇ ਬਹੁਤ ਸੱਟਾਂ ਮਾਰੀਆਂ।ਗਵਾਂਢੀ ਘਰ ਭੱਜ ਆਇਆ।ਉਹ ਅੱਜ ਮਰਨ ਮਾਰਨ ਤੇ ਉਤਾਰੂ ਹੋ ਗਿਆ ਸੀ।ਉਸ ਅੰਦਰੋਂ ਬੰਦੂਕ ਲਿਆ ਕੇ ਵਿਹੜੇ ਵਿੱਚ ਖੜ੍ਹੇ ਨੇ ਹੀ ਫਾਇਰ ਕਰਨੇ ਸ਼ੁਰੂ ਕਰ ਦਿੱਤੇ।ਉਸ ਦੇ ਘਰਦਿਆਂ ਨੇ ਉਸ ਨੂੰ ਅੰਦਰ ਵਾੜ ਕੇ ਬਾਹਰੋ ਕੁੰਡਾ ਮਾਰ ਦਿੱਤਾ ਸੀ।

ਕੋਈ ਭਿਆਨਕ ਘਟਨਾਂ ਹੋਣ ਤੋਂ ਬਚਾਅ ਹੋ ਗਿਆ ਸੀ।

ਉਸ ਦਿਨ ਬਾਬਾ ਜੀ ਨੇ ਇਥੋਂ ਰਾਤੋ ਰਾਤ ਨਿਕਲ ਜਾਣ ਦਾ ਮਨ ਬਣਾ ਲਿਆ ਸੀ।ਰਾਤ ਹਨੇਰੇ ਪਏ ਗੱਡੇ ਤੇ ਜ਼ਰੂਰੀ ਸਮਾਨ ਲੱਦਿਆ ਗਿਆ।ਘਰ ਨੂੰ ਤਾਲਾ ਲਗਾ ਦਿੱਤਾ ਗਿਆ।ਲਹਿਲਹਾਉਂਦੀ ਫ਼ਸਲ ਅਤੇ ਬਾਬਾ ਜੀ ਵੱਲੋਂ ਦੇਹਤੋੜ ਕੀਤੀ ਮਿਹਨਤ ਨਾਲ ਅਬਾਦ ਕੀਤੀ ਜ਼ਮੀਨ ਅਤੇ ਘਰ ਛੱਡ ਕੇ ਅਸੀਂ ਅਛੋਪਲੇ ਜਿਹੇ ਆਪਣੇ ਜੱਦੀ ਪਿੰਡ ਵੱਲ ਤੁਰ ਪਏ।ਖਾਨਾਂ ਬਦੋਸ਼ਾਂ ਵਾਂਗ। ਅਸੀਂ ਹੋਰ ਡੰਗਰ ਵੀ ਨਾਲੋ ਨਾਲ ਤੋਰ ਲਏ। ਗੱਡੇ ਉਤੇ ਬੈਠੇ ਬਾਬਾ ਜੀ ਧਾਹਾਂ ਮਾਰ ਮਾਰ ਰੋਣ ਲੱਗੇ। ਬਾਬਾ ਜੀ ਨੂੰ ਰੋਂਦਿਆਂ ਵੇਖ ਅਸੀਂ ਵੀ ਰੋਣ ਲੱਗੇ।..... ਤੇ ਦੂਜੇ ਦਿਨ ਚੜ੍ਹਦਿਆਂ ਹੀ ਅਸੀਂ ਆਪਣੇ ਜੱਦੀ ਪਿੰਡ ਰੈਲੀ ਪਹੁੰਚ ਗਏ ਸਾਂ।

ਇੱਥੇ ਸਾਡੇ ਰਹਿਣ ਦਾ ਕੋਈ ਬੰਦੋਬਸਤ ਨਹੀਂ ਸੀ।ਸਾਡਾ ਵੱਡਾ ਪਰਿਵਾਰ ਚਾਚਾ ਜੀ ਦੀ ਇੱਕ ਬੈਠਕ ਵਿੱਚ ਜਾਨਵਰਾਂ ਵਾਂਗ ਤਾੜ ਦਿੱਤਾ ਗਿਆ।ਡੰਗਰ ਆਦਿ ਬੰਨਣ ਦਾ ਵੀ ਕੋਈ ਬੰਦੋਬਸਤ ਨਹੀਂ ਸੀ। ਤਾਇਆ ਜੀ ਹੁਰਾਂ ਦੇ ਡੰਗਰ ਆਦਿ ਬੰਨਣ ਲਈ ਵੀ ਥਾਂ ਥੋੜ੍ਹਾ ਸੀ। ਉਹ ਸਾਡੇ ਡੰਗਰ ਕਿਥੋਂ ਬੰਨਦੇ।ਅੰਤਾਂ ਦੀ ਠੰਢ ਸੀ।ਸਾਰੀ ਰਾਤ ਡੰਗਰ ਬਾਹਰ ਹੀ ਖੜ੍ਹਦੇ।ਅਗਲੇ ਦਿਨ ਮੀਂਹ ਵੀ ਪੈਣ ਲੱਗ ਪਿਆ ਸੀ।ਦੋ ਮੱਝਾਂ ਕੁੱਝ ਹੀ ਦਿਨਾਂ ਵਿੱਚ ਮਰ ਗਈਆਂ।ਹੁਣ ਸਾਡੇ ਪਾਸ ਇੱਕ ਬਲਦਾਂ ਦੀ ਜੋਗ ਅਤੇ ਦੋ ਗਾਈਆਂ ਹੀ ਸਨ। ਅੱਤ ਦੀ ਠੰਢ ਵਿੱਚ ਇਹ ਵੀ ਬਿਮਾਰ ਸਨ।ਫਿਰ ਇੱਕ ਦਿਨ ਬਾਪੂ ਜੀ ਨੇ ਲੰਬੜਾਂ ਦੇ ਵੱਡੇ ਵਾੜੇ ਦੇ ਖਾਲੀ ਪਏ ਬਰਾਂਡੇ ਵਿੱਚ ਇਹਨਾਂ ਨੂੰ ਬੰਨਣ ਦਾ ਬੰਦੋਬਸਤ ਕਰ ਦਿੱਤਾ। ਬਰਾਂਡੇ ਦੇ ਥਮਲਿਆਂ ਵਿਚਾਲੇ ਝੋਨੇ ਦੀ ਪਰਾਲੀ ਨਾਲ ਛਪਰੇ ਜਿਹੇ ਬਣਾ ਕੇ ਠੰਢੀ ਹਵਾ ਰੋਕੀ ਗਈ। ਬਾਬਾ ਜੀ ਨੇ ਬਚੇ ਡੰਗਰਾਂ ਨੂੰ ਗਰਮ ਕਾੜ੍ਹੇ ਆਦਿ ਪਿਲਾ ਕੇ ਠੀਕ ਕਰ ਲਿਆ।

ਮੇਰੀਆਂ ਫ਼ਸਲਾਂ ਨਾਲ ਕੀ ਬੀਤ ਰਹੀ ਹੋਊ ? ਦਸ ਕੁ ਦਿਨਾਂ ਬਾਅਦ ਅਚਾਨਕ ਬਾਬਾ ਜੀ ਧਾਹਾਂ ਮਾਰ ਮਾਰ ਰੋਣ ਲੱਗ ਪਏ।

ਓਏ ਕੰਜ਼ਰਾ ਤੇਰੇ ਵੈਲਪੁਣੇ ਨੇ ਸਾਰਾ ਟੱਬਰ ਫਾਹੇ ਟੰਗ ਤਾ ਓਏ,....ਜੇ ਤੇਰੇ ਚਾਲੇ ਠੀਕ ਹੁੰਦੇ ਅੱਜ ਆਹ ਦਿਨ ਨਾ ਦੇਖਣੇ ਪੈਂਦੇ।" ਬਾਬਾ ਜੀ ਧਾਹੀਂ ਰੋ ਰਹੇ ਸਨ। ਬਾਬਾ ਜੀ ਬਾਪੂ ਜੀ ਨੂੰ ਜੋ ਮੂੰਹ ਆਇਆ ਬੋਲ ਰਹੇ ਸਨ। ਪਰ ਬਾਪੂ ਜੀ ਸਿਰ ਝੁੱਕਾ ਕੇ ਸਭ ਕੁੱਝ ਸੁਣ ਰਹੇ ਸਨ। ਉਹ ਕੁੱਝ ਵੀ ਨਾ ਬੋਲੇ।

ਦੂਜੇ ਦਿਨ ਬਾਬਾ ਜੀ ਸਾਰਿਆਂ ਦੇ ਰੋਕਣ ਦੇ ਬਾਵਜੂਦ ਬਠੋਈ ਪਿੰਡ ਵੱਲ ਚੱਲ ਪਏ। ਜਿਵੇਂ ਉਹਨਾਂ ਨੂੰ ਫ਼ਸਲ ਦਾ ਡਾਹਢਾ ਦੁੱਖ ਸੀ। ਉਸ ਨੇ ਆਪਣੇ ਨਾਲ ਮੇਰੇ ਤਾਏ ਦੇ ਮੁੰਡਿਆਂ ਨੂੰ ਨਾਲ ਲੈ ਲਿਆ। ਮੇਰੇ ਤਾਏ ਦੇ ਮੁੰਡੇ ਤਕੜੇ ਜਵਾਨ ਸਨ। ਹੱਟੇ ਕੱਟੇ। ਮਹੀਨੇ ਕੂ ਤੱਕ ਝੋਨੇ ਅਤੇ ਮੱਕੀ ਦੀ ਫ਼ਸਲ ਵੱਢਣ ਲਈ ਤਿਆਰ ਸੀ। ਉਹ ਕਿਸੇ ਤਰਾਂ ਉਥੇ ਵਾਢੀ ਦਾ ਕੰਮ ਮੁਕਾ ਕੇ ਵਾਪਸ ਆ ਗਏ।

ਜਿਵੇਂ ਪਿੰਡ ਦੇ ਲੋਕਾਂ ਨੂੰ ਪੂਰਾ ਭਰੋਸਾ ਸੀ ਕਿ ਇਹ ਹੁਣ ਜ਼ਮੀਨ ਵੇਚ ਦੇਣਗੇ। ਕਈ ਸਰਦੇ ਪੁੱਜਦੇ ਘਰ ਬਾਬਾ ਜੀ ਪਾਸ ਜ਼ਮੀਨ ਖਰੀਦਣ ਲਈ ਆਏ ਸਨ। ਪਰ ਹਰ ਕੋਈ ਕੌਡੀਆਂ ਦੇ ਭਾਅ ਜ਼ਮੀਨ ਖਰੀਦਣਾਂ ਚਾਹੁੰਦਾ ਸੀ।

ਬਾਬਾ ਜੀ ਹੱਡਾਂ ਨੂੰ ਝੋਰਾ ਲਾ ਬੈਠੇ।ਉਹਨਾਂ ਅੰਦਰ ਅਜਿਹਾ ਹਉਂਕਾ ਬੈਠਿਆ ਕਿ ਉਹ ਮੰਜੇ ਤੇ ਹੀ ਪੈ ਗਏ। ਬਾਬਾ ਜੀ ਫਿਰ ਨਾ ਉਠੇ। ਹਰ ਟਾਈਮ ਬਾਪੂ ਜੀ ਨੂੰ ਕੋਸਦੇ। ਬਾਪੂ ਜੀ ਨੀਵੀਂਆਂ ਪਾਈਂ ਸੁਣਦੇ ਰਹਿੰਦੇ।

ਬਾਬਾ ਜੀ ਦਾ ਸਰੀਰ ਦਿਨੋ ਦਿਨ ਸੁੱਕਦਾ ਜਾਂਦਾ। ਫਿਰ ਅਜਿਹਾ ਦਿਨ ਆਇਆ ਕਿ ਉਹ ਮੰਜੇ ਤੇ ਪਏ ਵੀ ਪਛਾਣ ਨਾ ਹੁੰਦੇ।ਅੱਖਾਂ ਅੰਦਰ ਵੱਲ ਧਸ ਗਈਆਂ।ਗੱਲ੍ਹਾਂ ਅੰਦਰ ਵੱਲ ਸਿਮਟ ਗਈਆਂ। ਬਸੀ ਪਠਾਣਾਂ ਵਾਲੇ ਵੇਦ ਡਾਕਟਰ ਨੂੰ ਦਿਖਾਇਆ। ਉਸ ਨੇ ਚੈਕ-ਅੱਪ ਕਰਨ ਤੋਂ ਬਾਅਦ ਕਿਹਾ ਕਿ ਬਾਬਾ ਜੀ ਨੂੰ ਕੋਈ ਬਿਮਾਰੀ ਨਹੀਂ ਸੀ। ਉਸ ਨੇ ਦੱਸਿਆ ਕਿ ਕੋਈ ਹਾਉਂਕਾ ਇਹਦੇ ਅੰਦਰ ਘਰ ਕਰ ਗਿਆ ਹੈ। ਉਸ ਦਾ ਹੀ ਝੋਰਾ ਲਾਈ ਬੈਠਾ ਹੈ। ਸਾਰਿਆਂ ਨੂੰ ਬਾਬਾ ਜੀ ਦੇ ਝੋਰੇ ਦਾ ਪਤਾ ਸੀ। ਪਰਿਵਾਰ ਜਿਵੇਂ ਬਾਬਾ ਜੀ ਪ੍ਰਤੀ ਫਿਕਰਮੰਦ ਸੀ। ਡਾਕਟਰ ਇੱਕ ਦਿਨ ਛੱਡ ਕੇ ਬਾਬਾ ਜੀ ਦੇ ਤਾਕਤ ਦੇ ਟੀਕੇ ਲਾਉਂਣ ਆਉਦਾ। ਪਰ ਬਾਬਾ ਜੀ ਦੀ ਸਿਹਤ ਵਿੱਚ ਕੋਈ ਫਰਕ ਨਾਂ ਪਿਆ।

ਓਏ ਰੱਬਾ ਜੇ ਕਿੱਤੇ ਤੂੰ ਮੇਰੀ ਸੁਣਦੈਂ ਮੈਨੂੰ ਚੱਕ ਲੈ....ਕਿਉਂ ਮੇਰੀ ਮਿੱਟੀ ਰੋਲਦੈਂ... ਇੱਕ ਦਿਨ ਬਾਬਾ ਜੀ ਮਰਨਉ ਅਵਾਜ਼ ਵਿੱਚ ਬੋਲੇ

...... ਤੇ ਜਿਵੇਂ ਰੱਬ ਨੇ ਬਾਬਾ ਜੀ ਦੀ ਅਰਦਾਸ ਮੰਨਜ਼ੂਰ ਕਰ ਲਈ ਸੀ। ਬਾਬਾ ਜੀ ਮਹੀਨੇ ਕੁ ਬਾਅਦ ਹੀ ਚੱਲ ਵਸੇ।

ਉਸ ਤੋਂ ਕੁੱਝ ਦਿਨਾਂ ਬਾਅਦ ਹੀ ਬਾਪੂ ਜੀ ਨੇ ਕਿਸੇ ਨੂੰ ਵਿੱਚ ਵਿਚਾਲੇ ਪਾ ਕੇ ਬਠੋਈ ਪਿੰਡ ਵਾਲੀ ਜ਼ਮੀਨ ਵੇਚ ਦਿੱਤੀ ਸੀ। ਸ਼ਾਇਦ ਕੌਡੀਆਂ ਦੇ ਭਾਅ.......

ਅੱਜ ਇਸ ਸੰਸਾਰ ਵਿੱਚ ਨਾ ਹੀ ਮੇਰੇ ਮਾਂ ਪਿਓ ਹਨ। ਬਾਪੂ ਜੀ ਸਾਲ 2004 ਵਿੱਚ ਚੱਲ ਵਸੇ ਤੇ ਬੇਬੇ ਉਹਨਾਂ ਤੋਂ ਦੋ ਸਾਲ ਬਾਅਦ ਸਾਲ 2006 ਵਿੱਚ ਸਵਰਗ ਸਿੱਧਾਰ ਗਈ।

...... ਤੇ ਜਿਵੇਂ ਜੁੱਗੜੇ ਬੀਤ ਗਏ ਹਨ। ਅੱਜ ਵੀ ਮੈਨੂੰ ਮੇਰੇ ਬਾਬਾ ਜੀ ਖੇਤਾਂ ਵਿੱਚ ਫਤੂਹੀ ਅਤੇ ਕਛਹਿਰੇ ਨਾਲ ਫਿਰਦਾ, ਹਲ ਵਾਹੁੰਦਾ, ਬਲਦਾਂ ਨੂੰ ਟਿੱਚਕਾਰੀਆਂ ਮਾਰਦਾ ਸੁਣਾਈ ਦਿੰਦਾ ਹੈ। ਅੱਜ ਵੀ ਕਈ ਦਹਾਕਿਆਂ ਬਾਅਦ ਬਾਬਾ ਜੀ ਮੇਰੇ ਜ਼ਿਹਨ ਵਿੱਚ ਜਿਉਂ ਤੇ ਤਿਉਂ ਸਾਕਾਰ ਹਨ। ਉਹਨਾਂ ਨੂੰ ਯਾਦ ਕਰਕੇ ਮੇਰੀਆਂ ਅੱਖਾਂ ਦੇ ਕੋਏ ਸਿੰਮ ਆਉਂਦੇ ਹਨ। ਜਿੱਥੇ ਮੈਂ ਆਪਣੇ ਬਾਬਾ ਜੀ ਨੂੰ ਆਪਣੇ ਜੀਵਨ ਦਾ ਆਦਰਸ਼ ਮੰਨਿਆ ਉੱਥੇ ਹੀ ਮੈਂ ਆਪਣੇ ਬਾਪੂ ਜੀ ਨੂੰ ਮਣਾਂ ਮੂੰਹੀ ਨਫਰਤ ਕਰਦਾ ਰਿਹਾ।

**ਸੰਪਰਕ- 9855072504**

# 'ਸ਼ਹੀਦਾਂ ਦਾ ਪਰਿਵਾਰ' ਮੇਰੇ ਪੁਰਖੇ /- ਹਰਪ੍ਰੀਤ ਸਿੰਘ ਹੁੰਦਲ

**ਹਰ** ਕੌਮ, ਜਾਤੀ, ਕਬੀਲੇ, ਪਰਿਵਾਰ ਪਿੱਛੇ ਸਦੀਆਂ ਦਾ ਲੰਮਾ ਇਤਿਹਾਸ ਹੁੰਦਾ ਹੈ, ਜਿਸ ਨੂੰ ਅਸੀਂ ਪਰਿਵਾਰਕ ਪਰੰਪਰਾ ਆਖਦੇ ਹਾਂ । ਏਸੇ ਤਰ੍ਹਾਂ ਕਿਸੇ ਪਰਿਵਾਰ ਪਿੱਛੇ ਸਭਿਆਚਾਰਕ ਤੌਰ 'ਤੇ ਇਕ ਇਤਿਹਾਸ ਹੁੰਦਾ ਹੈ । ਪਰਿਵਾਰਕ ਪਰੰਪਰਾ ਦੇ ਸਿਰ ਤੇ ਹੀ ਕੋਈ ਕਬੀਲਾ, ਪਰਿਵਾਰ ਵਿਕਾਸ ਕਰਦਾ ਹੈ ਜਾਂ ਵਿਨਾਸ ਦੇ ਰਾਹ ਤੁਰਦਾ ਹੈ । ਹਰ ਕਬੀਲੇ ਅਤੇ ਪਰਿਵਾਰ ਦੀ ਪਿੱਠ ਪਿੱਛੇ ਬਜ਼ੁਰਗਾਂ ਅਥਵਾ ਵੱਡ-ਵਡੇਰਿਆਂ ਦੀ ਘਾਲਣਾ ਜਾਂ ਕਿਰਤ ਕਮਾਈ ਨੀਂਹ ਵਜੋਂ ਕਾਰਜ ਕਰਦੀ ਹੈ । ਪਰੰਪਰਾ ਦਾ ਸਭ ਕੁਝ ਹੀ ਪਰਵਾਨ ਕਰਨ ਯੋਗ ਨਹੀਂ ਹੁੰਦਾ, ਬਹੁਤ ਕੁਝ ਨਰੋਇਆ ਤੇ ਸੰਜੀਵ, ਸਾਂਭਣ ਯੋਗ ਅਥਵਾ ਮਾਨਣਯੋਗ ਹੁੰਦਾ ਹੈ । ਪਰ ਕੁਝ ਅਜਿਹੇ ਤੱਤ ਵੀ ਪਰੰਪਰਾ ਦੇ ਹੁੰਦੇ ਹਨ, ਜਿਹੜੇ ਕਿਸੇ ਪਰਿਵਾਰ ਜਾਂ ਕਬੀਲੇ ਨੂੰ ਅੱਗੇ ਨਹੀਂ ਖੜਦੇ ਸਗੋਂ ਨਿਘਾਰ ਵੱਲ ਲੈ ਜਾਂਦੇ ਹਨ । ਇਹ ਹਰ ਕਬੀਲੇ ਤੇ ਪਰਿਵਾਰ ਦੀ ਨਵੀਂ ਪੀੜ੍ਹੀ ਉਪਰ ਨਿਰਭਰ ਹੁੰਦਾ ਹੈ ਕਿ ਉਹਨਾਂ ਵਿੱਚ ਨਵੇਂ ਆਏ ਮੈਂਬਰ ਕਿੰਨੀ ਕੁ ਮੌਲਿਕ ਪ੍ਰਤਿਭਾ ਦੇ ਮਾਲਕ ਹੁੰਦੇ ਹਨ ਕਿ ਉਹ ਆਪਣੀ ਵਿਰਾਸਤ ਵਿਚਲੇ ਨਰੋਏ ਤੱਤਾਂ ਨੂੰ ਸਾਂਭ ਕੇ ਵਿਕਸਤ ਕਰ ਲੈਂਦੇ ਹਨ ਜਾਂ ਕਮਜ਼ੋਰ ਤੱਤਾਂ ਨੂੰ ਤਿਆਗ ਦੇਂਦੇ ਹਨ । ਪਰੰਪਰਾ ਹਰ ਪ੍ਰਗਤੀ ਨੂੰ ਪ੍ਰਭਾਵਿਤ ਕਰਦੀ ਹੈ ।

ਮੇਰੇ ਪਰਿਵਾਰ ਦਾ ਜੋ ਪਿਛੋਕੜ ਸਾਡੀ ਜਾਣਕਾਰੀ ਦਾ ਹਿੱਸਾ ਹੈ ਉਸ ਵਿੱਚ ਜ਼ਿਕਰ ਆਉਂਦਾ ਹੈ ਕਿ ਸਾਡੇ ਪੜਦਾਦੇ ਤਿੰਨ ਭਰਾ ਸਨ - ਲਾਲ ਸਿੰਘ, ਰੋਡਾ ਸਿੰਘ ਤੇ ਜੀਵਨ ਸਿੰਘ । ਇਹ ਮਾਝੇ ਦੇ ਇਤਿਹਾਸਕ ਪਿੰਡ ਬੰਡਾਲਾ ਜ਼ਿਲ੍ਹਾ ਅੰਮ੍ਰਿਤਸਰ ਦੇ ਜੰਮਪਲ ਸਨ । ਇਹਨਾਂ ਦੀ ਖਾਨਦਾਨੀ ਜ਼ਮੀਨ ਬਹੁਤ ਥੋੜ੍ਹੀ ਸੀ । ਇਸ ਕਰਕੇ ਉਹ ਆਮ ਤੌਰ 'ਤੇ ਆਪਣੇ ਨਾਨਕੇ ਪਿੰਡ ਜਾ ਕੇ ਕੰਮ ਧੰਦਾ ਕਰਦੇ ਰਹਿੰਦੇ ਸਨ । ਵੀਹਵੀਂ ਸਦੀ ਦੇ ਮੁੱਢਲੇ ਦਹਾਕੇ ਵਿੱਚ ਅੰਗਰੇਜ਼ਾਂ ਨੇ ਪੰਜਾਬ ਵਿੱਚ ਨਹਿਰਾਂ ਕੱਢ ਕੇ ਬਾਰਾਂ ਨੂੰ ਵਸਾਉਣਾ ਸ਼ੁਰੂ ਕਰ ਦਿੱਤਾ । ਸਿੱਟੇ ਵਜੋਂ ਮੇਰੇ (ਸਾਡੇ) ਪੜਦਾਦੇ ਤਿੰਨਾਂ ਭਰਾਵਾਂ ਨੂੰ ਵੀ ਜ਼ਿਲ੍ਹਾ ਲਾਇਲਪੁਰ ਦੀ ਬਾਰ ਵਿੱਚ ਤਿੰਨ ਮੁਰੱਬੇ ਅਥਵਾ 75 ਏਕੜ ਜ਼ਮੀਨ ਅਲਾਟ ਹੋ ਗਈ । ਇਹ ਪਿੰਡ ਬੰਡਾਲਾ ਚੱਕ ਨੰਬਰ 64, ਰੱਖ ਬਰਾਂਚ, ਤਹਿਸੀਲ ਜੜ੍ਹਾਂਵਾਲਾ, ਜ਼ਿਲ੍ਹਾ ਲਾਇਲਪੁਰ ਵਿੱਚ ਸੀ । ਹਰ ਮੁਰੱਬੇ ਵਿੱਚ ਪੰਝੀ ਏਕੜ ਹੁੰਦੇ ਸਨ ਅਤੇ ਇਹ ਨਹਿਰੀ ਪਾਣੀ ਨਾਲ ਸਿੰਜੇ ਜਾਂਦੇ ਸਨ । ਇਹਨਾਂ ਵਿੱਚੋਂ ਦੋ ਭਰਾ ਅਥਵਾ ਜੀਵਨ ਸਿੰਘ ਤੇ ਰੋਡਾ ਸਿੰਘ ਦੇ ਮੁਰੱਬੇ 64 ਚੱਕ ਵਿੱਚ ਸਨ ਅਤੇ ਤੀਸਰੇ ਭਰਾ ਲਾਲ ਸਿੰਘ ਦਾ ਮੁਰੱਬਾ 65 ਚੱਕ ਵਿੱਚ ਸੀ । ਪਰ ਇਹਨਾਂ ਤਿੰਨਾਂ ਭਰਾਵਾਂ ਦੀ ਰਿਹਾਇਸ਼ 64 ਚੱਕ ਨਿਹਾਲੋ ਆਣਾ, ਬੰਡਾਲਾ ਵਿੱਚ ਸੀ । ਇਹ ਜੋ ਜ਼ਮੀਨ ਅਲਾਟ ਹੋਈ ਸੀ ਇਹ ਜੰਗਲ ਹੁੰਦੇ ਸਨ । ਜਿਹਨਾਂ ਨੂੰ ਬੜੀ ਮਿਹਨਤ ਨਾਲ ਆਬਾਦ ਕਰਨਾ ਪੈਂਦਾ ਸੀ । ਇਹ ਤਿੰਨੇ ਭਰਾ ਰਲ ਕੇ ਇਹਨਾਂ ਖੇਤਾਂ ਵਿਚਲੇ ਜੰਗਲੀ ਰੁੱਖਾਂ ਨੂੰ ਕੱਟ ਕੇ ਖੇਤਾਂ ਨੂੰ ਪੱਧਰਾ ਕਰਦੇ ਸਨ । ਮਸ਼ੀਨਰੀ ਦੀ ਘਾਟ ਕਰਕੇ ਉਹਨਾਂ ਵੇਲਿਆਂ ਵਿੱਚ ਇਹਨਾਂ ਜੰਗਲਾਂ ਨੂੰ ਆਬਾਦ ਤੇ ਪੱਧਰਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ । ਤਿੰਨੇ ਭਰਾ ਰਲ ਕੇ ਜੰਗਲ ਦੇ ਖੇਤਾਂ ਦੇ ਰੁੱਖਾਂ ਨੂੰ ਕੱਟ ਕੇ ਪੱਧਰਾ ਕਰਦੇ ਰਹਿੰਦੇ। ਆਰੰਭਕ ਸਮੇਂ ਵਿੱਚ ਇਹਨਾਂ ਜ਼ਮੀਨਾਂ ਨੂੰ ਆਬਾਦ ਕਰਨਾ ਬੜਾ ਕਠਿਨ ਕਾਰਜ ਸੀ । ਪਰ ਬੇ-ਜਮੀਨਿਆਂ ਨੂੰ ਜ਼ਮੀਨ ਮਿਲ ਜਾਣੀ ਬੜੀ ਅਨੌਖੀ ਤੇ ਵਿਚਿਤਰ ਗੱਲ ਸੀ । ਉਹ ਆਪਣੇ ਹਲਾਂ, ਬਲਦਾਂ, ਕਹੀਆਂ, ਕੁਹਾੜਿਆਂ ਤੇ ਆਰਿਆਂ ਨਾਲ ਖੇਤਾਂ ਨੂੰ ਪੱਧਰਾ ਕਰਦੇ ਸਨ । ਏਥੇ ਜ਼ਮੀਨ ਦੀ ਭੁੱਖ ਤੇ ਕੰਮ ਕਰਨ ਦੀ ਲਗਨ ਨਾਲ ਹੀ ਔਖੇ ਕੰਮ

ਸੌਖੇ ਹੋਣੇ ਸਨ । ਪੰਜਾਂ ਸੱਤਾਂ ਸਾਲਾਂ ਦੀ ਕਠਿਨ ਮਿਹਨਤ ਨਾਲ ਅਖ਼ੀਰ ਤਿੰਨ ਭਰਾਵਾਂ ਦੀ ਜ਼ਮੀਨ ਆਬਾਦ ਹੋ ਗਈ ਤੇ ਇਸ ਨੂੰ ਨਹਿਰੀ ਪਾਣੀ ਪੈਣ ਲੱਗਾ, ਤੇ ਇਸ ਵਿੱਚ ਫਸਲਾਂ ਲਹਿ-ਲਹਿਰਾਉਣ ਲੱਗੀਆਂ ਕਿਉਂਕਿ ਇਹ ਜ਼ਮੀਨ ਬੇ ਆਬਾਦ ਰਹੀ ਸੀ, ਇਸ ਕਾਰਨ ਨਹਿਰੀ ਪਾਣੀ ਮਿਲਣ ਨਾਲ ਇਸ ਦੀ ਉਪਜਾਊ ਸ਼ਕਤੀ ਬਹੁਤ ਹੋ ਗਈ । ਹੌਲੀ ਹੌਲੀ ਇਹ ਜ਼ਮੀਨ ਸੋਨਾ ਉੱਗਣ ਵਾਲੀ ਬਣ ਗਈ ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਆਜ਼ਾਦੀ ਦੀ ਭਾਵਨਾ ਪੈਦਾ ਹੋਣ ਤੇ ਵਿਗਸਣ ਲੱਗੀ । ਪੰਜਾਬ ਵਿੱਚ ਸਿੱਖ ਫਿਰਕੇ ਦੇ ਗੁਰਦੁਆਰਿਆਂ ਦੇ ਨਾਂ ਬੜੀਆਂ ਜ਼ਮੀਨਾਂ ਤੇ ਜਾਇਦਾਦਾਂ ਲੱਗੀਆਂ ਹੋਈਆਂ ਸਨ । ਹੌਲੀ ਹੌਲੀ ਇਹਨਾਂ ਜ਼ਮੀਨਾਂ ਉੱਤੇ ਪੁਜਾਰੀ ਵਰਗ ਨੇ ਕਬਜ਼ੇ ਕਰ ਲਏ ਅਤੇ ਉਹ ਸਿੱਖ ਜਨ-ਸਮੂਹ ਨੂੰ ਇਹਨਾਂ ਗੁਰਦੁਆਰਿਆਂ ਵਿੱਚ ਆਉਣ ਤੋਂ ਰੋਕਣ ਲੱਗੇ ਤੇ ਆਪ ਮਾਲਕ ਬਣ ਬੈਠੇ । ਅੰਗਰੇਜ਼ਾਂ ਨੇ ਵੀ ਇਹਨਾਂ ਪੁਜਾਰੀਆਂ ਦੀ ਹਮਾਇਤ ਕੀਤੀ । ਸਿੱਖ ਫਿਰਕੇ ਵਿੱਚ ਇਸ ਨੀਤੀ ਦੇ ਵਿਰੋਧ ਵਿੱਚ ਜਾਗਰਤੀ ਦੀ ਲਹਿਰ ਫੈਲਣ ਲੱਗੀ । ਉਹਨਾਂ ਨੇ ਇਹਨਾਂ ਗੁਰਦੁਆਰਿਆਂ ਨੂੰ ਇਹਨਾਂ ਪੁਜਾਰੀਆਂ ਤੋਂ ਆਜ਼ਾਦ ਕਰਾਉਣ ਲਈ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ । ਅੰਗਰੇਜ਼ ਸਰਕਾਰ ਇਹਨਾਂ ਪੁਜਾਰੀਆਂ ਦੀ ਪਿੱਠ ਪਿੱਛੇ ਸੀ । ਸਿੱਖ ਜਨ-ਸਮੂਹ ਵਿੱਚ ਆਜ਼ਾਦੀ ਦੀ ਇਹ ਲਹਿਰ ਚਲ ਪਈ । ਇਸ ਤਰ੍ਹਾਂ ਨਾਲ ਗੁਰਦੁਆਰਾ ਸੁਧਾਰ ਲਹਿਰ ਦਾ ਜਨਮ ਹੋਇਆ । ਸਿੱਟੇ ਵਜੋਂ ਪੰਜਾਬ ਤੋਂ ਲੈ ਕੇ ਦੂਰ ਤੀਕਰ ਜਿੱਥੇ ਕਿਤੇ ਵੀ ਗੁਰਦੁਆਰੇ ਭ੍ਰਿਸ਼ਟ ਪੁਜਾਰੀਆਂ ਦੇ ਕਬਜ਼ੇ ਵਿੱਚ ਸਨ, ਉਹਨਾਂ ਨੂੰ ਸਿੱਖ ਪ੍ਰਬੰਧ ਹੇਠ ਲਿਆਉਣ ਲਈ ਮੋਰਚੇ ਲੱਗ ਗਏ । ਸ੍ਰ. ਲਾਲ ਸਿੰਘ ਦੇ ਪਰਿਵਾਰ ਉੱਤੇ ਇਸ ਲਹਿਰ ਦਾ ਬੜਾ ਡੂੰਘਾ ਪ੍ਰਭਾਵ ਪਿਆ । ਨਨਕਾਣਾ ਸਾਹਿਬ (ਜ਼ਿਲ੍ਹਾ ਸ਼ੇਖੂਪੁਰਾ) ਵਿਚਲਾ ਗੁਰਦੁਆਰਾ ਸਿੱਖ ਜਗਤ ਲਈ ਬਹੁਤ ਮਹੱਤਵ ਰੱਖਦਾ ਸੀ । ਉਸ ਗੁਰਦੁਆਰੇ ਨੂੰ ਭ੍ਰਿਸ਼ਟ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਇਲਾਕੇ ਦੇ ਸਿੱਖਾਂ ਨੇ ਉੱਥੇ ਮੋਰਚਾ ਲਾ ਦਿੱਤਾ । ਮਹੰਤ ਨਰਾਇਣ ਦਾਸ ਨੇ ਗੁਰਦੁਆਰੇ ਵਿੱਚ ਬਦਮਾਸ਼ਾਂ ਦਾ ਇਕ ਟੋਲਾ ਇਕੱਠਾ ਕਰ ਲਿਆ ਤੇ ਮਿਤੀ 19 ਫਰਵਰੀ 1921 ਨੂੰ ਜਥੇ ਵਿੱਚ ਆਏ ਸਿੱਖਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ । ਸਿੱਟੇ ਵਜੋਂ ਬਹੁਤ ਸਾਰੇ ਸਿੱਖਾਂ ਨੂੰ ਕਤਲ ਕਰ ਦਿੱਤਾ । ਇਸ ਜਥੇ ਵਿੱਚ ਸ੍ਰ. ਲਾਲ ਸਿੰਘ ਦਾ ਵੱਡਾ ਸਪੁੱਤਰ ਸ੍ਰ. ਹਜ਼ਾਰਾ ਸਿੰਘ ਸ਼ਹੀਦ ਹੋ ਗਿਆ । ਸਾਰੇ ਪੰਜਾਬ ਵਿੱਚ ਹਾਹਾਕਾਰ ਮੱਚ ਗਈ । ਸੈਂਕੜੇ ਲੋਕ ਇਕੱਠੇ ਹੋ ਕੇ ਨਨਕਾਣਾ ਸਾਹਿਬ ਵੱਲ ਤੁਰ ਪਏ । ਅੰਗਰੇਜ਼ ਸਰਕਾਰ ਨੇ ਫੌਜ ਸੱਦ ਲਈ, ਪਰ ਲੋਕਾਂ ਵਿੱਚ ਰੋਹ ਏਨਾ ਸੀ ਕਿ ਉਹ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਸਨ । ਸਿੱਟੇ ਵਜੋਂ ਗੁਰਦੁਆਰੇ ਦਾ ਪ੍ਰਬੰਧ ਸਿੱਖ ਕਮੇਟੀ ਨੂੰ ਸੌਂਪ ਦਿੱਤਾ ਗਿਆ ।

ਇੰਜ ਹੀ ਜੈਤੋ ਵਿੱਚ ਆਖੰਡ ਪਾਠ ਰੱਖਣ ਦੇ ਮਸਲੇ ਉੱਤੇ ਸਿੱਖਾਂ ਦਾ ਸਰਕਾਰ ਨਾਲ ਟਕਰਾ ਹੋ ਗਿਆ । ਹਰ ਰੋਜ਼ ਪਿੰਡਾਂ ਵਿੱਚੋਂ ਜਥੇ ਜੈਤੋ ਵੱਲ ਵਹੀਰਾਂ ਘੱਤ ਕੇ ਤੁਰ ਪਏ । ਅੰਗਰੇਜ਼ੀ ਸਰਕਾਰ ਨੇ ਹਰ ਰੋਜ਼ ਵਹਿਸ਼ੀਆਨਾ ਢੰਗ ਨਾਲ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਇਸ ਲਾਠੀਚਾਰਜ ਵਿੱਚ ਬਾਬਾ ਲਾਲ ਸਿੰਘ ਦਾ ਦੂਜਾ ਸਪੁੱਤਰ ਸ੍ਰ. ਬੇਲਾ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ । ਜ਼ਖ਼ਮੀ ਹਾਲਤ ਵਿੱਚ ਉਸ ਨੂੰ ਅੰਮ੍ਰਿਤਸਰ ਲਿਆਂਦਾ ਗਿਆ, ਜਿਥੇ ਉਹ ਲਾਠੀਆਂ ਦੀ ਮਾਰ ਨਾ ਝੱਲਦਾ ਹੋਇਆ ਸ਼ਹੀਦ ਹੋ ਗਿਆ । ਇਸ ਤਰ੍ਹਾਂ ਇਸ ਪਰਿਵਾਰ ਦੇ ਦੋ ਨੌਜਵਾਨ ਅਰਥਾਤ ਸ੍ਰ. ਹਜ਼ਾਰਾ ਸਿੰਘ ਤੇ ਸ੍ਰ. ਬੇਲਾ ਸਿੰਘ ਅਕਾਲੀ ਲਹਿਰ ਵਿੱਚ ਸ਼ਹੀਦ ਹੋ ਗਏ । ਪਰਿਵਾਰ ਉੱਤੇ ਸਿੱਖ ਲਹਿਰ ਦਾ ਚੰਗਾ ਪ੍ਰਭਾਵ ਪਿਆ ਤੇ ਇਸ ਪਰਿਵਾਰ ਨੂੰ 'ਸ਼ਹੀਦਾਂ ਦਾ ਪਰਿਵਾਰ' ਆਖਿਆ ਜਾਣ ਲੱਗਾ । ਗੁਰਬਖਸ਼ ਸਿੰਘ 'ਸ਼ਮਸ਼ੇਰ'

ਝੁਬਾਲੀਆ ਆਪਣੀ ਪੁਸਤਕ 'ਸ਼ਹੀਦੀ ਜੀਵਨ' ਵਿੱਚ ਲਿਖਦੇ ਹਨ -

ਭਾਈ ਹਜ਼ਾਰਾ ਸਿੰਘ ਦਾ ਜਨਮ 15 ਪੋਹ ਸੰ: 1958 ਬਿ. ਨੂੰ ਮਾਤਾ ਨੰਦ ਕੌਰ ਦੀ ਕੁੱਖੋਂ ਭਾਈ ਲਾਲ ਸਿੰਘ ਦੇ ਘਰ ਬੰਡਾਲਾ ਨਿਹਾਲੇ ਆਣਾ ਚੱਕ 64 ਜ਼ਿਲ੍ਹਾ ਲਾਇਲਪੁਰ ਵਿੱਚ ਹੋਇਆ। ਆਪ ਚਾਰ ਭਰਾ ਸਨ - ਭਾਈ ਹਜ਼ਾਰਾ ਸਿੰਘ, ਭਾਈ ਦਾਰਾ ਸਿੰਘ (ਦੀਦਾਰ ਸਿੰਘ), ਭਾਈ ਬੇਲਾ ਸਿੰਘ (ਜੋ ਨਾਭੇ ਦੀ ਬੀੜ ਵਿੱਚ ਨਾਵੇਂ ਸ਼ਹੀਦੀ ਜਥੇ ਵਿੱਚ ਮਾਰ-ਕੁਟਾਈ ਨਾਲ ਸ਼ਹੀਦ ਹੋ ਗਏ), ਅਤੇ ਭਾਈ ਧਾਰਾ ਸਿੰਘ (ਤਾਰਾ ਸਿੰਘ) ਸਨ। ਸਾਰੇ ਨਗਰ ਵਿੱਚ ਆਪ ਖਾਸ ਇੱਜ਼ਤ ਦੀ ਨਜ਼ਰ ਨਾਲ ਵੇਖੇ ਜਾਂਦੇ ਸਨ।

ੱਜ਼ਨਥ ਵਿੱਚ ਅੰਗਰੇਜ਼ਾਂ ਨੇ ਅਕਾਲੀਆਂ ਨਾਲ ਸਮਝੌਤਾ ਕਰਕੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰ ਦਿੱਤੀ। ਇਸ ਕਮੇਟੀ ਦੇ ਬਣਨ ਨਾਲ ਬਾਬਾ ਲਾਲ ਸਿੰਘ ਦੇ ਲੜਕੇ ਸ੍ਰ. ਦੀਦਾਰ ਸਿੰਘ (ਮੇਰੇ ਦਾਦਾ ਜੀ) ਨੂੰ ਬਿਨਾਂ ਮੁਕਾਬਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾ ਦਿੱਤਾ ਗਿਆ ਤੇ ਉਹ 1947 ਈ: ਤੱਕ ਹੋਰ ਚੋਣ ਵਿੱਚ ਬਿਨਾਂ ਮੁਕਾਬਲਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਦੇ ਰਹੇ।

AIDG ਈ. ਵਿੱਚ ਦੇਸ਼ ਵੰਡ ਤੋਂ ਬਾਅਦ ਤਿੰਨਾਂ ਬਾਬਿਆਂ ਦੀ ਔਲਾਦ ਦੇ ਵਾਰਸਾਂ ਨੂੰ ਪਿੰਡ ਫੱਤੂ ਚੱਕ ਜ਼ਿਲ੍ਹਾ ਕਪੂਰਥਲਾ ਵਿੱਚ ਜ਼ਮੀਨ ਅਲਾਟ ਹੋ ਗਈ। ਏਥੇ ਆ ਕੇ ਵੀ ਸ੍ਰ. ਦੀਦਾਰ ਸਿੰਘ ਅਕਾਲੀ ਦਲ ਦੇ ਹਲਕਾ ਜਥੇਦਾਰ ਤੇ ਉੱਘੇ ਅਕਾਲੀ ਆਗੂ ਵਜੋਂ ਰਾਜਨੀਤੀ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ ਰਹੇ। ਬਾਬਾ ਰੋਡਾ ਸਿੰਘ ਦਾ ਪਰਿਵਾਰ ਹਰਿਆਣਾ ਵਿੱਚ ਵਸ ਗਿਆ ਅਤੇ ਬਾਬਾ ਜੀਵਨ ਸਿੰਘ ਅਕਾਲੀ ਦਲ ਵਿੱਚ ਸਰਗਰਮ ਵਰਕਰ ਵਜੋਂ ਵਿਚਰਦਾ ਰਿਹਾ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਇਹਨਾਂ ਬਾਬਿਆਂ ਦੀ ਔਲਾਦ ਵਿੱਚੋਂ ਕਈ ਪਰਿਵਾਰ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਵਸ ਗਏ।

ਸ੍ਰ. ਦੀਦਾਰ ਸਿੰਘ ਦੇ ਪਰਿਵਾਰ ਵਿੱਚੋਂ ਇਕ ਪਰਿਵਾਰ ਕੈਨੇਡਾ ਦਾ ਨਾਗਰਿਕ ਬਣ ਗਿਆ। ਦੂਜਾ ਲੜਕਾ ਸ੍ਰ. ਹਰਭਜਨ ਸਿੰਘ ਹੁੰਦਲ ਉੱਘਾ ਲੇਖਕ ਹੈ।

ਡਾ. ਜਸਪਾਲ ਸਿੰਘ ਲਿਖਦੇ ਹਨ -

ਹੁੰਦਲ ਦੇ ਦੋ ਤਾਏ, ਅਥਵਾ ਉਸ ਦੇ ਪਿਤਾ ਜੀ ਦੇ ਵੱਡੇ ਭਾਈ 1921-25 ਦੇ ਅਕਾਲੀ ਮੋਰਚਿਆਂ ਵਿੱਚ ਸ਼ਹੀਦ ਹੋ ਗਏ ਸਨ। ਇਹਨਾਂ ਵਿਚ ਇਕ ਨਨਕਾਣਾ ਸਾਹਿਬ ਤੇ ਦੂਜਾ ਜੈਤੋ ਵਿਖੇ ਮਾਰੇ ਗਏ। ਇਸ ਇਕੱਲੇ ਪਿੰਡ ਵਿੱਚੋਂ ਛੇ ਜਾਣੇ ਮਾਰੇ ਗਏ ਸਨ। ਏਸੇ ਕਾਰਨ ਇਹ ਪਿੰਡ ਸ਼ਹੀਦਾਂ ਦੇ ਪਿੰਡ ਵਜੋਂ ਪ੍ਰਸਿੱਧ ਹੋ ਗਿਆ ਸੀ।

ਸੋ ਪਰਿਵਾਰਕ ਪਿਛੋਕੜ ਦੇ ਇਹ ਕੁਝ ਵੇਰਵੇ ਜੀਵਨ ਵਿੱਚ ਵਿਚਰਦਿਆਂ ਹਮੇਸ਼ਾ ਸਹੀ ਅਗਵਾਈ ਕਰਦੇ ਰਹਿੰਦੇ ਹਨ। ਮੇਰੇ ਪੁਰਖਿਆਂ ਨੂੰ 1947 ਦੇ ਦੇਸ਼ ਵੰਡ ਦੇ ਦੁਖਾਂਤ ਤੋਂ ਬਾਅਦ ਪੰਜਾਬ ਵਿਚਲੀਆਂ ਨਿੱਤ ਨਵੀਆਂ ਸਮਾਜਕ, ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ ਚੁਣੌਤੀਆਂ ਨਾਲ ਜੂਝਣਾ ਪੈਂਦਾ ਰਿਹਾ ਹੈ।

**ਮੋਬ ਨੰ: 94636-84511**

## ਬਾਈ ਪੜ੍ਹਿਆ / - ਮੰਗਤ ਰਾਮ

ਮੇਰੇ ਬਾਪ ਦਾ ਕਾਗ਼ਜ਼ਾਂ ਚ ਨਾਂ ਮਹਿੰਦਰ ਪਾਲ ਸੀ। ਪੇਟ ਘਰੋੜੀ ਦੇ ਪੁੱਤ ਨੂੰ ਮੇਰਾ ਬਾਬਾ ਲਾਡ ਨਾਲ਼ ਮਿੰਦ੍ਹਾ ਸੱਦਿਆ ਕਰਦਾ ਸੀ ਤੇ ਨਾਨਾ-ਨਾਨੀ ਤੇ ਬਾਕੀ ਰਿਸ਼ਤੇਦਾਰ ਵੀ, ਮਿੰਦਰ। ਅਸੀਂ 50 ਕੁ ਸਾਲਾਂ ਤੋਂ ਮੇਰੇ ਨਾਨਕੇ ਪਿੰਡ ਭੋਡੇ ਸਪਰਾਏ ਰਹਿੰਦੇ ਹਾਂ। ਇਸੇ ਪਿੰਡ ਦੀ ਕਾਮਰੇਡ ਕੇਵਲ ਕੌਰ ਸੀ। ਨਕਸਲਬਾੜੀ ਦੀ ਚੜ੍ਹਤ ਵੇਲੇ ਉਹ ਲਹਿਰ ਦੀ 'ਕੱਲੀ ਛਿੰਦੀ ਔਰਤ ਸੀ। ਮੇਰੀ ਉਮਰ ਦੇ ਹਿਸਾਬ ਨਾਲ ਮੇਰਾ ਬਾਪ ਆਪਣੀ ਮੌਤ ਤੱਕ ਕੋਈ 39 ਕੁ ਸਾਲ ਇੱਥੇ ਹੀ ਰਿਹਾ। ਪਿੰਡ ਦੇ ਬਹੁਤੇ ਔਰਤਾਂ-ਮਰਦ ਮਾਣ ਹਿੱਤ ਉਹ ਨੂੰ 'ਪ੍ਰਾਹੁਣਾ' ਕਹਿਕੇ ਬੁਲਾਉਂਦੇ ਸਨ ਤੇ ਨਿੱਕੇ ਨਿਆਣੇ, ਫੁੱਫੜ। ਮੇਰੀ ਛੋਟੀ ਮਾਮੀ ਉਸਨੂੰ ਭਾਈਆ ਕਹਿੰਦੀ ਸੀ।

ਬਾਪੂ ਡੋਡੇ ਛਕਦਾ ਸੀ। ਇਸ ਲਈ ਕਈ ਉਸਨੂੰ ਅਮਲੀ ਵੀ ਕਹਿੰਦੇ ਸਨ। ਇੱਕ ਵਾਰ ਲੱਗੇ ਵੈਲ ਕਿਹੜਾ ਖਹਿੜਾ ਛੱਡਦੇ ਨੇ। ਸ਼ਬਦ 'ਅਮਲੀ' ਸਾਨੂੰ ਤਾਂ ਬੁਰਾ ਲੱਗਣਾ ਹੀ ਸੀ; ਸ਼ਾਇਦ ਮੇਰੇ ਬਾਪ ਨੂੰ ਵੀ ਬੁਰਾ ਲੱਗਦਾ ਹੋਵੇ। ਬਾਅਦ ਵਿੱਚ ਉਹ ਸਾਰਿਆਂ ਲਈ ਚੌਂਕੀਦਾਰ ਹੀ ਹੋ ਗਿਆ। ਅਜੇ ਤੱਕ ਵੀ ਲੋਕ ਮੈਨੂੰ ਚੌਂਕੀਦਾਰ ਮਿੰਦਰ ਦਾ ਮੁੰਡਾ ਕਹਿਕੇ ਕਿਸੇ ਅਣਜਾਣ ਜਾਂ ਦੇਰ ਬਾਅਦ ਮਿਲੇ ਨਾਲ ਜਾਣ-ਪਛਾਣ ਕਰਾਉਂਦੇ ਹਨ। ਬੰਦਿਆਂ ਚ ਐਬ ਵੀ ਹੁੰਦੇ ਹਨ ਤੇ ਖ਼ਾਸੀਅਤਾਂ ਵੀ। ਇਹਨਾਂ ਦੋਹਾਂ ਦਾ ਜੋੜ ਹੀ ਬੰਦਾ ਹੋਣ ਦੀ ਨਿਸ਼ਾਨੀ ਹੈ।

ਸਾਡਾ ਜੱਦੀ ਪੁਸ਼ਤੀ ਪਿੰਡ ਤਾਂ ਸ਼ੰਕਰ ਹੈ- ਦੁਆਬੇ ਦਾ ਨਾਮੀ ਗਰਾਮੀ ਕਸਬਾ।ਇਹ ਪਿੰਡ ਸਵਰਨ ਸਿੰਘ ਮੰਤਰੀ ਕਰਕੇ ਵੀ ਮਸ਼ਹੂਰ ਹੈ ਤੇ ਭਲਵਾਨਾਂ-ਖਿਡਾਰੀਆਂ ਕਰਕੇ ਵੀ। ਏਥੇ ਦੀ ਛਿੰਝ ਵੀ ਬੜੀ ਪ੍ਰਸਿੱਧ ਹੈ। ਮੇਰੇ ਬਾਪ ਦਾ ਜਨਮ ਉਹਦੇ ਨਾਨਕੇ ਪਿੰਡ 'ਭੱਦਮਾਂ' ਦਾ ਸੀ।ਇਹ ਪਿੰਡ ਸਤਲੁਜ ਦਰਿਆ ਦੇ ਕੰਢੇ ਲਾਗੇ, ਸ਼ਾਹਕੋਟ ਤਹਿਸੀਲ ਚ ਪੈਂਦਾ ਹੈ। ਦੱਸਣ ਮੂਜਬ, ਉੱਥੇ ਉਹਨਾਂ ਦੀ ਉੱਥੇ ਹੱਟੀ ਹੁੰਦੀ ਸੀ ਤੇ ਗੁਜ਼ਾਰਾ ਚੰਗਾ ਸੀ। ਮੇਰਾ ਬਾਬਾ ਉੱਥੇ ਦਾ ਨੰਬਰਦਾਰ ਵੀ ਰਿਹਾ। ਮੇਰੇ ਤਾਏ ਸਾਧੂ ਰਾਮ ਤੇ ਮੇਰੇ ਬਾਪ ਦੀ ਉਮਰ ਵਿੱਚ ਦਸਾਂ ਬਾਰਾਂ ਸਾਲਾਂ ਦੇ ਏੜ ਗੇੜ ਦਾ ਅੰਤਰ ਸੀ। ਉਹਨੀਂ ਦਿਨੀਂ ਭੱਦਮਾਂ ਚ ਸਕੂਲ ਨਹੀਂ ਹੁੰਦਾ ਸੀ। ਭੱਦਮਾਂ ਵਾਲਿਆਂ ਨੂੰ ਨਾਲ਼ ਦੇ ਪਿੰਡ ਪੜ੍ਹਨ ਜਾਣਾ ਪੈਂਦਾ ਸੀ। ਮੇਰਾ ਬਾਪ ਨੂੰ ਵੀ ਬੱਗੇ ਪੜ੍ਹਨੇ ਪਾਇਆ ਗਿਆ। ਤੀਸਰੀ ਚ ਅਜੇ ਚੜ੍ਹਿਆ ਹੀ ਸੀ ਕਿ ਤਾਇਆ ਘਰੋਂ ਕਿਤੇ ਚਲਾ ਗਿਆ। ਮੇਰੇ ਤਾਏ ਦਾ ਬਿਰਤੀ ਸੁਭਾਅ ਸਾਧਾਂ ਨਾਲ ਵੱਧ ਰਲ਼ਦਾ ਸੀ। ਕਥਾ-ਕਹਾਣੀਆਂ ਤਾਂ ਬਾਬਾ ਵੀ ਵਾਹਵਾ ਜਾਣਦਾ ਸੀ; ਸ਼ਾਇਦ ਇਸੇ ਦਾ ਅਸਰ ਹੋਵੇ। ਮੇਰੇ ਬਾਪ ਨੂੰ ਵੀ ਕਈ ਸਾਖੀਆਂ ਯਾਦ ਸਨ। ਹਾਜ਼ਿਰ ਜੁਆਬੀ ਦੇ ਨਾਲ ਨਾਲ, ਉਹ ਨੂੰ ਹਰ ਮੌਕੇ ਤੇ ਕਹਿਣ ਲਈ ਕਈ ਬੰਦ ਜ਼ੁਬਾਨੀ ਯਾਦ ਸਨ। ਉਹਨੇ ਜ਼ਿੰਦਗੀ ਬਿਲਾਸ, ਜਾਨੀ ਚੋਰ, ਦਹੂਦ ਬਾਦਸ਼ਾਹ, ਰੂਪ ਬਸੰਤ ਵਗੈਰਾ ਕਈ ਕਿੱਸੇ ਵੀ ਪੜ੍ਹੇ ਹੋਏ ਸਨ। ਉਦੋਂ ਪ੍ਰਾਇਮਰੀ ਚੌਂਹ ਜਮਾਤਾਂ ਦੀ ਹੁੰਦੀ ਸੀ। ਮੇਰੀ ਭੂਆ ਜੋ ਮੇਰੇ ਬਾਪ ਤੋਂ ਤਿੰਨ ਕੁ ਸਾਲ ਵੱਡੀ ਸੀ; ਬਿਮਾਰ ਰਹਿਣ ਲੱਗੀ ਤੇ ਬਚਪਨ ਚ ਉਸਦੀ ਮੌਤ ਹੋ ਗਈ। ਰੋਟੀ-ਪਾਣੀ ਤੋਂ ਸਤੇ ਮੇਰੇ ਬਾਬੇ ਨੇ ਮੇਰੇ ਬਾਪ ਨੂੰ ਸਕੂਲੋਂ ਹਟਾ ਲਿਆ। ਸਕੂਲ ਦਾ ਮਾਸਟਰ ਵੀ ਕੋਈ ਬੱਗਿਆਂ ਦਾ ਹੀ ਸੀ। ਉਸਨੇ ਮੇਰੇ ਬਾਪ ਦਾ ਦੋ ਤਿੰਨ ਮਹੀਨੇ ਰਜਿਸਟਰ ਚੋਂ ਨਾਂ ਹੀ ਨਹੀਂ ਸੀ ਕੱਟਿਆ। ਉਹ ਮੇਰੇ ਬਾਬੇ ਵੱਲ ਗੇੜੇ ਮਾਰਦਾ ਰਿਹਾ ਕਿ ਤੇਰਾ ਮੁੰਡਾ ਪੜ੍ਹਨ ਨੂੰ ਚੰਗਾ ਹੈ ਤੂੰ

ਇਹਨੂੰ ਸਕੂਲ ਭੇਜਿਆ ਕਰ। ਮੇਰੇ ਬਾਪ ਦੇ ਦੱਸਣ ਅਨੁਸਾਰ ਉਹ ਬਾਕੀ ਦਾ ਅੱਧਾ ਕੁ ਸਾਲ ਟੁੱਟਵਾਂ ਜਿਹਾ ਹੀ ਸਕੂਲ ਜਾ ਸਕਿਆ ਸੀ ਤੇ ਫੇਰ ਸਕੂਲ ਨੂੰ ਸਦਾ ਲਈ ਜੈ ਹਿੰਦ ਹੋ ਗਈ।
ਮੇਰਾ ਬਾਪ ਦੱਸਦਾ ਹੁੰਦਾ ਸੀ ਕਿ ਮੇਰੇ ਉਹਦੇ ਦੋ ਮਾਮੇ ਸਨ। ਉਹ ਬੰਡਾਲੇ (ਮੰਜ਼ਕੀ) ਆ ਗਏ। ਉਹਨਾਂ ਚੋਂ ਛੋਟਾ ਪ੍ਰੀਤਮ ਦਾਸ ਬਹੁਤ ਦੇਰ ਪਹਿਲਾਂ ਯੂ ਪੀ ਐਸ ਸੀ ਦਾ ਮੈਂਬਰ ਵੀ ਰਿਹਾ ਹੈ। ਉਹਨੇ ਮੇਰੇ ਬਾਪ ਨੂੰ ਦਿੱਲੀ ਲੈ ਜਾਣ ਦੀ ਬਹੁਤ ਵਾਹ ਲਾਈ। ਪਰ ਬਾਬਾ ਮੰਨਿਆ ਹੀ ਨਾ।

ਮੇਰਾ ਬਾਪ ਹਿਸਾਬ ਚ ਚੰਗਾ ਹੁਸ਼ਿਆਰ ਸੀ। ਉਹਨਾਂ ਵੇਲਿਆਂ ਚ ਸਵਾਏ, ਅੱਧੇ, ਪੌਣੇ ਆਦਿ ਦੇ ਪਹਾੜੇ ਵੀ ਸੁਣੇ ਜਾਂਦੇ ਸਨ। ਉਹ ਅਕਸਰ ਦੱਸਦੇ ਸਨ ਕਿ ਮੈਂ ਪਹਾੜਿਆਂ ਵਾਰੀ ਚਾਲ਼ੀ ਜਣਿਆਂ ਦੇ ਨੱਕ ਫੜ-ਫੜ ਕੇ ਚਪੇੜਾਂ ਮਾਰਦਾ ਹੁੰਦਾ ਸੀ। ਉਹਦੀ ਪੰਜਾਬੀ ਤੇ ਉਰਦੂ ਦੀ ਮੁਹਾਰਤ ਤਾਂ ਅਸੀਂ ਆਪ ਵੀ ਵੇਖੀ ਹੈ। ਉਹ ਹਿੰਦੀ ਦੀ ਅਖ਼ਬਾਰ ਵੀ ਪੜ੍ਹ ਲੈਂਦੇ ਸਨ ਤੇ ਅੰਗਰੇਜ਼ੀ ਦੇ ਵੀ ਗੁਜ਼ਾਰੇ ਜੋਗੇ ਸ਼ਬਦ ਉਠਾਲ ਲੈਂਦੇ ਸਨ। ਇਹ ਸਭ ਉਹਨੇ ਕਿੱਦਾਂ ਸਿੱਖਿਆ, ਸਾਨੂੰ ਇਸ ਬਾਰੇ ਪਤਾ ਨਹੀਂ। ਖਾਸ ਕਰਕੇ ਹਿੰਦੀ ਤੇ ਅੰਗਰੇਜ਼ੀ ਜੋ ਉਹਨੇ ਆਪਣੇ ਸਕੂਲੀ ਸਮੇਂ ਦੌਰਾਨ ਤਾਂ ਪੜ੍ਹੀਆਂ ਵੀ ਨਹੀਂ ਸਨ। ਸਾਡੇ ਨਾਲ ਦੇ ਪਿੰਡ ਚੰਨਣਪੁਰ ਚ ਅਰੋੜਿਆਂ ਦੇ ਮਿੰਦਰ ਦੀ ਹੱਟੀ ਤੇ ਅਖ਼ਬਾਰ ਆਉਂਦਾ ਸੀ। ਉਦੋਂ ਪਿੰਡ ਚ ਅਖ਼ਬਾਰ ਕਿਸੇ-ਕਿਸੇ ਦੇ ਹੀ ਆਉਂਦੀ ਸੀ। ਜਾਂ ਪੜ੍ਹਿਆਂ-ਲਿਖਿਆਂ ਦੇ ਜਾਂ ਹੱਟੀਆਂ-ਭੱਠੀਆਂ ਤੇ। ਉੱਥੇ ਹਰ ਰੋਜ਼ 15-20 ਬੰਦੇ ਉਹ ਤੋਂ ਅਖ਼ਬਾਰ ਸੁਣਨ ਲਈ ਇਕੱਠੇ ਹੁੰਦੇ ਸਨ। ਅਖ਼ਬਾਰ ਉਹ ਸਾਰੀ ਪੜ੍ਹਦੇ ਸਨ - ਦੋ ਤਿੰਨ ਘੰਟੇ ਲਾ ਕੇ। ਫੇਰ ਉਹ ਪੜ੍ਹੀਆਂ ਖ਼ਬਰਾਂ ਦਾ ਅੱਗਾ-ਪਿੱਛਾ ਸਾਰਾ ਸੁਣਨ ਵਾਲਿਆਂ ਨੂੰ ਦੱਸਦੇ। ਜੇ ਕਿਸੇ ਦਿਨ ਉਹਨੇ ਘਰ ਨਾ ਹੋਣਾ ਜਾਂ ਕਿਸੇ ਕਾਰਨ ਅਖ਼ਬਾਰ ਪੜ੍ਹਨ ਨਾ ਜਾ ਹੋਣਾ ਤਾਂ ਸੁਣਨ ਵਾਲਿਆਂ ਨੇ ਅਖ਼ਬਾਰ ਸਾਂਭ-ਸਾਂਭ ਕੇ ਰੱਖਣੀ ਤਾਂ ਕਿ ਅਗਲੇ ਦਿਨ ਉਹ ਅਖ਼ਬਾਰ ਮੇਰੇ ਬਾਪ ਤੋਂ ਹੀ ਸੁਣਨ। ਅਖ਼ਬਾਰ ਪੜੇ ਬਿਨਾਂ ਨਾ ਤਾਂ ਉਹ ਨੂੰ ਹੀ ਟਿਕਾਅ ਆਉਂਦਾ ਸੀ ਤੇ ਨਾ ਹੀ ਸੁਣਨ ਵਾਲਿਆਂ ਦੀ ਤਸੱਲੀ ਹੁੰਦੀ ਸੀ। ਬਾਅਦ ਵਿੱਚ ਜਦੋਂ ਘਰੇ ਅਖ਼ਬਾਰ ਆਉਣ ਲੱਗ ਪਈ ਤਾਂ ਵੀ ਉਹਨੇ ਉਸ ਹੱਟੀ ਤੇ ਅਖ਼ਬਾਰ ਪੜ੍ਹਨ ਜ਼ਰੂਰ ਜਾਣਾ। ਉਹਨੇ ਜਦੋਂ ਵੀ ਜਲੰਧਰ ਜਾਣਾ ਤਾਂ ਉਰਦੂ ਦੀ ਅਖ਼ਬਾਰ ਜ਼ਰੂਰ ਲੈ ਕੇ ਆਉਣੀ। ਉਹ ਮੈਨੂੰ ਵੀ ਉਰਦੂ ਸਿਖਾਉਣੀ ਚਾਹੁੰਦੇ ਸਨ। ਪਰ ਮੈਨੂੰ ਉਰਦੂ ਦੀ ਅਲਫ਼, ਬੇ, ਪੇ 'ਚ ਕੋਈ ਦਿਲਚਸਪੀ ਨਹੀਂ ਹੋਈ।

ਉਹਨਾਂ ਦੀ ਭੱਦਮਾਂ (ਸ਼ਾਹਕੋਟ) ਵਾਲੀ ਹੱਟੀ ਲੁੱਟੀ ਗਈ ਸੀ।ਅਠਾਰਾਂ ਕਿੱਲਿਆਂ ਦਾ ਕੇਸ ਜਿੱਤ ਕੇ ਵੀ ਆਪਣੀਆਂ ਦੋਨਾਂ ਟਿੰਡਾਂ ਦੀ ਜਾਨ ਬਚਾਉਣ ਲਈ ਬਾਬੇ ਨੇ ਜ਼ਮੀਨ ਦਾ ਕਬਜ਼ਾ ਨਾ ਲਿਆ। ਦਾਬੂ ਜੱਟਾਂ ਨੇ ਧਮਕੀਆਂ ਦਿੱਤੀਆਂ ਹੋਣਗੀਆਂ ਜਾਂ ਬਾਬਾ ਆਪ ਹੀ ਡਰ ਗਿਆ ਹੋਵੇਗਾ। ਡਰਿਆ ਬਾਬਾ ਜਾਂ ਸ਼ਾਇਦ ਹੱਟੀ ਲੁੱਟੇ ਜਾਣ ਕਾਰਨ ਨਕੋਦਰ ਲਾਗਲੇ ਪਿੰਡ ਮਾਲੜੀ ਆ ਵਸਿਆ। ਉੱਥੇ ਬਾਬਾ, ਤਾਇਆ ਤੇ ਬਾਪ ਮਿਸਰਾਂ ਨਾਲ ਹਿੱਸੇ ਤੇ ਖੇਤੀ ਕਰਨ ਲੱਗੇ; ਨਕੋਦਰ ਦਾ ਬਲਦੇਵ ਮਿਸਰ ਵੱਡਾ ਜਗੀਰਦਾਰ ਸੀ ਤੇ ਸ਼ੋਸਲਿਸਟ ਵੀ। ਮੇਰਾ ਤਾਇਆ ਚਿੱਟੀ (ਉੱਗੀ ਚਿੱਟੀ) ਵਿਆਹਿਆ ਹੋਇਆ ਸੀ।ਇਹ ਪਿੰਡ ਉੱਗੀ ਤੋਂ ਲਾਂਬੜੇ ਵਾਲੇ ਪਾਸੇ ਹੈ।ਪਰ ਤਾਏ ਨੂੰ ਸਾਧਾਂ ਦਾ ਝੱਸ ਪਿਆ ਹੋਇਆ ਸੀ। ਦੂਜੇ-ਚੌਥੇ ਸਾਲ ਤਾਇਆ ਸਾਧਾਂ ਪਿੱਛੇ ਨਿਕਲ਼ ਤੁਰਦਾ ਸੀ। ਮਗਰੋਂ ਬਾਬਾ ਤੇ ਮੇਰਾ ਬਾਪ ਮਿਹਨਤ-ਮਜ਼ਦੂਰੀ ਕਰਕੇ ਤਾਏ ਦਾ ਨਿੱਕਾ-ਨਿਆਣਾ ਪਾਲਦੇ। ਤਾਏ ਦੇ ਗਏ ਤੋਂ ਮੇਰੀ ਤਾਈ ਕਈ-ਕਈ ਮਹੀਨੇ ਪੇਕੀਂ ਜਾ ਕੇ ਰਹਿੰਦੀ। ਬਾਅਦ ਚ ਤਾਇਆ ਬਾਬਾ ਮੱਲ ਮਾਲੜੀ ਦੀ ਕਮੇਟੀ ਮੈਂਬਰ ਵੀ ਰਿਹਾ ਤੇ ਤਾਏ ਦਾ ਪੁੱਤ ਵੀ। ਤਾਇਆ ਤਾਂ ਹਮੇਸ਼ਾਂ ਹੀ ਪੱਗ ਬੰਨਕੇ ਰੱਖਦਾ ਸੀ। ਪਰ ਤਾਏ ਦਾ ਮੋਨਾ ਮੁੰਡਾ ਵੀ ਕਮੇਟੀ ਦੀ ਮੀਟਿੰਗ ਚ ਕੇਸਰੀ ਪੱਗ/ਪਟਕਾ

ਬੰਨਕੇ ਜਾਂਦਾ ਸੀ– ਘਰੇ ਆ ਕੇ ਫੇਰ ਲਖਵੀਰ ਚੰਦ। ਅਸੀਂ ਆਪਣੇ ਬਾਪ ਨੂੰ ਸਰੀਰ ਵਲੋਂ ਹਮੇਸ਼ਾਂ ਪਤਲਾ ਜਿਹਾ ਹੀ ਦੇਖਿਆ। ਪਰ ਉਹ ਦੱਸਦਾ ਹੁੰਦਾ ਸੀ ਕਿ ਚਿੱਟੀ ਵਾਲਾ ਮਸ਼ਹੂਰ ਭਲਵਾਨ ਗੁਰਨਾਮ ਉਸਨੂੰ ਆਪਣਾ ਸ਼ਾਗਿਰਦ ਬਨਾਉਣ ਨੂੰ ਤਿਆਰ ਸੀ। ਉਹਦੀ ਤਕੜਾਈ ਦੀ ਗਵਾਹੀ ਤਾਂ ਉਹ ਦਾ ਗੂੜ੍ਹਾ ਮਿੱਤਰ ਅਰਜਨ ਦਿੰਦਾ ਸੀ ਤੇ ਸਾਡੇ ਲਾਗਲੇ ਘਰਾਂ ਵਾਲੇ ਕੂੜੇ ਹੋਰੀਂ ਵੀ ਕਰਿਆ ਕਰਦੇ ਸਨ। ਵਾਹਵਾ ਚਿਰ ਭੱਠਿਆਂ ਤੇ ਪਥੇਰਾ ਵੀ ਰਿਹਾ। ਉਹ ਦੱਸਿਆ ਕਰਦੇ ਸਨ ਕਿ ਉਹ ਕੱਲਾ ਹੀ ਦੋ–ਦੋ ਜਣਿਆਂ ਜਿੰਨੀਆਂ ਇੱਟਾਂ ਪੱਥ ਲੈਂਦਾ ਸੀ। ਪਰ ਉਹਦੀ ਕਿਸੇ ਵੀ ਭੱਠੇ ਦੇ ਮਾਲਕ ਨਾਲ ਜ਼ਿਆਦਾ ਦੇਰ ਨਿਭਦੀ ਨਹੀਂ ਸੀ। ਏਸ ਲਈ ਉਹ ਹਮੇਸ਼ਾਂ ਹੀ ਭੱਠੇ ਬਦਲਦੇ ਰਹਿੰਦੇ ਸਨ। ਉਹਨੇ ਪਟਿਆਲੇ ਤੇ ਹਰਿਆਣੇ ਦੇ ਕੁਝ ਭੱਠਿਆਂ ਤੇ ਵੀ ਕੰਮ ਕੀਤਾ। ਮਹਿਤਪੁਰ ਭੱਠੇ ਦੇ ਮਾਲਕ ਮਾਖੇ ਦੇ ਕਤਲ ਵੇਲੇ ਬਾਪ ਉੱਥੇ ਕੰਮ ਕਰਦਾ ਸੀ। ਪੁਲਸ ਨੇ ਇਹ ਕਤਲ ਕੇਸ ਪਾਸ਼ ਸਿਰ ਪਾਇਆ ਸੀ ਤੇ ਚੰਦਨ ਨੂੰ ਏਸੇ ਕੇਸ ਕਰਕੇ ਘਰੋਂ ਭੱਜਣਾ ਪਿਆ ਸੀ। ਪਾਸ਼ ਕੇਸ ਚੋਂ ਬਰੀ ਹੋ ਗਿਆ ਸੀ। ਚੰਦਨ ਅੰਡਰ ਗਰਾਂਊਂਡ ਰਿਹਾ ਸੀ। ਪਰ ਮੇਰਾ ਬਾਪ ਕਹਿੰਦਾ ਹੁੰਦਾ ਸੀ ਕਿ ਮਾਖੇ ਨੂੰ ਅਸਲ ਚ ਕਾਮਰੇਡਾਂ ਨੇ ਨਹੀਂ ਮਾਰਿਆ ਸੀ। ਇਹ ਤਾਂ ਮਾਖੇ ਨਾਲ਼ ਖਾਰ ਖਾਂਦੇ ਦਾ ਕਰਕੇ ਹੋਇਆ ਸੀ।ਮਾਖਾ ਨੀਂਵੀ ਜਾਤ ਦਾ ਸੀ; ਅਗਲਿਆਂ ਤੋਂ ਖਾਂਦਾ ਪੀਂਦਾ ਜਰ ਨਾ ਹੋਇਆ ਤੇ ਕੈੜ ਏਧਰ ਦੀ ਕੱਢ ਲਈ।

1992–93 ਵਿੱਚ ਜਾਗਰ ਚੌਕੀਦਾਰ ਦੀ ਮੌਤ ਤੋਂ ਬਾਅਦ ਮੇਰਾ ਬਾਪ ਪਿੰਡ ਦਾ ਚੌਂਕੀਦਾਰ ਬਣ ਗਿਆ। ਉਹ ਨੂੰ ਜ਼ਮੀਨਾਂ ਦੀ ਮਿਣਤੀ ਦਾ ਬੜਾ ਹਿਸਾਬ–ਕਿਤਾਬ ਸੀ। ਜ਼ਮੀਨ ਮਿਣਨ ਵੇਲੇ ਉਹ ਕਿੱਲਿਆਂ, ਕਨਾਲਾਂ, ਮਰਲਿਆਂ ਦੇ ਨਾਲ–ਨਾਲ ਸਰਸਾਈਆਂ ਦਾ ਹਿਸਾਬ ਵੀ ਕੱਢ ਦਿੰਦੇ ਸਨ। ਪਟਵਾਰੀ ਗੁਰਮੀਤ ਸਿੰਘ ਤੇ ਜਸਵਿੰਦਰ ਪਾਲ ਏਸੇ ਕਰਕੇ ਉਹਦਾ ਮਾਣ ਕਰਦੇ ਸਨ। ਜਸਵਿੰਦਰ ਤਾਂ ਕਦੇ ਕਦਾਈਂ ਉਹਨੂੰ ਕੁਝ ਪੈਸੇ ਵੀ ਦੇ ਦਿਆ ਕਰਦਾ ਸੀ। ਬਾਅਦ ਚ ਉਹਨੂੰ ਪਿੰਡ ਚੋਂ ਹੀ ਕਿਸੇ ਨੇ ਵਿਜੀਲੈਂਸ ਵਾਲਿਆਂ ਨੂੰ ਫੜਵਾ ਦਿੱਤਾ ਸੀ। ਇੱਕ ਹੋਰ ਪਟਵਾਰੀ ਸੁਭਾਸ਼ ਚੰਦਰ ਉਹ ਸ਼ਾਇਦ ਸ਼ਰਮਾ ਜਾਂ ਵਰਮਾ ਸੀ; ਉਹਦੇ ਨਾਲ ਮੇਰੇ ਬਾਪ ਦੀ ਬਹੁਤੀ ਨਹੀਂ ਸੀ ਬਣਦੀ। ਕਾਰਨ ਭਲਾ ਕੀ ਸੀ? ਇੱਕ ਵਾਰ ਉਸ ਪਟਵਾਰੀ ਨੇ ਰੋਟੀ ਖਾ ਕੇ ਮੇਰੇ ਬਾਪ ਨੂੰ ਭਾਂਡੇ ਧੋਣ ਦਾ ਕਹਿ ਦਿੱਤਾ ਤਾਂ ਅੱਗਿਓਂ ਉਹਨੇ ਪਟਵਾਰੀ ਨੂੰ ਕਿਹਾ ਕਿ ਮੈਂ ਭਾਂਡੇ ਧੋਣ ਵਾਲਾ ਚੌਂਕੀਦਾਰ ਨਹੀਂ ਆਂ। ਭਾਂਡੇ ਤੇਰੇ ਆ, ਤੂੰ ਆਪੇ ਹੀ ਧੋਅ। ਮੈਂ ਤੈਨੂੰ ਕਦੇ ਕਿਹਾ ਕਿ ਮੇਰੇ ਭਾਂਡੇ ਧੋਅ? ਪਰਵਾਰੀ ਨੇ ਰੋਅਬ ਝਾੜਦਿਆਂ ਕਿਹਾ ਕਿ ਉਹ ਉਸਦੀ ਸ਼ਿਕਾਇਤ ਕਰ ਦੇਵੇਗਾ; ਬਾਪ ਨੇ ਮੋੜ ਕੇ ਕਿਹਾ ਕਿ ਤੂੰ ਤਾਂ ਮੇਰੀ ਸ਼ਿਕਾਇਤ ਜੋ ਕਰਨੀ ਹੈ ਕਰ ਲਈਂ ਪਰ ਮੈਂ ਤੇਰੀ ਸ਼ਿਕਾਇਤ ਜਰੂਰ ਕਰੂੰ।ਏਨੀ ਗੱਲ ਤੋਂ ਉਹ ਝੇਂਪ ਗਿਆ। ਪਰ ਜਿੰਨੀ ਦੇਰ ਉਹ ਰਿਹਾ ਉਹਨਾਂ ਦੀ ਆਪਸ ਚ ਕੋਈ ਬਹੁਤੀ ਬਣੀ ਨਹੀਂ। ਇੱਕ ਮਹੇਮਾਂ ਦੀ ਬੀਬੀ ਪਟਵਾਰਨ ਵੀ ਇੱਥੇ ਆਉਂਦੀ ਰਹੀ ਸੀ; ਇਸਨੂੰ ਤਰਸ ਦੇ ਬਿਨਾਅ ਤੇ ਨੌਕਰੀ ਮਿਲੀ ਸੀ। ਉਹ ਮੇਰੇ ਬਾਪ ਨੂੰ ਆਪਣੇ ਬਾਪ ਬਰਾਬਰ ਸਮਝਦੀ ਰਹੀ ਤੇ ਬਾਪ ਨੇ ਵੀ ਧੀਆਂ ਵਾਂਗ ਰੱਖਿਆ ਕੀਤੀ।

ਮੇਰੇ ਬਾਪ ਨੂੰ ਸ਼ਿਕਾਰ ਦਾ ਵੀ ਸ਼ੌਕ ਸੀ। ਉਸਨੇ ਦੋ ਕੁੱਤੇ ਰੱਖੇ ਹੋਏ ਸਨ। ਇਹਨਾਂ ਦੇ ਨਾਂ ਜੋਤੀ ਤੇ ਕਾਲੂ ਸਨ। ਜੋਤੀ ਤਕੜਾ ਸੀ ਪਰ ਕਾਲੂ ਭੱਜਦਾ ਚੰਗਾ ਸੀ। ਬਾਪ ਕਾਲੂ ਨੂੰ ਸ਼ਿਕਾਰ ਤੇ ਲੈ ਕੇ ਜਾਂਦਾ ਹੁੰਦਾ ਸੀ। ਪਿੰਡ ਦੇ ਇਕ ਦੋ ਹੋਰ ਬੰਦਿਆਂ ਨੂੰ ਵੀ ਸ਼ਿਕਾਰ ਦਾ ਸ਼ੌਕ ਸੀ। ਇੱਕ ਜੌੜਿਆਂ ਦਾ ਰੋਡਾ ਤੇ ਦੂਸਰਾ ਝੀਰਾਂ ਦਾ ਜਸਵੰਤ। ਉਹਨਾ ਨਾਲ ਮੇਰੇ ਬਾਪ ਦਾ ਕਾਫੀ ਨੇੜ ਸੀ। ਜਮਸ਼ੇਰ, ਜਿੱਥੇ ਹੁਣ ਪਾਵਰ ਗਰਿੱਡ ਬਣਿਆ ਹੈ, ਸਾਲ ਬਾਅਦ ਕੁੱਤਿਆਂ ਦੀਆਂ ਦੌੜਾਂ ਹੋਇਆ ਕਰਦੀਆਂ ਸਨ। ਸ਼ਰਤ ਇਹ ਵੀ ਸੀ ਕਿ ਇਥੇ ਵੱਡੇ ਵੱਡੇ

ਸਰਦਾਰਾਂ ਦੇ ਕੁੱਤੇ ਹੀ ਦੌੜ ਸਕਦੇ ਸਨ- ਕਿਸੇ ਕੰਮੀ ਕਮੀਣ ਦੇ ਨਹੀਂ। ਪਤਾ ਹੋਣ ਦੇ ਬਾਵਜੂਦ ਵੀ ਮੇਰੇ ਬਾਪ ਨੇ ਕਾਲੂ ਥਾਪੀ ਦੇ ਕੇ ਦੌੜ 'ਚ ਛੱਡ ਦਿੱਤਾ; ਕਾਲੂ ਨੇ ਫਾਇਨਲ ਵਾਲੇ ਕੁੱਤਿਆਂ ਤੋਂ ਪਹਿਲਾਂ ਜਾ ਕੇ ਸਹਿਆ ਫੜ ਲਿਆ। ਇਸ ਨਾਲ ਉੱਥੇ ਕਾਫੀ ਰੌਲਾ ਪੈ ਗਿਆ। ਵੱਡੇ ਸਰਦਾਰ ਹੇਠੀ ਮੰਨ ਗਏ। ਜਗੀਰੂ ਧੌਂਸ ਚਲਾਉਂਦੇ ਕਹਿੰਦੇ ਕਿ ਅਸੀਂ ਕੁੱਤੇ ਨੂੰ ਵੀ ਤੇ ਕੁੱਤੇ ਆਲੇ ਨੂੰ ਵੀ ਗੋਲੀ ਮਾਰਨੀ ਹੈ। ਜਿਵੇਂ ਉਨ੍ਹਾਂ ਦੀ ਕਲਗੀ ਨੂੰ ਹੱਥ ਪੈ ਗਿਆ ਸੀ। ਬਾਪੂ ਵੀ ਸ਼ਰਾਬੀ ਹੋਇਆ ਸੀ; ਅੱਗੋਂ ਇਹ ਉੱਚੀ ਉੱਚੀ ਕਹੀ ਜਾਵੇ, ਗੋਲੀਆਂ ਹੁਣ ਜਿੰਨੀਆਂ ਮਾਰ ਦਿਓ ਪਰ ਤੁਹਾਡੇ ਲੱਖ-ਲੱਖ ਦੇ ਕੁੱਤੇ ਮੇਰੇ ਕਾਲੂ ਨੇ ਮਿੱਟੀ ਤਾਂ ਕਰ ਸੁੱਟੇ, ਕਿ ਨਹੀਂ।ਲਾਗਲੇ ਪਿੰਡਾਂ ਦੇ ਲੋਕਾਂ ਨੇ ਵਿੱਚ ਪੈ ਕੇ ਬਚਾ ਕਰਾਇਆ; ਮੇਰੇ ਬਾਪ ਨੂੰ ਘਰੇ ਲਿਆਂਦਾ। ਬਾਪ ਕਈ ਦਿਨ ਹੁੱਬਿਆ ਰਿਹਾ ਤੇ ਕਾਲੂ ਦੀਆਂ ਗੱਲਾਂ ਕਰਦਾ ਰਿਹਾ।

ਮੇਰਾ ਬਾਪ ਕੰਮ ਬਹੁਤਾ ਨਹੀਂ ਕਰਦਾ ਸੀ। ਉਹ ਨੂੰ ਅਖ਼ਬਾਰ ਤੇ ਤਾਸ਼ ਦਾ ਬਹੁਤ ਭੁੱਸ ਸੀ। ਸਾਰਾ-ਸਾਰਾ ਦਿਨ ਜਾਂ ਅਖ਼ਬਾਰ ਦੇਖ ਲਈ ਜਾਂ ਤਾਸ਼ ਖੇਡ ਲਈ। ਸ਼ਾਹਕੋਟ ਵਾਲੇ ਪਾਸੇ ਮਿਰਚਾਂ ਬੀਜਣ ਦਾ ਰੁਝਾਨ ਸੀ। ਸਾਡੇ ਵੱਲ ਦੇ ਪਿੰਡਾਂ ਵੱਲ ਨਹੀਂ ਸੀ। ਇੱਧਰਲੇ ਪਿੰਡਾਂ ਦੀ ਰੇਤਲੀ ਜ਼ਮੀਨ ਚ ਤਾਂ ਮੂੰਗਫਲੀ, ਛੋਲੇ ਤੇ ਦਾਲਾਂ ਆਦਿ ਹੀ ਹੁੰਦੀਆਂ ਸਨ। ਮੇਰੇ ਬਾਪ ਨੇ ਪਹਿਲੀ ਵਾਰ ਹਕੀਮਾਂ ਦੀ ਜ਼ਮੀਨ ਵਿੱਚ ਮਿਰਚਾਂ ਬੀਜੀਆਂ। ਉਹ ਜ਼ਮੀਨ ਉਦੋਂ ਸ਼ੇਰੋਆਲੀਏ ਦਰਬਾਰਾ ਸਿੰਘ ਦੇ ਭਾਣਜੇ ਬਲਦੇਵ ਸਿੰਘ ਸੰਧੂ ਕੋਲ ਹੁੰਦੀ ਸੀ। ਉਸਤੋਂ ਬਾਅਦ ਉਹਨੇ ਕਦੇ ਕਿਸੇ ਨਾਲ਼ ਤੇ ਕਦੇ ਕਿਸੇ ਦੇ ਹਿੱਸੇ ਤੇ ਮਿਰਚਾਂ ਬੀਜੀਆਂ। ਫੇਰ ਉਹ ਨਾਲ ਹੀ ਖਰਬੂਜੇ-ਹਦਵਾਣੇ ਤੇ ਹੋਰ ਸਬਜ਼ੀਆਂ ਵੀ ਬੀਜਣ ਲੱਗੇ। ਅਸੀਂ ਸਾਰੇ ਪਰਿਵਾਰ ਨੇ ਉਹਦੇ ਨਾਲ ਇਹਨਾਂ ਫ਼ਸਲਾਂ ਦੀ ਗੁੱਡ ਗੁਡਾਈ ਚ ਮਦਦ ਕਰਨੀ। ਪਰ ਸਾਡੇ ਪੱਲੇ ਉਹਦੀ ਕਮਾਈ ਘੱਟ ਹੀ ਪੈਂਦੀ। ਉਹਨੇ ਸ਼ਾਹਕੋਟ ਜਾਂ ਲੋਹੀਆਂ ਦੀ ਮੰਡੀ ਮਿਰਚਾਂ ਦੀ ਟਰਾਲੀ ਭਰਕੇ ਲੈ ਜਾਣੀ। ਪਰ ਵਾਪਿਸ ਖਾਲੀ ਹੱਥ ਹੀ ਮੁੜਨਾ। ਪਰ ਇਨ੍ਹਾਂ ਦਾ ਹਿੱਸੇ ਵਾਲਿਆਂ ਨਾਲ ਪੈਸਿਆਂ ਦਾ ਕਦੇ ਰੌਲਾ ਨਹੀਂ ਪਿਆ। ਅਸੀਂ ਵਾਪਿਸ ਆਇਆਂ ਦੀਆਂ ਓਹਨਾਂ ਦੀਆਂ ਜੇਬਾਂ ਫਰੋਲਣੀਆਂ। ਪਰ ਸਾਡੇ ਹੱਥ ਕਦੇ-ਕਦਾਈਂ ਸੌ ਖੰਡ ਹੀ ਲੱਗਣਾ। ਪਰ ਉਹ ਨਾ ਕਦੇ ਚੋਰੀ ਕੀਤੀ ਤੇ ਨਾ ਹੀ ਬੇਈਮਾਨੀ। ਇਸੇ ਕਰਕੇ ਸ਼ਾਇਦ ਉਹਨੂੰ ਹਰ ਕੋਈ ਹਿੱਸੇਦਾਰ ਰਲਾ ਲੈਂਦਾ ਸੀ। ਮੇਰੇ ਬਾਪ ਤੋਂ ਬਾਅਦ ਸਬਜ਼ੀਆਂ ਆਦਿ ਦਾ ਕੰਮ ਤਾਂ ਪਹਿਲਾਂ ਨਾਲੋਂ ਵਧ ਗਿਆ ਹੈ ਪਰ ਮਿਰਚਾਂ ਕਿਸੇ ਨਹੀਂ ਬੀਜੀਆਂ। ਪਰ ਇਹ ਗੱਲ ਜ਼ਰੂਰ ਸੀ ਕਿ ਜਦੋਂ ਕਦੇ ਘਰ ਆਟਾ ਘੱਟ ਹੋਣਾ ਜਾਂ ਨਾ ਹੋਣਾ ਤਾਂ ਉਹਨੇ ਕਹਿਣਾ ਸੀਸੋ, ਨਿਆਣਿਆਂ ਨੂੰ ਰੋਟੀ ਖਿਲਾ ਦੇਹ ਆਪਾਂ ਕਿਹੜਾ ਹੁਣ ਵਧਣਾ। ਮੇਰੀਆਂ ਦੋਵੇਂ ਵੱਡੀਆਂ ਭੈਣਾਂ ਤੇ ਮਾਂ ਵੀ ਦੱਸਦੀ ਹੁੰਦੀ ਸੀ ਕਿ ਭੱਠੇ ਤੇ ਕੰਮ ਕਰਦਿਆਂ ਹਰ ਜਗ੍ਹਾ ਉਹਨੇ ਫੇਰੀ ਵਾਲਿਆਂ ਨੂੰ ਕਿਹਾ ਹੁੰਦਾ ਸੀ ਕਿ ਮੇਰੀਆਂ ਕੁੜੀਆਂ ਜਿੰਨੀ ਵੀ ਕੋਈ ਚੀਜ਼ ਮੰਗਣ ਇਹਨਾਂ ਨੂੰ ਨਾਂਹ ਨਹੀਂ ਕਰਨੀ।

ਸਾਡੇ ਵਾਲਾ ਥਾਂ ਜਲੰਧਰ ਦੇ ਕਿਸੇ ਸਰਦੇ ਪੁਜਦੇ ਠਾਕਰਾਂ ਦਾ ਸੀ। ਮੇਰੇ ਨਾਨੇ ਹੋਰੀਂ ਪਤਾ ਨਹੀਂ ਕਦੋਂ ਦੇ ਉੱਥੇ ਰਹਿੰਦੇ ਆਏ ਸਨ। ਉਹਨਾਂ ਦੇ ਮੁੰਡੇ ਸੁਭਾਸ਼ ਨੇ ਉਹਨਾਂ ਨੂੰ ਇਹ ਥਾਂ ਖਾਲੀ ਕਰਨ ਲਈ ਕਿਹਾ। ਮੇਰਾ ਮਾਮਾ ਤੇ ਨਾਨਾ ਉਹਦੇ ਨਾਲ ਵੇਹਰ ਪਏ। ਉਸਨੇ ਕਚਹਿਰੀ ਚ ਮੁਕੱਦਮਾ ਕਰ ਦਿੱਤਾ। ਉਹ ਕੇਸ ਜਿੱਤ ਗਿਆ। ਜਿਹੜਾ ਕੰਮ ਸੌਖਿਆਂ ਹੁੰਦਾ ਸੀ ਉਹ ਫੇਰ ਅੜਕੇ ਹੋਇਆ। ਮੁਕੱਦਮੇ ਦੌਰਾਨ ਮੇਰੇ ਬਾਪ ਨੇ ਕਦੇ ਉਹਦੇ ਲਈ ਸਾਗ ਕਦੇ ਮੂਲੀਆਂ ਲੈ ਜਾਣੀਆਂ, ਕਦੇ ਗੰਨੇ ਤੇ ਕਦੇ ਕੋਈ ਸਬਜ਼ੀ। ਮੇਰੇ ਨਾਨਕੇ ਸਾਨੂੰ ਉਹ ਜਗ੍ਹਾ ਦੇਣ ਲਈ ਤਿਆਰ ਨਹੀਂ ਸਨ। ਪਰ ਸੁਭਾਸ਼ ਉਹ ਸਾਰੀ ਜਗਾਹ ਮੇਰੇ ਬਾਪ ਨੂੰ ਬਿਨ੍ਹਾਂ ਪੈਸਿਆਂ ਦੇ ਦੇਣ

ਨੂੰ ਤਿਆਰ ਸੀ। ਪਰ ਫੇਰ ਵੀ ਉਹਨੇ ਅੱਧੀ ਜਗਾਹ ਦਾ ਹਜ਼ਾਰ ਰੁਪੱਈਆ ਸੁਭਾਸ਼ ਨੂੰ ਦਿੱਤਾ ਤੇ ਉਹ ਆਪਣੇ ਨਾਂ ਕਰਵਾ ਲਈ। ਇਹ ਪੈਸੇ ਅਸੀਂ ਵੀ ਕਿਸੇ ਕੋਲੋਂ ਫੜ ਕੇ ਦਿੱਤੇ। ਉਹ ਮੇਰੇ ਬਾਪ ਨੂੰ ਕਹਿੰਦਾ ਸੀ ਕਿ ਤੂੰ ਸਾਰੀ ਜਗਾਹ ਹੀ ਲੈ ਲੈ। ਪਰ ਮੇਰੀ ਬੀਬੀ ਏਸ ਗੱਲ ਲਈ ਰਾਜ਼ੀ ਨਹੀਂ ਸੀ। ਬਾਅਦ ਵਿੱਚ ਛੋਟੇ ਮਾਮੇ ਨੇ ਆਪਣੇ ਹਿੱਸੇ ਦੀ ਜਗਾਹ ਆਪਣੀ ਕਿਸੇ ਗਰਜ਼ ਕਾਰਨ ਵੇਚ ਦਿੱਤੀ।

ਹੋਰ ਦਲਿਤਾਂ ਵਾਂਗ, ਮੇਰਾ ਬਾਪ ਵੀ ਕਾਂਗਰਸ ਦਾ ਪੱਕਾ ਹਮਾਇਤੀ ਸੀ। ਇੰਦਰਾ ਗਾਂਧੀ ਦੀਆਂ ਬਹੁਤ ਸਿਫ਼ਤਾਂ ਕਰਦਾ।ਸ਼ਾਇਦ ਉਹਦਾ ਗਰੀਬੀ ਹਟਾਉਣ ਦਾ ਨਾਹਰਾ ਉਹਨੂੰ ਕਿਤੇ ਸੱਚਾ ਹੋਣ ਦਾ ਭੁਲੇਖਾ ਪਾ ਗਿਆ ਹੋਵੇ। ਪੰਜਾਬ ਚ ਖਾਲਿਸਤਾਨੀ ਲਹਿਰ ਵੇਲੇ ਹੋਈਆਂ ਚੋਣਾਂ ਚ ਮੇਰਾ ਬਾਪ ਸਭ ਤੋਂ ਪਹਿਲਾਂ ਵੋਟ ਪਾ ਕੇ ਆਇਆ। ਅੱਤਵਾਦੀਆਂ ਦੀਆਂ ਧਮਕੀਆਂ ਤੋਂ ਡਰਦਿਆਂ ਸ਼ਾਇਦ ਦੋ-ਚਹੁੰ ਹੀ ਹੋਰਾਂ ਨੇ ਵੋਟ ਪਾਈ ਹੋਵੇ। ਉਹ ਬਹੁਤਿਆਂ ਨਾਲੋਂ ਹਟਕੇ ਪੰਜਾਬ ਵਿਚਲੇ ਅੱਤਵਾਦ ਦੇ ਖਾਤਮੇ ਦਾ ਸਿਹਰਾ ਬੇਅੰਤ ਸਿਹੁੰ ਨੂੰ ਦਿੰਦਾ ਸੀ ਨਾ ਕਿ ਕੇ ਪੀ ਐਸ ਗਿੱਲ ਨੂੰ। ਉਹਨੇ ਕਾਲੇ ਕੱਛਿਆਂ ਵਾਲਿਆਂ ਦੇ ਰੌਲ਼ੇ ਵੇਲੇ ਸਾਨੂੰ ਕੋਠੇ ਤੇ ਪਾ ਦੇਣਾ ਤੇ ਆਪ ਥੱਲੇ ਪੈਣਾ। ਉਹਨੀਂ ਦਿਨੀਂ ਉਹ ਆਪਣੇ ਕੋਲ ਇੱਕ ਸੋਟੀ ਤੇ ਇੱਕ ਦਾਤੀ ਰਾਤ ਨੂੰ ਹਮੇਸ਼ਾਂ ਰੱਖਦੇ। ਮੇਰੀ ਮਾਂ ਸਾਰੀ ਉਮਰ ਨੰਗੇ ਪੈਰੀਂ ਗੁਰਦੁਆਰੇ ਜਾਂਦੀ ਰਹੀ। ਪਰ ਬਾਪ ਕਦੇ ਨਹੀਂ ਗਿਆ। ਮੈਂ ਉਹ ਕਿਸੇ ਮੰਦਿਰ-ਮਸਜਿਦ ਜਾਂਦੇ ਵੀ ਨਹੀਂ ਦੇਖੇ। ਉਹਨੂੰ ਧਰਮਾਂ ਦੀ ਏਨੀ ਕੁ ਸਮਝ ਤਾਂ ਸੀ ਕਿ ਉਹ ਚੰਗੇ-ਭਲੇ ਗਿਆਨੀ-ਅਗਿਆਨੀ ਨਾਲ ਵੀ ਸਿਙੰ ਫਸਾ ਲੈਂਦੇ ਸਨ।ਉਹ ਕਿਸੇ ਮੰਗਣ ਆਏ ਨੂੰ ਖੈਰ ਪਾ ਕੇ ਵੀ ਰਾਜ਼ੀ ਨਹੀਂ ਸਨ ਪਰ ਉਸਨੂੰ ਮਾੜਾ ਵੀ ਨਾ ਬੋਲਦੇ। ਹਾਂ ਉਹ ਪਿੰਡ ਦੀ ਬਾਬੇ ਲੱਖ ਦਾਤੇ ਦੀ ਮਟੀ ਤੇ ਜ਼ਰੂਰ ਕਦੇ-ਕਦੇ ਦੀਵਾ ਜਗਾਉਣ ਜਾ ਆਉਂਦੇ ਸਨ। ਮੈਂ ਆਪਣੇ ਬਾਪ ਨੂੰ ਕਹਿਣਾ ਕਿ ਬਾਪੂ ਮੈਥੋਂ ਇਹ ਕੰਮ ਨਹੀਂ ਹੋਣਾ। ਜੇ ਤੂੰ ਅਚਾਨਕ ਮਰ ਗਿਆ ਤਾਂ ਮੈਂ ਕਿਹਨੂੰ ਪੁਛੂੰ ਬਈ ਮੈਂ ਉੱਥੇ ਦੀਵਾ ਜਗਾਵਾਂ ਜਾਂ ਨਾ। ਮੇਰੇ ਬਾਪ ਨੇ ਕਹਿਣਾ ਕਿ ਤੂੰ ਦੀਵਾ-ਦੂਵਾ ਜਗਾਉਣਾ ਤਾਂ ਹੈ ਨਹੀਂ, ਏਸ ਲਈ ਮੈਂ ਤੈਨੂੰ ਹੁਣੇ ਹੀ ਕਹਿ ਦਿੰਦਾ ਹਾਂ ਕਿ ਤੂੰ ਉੱਥੇ ਦੀਵਾ ਨਾ ਹੀ ਜਗਾਈਂ। ਇਹ ਗੱਲ ਕਈ ਵਾਰ ਹੋਈ ਜਦੋਂ ਵੀ ਅਸੀਂ ਕਦੇ ਇੱਕਠਿਆਂ ਨੇ ਪੀਣ ਬਹਿ ਜਾਣਾ। ਉਹਦੀ ਮੌਤ ਹੋਈ ਵੀ ਅਚਾਨਕ। ਅਸੀਂ ਦੁਪਹਿਰ ਨੂੰ ਚਾਹ ਬਣਾ ਕੇ ਉਹ ਨੂੰ ਚਾਹ ਲਈ ਵਾਜਾਂ ਮਾਰੀਏ ਪਰ ਉਹ ਹੋਣ ਤਾਂ ਬੋਲਣ।

ਮੈਂ 1996 ਚ ਸਿਵਲ ਸਰਵਿਸਜ਼ ਦੀ ਤਿਆਰੀ ਕਰਨ ਲੱਗ ਪਿਆ। ਬਾਅਦ ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੋਚਿੰਗ ਸੈਂਟਰ ਚਲਾ ਗਿਆ। ਉੱਥੋਂ ਮੇਰਾ ਦੋਸਤ ਇੰਦਰਜੀਤ ਸਾਡੇ ਘਰ ਅਕਸਰ ਆਉਂਦਾ ਹੁੰਦਾ ਸੀ। ਮੇਰੇ ਬਾਪ ਨੂੰ ਅਖ਼ਬਾਰਾਂ ਪੜ੍ਹਨ ਕਰਕੇ ਸਿਆਸਤ ਬਾਰੇ ਵਾਹਵਾ ਜਾਣਕਾਰੀ ਸੀ। ਸਾਨੂੰ ਜਦੋਂ ਕਿਤੇ ਗੱਲਾਂ ਕਰਦਿਆਂ ਕਿਸੇ ਪੁਰਾਣੇ ਨੇਤਾ ਦਾ ਨਾਂ ਨਾ ਯਾਦ ਆਉਣਾ ਤਾਂ ਮੇਰੇ ਬਾਪ ਨੇ ਕਹਿਣਾ ਕਿ ਤੁਹਾਨੂੰ ਏਨਾ ਵੀ ਨਹੀਂ ਪਤਾ? ਜੇ ਕਿਤੇ ਮੈਂ ਚਾਰ ਜਮਾਤਾਂ ਪੜ੍ਹ ਜਾਂਦਾ ਤਾਂ ਤਹਿਸੀਲਦਾਰ ਲੱਗਾ ਹੋਣਾ ਸੀ। ਕਈ ਜ਼ਿਮੀਂਦਾਰ ਵੀ ਉਹ ਦਾ ਜ਼ਮੀਨਾਂ ਦੀ ਮਿਣਤੀ ਦਾ ਹਿਸਾਬ-ਕਿਤਾਬ ਦੇਖਕੇ ਇਹੀ ਕਹਿੰਦੇ ਸਨ ਕਿ ਮਿੰਦਰਾ ਤੂੰ ਤਾਂ ਯਾਰ ਤਹਿਸੀਲਦਾਰ ਹੋਣਾ ਚਾਹੀਦਾ ਸੀ। ਇੱਥੇ ਉਹ ਉਹ ਦਾ ਨਾਂ ਅਦਬ ਨਾਲ ਲੈਂਦੇ ਸਨ।ਪਰ ਉਹ ਤਾਂ ਸਿਰਫ਼ ਢਾਈ ਜਮਾਤਾਂ ਪੜ੍ਹਿਆ ਸੀ। ਉਹਨੇ ਤਹਿਸੀਲਦਾਰ ਕਿੱਥੋਂ ਹੋਣਾ ਸੀ।ਜੇ ਕਿਤੇ ਪੜ੍ਹ ਜਾਂਦਾ ਤਾਂ ਸ਼ਾਇਦ ਤਹਿਸੀਲਦਾਰ ਵੀ ਬਣ ਜਾਂਦਾ।

(**ਮੋਬਾਇਲ:** 098886-83814)

# ਸੀਰੀ ਨੂੰ 'ਘਰ ਦੇ ਜੀਅ' ਸਮਝਣ ਵਾਲੇ ਪੁਰਖੇ / - ਪਵਿੱਤਰ ਕੌਰ ਮਾਟੀ

ਮੈਨੂੰ ਆਪਣੇ ਪੁਰਖਿਆ ਤੇ ਹਮੇਸ਼ਾ ਮਾਣ ਰਿਹਾ। ਉਹਨਾਂ ਅੰਦਰਲਾਂ ਸਬਰ ਸੰਤੋਖ ਸੱਚ ਤੇ ਸਾਰੀ ਉਮਰ ਕੀਤੀ ਦਸਾਂ ਨਹੁੰਆਂ ਦੀ ਕਿਰਤ ਅੱਜ ਦੇ ਜਮਾਨੇ ਲਈ ਬਹੁਤ ਵੱਡੀ ਮਿਸਾਲ ਹੈ। ਪਾਪਾ ਜੀ ਹੁਰੀਂ ਤਿੰਨਾਂ ਭਰਾਵਾਂ ਤੇ ਚਾਰ ਭੈਣਾਂ ਚੋਂ ਸਭ ਤੋਂ ਛੋਟੇ ਹਨ। ਪਾਪਾ ਦੀ ਉਮਰ ਅਜੇ ਮਸਾਂ ਦੋ ਸਾਲ ਹੀ ਸੀ ਕਿ ਸਾਡੇ ਦਾਦਾ ਜੀ ਹੁਰਾਂ ਦੀ ਮੌਤ ਹੋ ਗਈ ਸੀ। ਦਾਦਾ ਜੀ ਪਿੰਡ ਦੇ ਲੰਬੜਦਾਰ ਸਨ ਤੇ ਅਗਾਹ ਸਾਡੀ ਪੀੜੀ ਵਿੱਚ ਹੁਣ ਲੰਬੜਦਾਰੀ ਤੁਰੀਂ ਆਉਂਦੀ ਹੈ ਤੇ ਮੇਰੇ ਤਾਏ ਦਾ ਮੁੰਡਾ ਹੁਣ ਪਿੰਡ 'ਚ ਲੰਬੜਦਾਰ ਹੈ। ਉਦੋਂ ਮੇਰੇ ਸਭ ਤੋਂ ਵੱਡੇ ਤਾਇਆ ਜੀ ਦੀ ਉਮਰ ਪੰਦਰਾਂ ਕੁ ਸਾਲ ਸੀ। ਘਰ ਵਿੱਚ ਸਭ ਤੋਂ ਵੱਡੇ ਹੋਣ ਕਰਕੇ ਸਾਰੀਆਂ ਘਰ ਦੀ ਜ਼ਿੰਮੇਵਾਰੀਆਂ ਅਚਾਨਕ ਹੀ ਉਹਨਾਂ ਤੇ ਆ ਪਈਆਂ। ਬਹੁਤ ਛੋਟੀ ਉਮਰ ਵਿੱਚ ਹੀ ਉਦੋਂ ਲੋਕ ਵਿਆਹ ਕਰ ਦਿੰਦੇ ਸਨ। ਤਾਇਆ ਜੀ ਦੀ ਉਮਰ ਉਦੋਂ 15 ਕੁ ਸਾਲ ਦੀ ਸੀ ਤੇ ਤਾਈ ਜੀ ਦੀ ਚੌਦਾਂ। ਉਹਨਾਂ ਦੇ ਵਿਆਹ ਤੋਂ ਬਾਅਦ ਹੀ ਸਾਡੀ ਦਾਦੀ ਜੀ ਦੀ ਮੌਤ ਹੋ ਗਈ ਸੀ। ਪਰ ਉਹਨਾਂ ਨੇ ਆਪਣੇ ਤੋਂ ਛੋਟੇ ਛੇ ਭੈਣ ਭਰਾਵਾਂ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ। ਤਾਇਆ ਜੀ ਦੇ ਬੱਚੇ ਵੀ ਪਾਪਾ ਜੀ ਦੇ ਹਾਣ ਪਰਵਾਣ ਦੇ ਹੋ ਗਏ ਸਨ। ਤਾਇਆ ਤੇ ਤਾਈ ਤੇ ਐਨੇ ਠੰਡੇ ਸੁਭਾਅ ਦੇ ਸਨ ਕਿ ਕਿਸੇ ਨੂੰ ਕਦੇ ਮਹਿਸੂਸ ਨਹੀਂ ਹੋਇਆ ਸੀ ਕਿ ਉਹ ਉਹਨਾਂ ਦੇ ਭਰਾ ਭਰਜਾਈ ਨੇ ਜਾਂ ਮਾਂ ਪਿਓ। ਜਿੰਨਾਂ ਕੁ ਹੋ ਸਕਿਆ ਪੜ੍ਹਾਇਆ ਸਾਰਿਆਂ ਦੇ ਵਿਆਹ ਕੀਤਾ, ਕਿ ਮਾਂ ਬਾਪ ਵਾਲੇ ਸਾਰੇ ਫਰਜ਼ ਪੂਰੇ ਕੀਤੇ। ਪਾਪਾ ਅਤੇ ਛੋਟਾ ਤਾਇਆ ਵੀ ਹੁਣ ਉਹਨਾਂ ਨਾਲ ਖੇਤੀ ਵਿੱਚ ਹੱਥ ਵਟਾਉਣ ਲੱਗ ਪਏ ਸਨ। ਸਾਨੂੰ ਵੀ ਇਹ ਕਦੇ ਪਤਾ ਨਹੀਂ ਸੀ ਲੱਗਾ ਕਿ ਇਹ ਸਾਡੇ ਤਾਇਆ ਤਾਈ ਹਨ ਜਾਂ ਦਾਦਾ ਦਾਦੀ। ਅਸੀਂ ਤਾਈ ਨੂੰ ਬੇਬੇ ਅਤੇ ਤਾਏ ਨੂੰ ਬਾਪੂ ਆਖਦੇ ਸਾਂ। ਤਾਇਆ ਜੀ ਦੇ ਨੌਂ ਬੱਚੇ ਹਨ ਪਾਪਾ ਹੁਰਾਂ ਦੇ ਸਮੇਤ ਉਹਨਾਂ ਨੇ ਪੰਦਰਾਂ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ। ਐਨੀਆਂ ਵੱਡੀਆਂ ਜਿੰਮੇਵਾਰੀਆਂ ਦੇ ਬਾਵਜੂਦ ਵੀ ਕਦੇ ਉਹਨਾਂ ਦੇ ਚਿਹਰਿਆਂ ਤੇ ਤਲਖੀ ਦੇ ਭਾਵ ਨਹੀਂ ਦੇਖੇ ਨਾ ਹੀ ਕਦੇ ਘਬਰਾਉਂਦੇ ਵੇਖਿਆ।

ਪਾਪਾ ਜੀ ਸਮੇਤ ਤਿੰਨਾ ਭਰਾਵਾਂ ਦਾ ਹੀ ਸੁਭਾਓ ਬੇਹੱਦ ਸਾਂਤ ਤੇ ਹੱਸਮੁੱਖ ਹੈ। ਜਦ ਮੈਂ ਪਾਪਾ ਵੱਲ ਵੇਖਦੀ ਹਾਂ ਤਾਂ ਮਹਿਸੂਸ ਹੁੰਦਾ ਉਹਨਾਂ ਦੇ ਚਿਹਰੇ ਤੇ ਅੰਤਾਂ ਦੀ ਸ਼ਾਤੀ ਤੇ ਇਲਾਹੀ ਨੂਰ ਖ਼ੁਦਾ ਦਾ। ਮੁਸਕਰਾਹਟ ਹਮੇਸ਼ਾ ਉਹਨਾਂ ਦੇ ਚਿਹਰੇ ਤੇ ਬਣੀ ਰਹਿੰਦੀ। ਪਾਪਾ ਜੀ ਹੁਣਾਂ ਨੇ ਤਿੰਨਾਂ ਭਰਾਵਾਂ ਨੇ ਸਾਰੀ ਉਮਰ ਖੇਤੀਬਾੜੀ ਕਰਦਿਆਂ ਹੱਡ ਭੰਨਵੀ ਮਿਹਨਤ ਕੀਤੀ। ਵੱਡੇ ਤਾਇਆ ਜੀ ਹਮੇਸ਼ਾ ਸਾਰੇ ਕੰਮਾਂ ਦੀ ਯੋਜਨਾ ਬਣਾਉਂਦੇ। ਫਿਰ ਪਾਪਾ ਤੇ ਦੂਜੇ ਤਾਇਆ ਜੀ ਹੁਣੀਂ ਉਹਨਾਂ ਦੇ ਆਖੇ ਹਰ ਕੰਮ ਨੂੰ ਬੜੀ ਖੁਸ਼ੀ ਨਾਲ ਨੇਪਰੇ ਚਾੜਦੇ। ਵੱਡੇ ਤਾਇਆ ਜੀ, ਬਾਹਰਲੇ ਅੰਦਰਲੇ ਕਬੀਲਦਾਰੀ ਦੇ ਸਾਰੇ ਕੰਮ ਕਰਦੇ।

ਸਾਰਾ ਦਿਨ ਆਪੋ ਆਪਣੇ ਕੰਮ ਧੰਦੇ ਕਰਦੇ ਤੇ ਰਾਤ ਨੂੰ ਤਿੰਨੇ ਇੱਕੋ ਮੰਜੇ ਤੇ ਬੈਠਦੇ, ਇਕੱਠੇ ਰੋਟੀ ਖਾਂਦੇ। ਏਧਰ ਓਧਰ ਦੀਆਂ ਗੱਲਾਂ ਕਰਦੇ ਤੇ ਅਗਲੇ ਦਿਨ ਕਰਨ ਵਾਲੇ ਕੰਮ ਧੰਦਿਆਂ ਦੀਆਂ ਸਲਾਹਾਂ ਕਰਦੇ। ਪੈਲ਼ੀ ਤੋਂ ਲੈ ਕੇ ਸਾਇਕਲ ਲੈਣ ਤੱਕ ਵੀ ਉਹ ਤਿੰਨੇ ਭਰਾ ਬੈਠੇ ਕਿੰਨਾਂ ਚਿਰ ਸਲਾਹਾਂ ਹੀ ਕਰਦੇ ਰਹਿੰਦੇ। ਤੇ ਅਸੀਂ ਸਾਰੇ ਜਵਾਕਾਂ ਨੇ ਉਹਨਾਂ ਵੱਲ ਦੇਖ ਕੇ ਹੱਸੀ ਜਾਣਾ।

ਮੇਰੇ ਪਾਪਾ ਤੇ ਵਿਚਕਾਰਲਾ ਤਾਇਆ ਸਕੀਆਂ ਭੈਣਾਂ ਨੂੰ ਵਿਆਹੇ ਹੋਏ ਹਨ। ਪਾਪਾ ਤੇ ਤਾਇਆ ਹੁਰਾਂ ਦਾ ਪਿਆਰ ਤਾਂ ਮਿਸਾਲ ਦੇਣ ਵਾਂਗ ਹੈ। ਉਹ ਇੱਕ ਦੂਜੇ ਦੇ ਸਾਹਾਂ 'ਚ ਸਾਹ ਲੈਂਦੇ ਪਰ ਦੂਜੇ ਪਾਸੇ ਮੇਰੇ

ਮੰਮੀ ਤੇ ਮਾਸੀ ਇੱਕ ਦੂਜੇ ਨਾਲ ਨਿੱਕੀ ਨਿੱਕੀ ਗੱਲੋਂ ਵੀ ਘੁਰਕ ਪੈਂਦੀਆਂ ਹਨ। ਪਰ ਉਹਨਾਂ ਦੋਹਾਂ ਕਰਕੇ ਇਹਨਾਂ ਭਰਾਵਾਂ 'ਚ ਕਦੇ ਕੋਈ ਫਰਕ ਨਹੀਂ ਪਿਆ, ਹੁਣ ਅਗਾਂਹ ਤਾਂ ਪੈਣਾ ਹੀ ਕੀ ਹੈ। ਮੰਮੀ ਪਾਠ ਬਹੁਤ ਕਰਦੇ ਹਨ ਉਹਨਾਂ ਦਾ ਗੁਰਬਾਣੀ ਨਾਲ ਬਹੁਤ ਪਿਆਰ ਹੈ। ਉਹ ਹਮੇਸ਼ਾ ਘਰ ਸਹਿਜ ਪਾਠ ਹੀ ਪ੍ਰਕਾਸ਼ ਕਰੀ ਰੱਖਦੇ। ਘਰ ਦਾ ਸਾਰਾ ਕੰਮ ਕਰਕੇ ਵੀ ਪਾਠ ਲਈ ਆਪਣਾ ਸਮਾਂ ਕੱਢ ਲੈਂਦੇ। ਨਿੱਤਨੇਮ ਤਾਂ ਉਹਨਾਂ ਨੂੰ ਸਾਰਾ ਕੰਠ ਹੈ, ਘਰਦੇ ਕੰਮ ਕਰਦੇ ਉਹ ਪਾਠ ਕਰਦੇ ਰਹਿੰਦੇ। ਮੰਮੀ ਤੇ ਮਾਸੀ ਆਪਸ ਵਿੱਚ ਜਿਵੇਂ ਮਰਜ਼ੀ ਰਹਿਣ ਪਰ ਉਹਨਾਂ ਨੇ ਕਦੀ ਵੀ ਭੂਆ ਹੁਰਾਂ ਲਈ ਮਨ ਵਿੱਚ ਜਾਂ ਜ਼ੁਬਾਨ ਤੇ ਮਾੜੇ ਸ਼ਬਦ ਨਹੀਂ ਲਿਆਦੇ। ਦਿਨ ਤਿਉਹਾਰ ਤੇ ਮੰਮੀ ਹੁਰਾਂ ਨੇ ਪਾਪਾ ਹੁਰਾਂ ਨੂੰ ਆਪ ਯਾਦ ਕਰਵਾਉਣਾ ਕਿ ਕੁੜੀਆਂ ਨੂੰ ਆ ਦੇ ਕੇ ਆਓ।

ਬਹੁਤ ਸਾਰੇ ਕਾਰਨਾ ਕਰਕੇ ਘਰ ਵਿੱਚ ਮੁਸ਼ਕਿਲਾ ਆਈਆਂ ਹੀ ਰਹਿਣੀਆਂ। ਜਦ ਕਦੇ ਕਿਸੇ ਕਾਰਨ ਕਰਕੇ ਫ਼ਸਲ ਦਾ ਬਹੁਤਾ ਨੁਕਸਾਨ ਹੋ ਜਾਣਾ ਤਾਂ ਘਰ ਵਿੱਚ ਬਹੁਤ ਉਦਾਸੀ ਦਾ ਮੌਸਮ ਛਾ ਜਾਣਾ। ਘਰਦਿਆਂ ਤੇ ਚਿਹਰਿਆਂ ਤੇ ਜਦ ਉਦਾਸੀ ਤੇ ਸੰਸਾਂ ਵੇਖਣਾ ਤਾਂ ਅਸੀਂ ਵੀ ਸਹਿਮੇ ਜਿਹੇ ਕੋਲੇ ਹੋ ਪੁੱਛਣਾ,

"ਪਾਪਾ ਹੁਣ ਆਪਾਂ ਨੂੰ ਆੜਤੀਏ ਨੇ ਪੈਸੇ ਨਹੀਂ ਦੇਣੇ?"

ਜਿਹੜੇ ਆਪਾਂ ਪਿਛਲੇ ਦੇਣੇ ਆ?

ਪਾਪਾ ਹੁਰਾਂ ਨੇ ਸਾਨੂੰ ਹਸਦਿਆਂ ਨੇ ਘੁੱਟ ਕੇ ਬੁੱਕਲ 'ਚ ਲੈ ਲੈਣਾ,

"ਪੁੱਤ, ਥੋਨੋਂ ਕਿਹੜੀ ਗੱਲ ਦਾ ਫ਼ਿਕਰ,ਬੜਾ ਕੁਝ ਮਾਲਿਕ ਨੇ ਦਿੱਤਾ, ਵਾਧੂ ਪੈਸੇ, ਵਾਧੂ ਦਾਣੇ। ਤੁਸੀਂ ਜੋ ਮਰਜੀ ਖਾਓ ਪੀਓ। ਨਾਲੇ ਥੋਨੋਂ ਕਿਸਨੇ ਕਿਹਾ ਕਿ ਆਪਾਂ ਆੜਤੀਏ ਦੇ ਪੈਸੇ ਦੇਣੇ। ਕਮਲੇ ਨਾ ਹੋਣ ਤਾਂ। ਆਪਾਂ ਕਿਸੇ ਦੇ ਨੀ ਦੇਣੇ, ਆਪਾਂ ਤਾਂ ਲੈਣੇ ਆ।"

ਅਸੀਂ ਫਿਰ ਵੀ ਸੋਚਣਾ ਕਿ ਪਾਪਾ ਸੱਚ ਆਖਦੇ ਕਿ ਐਵੇਂ ਸਾਡਾ ਦਿਲ ਰੱਖਣ ਲਈ ਝੂਠੀ ਮੂਠੀ ਆਖਦੇ ਨੇ।

ਸਾਡੇ ਘਰਦੇ ਸਾਰੇ ਹੀ ਘਰ ਵਿੱਚ ਕੰਮ ਕਰਨ ਵਾਲੇ ਸੀਰੀ-ਸਾਂਝੀ, ਦਿਹਾੜੀਦਾਰਾਂ ਨਾਲ ਬਿਲਕੁਲ ਆਪਣੇ ਘਰ ਦੇ ਜੀਆਂ ਵਰਗਾਂ ਮੋਹ ਰੱਖਦੇ। ਕਦੇ ਕਿਸੇ ਨੂੰ ਗਾਲ੍ਹ ਤਾਂ ਕੀ ਦੇਣੀ, ਉੱਚੀ ਆਵਾਜ਼ ਵਿੱਚ ਮੰਦਾ ਵੀ ਨਹੀਂ ਸੀ ਬੋਲਿਆ। ਖੇਤ ਇੱਕੋ ਥਾਵੇਂ ਬੈਠ ਕੇ ਇੱਕੋ ਜਿਹੀ ਰੋਟੀ ਖਾਂਦੇ। ਪਸ਼ੂਆਂ ਲਈ ਵੀ ਮੋਹ ਕਰਦੇ ਸਨ, ਉਹਨਾਂ ਦੀ ਪਹਿਚਾਣ ਜਾਂ ਚਾਅ ਨਾਲ ਉਹਨਾਂ ਦੇ ਵੀ ਨਾਂ ਰੱਖੇ ਹੁੰਦੇ ਸਨ। ਮੈਨੂੰ ਯਾਦ ਹੈ ਕਿ ਸਾਡੇ ਇੱਕ ਬੁੱਢੀ ਗਾਂ ਤੇ ਬਲਦ ਹੁੰਦੇ ਸਨ ਉਹਨਾਂ ਦੀ ਖਾਸ ਤੌਰ ਤੇ ਸੇਵਾ ਕੀਤੀ ਜਾਂਦੀ ਸੀ ਵੀ ਇਹਨਾਂ ਨੇ ਸਾਰੀ ਉਮਰ ਸਾਡੇ ਘਰ ਲਈ ਕੰਮ ਕੀਤਾ ਜਾਂ ਦੁੱਧ ਦਿੱਤਾ। ਜਦੋਂ ਉਹਨਾਂ ਦੀ ਮੌਤ ਹੋਈ ਤਾਂ ਘਰ ਵਿੱਚ ਕਿੰਨੀ ਦੇਰ ਸੋਗੀ ਮਾਹੌਲ ਰਿਹਾ। ਮੇਰੇ ਤਾਏ ਦਾ ਮੁੰਡਾ ਤਾਂ ਬਹੁਤ ਦਿਨ ਰੋਂਦਾ ਰਿਹਾ ਕਿ ਸਾਡੇ ਬਲਦ ਨੂੰ ਕੀ ਹੋ ਗਿਆ।

ਉਦੋਂ ਲੋਕ ਐਨੇ ਭੋਲੇ ਭਾਲੇ ਤੇ ਸਾਫ਼ ਦਿਲ ਦੇ ਹੁੰਦੇ ਸਨ ਕਿ ਪਸ਼ੂ ਦੀ ਮੌਤ ਹੋਣ ਤੇ ਵੀ ਇੱਕ ਦੂਜੇ ਦੇ ਘਰ ਜਾ ਕੇ ਅਫ਼ਸੋਸ ਕਰਦੇ ਸਨ। ਮਰਨ ਤੇ ਪਸ਼ੂਆ ਨੂੰ ਰੰਗਦਾਰ ਖੇਸ ਪਾ ਕੇ ਨੱਪਿਆ ਜਾਂਦਾ ਸੀ ਤੇ ਕਿਹਾ ਜਾਂਦਾ ਸੀ ਵਿਚਾਰਾ ਮਨੁੱਖੀ ਜੂਨੀ ਪਵੇ।

ਮੇਰੇ ਪਾਪਾ ਪਹਿਲਾਂ ਕਦੇ ਕਦੇ ਸ਼ਰਾਬ ਪੀਂਦੇ ਸਨ । ਮੈਂ ਬਹੁਤ ਛੋਟੀ ਸੀ ਦੀਵਾਲੀ ਵਾਲਾ ਦਿਨ ਸੀ। ਉਸ ਦਿਨ ਪਾਪਾ ਨੇ ਮੈਨੂੰ ਪੁੱਛਿਆ ਕਿ ਕੀ ਖਾਣਾ? ਮੈਂ ਫਟਾਫਟ ਜਲੇਬੀਆਂ ਦੀ ਮੰਗ ਕੀਤੀ। ਸ਼ਾਮ ਦਾ ਟਾਇਮ ਸੀ ਪਾਪਾ ਜਲੇਬੀਆਂ ਲੈਣ ਚਲੇ ਗਏ। ਅਸੀਂ ਉਡੀਕਦੇ ਰਹੇ ਦਸ ਗਿਆਰਾਂ ਵਜ ਗਏ, ਪਰ ਪਾਪਾ ਆਏ ਹੀ ਨਹੀਂ ਤੇ ਅਸੀਂ ਉਡੀਕ ਸਾਰੇ ਜਵਾਕ ਸੌਂ ਗਏ। ਸਵੇਰੇ ਜਦੋਂ ਜਾਗ ਆਈ ਤਾਂ ਮੰਮੀ ਕੋਲ ਬੈਠੀ

ਨਾਲੇ ਬੁੜ ਬੁੜ ਕਰ ਰਹੀ ਸੀ ਨਾਲੇ ਰੋ ਰਹੀ ਸੀ,

"ਸਾਡੀ ਤਾਂ ਚੰਗੀ ਦਿਵਾਲੀ ਬਣਾਈ ਤੁਸੀਂ, ਨਿਆਣੇ ਵਿਚਾਰੇ ਜਲੇਬੀਆਂ ਉਡੀਕਦੇ ਸੌਂ ਗਏ। ਆਵਦੇ ਯਾਰਾਂ ਨਾਲ ਬੈਠੇ ਤੁਸੀਂ ਰੱਜ ਕੇ ਸ਼ਰਾਬ ਨਾਲ ਆਵਦੀ ਦਿਵਾਲੀ ਮਨਾਈ ਗਏ। ਸਾਡਾ ਕੀ ਏ? ਸਾਡੀ ਤਾਂ ਦਿਵਾਲੀ ਬਣ ਜਾਣੀ ਸੀ ਜੇ ਥੋਨੂੰ ਕੁਝ ਹੋ ਜਾਂਦਾ। ਕਿੰਨੀ ਪੀਤੀ ਸੀ? ਪਤਾ ਕੁਛ? ਕਿਵੇਂ ਫੜਕੇ ਥੋਨੂੰ ਭਜਨੇ ਬਾਈ ਜੀ ਹੁਣੀਂ ਪਾ ਕੇ ਗਏ ਨੇ। ਕੋਈ ਸੁਰਤ ਸੀਗੀ, ਸਾਰੀ ਸੁਰਤ ਸੀਗੀ ਸਾਰੀ ਰਾਤ ਬੇਸੁਰਤ ਪਏ ਰਹੇ।"

ਮੈਂ ਸੁਭਾ ਈ ਇਹ ਗੱਲਾਂ ਸੁਣਕੇ ਰੋਣ ਲੱਗ ਪਈ ਤੇ ਪਾਪਾ ਨੇ ਮੰਮੀ ਦੇ ਕਿਸੇ ਗੱਲ ਦਾ ਜੁਆਬ ਦਿੱਤੇ ਬਿਨਾ ਗੰਭੀਰ ਹੋ ਕੇ ਮੇਰੇ ਵੱਲ ਵੇਖਿਆ ਤੇ ਮੈਨੂੰ ਚੁੱਕ ਕੇ ਬੁੱਕਲ 'ਚ ਲੈ ਲਿਆ ਤੇ ਸਿਰ ਪਲੋਸਦਿਆਂ ਆਖਿਆ,

"ਮੇਰਾ ਮਾਟਾ ਪੁੱਤ ਕਿਉਂ ਰੋਂਦਾ, ਲੈ ਅੱਜ ਤੋਂ ਬਾਅਦ ਮੈਂ ਕਦੇ ਸ਼ਾਰਾਬ ਨੂੰ ਹੱਥ ਵੀ ਨਹੀਂ ਲਾਉਂਦਾ।"

ਤੇ ਉਸ ਤੋਂ ਬਾਅਦ ਅੱਜ ਤੱਕ ਪਾਪਾ ਨੇ ਕਦੇ ਸ਼ਰਾਬ ਵੀ ਨਹੀਂ ਪੀਤੀ ਫਿਰ ਥੋੜ੍ਹੇ ਕੁ ਸਾਲਾਂ ਬਾਅਦ ਅਮ੍ਰਿਤ ਵੀ ਛਕ ਲਿਆ।

ਇਹ ਨਹੀਂ ਉਹ ਮੇਰੇ ਪਾਪਾ ਹਨ ਇਸ ਲਈ ਉਹ ਬਹੁਤ ਨੇਕ ਤੇ ਆਦਰਸ਼ਵਾਦੀ ਇਨਸਾਨ ਹਨ। ਪਰ ਨਹੀਂ ਮੈਨੂੰ ਕਿਧਰੇ ਵੀ ਨਹੀਂ ਮੇਰੇ ਪਾਪਾ ਵਰਗਾ ਇਨਸਾਨ ਮੈਨੂੰ ਨਜ਼ਰ ਨਹੀਂ ਆਇਆ। ਬਹੁਤ ਦੁਨੀਆਂ 'ਚ ਵਿਚਰਦੀ ਹਾਂ ਪਰ ਉਹਨਾਂ ਵਰਗਾ ਸੁਭਾਅ ਦੂਜਾ ਕਿਸੇ ਦਾ ਨਹੀਂ ਹੋ ਸਕਦਾ। ਉਹਨਾਂ ਵਰਗੀ ਸ਼ਖ਼ਸੀਅਤ ਨਹੀਂ ਮਿਲੀ।

ਐਨਾ ਸ਼ਾਤ ਤੇ ਮਿੱਠ ਬੋਲੜਾ ਸੁਭਾਅ ਕਿ ਵੱਡੀ ਤੋਂ ਵੱਡੀ ਮੁਸ਼ਕਲ ਨੂੰ ਵੀ ਸਹਿਜ ਰਹਿ ਕੇ ਸੋਚਣਾ ਤੇ ਵਿਚਾਰ ਕਰਨੀ। ਸਾਹਮਣੇ ਵਾਲੇ ਕ੍ਰੋਧੀ ਤੇ ਕਲੇਸ਼ੀ ਬੰਦੇ ਨੂੰ ਵੀ ਹੱਸ ਕੇ ਹੀ ਚੁੱਪ ਕਰਵਾ ਲੈਣਾ, ਅਗਲੇ ਦਾ ਰਵਾਈਆ ਹੀ ਬਦਲ ਦਿੰਦੇ।

ਇੱਕ ਵਾਰੀ ਸਾਡੇ ਘਰਾਂ ਵਿੱਚ ਤਾਏ ਦੀ ਕੁੜੀ ਦਾ ਵਿਆਹ ਸੀ। ਵਿਆਹ ਵਾਲੀ ਕੁੜੀ ਦੇ ਸਕੇ ਤਾਈ ਤਾਇਆ ਕਿਸੇ ਕਾਰਨ ਕਰਕੇ ਬਹੁਤ ਚਿਰ ਤੋਂ ਗੁੱਸੇ ਸਨ। ਕੁੜੀ ਦੇ ਮਾਂ-ਪਿਉ ਨੇ ਵੀ ਕਿਹਾ, ਲਾਗੀ ਵੀ ਘੱਲਿਆ, ਕਾਰਡ ਵੀ ਭੇਜਿਆ, ਪਰ ਉਹ ਨਾ ਆਏ। ਫਿਰ ਕੁੜੀ ਦੀ ਮਾਂ ਨੇ ਪਾਪਾ ਨੂੰ ਆਖਿਆ,

ਵੇ ਅਮਰ ਭਰਾਵਾ, ਤੂੰ ਹੀ ਕੋਈ ਚਾਰਾ ਕਰਕੇ ਵੇਖ ਲੈ, ਤੂੰ ਹੀ ਆਖ ਕੇ ਦੇਖ ਲੈ ਕੀ ਪਤਾ ਅਸੀਂ ਰਲਦੇ ਰਲਦੇ ਰਲ ਹੀ ਜਾਈਏ। ਜੇ ਅੱਜ ਨਾ ਕੱਠੇ ਹੋਏ ਤਾਂ ਸਾਰੀ ਉਮਰ ਰੁੱਸਿਆਂ ਦੀ ਹੀ ਲੰਘ ਜਾਣੀ।

ਪਾਪਾ ਨੇ ਹੱਸ ਕੇ ਕਿਹਾ,

"ਲੈ ਭਾਬੀ ਇਹ ਵੀ ਕੋਈ ਗੱਲ ਆ, ਮੈਂ ਲੈ ਤਾਂ ਆਊ ਜਿਵੇਂ ਮਰਜੀ ਲੈ ਕੇ ਆਵਾਂ ਤੇ ਘਰੇ ਆਈ ਨੂੰ ਇੱਜ਼ਤ ਮਾਣ ਤੂੰ ਦੇਣਾ।"

ਪਾਪਾ ਉਹਨਾਂ ਦੇ ਘਰ ਜਾ ਕੇ ਕੋਲ ਬੈਠ ਗਏ ਤੇ ਸਮਝਾਉਣ ਲੱਗ ਗਏ। ਤਾਇਆ ਕਹਿੰਦਾ ਮੈਂ ਤਾਂ ਤਿਆਰ ਆ ਤੇਰੀ ਭਰਜਾਈ ਨੀ ਜਿੱਦ ਛੱਡਦੀ।

ਪਾਪਾ ਕਹਿੰਦੇ,

"ਤੂੰ ਚੱਲ ਬਾਈ, ਮੈਂ ਭਾਬੀ ਨੂੰ ਲੈ ਕੇ ਆਉਣਾ।"

ਤਾਈ ਸੁਣ ਕੇ ਬੁੜ ਬੁੜ ਕਰਨ ਲੱਗ ਪਈ,

"ਮੈਂ ਨੀ ਉਸ ਸ਼ਰੀਕਣੀ ਦੇ ਘਰ ਪੈਰ ਪਾਉਣਾ, ਜੋ ਮਰਜੀ ਹੋ ਜਾਏ।"

ਉਹ ਮੰਜੇ ਤੇ ਜਿਵੇਂ ਵੀ ਬੈਠੀ ਸੀ ਪਾਪਾ ਨੇ ਉਵੇਂ ਹੀ ਬੱਚਿਆਂ ਵਾਂਗ ਚੱਕਿਆ ਤੇ ਵਿਆਹ ਵਾਲਾ ਘਰ ਨਾਲ ਦਾ ਹੀ ਸੀ। ਵਿਆਹ ਵਾਲੇ ਘਰ ਲਿਆ ਮੰਜੇ ਤੇ ਬਿਠਾਇਆ ਤੇ ਆਵਾਜ਼ ਦਿੱਤੀ,

"ਕੁੜੀਏ ਥੋਡੀ ਤਾਈ ਆ ਗਈ ਤਾਈ ਕਰੋ ਇਹਦੀ ਸੇਵਾ ਹੁਣ ਲਿਆਓ ਚਾਹ ਮਠਿਆਈ"

ਤੇ ਸਾਰੇ ਜਾਣੇ ਹਸਦੇ ਹਸਾਉਂਦੇ ਉਸਦੇ ਦੁਆਲੇ ਬੈਠ ਗਏ ਉਹ ਵੀ ਸਾਰਿਆਂ ਨਾਲ ਹੱਸਣ ਲੱਗ ਗਈ ਸ਼ਰਮਿੰਦਾ ਹੋਈ ਆਖਣ ਲੱਗੀ,

"ਕੁੜੇ ਮੈਂ ਤਾਂ ਅਜੇ ਤਿਆਰ ਹੋਣਾ ਸੀ, ਲੀੜਾ ਲੱਤਾ ਪਾਉਣਾ ਸੀ। ਮੈਂ ਤਾਂ ਆ ਹੀ ਜਾਣਾ ਸੀ ਮੇਰੀ ਧੀ ਦਾ ਵਿਆਹ ਸੀ"

ਕੁੜੀ ਦੀ ਮਾਂ ਨੇ ਭੱਜ ਕੇ ਆਪਣੀ ਜਠਾਣੀ ਨੂੰ ਜੱਫੀ ਪਾਈ ਤੇ ਚਾਹ ਪਾਣੀ ਕੋਲ ਬੈਠ ਕੇ ਪਿਆਇਆ ਤੇ ਫਿਰ ਸਾਰੀਆਂ ਜੁੰਮੇਵਾਰੀਆਂ ਉਸ ਨੂੰ ਸੰਭਾਲ ਦਿੱਤੀਆਂ।

ਪਾਪਾ ਦੀ ਐਸੀ ਫਿਤਰਤ ਸੀ ਉਹ ਹਰ ਕਿਸੇ ਦੇ ਮਸਲੇ ਨੂੰ ਆਪਣਾ ਸਮਝ ਕੇ ਹੱਲ ਕਰਦੇ ਸਨ। ਕਿਸੇ ਦੀ ਨੂੰਹ ਜਾਂ ਕੁੜੀ ਰੁੱਸ ਕੇ ਆਪਣੇ ਪੇਕੇ ਬੈਠੀ ਹੋਵੇ ਤਾਂ ਉਹ ਕਹਿੰਦੇ,

"ਲੈ ਉਹ ਤਾਂ ਕਮਲੇ ਆ ਧੀਏ, ਤੂੰ ਤਾਂ ਸਿਆਣੀ ਬਣ। ਮੈਂ ਤੈਨੂੰ ਸਿਆਣੀ ਤਾਂ ਮੰਨਾ ਜੇ ਤੂੰ ਇਹਨਾਂ ਨਾਲ ਕੱਟ ਕੇ ਦਿਖਾਵੇਂ"

ਏਦਾਂ ਦਾ ਕੁਝ ਨਾ ਕੁਝ ਬੋਲ ਰਾਜੀਨਾਮਾ ਕਰਵਾ ਦਿੰਦੇ। ਹਰੇਕ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੁੰਦੇ।

ਕੇਰਾਂ ਬਹੁਤ ਮੀਂਹ ਪਏ। ਗਰੀਬ ਲੋਕਾਂ ਦੇ ਘਰ ਢਹਿ ਗਏ। ਪਾਣੀ ਅੰਦਰੀਂ ਵੜ ਗਿਆ। ਕਈ ਸਾਡੇ ਨਾਲ ਲਗਦੇ ਘਰ ਤਾਂ ਰੋਟੀ ਪਾਣੀ ਪਕਾਉਣ ਤੋਂ ਵੀ ਰਹਿ ਗਏ। ਦਾਲਾਂ ਆਟਾ ਵੀ ਜਿੰਨਾ ਸੀ ਖਰਾਬ ਹੋ ਗਿਆ। ਫਿਰ ਕਈ ਦਿਨ ਸਾਡੇ ਘਰ ਤਵੀ ਤੇ ਰੋਟੀਆਂ ਤੇ ਖੁੱਲ੍ਹੀ ਦਾਲ ਬਣਨੀ ਤੇ ਉਹਨਾਂ ਸਾਰਿਆਂ ਨੇ ਬੈਠ ਕੇ ਖਾਣੀ। ਉਹ ਲੋਕ ਅਜੇ ਤੱਕ ਅਸੀਸਾਂ ਦਿੰਦੇ ਹਨ ਕਿ ਜਦੋਂ ਸਾਡੇ ਘਰ ਚੁੱਲ੍ਹਾ ਨਹੀਂ ਸੀ ਬਲਦਾ ਤਾਂ ਇਹਨਾਂ ਕਰਕੇ ਅਸੀਂ ਰੋਟੀ ਖਾਂਦੇ ਰਹੇ।

ਹੁਣ ਵੱਡੇ ਤਾਇਆ ਜੀ ਪੂਰੇ ਹੋ ਗਏ। ਵਿਚਕਾਰਲੇ ਤਾਇਆ ਜੀ ਅਤੇ ਮਾਸੀ ਜੀ ਪਿੰਡ 'ਚ ਹੀ ਰਹਿੰਦੇ ਹਨ। ਪਾਪਾ ਅਤੇ ਮੰਮੀ ਆਪਣੇ ਦੋਹਾਂ ਬੇਟਿਆਂ ਨਾਲ ਪਿਛਲੇ 15-16 ਸਾਲ ਤੋਂ ਅਮਰੀਕਾ ਵਸ ਗਏ ਹਨ। ਵੱਡੇ ਵੀਰ ਦੇ ਕੋਈ ਬੱਚਾ ਨਹੀਂ ਤੇ ਛੋਟੇ ਵੀਰ ਦੇ ਦੋ ਬੇਟੀਆਂ ਹਨ। ਪਰ ਆਮ ਬਜ਼ੁਰਗਾਂ ਵਾਂਗੂੰ ਉਹਨਾਂ ਨੇ ਕਦੀ ਪੋਤੇ ਲਈ ਕੋਈ ਬਖੇੜਾ ਨਹੀਂ ਕੀਤਾ। ਵਾਹਿਗੁਰੂ ਦੀ ਰਜ਼ਾ 'ਚ ਰਾਜ਼ੀ ਰਹਿੰਦੇ ਹਨ। ਹਮੇਸ਼ਾ ਆਪਣੇ ਕੋਲ ਇੱਕ ਫੋਨ ਤੇ ਇੱਕ ਡਾਇਰੀ ਰੱਖਦੇ ਹਨ। ਜਿਸ ਵਿੱਚ ਸਾਰੇ ਰਿਸ਼ਤੇਦਾਰਾਂ ਦੇ ਨੰਬਰ ਹਨ। ਜਦੋਂ ਦਿਲ ਕਰਦਾ ਫੋਨ ਲਾ ਕੇ ਗੱਲ ਕਰ ਲੈਂਦੇ ਹਨ। ਰਸੋਈ ਵਿੱਚ ਮੰਮੀ ਨਾਲ ਵੀ ਕੰਮ ਕਰਵਾ ਲੈਂਦੇ ਹਨ। ਜੇ ਮੰਮੀ ਉਹਨਾਂ ਦੀ ਸੇਵਾ ਕਰਦੇ ਹਨ ਤਾਂ ਉਹ ਵੀ ਜਦੋਂ ਕਿਤੇ ਮੰਮੀ ਢਿੱਲੇ ਹੋ ਜਾਣ ਤਾਂ ਉਹਨਾਂ ਦੀ ਸੇਵਾ ਕਰਦੇ ਹਨ।

ਮੈਂ ਜ਼ਿੰਦਗੀ ਵਿੱਚ ਸਭ ਤੋਂ ਵੱਧ ਜੇ ਕੋਈ ਚੰਗੀ ਸਿੱਖਿਆਂ ਜਾਂ ਉਸਾਰੂ ਸੋਚ ਗ੍ਰਹਿਣ ਕੀਤੀ ਹੈ ਤਾਂ ਉਹ ਆਪਣੇ ਪਾਪਾ ਤੋਂ ਕੀਤੀ ਹੈ। ਮੈਂ ਉਹਨਾਂ ਵਰਗੀ ਬਣਨ ਦੀ ਹਮੇਸ਼ਾਂ ਕੋਸ਼ਿਸ ਕਰਦੀ ਹਾਂ। ਜ਼ਿੰਦਗੀ ਦੇ ਹਰ ਪੱਧਰੇ ਤੇ ਉੱਬੜ-ਖਾਬੜ ਰਸਤਿਆਂ ਤੇ ਚਲਦਿਆਂ, ਉਹਨਾਂ ਦੀ ਸਿੱਖਿਆ ਤੇ ਅਸ਼ੀਰਵਾਦ ਮੇਰੇ ਪ੍ਰੇਰਨਾ ਸ਼੍ਰੋਤ ਬਣਦੇ ਹਨ। ਮੇਰੇ ਲਈ ਮੇਰੇ ਸਭ ਤੋਂ ਵੱਡੇ ਗੁਰੂ ਮੇਰੇ ਪਾਪਾ ਹਨ।

(**ਸੰਪਰਕ-99**142-10315)

# ਭਾਗੋ ਉਰਫ ਬੀਬੀ ਭਾਗ ਕੌਰ /- ਸੁਰਜੀਤ ਸੁਮਨ

ਜਦੋਂ ਮੈਂ ਚਾਰ ਸਾਲਾਂ ਦਾ ਹੋਇਆ, ਬਾਪੂ ਜੀ ਪੂਰੇ ਹੋ ਗਏ। ਬੀਬੀ ਦੱਸਦੀ। ਚੁਫੇਰੇ ਸੋਗ ਪਸਰ ਗਿਆ। ਘਰ ਦਾ ਕੋਈ ਜੀਅ ਹੱਸਦਾ ਤਾਂ ਉਹਦੇ ਚਿਹਰੇ ਚੋਂ ਵੀ ਉਦਾਸੀ ਝਾਕਦੀ।

ਅਮਰ ਵੇਲ ਵਾਂਗ ਵਧ ਰਹੀਆਂ ਪੰਜ ਧੀਆਂ ਤੇ ਸਾਡੇ ਵੱਲ ਦੇਖ ਬੀਬੀ ਨੇ ਸਿਰ ਤੇ ਕੱਸ ਕੇ ਚੁੰਨੀ ਦਾ ਮਧੇੜ ਬੰਨ੍ਹ ਲਿਆ।

ਵੀਰੇ ਇੱਕ ਵਾਰ ਤੂੰ ਰੋਂਦਾ ਰੋਂਦਾ ਕਹਿਣ ਲੱਗਿਆ, ਹੁਣ ਸਾਡੇ ਘਰ ਦਾਣੇ ਕਿੱਥੋਂ ਆਉਣਗੇ? ਤੂੜੀ ਦਾ ਕੁੱਪ ਕੌਣ ਬੰਨੂੰ? ਵੱਡੀ ਭੈਣ ਦੱਸਦੀ।

ਧੀਆਂ ਨਾਲ ਮਿਲਕੇ ਬੀਬੀ ਨੇ ਸਿੱਟੇ ਚੁੱਗ ਚੁੱਗ 'ਕੱਠੀ ਕੀਤੀ ਕਣਕ ਦਾ ਬੋਹਲ ਲੁਆ ਲਿਆ। ਫਿਰ ਅਗਲੇ ਦਿਨ ਆਪ ਹੀ ਕੁੱਪ ਬੰਨ੍ਹ ਕੇ ਡੂੰਘੇ ਹਨ੍ਹੇਰੇ ਸਾਹ ਲਿਆ। ਇਸ ਤਰ੍ਹਾਂ ਸਾਡੇ ਮਨਾਂ ਵਿੱਚ ਪਸਰੀ ਉਦਾਸੀਨਤਾ ਤੇ ਲਾਚਾਰੀ ਬੀਬੀ ਨੇ ਸਿਰੜ ਤੇ ਹਿੰਮਤ ਨਾਲ ਪਰ੍ਹਾਂ ਵਗਾਹ ਮਾਰੀ।

ਮਾਲੇਵਾਲ ਵਾਲਾ ਮਾਮਾ ਸ਼ਰਧਾ ਤੇ ਹਿਆਤਪੁਰੀਆ ਮਾਮਾ ਖੁਸ਼ੀਆ, ਬੀਬੀ ਨੂੰ ਰੱਬ ਬਣ ਬਹੁੜਦੇ। ਬੀਬੀ ਉਨ੍ਹਾਂ ਨਾਲ ਦੁੱਖ-ਸੁੱਖ ਸਾਂਝਾ ਕਰਦੀ। ਕਰਤਾਰੀ ਮਾਮੀ, ਬੀਬੀ ਵੱਲ ਹੱਥ ਖੁੱਲ੍ਹਾ ਰੱਖਦੀ। ਮੱਕੋਵਾਲ ਵਾਲੀ ਮਾਸੀ ਰੱਜੀ ਉਹਨੂੰ ਧੀਆਂ ਵਾਂਗ ਪੂਜਦੀ। ਮਾਸੀ ਦੇ ਮੁੰਡੇ ਗੇੜਾ ਰੱਖਦੇ। ਵੀਰ ਬਲਵਿੰਦਰ ਤੇ ਸਰਵਣ ਮੈਨੂੰ ਉਤਸ਼ਾਹਿਤ ਕਰਦੇ ਰਹਿੰਦੇ। ਬੀਬੀ ਨੂੰ ਹੌਸਲਾ ਦਿੰਦੇ।ਨਾਨੀ ਨੇ ਧੀ ਕੋਲ ਡੇਰਾ ਜਮਾ ਲਿਆ ਸੀ।

ਖੁਦਾਰ ਤੇ ਅੜੀਅਲ ਬੀਬੀ ਭਾਗੋ ਤੋਂ ਭਾਗ ਕੌਰ ਬਣ ਹੌਸਲੇ ਤੇ ਇਮਾਨਦਾਰੀ ਦੇ ਸਿਰ ਖੁਦ ਹੋ ਗੁਜ਼ਾਰਾ ਕਰਨ ਲੱਗੀ। ਉਹ ਕਿਸੇ ਅੱਗੇ ਹੱਥ ਨਾ ਅੱਡਦੀ।

ਮਾਲੇਵਾਲੀਏ, ਮੱਕੋਵਾਲੀਏ ਤੇ ਹਿਆਤਪੁਰੀਏ ਬੀਬੀ ਨੂੰ ਭੂਆ-ਭੂਆ, ਮਾਸੀ-ਮਾਸੀ ਕਹਿੰਦੇ ਨਾ ਥੱਕਦੇ। ਵੀਰ ਸਰਵਣ ਹਿਆਤਪੁਰੀਏ ਬਾਬੇ ਨੂੰ ਡਾ. ਅੰਬੇਡਕਰ ਵੱਲੋਂ ਲਿਖੀਆਂ ਚਿੱਠੀਆਂ ਦਿਖਾਉਂਦਾ।

ਬਾਪੂ ਜੀ ਦੀ ਮੌਤ ਤੋਂ ਕੁਝ ਸਮਾਂ ਬਾਅਦ ਬੀਬੀ ਨੇ ਇਨ੍ਹਾਂ ਰਿਸ਼ਤੇਦਾਰਾਂ ਦੀ ਮੱਦਦ ਨਾਲ ਧੀਆਂ ਨੂੰ ਆਪਣੇ ਆਪਣੇ ਘਰੀਂ ਤੋਰ ਦਿੱਤਾ।

ਦਸਵੀਂ ਪਾਸ ਕਰ ਮੈਂ ਕੋਈ ਕੰਮ ਸਿੱਖਣ ਦੀ ਜ਼ਿੱਦ ਕੀਤੀ। ਉਸ ਮੈਨੂੰ ਵਰਜਿਆ, "ਨਾ ਪੁੱਤ ਨਾ ਤੂੰ ਹੋਰ ਪੜ੍ਹ ਲੈ।"

ਘਰ ਦੀ ਪਤਲੀ ਹਾਲਤ ਦੇਖ ਮੈਂ ਹੌਜਰੀ ਦਾ ਕੰਮ ਸਿੱਖਣ ਲਈ ਵੱਡੀ ਭੈਣ ਕੋਲ ਲੁਧਿਆਣਾ ਜਾ ਵੜਿਆ।

ਜੀਜਾ ਜੀ ਘਰ ਵਿੱਚ ਹੀ ਖੱਡੀਆਂ ਤੇ ਗਰਮ ਸ਼ਾਲ ਬੁਣਦੇ।ਮੈਨੂੰ ਉਨ੍ਹਾਂ ਮਿਹਰਬਾਨ ਰੋਡ ਤੇ ਬਣੀ ਅਮਰ ਇੰਡਸਟਰੀ ਵਿੱਚ ਰਾਤ ਵੇਲੇ ਪਾਵਰਲੂਮ ਦਾ ਕੰਮ ਸਿੱਖਣ ਲਗਾ ਦਿੱਤਾ। ਦਿਨੇ ਮੈਂ ਉਨ੍ਹਾਂ ਦੇ ਘਰ ਬਾਰਬੈਂਡਰ ਤੇ ਨਲੀਆਂ ਵੱਟਣ ਖੜ੍ਹ ਜਾਂਦਾ।

"ਘੁੰਮ ਚਰਖੜਿਆ ਘੁੰਮ ਓਏ ਤੇਰੀ ਕੱਤਣ ਵਾਲੀ ਜੀਵੇ। ਕੱਤਣ ਵਾਲੀ ਜੀਵੇ ਨਲ਼ੀਆਂ ਵੱਟਣ

ਵਾਲੀ ਜੀਵੇ।" ਦਸਵੀਂ ਦੇ ਸਿਲੇਬਸ ਵਿੱਚ ਪੜ੍ਹੀਆਂ ਇਹ ਤੁਕਾਂ ਮੈਂ ਮੂੰਹ ਵਿੱਚ ਹੀ ਗੁਣਗੁਣਾਉਂਦਾ।ਮੇਰੀਆਂ ਅੱਖਾਂ ਚੋਂ ਪਰਲ ਪਰਲ ਹੰਝੂ ਕਿਰਨ ਲਗਦੇ।

ਭੈਣ ਮੈਨੂੰ ਪੁੱਤਾਂ ਵਾਂਗ ਰੱਖਦੀ। ਮੇਰਾ ਦਿਲ ਨਾ ਲਗਦਾ। ਸਾਈਕਲ ਤੇ ਸ਼ਾਮ ਨੂੰ ਮੈਂ ਅਮਰ ਇੰਡਸਟਰੀ ਜਾਂਦਾ। ਨ੍ਹੇਰ੍ਹਾ ਪਸਰਨਾ ਸ਼ੁਰੂ ਹੁੰਦਾ। ਲੋਕੀ ਆਪਣੇ ਆਪਣੇ ਘਰਾਂ ਨੂੰ ਆ ਰਹੇ ਹੁੰਦੇ। ਮੈਂ ਕੰਮ ਸਿੱਖਣ ਲਈ ਘਰੋਂ ਨਿਕਲ ਤੁਰਦਾ।

"ਮਹਿਰਮ ਦਿਲਾਂ ਦੇ ਮਾਹੀ ਮੋੜੇਂਗਾ ਕਦ ਮੁਹਾਰਾਂ" ਰੇਡੀਓ ਤੇ ਵੱਜਦੇ ਗੀਤ ਦੇ ਬੋਲ ਮੇਰੇ ਕੰਨੀਂ ਪੈਂਦੇ। ਮੇਰੇ ਧੁਰ ਅੰਦਰ ਤੱਕ ਕਾਂਬਾ ਛਿੜ ਜਾਂਦਾ।

ਵੇ ਗੱਲ ਸੁਣ ਪੁੱਤ ਛੱਡ ਪਰ੍ਹੇ ਕੰਮ ਕੁੰਮ। ਸਾਰੀ ਉਮਰ ਪਈ ਆ। ਤੂੰ ਐਂ ਕਰ ਟੈਪ ਸਿੱਖਣ ਲੱਗ ਨਾਲ਼ੇ ਹੋਰ ਪੜ੍ਹ ਲੈ। ਮੈਂ ਆਪੇ ਤੇਰੀ ਫੀਸ ਦੇ ਦੂੰ। ਛੱਡ ਪਰੇ ਮੇਰਾ ਸ਼ੇਰ। ਪਿੰਡ ਆਇਆ ਤਾਂ ਬੀਬੀ ਨੇ ਇਹ ਆਖ ਮੇਰੇ ਮਨ ਵਿੱਚ ਨਵੀਆਂ ਉਮੰਗਾਂ ਤੇ ਤਰੰਗਾਂ ਛੇੜ ਦਿੱਤੀਆਂ। ਮੇਰਾ ਤਾਂ ਪਹਿਲਾਂ ਹੀ ਮਨ ਖਰਾਬ ਸੀ। ਮੈਂ ਹੌਜ਼ਰੀ ਦੇ ਕੰਮ ਨੂੰ ਅਲਵਿਦਾ ਆਖ ਆਇਆ।

ਪਿੰਡ ਦੇ ਕਿਸਾਨੀ ਘਰਾਂ ਦੀਆਂ ਔਰਤਾਂ ਬੀਬੀ ਦੁਆਲੇ ਜੁੜੀਆਂ ਰਹਿੰਦੀਆਂ।ਬੀਬੀ ਉਨ੍ਹਾਂ ਦੇ ਹਰ ਕੰਮ ਆਉਂਦੀ। ਉਹ ਵੀ ਬਾਹਲ਼ਾ ਮੋਹ ਕਰਦੀਆਂ। ਵਡੇਰੀ ਉਮਰ ਕਰਕੇ ਕੋਈ ਉਹਨੂੰ ਤਾਈ, ਚਾਚੀ ਜਾਂ ਮਾਮੀ ਆਖ ਬੁਲਾਉਂਦੀ। ਹਮ-ਉਮਰ ਭੈਣੇ ਆਖਦੀਆਂ।

ਬੀਬੀ ਉਨ੍ਹਾਂ ਦੇ ਘਰ ਲਿੱਪਦੀ।ਗੁਹਾੜੇ ਲਾਉਂਦੀ। ਛੱਲੀਆਂ ਕੱਢਦੀ। ਕਪਾਹ ਚੁਗਦੀ। ਕੁੜੀਆਂ-ਕੱਤਰੀਆਂ ਨੂੰ ਦਰੀਆਂ ਬੁਣਨ ਦੇ ਗੁਰ ਸਿਖਾਉਂਦੀ। ਅੱਲ੍ਹੜ ਕੁੜੀਆਂ-ਬਹੂਆਂ ਉਸ ਕੋਲ ਚੁੰਨੀਆਂ ਤੇ ਕਢਾਈ ਕਢਵਾਉਣ ਆਉਂਦੀਆਂ। ਗੋਟਾ ਲਗਵਾਉਂਦੀਆਂ। ਦੁੱਖ-ਸੁੱਖ ਫਰੋਲਦੀਆਂ, ਹੱਸਦੀਆਂ, ਰੋਂਦੀਆਂ, ਮਸ਼ਕਰੀਆਂ ਕਰਦੀਆਂ।

ਦੀਵਾਲੀ ਦੇ ਦਿਨਾਂ ਵਿੱਚ ਉਹ ਕੱਚੇ ਘਰਾਂ ਵਿੱਚ ਪਾਂਡੂ ਫੇਰਦੀ। ਕੰਧਾਂ ਤੇ ਵੇਲ-ਬੂਟੇ ਬਣਾਉਂਦੀ।ਸੁਥਰੇ ਘਰ ਗੀਤ ਗਾਉਣ ਲਗਦੇ।

ਬੀਬੀ ਦਾ ਸੁਭਾਅ ਬੜਾ ਘੁਣਤਰੀ ਸੀ। ਉਹ ਉਨ੍ਹਾਂ ਨੂੰ ਚਾਟ ਤੇ ਲਾਈ ਰੱਖਦੀ। ਪਤਾ ਨਹੀਂ ਆਪ ਕਿੱਥੋਂ ਸਿੱਖਦੀ। ਕਿਸ ਵੇਲੇ ਸਿੱਖਦੀ। ਉਹ ਅਕਸਰ ਆਖਦੀ, ਵਖਤ ਬੰਦੇ ਨੂੰ ਸਭ ਕੁਸ ਸਿਖਾ ਦਿੰਦੈ ਪੁੱਤ। ਲਗਨ ਹੋਣੀ ਚਾਈਦੀ ਆ।

ਫਿਰ ਉਸ ਇੱਕ ਹੋਰ ਨਵੇਂ ਕੰਮ ਈਜਾਦ ਕਰ ਲਿਆ। ਉਹ ਗੱਤਿਆਂ ਦੇ ਖਾਲੀ ਬੇਕਾਰ ਪਏ ਡੱਬਿਆਂ ਨੂੰ ਪਾਣੀ ਵਿੱਚ ਭਿਉਂ ਕੇ ਉਬਾਲ ਲੈਂਦੀ। ਕਾਠਾ ਜਿਹਾ ਪੇਸਟ ਤਿਆਰ ਕਰਕੇ ਘੜੇ ਨੂੰ ਮੂਧਾ ਮਾਰ ਉਸ ਤੇ ਪੱਥਣਾ ਸ਼ੁਰੂ ਕਰਦੀ। ਗੋਹਲੇ ਤਿਆਰ ਹੋਣ ਲਗਦੇ। ਬਾਜ਼ਾਰੋਂ ਰੰਗ-ਬਰੰਗੇ ਕਾਗਜ਼ ਮੰਗਵਾ ਡਿਜ਼ਾਈਨ ਕਰ, ਕਾਗਜ਼ ਇਨ੍ਹਾਂ ਗੋਹਲਿਆਂ ਤੇ ਪੇਸਟ ਕਰਦੀ। ਇੱਕ ਖ਼ੂਬਸੂਰਤ ਆਈਟਮ। ਰਸੋਈ ਘਰ ਤੇ ਦਾਜ-ਵਰੀ ਦਾ ਸ਼ਿੰਗਾਰ।

ਨਵੀਆਂ ਨਵੇਲੀਆਂ ਕੁੜੀਆਂ-ਬਹੂਆਂ ਅਸ਼ ਅਸ਼ ਕਰ ਉਠਦੀਆਂ। ਉਨ੍ਹਾਂ ਦੇ ਚਾਅ ਤੇ ਮਲ੍ਹਾਰ ਖਿੜ ਖਿੜ ਪੈਂਦੇ। ਬੀਬੀ ਕੋਲ ਬੁਕਿੰਗ ਵਧਣ ਲੱਗਦੀ। ਜਦੋਂ ਇੱਕ ਕੰਮ ਮੱਠਾ ਪੈਂਦਾ, ਉਹ ਨਵੀਂ ਜੁਗਤ ਅਪਣਾਉਂਦੀ।

ਹੁਣ ਬੀਬੀ ਦਾ ਹੱਥ ਸੌਖਾ ਸੀ। ਪਰ ਪੈਸਾ ਉਹਦੇ ਕੋਲ ਨਾ ਖੜ੍ਹਦਾ। ਭਾਰੀ ਕਬੀਲਦਾਰੀ। ਦੋਹਤੇ-

ਦੋਹਤੀਆਂ ਦੇ ਵਿਆਹ, ਤਿੱਥਾਂ-ਸੁਦਾਂ ਦੇ ਕਾਰ-ਵਿਹਾਰ ਵਿੱਚ ਉਲਝੀ ਬੀਬੀ ਭੋਰਾ ਨਾ ਅੱਕਦੀ-ਥੱਕਦੀ। ਜੋ ਕਮਾਉਂਦੀ, ਉਨ੍ਹਾਂ ਲਈ ਲੈ ਤੁਰਦੀ। ਲੈ ਕੁੜੇ ਮੋਰੇ ਦੋਹਤਾ ਹੋਇਐ। ਲੈ ਭੈਣੇ ਨਾਨਕ ਛੱਕ ਲੈ ਕੇ ਜਾਣੈ। ਇਸ ਤਰ੍ਹਾਂ ਉਹ ਹਮੇਸ਼ਾ ਕਰਜ਼ਾਈ ਰਹਿੰਦੀ।

ਚਚੇਰੇ ਭਰਾ ਮੇਘਰਾਜ ਨਾਲ ਰਲ਼ ਕੇ ਮੈਂ ਚਮਕੌਰ ਸਾਹਿਬ ਵਰਮੇ ਦੀ ਦੁਕਾਨ ਤੇ ਟਾਈਪ ਸਿੱਖਣ ਜਾ ਲੱਗਿਆ। ਪਹਿਲੀ ਵਾਰ ਮੈਂ ਪੰਜਾਬੀ ਟਾਈਪ ਰਾਈਟਰ ਵੇਖੀ ਸੀ। ਬੜਾ ਅਚੰਭਿਤ ਹੋਇਆ। ਮੇਘਰਾਜ ਕਾਗਜ਼ ਤੇ ਆਪਣਾ ਨਾਮ ਹੀ ਟਾਈਪ ਕਰਦਾ ਰਹਿੰਦਾ। ਉਹ ਛੇਤੀ ਹੀ ਅਕੇਵਾਂ ਮਹਿਸੂਸ ਕਰਨ ਲੱਗਾ। ਲਗਨ ਦੀ ਅਣਹੋਂਦ ਕਾਰਣ ਆਖਿਰ ਉਹ ਘਰ ਬੈਠ ਗਿਆ।

ਲੈ ਨੌਕਰੀਆਂ ਕਿਹੜਾ ਧਰੀਆਂ ਪਈਆਂ ਤਾਈ। ਜੇ ਟੈਪ ਕਰਨੀ ਛੱਡ ਦਈਏ ਤਾਂ ਊਈਂ ਭੁੱਲ ਜਾਂਦੀ ਆ। ਮੇਘਰਾਜ ਤੇ ਚਾਚਾ ਰਾਮਦਾਸ ਮੈਨੂੰ ਨਿਰਉਤਸ਼ਾਹਿਤ ਕਰੀ ਰੱਖਦੇ। ਬੀਬੀ ਹੌਸਲਾ ਦਿੰਦੀ। ਮੈਂ ਆਪਣਾ ਸਫ਼ਰ ਲਗਾਤਾਰ ਜਾਰੀ ਰੱਖਿਆ।

ਫਿਰ ਭਾਸ਼ਾ ਵਿਭਾਗ ਰੋਪੜ ਮੈਨੂੰ ਗੁਰਿੰਦਰ ਸਿੰਘ ਪ੍ਰੀਤ ਹੋਰਾਂ ਕੋਲ ਪੰਜਾਬੀ ਸਟੈਨੋਗ੍ਰਾਫੀ ਕੋਰਸ ਵਿੱਚ ਦਾਖਲਾ ਮਿਲ ਗਿਆ। ਸੋਚਦਾ ਹਾਂ ਜੇ ਪ੍ਰੀਤ ਸਾਹਿਬ ਨਾ ਮਿਲਦੇ ਤਾਂ ਮੇਰਾ ਕੀ ਹੁੰਦੀ? ਬਿੱਲੂ ਮੇਰੇ ਨਾਲ ਹੁੰਦਾ। ਬਹਿਰਾਮਪੁਰ ਬੇਟ ਤੋਂ ਅਸੀਂ ਸੋਮ ਭੱਟ ਸਾਡੇ ਨਾਲ ਆ ਰਲ਼ਦੇ। ਅਸੀਂ ਸਾਈਕਲਾਂ ਤੇ ਜਾਂਦੇ। ਰਸਤੇ ਵਿੱਚ ਸਿਸਵਾਂ ਤੇ ਬੁੱਢਾ ਭੋਰਾ ਨਾਂ ਦੀਆਂ ਦੋ ਨਦੀਆਂ ਵਗਦੀਆਂ। ਬਰਸਾਤਾਂ ਦੇ ਦਿਨਾਂ ਵਿੱਚ ਬਿਫਰ ਜਾਂਦੀਆਂ। ਪਾਣੀ ਦਾ ਤੇਜ ਵਹਾਅ ਰਾਹਗੀਰਾਂ ਦੇ ਪੈਰ ਉਖਾੜ ਦਿੰਦਾ।

ਖੱਚਰ ਰੇਹੜੇ ਵਾਲੇ ਸਾਈਕਲ, ਸਕੂਟਰ ਲੱਦ ਸਵਾਰੀਆਂ ਨੂੰ ਪਾਰ ਲੰਘਾਉਂਦੇ।

ਟੁੱਟੀਆਂ ਸੜਕਾਂ ਤੇ ਸਾਈਕਲ ਖੜ ਖੜ ਕਰਦੇ। ਸਿਤਮ ਇਹ ਕਿ ਜਦੋਂ ਅਸੀਂ ਰੋਪੜ ਵੱਲ ਜਾਂਦੇ ਤਾਂ ਪੁਰੇ ਦੀ ਪੌਣ ਤੇ ਸੂਰਜ ਦੀਆਂ ਤਿੱਖੀਆਂ ਕਿਰਨਾਂ ਰਾਹ ਰੋਕਦੀਆਂ। ਸ਼ਾਮੀਂ ਵਾਪਸ ਪਰਤਦੇ ਤਾਂ ਛਿਪਦੇ ਸੂਰਜ ਦੀ ਤਪਸ਼ ਤੇ ਪੱਛੋਂ।

ਸ਼ਾਮੀਂ ਘਰ ਪਰਤ ਮੈਂ ਬੀਬੀ ਨੂੰ ਹੋਈਆਂ ਬੀਤੀਆਂ ਸੁਣਾਉਂਦਾ। ਉਹ ਮੈਨੂੰ ਬੁੱਕਲ ਵਿੱਚ ਲੈਂਦੀ। ਹੌਸਲਾ ਦਿੰਦੀ। ਰੂਪ-ਬਸੰਤ ਦੀ ਕਥਾ ਸੁਣਾਉਂਦੀ। ਰਾਜਾ ਹਰੀਸ਼ ਚੰਦਰ ਤੇ ਪਏ ਵਖਤ ਦੀ ਗਾਥਾ ਛੇੜ ਲੈਂਦੀ। ਚਮਕੌਰ ਸਾਹਿਬ ਦੀ ਧਰਤੀ ਤੇ ਹੋਏ ਅਸਾਵੇਂ ਯੁੱਧ ਵਿੱਚ ਗੁਰੂ ਸਾਹਿਬ ਦੇ ਬੱਚਿਆਂ ਦੀ ਸ਼ਹੀਦੀ ਗਾਥਾ ਲੂੰਅ-ਕੰਡੇ ਖੜ੍ਹੇ ਕਰ ਦਿੰਦੀ। ਬਾਜ਼ ਉਲਟ ਹਵਾ ਵੱਲ ਹੀ ਉੜਦੇ ਹੁੰਦੇ ਆ ਪੁੱਤ। ਬੀਬੀ ਡੂੰਘਾ ਸਾਹ ਭਰਦੀ।

ਕਠਿਨਾਈਆਂ ਨਾਲ ਦੋ ਚਾਰ ਹੁੰਦੇ ਗਾਥਾਵਾਂ ਦੇ ਸੰਜੀਵ ਪਾਤਰ ਚਿੰਤਨ ਵਿੱਚ ਮੇਰੇ ਨਾਲ ਨਾਲ ਤੁਰਦੇ। ਮੈਨੂੰ ਰਾਹ ਦੱਸਦੇ। ਮੇਰੀ ਰੂਹ ਅਲੌਕਿਕ ਊਰਜਾ ਨਾਲ ਭਰੀ ਰਹਿੰਦੀ। ਬੀਬੀ, ਬਾਪੂ ਜੀ ਵੱਲੋਂ ਸੁਣਾਈਆਂ ਕਹਾਣੀਆਂ-ਕਿੱਸੇ ਉਹ ਸਾਨੂੰ ਸੁਣਾਉਂਦੀ। ਮੈਂ ਪੋਇਟਰੀ ਲਿਖਣ ਲੱਗਾ।ਲੰਬੇ ਅੰਤਰਾਲ਼ ਬਾਅਦ ਮੇਰੀ ਪੋਇਟਰੀ ਦੀ ਕਿਤਾਬ "ਮਾਏ ਮੇਰਾ ਦਿਲ ਕੰਬਿਆ" ਛਪੀ।

ਇੱਕ ਦਿਨ ਮੈਂ ਘਰ ਆਇਆ ਤਾਂ ਵਲੈਤੀ ਗਾਂ ਵਾਲਾ ਗੁੰਡਾ ਖਾਲੀ ਦੇਖਿਆ। ਬੀਬੀ ਨੂੰ ਪੁੱਛਿਆ। ਉਹ ਬੋਲੀ ਨਾ। ਲੈ ਪਾਣੀ ਪੀ। ਗਿਲਾਸ ਫੜਾ ਉਹ ਅੰਦਰ ਜਾ ਵੜ੍ਹੀ। ਉਹਦੇ ਹੱਥ ਵਿੱਚ ਇੱਕ ਮੋਮੀ ਲਿਫਾਫਾ ਸੀ।

ਬੀਬੀ ਹੌਲੀ ਜਿਹਾ ਬੋਲੀ, ਆਹ ਲੈ ਪੁੱਤ ਕੱਲ੍ਹ ਨੂੰ ਬਰਾਮਪੁਰ ਜਾਈਂ। ਕਹਿੰਦੇ ਉਥੇ ਡੱਲੇ ਆਲੇ

ਜੀਵਾ ਸੂੰਅ ਦਾ ਮੁੰਡਾ ਹਰਨਾਮ ਆ। ਉਹਦੇ ਕੋਲ ਬੈਂਕ ਵਿੱਚ ਪੈਸੇ ਜਮ੍ਹਾਂ ਕਰਾ ਆਈ। ਮੈਂ ਸਮਝ ਗਿਆ। ਬੀਬੀ ਨੇ ਵਲੈਤੀ ਵੱਛੀ ਵੇਚਤੀ। ਮੈਂ ਕਦੀ ਬੀਬੀ ਵੱਲ ਤੇ ਕਦੀ ਹੱਥ ਵਿੱਚ ਫੜ੍ਹੇ ਲਿਫ਼ਾਫ਼ੇ ਵੱਲ ਵੇਖਾਂ। ਭਾਂ ਭਾਂ ਕਰਦਾ ਵਿਹੜਾ। ਮੇਰੀਆਂ ਅੱਖਾਂ ਭਰ ਆਈਆਂ।

ਲੈ ਹੈਅ ਝੱਲਾ... ਤੂੰ ਕੋਰਸ ਨੀਂ ਕਰਨਾ? ਪੈਸਿਆਂ ਦੀ ਲੋੜ ਪਊ। ਫੇ ਮੈਂ ਕੀਹਤੋਂ ਮੰਗੂੰ? ਤੈਂ ਤਾਂ ਮੈਨੂੰ ਸੂਲ਼ੀ ਚਾੜ੍ਹ ਦੇਣਾ। ਮੂੰਹ ਵਿੱਚ ਬੁੜਬੁੜਾਉਂਦੀ ਹੋਈ ਅੱਖਾਂ ਪੂੰਝਦੀ ਉਹ ਅੰਦਰ ਜਾ ਵੜੀ। ਮੈਂ ਅਵਾਕ ਸੀ। ਬੀਬੀ ਦੀ ਦੂਰਅੰਦੇਸ਼ੀ। ਮੇਰਾ ਮਨ ਅਸ਼ ਅਸ਼ ਕਰ ਉੱਠਿਆ। ਮੈਂ ਠੰਢਾ ਸਾਹ ਭਰਿਆ।

ਸਾਡੇ ਘਰ ਵਿਹੜੇ ਵਿੱਚ ਕਿੱਕਰ ਦੇ ਦੋ ਬੜੇ ਭਾਰੇ ਦਰੱਖਤ ਸਨ। ਸਾਉਣ ਮਹੀਨੇ ਪੇਕੀਂ ਆਈਆਂ ਕੁੜੀਆਂ ਪੀਂਘਾਂ ਪਾਉਂਦੀਆਂ। ਦੇਰ ਰਾਤ ਤੱਕ ਚਹੋਲਰ ਪੈਂਦਾ। ਝਾਂਜਰਾਂ ਦੀ ਛਣਕਾਰ ਗੂੰਜਦੀ। ਸੈਣੀਆਂ ਦੇ ਦੇਵ ਨੇ ਕਈ ਵਾਰ ਇਹ ਕਿੱਕਰਾਂ ਮੰਗੀਆਂ ਸਨ। ਹਰ ਵਾਰ ਬੀਬੀ ਨਾਂਹ ਕਰ ਦਿੰਦੀ।

ਤਾਈ ਦੁੱਧ ਪੀਣ ਲਈ ਤੈਨੂੰ ਇੱਕ ਗਾਂ ਲੈ ਦਿਆਂ? ਇੱਕ ਦਿਨ ਉਹ ਬੀਬੀ ਨੂੰ ਕਹਿਣ ਲੱਗਾ। ਬੀਬੀ ਮੰਨ ਗਈ। ਬਜੀਦਪੁਰ ਤੋਂ ਅਸੀਂ ਦੇਸੀ ਗਾਂ ਹੱਕ ਲਿਆਏ।ਬਦਲੇ ਵਿੱਚ ਉਹ ਦੋਵੇਂ ਕਿੱਕਰਾਂ ਪੁੱਟ ਕੇ ਲੈ ਗਿਆ। ਇਹ ਵਲੈਤੀ ਵੱਛੀ ਉਸੇ ਗਾਂ ਦੀ ਧੀ ਸੀ। ਉਸ ਦੀ ਮੌਤ ਤੇ ਸਾਡਾ ਸਾਰਾ ਟੱਬਰ ਕਈ ਦਿਨ ਰੋਂਦਾ ਰਿਹਾ।

ਇੱਕ ਦਿਨ ਡਾਕੀਆ ਸਾਡਾ ਘਰ ਲੱਭਦਾ ਫਿਰੇ। ਸਰਕਾਰੀ ਬਹੁ-ਤਕਨੀਕੀ ਕਾਲਜ, ਬਟਾਲਾ ਵਿਖੇ ਮੈਨੂੰ ਕਲਰਕ ਦੀ ਨੌਕਰੀ ਮਿਲ ਗਈ ਸੀ। ਮੇਰੇ ਹੱਥਾਂ ਵਿੱਚ ਨਿਯੁਕਤੀ ਪੱਤਰ ਸੀ। ਬੀਬੀ ਮੈਨੂੰ ਦੁਲਾਰ ਰਹੀ ਸੀ। ਮੈਂ ਵਿਹੜੇ ਵਿਚਲੇ ਖਾਲੀ ਖੁੰਡੇ ਵੱਲ ਦੇਖ ਰਿਹਾ ਸੀ। ਚੱਲ ਛੱਡ ਪੁੱਤ....। ਬੀਬੀ ਨੂੰ ਵਧਾਈਆਂ ਮਿਲ ਰਹੀਆਂ ਸਨ। ਮੈਂ ਉਹਦੀ ਸੋਚ ਨੂੰ ਨਮਸਕਾਰ ਕਰਦਾ ਰਿਹਾ।

ਪਿੰਡੋਂ ਬਿਆਸ ਨੂੰ ਇੱਕ ਟਰੱਕ ਜਾ ਰਿਹਾ ਸੀ। ਬੀਬੀ ਵੀ ਵਿੱਚ ਬਹਿ ਗਈ। ਉਹ ਵਧਾਈਆਂ ਲੈਂਦੀ, ਅਸੀਸਾਂ ਦਿੰਦੀ ਬਟਾਲੇ ਵੱਲ ਜਾਣ ਵਾਲਾ ਰਾਹ ਪੁੱਛਦੀ। ਅੱਤਵਾਦੀ ਕਾਰਵਾਈਆਂ ਨਾਲ ਪੱਛੇ ਪੰਜਾਬ ਦੇ ਪਿੰਡੇ ਚੋਂ ਵਗਦੀਆਂ ਖ਼ੂਨ ਦੀਆਂ ਤਤੀਰੀਆਂ ਉਹਦਾ ਚਿੱਤ ਘਾਊਂ-ਮਾਊਂ ਕਰੀ ਰੱਖਦੀਆਂ।

ਜਟਾਣਾ ਤੇ ਡੱਲਾ ਪਿੰਡਾਂ 'ਚ ਵਾਪਰੇ ਅੱਤਵਾਦੀ ਕਤਲ ਕਾਂਡ ਹਾਲੇ ਸੱਜਰੇ ਸਨ। ਰਾਤੀਂ ਖਾੜਕੂ ਤੇ ਦਿਨੇ ਪੁਲਿਸ ਪਿੰਡ-ਪਿੰਡ, ਖੇਤ-ਖੇਤ ਘੁੰਮਦੀ। ਦਹਿਸ਼ਤ ਦਾ ਨਿਰਲੱਜ ਰਾਜ। ਉਸ ਮੈਨੂੰ ਬਟਾਲਾ ਨਾ ਜਾਣ ਦਾ ਫੁਰਮਾਨ ਜਾਰੀ ਕਰ ਦਿੱਤਾ। ਮੈਂ ਬੀਬੀ ਨੂੰ ਬਿਨਾਂ ਦੱਸਿਆਂ ਹੀ ਹਾਜ਼ਰੀ ਰਿਪੋਰਟ ਦੇ ਆਇਆ।

ਪਾਜ਼ੇਟਿਵ ਸੋਚ ਵਾਲੇ ਵਧਾਈਆਂ ਦਿੰਦੇ। ਨੈਗੇਟਿਵ ਸੋਚ ਮੇਰੀ ਨੌਕਰੀ ਨੂੰ "ਪੈਰ ਥੱਲੇ ਬਟੇਰਾ ਆਇਆ" ਦੱਸਦੀ। ਮੈਂ ਹੱਸ ਛੱਡਦਾ। ਛੇ ਮਹੀਨੇ ਬਾਅਦ ਮੈਨੂੰ ਖੇਤੀਬਾੜੀ ਵਿਭਾਗ ਵਿੱਚ ਸਟੈਨੋ ਦੀ ਆਫਰ ਆ ਗਈ। ਮੈ ਖੇਤੀ ਯੂਨੀਵਰਸਿਟੀ ਲੁਧਿਆਣਾ ਵਿੱਚ ਸਥਿਤ ਇਸ ਦਫ਼ਤਰ ਜਾ ਹਾਜ਼ਰ ਹੋਇਆ। ਅੰਤ ਮੈਂ ਪੰਜਾਬ ਸਿਵਲ ਸਕੱਤਰੇਤ ਦੀਆਂ ਪੌੜੀਆਂ ਜਾ ਚੜ੍ਹਿਆ।

ਤੇਰੇ ਪੜਦਾਦੇ ਨੂੰ ਇੱਕ ਪਟਵਾਰੀ ਮਿਲਣ ਆਇਆ। ਅੱਗੋਂ ਉਨ੍ਹਾਂ ਦੀ ਡੈੱਥ ਹੋਗੀ। ਭਾਈ ਉਹ ਤੇਰੇ ਦਾਦੇ ਨਾਲ ਗੱਲਾਂ ਕਰ ਕਰ ਰੋਂਦਾ ਰਿਹਾ। ਅਖੇ ਉਹ ਤਾਂ ਮੇਰਾ ਫਰੈਂਡ ਸੀ। ਫੇ ਉਹਨੇ ਦੱਸਿਆ ਬਈ ਆਹ ਸੱਤ ਕਨਾਲ ਬਾਰਾਂ ਮਰਲੇ ਜ਼ਮੀਨ ਦੀ ਗਿਰਦਾਵਰੀ ਮੈਂ ਹੀ ਤੇਰੇ ਪੜਦਾਦੇ ਦੇ ਨਾਂ ਕੀਤੀ ਸੀ। ਹੁਣ ਤੇਰੇ ਨਾਂ ਕਰਾ ਚੱਲਿਆਂ। ਨਾਲੇ ਕਿਹਾ ਦੇਖੀਂ ਕਿਤੇ ਡਰ ਕੇ ਛੱਡ ਨਾ ਦਈਂ। ਏਸ ਅਲਾਟੀ ਦੀ ਪੂਰੇ ਇਲਾਕੇ 'ਚ ਹੋਰ ਕੋਈ ਜ਼ਮੀਨ ਨੀਂ ਹੈਗੀ। ਬਥੇਰੇ ਲੋਕ ਦੱਬਣ ਨੂੰ ਫਿਰਨਗੇ।

ਗੁਆਂਢੀ ਤਾਰਾ ਸੂੰ ਜੱਟ ਜ਼ਮੀਨ ਵਾਹੁਣ ਵੇਲੇ ਸਾਡੀਆਂ ਵੱਟਾਂ ਵੀ ਵੱਢ ਲੈਂਦਾ। ਦੋ ਗੱਠੇ ਦੇ ਰਸਤੇ ਨੂੰ ਉਹਨੇ ਵੱਟ ਬਣਾ ਤਾ। ਸਾਡਾ ਲਾਂਘਾ ਵੀ ਬੰਦ ਹੋ ਗਿਆ। ਐਨੀ ਜ਼ਮੀਨ ਨਾਲ ਵੀ ਕੰਜਰ ਦਾ ਢਿੱਡ ਨੀਂ ਭਰਿਆ। ਪਹਿਲਾਂ ਤੇਰੇ ਦਾਦੇ ਨੇ ਫਿਰ ਮੈਂ ਆਪਣੀ ਅੜੀ ਨੀਂ ਛੱਡੀ। ਦੇਖ ਲਾ ਆਹ ਤੇਰਾ ਪਿਓ ਅੱਜ ਬੜਾ ਸਰਦਾਰ ਬਣਦਾ। ਬੀਬੀ ਨਿਹੋਰਾ ਮਾਰਦੀ। ਲਾਅ ਦੇ ਆਖਰੀ ਵਰ੍ਹੇ ਦੀ ਸਟੂਡੈਂਟ ਆਪਣੀ ਪੋਤੀ ਸੁਖਜੀਤ ਨਾਲ ਕਈ ਵਾਰ ਉਹ ਆਪਣਾ ਅੰਦਰ ਹੌਲ਼ਾ ਕਰਦੀ। ਪਾਪਾ ਬੀਬੀ ਤਾਂ ਹੁਣ ਵਾਹਵਾ ਅੰਗਰੇਜ਼ੀ ਬੋਲਦੀ ਆ। ਹੱਸਦੀ ਹੋਈ ਬੇਟੀ ਮੈਨੂੰ ਦੱਸਦੀ।

ਪਿੰਡ ਰਹਿੰਦਿਆਂ ਸਾਡਾ ਗੁਆਂਢੀ ਵੀਰ ਦਿਆਲ ਲੁਬਾਣਾ ਉਹਦਾ ਪੁੱਤ ਬਣਿਆ ਰਿਹਾ ਤੇ ਇੱਥੇ ਖਰੜ ਰਾਮ ਦਿਆਲ। ਦੋਵੇਂ ਅੱਤ ਦੇ ਸ਼ਰਾਬੀ। ਬੀਬੀ ਦਿਆਲ ਨੂੰ ਸਮਝਾਉਂਦੀ। ਭਾਬੀ ਤੇਜੋ ਤੜਫਦੀ। ਚਾਰ ਪੰਜ ਬੱਚੇ ਭੁੱਖਣ-ਭਾਣੇ ਵਿਲਕਦੇ। ਇਹ ਤੂੜੀ-ਰੇਹੜੀ ਦਾ ਕੰਮ ਕਰਦਾ। ਦਿਵਾਲੀ ਨੂੰ ਬੱਕਰਾ ਝਟਕਦਾ। ਸ਼ਰਾਬ ਪੀ ਕੇ ਗਾਲ੍ਹਾਂ ਕੱਢਦਾ। ਸੋਫੀ ਬੜਾ ਸਾਊ। ਬੀਬੀ ਉਹਨੂੰ ਪੁਚਕਾਰਦੀ, ਪਿਆਰ ਨਾਲ ਸਮਝਾਉਂਦੀ।ਆਖਿਰ ਉਸ ਬਿਆਸ ਜਾ ਕੇ ਨਾਮ ਲੈ ਲਿਆ।

ਬਾਈ ਰਾਮ ਦਿਆਲ ਜਦੋਂ ਸੋਫੀ ਹੁੰਦਾ ਤਾਂ ਉਸ ਦਾ ਕੋਈ ਸਾਨੀ ਨਹੀਂ ਸੀ। ਭਲੇ ਵੇਲ਼ਿਆਂ ਵਿੱਚ ਉਹ ਬੇਅੰਤ ਸਿੰਘ ਪਰਿਵਾਰ ਨਾਲ ਜੁੜਿਆ ਰਿਹਾ। ਰਵਨੀਤ ਸਿੰਘ ਬਿੱਟੂ ਉਹਨੂੰ ਉੱਡ ਕੇ ਮਿਲਦਾ। ਪਰ ਸ਼ਰਾਬ ਪੀ ਕੇ ਕਈ ਕਈ ਮਹੀਨੇ ਦਫ਼ਤਰ ਨਾ ਜਾਂਦਾ। ਹਾਲੋਂ-ਬੇਹਾਲ। ਬੀਬੀ ਉਹਨੂੰ ਝਿੜਕਦੀ। ਝਾੜ-ਝੰਬ ਕਰਦੀ। ਉਹ ਬੀਬੀ ਨੂੰ ਆਪਣੀ ਮਾਂ ਮੰਨਦਾ। ਆਪਣਾ ਦੁੱਖ-ਸੁੱਖ ਫਰੋਲਦਾ। ਝੂਠੀਆਂ-ਸੱਚੀਆਂ ਸੁਣਾਉਂਦਾ। ਆਖਿਰ ਬੀਬੀ ਸਫ਼ਲ ਹੋ ਗਈ। ਰਾਮ ਦਿਆਲ ਨੇ ਸ਼ਰਾਬ ਨੂੰ ਤੋਬਾ ਆਖ ਅੰਮ੍ਰਿਤ ਛਕ ਲਿਆ। ਇਸ ਤਰ੍ਹਾਂ ਇਹ ਬੀਬੀ ਦੇ ਦੋ ਪੁੱਤ ਨੇ ਦਿਆਲ-ਰਾਮ ਦਿਆਲ ਸਿੰਘ।

ਜੰਡੀ ਵਾਲੀ ਵੱਡੀ ਭੈਣ ਬਿਮਾਰ ਸੀ।ਅਸੀਂ ਮਿਲਣ ਗਏ। ਬਾਈ ਰਾਮ ਦਿਆਲ ਵੀ ਨਾਲ ਹੀ ਸੀ। ਭੈਣ ਨੂੰ ਹੋਸ਼ ਆਈ। ਉਹ ਬੀਬੀ ਨੂੰ ਧਾਅ ਕੇ ਮਿਲੀ। ਰੋਂਦੀ ਰਹੀ। ਕਿਸੇ ਨੇ ਪੁੱਛਿਆ ਤੂੰ ਬੀਬੀ ਨੂੰ ਪਛਾਣ ਲਿਆ। ਲੈ ਹੈ ਮੇਰੀ ਬੀਬੀ ਆਈ ਆ। ਉਸ ਗੜ੍ਹਕੇ ਨਾਲ ਕਿਹਾ।ਵੱਡੀਆਂ ਦੋਵੇਂ ਭੈਣਾਂ ਬੀਬੀ ਨੂੰ ਮਾਸੀ ਹੀ ਕਹਿੰਦੀਆਂ ਸਨ। ਪਰ ਅੱਜ ਪਹਿਲੀ ਵਾਰ ਭੈਣ ਨੇ ਬੀਬੀ ਨੂੰ ਬੀਬੀ ਕਿਹਾ ਸੀ।

ਵੇ ਰਾਮ ਦਿਆਲ ਮੈਂ ਛੋਟੀ ਜਿਹੀ ਤੀ ਜਦੋਂ ਵਿਆਹੀ ਆਈ। ਇਹਦੇ ਬਾਪੂ ਦੀ ਪਹਿਲੀ ਵਿਆਂਦੜ ਪੂਰੀ ਹੋ ਗਈ ਤੀ। ਰਿਸ਼ਤੇ ਚੋਂ ਮੇਰੀ ਭੈਣ ਹੀ ਲਗਦੀ ਤੀ। ਇਹ ਦੋਵੇਂ ਭੈਣਾਂ ਬਹੁਤ ਛੋਟੀਆਂ ਸਨ। ਮੈਂ ਹੀ ਪਾਲ਼ੀਆਂ। ਵਿਆਹੀਆਂ। ਅੱਜ ਸੁੱਖ ਨਾਲ ਦੋਹਤਿਆਂ-ਪੋਤਿਆਂ ਆਲ਼ੀਆਂ। ਬੀਬੀ ਮਾਣ ਦੱਸਦੀ। ਪਰ ਮੈਨੂੰ ਇਸ ਗੱਲ ਦਾ ਬਹੁਤ ਬਾਅਦ ਪਤਾ ਲੱਗਿਆ ਸੀ। ਬੀਬੀ ਨੇ ਕਦੇ ਕਿਸੇ ਨਾਲ ਫਰਕ ਨਹੀਂ ਸੀ ਕੀਤਾ। ਗੁਜ਼ਰੇ ਬੱਤੀ ਸਾਲਾਂ ਵੱਲ ਨਜ਼ਰ ਮਾਰਦਾ ਹਾਂ।ਬਹੁਤ ਸਾਰੇ ਉਚ ਅਧਿਕਾਰੀਆਂ, ਕੈਬਨਿਟ ਮੰਤਰੀਆਂ ਤੇ ਮੁੱਖ ਮੰਤਰੀ ਦਫਤਰ, ਸਰਕਾਰੀ ਸੇਵਾ ਨਿਭਾਉਣ ਦਾ ਮੌਕਾ ਮਿਲਿਆ। ਗੁਆਂਢ ਵਿੱਚ ਮਾਣਯੋਗ ਹਾਈਕੋਰਟ ਪੰਜਾਬ ਤੇ ਹਰਿਆਣਾ, ਪੰਜਾਬ ਵਿਧਾਨ ਸਭਾ।ਪੰਜਾਬ ਤੇ ਹਰਿਆਣਾ ਦਾ ਸਾਂਝਾ ਦਿਲ ਚੰਡੀਗੜ੍ਹ। ਇੱਥੋਂ ਤੱਕ ਪੁੱਜਣ ਲਈ ਮੈਂ ਆਪਣੇ ਇਨ੍ਹਾਂ ਪੁਰਖਿਆਂ ਤੇ ਅਧਿਆਪਕ ਗੁਰੂਆਂ ਦੇ ਥਾਪੜੇ ਤੇ ਸੁਯੋਗ ਅਗਵਾਈ ਬਦੌਲਤ ਹੀ ਸਫਲਤਾ ਦੀਆਂ ਪੌੜੀਆਂ ਚੜ੍ਹਨ ਦੇ ਕਾਬਿਲ ਹੋ ਸਕਿਆ ਹਾਂ।ਅਸਫਲਤਾਵਾਂ ਦਾ ਜ਼ਿਕਰ ਕਦੀ ਫਿਰ ਸਹੀ।

(**ਸੰਪਰਕ**-98144-30874)

# ਵੱਡ-ਵਡੇਰਿਆਂ ਦੇ ਪਾਏ ਪੂਰਨੇ/ -ਐੱਚ ਐਸ ਡਿੰਪਲ

ਆਪਣੇ ਪੁਰਖ਼ਿਆਂ ਬਾਰੇ ਲਿਖਣਾ, ਆਪਣੇ ਅਤੀਤ ਨੂੰ ਸਮਝਣਾ ਅਤੇ ਉਸਨੂੰ ਸੰਭਾਲਣਾ ਹੈ। ਸ਼ਹਿਰ ਵਿਚ ਰਹਿਣ ਵਾਲੇ ਛੋਟੇ/ਲਘੂ ਪਰਿਵਾਰਾਂ ਦੇ ਯੁਗ ਵਿਚ ਤਾਂ ਸ਼ਹਿਰੀਆਂ ਦਾ ਵਾਹ-ਵਾਸਤਾ ਬੜਾ ਹੀ ਸੰਕੁਚਤ ਹੁੰਦਾ ਹੈ, ਜਿਸ ਕਰਕੇ ਆਪਣੇ ਵਿਰਸੇ ਅੰਦਰ ਝਾਤੀ ਮਾਰਣ ਲਈ ਮੁੱਢਲੇ ਸਰੋਤਾਂ ( (Primary Sources) ਦੀ ਥਾਂ 'ਸੈਕੰਡਰੀ" ਸਰੋਤਾਂ (Secondary Sources) ਤੇ ਨਿਰਭਰ ਹੋਣਾ ਪੈਂਦਾ ਹੈ। ਫਿਰ ਵੀ ਬੀਤੇ ਨੂੰ ਖੰਘਾਲਣਾ ਇਕ ਰੌਚਿਕ ਕਾਰਜ ਹੈ। ਮੇਰੇ ਪਿਤਾ ਜੀ ਅਕਸਰ "ਵੱਡਿਆਂ" ਬਾਰੇ ਗੱਲਾਂ ਕਰਦੇ ਹਨ, "ਉਨ੍ਹਾਂ ਜ਼ਮਾਨਿਆਂ ਵਿਚ ਪੜ੍ਹਾਈ ਦਾ ਕੋਈ ਚੰਗਾ ਢਾਂਚਾ ਨਹੀਂ ਸੀ, ਅਤੇ ਨਾ ਹੀ ਅਜਿਹਾ ਰਿਵਾਜ। ਵੈਸੇ ਵੀ ਸਿੱਖਿਆ ਲਈ ਬੱਚੇ ਮਦਰੱਸੇ, ਮੰਦਿਰ, ਠਾਕਰ-ਦੁਆਰੇ ਜਾਂ ਗੁਰਦੁਆਰੇ ਤੇ ਨਿਰਭਰ ਸਨ। ਆਪਣੇ ਵਡੇਰਿਆਂ ਨੇ ਤਾਂ ਕਿਸੇ ਮੰਦਿਰ-ਦੁਆਰੇ ਵਿਚੋਂ ਵੀ ਕੋਈ ਸਿੱਖਿਆ ਹਾਸਲ ਨਹੀਂ ਕੀਤੀ। ਹਾਂ, ਬਾਪੂ ਜੀ (ਮੇਰੇ ਦਾਦਾ ਜੀ), ਨੇ ਜ਼ਰੂਰ ਗੁਰਦੁਆਰਾ ਸਾਹਿਬ ਤੋਂ ਚਾਰ ਅੱਖਰ ਪੜ੍ਹੇ ਸਨ। ਪਰ, ਰਸਮੀ ਸਿੱਖਿਆ ਕਿਸੇ ਨੇ ਨਹੀਂ ਲਈ।" ਹਾਂ, ਦਾਦਾ ਜੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਜ਼ਰੂਰ ਕਰ ਲੈਂਦੇ ਸਨ।

ਮੇਰੇ ਪਿਤਾ ਜੀ ਦੀ ਪੀੜ੍ਹੀ ਨੇ ਹੀ ਸਕੂਲ ਜਾਣਾ ਆਰੰਭ ਕੀਤਾ। ਸੰਯੋਗ ਤਾਂ ਇਹ ਹੈ ਕਿ ਪਿਤਾ ਜੀ ਖੁਦ ਹੀ ਨਹੀਂ ਪੜ੍ਹੇ, ਸਗੋਂ ਭੈਣਾਂ-ਭਰਾਵਾਂ ਨੂੰ ਵੀ ਪੜ੍ਹਾਇਆ। ਮੇਰੀਆਂ 2 ਭੂਆ ਅਧਿਆਪਕ ਵਜੋਂ ਸੇਵਾ-ਮੁਕਤ ਹੋਈਆਂ। ਦੋਵੇਂ ਚਾਚੇ ਸਰਕਾਰੀ ਨੌਕਰੀ ਤੋਂ ਸੇਵਾ-ਮੁਕਤ ਹੋਏ। ਇਕ ਪੁਲਿਸ ਨਿਰੀਖਕ/ ਇੰਸਪੈਕਟਰ ਅਤੇ ਦੂਜਾ ਚਿਕਿਤਸਕ ਪ੍ਰਯੋਗਸ਼ਾਲਾ ਤਕਨੀਸ਼ਨ ਵਜੋਂ। ਪਰ, ਪਿਤਾ ਜੀ ਦੱਸਦੇ ਹਨ, ਕਿ ਉਨ੍ਹਾਂ ਨੂੰ ਦਾਦਾ ਜੀ ਨੇ ਭੈਣਾਂ ਨੂੰ ਪੜ੍ਹਣ ਲਾਉਣ ਕਰਕੇ ਝਿੜਕਿਆ ਹੀ ਨਹੀਂ, ਸਗੋਂ ਕੁੱਟਿਆ ਵੀ। ਪਿਤਾ ਜੀ ਨੂੰ ਉਨ੍ਹਾਂ ਦੇ ਭਰਾਵਾਂ ਨੂੰ ਸਕੂਲ ਲਗਾਉਣ ਕਰਕੇ ਵੀ ਦਾਦਾ ਜੀ ਦੀਆਂ ਝਿੜਕਾਂ ਦਾ ਸਾਹਮਣਾ ਕਰਨਾ ਪਿਆ। ਇਹੀ ਨਹੀਂ, ਭੈਣਾਂ-ਭਰਾਵਾਂ ਨੂੰ ਪੜ੍ਹਾਉਣ ਲਈ ਪਿਤਾ ਜੀ ਨੇ ਫ਼ੀਸ ਦਾ ਇੰਤਜ਼ਾਮ ਵੀ ਮੁਸ਼ਕਲ ਨਾਲ ਕੀਤਾ। ਜਦੋਂ ਵੀ ਕੋਈ ਰਿਸ਼ਤੇਦਾਰ ਘਰ ਵਿਚ ਆਉਂਦਾ, ਤਾਂ ਉਨ੍ਹਾਂ ਵੇਲਿਆਂ ਦੇ ਰਿਵਾਜ ਮੁਤਾਬਿਕ ਘਰ ਬੱਚਿਆਂ ਨੂੰ ਥੋੜੇ ਪੈਸੇ ਦੇ ਜਾਂਦਾ ਸੀ, ਜਿਸ ਦੀ ਬੱਚੇ ਮਿਠਾਈ, ਜਾਂ ਕੋਈ ਹੋਰ ਚੀਜ਼ ਖਰੀਦ ਲੈਂਦੇ ਸਨ। ਪਰ ਪਿਤਾ ਜੀ ਨੇ ਸਾਰੇ ਪੈਸੇ ਸੰਭਾਲ ਕੇ ਰੱਖੇ ਅਤੇ ਇਨ੍ਹਾਂ ਪੈਸਿਆਂ ਨਾਲ ਹੀ ਆਪਣੇ ਭੈਣਾਂ-ਭਰਾਵਾਂ ਨੂੰ ਪੜ੍ਹਨੇ ਪਾਇਆ।

ਪਿਤਾ ਜੀ ਕਰਨਲ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਅਤੇ ਉਨ੍ਹਾਂ ਨੇ ਨੌਕਰੀ ਦੌਰਾਨ 21 ਐਮ.ਏ. ਦੀਆਂ ਡਿਗਰੀਆਂ ਹੀ ਹਾਸਲ ਨਹੀਂ ਕੀਤੀਆਂ, ਸਗੋਂ ਐਲ.ਐਲ.ਬੀ., ਇੰਜੀਨੀਅਰਿੰਗ, ਬੀ.ਏ.ਐਮ.ਐਸ. ਅਤੇ ਬੀ.ਐਚ.ਐਮ.ਐਸ., ਭਾਵ ਹਰ ਖ਼ੇਤਰ ਦੀ ਸਿਰੇ ਦੀ ਸਿੱਖਿਆ ਹਾਸਲ ਕਰਕੇ ਨਾਮਣਾ ਖੱਟਿਆ, ਰਿਕਾਰਡ ਬਣਾਇਆ ਅਤੇ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਿਅਕਤੀ ਹੋਣ ਦਾ ਮਾਣ ਹਾਸਲ ਕੀਤਾ। ਉਨ੍ਹਾਂ ਕੋਲ ਕੁੱਲ 35 ਡਿਗਰੀਆਂ ਹਨ, ਅਤੇ ਜੇਕਰ ਅਸੀਂ ਇੰਟਰਨੈੱਟ ਤੇ "ਗੂਗਲ" ਕਰਕੇ World's Most Educated Person ਜਾਂ World's Most Learned Person ਲਿਖ ਕੇ "ਸਰਚ" ਕਰੀਏ, ਤਾਂ ਪਿਤਾ ਜੀ ਦਾ ਨਾਮ ਅਤੇ ਡਿਗਰੀਆਂ ਦੀ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਪਿਤਾ ਜੀ ਦੀਆਂ ਇਨ੍ਹਾਂ ਪ੍ਰਾਪਤੀਆਂ ਤੇ ਸਾਡੇ ਸਮੁੱਚੇ ਪਰਿਵਾਰ ਨੂੰ ਮਾਣ ਹੈ। ਇਕ ਅਨਪੜ੍ਹ ਪਿਤਾ-ਦਾਦੇ ਦੇ ਬੱਚੇ ਲਈ ਇਸ ਤੋਂ ਵੱਡੀ ਪ੍ਰਾਪਤੀ ਕੀ ਹੋ ਸਕਦੀ ਹੈ? ਪਰ, ਪਿਤਾ ਜੀ ਆਖਦੇ ਹਨ, ਕਿ ਬਾਪੂ ਜੀ ਹੁਰੀਂ ਪੜ੍ਹੇ ਨਹੀਂ ਗੁੜ੍ਹੇ ਸਨ। ਉਨ੍ਹਾਂ ਨੂੰ ਦੀਨ-ਦੁਨੀਆਂ ਦੀ ਸਮਝ ਸੀ। ਉਨ੍ਹਾਂ ਕੋਲ ਅਧਿਐਨ ਨਹੀਂ ਸੀ, ਪਰ

ਅਨੁਭਵ ਸੀ, ਕਲਾ ਸੀ, ਹੁਨਰ ਸੀ।

ਖ਼ੈਰ ! ਗੱਲ ਪੁਰਖ਼ਿਆਂ ਦੀ ਚੱਲ ਰਹੀ ਸੀ। ਦਾਦਾ ਜੀ ਸਕੂਲ ਤਾਂ ਨਹੀਂ ਗਏ, ਪਰ ਅੱਖਰਾਂ ਦੀ ਉਨ੍ਹਾਂ ਨੂੰ ਪਛਾਣ ਸੀ। ਉਹ ਹੌਲੀ-ਹੌਲੀ ਲਿਖ ਵੀ ਲੈਂਦੇ ਸਨ। ਵੱਡੇ-ਵੱਡੇ ਅੱਖਰ ਪਾ ਕੇ। ਉਹ ਵੱਡੇ-ਵਡੇਰਿਆਂ ਵਾਂਗ ਲੱਕੜ ਦਾ ਕੰਮ ਕਰਦੇ ਸਨ, ਅਤੇ ਸੰਦ-ਔਜ਼ਾਰ, ਬੂਹੇ-ਬਾਰੀਆਂ, ਸੰਦੂਕ-ਪੇਟੀਆਂ ਅਤੇ ਹੋਰ ਨਿੱਕ-ਸੁੱਕ ਤਿਆਰ ਕਰਦੇ ਸਨ। ਸੰਤਾਲੀ ਦੇ ਹੱਲੇ-ਗੁੱਲੇ ਵੇਲੇ ਪਿੰਡ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਅੰਮ੍ਰਿਤ ਛਕਿਆ। ਸਾਡਾ ਪਿੰਡ ਅਖਾੜਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਦਾ ਪਿੰਡ ਹੈ। ਹੁਣ ਤਾਂ ਅਸੀਂ ਜਗਰਾਵਾਂ ਰਹਿੰਦੇ ਹਾਂ, ਪਰ ਵੱਡੇ-ਵਡੇਰੇ ਲੁਧਿਆਣਾ ਜ਼ਿਲ੍ਹੇ ਦੇ ਇਸ ਕੈਮਾਂ ਵਾਲੇ (ਰੁੱਖਾਂ ਦਾ ਨਾਮ, ਜੋ ਸਿਰਫ਼ ਇਸ ਪਿੰਡ ਵਿਚ ਹੀ ਪਾਏ ਜਾਂਦੇ ਹਨ) ਪਿੰਡ ਵਿਚ ਆ ਵਸੇ ਸਨ। ਘੱਟੋ-ਘੱਟ 6 ਪੀੜ੍ਹੀਆਂ ਪਹਿਲਾਂ। ਸਾਡੇ ਵਡੇਰੇ ਹਿਮਾਚਲ ਦੇ ਚੰਬਾ ਇਲਾਕੇ, ਜੋ ਪਹਿਲਾਂ ਪੰਜਾਬ ਦਾ ਹੀ ਹਿੱਸਾ ਸੀ, ਤੋਂ ਲੰਮੇ (ਪਿੰਡ ਜੱਟਪੁਰਾ ਦੇ ਨਾਲ) ਆਏ, ਜਿਥੋਂ ਫਿਰ 3 ਪੀੜ੍ਹੀਆਂ ਪਹਿਲਾਂ ਅਖਾੜੇ ਦੇ ਵਾਸੀ ਬਣੇ, ਜੋ ਕਿ ਦਮਦਮੀ ਟਕਸਾਲ ਦੇ 12 ਵੇਂ ਮੁਖੀ ਸੰਤ ਭਿੰਡਰਾਂ ਵਾਲਿਆਂ ਦਾ ਜੱਦੀ/ਜਨਮ ਸਥਾਨ ਸੀ। ਹੁਣ ਤਾਂ ਅਸੀਂ ਅਤੇ ਸਾਡੇ ਚਾਚੇ ਪਿੰਡ ਨਹੀਂ ਰਹਿੰਦੇ, ਪਰ ਪਿਤਾ ਜੀ ਦੇ ਚਾਚਾ ਜੀ ਅਤੇ ਤਾਇਆ ਜੀ ਦੇ ਪਰਿਵਾਰ ਜ਼ਰੂਰ ਇਥੇ ਹੀ ਰਹਿੰਦੇ ਨੇ। ਮੇਰੇ ਇਕ ਚਾਚਾ ਜੀ ਜਗਰਾਵਾਂ ਨੇ, ਦੂਜੇ ਪਟਿਆਲੇ। ਪਟਿਆਲੇ ਵਾਲੇ ਵੱਡੇ ਚਾਚਾ ਜੀ ਦਾ ਬੇਟਾ ਅਮਨਦੀਪ ਸਿੰਘ ਕਾਫ਼ੀ ਦੇਰ ਵਿਦੇਸ਼ਾਂ ਵਿਚ ਪ੍ਰਾਈਵੇਟ ਸੈਕਟਰ ਵਿਚ ਵੱਡੇ ਅਹੁਦਿਆਂ ਤੇ ਰਹਿ ਕੇ ਹੁਣ ਕਾਰਜ-ਅਨੁਭਵ, ਅਧਿਐਨ ਅਤੇ ਹੁਨਰ ਦੇ ਸਿਰ ਤੇ ਮੁਕਾਮੀ "ਸਿਟੀ" ਬੈਂਕ, ਜੋ ਯੂ.ਐੱਸ.ਏ. ਦੀ ਬਹੁਕੌਮੀ ਕੰਪਨੀ ਹੈ, ਦਾ ਕੌਮੀ ਪੱਧਰ ਦਾ ਅਧਿਕਾਰੀ ਹੈ। ਉਨ੍ਹਾਂ ਦੀ ਬੇਟੀ ਸਿਹਤ ਮਾਹਰ ਹੈ। ਛੋਟੇ ਚਾਚਾ ਜੀ ਦੇ ਬੇਟੇ ਵੀ "ਸੈੱਟ" ਹਨ।

ਅਸਲ ਵਿਚ ਪਿੰਡ ਅਖਾੜਾ ਨਿਵਾਸੀਆਂ ਨੇ 1835-40 ਦਰਮਿਆਨ ਭਾਈ ਵੀਰ ਸਿੰਘ (1769-1857) ਨੂੰ ਲੰਮੇ, ਤਹਿਸੀਲ ਜਗਰਾਉਂ ਤੋਂ ਕਿੱਤੇ ਦੇ ਸੰਬੰਧ ਵਿਚ ਅਖਾੜਾ ਵਿਖੇ ਬੁਲਾਇਆ ਸੀ, ਕਿਉਂਕਿ ਪਿੰਡ ਵਿਚ ਕੋਈ ਚੰਗਾ ਮਿਸਤਰੀ ਨਹੀਂ ਸੀ। ਇਥੇ ਆ ਕੇ ਉਨ੍ਹਾਂ ਨੇ ਅੰਮਿਤ ਛਕਿਆ, ਸਿੰਘ ਸਜੇ। ਇਹ ਸ਼ਬਦ ਪਿਤਾ ਜੀ ਦੀ ਬੰਸਾਵਲੀ (ਵਿਰਾਸਤੀ ਰੁੱਖ) ਦੇ ਪਿੱਛੇ ਕਾਲੀ ਸ਼ਿਆਹੀ ਨਾਲ ਦਵਾਤ ਵਾਲੀ ਕਲਮ ਨਾਲ ਖੁਸ਼ਕੱਤ ਕਰਕੇ ਲਿਖੇ ਹੋਏ ਹਨ। ਤਿੰਨ ਪੁੱਤਰ ਨਿਹਾਲ ਸਿੰਘ (1786-1865) ਮਿਹਾਲ ਸਿੰਘ (1801-1872) ਅਤੇ ਦਿਆਲ ਸਿੰਘ (1818-1902) ਸਿਰੜੀ ਤੇ ਮਿਹਨਤੀ ਸਨ। ਸ੍ਰ: ਦਿਆਲ ਸਿੰਘ ਦੀਆਂ ਦੋ ਪੁੱਤਰੀਆਂ (ਖੇਮ ਕੌਰ+ਪਰੇਮ ਕੌਰ) ਅਤੇ ਇਕ ਪੁੱਤਰ ਸ੍ਰ: ਸੁੰਦਰ ਸਿੰਘ (1842-1927) ਸਨ। ਸੁੰਦਰ ਸਿੰਘ ਦੇ ਪੁੱਤਰ ਸ੍ਰ: ਜੋਤਾ ਸਿੰਘ (1883-1941) ਮੇਰੇ ਪੜਦਾਦਾ ਸਨ। ਉਨ੍ਹਾਂ ਦੇ ਦੋ ਪੁੱਤਰੀਆਂ (ਨੰਦ ਕੌਰ/ਇੰਦ ਕੌਰ) ਅਤੇ ਪੁੱਤਰ ਸ੍ਰ: ਬੰਤਾ ਸਿੰਘ (1912 ਤੋਂ 03-03-1993) ਸਨ। ਮੇਰੇ ਦਾਦਾ ਜੀ ਸ੍ਰ: ਬੰਤਾ ਸਿੰਘ ਜੀ ਦੀਆਂ ਚਾਰ ਧੀਆਂ ਸਨ, ਜਿਨ੍ਹਾਂ ਵਿਚੋਂ ਵੱਡੀ ਧੀ ਜਸਮੇਲ ਕੌਰ ਵਿਆਹ ਦੇ 2-3 ਸਾਲ ਬਾਅਦ ਹੀ ਰੱਬ ਨੂੰ ਪਿਆਰੀ ਹੋ ਗਈ ਸੀ ਅਤੇ ਤਿੰਨ ਪੁੱਤਰ ਹਨ। ਸਭ ਤੋਂ ਵੱਡੇ ਡਾ: ਹਰਦਿਆਲ ਸਿੰਘ ਸੈਂਭੀ ਮੇਰੇ ਪਿਤਾ ਜੀ ਹਨ। ਵਡੇਰੇ ਸ੍ਰ: ਵੀਰ ਸਿੰਘ ਜੀ ਦੇ ਪਿਤਾ ਜੀ ਲਾਭ ਸਿੰਘ ਸਨ, ਉਨ੍ਹਾਂ ਦੇ ਪਿਤਾ ਸ੍ਰੀ ਮੇਘ ਰਾਮ ਸਨ, ਉਨ੍ਹਾਂ ਦੇ ਪਿਤਾ ਨੰਦ ਲਾਲ ਜੀ ਅਤੇ ਉਨ੍ਹਾਂ ਦੇ ਪਿਤਾ ਸ੍ਰੀ ਰਾਮ ਦਾਸ ਜੀ ਅਤੇ ਉਨ੍ਹਾਂ ਦੇ ਅੱਗੇ ਧਨੀ ਰਾਮ ਜੀ ਸਨ, ਜਿਨ੍ਹਾਂ ਦੇ ਪਿਤਾ ਜੀ ਦਾ ਨਾਮ ਭੀਖਾ ਜੀ ਸੀ।

ਸੰਤਾਲੀ ਦੀ ਵੰਡ ਵੇਲੇ ਬਾਬਾ ਗੁਰਬਚਨ ਸਿੰਘ ਜੀ ਦੀ ਰਾਹਨੁਮਾਈ ਹੇਠ ਪਿੰਡ ਵਿਚ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਹੋਇਆ ਸੀ, ਤਾਂ ਦਾਦਾ ਜੀ ਨੂੰ ਕਿਰਪਾਨਾਂ ਬਣਾਉਣ ਦੀ ਜਿੰਮੇਵਾਰੀ ਮਿਲੀ, ਤੇ ਉਨ੍ਹਾਂ ਦਿਨ-ਰਾਤ ਇਕ ਕਰਕੇ ਕਿਰਪਾਨਾਂ ਬਣਾਈਆਂ। ਮਿਆਨ ਤਿਆਰ ਕੀਤੇ। ਪਿੱਤਲ ਦੇ ਟਾਂਕੇ ਲਗਾ ਕੇ,

ਸਾਣ ਤੇ ਤਿੱਖੀਆਂ ਕਰਕੇ ਲਿਸ਼ਕਦੀਆਂ ਤਲਵਾਰਾਂ ਦੀਆਂ ਬੋਰੀਆਂ ਭਰੀਆਂ। ਉਨ੍ਹਾਂ ਨੂੰ ਕਿਰਪਾਨਾਂ ਦੇ ਵੱਖ-ਵੱਖ ਰੂਪ, ਢਾਂਚੇ (ਡਿਜ਼ਾਈਨ) ਤਿਆਰ ਕਰਨ ਦਾ ਵੱਲ ਸੀ, ਸੌਂਕ ਸੀ। ਕਿਰਪਾਨਾਂ ਤੇ ਵੇਲ-ਬੂਟੇ ਪਾ ਕੇ ਵੱਖ-ਵੱਖ ਤਰ੍ਹਾਂ ਦੀ ਹੁਨਰੀ ਸ਼ਿਲਪਕਾਰੀ ਕਰਦੇ ਤਾਂ ਦੇਖਣ ਵਾਲੇ ਦੀਆਂ ਅੱਖਾਂ ਟੱਡੀਆਂ ਅਤੇ ਮੂੰਹ ਖੁੱਲ੍ਹੇ ਰਹਿ ਜਾਂਦੇ। ਜਿੱਥੇ ਵੀ ਲੱਕੜ ਦਾ ਕੰਮ ਕਰਦੇ, ਉਸਤੇ ਵਧੀਆ ਨੱਕਾਸ਼ੀ ਕਰਦੇ। ਉਹ ਪ੍ਰਸਿੱਧ ਨੱਕਾਸ਼ ਸਨ।

ਕਿਸੇ ਕਿਰਪਾਨ ਦਾ ਮੁੱਠਾ ਵੱਡਾ, ਕਿਸੇ ਦਾ ਛੋਟਾ, ਕਿਸੇ ਦਾ ਗੋਲ, ਕਿਸੇ ਦਾ ਤਿਕੋਣਾ। ਤੇ ਇਹ ਵੰਨ-ਸੁਵੰਨੀਆਂ ਕਿਰਪਾਨਾਂ ਬਣਾ ਕੇ ਘਰ ਦੀਆਂ ਕੰਧਾਂ ਤੇ ਟੰਗੀਆਂ ਵੇਖਣ ਵਾਲੇ ਦਾ ਮਨ ਮੋਹ ਲੈਂਦੀਆਂ। ਭਾਵੇਂ ਕਿ ਤਲਵਾਰ ਹਿੰਸਾ ਦਾ ਪ੍ਰਤੀਕ ਹੈ, ਪਰ ਇਨ੍ਹਾਂ ਵਿਚ ਕਲਾ ਦਾ ਸੰਗੀਤ ਗੂੰਜਦਾ ਹੈ। ਮੀਰੀ ਤੇ ਪੀਰੀ ਦਾ ਚਿੰਨ੍ਹ ਹੈ ਤਲਵਾਰ। ਰੱਖਿਆ ਲਈ ਤਲਵਾਰ ਦੀ ਲੋੜ ਹੈ। ਜੇ ਕੋਲ ਹਥਿਆਰ ਹੋਵੇ, ਤਾਂ ਹੱਲਾ ਬੋਲਣ ਵਾਲੇ ਦੇ ਮਨ ਵਿਚ ਖੌਫ਼ ਰਹਿੰਦਾ ਹੈ। ਦਸਮ ਪਿਤਾ ਮੁਤਾਬਿਕ ਰੱਬ ਨੇ ਵੀ ਧਰਤੀ ਨੂੰ ਸਾਜਣ ਤੋਂ ਪਹਿਲਾਂ ਖੰਡਾ ਬਣਾਇਆ, "ਖੰਡਾ ਪ੍ਰਿਥਮੈ ਸਾਜਿ ਕੈ, ਜਿਨ ਸਭ ਸੈਸਾਰ ਉਪਾਇਆ।" ਇਹ ਵੱਖ ਗੱਲ ਹੈ ਕਿ ਅੱਜ ਲੜਾਈ ਹਥਿਆਰਾਂ ਦੀ ਨਹੀਂ, ਦਿਮਾਗ ਦੀ ਹੈ। ਹਥਿਆਰ ਦੀ ਵਰਤੋਂ ਕਰਨ ਵਾਲਾ ਬਾਅਦ ਵਿਚ ਪਛਤਾਉਂਦਾ ਹੀ ਹੈ। ਫਿਰ ਵੀ ਹਥਿਆਰ ਹੱਥ ਵਿਚ ਹੋਣਾ ਲਾਜ਼ਮੀ ਹੈ। ਗੱਲ ਬੀਤੇ ਦੀ ਹੋ ਰਹੀ ਸੀ, ਤੇ ਬੀਤੇ ਨੂੰ ਯਾਦ ਰੱਖਣਾ ਜ਼ਰੂਰੀ ਹੈ। ਰਸੂਲ ਹਮਜ਼ਾਤੋਵ ਲਿਖਦਾ ਹੈ, "ਜੇ ਤੁਸੀਂ ਬੀਤੇ ਉੱਤੇ ਬੰਦੂਕ ਨਾਲ ਗੋਲੀ ਚਲਾਉਗੇ, ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ।" ਹਥਿਆਰ ਕੋਲ ਹੋਵੇ, ਤਾਂ ਆਤਮ-ਵਿਸ਼ਵਾਸ਼ ਹੁੰਦਾ ਹੈ, ਤੇ ਦੂਜੇ ਦੇ ਮਨ ਵਿਚ ਡਰ। ਅੱਜ ਦੇ ਯੁਗ ਵਿਚ ਗਿਆਨ ਹਥਿਆਰ ਹੈ, ਕਲਮ ਕਿਰਪਾਨ ਹੈ। ਚੁਸਤੀ, ਫੁਰਤੀ, ਸਿਹਤ-ਦਰੁਸਤੀ ਵੀ ਹਥਿਆਰ ਨੇ।

ਦਾਦਾ ਜੀ ਦਾ ਨਾਮ ਸਰਦਾਰ ਬੰਤ ਸਿੰਘ ਸੀ। ਕਈ ਲੋਕ ਉਨ੍ਹਾਂ ਨੰ ਸ੍ਰ: ਬੰਤਾ ਸਿੰਘ ਆਖਦੇ। ਉਨ੍ਹਾਂ ਕੋਲ ਕੋਈ ਪ੍ਰਮਾਣ ਪੱਤਰ ਨਹੀਂ ਸੀ, ਕੋਈ ਡਿਗਰੀ ਨਹੀਂ ਸੀ। ਉਹ ਖੁਦ ਇਕ ਡਿਗਰੀ ਸਨ। ਇਸੇ ਕਰਕੇ ਉਨ੍ਹਾਂ ਦੇ ਦੋਵੇਂ ਨਾਮ ਪੱਕੇ ਸਨ। ਦਾਦੀ ਜੀ ਦਾ ਨਾਮ ਭਗਵਾਨ ਕੌਰ ਸੀ। ਦੋਹਾਂ ਦੀ ਆਪਸ ਵਿਚ ਚੰਗੀ ਨਿਭਦੀ ਸੀ। ਪੜਦਾਦਾ ਸ੍ਰ: ਜੋਤਾ ਸਿੰਘ ਜੀ ਸਨ, ਤੇ ਪੜਦਾਦੀ ਦਾ ਨਾਮ ਸਾਹਿਬ ਕੌਰ ਸੀ, ਜੋ ਗਰੇਵਾਲ ਦੇ ਸਨ। ਗੋਰਾ ਰੰਗ, ਤਿੱਖੇ ਨੈਣ-ਨਕਸ਼, ਲੰਮੀ-ਸਲੰਮੀ ਅਤੇ ਰੋਹਬ ਵਾਲੀ ਜ਼ਨਾਨੀ ਸੀ, ਸਾਡੀ ਪੜਦਾਦੀ। ਤਿੰਨ ਭਰਾਵਾਂ ਦੀ ਇਕੱਲੀ ਭੈਣ। ਉਦੋਂ ਵਿਆਹ ਵੇਲੇ ਕੋਣ ਦੇਖ-ਦਿਖਾਈ ਨਹੀਂ ਸੀ ਹੁੰਦੀ। ਪਿੰਡ ਦੇ ਉੱਚੇ-ਸੁੱਚੇ, ਮੰਨੇ-ਪ੍ਰਮੰਨੇ ਪਰਿਵਾਰ ਦੀ ਧੀ ਸਾਹਿਬ ਕੌਰ ਬਾਰੇ ਜਦੋਂ ਦੱਸ ਪਈ ਤਾਂ ਪੜਦਾਦਾ ਜੀ ਦੇ ਮਾਤਾ ਪਿਤਾ ਜੀ ਨੇ ਨਾਂ ਕੁਨਬੇ ਦਾ ਨਾਮ ਸੁਣ ਕੇ ਹੀ ਹਾਂ ਕਰ ਦਿੱਤੀ ਸੀ। ਦਾਦਾ ਜੀ ਦਾ ਵਿਆਹ ਵੀ ਇੰਝ ਹੀ ਹੋਇਆ ਸੀ। ਉਦੋਂ ਵਿਆਹ ਕਿਸੇ ਪੈਲੇਸ ਵਿਚ ਨਹੀਂ ਹੁੰਦੇ ਸਨ। ਪਿੰਡਾਂ ਦੇ ਖੁੱਲ੍ਹੇ-ਡੁੱਲ੍ਹੇ ਘਰਾਂ ਵਿਚ ਮਹਿਮਾਨ ਦੇ ਬੈਠਣ ਦੀ ਚੰਗੀ ਥਾਂ ਹੁੰਦੀ ਸੀ। ਰਿਸ਼ਤੇਦਾਰਾਂ ਨੂੰ ਨਿਉਤਾ ਦੇਣ ਲਈ ਨਾਈ ਜਾਂ ਮਰਾਸੀ ਨੂੰ ਗੱਠ, ਜਿਸ ਨੂੰ ਮਉਲੀ ਜਾਂ ਖੰਮਣੀ ਵੀ ਆਖਦੇ ਸਨ, ਦੇ ਕੇ ਤੋਰਦੇ ਸਨ। ਉਹ ਤੁਰ ਕੇ ਜਾਂਦੇ। ਕਿਸੇ ਚਲਦੇ-ਪੁਰਜ਼ੇ ਕੋਲ ਘੋੜਾ-ਘੋੜੀ ਜਾਂ ਖੋਤਾ-ਗੱਡੀ ਹੁੰਦੀ ਸੀ। ਉਦੋਂ ਰਿਸ਼ਤੇਦਾਰੀਆਂ ਵੀ ਨੇੜੇ-ਤੇੜੇ ਹੀ ਹੁੰਦੀਆਂ ਸਨ। ਇਕੋ ਨਾਈ ਜਾਂ ਮਰਾਸੀ ਸਭ ਰਿਸ਼ਤੇਦਾਰੀਆਂ ਨੂੰ ਨਿਉਂਦਾ ਦੇ ਕੇ ਵਾਪਸ ਮੁੜਦਾ ਸੀ। ਇਹੀ ਸਮਾਜਿਕ ਸੱਭਿਆਚਾਰ ਸੀ। ਇਕ-ਦੂਜੇ ਤੇ ਨਿਰਭਰਤਾ ਵਿਚੋਂ ਹੀ ਆਰਥਿਕ ਜੁਗਾੜ ਚੱਲਦੇ ਸਨ। ਵਟਾਂਦਰਾ ਪ੍ਰਣਾਲੀ ਦਾ ਜ਼ੋਰ ਸੀ। ਨਾਈ-ਮਰਾਸੀ ਨੂੰ ਕਣਕ, ਮੱਕੀ, ਛੋਲੇ ਜਾਂ ਹੋਰ ਲੋੜਵੰਦੀ ਵਸਤ ਦੇ ਦਿੱਤੀ ਜਾਂਦੀ ਤੇ ਇੰਝ ਉਨ੍ਹਾਂ ਦੀ ਕਬੀਲਦਾਰੀ ਦੀ ਗੱਡੀ ਚਲਦੀ ਰਹਿੰਦੀ। ਜ਼ਿੰਦਗੀ ਵਿਚ ਗੁੰਝਲਾਂ ਘੱਟ ਸਨ। ਮੁਕਾਬਲੇਬਾਜ਼ੀ ਦਾ ਦੌਰ ਨਹੀਂ ਸੀ।

ਲੋਕ ਸਿੱਧੇ-ਸਾਦੇ, ਸੱਚੇ-ਸੁੱਚੇ ਤੇ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣਕੇ ਮਦਦ ਕਰਨ ਲਈ ਤਿਆਰ ਰਹਿੰਦੇ ਸਨ। ਦਾਦਾ ਜੀ ਲੱਕੜ ਦੇ ਮਿਸਤਰੀ ਸਨ। ਕੁਸ਼ਲ ਕਾਰੀਗਰ। ਲੱਕੜ ਦੀ ਸ਼ਿਲਪਕਾਰੀ ਉਨ੍ਹਾਂ ਦਾ ਮਨਪਸੰਦੀਦਾ ਕਾਰਜ ਸੀ। ਜਗਰਾਉਂ ਇਲਾਕੇ, ਖਾਸ ਕਰਕੇ ਪਿੰਡਾਂ ਦੇ, ਅਨੇਕ ਘਰਾਂ ਅਤੇ ਦੁਕਾਨਾਂ ਵਿਚ ਉਨ੍ਹਾਂ ਨੇ ਲੱਕੜ ਦਾ ਕੰਮ ਕੀਤਾ। ਪਰ, ਰਾਜਗਿਰੀ, ਲੋਹੇ ਅਤੇ ਰੰਗ-ਰੋਗਨ ਦਾ ਕੰਮ ਵੀ ਉਹ ਦਿਲ ਲਗਾ ਕੇ ਕਰਦੇ ਸਨ। ਲੱਕੜ ਵਿਚ ਜਾਨ ਪਾ ਦਿੰਦੇ ਸਨ। ਜਗਰਾਵਾਂ ਇਲਾਕੇ ਦੇ ਕਈ ਮੰਦਿਰਾਂ, ਗੁਰੂਦੁਆਰਿਆਂ ਜਾਂ ਹੋਰ ਧਾਰਮਿਕ ਸਥਾਨਾਂ ਵਿਚ ਉਨ੍ਹਾਂ ਦੀ ਕਾਰੀਗਰੀ ਦੇ ਨਮੂਨੇ ਅੱਜ ਵੀ ਪਏ ਹਨ। ਉਨ੍ਹਾਂ ਦੇ ਹਮਉਮਰ ਤਾਂ ਹੁਣ ਜਿਉਂਦੇ ਨਹੀਂ, ਪਰ ਜਿਹੜੇ ਉਨ੍ਹਾਂ ਨੂੰ ਜਾਣਦੇ ਹਨ, ਉਹ ਉਨ੍ਹਾਂ ਬਾਰੇ ਗੱਲਾਂ ਕਰਨ ਲੱਗਦੇ ਹਨ, ਤਾਂ ਕਈ ਵਾਰ ਘੰਟੇ ਗੁਜ਼ਰ ਜਾਂਦੇ ਹਨ, ਪਰ ਗੱਲਾਂ ਖਤਮ ਨਹੀਂ ਹੁੰਦੀਆਂ। ਉਹੀ ਦੱਸਦੇ ਨੇ ਕਿ ਬਾਪੂ ਜੀ ਕੋਲ ਹੁਨਰ ਵੀ ਸੀ, ਸ਼ੌਂਕ ਵੀ। ਜੇ ਹੁਨਰ ਹੋਵੇ ਪਰ ਸ਼ੌਂਕ ਨਾ ਹੋਵੇ, ਤਾਂ ਕਲਾ ਅਧੂਰੀ ਰਹਿ ਜਾਂਦੀ ਹੈ, ਅਤੇ ਜੇਕਰ ਸੌਂਕ ਹੋਵੇ, ਪਰ ਹੁਨਰ ਨਾ ਹੋਵੇ, ਤਾਂ ਕਲਾ ਪੈਦਾ ਹੀ ਨਹੀਂ ਹੁੰਦੀ, ਪਰ ਜਦੋਂ ਦੋਹਾਂ ਦਾ ਸੰਯੋਗ ਸਾਡੇ ਸਾਹਮਣੇ ਆਵੇ, ਤਾਂ ਜਾਦੂ ਹੁੰਦਾ ਹੈ, ਜੋ ਦੇਖਣ ਵਾਲੇ ਦੇ ਸਿਰ ਚੜ੍ਹ ਬੋਲਦਾ ਹੈ। ਦਾਦਾ ਜੀ ਦੀ ਇਹੀ ਵੱਡੀ ਪ੍ਰਾਪਤੀ ਸੀ, ਅਤੇ ਇਹੀ ਮੀਰੀ ਗੁਣ ਮੇਰੇ ਪਿਤਾ ਜੀ ਕੋਲ, ਮੇਰੇ ਚਾਚਿਆਂ ਕੋਲ ਅਤੇ ਮੇਰੀਆਂ ਭੂਆ ਜੀ ਕੋਲ ਅਤੇ ਫਿਰ ਸਾਡੀ ਅਗਲੀ ਪੀੜ੍ਹੀ ਕੋਲ ਹੈ। ਮੈਨੂੰ ਛੱਡ ਕੇ ! ਉਂਜ, ਮੇਰੇ ਭੈਣ ਜੀ ਕਾਲਜ ਵਿਚ ਪ੍ਰੋਫੈਸਰ ਹਨ, ਅਤੇ ਮੇਰਾ ਇਕ ਵੀਰ ਕੈਂਸਰ ਦਾ ਮਹਾਂ-ਮਾਹਰ ਹੈ, ਉਹ ਐਮ.ਬੀ.ਬੀ.ਐੱਸ., ਐਮ.ਡੀ. (ਮੈਡੀਸਨ) ਅਤੇ ਡੀ.ਐਮ. ਕਰਨ ਬਾਅਦ, ਵਾਯੂ ਫੌਜ਼ ਵਿਚ ਸਕੁਐਡਰਨ ਲੀਡਰ ਵਜੋਂ ਨੌਕਰੀ ਕਰਨ ਉਪਰੰਤ, ਹੁਣ ਗੁੜਗਾਉਂ ਦੇ ਆਰਟੀਮਿਸ ਹਸਪਤਾਲ ਵਿਚ ਸੁਪਰ-ਸਪੈਸ਼ਲਿਸਟ (ਕੈਂਸਰ) ਹੈ, ਜਦੋਂ ਕਿ ਛੋਟਾ ਵੀਰ ਵਕਾਲਤ ਕਰ ਰਿਹਾ ਹੈ।

ਪਿਤਾ ਜੀ ਨੂੰ ਆਰੰਭ ਤੋਂ ਹੀ ਵੱਡੇ-ਵਡੇਰਿਆਂ, ਪੁਰਖ਼ਿਆਂ-ਜਠੇਰਿਆਂ ਬਾਰੇ ਜਾਣਕਾਰੀ ਇਕੱਤਰ ਕਰਨ ਦਾ ਸ਼ੌਂਕ ਰਿਹਾ ਹੈ। ਜਦੋਂ ਪਿੰਡ ਘਰ ਵਿਚ ਕੋਈ ਵੱਡੀ-ਵਡੇਰੀ ਉਮਰ ਦਾ ਸੰਬੰਧੀ ਆਉਂਦਾ ਤਾਂ ਪਿਤਾ ਜੀ ਉਨ੍ਹਾਂ ਤੋਂ ਵਡੇਰਿਆਂ ਬਾਰੇ ਪੁੱਛਦੇ ਰਹਿੰਦੇ, ਤੇ ਇਕ ਕਾਪੀ ਤੇ ਨੋਟ ਕਰਦੇ ਰਹਿੰਦੇ। ਬਾਅਦ ਵਿਚ ਇਸੇ ਦੇ ਆਧਾਰ ਤੇ ਉਨ੍ਹਾਂ ਇਕ "ਬੰਸਾਵਲੀ" (Family Tree) ਵੀ ਤਿਆਰ ਕੀਤਾ, ਜੋ ਸਾਡੇ ਘਰ ਵਰਾਂਢੇ ਵਿਚ ਟੰਗਿਆ ਪਿਆ ਹੈ। ਨਾਲ ਪਿਤਾ ਜੀ ਦੇ ਵਿਆਹ ਵੇਲੇ, ਲਿਖਿਆ ਸਿਹਰਾ ਵੀ ਹੈ। ਕੁਝ ਜਾਣਕਾਰੀ ਹਰਦੁਆਰ ਜਾ ਕੇ ਲਿਆਂਦੀ, ਕਿਉਂਕਿ ਅਸਥੀਆਂ ਦੇ ਜਲ-ਪ੍ਰਵਾਹ ਵੇਲੇ ਹਰ ਪਰਿਵਾਰ ਦਾ ਬਿਉਰਾ ਉੱਥੇ ਨੋਟ ਕਰਕੇ ਰੱਖਿਆ ਜਾਂਦਾ ਹੈ। ਮੇਰੇ ਦਾਦਾ ਜੀ ਦੀਆਂ ਅਸਥੀਆਂ ਤਾਂ ਕੀਰਤਪੁਰ ਸਾਹਿਬ ਵਿਖੇ ਪ੍ਰਵਾਹ ਕੀਤੀਆਂ ਗਈਆਂ ਸਨ, ਪਰ ਉਸਤੋਂ ਪਹਿਲਾਂ ਸਾਡੇ ਵਡੇਰੇ ਹਰਦੁਆਰ ਹੀ ਜਾਂਦੇ ਸਨ। ਉਦੋਂ ਧਰਮ ਦਾ ਅਰਥ ਧਰਮ-ਨਿਰਪੱਖਤਾ ਸੀ। ਹੁਣ ਧਰਮ ਦਾ ਅਰਥ ਕੱਟੜਤਾ ਹੈ। ਸਮੇਂ ਨਾਲ ਬਹੁਤ ਕੁਝ ਬਦਲ ਜਾਂਦਾ ਹੈ।

ਉਨ੍ਹਾਂ ਵੇਲਿਆਂ ਵਿਚ ਵਿਆਹ ਕਰਨ ਵੇਲੇ ਚਾਰ ਗੋਤਾਂ ਦਾ ਮੁੰਡੇ ਪਾਸਿਓਂ ਅਤੇ ਚਾਰ ਦਾ ਕੁੜੀ ਵਾਲੇ ਪਾਸਿਓਂ ਖ਼ਿਆਲ ਰੱਖਿਆ ਜਾਂਦਾ ਸੀ। ਪਿਤਾ ਜੀ ਦੀ ਪੀੜ੍ਹੀ ਤੱਕ ਇਹ ਪਰੰਪਰਾ ਚਲਦੀ ਰਹੀ, ਭਾਵੇਂ ਹੁਣ ਸਮੇਂ ਬਦਲ ਗਏ ਹਨ। ਔਰਤਾਂ ਦਾ ਪੂਰਾ ਸਤਿਕਾਰ ਹੁੰਦਾ ਸੀ। ਲੜਕੀਆਂ ਦਾ ਵੀ, ਨੂੰਹਾਂ ਦਾ ਵੀ। ਮੇਰੀ ਪੜਦਾਦੀ ਵਲੋਂ ਇਹ ਪਰੰਪਰਾ ਵਧੀਆ ਨਿਭਾਈ ਗਈ। ਜ਼ਮੀਨ ਦੀ ਉਦੋਂ ਕੋਈ ਖਾਸ ਕਦਰ ਨਹੀਂ ਸੀ। ਲੰਮੇ ਜੱਟਪੁਰੇ ਬਾਪੂ ਜੀ ਹੁਰਾਂ ਕੋਲ ਦਸ-ਬਾਰਾਂ ਕਿੱਲੇ ਜ਼ਮੀਨ ਸੀ, ਜੋ ਸਿਰਫ਼ ਇਸ ਕਰਕੇ ਛੱਡ ਦਿੱਤੀ ਕਿਉਂਕਿ ਮਾਮਲਾ ਦੇਣਾ ਪੈਂਦਾ ਸੀ। ਇਸ ਜ਼ਮੀਨ ਦਾ ਸਾਲ ਦਾ ਕੁੱਲ ਮਾਮਲਾ 15 ਕੁ ਰੁਪਏ ਬਣਦਾ ਸੀ। ਉਨ੍ਹਾਂ ਦਿਨਾਂ ਵਿਚ 15 ਰੁਪਏ ਦੀ ਕੀਮਤ ਬਹੁਤ ਸੀ। ਜ਼ਮੀਨ ਦੂਰ ਹੋਣ ਕਰਕੇ ਸਾਡੇ ਵਡੇਰਿਆਂ ਨੂੰ

ਇਹ ਜ਼ਮੀਨ ਵਾਰੇ ਨਹੀਂ ਸੀ ਖਾਂਦੀ। ਇਸ ਲਈ ਵੇਚ ਦਿੱਤੀ ਗਈ।

ਇਹ ਉਹ ਵੇਲੇ ਸਨ, ਜਦੋਂ ਖੂਹ ਜਾਂ ਕੁਦਰਤੀ ਵਰਖ਼ਾ ਹੀ ਸਿੰਚਾਈ ਸਾਧਨ ਸਨ। ਇਸੇ ਕਰਕੇ "ਖੇਤੀ ਕਰਮਾਂ ਸੇਤੀ" ਆਖਦੇ ਸਨ। ਪਰ, "ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ, ਭੀਖ ਗਵਾਰ" ਵਾਲੀ ਸੋਚ ਸੀ। ਫਿਰ ਨਹਿਰਾਂ ਨਾਲ ਖੇਤਾਂ ਦੀ ਸਿੰਚਾਈ ਕੀਤੀ ਜਾਣ ਲੱਗੀ। ਟਿਊਬਵੈੱਲ ਨਹੀਂ ਸੀ ਹੁੰਦੇ, ਸਬਮਰਸੀਬਲ ਜਾਂ ਮੱਛੀ ਮੋਟਰ ਤਾਂ ਬਹੁਤ ਦੇਰ ਬਾਅਦ ਆਏ ਨੇ। ਰੂੜੀ ਦੀ ਖਾਦ ਹੁੰਦੀ ਸੀ। ਰਸਾਇਣਾਂ ਅਤੇ ਨਾਸ਼ਕਾਂ ਦੀ ਨਾ ਲੋੜ ਸੀ, ਨਾ ਰਿਵਾਜ। ਸ਼ੁੱਧ ਜੈਵਿਕ ਖੇਤੀ ਦਾ ਯੁੱਗ ਸੀ।

ਮੁਸਲਮਾਨਾਂ ਨਾਲ ਚੰਗੇ ਸੰਬੰਧ ਸੀ, ਪਰ ਖਾਣ-ਪੀਣ ਦਾ ਕੋਈ ਰਿਸ਼ਤਾ ਨਹੀਂ ਸੀ। ਹਿੰਦੂ-ਸਿੱਖ, ਮੁਸਲਮਾਨਾਂ ਦੇ ਘਰੋਂ ਕੁਝ ਨਹੀਂ ਖਾਂਦੇ-ਪੀਂਦੇ ਸਨ, ਪਰ ਮੁਸਲਮਾਨ ਅਜਿਹਾ ਕੋਈ ਵਹਿਮ ਨਹੀਂ ਕਰਦੇ ਸਨ। ਆਪਸੀ ਮਿਲਵਰਤਨ ਸੀ। ਸੰਤਾਲੀ ਵੇਲੇ ਕਈ ਮੁਸਲਮਾਨ ਸਾਡੇ ਘਰੇ ਠਹਿਰੇ ਸਨ, ਅਤੇ ਉਨ੍ਹਾਂ ਨੂੰ ਮੇਰੇ ਦਾਦਾ ਜੀ ਖਾਸ ਕਰਕੇ ਕੈਂਪ ਵਿਚ ਪਹੁੰਚਾ ਕੇ ਆਏ ਸਨ, ਤਾਂ ਜੋ ਉਨ੍ਹਾਂ ਦਾ ਵਾਲ ਵਿੰਙਾ ਨਾ ਹੋ ਸਕੇ। ਪਿੰਡ ਵਿਚ ਇਕ ਸਜੌਲ ਖਾਂ ਵਲਦ ਫਉਜ ਖਾਂ ਸੀ। ਫੌਜਾ ਉਹਦਾ ਪਿਓ ਸੀ। ਉਹ ਗੱਲਾਂ ਦਾ ਮਾਹਰ ਸੀ। ਜਗਰਾਵਾਂ ਵੱਲ ਇਕ ਬੋਲੀ ਵੀ ਚੱਲਦੀ ਹੈ, ਜਿਸ ਵਿਚ ਸਜੌਲੇ ਦਾ ਨਾਮ ਆਉਂਦਾ ਹੈ। ਬੋਲੀ ਇੰਜ ਹੈ -

ਆਰੀ, ਆਰੀ, ਆਰੀ।
ਵਿਚ ਜਗਰਾਵਾਂ ਦੇ ਲਗਦੀ ਰੌਸ਼ਨੀ ਭਾਰੀ।
ਸਜੌਲ ਖਾਂ ਫੌਜੇ ਦਾ, ਜਿਹਨੇ ਗੱਲ ਕੱਢਤੀ ਜੱਗ ਤੋਂ ਨਿਆਰੀ।
ਉੱਡ ਜਾ ਮੋਰਨੀਏ, ਤੇਰੀ ਧੌਣ ਚਿੱਟੀ, ਚੁੰਝ ਕਾਲੀ।

ਇਹ ਵੇਲਾ ਇਕ ਪਰਿਵਰਤਨ ਕਾਲ (Transition Period) ਸੀ। ਇਕ ਤਰ੍ਹਾਂ ਦਾ "ਟਰਨਿੰਗ ਪਵਾਂਇੰਟ।" ਲੋਕਾਂ ਦੇ ਸੁਭਾਅ ਬਦਲ ਰਹੇ ਸਨ, ਆਦਤਾਂ ਬਦਲ ਰਹੀਆਂ ਸਨ, ਧਾਰਮਿਕ ਅਤੇ ਸਮਾਜਿਕ ਤੌਰ ਤੇ ਤਬਦੀਲੀਆਂ ਨਸ਼ਰ ਹੋ ਰਹੀਆਂ ਸਨ। ਪਿਤਾ ਜੀ ਦਾ ਇਕ ਦੋਸਤ ਸ਼ਫ਼ੀ ਮੁਹੰਮਦ ਸੀ। ਉਸਦੀ ਪਤਨੀ ਸੀ ਫਾਤਿਮਾ, ਜਿਸ ਨੂੰ ਫੱਤੋ ਭੈਣ ਆਖਦਾ ਸੀ ਸਾਡਾ ਪਰਿਵਾਰ। ਸੰਤਾਲੀ ਦੀ ਵੰਡ ਵੇਲੇ ਉਸ ਦਾ ਬੇਟਾ ਅਜ਼ਮਲ ਖਾਂ ਪਿਛਾਂਹ ਇਥੇ ਪੰਜਾਬ ਹੀ ਰਹਿ ਗਿਆ ਸੀ ਅਤੇ ਅੰਮ੍ਰਿਤ ਛਕ ਕੇ ਅਜਮੇਰ ਸਿੰਘ ਬਣ ਗਿਆ ਸੀ। ਪਰ, ਉਹ ਪਿੰਡ ਛੱਡ ਕੇ ਬਾਹਰ ਰਹਿਣ ਲੱਗਾ। ਹੁਣ ਉਸਦੀ ਅਗਲੀ ਪੀੜ੍ਹੀ ਬਾਰੇ ਕੁਝ ਪਤਾ ਨਹੀਂ। ਬਾਪੂ ਜੀ ਪਾਠ ਕਰਿਆ ਕਰਦੇ ਸਨ। ਪਰ ਉਨ੍ਹਾਂ ਦਾ ਵਿਸ਼ਵਾਸ਼ ਹਿੰਦੂ ਧਰਮ ਵਿਚ ਵੀ ਸੀ, ਖਾਸ ਕਰਕੇ ਹਿੰਦੂ ਰਹੁ-ਰੀਤਾਂ।

ਭਾਵੇਂ ਕਿ ਸਾਡਾ ਪਰਿਵਾਰ ਇਕ ਸਿੱਖ ਪਰਿਵਾਰ ਰਿਹਾ ਹੈ, ਅਤੇ ਜਿਵੇਂ ਕਿ ਪਹਿਲਾਂ ਦੱਸਿਆ ਹੈ ਕਿ ਸਾਡੇ ਬਜ਼ੁਰਗਾਂ ਵਿਚੋਂ ਭਾਈ ਵੀਰ ਸਿੰਘ ਜੀ ਨੇ ਅੰਮ੍ਰਿਤ ਛਕਿਆ ਸੀ, ਦੇ ਬਾਵਜੂਦ ਬ੍ਰਾਹਮਣਵਾਦ ਦਾ ਗਲਬਾ ਸਾਡੇ ਪਰਿਵਾਰ ਤੇ ਵੀ ਹਾਵੀ ਰਿਹਾ। ਵਿਆਹ-ਸ਼ਾਦੀ ਜਾਂ ਕਿਸੇ ਹੋਰ ਮੌਕੇ ਤੇ ਪੰਡਿਤਾਂ-ਪਰੋਹਿਤਾਂ ਨੂੰ ਪਹਿਲ ਹੁੰਦੀ ਸੀ, ਉਨ੍ਹਾਂ ਦਾ ਬਣਦਾ-ਠਣਦਾ ਸਨਮਾਨ ਕੀਤਾ ਜਾਂਦਾ। ਵਿਆਹ ਵੇਲੇ ਪੰਡਿਤ ਤੋਂ ਪੁੱਛੇ ਬਿਨਾਂ ਕੋਈ ਕਾਰਜ ਨਹੀਂ ਸੀ ਕੀਤਾ ਜਾਂਦਾ। ਬੱਚਿਆਂ ਦੇ ਨਾਮ ਰੱਖਣ ਤੋਂ ਲੈ ਕੇ ਟੇਵੇ ਬਣਵਾਉਣ ਤੱਕ ਸਭ ਕੰਮ ਪੰਡਤਾਂ ਦੇ ਹਵਾਲੇ ਹੁੰਦੇ ਸਨ। ਪਿਤਾ ਜੀ ਦੇ ਤਾਇਆ ਜੀ ਦੇ ਪਾਸਿਓਂ ਨਾਮਕਰਨ ਵੀ ਅਤੇ ਟੇਵੇ ਬਣਾਉਣ ਦਾ ਕੰਮ ਵੀ ਪੰਡਿਤਾਂ ਹਵਾਲੇ ਰਿਹਾ, ਪਰ ਸਾਡੇ ਦਾਦਾ ਜੀ ਨੇ ਨਾਮਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਲਈ। ਸਿੱਖ ਰਿਵਾਜ ਮੁਤਾਬਿਕ ਟੇਵੇ ਬਣਾਉਣ ਦਾ ਕੰਮ ਵੀ ਛੱਡ ਦਿੱਤਾ ਗਿਆ। ਪਰਿਵਾਰਕ ਤੌਰ ਤੇ ਇਹ ਇਕ ਵੱਡਾ ਕ੍ਰਾਂਤੀਕਾਰੀ ਫ਼ੈਸਲਾ ਸੀ। ਪਰ, ਦੂਜੀਆਂ ਸਮਾਜਿਕ ਰਹੁ-ਰੀਤਾਂ ਵਿਚ ਪੰਡਿਤ ਭਾਈਚਾਰੇ ਦਾ ਦਖ਼ਲ ਬਾਦਸਤੂਰ ਜਾਰੀ ਰਿਹਾ। ਫੁੱਲ ਪਾਉਣੇ, ਸ਼ਰਾਧ ਖਵਾਉਣੇ। ਮੱਝ

ਸੂਅਣ ਤੇ ਪਹਿਲਾ ਦੁੱਧ ਬ੍ਰਾਹਮਣ ਦੇ ਘਰ ਜਾਂਦਾ। ਵਿਆਹ ਸ਼ਾਦੀ ਵੇਲੇ ਮਿਠਾਈ/ਖੀਰ ਜਾਂ ਪਕਵਾਨ ਪਹਿਲੀ ਵਾਰ ਜਾ ਕੇ ਰੱਖੂ ਬ੍ਰਾਹਮਣ ਨੂੰ ਖਵਾਏ ਜਾਂਦੇ। ਉਸਦੇ ਪਿਤਾ ਦਾ ਨਾਮ ਅਮਰ ਨਾਥ ਸੀ, ਅਤੇ ਰੱਖੂ ਤੋਂ ਪਹਿਲਾਂ ਅਮਰ ਨਾਥ ਦਾ ਮੂੰਹ ਜੂਠਾ ਕਰਵਾਇਆ ਜਾਂਦਾ ਰਿਹਾ। ਜੇ ਰੱਖੂ ਘਰ ਨਾ ਹੁੰਦਾ, ਤਾਂ ਪਹਿਲਾ ਸੁੱਚਾ ਪੂਰ ਕੱਢ ਕੇ ਉਸ ਲਈ ਪਾਸੇ ਤੇ ਰਾਖਵਾਂ ਰੱਖ ਦਿੱਤਾ ਜਾਂਦਾ। ਉਂਞ, ਸਾਡੇ ਦਾਦਾ ਜੀ ਦੀ ਘਰ ਵਿਚ ਚੱਕੀ ਲਗਾਈ ਹੋਈ ਸੀ, ਅਤੇ ਅਮਰ ਨਾਥ ਸ਼ਰਮਾ ਉੱਥੇ ਚੱਕੀ-ਫਿੱਟਰ ਵਜੋਂ ਕੰਮ ਕਰਦਾ ਸੀ। ਆਰਥਿਕ ਤੌਰ ਤੇ ਨੀਵਾਂ ਹੋਣ ਦੇ ਬਾਵਜੂਦ, ਜਾਤੀ ਅਤੇ ਸਮਾਜਿਕ ਤੌਰ ਤੇ ਉੱਚੇ ਰੁਤਬੇ ਕਰਕੇ ਬ੍ਰਾਹਮਣ ਸਾਡੇ ਪਰਿਵਾਰ ਨਾਲ ਦੋਹੇਂ ਪਾਸਿਓਂ ਜੁੜਿਆ ਸੀ। ਕੰਮ ਦੇ ਵੀ ਪੈਸੇ ਲੈਂਦਾ, ਅਤੇ ਸ਼ਰਧਾ/ਵਿਸ਼ਵਾਸ਼ ਕਰਕੇ ਵੀ। ਸਮਾਜਿਕ ਰਹੁ-ਰੀਤਾਂ ਵਿਚ ਉਹ ਦੇਵਤੇ ਦਾ ਪ੍ਰਤੀਨਿਧ ਸੀ।

ਮੇਰੇ ਪਿਤਾ ਜੀ ਨੂੰ ਵੀ ਲਿਖਣ ਦਾ ਸ਼ੌਂਕ ਰਿਹਾ ਹੈ। 1962 ਦੀ ਲੜਾਈ ਵੇਲੇ ਉਹ ਕਵਿਤਾਵਾਂ ਲਿਖਦੇ ਸਨ, ਜੋ ਕਿ 'ਰੋਜ਼ਾਨਾ ਅਕਾਲੀ' ਅਤੇ 'ਅਕਾਲੀ ਪੱਤ੍ਰਿਕਾ' ਵਿਚ ਛਪਦੀਆਂ। ਉਦੋਂ ਅਖਬਾਰਾਂ ਵਿਚ "ਸਮੱਸਿਆ" ਛਪਦੀ ਹੁੰਦੀ ਸੀ, ਅਤੇ ਇਸ ਦੀਆਂ ਦੋ ਸਤਰਾਂ ਹੁੰਦੀਆਂ ਸਨ। ਪਾਠਕਾਂ ਨੂੰ ਇਨ੍ਹਾਂ ਸਤਰਾਂ ਨੂੰ ਪੂਰਾ ਕਰਕੇ ਇਕ ਕਵਿਤਾ ਲਿਖਣ ਲਈ ਆਖਿਆ ਜਾਂਦਾ ਅਤੇ ਚੰਗੀਆਂ ਰਚਨਾਵਾਂ ਅਖਬਾਰ ਵਿਚ ਛਪਦੀਆਂ। ਪਿੰਡਾਂ ਦੀਆਂ ਸੱਥਾਂ ਤੇ ਇਹ ਰਚਨਾਵਾਂ ਪੜ੍ਹੀਆਂ ਜਾਂਦੀਆਂ, ਅਤੇ ਅਕਸਰ ਚੰਗਾ ਲਿਖਣ ਵਾਲੇ ਕੁਝ ਕੁ ਨਾਮ ਹੀ ਸਨ, ਅਤੇ ਉਹ ਚਰਚਾ ਦਾ ਵਿਸ਼ਾ ਬਣਦੇ। ਪਿਤਾ ਜੀ ਦਾ ਨਾਮ ਵੀ ਚੰਗੀਆਂ ਕਵਿਤਾਵਾਂ ਲਿਖਣ ਵਾਲਿਆਂ ਵਿਚ ਸ਼ੁਮਾਰ ਹੋਣ ਲੱਗਾ। ਚੀਨ-ਭਾਰਤ ਦੇ ਯੁੱਧ ਵੇਲੇ ਛਪੀ ਇਕ ਸਮੱਸਿਆ ਪਿਤਾ ਜੀ ਨੂੰ ਹੁਣ ਵੀ ਯਾਦ ਹੈ -

ਸੋਹਣੇ ਚੀਨਿਆਂ ਫੀਨ੍ਹਿਆਂ, ਕੰਨ ਕਰ ਲੈ,
ਅਸੀਂ ਤੋਪਾਂ ਦੇ ਨਾਲ, ਉਡਾ ਦਿਆਂਗੇ।

ਇਹ ਸਮੱਸਿਆਵਾਂ ਬੈਂਤ ਛੰਦ ਵਿਚ ਹੁੰਦੀਆਂ। ਇਨ੍ਹਾਂ ਸਮੱਸਿਆਵਾਂ ਨੇ ਕਈ ਕਵੀ ਤਿਆਰ ਕੀਤੇ। ਇਹ ਅਖ਼ਬਾਰ ਗੁਰਦੁਆਰੇ ਵਿਚ ਆਉਂਦੇ ਸਨ। ਸਾਰੇ ਪਿੰਡ ਵਿਚ ਇਕ ਅਖ਼ਬਾਰ ਹੀ ਆਉਂਦਾ ਸੀ। ਸਾਰੇ ਉਥੇ ਪੜ੍ਹ ਲੈਂਦੇ ਸੀ। ਪਿਤਾ ਜੀ ਨੇ ਉਹ ਸਾਂਭੇ ਹੋਏ ਸਨ। ਪਰ, ਵਿਆਹ ਬਾਅਦ ਪਿਤਾ ਜੀ ਦੇ ਅਸਾਮ ਵਿਚ ਐਮ.ਈ.ਐੱਸ. ਵਿਚ ਐਸ.ਡੀ.ਓ. ਲੱਗ ਕੇ ਚਲੇ ਜਾਣ ਪਿੱਛੋਂ ਘਰਦਿਆਂ ਨੇ ਰੱਦੀ ਸਮਝ ਕੇ ਚੁੱਲ੍ਹੇ ਹਵਾਲੇ ਕਰ ਦਿੱਤੇ।

ਉਨ੍ਹਾਂ ਦਿਨਾਂ ਵਿਚ ਸਟੇਜੀ ਕਵਿਤਾ ਦਾ ਜ਼ੋਰ ਅਤੇ ਦੌਰ ਸੀ। ਦਿਨ-ਤਿਓਹਾਰ, ਮੇਲੇ ਅਤੇ ਸਮਾਗਮ ਹੀ ਲੋਕਾਂ ਦੇ ਮਨੋਰੰਜਨ ਦਾ ਸਾਧਨ ਸਨ। ਅਕਸਰ ਕਬੱਡੀ ਦੀ ਖੇਡ ਵੇਲੇ ਇਕੱਠ ਹੁੰਦੇ। ਇਕੱਤਰਤਾਵਾਂ ਹੁੰਦੀਆਂ, ਅਤੇ ਅੱਜ ਕੱਲ੍ਹ ਇਨ੍ਹਾਂ ਵਿਚ ਰਸਮਾਂ ਪ੍ਰਮੁੱਖ ਹੁੰਦੀਆਂ ਹਨ, ਪਰ ਉਦੋਂ ਲੋਕਾਂ ਦੇ ਇਹ ਇਕੱਠ ਸੁਭਾਵਿਕ ਹੁੰਦੇ ਸਨ। ਕੁਝ ਵੀ ਬਨਾਵਟੀ ਨਹੀਂ। ਲੋਕ ਜੁੜਦੇ, ਇਕੱਠੇ ਹੁੰਦੇ ਅਤੇ ਇੱਥੇ ਕਵੀ ਕਵਿਤਾਵਾਂ ਪੜ੍ਹਦੇ। ਪਿਤਾ ਜੀ ਨੇ ਕੁਝ ਹੋਰ ਵੀ ਸਾਹਿਤ ਲਿਖਿਆ ਸੀ। ਕਾਲਜ ਦੇ ਮੈਗਜ਼ੀਨ ਵਿਚ ਇਕ ਲਘੂ-ਨਾਟਕ "ਕੀਮੂ" ਲਿਖਿਆ ਸੀ, ਜਿਹੜਾ ਸ਼ਾਇਦ ਬਾਅਦ ਵਿਚ ਸਟੇਜ ਤੇ ਵੀ ਖੇਡਿਆ ਗਿਆ ਸੀ। ਪਿਤਾ ਜੀ ਦੀਆਂ ਲਿਖੀਆਂ ਰਚਨਾਵਾਂ, ਜੋ ਅਖ਼ਬਾਰਾਂ ਵਿਚ ਛਪੀਆਂ, ਜਾਂ ਜੋ ਉਨ੍ਹਾਂ ਨੇ ਕਾਪੀਆਂ ਤੇ ਲਿਖ ਕੇ ਸੰਭਾਲੀਆਂ ਸਨ, ਉਹ ਵੀ ਪਿਤਾ ਜੀ ਦੇ ਮਿਲਟਰੀ ਵਿਚ ਨੌਕਰੀ ਤੇ ਜਾਣ ਬਾਅਦ, ਘਰ-ਦਿਆਂ ਨੇ ਰੱਦੀ ਵਿਚ ਅਗਨ-ਭੇਟ ਕਰ ਦਿੱਤੀਆਂ। ਸ਼ਾਇਦ ਉਨ੍ਹਾਂ ਨੂੰ ਇਨ੍ਹਾਂ ਦੀ ਸਿਰਜਨਾਤਮਿਕ ਮਹੱਤਤਾ ਬਾਰੇ ਪਤਾ ਨਹੀਂ ਸੀ।

ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਮੌਕੇ, ਦਸਮ ਪਿਤਾ ਜੀ

ਦੇ ਅਵਤਾਰ ਪੁਰਬ ਸਮੇਂ ਅਤੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਵਿਚੋਂ ਕੋਈ 2 ਦਿਨ ਚੁਣ ਕੇ ਸਲਾਨਾ ਸਮਾਗਮ ਹੁੰਦੇ ਸਨ, ਨਗਰ ਕੀਰਤਨ ਹੁੰਦੇ। ਉਥੇ ਕਵੀ ਦਰਬਾਰ ਹੁੰਦਾ। ਉੱਥੇ ਵੀ ਪਿਤਾ ਜੀ ਅਕਸਰ ਨਵੀਆਂ ਲਿਖੀਆਂ ਮੌਲਿਕ ਸਮਾਜਿਕ-ਧਾਰਮਿਕ ਕਵਿਤਾਵਾਂ ਪੜ੍ਹਦੇ ਸਨ। ਉਦੋਂ ਨਗਰ ਕੀਰਤਨ ਲਈ "ਜਲੂਸ" ਸ਼ਬਦ ਪ੍ਰਚੱਲਤ ਸੀ, ਭਾਵੇਂ ਕਿ ਹੁਣ ਇਹ ਸ਼ਬਦ ਪਰਿਵਰਤਨ ਰਾਹੀਂ ਨਾਂਹ ਵਾਚੀ ਅਰਥਾਂ ਵਿਚ ਸੰਕੁਚਿਤ ਹੋ ਗਿਆ ਹੈ।

ਉਦੋਂ ਪੁਲਿਸ ਦਾ ਦਬਦਬਾ ਬਹੁਤ ਸੀ। ਪਿੰਡ ਵਿਚ ਸਿਪਾਹੀ ਵੀ ਆ ਜਾਂਦਾ, ਤਾਂ ਤਰਥੱਲੀ ਮੱਚ ਜਾਂਦੀ ਸੀ। ਲੋਕੀਂ "ਕੀਹਦੇ ਘਰ ਆਇਆ?" ਦੀਆਂ ਸੂਹਾਂ ਲੈਂਦੇ ਰਹਿੰਦੇ ਸਨ। ਕਈ-ਕਈ ਮਹੀਨਿਆਂ ਤੱਕ ਇਹ ਗੱਲ ਸੱਥਾਂ ਵਿਚ ਚਲਦੀ ਰਹਿੰਦੀ ਸੀ। ਉਂਜ, ਲੋਕ ਇਕ ਦੂਜੇ ਦਾ ਸਹਿਯੋਗ ਕਰਦੇ। ਸਮਾਜਿਕ ਕਦਰਾਂ-ਕੀਮਤਾਂ ਅਤੇ ਰਿਸ਼ਤੇ ਬੜੇ ਮਜ਼ਬੂਤ ਸਨ। ਦੁੱਧ ਨਹੀਂ ਸੀ ਵਿਕਦਾ। ਜਿਸ ਘਰ ਮੱਝ-ਗਾਂ ਨਹੀਂ ਸੀ ਹੁੰਦੀ, ਉਸ ਦੀ ਮਦਦ ਗਵਾਂਢੀ ਕਰ ਦਿੰਦੇ ਸਨ। ਕਿਸੇ ਘਰ ਵਿਚ ਵਿਆਹ ਹੁੰਦਾ, ਤਾਂ ਸਮਾਜਿਕ ਤੰਦਾਂ ਹੋਰ ਕੱਸੀਆਂ ਜਾਂਦੀਆਂ। ਇਹ ਆਪਸੀ ਸਮਾਜਿਕ ਨਿਰਭਰਤਾ ਦੀ ਚੰਗੀ ਅਤੇ ਆਦਰਸ਼ਕ ਮਿਸਾਲ ਬਣਦੀ। ਜਿਸ ਘਰ ਵਿਚ ਵਿਆਹ ਹੁੰਦਾ, ਉਸ ਘਰ ਦੀਆਂ ਲੋੜਾਂ ਬਾਰੇ ਸਭ ਨੂੰ ਪਤਾ ਹੁੰਦਾ। ਲੋਕ ਇਕੱਠੇ ਬੈਠ ਕੇ ਜ਼ਰੂਰਤਾਂ ਦੀ ਸੂਚੀ ਤਿਆਰ ਕਰਦੇ, ਅਤੇ ਫਿਰ ਇਨ੍ਹਾਂ ਦੀ ਪੂਰਤੀ ਲਈ ਕੰਮ ਅਤੇ ਜਿੰਮੇਵਾਰੀਆਂ ਵੰਡ ਦਿੱਤੀਆਂ ਜਾਂਦੀਆਂ। ਵਿੱਤ ਅਤੇ ਵਟਾਂਦਰਾ ਵੀ ਲਾਗੂ ਹੁੰਦਾ, ਪਰ ਜ਼ਿਆਦਾਤਰ ਕੰਮ ਮੁਫ਼ਤੋ-ਮੁਫ਼ਤੀ ਹੁੰਦਾ ਸੀ। ਬੱਸ ਇਕ ਅਣਲਿਖਿਆ ਨਿਯਮ ਸੀ, ਬਈ ਹਰ ਘਰ ਬਣਦਾ-ਸਰਦਾ ਕਰੇਗਾ। ਵਿੱਤ ਮੂਜਬ ਮਦਦ। ਸ਼ਗਨ ਇਸ ਦਾ ਹੀ ਸੁਧਰਿਆ ਰੂਪ ਹੈ ਅੱਜ।

ਪਿੰਡ ਵਿਚ ਕਿਸੇ ਪਰਿਵਾਰ ਦੀ ਧੀ ਸਾਰੇ ਪਿੰਡ ਦੀ ਧੀ ਸਮਝੀ ਜਾਂਦੀ ਸੀ। ਹੁਣ ਤਾਂ ਪੱਛਮੀ ਫ਼ਿਲਮਾਂ ਅਤੇ ਬਦਲਦੀ ਤਹਿਜ਼ੀਬ ਨੇ ਨੈਤਿਕ ਮੁੱਲ ਬਦਲੇ ਹਨ। ਨਤੀਜਾ ਸਾਡੇ ਸਾਹਮਣੇ ਹੈ। ਪੁਰਾਣੇ ਵੇਲਿਆਂ ਵਿਚ ਜੀਵਨ ਵਿਚ ਵਿਆਹ ਦਾ ਇਕ ਵਿਸ਼ੇਸ਼ ਸਥਾਨ ਸੀ। ਸਾਡੇ ਵਡੇਰਿਆਂ ਦੇ ਵਿਆਹ ਵੀ ਪੂਰੀਆਂ ਸਮਾਜਿਕ ਰਹੁ-ਰੀਤਾਂ ਨਾਲ ਹੋਏ। ਵਿਆਹ ਸੱਤ-ਅੱਠ ਦਿਨ ਚਲਦਾ। ਸੰਬੰਧੀ ਕਈ-ਕਈ ਦਿਨ ਵਿਆਹ ਵਾਲੇ ਘਰ ਠਹਿਰਦੇ। ਬਰਾਤ ਦਾ ਤਿੰਨ ਦਿਨ ਦਾ ਪੜਾਓ ਹੁੰਦਾ ਸੀ। ਇਕ ਦਿਨ ਪਹੁੰਚਦੀ, ਦੂਜੇ ਦਿਨ ਰਾਤ-ਦਿਨ ਗੱਲਾਂ-ਬਾਤਾਂ ਅਤੇ ਪ੍ਰਾਹੁਣਚਾਰੀ, ਤੇ ਤੀਜੇ ਦਿਨ ਸ਼ਾਮ ਨੂੰ ਵਿਦਾਇਗੀ। ਤੇ ਰਿਸ਼ਤੇਦਾਰ ਤਾਂ ਕਈ-ਕਈ ਦਿਨ ਠਹਿਰਦੇ, ਘਰ ਵਿਚ ਸ਼ਗਨਾਂ ਦੇ ਗੀਤ, ਗੱਲਾਂ ਅਤੇ ਹੋਰ ਬੜਾ ਕੁਝ ਹੁੰਦਾ। ਤਾਂ ਹੀ ਤਾਂ "ਵਿਆਹ ਵਾਲਾ ਮਾਹੌਲ" ਇਕ ਮੁਹਾਵਰਾ ਬਣ ਗਿਆ ਹੈ! ਵਿਆਹ ਤੋਂ ਇਕ ਦਿਨ ਪਹਿਲਾਂ ਮੇਲ ਪਹੁੰਚ ਜਾਂਦਾ, ਤੇ ਇਕ ਦਿਨ ਬਾਅਦ ਜਾਂਦਾ। ਲੋਕਾਂ ਕੋਲ ਵੇਹਲ ਸੀ, ਪਿਆਰ ਸੀ। ਰਿਸ਼ਤਿਆਂ ਦੀਆਂ ਤੰਦਾਂ-ਗੰਢਾਂ ਮਜ਼ਬੂਤ ਸਨ, ਪੀਢੀਆਂ ਸਨ। ਤਿੰਨ-ਚਾਰ ਦਿਨ ਤਾਂ ਕਈ ਵਿਆਹਾਂ ਵਿਚ ਮੈਂ ਵੀ ਠਹਿਰਿਆਂ ਹਾਂ। ਪਰ, ਹੁਣ ਤਾਂ ਸਭ ਕੁਝ ਬਦਲ ਗਿਆ ਹੈ। ਵਿਆਹ ਹੋਵੇ ਜਾਂ ਕੁਝ ਹੋਰ, ਪਹੁੰਚੀਦਾ ਪਿਛੋਂ ਹੈ, ਪਹਿਲਾਂ ਜਾਣ ਦੀ ਤਿਆਰੀ ਹੁੰਦੀ ਹੈ।

ਵਿਆਹ ਵਿਚ ਜੰਞ ਬੰਨ੍ਹਣ ਦਾ ਰਿਵਾਜ ਸੀ। ਛਡਾਉਣ ਦੀ ਪਰੰਪਰਾ ਸੀ। ਜੇ ਛਡਾਵੋ, ਤਾਂ ਵੀ ਮਜ਼ਾਕ, ਤੇ ਜੇ ਨਾ ... ਤਾਂ ਵੀ। ਛਡਾਏ ਤੇ ਲੋਕ-ਗੀਤ ਬੋਲਦੇ,

"ਤੈਨੂੰ ਜੰਞ ਬੰਨਣੀ ਨਾ ਆਈ,
ਪਤੀਲੇ ਦਿਆ ਵੇ ਢੱਕਣਾ।"

ਤੇ, ਜੇ ਨਾ ਛਡਾਈ ਤਾਂ ਕਹਿੰਦੇ,

"ਬੱਧੀ ਰੋਟੀ ਖਾ ਵੇ ਗਿਆ,

ਪਿਛੋਕਾ ਬੇਸ਼ਰਮਾਂ ਦਾ।"

ਜੰਞ ਵਿਚ ਆਇਆਂ ਨੂੰ ਜਾਂਞੀ ਆਖਦੇ ਸਨ। ਜੰਞ ਨੂੰ ਜੰਨ ਹੀ ਕਹਿੰਦੇ। ਬਰਾਤ ਵਿਚ ਔਰਤਾਂ ਨਹੀਂ ਸੀ ਹੁੰਦੀਆਂ/ਜਾਂਦੀਆਂ। ਪਿਤਾ ਜੀ ਨੇ ਇਹ ਰਹੁ-ਰੀਤ ਤੋੜੀ। ਪਹਿਲੀ ਵਾਰ ਪਿੰਡ ਵਿਚ ਕਿਸੇ ਬਰਾਤ ਵਿਚ ਲੜਕੀਆਂ ਗਈਆਂ ਸਨ। ਪਿਤਾ ਜੀ ਦੀ ਬਰਾਤ ਵਿਚ ਮੇਰੇ ਭੂਆ ਜੀ ਸੁਰਿੰਦਰ ਕੌਰ ਤੇ ਰਛਪਾਲ ਕੌਰ ਗਏ ਸਨ। ਇਹ ਇਕ ਇਨਕਲਾਬੀ ਪਹਿਲ ਸੀ। ਅੱਜ ਕੱਲ ਵਾਂਗ ਦੋ-ਤਿੰਨ ਘੰਟੇ ਦਾ "ਲੇਡੀਜ਼ ਸੰਗੀਤ" ਨਹੀਂ ਸੀ ਹੁੰਦਾ, ਗੀਤਾਂ ਭਰੀ ਬਹਾਰ ਪੂਰਾ ਹਫ਼ਤਾ-ਦਸ ਦਿਨ ਚਲਦੀ। ਕੁੜੀਆਂ ਨੂੰ ਢੇਰਾਂ ਗੀਤ ਯਾਦ ਹੁੰਦੇ ਸਨ। ਨੱਚ-ਨੱਚ ਵਿਹੜਾ ਪੁੱਟਦੀਆਂ, ਧੂੜਾਂ ਪਾਉਂਦੀਆਂ। ਕਿਸ ਨੇ ਨਹੀਂ ਸੁਣਿਆ? -

"ਨੱਚਣ ਵਾਲੀ ਦੀ ਅੱਡੀ ਨਾ ਰਹਿੰਦੀ, ਗਾਉਣ ਵਾਲੇ ਦਾ ਮੂੰਹ,
ਬੋਲੀ ਮੈਂ ਪਾਵਾਂ, ਨੱਚ ਗਿੱਧੇ ਵਿਚ ਤੂੰ।"

ਨਾ ਹੀ ਉਦੋਂ ਡੀ.ਜੇ. ਜਾਂ ਅਖੌਤੀ ਸੱਭਿਆਚਾਰਕ ਗਰੁੱਪ ਹੁੰਦੇ ਸਨ। ਉਦੋਂ ਤਾਂ ਬਰਾਤ ਵਾਲੇ ਆਪ ਲਾਊਡ ਸਪੀਕਰ ਲੈ ਕੇ ਜਾਂਦੇ ਸਨ। ਪਿਤਾ ਜੀ ਤਾਂ ਬਰਾਤ ਵਿਚ ਰਿਕਾਰਡ ਵੀ ਲੈ ਕੇ ਗਏ ਸਨ। ਪਰ ਹੁਣ

"ਦੋ ਮੰਜਿਆਂ ਨੂੰ ਜੋੜ, ਸਪੀਕਰ ਲੱਗਣੇ ਨੀ, ਜਿਹੜੇ ਵਾਜੇ ਵੱਜ ਗਏ, ਹੁਣ ਫਿਰ ਵੱਜਣੇ ਨਹੀਂ।"

ਉਦੋਂ, ਵਿਆਹ ਵਿਚ ਹਰ ਇਕ ਦਾ ਜੀਅ ਲਗਦਾ ਸੀ। ਸਾਰੇ ਰੁੱਝੇ ਹੁੰਦੇ, ਸਭ ਖੁਸ਼। ਸਾਰੇ ਪਿੰਡ ਨੂੰ ਰੋਟੀ ਕੀਤੀ ਜਾਂਦੀ। ਸ਼ੁੱਧ ਪਕਵਾਨ ਘਰ ਵਿਚ ਬਣਦੇ। ਦੇਸੀ ਘਿਓ ਰੱਖ ਕੇ ਅਗਵਾੜ/ਪੱਤੀ ਨੂੰ ਰੋਟੀ ਕੀਤੀ ਜਾਂਦੀ। ਵਿਆਹ ਦੇ ਪਹਿਲੇ ਦਿਨ ਸਾਰੇ ਸਕੇ-ਸੰਬੰਧੀਆਂ ਨੂੰ "ਪਰੋਸਾ" ਦਿੱਤਾ ਜਾਂਦਾ। ਹਰ ਪਰਿਵਾਰ ਨੂੰ ਪੰਜ ਵੱਡੇ-ਵੱਡੇ ਮੰਡੇ ਤੇ ਹਲਵਾ ਬਣਾ ਕੇ, ਰੱਖ ਕੇ ਦਿੱਤਾ ਜਾਂਦਾ। ਜਿੱਦਣ ਬਰਾਤ ਆਉਂਦੀ, ਦੂਜੇ ਦਿਨ ਤੜਕੇ ਆਨੰਦ ਕਾਰਜ ਹੁੰਦੇ। ਅਨੰਦ ਤੋਂ ਪਹਿਲਾਂ ਲਾੜਾ ਘਰ ਨਹੀਂ ਸੀ ਆਉਂਦਾ, ਅਤੇ ਉਸਦੀ ਰੋਟੀ, ਖਾਣਾ ਵੀ ਜੰਞ ਘਰ ਪਹੁੰਚਦਾ। ਸਰਵ੍ਹਾਲੇ ਦਾ ਵੀ।

ਮੇਰੇ ਵੱਡੇ-ਵਡੇਰਿਆਂ ਦਾ ਇਹ ਇਤਿਹਾਸ ਹੈ, ਅਤੇ ਇਹ ਸੱਭਿਆਚਾਰ। ਸਮੇਂ ਅਨੁਸਾਰ ਬੜਾ ਕੁਝ ਬਦਲ ਗਿਆ ਹੈ। ਸਮਾਜ ਅਨੁਸਾਰ ਪਰਿਵਾਰ ਬਦਲਦੇ ਹਨ, ਰਿਸ਼ਤਿਆਂ ਦੀਆਂ ਗੰਢਾਂ ਤੇ ਇਸ ਦਾ ਅਸਰ ਪੈਂਦਾ ਹਾਂ ਤੇ ਪਿਆ ਹੈ। ਸਮਾਜ ਦਾ ਇਹੀ 'ਵਿਕਾਸ' ਹੈ। ਹੁਣ ਸਾਡੇ ਪਰਿਵਾਰ ਦੇ ਮੈਂਬਰ ਸਮੁੱਚੇ ਦੇਸ਼ ਵਿਚ ਫੈਲੇ ਹਨ। ਕੁਝ ਵਿਦੇਸ਼ਾਂ ਵਿਚ ਰੋਜ਼ੀ-ਰੋਟੀ ਲਈ ਵਸਦੇ ਹਨ। ਪਰ, ਆਪਸੀ ਪਿਆਰ ਉਵੇਂ ਹੀ ਹੈ। ਸੋਸ਼ਲ ਮੀਡੀਆ ਨੇ ਸੰਸਾਰ ਨੂੰ ਫਿਰ ਇਕ ਪਿੰਡ ਬਣ ਗਿਆ ਹੈ। ਵਟਸੈੱਪ ਤੇ ਸਾਡਾ ਇਕ "ਫੈਮਲੀ ਗਰੁੱਪ" ਬਣਿਆ ਹੈ। ਸਮਾਂ ਬਹੁਤ ਬਲਵਾਨ ਹੈ।

**ਸੰਪਰਕ**-9888569669

**'ਪਿੰਡ ਅਜੇ ਜਿਉਂਦਾ ਹੈ', 'ਨੇੜ੍ਹੇ ਦੇ ਵਾਸੀ', 'ਕਾਲ ਕਾਲਾਂਤਰ' ਕਹਾਣੀ ਸੰਗ੍ਰਹਿ ਤੇ 'ਜ਼ਲਾਲਤ' ਸਵੈ ਜੀਵਨੀ ਤੋਂ ਬਾਅਦ ਸਮਰੱਥ ਕਹਾਣੀਕਾਰ ਸਰੂਪ ਸਿਆਲਵੀ ਦਾ ਨਵਾਂ ਕਹਾਣੀ ਸੰਗ੍ਰਹਿ**

**ਚਾਰ ਤੱਤ ਦਾ ਪੁਤਲਾ**

**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ**
**ਮੁੱਲ : 200 ਰੁਪਏ, ਪੰਨੇ : 144**

## ਮੇਰਾ ਅਨਮੋਲ ਸਰਮਾਇਆ ਮੇਰੇ ਪੁਰਖੇ/-ਸਰੋਜ

ਸਾਡਾ ਅਤੀਤ ਸਾਥੋਂ ਕਦੇ ਵੀ ਜੁਦਾ ਨਹੀਂ ਹੋਇਆ। ਇਹ ਸਾਡੇ ਨਾਲ ਨਾਲ ਚਲਦਾ ਰਹਿੰਦਾ ਹੈ। ਆਪਣੇ ਅਤੀਤ ਨੂੰ ਯਾਦ ਕਰਨਾ ਇੱਕ ਤਰ੍ਹਾਂ ਆਪਣੇ ਪੁਰਖਿਆ ਨੂੰ ਸਿਜਦਾ ਕਰਨਾ ਹੀ ਹੁੰਦਾ ਹੈ ।ਮੇਰਾ ਅਤੀਤ ਬਹੁਤ ਅਮੁੱਲ ਤੇ ਅਭੁੱਲ ਹੈ। ਕਿਉਂਕਿ ਮੈਂ ਪਿਛਲੀਆ ਤਿੰਨ ਪੀੜ੍ਹੀਆ ਨੂੰ ਯਾਦ ਕਰਦੀ ਹਾਂ। ਪੀੜ੍ਹੀਆਂ ਦਾ ਸੰਘਰਸ਼ ਮੈਂ ਦੇਖਿਆ ਹੈ। ਉਹ ਲੋਕ ਕਿਵੇਂ ਮਿਹਨਤ ਕਰਦੇ ਸੀ। ਵਿਹਲ ਨੂੰ ਹੱਡ ਹਰਾਮ ਕਹਿੰਦੇ ਸੀ। ਦਿਹਾੜੀ ਵਿੱਚ ਮੈਂ ਕਦੇ ਆਪਣੀ ਮੰਮੀ ਨੂੰ ਵਿਹਲੇ ਬੈਠੇ ਨਹੀਂ ਦੇਖਿਆ ਸੀ। ਉਹ ਸਦਾ ਕੋਈ ਨਾ ਕੋਈ ਕੰਮ ਧੰਦੇ ਵਿੱਚ ਲੱਗੇ ਹੀ ਰਹਿੰਦੇ ਸਨ। ਮੇਰੇ ਦਾਦੀ ਅਤੇ ਉਹਨਾਂ ਦੇ ਸੱਸ ( ਮੇਰੀ ਪੜਦਾਦੀ) ਪਰਤਾਪੀ ਜੋ ਨਿੱਕੀ ਜਿਹੀ ਨੂੰ ਮੈਨੂੰ ਉਂਗਲ ਫੜ ਕੇ ਤੋਰਦੀ ਸੀ। ਮੈਨੂੰ ਉਹਦਾ ਚਿਹਰਾ ਧੁੰਦਲਾ ਜਿਹਾ ਯਾਦ ਹੈ। ਪਰ ਮੇਰੀ ਕਾਰੀ (ਦਾਦੀ) ਅਕਸਰ ਹੀ ਆਪਣੀ ਸੱਸ ਦੀਆਂ ਗੱਲਾਂ ਕਰਦੀ ਸੀ। ਉਹ ਆਪਣੇ ਸਹੁਰੇ ਨਾਮੇ ਅਤੇ ਉਹਦੇ ਬਾਪ ਖਜ਼ਾਨੇ ਦਾ ਵੀ ਨਾਮ ਲੈਂਦੀ ਸੀ। ਮੇਰੀ ਸਭ ਤੋਂ ਵੱਧ ਸਾਂਝ ਮੇਰੀ ਦਾਦੀ ਨਾਲ ਹੀ ਰਹੀ। ਮੇਰੇ ਦਾਦਾ ਜੀ ਦਲੀਪਾ ਰਾਮ ਵੀ ਪੜ੍ਹੇ ਲਿਖੇ ਸੁਹਿਰਦ ਇਨਸਾਨ ਸਨ। ਉਹ ਮਾਲ ਵਿਭਾਗ ਵਿੱਚ ਨੌਕਰੀ ਕਰਦੇ ਸੀ। ਉਹਨਾਂ ਦਾ ਇੱਕ ਸੰਦੂਕ ਸੀ ਜਿਸ ਵਿੱਚ ਉਰਦੂ ਦੀਆਂ ਕੁੱਝ ਕਿਤਾਬਾਂ ਸਨ ਜਿਨ੍ਹਾਂ ਨੂੰ ਦੇਖ ਕੇ ਅਕਸਰ ਮੈਂ ਸੋਚਦੀ ਹੁੰਦੀ ਸੀ ਕਿ ਮੈਂ ਵੱਡੀ ਹੋ ਕੇ ਬਹੁਤ ਪੜਾਂਗੀ ਅਤੇ ਉਰਦੂ ਵੀ ਸਿੱਖਾਂਗੀ ਤਾਂ ਕਿ ਇਹ ਕਿਤਾਬਾਂ ਨੂੰ ਵੀ ਪੜ੍ਹ ਸਕਾਂ। ਮੇਰੀ ਦਾਦੀ ਦੱਸਦੀ ਸੀ ਕਿ ਤੁਹਾਡਾ ਦਾਦਾ ਬਹੁਤ ਇਲਮ ਜਾਣਦਾ ਸੀ। ਲੋਕ ਉਸਦਾ ਇੱਜ਼ਤ ਮਾਣ ਕਰਦੇ ਸੀ। ਜਵਾਨੀ ਉਮਰੇ ਹੀ ਉਹ ਇੱਕ ਮਜ਼ਾਰ 'ਤੇ ਜਾਣ ਲੱਗ ਪਿਆ ਸੀ ਤੇ ਫ਼ੱਕਰਾਂ ਵਰਗੀ ਜ਼ਿੰਦਗੀ ਜਿਉਣ ਲੱਗ ਪਿਆ ਸੀ। ਇਹ ਪੀਰ ਬਾਬਾ ਹਾਕਮ ਸ਼ਾਹ ਦੀ ਜਗ੍ਹਾ ਸੀ ਉੱਥੇ ਹੀ ਉਹਨਾਂ ਦਾ ਬੀਬੀ ਭਾਨੀ ਜੀ ਨਾਲ ਮੇਲ ਹੋਇਆ ਜੋ ਸਾਡੇ ਘਰ ਵੀ ਆਉਂਦੇ ਜਾਂਦੇ ਸਨ। ਉਨ੍ਹਾਂ ਨਾਲ ਅਜਿਹੀ ਸਾਂਝ ਜੁੜੀ ਕਿ ਕਈ ਕਈ ਦਿਨ ਘਰ ਨਹੀਂ ਸੀ ਆਉਂਦੇ। ਬਹੁਤ ਛੇਤੀ ਹੀ ਉਹ ਸਾਰੇ ਪਰਿਵਾਰ ਨੂੰ ਵਿਛੋੜਾ ਦੇ ਗਏ ਉਦੋਂ ਮੇਰੇ ਡੈਡੀ ਦਸਵੀਂ ਵਿੱਚ ਪੜ੍ਹਦੇ ਸੀ। ਮੇਰੇ ਦਾਦਾ ਜੀ ਦਾ ਦੇਹਾਂਤ ਦਿਵਾਲੀ ਵਾਲੇ ਦਿਨ ਹੋਇਆ ਸੀ। ਮੇਰੀ ਦਾਦੀ ਹਰ ਦਿਵਾਲੀ ਤੇ ਉਹਨਾਂ ਨੂੰ ਯਾਦ ਕਰਦੀ ਸੀ। ਉਹ ਆਖਰੀ ਵਾਰ ਪਿੰਡ ਵਿੱਚ ਇੱਕ ਔਰਤ ਗੰਗੋ ਦੇ ਘਰ ਗਏ ਸੀ। ਮੇਰੀ ਦਾਦੀ ਲਈ ਇਹ ਰਹੱਸ ਹੀ ਰਿਹਾ ਕਿ ਉਹਨਾਂ ਨਾਲ ਉੱਥੇ ਕੀ ਹੋਇਆ ਸੀ। ਜਦੋਂ ਉਹ ਗੰਗੋ ਨੂੰ ਕਹਿੰਦੀ ਕਿ ਮੇਰੇ ਨਾਲ ਧਰੋਹ ਕਮਾਇਆ ਤਾਂ ਮੈਨੂੰ ਪੰਜਾਬ ਦੇ ਇਤਿਹਾਸ ਦਾ ਗੰਗੂ ਪਾਤਰ ਯਾਦ ਆ ਜਾਂਦਾ ਕਿ ਉਸਨੇ ਵੀ ਗੁਰੂ ਸਾਹਿਬ ਦੇ ਪਰਿਵਾਰ ਨਾਲ ਧਰੋਹ ਕਮਾਇਆ ਸੀ। ਭਾਵੇਂ ਉਹ ਪੜ੍ਹੀ-ਲਿਖੀ ਨਹੀਂ ਸੀ ਪਰ ਉਹ ਜਾਣਦੀ ਸੀ ਕਿ ਪੜ੍ਹ-ਲਿਖ ਕੇ ਬੰਦੇ ਦੀ ਜੂਨ ਬਦਲ ਜਾਂਦੀ ਹੈ।

ਘਰ ਵਿੱਚ ਜਦੋਂ ਮੰਮੀ ਅਤੇ ਮੇਰੀ ਚਾਚੀ ਦਾ ਬਾਹਰਾ ਪਹਿਰਾ ਹੋ ਗਿਆ ਤਾਂ ਦਾਦੀ ਵਿਹਲੀ ਹੋ ਗਈ ਸੀ। ਉਹ ਹੁਣ ਸਵੇਰ-ਸ਼ਾਮ ਹੱਥ ਜੋੜ ਕੇ ਸਭ ਦਾ ਭਲਾ ਮੰਗਦੀ ਸੀ। ਮੈਂ ਉਸ ਨੂੰ ਜਿਆਦਾ ਕੰਮ ਕਰਦਿਆਂ ਨਹੀਂ ਦੇਖਿਆ, ਭਾਵੇਂ ਉਹ ਵਿਧਵਾ ਔਰਤ ਸੀ ਤੇ ਪੈਨਸ਼ਨ ਵੀ ਲੈਂਦੀ ਸੀ ਪਰ ਉਹ ਹਮੇਸ਼ਾ ਸ਼ਾਂਤ ਚਿਤ ਰਹਿੰਦੀ ਸੀ। ਮੈਂ ਜਦੋਂ ਕਾਲਜ ਜਾਣ ਲੱਗੀ ਤਾਂ ਅਖਬਾਰਾਂ ਮੈਗਜ਼ੀਨਾਂ ਵਿੱਚ ਛਪਣ ਲੱਗ ਪਈ। ਉਹ ਮੇਰੀ ਡਾਕ ਨੂੰ ਸੰਭਾਲਣ ਲੱਗ ਪਈ। ਕਦੇ ਕਦੇ ਡਾਕ ਵਿੱਚ ਭਗਵੰਤ ਵਲੋਂ ਭੇਜਿਆ ਪੋਸਟ ਕਾਰਡ ਵੀ ਹੁੰਦਾ। ਪਰ ਉਹ ਸਾਰੀ ਡਾਕ ਮੈਨੂੰ ਹੀ ਸ਼ਾਮ ਨੂੰ ਫੜਾਉਂਦੀ ਸੀ। ਉਦੋਂ ਘਰ ਭਰਿਆ ਹੁੰਦਾ ਸੀ। ਸਾਰੇ ਭੈਣ ਭਰਾ ਪੜ੍ਹਦੇ ਸੀ ਚਾਚੇ ਦੇ ਬੱਚੇ ਵੀ ।ਘਰ ਭਾਵੇਂ ਅਲੱਗ ਅਲੱਗ ਸੀ ਪਰ ਅਸੀ ਧੁਰ ਅੰਦਰੋਂ ਇਕ ਦੂਜੇ ਨਾਲ ਅੱਜ

ਤੱਕ ਜੁੜੇ ਹੋਏ ਸਾਂ। ਇਕੱਠੇ ਹੀ ਖੇਡਦੇ, ਖਾਂਦੇ , ਲੜਦੇ ਝਗੜਦੇ। ਮੇਰੀ ਦਾਦੀ ਸਾਨੂੰ ਤਰੱਕੀਆ ਕਰਦੇ ਦੇਖ ਕੇ ਖੁਸ਼ ਹੁੰਦੀ ਸੀ ਤੇ ਦੋਵੇਂ ਵੇਲੇ ਹੱਥ ਜੋੜ ਕੇ ਆਪਣੇ ਪੀਰਾਂ ਕੋਲ ਫਰਿਆਦ ਕਰਦੀ ਸੀ ਦੇਸ਼-ਪਰਦੇਸ਼ ਵਿੱਚ ਮੇਰੇ ਪਰਿਵਾਰ ਦਾ ਨਾਮ ਰੌਸ਼ਨ ਹੋਵੇ। ਉਹਦੀ ਪਾਕ ਰੂਹ ਹੀ ਸੀ ਕਿ ਅੱਜ ਸਾਰਾ ਪਰਿਵਾਰ ਕੈਨੇਡਾ ਵਿੱਚ ਸੈਟ ਹੈ ਅਤੇ ਮੇਰੇ ਚਾਚਾ ਜੀ ਉਸ ਜਗ੍ਹਾ ਤੇ ਅੱਜ ਵੀ ਸਿਜਦਾ ਕਰਨ ਲਈ ਕੈਨੇਡਾ ਤੋਂ ਆਉਂਦੇ ਹਨ ਭਾਵੇ ਪੰਜ ਦਿਨਾਂ ਲਈ ਹੀ ਆਉਣ। ਇਹ ਉਨ੍ਹਾਂ ਦੀ ਸ਼ਰਧਾ ਹੈ। ਭਗਤੀ ਹੈ।

ਅੱਜ ਜਦੋਂ ਉਹ ਵਕਤ ਯਾਦ ਕਰਦੀ ਹਾਂ ਤਾਂ ਆਪਣੇ ਆਪ ਨੂੰ ਬਹੁਤ ਭਾਗਸ਼ਾਲੀ ਸਮਝਦੀ ਹਾਂ ਕਿਉਂਕਿ ਮੈਂ ਜੋ ਆਪਣੇ ਬਚਪਨ ਵਿਚੋਂ ਗ੍ਰਹਿਣ ਕੀਤਾ, ਮੇਰੇ ਬੱਚਿਆ ਲਈ ਉਹ ਗੱਲਾਂ ਸੁਪਨੇ ਵਰਗੀਆਂ ਹਨ। ਮੈਂ ਆਪਣੀ ਜ਼ਿੰਦਗੀ ਵਿੱਚ ਆਏ ਚੰਗੇ ਇਨਸਾਨਾਂ ਦੀ ਬਦੌਲਤ ਹਾਂ, ਉਨ੍ਹਾਂ ਤੋਂ ਕੁੱਝ ਨਾ ਕੁੱਝ ਗ੍ਰਹਿਣ ਕੀਤਾ ਉਹ ਜੋ ਜ਼ਿੰਦਗੀ ਦਾ ਸਬਕ ਸੀ, ਅਜਿਹਾ ਸਬਕ ਜੋ ਕੋਈ ਕਿਤਾਬ ਨਾ ਸਿਖਾ ਸਕੀ । ਮਾੜੇ ਇਨਸਾਨਾਂ ਤੋਂ ਵੀ ਬਹੁਤ ਸਬਕ ਸਿੱਖੇ ਨੇ ਜਿਨ੍ਹਾਂ ਨੇ ਹੋਰ ਵਧੇਰੇ ਚੋਕੰਨੇ ਰਹਿ ਕੇ ਜੀਣਾ ਸਿਖਾਇਆ ਹੈ । ਭਾਵੇਂ ਬਹੁਤੀ ਵਾਰ ਇਹੀ ਲੱਗਦਾ ਹੁੰਦਾ ਕਿ ਇਹਨੇ ਮੇਰੇ ਨਾਲ ਚੰਗਾ ਨਹੀਂ ਕੀਤਾ ਪਰ ਅਸੀਂ ਤਾਂ ਉਹਦੇ ਕੋਲੋਂ ਵੀ ਕੁੱਝ ਨਾ ਕੁੱਝ ਸਿੱਖਿਆ ਹੀ ਹੈ। ਸਿੱਖਣ ਦੀ ਇਸੇ ਪ੍ਰਵਿਰਤੀ ਨੇ ਰੂਹ ਨੂੰ ਤਕੜਾ ਬਣਾ ਦਿੱਤਾ ਹੈ। ਹੁਣ ਬਹੁਤੀ ਘਬਰਾਹਟ ਨਹੀਂ ਹੁੰਦੀ। ਜ਼ਿੰਦਗੀ ਵਿੱਚ ਇੱਕ ਅਜਿਹਾ ਪੜਾਅ ਵੀ ਆਉਦਾ ਹੈ ਜਦੋਂ ਤੁਸੀ ਸਾਵੀਂ ਪੱਧਰੀ ਜ਼ਿੰਦਗੀ ਜਿਓ ਰਹੇ ਹੁੰਦੇ ਹੋ। ਇਸ ਪੜਾਅ ਤੇ ਪਹੁੰਚ ਕੇ ਸਾਡੇ ਪੱਲੇ ਯਾਦਾਂ ਦੀ ਪਟਾਰੀ ਰਹਿ ਜਾਂਦੀ ਹੈ ਜਿਸ ਵਿੱਚ ਚੰਗੇ ਇਨਸਾਨਾਂ ਨਾਲ ਬਿਤਾਇਆ ਸਮਾਂ ਹੁੰਦਾ ਹੈ।

ਆਪਣੇ ਪੁਰਖਿਆ ਤੇ ਜਦੋਂ ਮੈਂ ਝਾਤ ਮਾਰਦੀ ਹਾਂ ਤਾਂ ਉਹ ਮਿਹਨਤਕਸ਼ ਲੋਕ, ਹਿੰਮਤੀ, ਗਰੀਬੀ ਨਾਲ ਜੂਝਦੇ, ਸੰਘਰਸ਼ ਕਰਦੇ ਦਿਖਾਈ ਦਿੰਦੇ ਹਨ। ਮਾਂ ਰੱਖੀ ਦਾ ਇੱਕ ਸਾਂਝਾ ਵਿਹੜਾ ਹੁੰਦਾ ਸੀ ਜਿਥੇ ਹਰ ਸ਼ਾਮ ਨੂੰ ਮਹਿਫ਼ਲ ਲੱਗ ਜਾਂਦੀ । ਅਸੀਂ ਸਾਰੇ ਬੱਚੇ ਤਾਂ ਉੱਥੇ ਹੀ ਖੇਡ ਰਹੇ ਹੁੰਦੇ ਤੇ ਸ਼ਾਮ ਢਲਦਿਆਂ ਹੀ ਵਿਹੜੇ ਵਿੱਚ ਪਾਣੀ ਛਿੜਕ ਕੇ ਠੰਡਾ ਕੀਤਾ ਜਾਂਦਾ। ਬਾਬਾ ਬੂਝਾ ਹੁੱਕੇ ਤਿਆਰ ਕਰਨ ਲੱਗ ਜਾਦਾ। ਸਭ ਸਿਆਣੇ ਬੰਦੇ ਇਕੱਤਰ ਹੋਣ ਲੱਗਦੇ ਹਨ। ਸਾਡੇ ਡੈਡੀ ਜੀ, ਚਾਚੇ , ਤਾਏ ਸਭ ਆ ਕੇ ਮੰਜਿਆਂ 'ਤੇ ਬੈਠ ਜਾਂਦੇ। ਇੱਕ ਬਾਬਾ ਅਰਜੁਨ ਸੀ ਜੋ ਦੂਰ ਭਲਾਣੇ ਪਿੰਡ ਵਿੱਚ ਰਹਿੰਦਾ ਸੀ ਪਰ ਜਦੋਂ ਕੋਈ ਖੁਸ਼ੀ ਗਮੀ ਦਾ ਮੌਕਾ ਹੁੰਦਾ ਤਾਂ ਉਹ ਕਈ ਦਿਨ ਰਹਿ ਕੇ ਜਾਂਦਾ। ਉਦੋਂ ਬਹੁਤ ਗੂੜ ਗਿਆਨ ਦੀਆਂ ਗੱਲਾਂ ਹੁੰਦੀਆਂ , ਪੁਰਖਿਆਂ ਦੀਆਂ ਗੱਲਾਂ ਚਲਦੀਆਂ। ਜਿਨ੍ਹਾਂ ਗੱਲਾਂ ਵਿੱਚੋਂ ਕੋਈ ਤੱਤ ਨਿਕਲਦਾ ਉਹੀ ਗੱਲਾਂ ਹੁੰਦੀਆਂ ਕੋਈ ਫਾਲਤੂ ਗੱਲ ਕਰਨ ਵਾਲੇ ਨੂੰ ਉੱਥੇ ਹੀ ਮੂਰਖ ਦਾ ਰੁਤਬਾ ਦੇ ਦਿੰਦੇ। ਹਾਸਾ ਵੀ ਆਮ ਨਹੀਂ ਸੀ ਅਸੀ ਬੱਚੇ ਚੋਰੀ ਚੋਰੀ ਹੱਸਦੇ। ਕਿਤੇ ਸਿਆਣਿਆਂ ਨੂੰ ਪਤਾ ਲੱਗ ਗਿਆ ਤਾਂ ਹੁਣੇ ਦਬਕੇ ਸ਼ੁਰੂ ਹੋ ਜਾਣੇ ਨੇ। ਉਹਨਾਂ ਲੋਕਾਂ ਵਿੱਚ ਸਬਰ , ਸੰਤੋਖ ਸ਼ਹਿਣਸ਼ੀਲਤਾ, ਸਦਾਚਾਰ ਤੇ ਪਵਿੱਤਰ ਮਨ ਸੀ। ਉਹਨਾਂ ਵਿੱਚ ਰਾਤੋਂ ਰਾਤ ਅਮੀਰ ਹੋਣ ਦੀ ਕੋਈ ਲਾਲਸਾ ਵੀ ਨਹੀਂ ਸੀ। ਪੁਰਖੇ ਕਿੰਨੇ ਸਧਾਰਨ ਬਿਰਤੀ ਦੇ ਸਨ ਇਸ ਸਬੰਧ ਵਿੱਚ ਇੱਕ ਗੱਲ ਯਾਦ ਆ ਰਹੀ ਹੈ। ਸੰਨ 1984 ਵਿੱਚ ਇੰਦਰਾ ਗਾਂਧੀ ਦੀ ਹੱਤਿਆ ਹੋ ਗਈ ਸੀ। ਜਿਸ ਦਿਨ ਸੰਸਕਾਰ ਸੀ ਟੀ.ਵੀ. ਉੱਤੇ ਲਾਇਵ ਟੈਲੀਕਾਸਟ ਹੋ ਰਿਹਾ ਸੀ। ਕਿਉਂਕਿ ਉਦੋਂ ਸਿਰਫ਼ ਸਾਡੇ ਘਰ ਹੀ ਟੀ.ਵੀ. ਹੁੰਦਾ ਸੀ ਤਾਂ ਸਭ ਵਿਹੜੇ ਦੇ ਲੋਕ ਭੀੜ ਦੇ ਰੂਪ ਵਿੱਚ ਬੈਠੇ ਦੇਖ ਰਹੇ ਸੀ। ਇੱਕ ਬਜ਼ੁਰਗ ਬੀਬੀ ਸਾਡੇ ਘਰ ਆਈ ਤਾਂ ਕਹਿੰਦੀ ਕਿ ਇੱਥੇ ਕੀ ਹੋ ਰਿਹਾ ? ਅਸੀਂ ਦੱਸਿਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦਾ ਸੰਸਕਾਰ ਹੋ ਰਿਹਾ ਹੈ ਜੋ ਟੀ.ਵੀ. ਤੇ ਦਿਖਾ ਰਹੇ ਹਨ। ਉਹ ਅੱਗਿਉ ਹੈਰਾਨ ਹੋਈ ਕਹਿੰਦੀ," ਮੈਂ ਨਾ ਕਹਾਂ ਇੰਨਾ ਸੇਕਾ ਕਿੱਥੋਂ ਆ ਰਿਹੈ? ਅਸੀਂ ਸਾਰੇ ਉਸ ਸਮੇਂ ਜ਼ੋਰ ਨਾਲ ਹੱਸ ਪਏ ਸੀ। ਅੱਜ ਸੋਚਦੀ ਹਾਂ ਉਹ ਕਿੰਨੇ ਭੋਲੇ ਤੇ ਸਿੱਧੇ ਜਿਹੇ ਲੋਕ ਸਨ। (**ਸੰਪਰਕ-94642-36953**)

## ਦੁੱਖਾਂ-ਸੁਖਾਂ ਵਿਚ ਉਲਝੀ ਨਾਨੀ /- ਸੋਹਜ ਦੀਪ

ਨਾਨੀ ਨੂੰ ਮੈਂ ਹਮੇਸ਼ਾਂ ਘਰ, ਪਸ਼ੂਆਂ, ਧੀ-ਪੁੱਤਾਂ, ਪੋਤੀ-ਪੋਤੇ, ਦੋਹਤੀਆਂ-ਦੋਹਤੇ ਦੇ ਦੁੱਖਾਂ ਸੁਖਾਂ 'ਚ ਉਲਝਿਆ ਹੀ ਵੇਖਿਆ ਹੈ। ਸਾਡੇ ਦੁੱਖਾਂ 'ਚ ਸਾਡੇ ਤੋਂ ਵੱਧ ਦੁੱਖੀ ਅਤੇ ਸੁੱਖਾਂ 'ਚ ਸਾਥੋਂ ਵੱਧ ਖੁਸ਼ੀ। ਸੁੱਖਾਂ ਮੰਗਦੀ ਤੇ ਸੁੱਖਾਂ ਤਾਰਦੀ। ਆਪਣੇ ਲਈ ਕੁਝ ਨਹੀਂ ਮੰਗਦੀ। ਆਪਣਾ ਆਪ ਵੀ ਜਵਾਕਾਂ ਤੋਂ ਬਿਨ੍ਹਾਂ ਹੁੰਦੈ ਸ਼ਾਇਦ ਉਹਨੂੰ ਪਤਾ ਹੀ ਨਹੀਂ। ਮੇਰੀ ਨਾਨੀ ਹਰਿਆਣੇ ਦੇ ਪਿੰਡ ਡੀਂਗ ਦੀ ਜੰਮਪਲ ਹੈ। ਬਹੁਤ ਸੋਹਣੀ ਹੈ। ਹੁਣ ਵੀ। ਪੁਰਾਣੀ ਫੋਟੋ ਵੀ ਦੇਖੀ ਹੈ ਮੈਂ ਇਕ। ਕਾਫੀ ਦੇਰ ਵੇਖਦੀ ਰਹੀ ਸੀ। ਹੁਣ ਵੀ ਸੋਚੀ ਜਾਂਦੀ ਹਾਂ ਮੇਰੀ ਸ਼ਕਲ ਨਾਨੀ ਵਰਗੀ ਕਿਉਂ ਨਹੀਂ ਹੋਈ?

ਨਾਨੀ ਦੇ ਦਾਦੇ ਨੇ ਬਹੁਤ ਜ਼ਮੀਨ ਬਣਾਈ ਸੀ। ਹਵੇਲੀ ਵੀ। ਪਿੰਡ ਵਿਚ ਵੀ ਚੰਗਾ ਰੋਅਬ-ਦਾਬ ਸੀ। ਇਕੋ ਦੁੱਖ ਸੀ ਪੁੱਤ ਨਾ ਹੋਣ ਦਾ। ਸੁੱਖਾਂ-ਸੁੱਖੀਆਂ ਜਾਂਦੀਆਂ। ਪਰ ਵਰ ਨਾ ਪੈਂਦਾ। ਜ਼ਮੀਨ 'ਤੇ ਘਰ ਵਾਰ ਦੀ ਚਿੰਤਾ ਨਾਲੋਂ ਵੱਧ ਚਿੰਤਾ ਹੁੰਦੀ ਮੌਤ ਤੋਂ ਬਾਅਦ ਹੋਣ ਵਾਲੀ ਗਤੀ ਦੀ। ਜਿਸ ਦੀ ਨਾਨੀ ਦੇ ਦਾਦੇ-ਦਾਦੀ ਨੂੰ ਹੁਣ ਆਸ ਨਹੀਂ ਸੀ। ਪਰ ਬਾਰਾਂ ਸਾਲਾਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਐ। ਸੁੱਖਾਂ ਨੂੰ ਬੂਰ ਪਿਆ। ਨਾਨੀ ਦੇ ਬਾਪ ਦਾ ਜਨਮ ਹੋਇਆ। ਪਰ ਕਿਸੇ ਨੂੰ ਕੀ ਪਤਾ ਸੀ ਜਨਮ ਅਜਨਮੇ ਵਰਗਾ ਹੋਣਾ ਸੀ। ਮੁੰਡਾ ਜੰਮਣ ਦੀ ਖੁਸ਼ੀ ਵਿਚ ਕਾਰ ਵਿਹਾਰ ਚੌਗੁਣੇ ਕੀਤੇ ਗਏ। ਮਾਂ-ਬਾਪ ਦਾ ਲਾਡਲਾ ਪੁੱਤ ਸੀ। ਹਰ ਚਾਅ ਪੂਰਿਆ ਜਾਂਦਾ। ਹਰ ਮੰਗ ਮੰਨੀ ਜਾਂਦੀ। ਸਕੂਲ ਦੇ ਰਾਹ ਪਾਇਆ ਗਿਆ ਪਰ ਪੜ੍ਹਨੇ ਨਾ ਪੈ ਸਕਿਆ। ਜ਼ਮੀਨ ਤੇ ਪਿੰਡ 'ਚ ਰੁਤਬੇ ਦਾ ਗੁਮਾਨ ਹੀ ਬਥੇਰਾ ਸੀ। ਉਤੋਂ ਕੱਲਾ ਪੁੱਤ ਸੀ। ਭੈਣਾਂ ਦਾ ਵੀਰ। ਗੌਲਿਆ ਹੀ ਨਾ ਪੜ੍ਹਾਈ ਬਾਰੇ। ਨਹੀਂ ਗਿਆ ਤਾਂ ਨਹੀਂ ਗਿਆ। ਉਹਨੂੰ ਕਹਿਣ ਵਾਲਾ ਕੌਣ ਸੀ? ਮਾਂ-ਬਾਪ ਨੇ ਪੁੱਤ ਨਹੀਂ ਪਿਉ ਜੰਮਿਆ ਸੀ। ਉਵੇਂ ਹੀ ਹੋਇਆ ਜਿਵੇਂ ਹੋਣਾ ਹੁੰਦਾ। ਦਾਰੂ ਦੀ ਨਾ ਮੁਕਣ ਵਾਲੀ ਪਿਆਸ ਲੱਗ ਗਈ। ਪਿਉ ਦੇ ਮਿਹਨਤੀ ਅਕਸ ਦਾ ਸੁੱਖਾਂ ਲੱਧੇ ਪੁੱਤ ਉਤੇ ਕੋਈ ਅਸਰ ਨਹੀਂ ਸੀ। ਉਸ ਦੀ ਭੁੱਖ ਪਿਆਸ ਦੀ ਥਾਂ ਸ਼ਰਾਬ ਨੇ ਲੈ ਲਈ ਸੀ।

ਉਵੇਂ ਹੀ ਹੋਇਆ ਜਿਵੇਂ ਹੋਣਾ ਸੀ। ਮਾਂ-ਬਾਪ ਕੀ ਕਰਦੇ? ਵਿਆਹ ਤੋਂ ਸਿਵਾਏ। ਰਿਸ਼ਤਿਆਂ ਦਾ ਕੀ ਘਾਟਾ ਸੀ? ਜ਼ਮੀਨ ਦੇ ਮਾਲਕ ਤੇ ਕੱਲੇ ਪੁੱਤ ਨੂੰ। ਸ਼ਰਾਬ? ਸ਼ਰਾਬ ਅਜਿਹੀ ਹਾਲਤ 'ਚ ਇਹ ਕੋਈ ਮਿਹਣਾ ਨਹੀਂ ਰਹਿ ਜਾਂਦੀ। ਸ਼ੌਕ ਬਣ ਜਾਂਦੀ ਐ। ਅਮੀਰਾਂ ਦੇ ਇਹੀ ਤਾਂ ਸ਼ੌਕ ਹੁੰਦੇ ਨੇ। ਨਾਨੀ ਦੇ ਮਾਂ-ਬਾਪ ਦਾ ਵਿਆਹ ਹੋਇਆ। ਹਵੇਲੀ 'ਚ ਨੂੰਹ ਦੇ ਰੂਪ 'ਚ ਲੱਛਮੀ ਆਈ। ਸੱਸ-ਸਹੁਰੇ ਨੇ ਅਮੀਰ ਘਰ ਤੇ ਨਸ਼ੇੜੀ ਪੁੱਤ ਨੂੰ ਭਾਗ ਲੱਗ ਗਏ ਸਮਝੇ। ਖੁਸ਼ੀਆਂ ਪੂਰੀਆਂ ਕੀਤੀਆਂ ਸਨ। ਇਸ ਆਸ ਨਾਲ ਕਿ ਹੁਣ ਪੁੱਤ ਨਸ਼ੇ ਤੋਂ ਹੱਟ ਜਾਵੇਗਾ। ਨਾਨੀ ਦੇ ਦਾਦੇ ਸਦਕੇ ਅਨਾਜ, ਪਸ਼ੂਆਂ ਦੀ ਕੋਈ ਤੋਟ ਨਹੀਂ ਸੀ। ਹਵੇਲੀ ਦੀਆਂ ਕੋਠੜੀਆਂ 'ਚ ਕਣਕ, ਚੌਲ, ਮਿੱਠਾ ਸਭ ਭਰੇ ਰਹਿੰਦੇ ਸਨ। ਨਾਨੀ ਦੀ ਮਾਂ ਨੂੰ ਕੀ ਦੁੱਖ ਹੋਣਾ ਸੀ? ਇਕ ਪਤੀ ਦੇ ਨਸ਼ੇੜੀ ਹੋਣ ਤੋਂ ਸਿਵਾਏ। ਪਰ ਇਸ ਗੱਲ ਨੂੰ ਸਾਡੇ ਸਮਾਜ 'ਚ ਕਦੋਂ ਵਿਚਾਰਿਆ ਜਾਂਦਾ ਹੈ? ਘਰ-ਬਾਰ ਦੇਖੋ ਤੇ ਭਾਰ ਹਲਕਾ ਕਰ ਛੱਡੋ। ਇਹੀ ਹੋਇਆ ਸੀ ਨਾਨੀ ਦੀ ਮਾਂ ਨਾਲ ਵੀ। ਸਜੀ-ਸਵਰੀ ਵੱਡੀ ਹਵੇਲੀ ਦੀ ਇਕਲੌਤੀ ਨੂੰਹ ਵਿਹੜੇ 'ਚ ਆ ਗਈ ਸੀ। ਸੱਸ ਨੇ ਚਾਅ ਪੂਰੇ ਕੀਤੇ ਸਨ। ਪੁੱਤ ਦੇ ਸੁਧਰ ਜਾਣ ਦੀ ਆਸ ਵਿਚ। ਪੋਤੇ ਦੀ ਉਮੀਦ 'ਚ। ਅੱਗਾ ਸੰਵਰ ਜਾਣ ਦੀ ਇੱਛਾ ਨਾਲ। ਵੇਖਿਆ ਕਿੰਨੇ ਲਾਲਚ ਜੁੜੇ ਨੇ ਔਰਤ ਦੀ ਹੋਂਦ ਨਾਲ। ਫੇਰ ਵੀ....। ਨੂੰਹ ਰਾਣੀ ਨੇ ਆਪਣੇ ਫਰਜ਼ ਨਿਭਾਉਣੇ ਸ਼ੁਰੂ ਕੀਤੇ ਹੋਣਗੇ। ਪਤੀ ਨੂੰ ਵਾਸਤੇ ਵੀ ਪਾਏ ਹੋਣਗੇ। ਰੁਸਣਾ ਮਨਾਉਣਾ ਵੀ ਹੋਇਆ ਹੋਊ। ਪਰ ਜ਼ਮੀਨ ਦੇ ਮਾਲਕ ਆਪਣੇ ਸ਼ੌਕ ਥੋੜੋ ਛੱਡਦੇ ਹੁੰਦੇ ਨੇ। ਪਤੀ ਨਿਯਮਾਵਲੀ ਵਿਚ ਪਤਨੀ ਦੀ ਸੁਣਨਾ ਹੱਤਕ ਸਮਝੀ ਜਾਂਦੀ

ਸੀ। ਇਸ ਹੱਤਕ ਬਾਰੇ ਕਿਸੇ ਨੂੰ ਸਿਖਾਉਣਾ ਨਹੀਂ ਪੈਂਦਾ ਸੁਤੇ ਸਿੱਧ ਹੀ ਮਰਦ ਸਿੱਖ ਜਾਂਦਾ ਹੁੰਦੈ। ਫਿਜ਼ਾ 'ਚ ਹੀ ਅਜਿਹਾ ਕੁਝ ਹੈ ਜੋ ਔਰਤ ਨੂੰ ਔਰਤ ਅਤੇ ਮਰਦ ਨੂੰ ਮਰਦ ਬਣਾ ਦਿੰਦਾ ਹੈ।

ਕ੍ਰਮਵਾਰ ਜੰਮਦੀਆਂ ਕੁੜੀਆਂ ਨੇ ਸੱਸ ਦਾ ਚਾਅ ਨੂੰਹ ਰਾਣੀ ਤੋਂ ਉਤਾਰ ਦਿੱਤਾ ਹੋਵੇਗਾ। ਉਸਦੀ ਕਦਰ ਹੋਰ ਘਟਾ ਦਿੱਤੀ ਹੋਵੇਗੀ। ਕੁੜੀਆਂ ਵੀ ਇਕ, ਦੋ, ਤਿੰਨ, ਚਾਰ ਨਹੀਂ ਜੰਮੀਆਂ ਤਾਂ ਛੇ ਜੰਮੀਆਂ। ਕੁੜੀ ਤਾਂ ਇਕ ਹੀ ਬਰਦਾਸ਼ਤ ਨਹੀਂ ਹੁੰਦੀ। ਇਥੇ ਤਾਂ ਫੇਰ ਅੱਧ ਦਰਜਨ ਸੀ। ਤੇ ਵੇਲਾ ਵੀ ਕਿਹੜਾ ਸੀ। ਕੀ ਸੱਸ ਨੂੰਹ ਨੂੰ ਮੁੰਡਾ ਜੰਮਣ ਵਾਲੀ ਮਸ਼ੀਨ ਦੇ ਰੂਪ 'ਚ ਹੀ ਦੇਖਦੀ ਰਹੀ ਹੋਵੇਗੀ? ਹੋ ਸਕਦੈ ਉਹਨੇ ਵੀ ਸੋਚਿਆ ਹੋਵੇ ਸਮਾਜ ਦੀਆਂ ਖੋਖਲੀਆਂ ਪਰੰਪਰਾਵਾਂ ਨੂੰ ਤਿਆਗ ਦੇਣ ਬਾਰੇ। ਪਰ ਕੁਝ ਕਰ ਨਾ ਸਕੀ ਹੋਵੇ। ਹੈਰਾਨੀ ਦੀ ਗੱਲ ਇਨ੍ਹਾਂ ਨਵਜੰਮੀਆਂ ਦਾ ਜਿਊਂਦੇ ਰਹਿਣਾ ਹੈ। ਪਰ ਸੱਸ ਨੂੰ ਅਭਿਆਸ ਸੀ ਮੰਨਤਾਂ ਮੰਗਣ ਦਾ। ਉਹਨੇ ਫੇਰ ਸੁੱਖਾਂ ਸੁੱਖੀਆਂ। ਪੀਰ ਮਨਾਏ। ਰੁਦਨ ਕੀਤਾ ਹੋਵੇਗਾ ਮੂਰਤਾਂ ਅੱਗੇ। ਪੁੱਤ ਦੇ ਸੁਧਰ ਜਾਣ ਦੀ ਅਧੂਰੀ ਰਹੀ ਆਸ ਦੀ ਪੀੜਾ ਦਿਖਾਈ ਹੋਵੇਗੀ। ਫੇਰ ਕਿਹਾ ਹੋਵੇਗਾ ਹੇ! ਦੇਵ ਪੋਤੇ ਦਾ ਵਰ ਤਾਂ ਦੇ ਦਿਉ। ਮੇਰੇ ਪਤੀ 'ਤੇ ਮੇਰਾ ਅਗਲਾ ਸਫ਼ਰ ਸੁਖਾਲਾ ਕਰ ਦਿਉ ਤੇ ਨਾਲ ਹੀ ਮੇਰੇ ਅਭਾਗੇ ਪੁੱਤ-ਨੂੰਹ ਦਾ।

ਕਈ ਵਾਰ ਲਗਦੈ ਆਸ ਨਹੀਂ ਆਸਾਂ ਹੁੰਦੀਆਂ ਨੇ। ਆਸ ਲਿਖਣਾ ਬੰਦ ਹੀ ਕਰ ਦਿਆਂ। ਆਸ ਦੀ ਝੋਲੀ 'ਚ ਪਰਤ ਦਰ ਪਰਤ ਕਈ ਆਸ਼ਾਵਾਂ ਪਈਆਂ ਰਹਿੰਦੀਆਂ ਨੇ। ਜਿਵੇਂ ਕੋਈ ਦੇਵੀ, ਦੇਵਤਾ, ਪੀਰ, ਨਹੀਂ ਰਿਹਾ ਹੋਣਾ ਪੂਜਣ ਤੋਂ ਬਿਨਾਂ। ਦੇਵਤੇ ਤੇ ਪੀਰ ਵੀ ਮੁਸਕਰਾਏ ਹੋਣਗੇ ਅਸਹਾਏ ਬੁੱਢੀ ਉਤੇ। ਨਾ ਮੁੱਕਣ ਵਾਲੀਆਂ ਆਸ਼ਾਵਾਂ ਉਤੇ। 'ਤੇ ਆਖਿਰ ਸੁਣੀ ਹੀ ਗਈ ਦੁੱਖਾਂ ਨਾਲ ਝੰਬੀ ਔਰਤ ਦੀ। ਮੇਰੀ ਨਾਨੀ ਦਾ ਭਰਾ ਹੋਇਆ।

ਹਵੇਲੀ 'ਚ ਫੇਰ ਖੁਸ਼ੀਆਂ ਮਨਾਈਆਂ ਗਈਆਂ। ਦੇਵਤਿਆਂ ਨੇ ਲਾਜ ਰੱਖ ਲਈ ਸੀ। ਹਵੇਲੀ ਨੂੰ ਪੋਤੇ ਦੀ ਦਾਤ ਬਖਸ਼ੀ ਗਈ ਸੀ। ਦਾਦੀ ਨੇ ਜਸ਼ਨ ਮਨਾਏ। ਨੂੰਹ ਦਾ ਵਿਹੜੇ 'ਚ ਪਏ ਕਦਮ ਹੁਣ ਸਾਰਥਕ ਹੋਏ ਸਨ। ਪੋਤਰੀਆਂ ਢਕੀਆਂ ਗਈਆਂ ਸਨ। ਇਹ ਢਕਿਆ ਜਾਣਾ ਮੈਨੂੰ ਅੱਜ ਤੱਕ ਸਮਝ ਨਹੀਂ ਆਇਆ ਕਿ ਇਹ ਬਲਾ ਕੀ ਹੈ? ਛੇ ਭੈਣਾਂ ਦਾ ਇਕਲੌਤਾ ਭਰਾ। ਭੈਣਾਂ ਵਿਚੋਂ ਪੰਜਵੇਂ ਨੰਬਰ 'ਤੇ ਮੇਰੀ ਨਾਨੀ ਐ। ਨਾਨੀ ਦੱਸਦੀ ਹੁੰਦੀ ਵੀ ਮੈਂ ਤਾਂ ਸਿਰਫ ਖੇਡਦੀ ਸੀ ਜਾਂ ਭੈਣ-ਭਰਾ ਨੂੰ ਖਿਡਾਉਂਦੀ ਸੀ। ਘਰ ਦਾ ਹੋਰ ਕੋਈ ਕੰਮ ਮੈਂ ਕਦੇ ਕੀਤਾ ਹੀ ਨਹੀਂ ਸੀ। ਨਾ ਕਦੇ ਕਿਸੇ ਆਖਿਆ। ਨਾਨੀ ਦਾ ਦਾਦਾ ਉਸਦੇ ਪਿਉ ਨੂੰ ਬਹੁਤ ਸਮਝਾਉਂਦਾ ਸੀ। ਕਬੀਲਦਾਰੀ ਦੇ ਵੱਡੀ ਹੋਣ ਦੇ ਵਾਸਤੇ ਵੀ ਪਾਉਂਦਾ ਸੀ। ਪਰ ਉਹ ਪੀਣੋਂ ਨਾ ਹੱਟਦਾ। ਨਾ ਹੀ ਪਰਵਾਹ ਸੀ ਪੈਸੇ ਦੀ। ਖਰਚਦਾ ਸਿਰਫ ਪੀਣ ਪਿਲਾਉਣ ਦੇ ਲਈ।

ਦਾਦੇ ਦੀ ਮੌਤ ਹੋ ਗਈ। ਪਿਉ ਦੇ ਸਿਰ ਪੱਗ ਬੰਨੀ ਗਈ। ਫਿਰ ਪਿਉ ਨੂੰ ਧੀਆਂ ਨਜ਼ਰ ਆਈਆਂ। ਦਾਦੇ ਦੀ ਮੌਤ ਮਗਰੋਂ ਪਿਉ ਨੇ ਧੀਆਂ ਦੇ ਹੱਥ ਪੀਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਪੀਲੇ ਹੱਥ। ਅੱਜ ਦੇ ਦੌਰ 'ਚ ਰੰਗਾਂ ਦੇ ਸੁੱਚੇ ਤੇ ਪੱਕੇ ਹੋਣ ਦੀ ਆਸ ਕਰਨੀ ਬੇਮਾਨੀ ਐ। ਪੀਲਾ ਤਾਂ ਫੇਰ ਹਲਕਾ ਰੰਗ ਐ। ਛੇਤੀ ਉਡ ਜਾਣ ਵਾਲਾ। ਵਿਆਹਾਂ ਦਾ ਸਿਲਸਿਲਾ ਸ਼ੁਰੂ ਹੋਇਆ। ਵੱਡੀਆਂ ਵਿਆਹੀਆਂ ਗਈਆਂ। ਮੇਰੀ ਨਾਨੀ ਤੇ ਉਸ ਤੋਂ ਇਕ ਵੱਡੀ ਭੈਣ ਰਹਿ ਗਈਆਂ ਸਨ। ਭਾਵੇਂ ਇਸ ਸਮੇਂ ਨਾਨੀ ਦੀ ਉਮਰ ਮਹਿਜ਼ 16 ਸਾਲ ਦੀ ਸੀ ਪਰ ਰਿਸ਼ਤਿਆਂ ਦੀ ਤਲਾਸ਼ ਜੋਰਾਂ ਸ਼ੋਰਾਂ ਨਾਲ ਜਾਰੀ ਸੀ। ਜਲਦ ਹੀ ਦੋ ਭਰਾਵਾਂ ਵਾਲਾ ਘਰ ਮਿਲ ਹੀ ਗਿਆ। ਵਿਆਹ ਕਰ ਦਿੱਤਾ ਗਿਆ। ਮੁਕਲਾਵਾ ਵੱਡੀ ਦਾ ਜਾਣਾ ਸੀ। ਉਸਨੇ ਇੱਕਲੇ ਜਾਣ ਤੋਂ ਮਨਾ ਕਰ ਦਿੱਤਾ। ਛੋਟੀ ਨੂੰ ਵੀ ਨਾਲ ਹੀ ਤੋਰ ਦਿੱਤਾ ਗਿਆ।

ਗੁੱਡੀਆਂ ਅਤੇ ਗੁੱਡੇ ਵਰਗਾ ਭਰਾ ਛੁੱਟ ਗਿਆ। ਹਰਿਆਣੇ ਤੋਂ ਪੰਜਾਬ ਦੇ ਘੁੱਗ ਵਸਦੇ ਪਿੰਡ ਵਿਚ ਆ ਗਈਆਂ। ਇਥੇ ਵੱਡਾ ਪਰਿਵਾਰ ਸੀ। ਬਾਬਾ (ਦਾਦੇ ਨੂੰ ਬਾਬਾ ਆਖਦੇ ਸਨ), ਦਾਦੀ ਸੱਸ, ਸੱਸ-ਸਹੁਰਾ, ਜੇਠ-ਜਠਾਣੀ (ਭੈਣ), ਪਤੀ, ਦੋ ਨਣਦਾਂ। ਤੇ ਮੇਰੀ ਨਾਨੀ। ਖੁਲ੍ਹੇ ਵਿਹੜੇ ਵਾਲਾ ਕੱਚਾ ਘਰ ਤੇ ਖੇਤ।

ਬਾਬਾ ਸ਼ਾਂਤ ਸੁਭਾਅ। ਦਾਦੀ ਸੱਸ ਤੁਰਨ ਫਿਰਨ ਤੋਂ ਅਸਮਰੱਥ। ਦਾਦਾ ਖੇਤੀ ਕਰਦਾ। ਜੇਠ ਫੌਜ ਵਿਚ ਨੌਕਰ ਸੀ। ਪਤੀ ਪੜ੍ਹਦਾ ਸੀ। ਪਿਉ ਨੇ ਸਭ ਕੁਝ ਹੁੰਦਿਆਂ ਸੁ ਹੁੰਦਿਆਂ ਧੀਆਂ ਨੂੰ ਘਰੋਂ ਮਾੜਾ ਮੋਟਾ ਦੇ ਕੇ ਕੱਢਿਆ ਹੀ ਸੀ। ਧੀਆਂ ਲਈ ਪਿਉ ਦੇ ਘਰ ਕੁਝ ਨਹੀਂ ਸੀ। ਪਿਉ ਦਾ ਘਰ/ਜ਼ਮੀਨ ਨਾ ਧੀਆਂ ਲਈ ਉਸ ਦੇ ਘਰ ਰਹਿੰਦਿਆਂ ਸੀ ਨਾ ਉਸ ਘਰ ਤੋਂ ਵਿਦਾ ਹੋਣ ਲੱਗਿਆਂ। ਜੇ ਨਾਨੀ ਦਾ ਦਾਦਾ ਆਪਣੇ ਹੱਥੋਂ ਤੋਰਦਾ ਤਾਂ ਸ਼ਾਇਦ ਕੁਝ ਨੇੜੇ ਦੇਖ ਲੈਂਦਾ। ਜਿਥੋਂ ਦਾ ਦਾਣਾ ਪਾਣੀ ਉਥੇ ਬੰਦਾ ਚਲਾ ਹੀ ਜਾਂਦਾ ਹੈ। ਜਾਂ ਕੋਈ ਲੈ ਜਾਂਦਾ ਹੈ? ਪਰ ਕੌਣ?

ਪਤਾ ਹੋਵੇ ਜਾਂ ਨਾ। ਨਾਨੀ ਤਾਂ ਆ ਗਈ ਸੀ। ਰਸਮਾਂ ਅਤੇ ਰੀਤਾਂ 'ਚ ਬੱਝੀ। ਕੁਝ ਦਿਨ ਚਾਵਾਂ 'ਚ ਲੰਘੇ। ਫੇਰ ਸੱਸ ਨੇ ਆਪਣੀ ਭੂਮਿਕਾ ਅਦਾ ਕਰਨੀ ਸ਼ੁਰੂ ਕੀਤੀ। ਨਣਦਾਂ ਨੇ ਆਪਣੀ। ਭੈਣ ਆਪਣੇ ਆਪ ਨੂੰ ਜਠਾਣੀ ਬਨਣ ਲਈ ਪਤਾ ਨਹੀ ਕਦੋਂ ਦੀ ਤਿਆਰ ਕਰ ਚੁੱਕੀ ਸੀ। ਅਤੇ ਉਹ ਮੌਤ ਤੱਕ ਜਠਾਣੀ ਹੀ ਰਹੀ। ਮੁੜ ਕਦੇ ਭੈਣ ਨਹੀਂ ਬਣ ਸਕੀ। ਨਾਨੀ ਛੋਟੀ ਹੋਣ ਕਰਕੇ ਨਾ-ਸਮਝ ਸੀ। ਉਸਨੂੰ ਘਰ ਦਾ ਕੰਮ ਤਾਂ ਕਰਨਾ ਹੀ ਪੈਂਦਾ ਸੀ। ਉਹ ਤਾਂ ਕਰਦੀ ਹੀ ਸੀ। ਪਰ ਉਹ ਆਖਦੀ ਹੈ ਤਾਅਨੇ ਮਹਿਣੇ ਪਤਾ ਨਹੀਂ ਕਿਉਂ ਦਿੰਦੀਆਂ ਸੀ? ਇਕ ਤਾਂ ਸ਼ਾਇਦ ਇਸ ਲਈ ਕਿ ਉਸਨੂੰ ਕੰਮ ਹਾਲੇ ਕਰਨੇ ਨਹੀਂ ਸੀ ਆਉਂਦੇ। ਉਹ ਸਿਖ ਹੀ ਰਹੀ ਸੀ। ਦੂਜਾ ਸ਼ਾਇਦ ਪਤੀ ਦੇ ਫਿਲਹਾਲ ਨਾ ਕਮਾਉਂਦੇ ਹੋਣ ਕਾਰਨ। ਬਾਪ ਨੇ ਨਹੀਂ ਦਿੱਤਾ ਕੁਝ ਤਾਂ ਨੂੰਹ ਸੁਣੇ। ਪਤੀ ਨਹੀਂ ਕਰਦਾ ਕੁਝ ਤਾਂ ਨੂੰਹ ਸੁਣੇ। ਅਜਬ ਰੀਤ ਐ। ਨਾ ਕਸੂਰਵਾਰ ਬਾਪ। ਪਤੀ ਵੀ ਕਸੂਰਵਾਰ ਨਹੀਂ। ਪਰਿਵਾਰ ਵੀ ਬਰੀ ਐ ਕਿਸੇ ਲਾਂਛਣ ਤੋਂ। ਸਮਾਜ ਵੀ ਬਾਹਰ ਐ। ਪਿਉ ਦੇ ਘਰ ਵੀ। ਪਿਤਾ ਦੇ ਘਰ ਵੀ। ਸਮਾਜ ਵਿਚ ਵੀ। ਅੰਦਰ ਤੇ ਬਾਹਰ ਵੀ। ਇਥੋਂ ਤੱਕ ਕਿ ਗ਼ਲਤੀ ਉਸਦੇ ਕਪੜਿਆਂ ਦੀ ਵੀ ਹੋ ਸਕਦੀ ਹੈ। ਮਰਦ ਦੀ ਸੋਚ 'ਚ ਕਦੇ ਨਹੀਂ। ਔਰਤ ਗੁਨਾਹਗਾਰ ਹੈ। ਔਰਤ ਗੁਨਾਹ ਕਰ ਵੀ ਰਹੀ ਐ ਤੇ ਭੋਗ ਵੀ ਰਹੀ ਐ। ਇਨਸਾਫ। ਨਾ ਔਰਤ ਕੋਲ ਨਾ ਮਰਦ ਕੋਲ। ਇਨਸਾਫ। ਨਾ ਔਰਤ ਲਈ ਨਾ ਮਰਦ ਲਈ। ਬੇੜੀਆਂ ਸਭ ਲਈ।

ਕਈ ਵਾਰ ਜੀਅ ਨਹੀਂ ਕਰਦਾ ਇਨ੍ਹਾਂ ਬੇਇਨਸਾਫੀਆਂ ਦੀ ਬਾਤ ਪਾਉਣ ਲਈ। ਪਰ ਚੁੱਪ ਕਿਵੇਂ ਰਹਾਂ? ਪਰੰਪਰਾ ਅਤੇ ਆਧੁਨਿਕਤਾ 'ਚ ਲਟਕ ਰਹੀ ਐ ਸਾਡੀ ਪੀੜ੍ਹੀ। ਪਰੰਪਰਿਕ ਨਿਯਮ ਦਮ ਘੋਟੂ ਨੇ। ਆਧੁਨਿਕ ਵਿਚਾਰ ਅਤੇ ਜੀਵਨ ਸ਼ੈਲੀ ਵਾਲੇ ਲੋਕਾਂ ਨੂੰ ਬੇਗੈਰਤ ਆਖਿਆ ਜਾਂਦੈ। ਪਰ ਨਾਨੀ ਵਰਗੀਆਂ ਔਰਤਾਂ ਦਾ ਸੰਘਰਸ਼ ਜਿਊਣ ਲਈ ਰਿਹਾ। ਸਵੈ ਮਾਣ ਨਾਲ ਜਿਊਣ ਲਈ। ਜਿਸਨੂੰ ਖਤਮ ਕਰਨ ਦੀ ਕੋਸ਼ਿਸ਼ ਵਾਰ ਵਾਰ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਲਗਜ਼ਰੀ ਜੀਵਨ ਦੀ ਆਸ ਜਾਂ ਤਲਾਸ਼ ਨਹੀਂ ਸੀ। ਸਭ ਔਰਤਾਂ ਵਾਂਗ ਨਾਨੀ ਦਾ ਹਰ ਦਿਨ ਵੀ ਇਕੋ ਤਰ੍ਹਾਂ ਦੀ ਰੁਟੀਨ 'ਚ ਸ਼ਾਮਿਲ ਹੋ ਗਿਆ। ਘਰ ਦਾ ਕੰਮ ਅਤੇ ਪਸ਼ੂਆਂ ਦਾ ਕੰਮ। ਇਸ ਕੰਮ ਵਿਚ ਵੀ ਮਾਰ/ਕੁੱਟ ਦਾ ਸ਼ਿਕਾਰ ਹੋ ਜਾਣਾ। ਪਤੀ ਨਾਲ ਵੀ ਰਿਸ਼ਤਾ ਸਾਂਵਾਂ ਨਹੀਂ ਸੀ। ਜਿਵੇਂ ਘਰ ਦੇ ਹੋਰ ਜੀਅ ਉਵੇਂ ਹੀ ਉਹ। ਕਹਿੰਦੀ ਹੈ ਸ਼ਿਕਵਿਆਂ ਦਾ ਤਾਂ ਪਤਾ ਹੀ ਨਹੀਂ ਸੀ ਅਜਿਹੀ ਸਥਿਤੀ 'ਚ ਸ਼ਿਕਾਇਤ ਕੀਤੀ ਨਹੀਂ ਜਾ ਸਕਦੀ। ਪੇਕੇ ਵੀ ਕੌਣ ਰਿਹਾ ਸੀ। ਉਥੇ ਵੀ ਮਾਂ ਦੀ ਕਦੇ ਸੁਣੀ ਨਹੀਂ ਗਈ। ਹੁਣ ਤਾਂ ਪਿਉ ਦੀ ਹੀ ਚਲਦੀ ਸੀ। ਭਰਾ ਵੀ ਪਿਉ ਦੇ ਰਸਤੇ 'ਤੇ ਹੀ ਚੱਲ ਪਿਆ ਸੀ। ਉਥੇ ਜਾ ਕੇ ਕੁਝ ਦੱਸਣਾ ਦੁਖੀ ਮਾਂ ਨੂੰ ਹੋਰ ਦੁਖੀ ਕਰਨ ਵਾਲੀ ਗੱਲ ਸੀ। ਹੋਰ ਕਿਸੇ ਨੂੰ ਕੀ ਫਰਕ ਪੈਂਦਾ?

ਇਸੇ ਦੌਰਾਨ ਨਾਨੀ ਦੇ ਪੰਜ ਬੱਚੇ ਹੋਏ। ਇਕ ਕੁੜੀ ਤੇ ਚਾਰ ਮੁੰਡੇ। ਬਾਬੇ ਤੇ ਦਾਦੀ ਸੱਸ ਅਤੇ ਸਹੁਰੇ ਦੀ ਮੌਤ ਹੋ ਗਈ। ਜੇਠ ਤੇ ਜਠਾਣੀ ਵੱਖ ਹੋ ਕੇ ਰਹਿਣ ਲੱਗੇ ਸਨ। ਉਨ੍ਹਾਂ ਦੇ ਤਿੰਨ ਬੱਚੇ ਹੋਏ। ਇਕ ਕੁੜੀ ਅਤੇ ਦੋ ਮੁੰਡੇ। ਸੱਸ ਤੇ ਨਣਦਾਂ ਦੇ ਨਾਲ ਨਾਨੀ ਰਹਿੰਦੀ ਸੀ। ਖੇਤੀ ਦਾ ਕੰਮ ਨਾਨਾ ਕਰਵਾਉਂਦਾ ਸੀ ਅਤੇ ਨੌਕਰੀ ਦੀ ਤਲਾਸ਼ ਕਰਦਾ ਸੀ। ਨਾਨਕੇ ਘਰ ਦੇ ਬਾਹਰਵਾਰ ਬੀਹੀ ਜਾਂਦੀ ਹੈ। ਉਸ ਤੋਂ ਪਹਿਲਾਂ ਬਹੁਤ ਚੌੜਾ ਰਾਹ ਹੈ। ਜਿਸ ਦੀ ਮਲਕੀਅਤ ਮੇਰੇ ਨਾਨੇ ਅਤੇ ਉਸ ਦੇ ਭਰਾ ਦੇ ਨਾਂ ਹੈ। ਉਸ ਗਲੀ ਦੇ ਬਾਹਰ ਸਿਰੇ ਤੇ ਜੱਟਾਂ ਦੇ

ਘਰ ਹਨ।ਉਨ੍ਹਾਂ ਜੱਟਾਂ ਨਾਲ ਨਾਨੇ ਦੇ ਭਰਾ ਦੀ ਕਿਸੇ ਗੱਲੋਂ ਲੜਾਈ ਹੋ ਜਾਣ ਕਾਰਨ ਦੋਵੇਂ ਭਰਾਵਾਂ ਨੇ ਕਿਹਾ ਕਿ ਤੁਸੀਂ ਸਾਡੇ ਰਸਤੇ ਦੇ ਵਿਚੋਂ ਨਹੀਂ ਲੰਘ ਸਕਦੇ।ਝਗੜਾ ਵੱਧ ਗਿਆ।ਜੱਟਾਂ ਨੇ ਬਾਜ਼ੀਗਰਾਂ ਨੂੰ ਅੱਗੇ ਲਾ ਕੇ ਕੇਸ ਕਰਵਾਇਆ। ਇਹ ਕੇਸ ਕਾਫੀ ਲੰਮਾ ਚੱਲਦਾ ਰਿਹਾ। ਕੇਸ ਤਾਂ ਨਾਨੇ ਹੋਰੀਂ ਜਿੱਤ ਗਏ ਪਰ ਜ਼ਮੀਨ ਵਿਕ ਗਈ।ਉਨ੍ਹਾਂ ਪੈਸਿਆਂ ਨਾਲ ਕੇਸ ਦੌਰਾਨ ਚੜਿਆ ਕਰਜ਼ਾ ਉਤਾਰਿਆ ਅਤੇ ਭੈਣਾਂ ਦੇ ਵਿਆਹ ਕੀਤੇ। ਪਰ ਆਮਦਨੀ ਦਾ ਕੋਈ ਹਿੱਲਾ ਨਾ ਰਿਹਾ। ਨਾਨੀ ਦੱਸਦੀ ਹੁੰਦੀ ਵੀ ਬਥੇਰਾ ਕਿਹਾ ਕਾਗਜ਼ਾਂ 'ਚ ਰਸਤਾ ਆਪਣੇ ਨਾਂ ਹੈ, ਪਿੰਡ 'ਚ ਹੀ ਰਹਿਣਾ, ਜੇ ਕੋਈ ਲੰਘ ਵੀ ਜਾਂਦੈ ਤਾਂ ਕੀ ਫਰਕ ਹੈ। ਸਮਝੌਤਾ ਕਰ ਲੈਣ 'ਚ ਹੀ ਫਾਇਦਾ ਆਪਣਾ ਵੀ ਅਤੇ ਉਨ੍ਹਾਂ ਦਾ ਵੀ।ਪਰ ਹੰਕਾਰੇ ਬੰਦੇ ਕਿਥੇ ਸੁਣਦੇ ਕਿਸੇ ਦੀ।ਜ਼ਮੀਨ ਵਿਕ ਜਾਣ ਦਾ ਉਹ ਦੁਖ ਦੁਬਾਰਾ ਜ਼ਮੀਨ ਬਣਾ ਲੈਣ 'ਤੇ ਵੀ ਨਹੀਂ ਮੁੱਕਿਆ।ਉਦੋਂ ਤਾਂ ਉਮੀਦ ਨਹੀਂ ਸੀ ਵੀ ਦੁਬਾਰਾ ਬਣ ਜਾਊ ਜ਼ਮੀਨ। ਜੁਆਕ ਛੋਟੇ ਸਨ। ਕਬੀਲਦਾਰੀ ਭਾਰੀ ਸੀ। ਨਾਨੇ ਨੂੰ ਥਾਪਰ ਕਾਲਜ ਵਿਚ ਕਲਰਕ ਦੀ ਨੌਕਰੀ ਮਿਲੀ।ਕੰਮ ਠੀਕ ਰੁੜ ਪਿਆ।ਪਸ਼ੂ ਘਰ ਹੋਣ ਕਰਕੇ ਦੁੱਧ ਘੀ ਦੀ ਮੁਹਤਾਜੀ ਨਹੀਂ ਸੀ।ਖਾਣ ਪੀਣ ਠੀਕ ਰਿਹਾ। ਥਾਪਰ ਕਾਲਜ ਵਾਲੀ ਨੌਕਰੀ ਕੁਝ ਸਮੇਂ ਬਾਅਦ ਛੁੱਟ ਗਈ। ਫਿਰ ਬਹਾਦਰਗੜ੍ਹ ਐਸਕੋਰਟ ਫੈਕਟਰੀ 'ਚ ਕੰਮ ਮਿਲ ਗਿਆ।ਉਹ ਪਤਾ ਨਹੀਂ ਨਾਨੇ ਦੀ ਤਬੀਅਤ ਨੂੰ ਰਾਸ ਨਹੀਂ ਆਇਆ ਜਾਂ ਕੀ।ਪਰ ਉਹ ਨੌਕਰੀ ਵੀ ਛੱਡ ਦਿੱਤੀ ਗਈ।ਕੁਝ ਸਮਾਂ ਘਰ ਰਹਿ ਕੇ ਨਾਨੇ ਨੇ ਪੰਚਕੂਲੇ ਬਣ ਰਹੇ ਸਿਨੇਮੇ ਵਿਚ ਕੰਮ ਕਰ ਰਹੇ ਮਜ਼ਦੂਰਾਂ ਦੀ ਸੁਪਰਵਾਈਜ਼ਰੀ ਦਾ ਕੰਮ ਸੰਭਾਲ ਲਿਆ। ਪਰ ਉਥੇ ਜਿੰਨੀ ਤਨਖਾਹ ਮਿਲਦੀ ਸੀ ਉਸ ਵਿਚੋਂ ਘਰ ਭੇਜਣ ਲਈ ਕੁਝ ਨਹੀਂ ਸੀ ਬਚਦਾ। ਉਥੇ ਰਹਿੰਦਿਆਂ ਹੀ ਨਾਨੇ ਨੇ ਜਨਮ ਕੁੰਡਲੀ ਦੇਖਣਾ ਸਿੱਖਿਆ। ਨਾਨਾ ਜੀ ਦੀਆਂ ਬਾਤਾਂ ਫੇਰ ਕਦੀ ਸੁਣਾਉਂ।ਹੁਣ ਨਾਨੀ ਨੂੰ ਚਿੰਤਾ ਘੱਟ ਸੀ।ਬੱਚੇ ਵੱਡੇ ਹੋ ਚੁੱਕੇ ਸਨ।ਮੇਰੀ ਮਾਂ ਭੈਣ ਭਰਾਵਾਂ ਵਿਚ ਦੂਜੇ ਨੰਬਰ 'ਤੇ ਸੀ।ਉਹ ਨਾਨੀ ਨਾਲ ਘਰ ਦੇ ਕੰਮ ਕਰਾ ਦਿੰਦੀ ਅਤੇ ਮਾਮੇ ਹੁਰੀਂ ਮੱਝਾਂ ਦਾ ਕੰਮ ਵਾਰੀ ਸਿਰ ਕਰ ਲਿਆ ਕਰਦੇ ਸਨ।

ਮੇਰੇ ਵੱਡੇ ਮਾਮਾ ਜੀ ਨੇ ਦਸਵੀਂ ਤੋਂ ਬਾਅਦ ਨਾਲ ਪੜ੍ਹਾਈ ਜਾਰੀ ਰੱਖਦੇ ਹੋਏ ਡਾਕਟਰ ਨਾਲ ਉਸਦੇ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਕੰਮ ਆਮਦਨ ਦਾ ਵਸੀਲਾ ਵੀ ਬਣ ਗਿਆ ਸੀ।ਮੇਰੀ ਮਾਂ ਅੱਠਵੀਂ ਜਮਾਤ ਵਿਚ ਘਨੌਰ ਬਲਾਕ ਵਿਚੋਂ ਫਸਟ ਆਈ। ਦੱਸਦੇ ਨੇ ਕਿ ਕਿਸੇ ਨੂੰ ਕਹਿਣ ਦੀ ਲੋੜ ਨਹੀਂ ਸੀ ਪਈ ਵਿਹੜਾ ਜਵਾਕਾਂ ਨਾਲ ਭਰਣਾ ਸ਼ੁਰੂ ਹੋ ਗਿਆ ਸੀ। ਕਿਸੇ ਨੂੰ ਨਹੀਂ ਕਿਹਾ ਕਿ ਫੀਸ ਦਿਉ।ਫੇਰ ਵੀ ਪਰਸ ਪੈਸਿਆਂ ਨਾਲ ਭਰਿਆ ਰਹਿੰਦਾ।ਉਹ ਰੁਪਏ ਵਾਧੂ ਲੱਗਦੇ ਸਨ।ਮਾਂ ਤੋਂ ਦੋ ਛੋਟੇ ਭਰਾ ਇਕ ਇਕ ਕਰਕੇ ਫੌਜ ਵਿਚ ਭਰਤੀ ਹੋ ਗਏ। ਸਭ ਤੋਂ ਛੋਟਾ ਸਕੂਲ ਪੜ੍ਹਦਾ ਸੀ। ਨਾਨੀ ਨੂੰ ਜਾਪਦਾ ਸੀ ਕਿ ਹੁਣ ਤਾਂ ਕੋਈ ਦੁੱਖ ਹੀ ਨਹੀਂ। ਨਾਨਾ ਜੀ ਪੰਚਕੂਲੇ ਤੋਂ ਹਰਿਦੁਆਰ ਪਹੁੰਚ ਗਏ ਸਨ ਆਪਣੀ ਸਾਧਨਾ ਕਰਦੇ ਹੋਏ।

ਚੰਗੇ ਤੇ ਮਾੜੇ ਦਿਨ ਬੀਤ ਹੀ ਜਾਂਦੇ ਨੇ।ਮੇਰੇ ਵੱਡੇ ਮਾਮਾ ਜੀ ਦਾ ਰਿਸ਼ਤਾ ਪੱਕਾ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਵਿਆਹ ਭੈਣ ਦੇ ਵਿਆਹ ਤੋਂ ਬਾਅਦ ਕਰਵਾਵਾਂਗਾ।ਮੇਰੀ ਮਾਂ ਬੀ.ਏ. ਫਾਈਨਲ ਕਰ ਰਹੀ ਸੀ। ਨਾਨਾ ਜੀ ਤਾਂ ਘੱਟ ਵੱਧ ਹੀ ਪਿੰਡ ਆਉਂਦੇ ਸਨ।ਮਾਂ ਦੇ ਤਾਇਆ ਜੀ ਫੌਜ ਦੀ ਨੌਕਰੀ ਛੱਡ ਕੇ ਵਾਪਿਸ ਆ ਗਏ ਸਨ। ਇਥੇ ਆ ਕੇ ਅਖਬਾਰ ਵੇਚਣ ਦਾ ਕੰਮ ਕਰਦੇ ਸਨ।ਤਾਇਆ ਜੀ ਨੂੰ ਮੇਰੇ ਪਿਤਾ ਬਾਰੇ ਕਿਸੇ ਤੋਂ ਪਤਾ ਲੱਗਿਆ। ਆਖਿਰ ਨੂੰ ਇਹ ਰਿਸ਼ਤਾ ਪੱਕਾ ਹੋ ਗਿਆ। ਨਾਨਾ ਜੀ ਨੇ ਅੱਜ ਤੱਕ ਆਪਣੇ ਭਰਾ ਦੀ ਕੋਈ ਗੱਲ ਨਹੀਂ ਸੀ ਟਾਲੀ ਇਹ ਵੀ ਨਹੀਂ।ਮੇਰੀ ਮਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਸਾਲ ਬਾਅਦ ਮੇਰਾ ਜਨਮ ਹੋਇਆ।ਮੇਰੇ ਜਨਮ ਦੇ ਕੁਝ ਮਹੀਨਿਆਂ ਬਾਅਦ ਮੇਰੇ ਵੱਡੇ ਮਾਮਾ ਜੀ ਦੀ ਟਰੱਕ ਨਾਲ ਹੋਏ ਐਕਸੀਡੈਂਟ ਕਾਰਨ ਮੌਤ ਹੋ ਗਈ। ਇਸ ਮੌਤ ਨੇ ਨਾਨੀ ਅਤੇ ਮਾਂ ਨੂੰ ਢਹਿ ਢੇਰੀ ਕਰ ਦਿੱਤਾ।ਕੁਝ ਹੋਸ਼ ਨਾ ਰਹੀ ਉਨ੍ਹਾਂ ਨੂੰ।ਅਧਮੋਇਆਂ ਵਰਗੀ ਹਾਲਤ ਸੀ।ਹੋਣੀ ਨੂੰ ਕੌਣ ਟਾਲ ਸਕਦੈ?

ਦਿਨ ਇਹ ਵੀ ਬੀਤ ਗਏ। ਸਮਾਂ ਕਦੇ ਨਹੀਂ ਰੁਕਦਾ। ਕਿਸੇ ਲਈ ਨਹੀਂ ਰੁਕਦਾ। ਪਰ ਮਨ ਅੰਦਰ ਪਏ ਘਾਉ ਮਿਟਦੇ ਨਹੀਂ। ਵਕਤ ਨਾਲ ਹੋਰ ਤਿੱਖੇ ਹੋ ਕੇ ਚੁੱਭਦੇ ਨੇ। ਨਾਨੀ ਨੇ ਇਹ ਜ਼ਖ਼ਮ ਵੀ ਸਹਿ ਲਿਆ। ਉਹ ਰਿਸ਼ਤਾ ਦੂਜੇ ਮਾਮੇ ਲਈ ਮੰਗ ਲਿਆ ਗਿਆ। ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ। ਇਸ ’ਚ ਕਿਸੇ ਦੀ ਧੀ ਦਾ ਕੀ ਦੋਸ਼ ਸੀ? ਨਾਨੀ ਨੂੰ ਇੰਝ ਇਹ ਰਿਸ਼ਤਾ ਛੱਡਣਾ ਗਵਾਰਾ ਨਹੀਂ ਸੀ। ਤਿੰਨੋਂ ਮੁੰਡੇ ਵਿਆਹੇ ਗਏ। ਰੱਬ ਨੇ ਭਾਗ ਲਾਏ।

ਨਾਨੀ ਸੱਸ ਬਣ ਗਈ ਸੀ। ਉਸ ਥਾਂ ਤੇ ਖੜੀ ਸੀ ਜਿਥੇ ਕਦੀ ਉਸ ਦੀ ਸੱਸ ਨੇ ਤਾਅਨੇ ਦਿੱਤੇ ਸਨ। ਪਰ ਨਾਨੀ ਨੇ ਆਪਣੀ ਸੱਸ ਵਰਗਾ ਰੋਲ ਅਦਾ ਨਹੀਂ ਕੀਤਾ। ਕਦੇ ਨੂੰਹਾਂ ਨੂੰ ਪੁੱਤਾਂ ਦੇ ਮੁਕਾਬਲੇ ’ਚ ਰੱਖ ਕੇ ਮਾੜਾ ਨਹੀਂ ਕਿਹਾ। ਇਹ ਨਹੀਂ ਕਿ ਰੋਅਬ ਨਹੀਂ ਰੱਖਦੀ। ਰੋਅਬ ਦੇ ਨਾਲ ਨਾਲ ਵਿਹਾਰਕ ਸਮਝ ਐ ਜਿਊਣ ਦੀ। ਰਿਸ਼ਤੇ ਨਿਭਾਉਣ ਦੀ। ਉਹ ਹਮੇਸ਼ਾਂ ਸੱਚ ਦੇ ਨਾਲ ਹੁੰਦੀ ਐ। ਉਹ ਸੱਚ ਚਾਹੇ ਪੁੱਤ ਦੇ ਖਿਲਾਫ਼ ਹੋਵੇ ਜਾਂ ਪਤੀ ਦੇ। ਨਾਨੀ ਸੱਚੀ ਗੱਲ ਕਹਿਣ ਤੋਂ ਕਦੇ ਨਹੀਂ ਝਿਜਕੀ। ਆਪਣੇ ਆਪ ਨੂੰ ਕਦੇ ਕਿਸੇ ਮੂਹਰੇ ਨੀਵਾਂ ਨਹੀਂ ਹੋਣ ਦਿੱਤਾ। ਵਿਚਕਾਰਲੇ ਮਾਮੇ ਨੇ ਵੱਖ ਹੋ ਕੇ ਸ਼ਹਿਰ ਰਹਿਣ ਦੀ ਜ਼ਿੱਦ ਕੀਤੀ ਤਾਂ ਰੋਕਿਆ ਨਹੀਂ। ਉਸ ਦੀਆਂ ਕਈ ਹਰਕਤਾਂ ਨਾਨੀ ਦੇ ਸੁਭਾਅ ਦੇ ਮੇਚ ਨਹੀਂ ਸਨ ਆਉਂਦੀਆਂ। ਨਾਨੀ ਨੇ ਪੁੱਤਰ ਮੋਹ ਕਾਰਣ ਕਦੇ ਉਸ ਨਾਲ ਸਮਝੌਤਾ ਨਹੀਂ ਕੀਤਾ। ਦੁੱਖ ’ਚ ਉਸ ਦਾ ਸਾਥ ਦਿੱਤਾ। ਪਰ ਕਦੇ ਮੋਹ ਹੱਥੋਂ ਬੇਵੱਸ ਹੋ ਕੇ ਮੈਂ ਕਦੇ ਵੀ ਨਾਨੀ ਦੇ ਮੂੰਹੋਂ ਮਾਮੇ ਨੂੰ ਸਹੀ ਕਹਿੰਦਿਆਂ ਨਹੀਂ ਸੁਣਿਆ। ਜਿਹੜਾ ਗ਼ਲਤ ਐ ਉਹ ਉਸਦੀਆਂ ਨਜ਼ਰਾਂ ਤੋਂ ਲਹਿ ਜਾਂਦੈ।

ਨਾਨੀ ਨੇ ਕਦੇ ਵੀ ਕਿਸੇ ਤੋਂ ਕੋਈ ਪੈਸਾ ਉਧਾਰ ਨਹੀਂ ਮੰਗਿਆ। ਕਿਸੇ ਕੋਲ ਬੈਠ ਕੇ ਘਰ ਦੇ ਹਾਲਾਤਾਂ ਬਾਰੇ ਰੋਈ ਨਹੀਂ। ਆਪਣੇ ਪੇਕਿਆਂ ਅੱਗੇ ਕਦੇ ਹੱਥ ਨਹੀਂ ਅੱਡਿਆ। ਮੈਂ ਨਾਨੀ ਨੂੰ ਕਦੇ ਮੰਦਰ ਜਾਂ ਗੁਰੂਦੁਆਰੇ ਜਾਂਦੇ ਨਹੀਂ ਵੇਖਿਆ। ਤੀਰਥਾਂ ਤੇ ਜਾਣ ਦਾ ਸ਼ੌਂਕ ਵੀ ਨਹੀਂ। ਪਰ ਨਾਨੀ ਨੇ ਕਦੇ ਖੇੜੇ ਜਾਣ ਦੀ ਰੁਟੀਨ ਅਤੇ ਸੋਮਵਾਰ ਦਾ ਵਰਤ ਰੱਖਣਾ ਨਹੀਂ ਖੁੰਝਾਇਆ। ਖੇੜੇ ਨਾਨੀ ਮੂੰਹ ਹਨੇਰੇ ਹੀ ਜਾ ਆਉਂਦੀ ਐ। ਪਿੰਡ ’ਚ ਲੱਗਦੇ ਦੀਵਾਨਾਂ ’ਚ ਵੀ ਕਦੇ ਨਹੀਂ ਗਈ। ਨਾਨੀ ਦੀ ਇਕ ਸਹੇਲੀ ਐ। ਬਾਂਗਰ ਦੀ ਹੋਣ ਕਰਕੇ ਉਹ ਪਿੰਡ ਵਿਚ ’ਤੇ ਸਾਡੇ ਘਰ ਵਿਚ ਵੀ ਬਾਂਗਰੋਂ ਦੇ ਨਾਂ ਨਾਲ ਮਸ਼ਹੂਰ ਐ। ਬਾਂਗਰੋਂ ਨਾਨੀ ਹਰ ਥਾਂ ਜਾਂਦੀ ਐ। ਭਾਵੇਂ ਦੂਰ ਹੋਵੇ ਜਾਂ ਨੇੜੇ। ਜਾਣ ਤੋਂ ਪਹਿਲਾਂ ਨਾਨੀ ਤੋਂ ਪੁੱਛਦੀ ‘ਸ਼ਾਂਤੀ ਤੂੰ ਵੀ ਚਲ।’ ਨਾਨੀ ਦਾ ਇਕੋ ਜਵਾਬ ਹੁੰਦੈ, ‘ਮੈਥੋਂ ਨੀ ਧੱਕੇ ਖਾਏ ਜਾਂਦੇ।’ ਨਾਨੀ, ਬਾਂਗਰੋਂ ਨਾਨੀ ਨੂੰ ਕਹਿ ਵੀ ਦਿੰਦੀ ਐ, ‘ਘਰ ਦਾ ਕੰਮ ਤੇਰੇ ਤੋਂ ਹੁੰਦਾ ਨੀ ਬਾਹਰ ਤੁਰੀ ਰਿਹਾ ਕਰ।’ ਬਾਂਗਰੋਂ ਨਾਨੀ ਹੱਸ ਕੇ ਗੱਲਾਂ ਦੀ ਨਾ ਮੁੱਕਣ ਵਾਲੀ ਲੜੀ ਤੋਰ ਲੈਂਦੀ ਐ। ਉਸ ਕੋਲ ਸਾਰੇ ਪਿੰਡ ਦੀਆਂ ਮਸਾਲੇਦਾਰ ਗੱਲਾਂ ਦਾ ਟੋਕਰਾ ਭਰਿਆ ਹੁੰਦਾ।

ਨਾਨੀ ਤੇ ਮਾਂ ਤੋਂ ਵਿਰਸੇ ’ਚ ਮਿਲਿਆ ਮੈਨੂੰ ਸਵੈਮਾਣ ਦਾ ਹੌਸਲਾ। ਕੁਝ ਹਾਸਿਲ ਕਰਨ ਲਈ ਤਿਆਗ ਅਤੇ ਸਹੀ ਚੋਣ ਦੀ ਲੋੜ ਹੁੰਦੀ ਐ। ਚੋਣ ਕਰਨ ਦੀ। ਚੋਣ ਕਰਨ ਦਾ ਅਧਿਕਾਰ ਕਦੇ ਵੀ ਕਿਸੇ ਨੂੰ ਵੀ ਟੋਕਨ ਵਾਂਗ ਨਹੀਂ ਦਿੱਤਾ ਜਾਵੇਗਾ। ਖੋਹਣਾ ਜਾਂ ਹਾਸਿਲ ਕਰਨਾ ਪਵੇਗਾ। ਇਸ ਲਈ ਤੁਹਾਡੇ ਪੱਲੇ ’ਚ ਸੱਚ ਤੇ ਬਹਾਦਰੀ ਦਾ ਗੁਣ ਹੋਣਾ ਚਾਹੀਦੈ। ਇਨ੍ਹਾਂ ਗੁਣਾਂ ਦੇ ਮਾਲਕ ਨੂੰ ਨਾਲਾਇਕ, ਝੂਠੇ, ਚੁਗਲਖੋਰ ਅਤੇ ਚਾਪਲੂਸ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਤੋਂ ਸੱਖਣਾ ਰਹਿਣਾ ਮਨਜ਼ੂਰ ਕਰਨਾ ਹੋਵੇਗਾ। ਇਨ੍ਹਾਂ ਸਭ ਤੋਂ ਬਾਵਜੂਦ ਹੋਰ ਕਈ ਤਰ੍ਹਾਂ ਦੀਆਂ ਨਮੋਸ਼ੀਆਂ ਸਹਿਣੀਆਂ ਹੋਣਗੀਆਂ। ਜਿਹੜੀਆਂ ਭ੍ਰਿਸ਼ਟ ਬੰਦਿਆਂ ਨੂੰ ਅਣਦੇਖਿਆ ਕਰਨ ਅਤੇ ਸ਼ਾਂਤ ਚਿੱਤ ਰਹਿਣ ਦੇ ਬਾਵਜੂਦ ਵੀ ਤੁਹਾਨੂੰ ਮਿਲਣਗੀਆਂ। ਥੁੜਾਂ ਦੇ ਬਾਵਜੂਦ ਆਪਣੇ ਸਵੈਮਾਣ ਨੂੰ ਬਰਕਰਾਰ ਰੱਖਣ ਵਾਲੀਆਂ ਇਹ ਔਰਤਾਂ ਮੈਨੂੰ ਚੰਗੀਆਂ ਲਗਦੀਆਂ ਨੇ। ਇਹ ਤੇ ਇਨ੍ਹਾਂ ਜਿਹੀਆਂ ਹੋਰ ਔਰਤਾਂ ਵੀ ਚੰਗੀਆਂ ਲੱਗਦੀਆਂ। ਉਹ ਬੰਦੇ ਵੀ ਚੰਗੇ ਲੱਗਦੇ ਨੇ, ਜਿਹੜੇ ਇਨ੍ਹਾਂ ਦੇ ਅਦਿਸਦੇ ਸੰਘਰਸ਼ ’ਚ ਇਨ੍ਹਾਂ ਨਾਲ ਖੜਦੇ ਨੇ। **ਸੰਪਰਕ-98724-27960**

# ਮੇਰੇ ਪੁਰਖੇ/-ਦਵਿੰਦਰ ਕੌਰ (ਕੈਨੇਡਾ)

ਕਹਿੰਦੇ ਨੇ ਜਦੋਂ ਵੀ ਕੋਈ ਚੰਗਾ ਕਾਰਜ ਕਰਨ ਲਈ ਪਹਿਲਾਂ ਕਦਮ ਚੁਕੋ ਉਸ ਘੜੀ ਆਪਣੇ ਵੱਡਿਆਂ ਕੋਲੋਂ ਅਸੀਸ ਜ਼ਰੂਰ ਲੈਣੀ ਚਾਹੀਦੀ ਹੈ। ਇਸ ਵੇਲੇ ਮੇਰੇ ਕੋਲ ਨੇੜੇ ਤੇੜੇ ਕੋਈ ਨਹੀਂ ਸੀ, ਜਿਹਦੀ ਮੈਂ ਅਸੀਸ ਲੈ ਸਕਦੀ ਸੋ ਲੇਖ ਲਿਖਣ ਲੱਗੀਆਂ ਅੱਖਾਂ ਬੰਦ ਕਰ ਆਪਣੇ ਪੁਰਖਿਆਂ ਨੂੰ ਚੇਤੇ ਕਰ ਲਿਆ ਤੇ ਆਪਣੀ ਕਲਮ ਨੂੰ ਮੈਂ ਇੱਕ ਰੁੱਖ ਦੀ ਜੜ੍ਹ ਨਾਲ ਛੂਆ ਲੈ ਆਈ। ਹੁਣ ਕਈ ਪਾਠਕ ਦੇ ਮਨ ਇਸ ਦੁਚਿੱਤੀ ਵਿਚ ਹੋਣਗੇ ਕੀ ਆਹ ਕੀ ਨਵੀਂ ਗੱਲ ਹੋਈ ਭਲਾ?

ਹਾ ਹਾ ਹਾ ਗੱਲ ਕੁਝ ਨੀ ਇਹ ਮੇਰੀ ਆਪਣੀ ਧਾਰਨਾ ਹੈ, ਕਿਉਂਕਿ ਮੈਂ ਇੱਕ ਲੱਭ ਅਰਸੇ ਤੋਂ ਪਰਦੇਸ਼ ਵਿਚ ਕੱਲੀ ਰਹਿੰਦੀ ਹਾਂ ਪਰਿਵਾਰ ਦਾ ਮੋਹ ਤੇ ਸਾਥ ਕਿੰਨਾ ਲੋੜੀਂਦਾ ਹੁੰਦਾ, ਕੋਈ ਸਾਨੂੰ ਪਰਦੇਸੀਆਂ ਨੂੰ ਪੁੱਛੇ। ਦਰਅਸਲ ਜਦੋਂ ਮੈਨੂੰ ਕੋਈ ਗੱਲ ਕਰਨ ਨੂੰ ਨਹੀਂ ਲਭਦਾ ਤਾਂ ਮੈਂ ਕਿਤਾਬ ਪੜ੍ਹਦੀ ਹਾਂ ਤੇ ਜੇ ਉਸ ਤੋਂ ਵੀ ਮਨ ਉਚਾਟ ਹੋ ਜਾਏ ਫਿਰ ਮੈਂ ਘਰੋਂ ਬਾਹਰ ਕਿਸੇ ਪਾਰਕ 'ਚ ਬੈਂਚ ਤੇ ਬੈਠ ਹਵਾ ਨਾਲ, ਚਿੜੀਆਂ ਨਾਲ, ਫੁੱਲ ਪੱਤਿਆਂ ਨਾਲ, ਰੁੱਖਾਂ ਨਾਲ ਗੱਲਾਂ ਕਰ ਦੀ ਹੌਲਾ ਕਰ ਲੈਂਦੀ ਹਾਂ।

ਮੇਰੀ ਚੰਗੀ ਕਿਸਮਤ ਨੂੰ ਜੇ ਕਿਤੇ ਪਹਾੜ, ਬੱਦਲ ਤੇ ਕੋਈ ਨਦੀ ਝਰਨਾ ਲੱਭ ਜਾਵੇ ਫੇਰ ਤਾਂ ਸੋਨੇ ਤੇ ਸੁਹਾਗਾ ਹੋ ਜਾਂਦਾ। ਇਹ ਸਭ ਮੈਂ ਆਪਣੇ ਅਸਲ ਪੁਰਖਿਆਂ ਤੋਂ ਅਸ਼ੀਰਵਾਦ ਲੈਣ ਲਈ ਹੀ ਕਰਦੀ ਹਾਂ। ਜਿਵੇਂ ਮਾਪਿਆਂ ਦੀ ਬੁੱਕਲ 'ਚ ਸਿਰ ਧਰ ਸਕੂਨ ਮਿਲਦਾ ਸੱਚ ਮੰਨਣਾ ਇੰਨ ਬਿੰਨ ਉਹੀ ਸਕੂਨ ਕੁਦਰਤ ਦੀ ਸੋਹਣੀ ਬੁੱਕਲ ਵਿੱਚ ਵੀ ਹੈ। ਅਸੀਂ ਸਾਰੇ ਕੰਮਾਂ ਕਾਰਾਂ ਦੇ ਰੁਝੇਵੇਆਂ 'ਚ ਆਪਣੇ ਪੁਰਖਿਆਂ ਨੂੰ ਤਾਂ ਦੂਰ ਕਿਤੇ ਭੁੱਲ ਭਲਾ ਦਿੱਤਾ। ਸਾਇਦ ਤਾਂ ਹੀ ਅੱਜ ਸਾਡੀ ਆਪਣੀ ਹੋਂਦ ਖਤਰੇ ਵਿਚ ਪੈ ਗਈ।

ਦੋਸਤੋ ! ਮੈਂ ਆਪਣੇ ਪੁਰਖਿਆਂ ਤੋਂ ਪਹਿਲਾਂ ਜ਼ਰੂਰੀ ਸਮਝਦੀ ਹਾਂ, ਤੁਹਾਨੂੰ ਸਭ ਨੂੰ ਸਾਡੇ ਸਭ ਦੇ ਸਾਂਝੇ ਪੁਰਖਿਆਂ ਨਾਲ ਜਾਣੂੰ ਕਰਵਾਣਾ। ਇਨਸਾਨ ਦੀ ਹੋਂਦ ਕੁਦਰਤ ਬਿਨਾ ਅਧੂਰੀ ਹੈ। ਗੁਰੂ ਨਾਨਕ ਜਪੁਜੀ ਸਾਹਿਬ ਦੇ ਅੰਤਲੇ ਭਾਗ ਵਿੱਚ ਫੁਰਮਾਉਂਦੇ ਹਨ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਭਾਵ-ਹਵਾ ਗੁਰੂ ਹੈ, ਜਲ ਬਾਬਲ, ਧਰਤੀ ਵੱਡੀ ਅੰਮੜੀ, ਅਤੇ ਦਿਨ ਤੇ ਰੈਣ ਦੋਨੋ, ਉਪ ਪਿਤਾ ਤੇ ਉਪ ਮਾਤਾ ਹਨ, ਜਿਨ੍ਹਾਂ ਦੀ ਗੋਦੀ ਵਿੱਚ ਸਾਰਾ ਜਹਾਨ ਖੇਡਦਾ ਹੈ। ਸੋ ਹੁਣ ਤੁਹਾਨੂੰ ਮੇਰਾ ਰੁੱਖ ਦੀ ਜੜ ਕੋਲੋਂ ਧਰਤੀ ਮਾਂ ਕੋਲੋਂ ਅਸੀਸ ਲੈਣ ਵਾਲੀ ਗੱਲ ਜ਼ਰੂਰ ਸਮਝ ਆ ਗਈ ਹੋਣੀ ਹੈ। ਜ਼ਿੰਦਗੀ ਵਿਚ ਇਨਸਾਨ ਨੂੰ ਬਹੁਤ ਕੁਝ ਉਹਦੇ ਵਿਰਸੇ ਵਿਚ ਮਿਲਦਾ ਹੈ। ਜਿਵੇਂ ਨੈਣ ਨਕਸ਼, ਘਰ ਜ਼ਮੀਨ ਤੇ ਕੁਝ ਚੰਗੀਆਂ ਬੁਰੀਆਂ ਆਦਤਾਂ ਵੀ, ਜੋ ਸਾਡੇ ਖ਼ੂਨ ਵਿਚ ਹੀ ਹੁੰਦੀਆਂ ਸਨ। ਮੈਨੂੰ ਅਕਸਰ ਇਸ ਗੱਲ ਤੇ ਮਾਣ ਰਿਹਾ ਕੀ ਮੈਂ ਇੱਕ ਨੇਕਦਿਲ ਪਿਤਾ ਦੀ ਬੇਟੀ ਹਾਂ ਤੇ ਨੇਕਬਖ਼ਤ ਔਰਤ ਨੇ ਮੈਨੂੰ ਕੇਵਲ ਜੰਮਿਆ ਹੀ ਨਹੀਂ ਉਹ ਤਾਂ ਹੁਣ ਵੀ ਮੈਨੂੰ ਕੁੱਖ ਵਿਚਲੇ ਭਰੂਣ ਵਾਂਗ ਆਪਣੇ ਸਾਹਾਂ ਨਾਲ ਪਾਲਦੀ ਹੈ। ਮੇਰੇ ਮਾਪਿਆਂ ਦੇ ਮਾਪੇ ਭਾਵ ਮੇਰੇ ਦਾਦਾ ਦਾਦੀ ਤੇ ਪੜਦਾਦਾ ਪੜਦਾਦੀ, ਨਾਨਾ ਨਾਨੀ ਤੇ ਪੜਨਾਨਾ ਪੜਨਾਨੀ। ਆਓ ਇਹਨਾਂ ਸੋਹਣੀਆਂ ਰੂਹਾਂ ਨਾਲ ਮਿਲਦੇ ਹਾਂ।

ਮੇਰਾ ਪਿਤਾ ਦਾ ਜਨਮ ਬਹੁਤ ਅਮੀਰ ਪਰਿਵਾਰ ਵਿਚ ਹੋਇਆ। ਦਾਦਾ ਜੀ ਦੀ ਸ਼ਹਿਰ ਤੇ ਪਿੰਡ ਵਿਚ ਚੰਗੀ ਜ਼ਮੀਨ ਜਾਇਦਾਦ ਤੇ ਟਰਾਂਸਪੋਰਟ ਦਾ ਕੰਮ ਕਾਰ ਹੋਣ ਕਰਕੇ ਅਫ਼ਸਰਾਂ ਨਾਲ ਉੱਠਣੀ

ਬਹਿਣੀ ਸੀ। ਸਾਡੇ ਘਰ ਵਿਚ ਖੇਤੀ ਕਰਨ ਲਈ ਸਾਰੇ ਸੰਦ ਮੌਜੂਦ ਸਨ ਤੇ ਬਾਹਰ ਆਉਣ ਜਾਣ ਲਈ ਅੰਬੇਸਡਰ ਕਾਰ। ਉਹਨਾਂ ਵੇਲੇਆਂ 'ਚ ਕਾਰ ਗਿਣਤੀ ਦੇ ਲੋਕਾਂ ਕੋਲ ਹੁੰਦੀ ਸੀ। ਅਫ਼ਸਰ ਮਨਿਸਟਰ ਸਭ ਘਰ ਆ ਕੇ ਮਿਲ ਕੇ ਜਾਂਦੇ ਕਾਰਨ ਮੇਰੇ ਦਾਦਾ ਜੀ 'ਗਿਆਨੀ ਪਿਆਰਾ ਸਿੰਘ ਜੀ' ਦਾ ਚੰਗਾ ਸੁਭਾਅ ਤੇ ਬੋਲ ਬਾਣੀ ਸੀ। ਉਹਨਾਂ ਕਦੇ ਕਿਸੇ ਦੀ ਮਦਦ ਕਰਨ ਤੋਂ ਇਨਕਾਰ ਨਹੀਂ ਸੀ ਕੀਤਾ। ਬੜੇ ਰੋਹਬ ਵਾਲੇ ਛੇ ਫੁੱਟ ਲੰਮੇ ਸਰਦਾਰ ਚਿੱਟੀ ਕਮੀਜ਼, ਚਿੱਟੀ ਪੱਗ ਤੇ ਚਾਦਰਾ ਬੰਨ੍ਹ ਕੇ ਰੱਖਦੇ ਸੀ। ਇਹ ਦਰਿਆ ਦਿਲ ਰੂਪ ਆਪਣੀ ਜ਼ਿੰਦਗੀ ਦੀਆਂ ਸਿਰਫ਼ 42 ਰੁੱਤਾਂ ਵੇਖ ਇਸ ਜਹਾਨ ਤੋਂ ਰੁਖ਼ਸਤ ਹੋ ਗਏ।

ਮੇਰੇ ਪਾਪਾ ਉਦੋਂ 12 ਵਰ੍ਹੇ ਦੇ ਹੀ ਸਨ ਜਦੋਂ ਦਾਦਾ ਜੀ ਆਪਣੇ ਪਿੱਛੇ ਦਾਦੀ ਜੀ, ਤਿੰਨ ਪੁੱਤਰ, ਦੋ ਧੀਆਂ ਨੂੰ ਛੱਡ ਗਏ। ਦਾਦਾ ਜੀ ਦਾ ਹਰਨੀਆਂ ਦੇ ਅਪਰੇਸ਼ਨ ਦੌਰਾਨ ਡਾਕਟਰ ਦੀ ਅਣਗਹਿਲੀ ਕਾਰਨ ਪੇਟ ਵਿਚੋਂ ਖ਼ੂਨ ਦੀ ਨੱਸ ਕੱਟੀ ਗਈ, ਡਾਕਟਰ ਇਸ ਗੱਲ ਦਾ ਉਹਲਾ ਰੱਖ ਛੁੱਟੀ ਤੇ ਚਲਾ ਗਿਆ। ਵੱਧ ਮਾਤਰਾ ਵਿਚ ਖ਼ੂਨ ਵਹਿ ਜਾਣ ਕਾਰਨ ਉਹ ਅਕਾਲ ਚਲਾਣਾ ਕਰ ਗਏ। ਉਹਨਾਂ ਦੀ ਮੌਤ ਤੋਂ ਇਕ ਦਿਨ ਪਹਿਲਾਂ ਪਾਪਾ ਨੇ 12 ਵਰ੍ਹੇ ਦੀ ਉਮਰ 'ਚ ਝੋਨਾ ਮੰਡੀ 'ਚ ਸੁੱਟ ਕੇ ਆੜ੍ਹਤੀਏ ਤੋਂ ਨਵੀਂ ਖਰੀਦੀ ਜ਼ਮੀਨ ਦੀ ਪਹਿਲੀ ਫ਼ਸਲ ਦੀ ਪਹਿਲੀ ਕਮਾਈ ਦੀਵਾਲੀ ਤੋਂ ਇਕ ਰਾਤ ਪਹਿਲਾਂ ਦਾਦਾ ਜੀ ਦੇ ਸਿਰਹਾਣੇ ਲਿਆ ਰੱਖ ਦਿੱਤੀ।

ਆਪਣੇ ਸਭ ਤੋਂ ਨਿੱਕੇ ਲਾਡਲੇ ਪੁੱਤ ਨੂੰ ਉਮਰ ਤੋਂ ਪਹਿਲਾਂ ਜ਼ਿੰਮੇਵਾਰ ਹੁੰਦਾ ਦੇਖ ਸ਼ਾਇਦ ਉਹ ਕਿੰਨੀਆਂ ਅਣਕਹੀਆਂ ਦਿਲ ਵਿੱਚ ਲੈ ਕੇ ਤੁਰ ਗਏ ਉਹਨਾਂ ਦੀ ਸੂਝ ਬੂਝ ਦੀ ਅੱਜ ਵੀ ਲੋਕੀ ਮਿਸਾਲ ਦਿੰਦੇ ਨੇ। ਜਦੋਂ ਉਹਨਾਂ ਤਾਜਪੁਰ ਪਿੰਡ ਵਿੱਚ ਜ਼ਮੀਨ ਖਰੀਦੀ ਤਾਂ ਆਪਣੇ ਹੱਥੀਂ ਪਿੰਡ ਵਿੱਚ ਗੁਰੂਦਵਾਰਾ ਸਾਹਿਬ ਬਣਵਾਇਆ... ਪਿੰਡ ਦੇ ਮੋਹਤਬਰ ਬੰਦੇ ਗੁਰੂਦਵਾਰਾ ਸਾਹਿਬ ਦਾ ਨਾਮ ਸਾਡੇ ਪੁਰਖਿਆਂ ਦੇ ਨਾ ਤੇ ਰੱਖਣਾ ਚਾਹੁੰਦੇ ਸਨ ਜਿਸ ਲਈ ਉਹਨਾਂ ਕੋਰੀ ਨਾਂਹ ਕਰ ਦਿੱਤੀ। ਉਹਨਾਂ ਨੂੰ ਕਦੇ ਕਿਸੇ ਤਰ੍ਹਾਂ ਝੂਠੀ ਸ਼ਾਨੋ ਸ਼ੌਕਤ ਮਨਜ਼ੂਰ ਨਹੀਂ ਸੀ। ਕੁੜੀਆਂ ਨੂੰ ਮੁੰਡਿਆਂ ਵਾਂਗ ਪੜ੍ਹਾਉਣਾ, ਹਰ ਕੰਮ ਵਿਚ ਬਰੋਬਰ ਰੱਖਣ ਲਈ ਉਹ ਅਕਸਰ ਲੋਕਾਂ ਨੂੰ ਪ੍ਰੇਰਿਤ ਕਰਦੇ। ਮੇਰੇ ਦਾਦਾ ਜੀ ਦੀ ਵੱਡੀ ਭੈਣ ਨੇ ਤਮਾਮ ਉਮਰ ਦਿੱਲੀ ਵਿੱਚ ਪੁਲਿਸ ਅਫ਼ਸਰ ਦੀ ਡਿਊਟੀ ਨਿਭਾਈ। ਮੈਨੂੰ ਇੱਕ ਦਿਨ ਤੰਗ ਗਲੀ ਵਿਚ ਕਾਰ ਬੈਕ ਕਰਕੇ ਚਲਾਉਂਦੇ ਵੇਖ ਦਾਦਾ ਜੀ ਦੇ ਦੋਸਤ ਨੇ ਰੋਕ ਕੇ ਆਖਿਆ ਪੁੱਤ ਅੱਜ ਤੇਰੇ ਦਾਦਾ ਜਿਉਂਦਾ ਹੁੰਦਾ ਤਾਂ ਬਹੁਤ ਮਾਣ ਮਹਿਸੂਸ ਕਰਦਾ ਤੈਨੂੰ ਦੇਖ ਕੇ ਇਹਨਾਂ ਭੀੜੀਆਂ ਗਲੀਆਂ 'ਚ ਚੰਗੇ ਭਲੇ ਬੰਦੇ ਦੀ ਮੱਤ ਜੁਆਬ ਦੇ ਦਿੰਦੀ ਆ ਤੂੰ ਬੜੇ ਹੌਸਲੇ ਤੇ ਸਹਿਜ ਵਾਲੀ ਕੁੜੀ ਹੈ ਜਿਹੜੀ ਬਿਨਾ ਡਰੇ ਕਾਰ ਚਲਾਈ ਫਿਰਦੀ ਹੈ। ਤੇਰਾ ਦਾਦਾ ਕਹਿੰਦਾ ਹੁੰਦਾ ਸੀ ਧੀਆਂ ਪੁੱਤਾਂ ਵਾਂਗ ਪਾਲੋ ਉਹ ਦਿਨ ਮੈਨੂੰ ਆਪਣੇ ਆਪ ਤੇ ਫ਼ਖ਼ਰ ਮਹਿਸੂਸ ਹੋਇਆ। ਕਿ ਮੈਂ ਚੰਗੀ ਸੋਚ ਵਾਲਿਆਂ ਦੀ ਧੀ ਹਾਂ... ਫਿਰ ਇੱਕ ਵਾਰੀ ਇਕ ਸਾਬਕਾ ਮਨਿਸਟਰ ਮੇਰੇ ਵੀਰ ਨੂੰ ਕਮਿਸ਼ਨਰ ਦਫ਼ਤਰ 'ਚ ਮਿਲੇ ਉਹ ਵੀਰ ਨੂੰ ਵੇਖ ਕੇ ਕਹਿੰਦੇ ਤੂੰ ਗਿਆਨੀ ਜੀ ਦਾ ਪੋਤਰਾ ਹੈ। ਵੀਰ ਹੱਸ ਕੇ ਕਹਿੰਦਾ ਹਾਂ ਜੀ। ਉਹ ਬੱਲੇ ਸ਼ੇਰਾ ਦਿਲ ਖੁਸ਼ ਕੀਤਾ ਈ। ਘੁੱਟ ਕੇ ਗੱਲ ਨਾਲ ਲਾ ਕੇ ਕਹਿੰਦੇ ਬੜਾ ਨਰੜ ਬੰਦਾ ਸੀ। ਦਾਦਾ ਤੇਰਾ ਕੋਈ ਕੰਮ ਹੋਣਾ ਤਾਂ ਉਹ ਅੱਧੀ ਰਾਤੀ ਨਾਲ ਉੱਠ ਕੇ ਤੁਰ ਪੈਂਦਾ। ਉਹ ਪੈਸੈ ਨਾਲੋਂ ਰਿਸ਼ਤਿਆਂ ਨੂੰ ਅਹਿਮੀਅਤ ਦਿੰਦਾ ਸੀ। ਜਿਹੜੀ ਚੀਜ਼ ਲੋਕੀ ਬਲੈਕ ਵਿੱਚ ਸਾਲ ਪਿੱਛੋਂ ਮੰਗਾਉਂਦੇ ਉਹਦਾ ਨਾਂ ਲੈ ਕੇ ਮੌਕੇ ਤੇ ਮਿਲ ਜਾਂਦੀ। ਜ਼ੁਬਾਨ ਤਾਂ ਉਹਨਾਂ ਦੀ ਸੀ ਬਾਕੀ ਅਸੀਂ ਤਾਂ ਐਵੇਂ ਲਫ਼ਾਫ਼ੇ ਤੁਰੇ ਫਿਰਦੇ ਹਾਂ। ਬੜਾ ਅਨੁਭਵੀ ਬੰਦਾ ਸੀ। ਆਪਣੇ ਬੱਚਿਆਂ ਦੇ ਭਵਿੱਖ ਦੀ ਇੰਨੀ ਫ਼ਿਕਰ, ਜ਼ਮੀਨ ਖਰੀਦੀ ਤਿੰਨ ਪੁੱਤਰਾਂ ਦੇ ਬਰੋਬਰ ਨਾਮ ਕਰਵਾਈ, ਪਤਾ ਲੱਗਿਆਂ ਅੰਤਮ ਸਮਾਂ ਨੇੜੇ ਆ ਗਿਆ। ਆਪਣੀਆਂ 2 ਗੱਡੀਆਂ ਧੀ ਦੇ ਨਾਮ ਕਰ ਦਿੱਤੀਆਂ ਤਾਂ ਜੋਂ ਵੱਡੇ ਭਰਾਵਾਂ ਨੂੰ ਭੈਣ ਵਿਆਉਣ 'ਚ ਕੋਈ ਤੰਗੀ ਨਾ ਆਵੇ। ਅਣਖ ਸੀ

ਉਹਦੇ ਅੰਦਰ, ਕੇਰਾਂ ਡੀ. ਟੀ. ਓ. ਨੇ ਗੱਡੀ ਰੋਕ ਲਈ ਗੱਡੀ ਥਾਣੇ ਨਹੀਂ ਜਾਣ ਦਿੱਤੀ, ਰਸੀਦ ਕਟਵਾ ਕੇ ਮੌਕੇ ਤੇ ਭਾਰੀ ਜ਼ੁਰਮਾਨਾ ਭਰਿਆ। ਪਰ ਮਾਲ ਦੀ ਡਲਿਵਰੀ ਲੇਟ ਨਹੀਂ ਹੋਣ ਦਿੱਤੀ। ਵਕਤ ਦਾ ਪਬੰਧ ਸੀ, ਗਿਣਤੀ ਮਿਣਤੀ ਦੇ ਸਾਹ ਜੋ ਲੈ ਕੇ ਆਇਆ ਸੀ ਤਾਂ ਹੀ ਹਰ ਕੰਮ ਸਮੇਂ ਸਿਰ ਨੇਪਰੇ ਚਾੜ੍ਹਦਾ ਗਿਆ। ਜ਼ਿੰਦਗੀ ਨੇ ਉਹਨੂੰ ਸਮਾਂ ਹੀ ਥੋੜਾ ਦਿੱਤਾ ਨਹੀਂ ਇੰਨੀ ਛੋਟੀ ਉਮਰੇ ਇਮਾਨਦਾਰੀ ਦਾ ਰਾਹ ਇਖ਼ਤਿਆਰ ਕਰ ਕਾਮਯਾਬ ਹੋਣਾ ਮੁਸ਼ਕਿਲ ਸੀ, ਪਰ ਉਹਦੇ ਲਈ ਆਸਾਨ ਸੀ ਕਿਉਂ ਇਕ ਉਹ ਵਕਤ ਦੀ ਕਦਰ ਕਰਨਾ ਬ-ਖ਼ੂਬੀ ਜਾਣਦਾ ਸੀ। ਤੈਨੂੰ ਪਤਾ ਤੇਰੀ ਦਾਦੀ ਅਣਖੀ ਸਰਦਾਰਨੀ ਸੀ, ਉਹਨੇ ਰੰਗਾਂ ਨੂੰ ਨਹੀਂ ਗੁਣਾਂ ਨੂੰ ਤਰਜੀਹ ਦਿੱਤੀ ਉਮਰ ਭਰ ਉਹਦੀ ਕਹੀ ਇੱਕ ਗੱਲ ਹਮੇਸ਼ਾਂ ਚੇਤੇ ਆਉਂਦੀ ਕੀ ਜੇ ਪੱਲੇ ਰੂਪ ਨਾ ਹੋਵੇ, ਤਾਂ ਬੰਦਾ ਗੁਣ ਤਾਂ ਪੱਲੇ ਪਾ ਲਵੇ, ਉਹ ਤਾਂ ਕਿਸੇ ਕੋਲੋਂ ਮੰਗਣ ਨਹੀਂ ਜਾਣਾ ਪੈਂਦਾ।

ਉਹਨੇ ਸਿੱਖੀ ਨਹੀਂ ਛੱਡੀ, ਸਾਰੀ ਉਮਰ ਨਾਈ ਦੀ ਦੁਕਾਨ ਤੋਂ ਜਿਹੜਾ ਕਰਾਇਆ ਆਉਂਦਾ ਸੀ ਉਹਨੇ ਗੁਰਦੁਆਰੇ ਦਾਨ ਦਿੱਤਾ। ਆਪਣੇ ਬੱਚਿਆਂ ਨੂੰ ਨਹੀਂ ਖਵਾਇਆ, ਜੇ ਜੁਆਕਾਂ ਨੂੰ ਮਾਤਾ ਨਿਕਲ ਆਉਣੀ ਤਾਂ ਵੀ ਗੁਰਦੁਆਰੇ ਹੀ ਮੱਥਾ ਟੇਕ ਲਿਆਉਂਦੀ ਗੁਰੂ ਨਾਲ ਐਸੀ ਪ੍ਰੀਤ ਪੰਜ ਜਮਾਤ ਤੋਂ ਬਾਣੀ ਪੜ੍ਹਦੀ ਸੀ ਤੇ ਮਰਦੇ ਦਮ ਤੀਕ ਬੇਸੁਰਤ ਹਾਲਤ ਵਿੱਚ ਵੀ ਉਹ ਸਵੇਰੇ ਚਾਰ ਵਜੇ ਨਿੱਤਨੇਮ ਕਰਦੀ ਰਹੀ। ਕੈਸਾ ਮੋਹ ਸੀ ਉਹਨੂੰ ਰੱਬ ਨਾਲ। ਤੇਰੇ ਦਾਦੇ ਪੜਦਾਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਕਿਤੇ ਹੋਰ ਮੱਥਾ ਨਹੀਂ ਸੀ ਟੇਕਦੇ। ਇਹ ਸਭ ਤੁਹਾਡੇ ਪੁਰਖਿਆ ਦੀਆਂ ਕਮਾਈਆਂ ਨੇ ਪੁੱਤਰਾ। ਇਹ ਸਭ ਆਖ ਉਹ ਚਲੇ ਗਏ। ਉਨ੍ਹਾਂ ਬਜ਼ੁਰਗਾਂ ਦੀਆਂ ਗੱਲਾਂ ਸੁਣ ਰੂਪ ਨੂੰ ਸਕੂਨ ਮਿਲਿਆ। ਦੇਖੋ ਕਹਿੰਦੇ ਗੱਲ ਤੁਰਦੀ ਰਹਿਣੀ ਚਾਹੀਦੀ ਹੈ। ਤੇ ਗੱਲ ਤੁਰਦੀ ਰਹੀ। ਅੱਜ ਫੇਰ ਉਹੀ ਗੱਲਾਂ ਤੁਰੀਆਂ। ਹੁਣ ਗੱਲ ਕਰਦੇ ਹਾਂ ਨਾਨਕੇ ਪੁਰਖਿਆਂ ਦੀ ਮੇਰੀ ਮੰਮੀ ਦਾ ਵੀ ਪਾਪਾ ਵਾਂਗ ਵੱਡੇ ਸਰਦਾਰਾਂ ਦੇ ਘਰ ਜਨਮ ਹੋਇਆ, ਕਹਿੰਦੇ ਨੇ ਮੇਰੀ ਮਾਂ ਜੰਮੀ ਤੇ ਪੜਦਾਦੇ ਨੇ ਪੂਰੇ ਪਿੰਡ 'ਚ ਮੋਤੀ ਚੂਰ ਦੇ ਲੱਡੂ ਵੰਡੇ ਸੀ। ਮੇਰੀ ਮੰਮੀ ਦੀਪੋ ਭੂਆ ਮੇਰੇ ਨਾਨਾ ਜੀ ਦੀ ਭੈਣ ਤੋਂ ਬਾਅਦ ਖਾਨਦਾਨ 'ਚ ਪਹਿਲੀ ਕੁੜੀ ਸੀ। ਇਹ ਭਰੂਣ ਹੱਤਿਆ ਜਾਂ ਨਵ ਜੰਮੀ ਧੀ ਨੂੰ ਮਾਰਣ ਵਾਲਾ ਰਿਵਾਜ਼ ਸਾਡੇ ਖਾਨਦਾਨ 'ਚ ਨਹੀਂ ਸੀ। ਸ਼ਾਇਦ ਮੈਂ ਵੀ ਤਾਂ ਹੀ ਜਿਉਂਦੀ ਹਾਂ।

ਮੇਰੇ ਨਾਨਕਿਆਂ ਦਾ ਪਰਿਵਾਰ ਸ਼ਹਿਰੀ ਤੇ ਪੇਂਡੂ ਪਰਿਵਾਰ ਦਾ ਮੇਲ ਸੀ। ਨਾਨਾ ਜੀ ਦਾ ਵੀ ਖੇਤੀ ਦੇ ਨਾਲ ਟਰੱਕਾਂ ਦਾ ਕੰਮ ਕਾਰ ਸੀ। ਮੰਮੀ ਦਾ ਪੇਕਾ ਪਿੰਡ ਘੁੰਗਰਾਣਾ ਹੈ। ਇਸ ਪਿੰਡ ਦਾ ਇਕ ਆਪਣਾ ਇਤਿਹਾਸ ਹੈ। ਚੰਗਾ ਮਾੜਾ ਦੋਵੇਂ। ਲੁਧਿਆਣਾ ਦੀ ਮਸ਼ਹੂਰ ਗਾਈਨੇਕੋਲੋਜਿਸਟ ਡਾਕਟਰ ਪ੍ਰੀਤ ਨਾਨਾ ਜੀ ਦੀ ਸ਼ਰੀਕੇ ਚੋਂ ਭੈਣ ਲੱਗਦੀ ਸੀ। ਨਾਨਾ ਜੀ ਨੇ ਭਲੇ ਵੇਲੇ ਦੀਆਂ ਦਸ ਜਮਾਤਾਂ ਪੜ੍ਹੀਆਂ ਹੋਈਆਂ ਸਨ। ਗੁਰਦਿਆਲ ਸਿੰਘ ਸੋਹਣੇ ਸੁਨੱਖੇ ਉੱਚੇ ਲੰਮੇ ਸਵਾ ਛੇ ਫੁੱਟ ਕੱਦ, ਤੁਰਲੇ ਵਾਲੀ ਪੱਗ, ਚਿੱਟਾ ਕੁੜਤਾ ਪਜ਼ਾਮਾ, ਨੇਕ ਇਮਾਨਦਾਰ ਰੂਹ ਜਿਹਨੇ ਆਪਣੇ ਅਖੀਰਲੇ ਸਾਹਾਂ ਤੀਕ ਰਾਜਿਆਂ ਵਾਲੀ ਜ਼ਿੰਦਗੀ ਬਿਤਾਈ। ਰਾਤ ਨੂੰ ਮੱਕੀ ਦੀ ਰੋਟੀ ਸਰੋਂ ਦਾ ਸਾਗ ਤੇ ਸ਼ੱਕਰ ਨਾਲ ਰੋਟੀ ਖਾ ਕੇ ਅਖ਼ਬਾਰ ਪੜ੍ਹੀ, ਖ਼ਬਰਾਂ ਸੁਣੀਆਂ ਕੁਝ ਘਬਰਾਹਟ ਹੋਈ ਤੇ ਮੈਨੂੰ ਫੋਨ ਕਰ ਸੱਦ ਲਿਆ। ਸੀ ਐਮ ਸੀ ਹਸਪਤਾਲ ਰਾਤ ਨੂੰ ਨੇਕ ਦਿਲ ਰੂਹ ਸਦਾ ਲਈ ਇਸ ਦੁਨੀਆਂ ਨੂੰ ਅਲਵਿਦਾ ਆਖ ਗਈ।

ਪੁਰਾਣੇ ਸਮਿਆਂ ਦੀ ਗੱਲ ਹੈ ਕਹਿੰਦੇ ਘੁੰਗਰਾਣੇ ਪਿੰਡ ਵਿੱਚ ਜੇਕਰ ਕਤਲ ਵੀ ਹੋ ਜਾਂਦਾ ਤਾਂ ਪੁਲਿਸ ਨਹੀਂ ਸੀ ਜਾਂਦੀ। ਉਥੇ ਦੇ ਸਰਦਾਰਾਂ ਦਾ ਇੰਨਾ ਦਬਦਬਾ ਸੀ। ਘੋੜੀਆਂ ਰਫ਼ਲਾਂ ਵਾਲੇ ਸਰਦਾਰਾਂ ਦਾ ਲਾਣਾ ਨਿੱਤ ਸ਼ਾਮ ਨੂੰ ਘਰ ਦੀ ਕੱਢੀ ਪੀਂਦੇ, ਮੁਰਗੇ ਵੱਢਦੇ ਤੇ ਬੱਕਰੇ ਬਲਾਉਂਦੇ।

ਛਪਾਰ ਦੇ ਮੇਲੇ ਵਿੱਚ ਅੱਜ ਵੀ ਘੁੰਗਰਾਣੇ ਪਿੰਡ ਦੇ ਨਾਮ ਤੇ ਬੋਲੀਆਂ ਪੈਂਦੀਆਂ ਨੇ ਕਈ ਵਾਰੀ ਨਾਨਾ ਜੀ ਦੇ ਮੂੰਹੋਂ ਸੁਣੀ ਸੀ। ਜਿਹਦੇ ਕੁਝ ਕੁ ਬੋਲ ਯਾਦ ਨੇ ਪਰ ਬਾਕੀ ਵਕਤ ਨਾਲ ਕੀਤੇ ਚੇਤਿਆਂ ਚੋਂ

ਕਿਰ ਗਏ–

ਪਿੰਡ ਘੁੰਗਰਾਣਾ, ਜਿਥੇ ਬੁਰਜ ਪੁਰਾਣਾ, ਵੈਲੀਆਂ ਦਾ ਲਾਣਾ।

ਹਾ ਹਾ ਹਾ ਕਈ ਵਾਰੀ ਬਹੁਤ ਹਾਸਾ ਆਉਂਦਾ ਇਹ ਸਭ ਚੇਤੇ ਕਰਕੇ। ਇਸ ਪਿੰਡ ਦਾ ਇਤਿਹਾਸ ਗੁਰੂਆਂ ਪੀਰਾਂ, ਸਿੰਘ, ਸ਼ਹੀਦਾਂ ਨਾਲ ਸੰਬੰਧਤ ਹੈ। ਨਾਨਾ ਨਾਨੀ ਦੱਸਦੇ ਸੀ ਪਿੰਡ ਵਿੱਚ ਜਿਹੜਾ ਮਹਾਰਾਜਾ ਰਣਜੀਤ ਸਿੰਘ ਜੀ ਦਾ ਇਤਿਹਾਸਕ ਸਥਾਨ ਜਿੱਥੇ ਜੇਠੇ ਵੀਰਵਾਰ ਨੂੰ ਮੇਲਾ ਲੱਗਦਾ। ਕਹਿੰਦੇ ਨੇ ਕੀ ਅੰਗਰੇਜ਼ਾਂ ਦੇ ਰਾਜ 'ਚ ਪਿੰਡ ਵਿਚ ਕਿਲ੍ਹਾ ਹੁੰਦਾ ਸੀ ਤੇ ਕਿਲੇ ਦੇ ਸੱਤ ਬੁਰਜ ਹੁੰਦੇ ਸਨ। ਇਸ ਪਿੰਡ 'ਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਤੇ ਆਪਣੀ ਫ਼ੌਜ ਲਈ ਢਾਹਰ ਬਣਾਈ ਸੀ। ਇਹ ਸੱਤ ਬੁਰਜਾਂ 'ਚੋਂ ਪੰਜ ਬੁਰਜ ਅੰਗਰੇਜ਼ਾਂ ਤੇ ਸਿੰਘਾਂ ਦਰਮਿਆਨ ਹੋਈ ਲੜਾਈ ਵਿੱਚ ਢਹਿ ਢੇਰੀ ਹੋ ਗਈ ਸਨ। ਆਲੇ ਦੁਆਲੇ ਦੇ ਪਿੰਡਾਂ ਤੋਂ ਕਈ ਸਿੰਘ ਸਿੰਘਣੀਆਂ ਇਸ ਲੜਾਈ 'ਚ ਸ਼ਹੀਦ ਹੋਏ ਤੇ ਉਨ੍ਹਾਂ ਦੀ ਯਾਦ ਵਿੱਚ ਇਥੇ ਹਰ ਸਾਲ ਮੇਲਾ ਭਰਦਾ। ਅੱਜ ਵੀ ਉਹ ਬੁਰਜਾਂ ਤੇ ਲੱਗੇ ਗੋਲੀਆਂ ਦੇ ਨਿਸ਼ਾਨ ਗਵਾਹੀ ਭਰਦੇ ਨੇ ਉਸ ਲੜਾਈ ਦੇ। ਬੁਰਜ ਅੰਦਰ ਸ਼ਰਧਾਲੂ ਚਿਰਾਗ਼ ਲਾਉਂਦੇ ਹਨ, ਦੂਰੋਂ ਦੂਰੋਂ ਲੋਕੀ ਘੁੰਗਰਾਣੇ ਪਿੰਡ ਆਉਂਦੇ। ਪੁਰਾਣੇ ਬਜ਼ੁਰਗ ਦੱਸਦੇ ਨੇ ਕੀ ਕਿਲ੍ਹੇ ਵਿਚ ਕੋਈ ਵੀ ਆਦਮੀ ਰਾਤ ਨਹੀਂ ਕੱਟ ਸਕਦਾ। ਕਿਉਂਕਿ ਉਥੇ ਰਾਤ ਨੂੰ ਇਕ ਸਰਾਲ ਪਹਿਰਾ ਦਿੰਦੀ ਹੈ, ਜੋ ਖ਼ਜ਼ਾਨੇ ਦੀ ਰਾਖੀ ਕਰਦੀ ਹੈ ਤੇ ਜੇਕਰ ਕੋਈ ਧੱਕੇ ਨਾਲ ਰਾਤ ਰਹਿੰਦਾ ਤਾਂ ਸਵੇਰੇ ਉਸਦੀ ਲਾਸ਼ ਮਿਲਦੀ ਸੀ। ਦੂਰੋਂ ਨੇੜੇਉਂ ਲੋਕ ਮੇਲੇ ਦੇ ਸੁੱਖਾਂ ਮੁਰਾਦਾਂ ਲੈ ਕੇ ਆਉਂਦੇ ਤੇ ਖਾਲੀ ਝੋਲੀਆਂ ਖੁਸ਼ੀਆਂ ਨਾਲ ਭਰ ਕੇ ਲੈ ਜਾਂਦੇ। ਮੰਮੀ ਦੇ ਵਡੇਰਿਆਂ ਦੀ ਜਗਾਂ ਟੋਭੇ ਕੋਲ ਹੀ ਬਣੀ ਹੋਈ ਸੀ ਸ਼ਹੀਦ ਬਾਬਾ ਰਾਮ ਸਿੰਘ ਜੀ' ਬਹੁਤ ਕਰਨੀ ਵਾਲੇ ਸਨ। ਕਹਿੰਦੇ ਕਾਨਿਆਂ ਦੀ ਛੱਤ ਥੱਲੇ ਰਹਿ ਕੇ ਵੀ ਮੀਂਹ ਹਨੇਰੀ 'ਚ ਕਦੇ ਉਨ੍ਹਾਂ ਦਾ ਬਿਸਤਰਾ ਗਿੱਲਾ ਨਹੀਂ ਸੀ ਵੇਖਿਆ। ਜੇ ਕੋਈ ਦੁੱਧ ਦੇ ਜਾਂਦਾ ਤਾਂ ਕੁੱਤਿਆਂ ਨੂੰ ਪਾ ਦਿੰਦੇ ਤੇ ਆਪ ਰੁੱਖੀ ਸੁੱਖੀ ਹੀ ਖਾਂਦੇ। ਟੋਭੇ ਦੇ ਵਿਚੋਂ ਸਰਦੀਆਂ ਦੇ ਦਿਨਾਂ 'ਚ ਰਜਾਈ ਲੈ ਕੇ ਤੁਰੇ ਫਿਰਦੇ ਲੰਘਦੇ ਤੇ ਜਦੋਂ ਬਾਹਰ ਆਉਂਦੇ ਤੇ ਰਜਾਈ ਤੇ ਲੀੜੇ ਸੁੱਕੇ ਹੁੰਦੇ। ਹੋਲੀਆਂ ਵਾਲੇ ਦਿਨਾਂ 'ਚ ਇਥੇ ਦੀਵਾਨ ਲੱਗਦੇ, ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ, ਸੰਗਤਾਂ ਦੂਰੋਂ ਨੇੜੇਓ ਦਰਸ਼ਨ ਕਰਨ ਆਉਂਦੀਆਂ।

ਕਹਿੰਦੇ ਨੇ ਜੀਉਣ ਤੇ ਮਰਨ ਦਾ ਸੰਬੰਧ ਆਪਣੇ ਪਤੇ ਨਾਲ ਹੁੰਦਾ ਹੈ। ਜੇ ਪਤਾ ਨਾ ਹੋਵੇ ਦੋਵੇਂ ਚੀਜਾਂ ਇਕੋ ਜਹੀਆਂ ਹਨ। ਅਸੀਂ ਕਰਮਾਂ ਵਾਲੇ ਹਾਂ ਸਾਡੇ ਕੋਲ ਸਾਡਾ ਪਤਾ ਹੈ, ਸੰਘਣੇ ਰਿਸ਼ਤਿਆਂ ਦੇ ਰੁੱਖ ਹਨ, ਜਿੰਨਾ ਦੀਆਂ ਜੜ੍ਹਾਂ ਸਾਡੀ ਮੜੀ ਦੀ ਸਵਾਹ ਨੂੰ ਵੀ ਆਪਣੇ ਨਾਲ ਜੋੜ ਲੈਣਗੀਆਂ। ਅਸੀਂ ਤਮਾਮ ਉਮਰ ਯਾਦਾਂ ਦੀ ਹਨੇਰੀ ਗੁਫ਼ਾ ਵਿਚ ਅੰਦਰ ਬਾਹਰ ਘੁੰਮਦੇ ਰਹਿੰਦੇ ਹਾਂ, ਇਹ ਯਾਦਾਂ ਕਿਹੜਾ ਕੋਈ ਮੁੜਕਾ ਹੁੰਦੀਆਂ ਹਨ, ਜੋ ਰੁਮਾਲ ਨਾਲ ਚੇਤਿਆਂ ਵਿਚੋਂ ਪੂੰਝੀਆਂ ਜਾ ਸਕਣ। ਇਹ ਤਾਂ ਸਮੇਂ ਨਾਲ ਰੰਗ ਰੂਪ ਵਟਾ ਪੀੜ੍ਹੀ ਦਰ ਪੀੜ੍ਹੀ ਸਾਡੇ ਨਾਲ ਹੀ ਤੁਰਦੀਆਂ ਰਹਿੰਦੀਆਂ ਹਨ।

ਮੇਰੀ ਜ਼ਿੰਦਗੀ ਤੇ ਸਭ ਤੋਂ ਵੱਧ ਪ੍ਰਭਾਵ ਪਾਇਆ ਮੇਰੇ ਪੁਰਖਿਆ ਦੀ ਦੁੱਖ ਸੁੱਖ ਨੂੰ ਹਰ ਪੱਖੋਂ ਦੇਖਣ ਪਰਖਣ ਦਾ ਨਜ਼ਰੀਆ ਤੇ ਹੌਸਲਾ ਅਫ਼ਜਾਈ। ਵਿਰਾਸਤ ਵਜੋਂ ਮੈਨੂੰ ਮੇਰੇ ਨੈਣ ਨਕਸ਼ ਦੇ ਨਾਲ ਇਹ ਵੀ ਮਿਲੀ ਸੀ, ਸ਼ਾਇਦ ਇਹੀ ਮੂਲ ਕਾਰਣ ਹੈ ਕੀ ਜ਼ਿੰਦਗੀ ਵਿਚ ਆਪਣਿਆਂ ਹੱਥੋਂ ਠੋਕਰਾਂ ਖਾ ਕੇ ਵੀ ਮੈਂ ਟੁੱਟੀ ਨਹੀਂ, ਰੱਬ ਪ੍ਰਤੀ ਅਟੁੱਟ ਵਿਸ਼ਵਾਸ ਬਣਿਆ ਰਿਹਾ, ਮਾਂ ਤੇ ਦਾਦੀ, ਨਾਨੀ ਵਾਂਗ ਨਿਤਨੇਮ ਨਹੀਂ ਛੱਡਿਆ ਤੇ ਨਾ ਹੀ ਪਿਓ ਦਾਦੇ ਤੇ ਨਾਨੇ ਵਾਂਗ ਮੁਸ਼ਕਲ ਨੂੰ ਦੇਖ ਭੱਜਣਾ ਸਿੱਖਿਆ।

ਗੱਲ ਬਹੁਤ ਪੁਰਾਣੀ ਨਹੀਂ ਕਿ ਭੁੱਲ ਜਾਵਾ। ਆਪਣੇ ਹੌਸਲੇ ਨੂੰ ਥੰਮ ਵਾਂਗ ਕਾਇਮ ਰੱਖਿਆ ਸੀ ਮੈਂ ਕਹਿੰਦੇ ਵਕਤ ਕਿਸੇ ਦਾ ਗੁਲਾਮ ਨਹੀਂ ਹੁੰਦਾ ਹਾਂ ਪਰ ਜੇ ਵਕਤ ਚਾਹੇ ਤੇ ਬੰਦੇ ਨੂੰ ਕਿਸੇ ਦਾ ਗੁਲਾਮ ਬਣਾ

ਜ਼ਰੂਰ ਦਿੰਦਾ। ਤੇ ਜੇ ਤੁਸੀਂ ਉਸ ਰੱਬ ਦੀ ਓਟ ਨਾ ਛੱਡੋ ਤਾਂ ਫੇਰ ਇਸ ਦੁਨੀਆਂ ਦੀ ਕੋਈ ਵੀ ਤਾਕਤ ਤੁਹਾਨੂੰ ਰੋਕ ਨਹੀਂ ਸਕਦੀ। ਗੱਲ ਬਹੁਤੀ ਲੰਬੀ ਨਹੀਂ ਕਰਾਂਗੀ। ਕੁਝ ਸਾਲ ਪਹਿਲਾਂ ਦੀ ਗੱਲ ਹੈ, ਤੰਗ ਗਲੀਆਂ ਦਾ ਮਸਲਾ ਕਾਰ ਅੱਗੇ ਪਿੱਛੇ ਕਰਨ ਤੇ ਰੌਲਾ ਪੈ ਗਿਆ। ਰਿਸ਼ਵਤ ਖੋਰ ਮਨਿਸਟਰ ਦੇ ਦਮ ਤੇ ਨਵੇਂ ਬਣੇ ਅਮੀਰ ਨੇ, ਆਪਣਾ ਜ਼ੋਰ ਦਿਖਾਇਆ ਪਾਪਾ ਨੂੰ ਇਕੱਲੇ ਦੇਖ ਬਦਮਾਸ਼ੀ ਝਾੜੀ ਦਰਅਸਲ ਪਾਪਾ ਬਹੁਤ ਲੰਮਾ ਸਮਾਂ ਬਿਮਾਰ ਰਹਿਣ ਤੋਂ ਬਾਅਦ ਸਾਧ ਬਿਰਤੀ ਤੇ ਸ਼ਾਂਤ ਸੁਭਾਅ ਵਾਲੇ ਬਣ ਗਏ।

ਪਰ ਉਹਨਾਂ ਨੂੰ ਇਸ ਗੱਲ ਦਾ ਇਲਮ ਨਹੀਂ ਸੀ ਕੀ ਉਹਨਾਂ ਦੀ ਕਾਰ ਵੱਲ ਗੁੱਸੇ ਨਾਲ ਤੁਰਿਆ ਆਉਂਦਾ ਬੰਦਾ ਨਵਾਂ ਬਣਿਆ ਬਦਮਾਸ਼ ਹੈ। ਨਿੱਕੀ ਜਿਹੀ ਗੱਲ ਲੜਾਈ ਝਗੜੇ ਵਿਚ ਤਬਦੀਲ ਹੋ ਥਾਣੇ ਪਹੁੰਚ ਗਈ। ਉਪਰ ਮਨਿਸਟਰ ਦਾ ਪ੍ਰੈਸ਼ਰ ਕੀ ਝੂਠਾ ਪਰਚਾ ਕੱਟਣਾ। ਕਾਰਨ, ਝੂਠ, ਮਾਣ, ਜੇਬ ਵਿਚ ਟੱਪਦਾ ਹਰਾਮ ਦਾ ਪੈਸਾ। ਤੇ ਸਾਡੇ ਪਰਿਵਾਰ ਪ੍ਰਤੀ ਖਾਰ ਕੀ ਇਹਨਾਂ ਨੂੰ ਕਿਸੇ ਗੱਲੀਂ ਥੱਲੇ ਲਾਓ...

ਪਾਪਾ ਨੂੰ ਵੇਖ ਉਸ ਵੇਲੇ ਮੂੰਹੋਂ ਇੱਕ ਗੱਲ ਨਿਕਲੀ, "ਹਮ ਸ਼ਰੀਫ ਹੂਏ ਜ਼ਮਾਨਾ ਬਦਮਾਸ਼ ਬਨ ਗਿਆ।" ਆਪਣੇ ਕਿਰਦਾਰ ਵਿਚ ਰੋਹਬ ਰੱਖਣਾ ਅੱਜ ਦੇ ਸਮੇਂ ਦੀ ਮੂਲ ਮੰਗ ਹੈ ਕਿਉਂਕਿ ਜ਼ਿਆਦਾ ਨਿਮਰਤਾ ਹਮੇਸ਼ਾ ਨੁਕਸਾਨ ਪਹੁੰਚਾਂਦੀ ਹੈ। ਲੋਕ ਵੀ ਡੰਡੇ ਤੋਂ ਹੀ ਡਰਦੇ ਨੇ, ਨਹੀਂ ਮੰਡੀ ਵਿਚ ਵੇਚ ਕੇ ਖਾ ਜਾਣ ਤੇ ਤੁਹਾਨੂੰ ਪਤਾ ਵੀ ਨਾ ਲੱਗੇ।

ਪਾਪਾ ਦੇ ਮੂੰਹੋਂ ਕਈ ਵਾਰੀਂ ਸੁਣਿਆ ਸੀ, 'ਰੱਬ ਨਾ ਮਾਰੇ ਬੰਦੇ ਦੇ ਮਾਰਿਆਂ ਨਹੀਂ ਮਰਦੇ।" ਮੰਮੀ ਨੂੰ ਦੋ ਦਿਨ ਪਹਿਲਾਂ ਸਟਰੋਕ ਆਇਆ ਸੀ। ਟਾਈਮ ਨਾਲ ਹਸਪਤਾਲ ਪਹੁੰਚ ਗਏ, ਬਚਾਅ ਹੋ ਗਿਆ। ਤੇ ਹੁਣ ਰਾਤੋ ਰਾਤ ਨਵੀਂ ਮੁਸੀਬਤ ਪਾਪਾ ਨਾਲ ਇਹ ਸਭ ਹੋ ਗਿਆ, ਵੀਰ ਛੋਟਾ ਸੀ ਦਸ ਬਾਰਾਂ ਸਾਲ ਦਾ। ਭੈਣ ਛੋਟੀ ਘੱਟ ਬੋਲਦੀ ਸੀ। ਮੰਮੀ ਬਿਮਾਰ। ਤਾਏ ਆਪਣੇ ਕੰਮ ਕਾਰਾਂ ਵਿਚ ਮਸਰੂਫ਼ ਹੁੰਦੇ ਹੋਏ ਵੀ ਪਹੁੰਚੇ ਪਰ ਗੱਲ ਬਣਦੀ ਨਜ਼ਰ ਨਾ ਆਈ। ਸਵੇਰ ਦੀ ਘਰੋਂ ਨਿਕਲੀ ਰਾਤ ਪੈ ਗਈ, ਇੱਕ ਰਾਤ ਪਹਿਲਾਂ ਹੋਈ ਲੜਾਈ ਨੂੰ ਗਲਤ ਰੂਪ ਦੇ ਕੇ ਪੇਸ਼ ਕੀਤਾ ਗਿਆ। ਪਾਪਾ ਘਰ ਆ ਗਏ ਵਕੀਲ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ।

ਕਾਰਵਾਈ ਦਾ ਪਹਿਲਾ ਕਦਮ ਹੁਣ ਮੂਹਰੇ ਕੌਣ ਤੁਰੇ, ਉਦੋਂ ਪਾਪਾ ਦੀ ਵੱਡੀ ਧੀ ਨੂੰ ਉਹਦੀ ਜ਼ਮੀਰ ਨੇ ਅਵਾਜ਼ ਦਿੱਤੀ, ਤੈਨੂੰ ਤੇਰੇ ਪਿਓ ਨੇ ਸਾਰੀ ਉਮਰ ਪੁੱਤਾਂ ਵਾਂਗ ਪਾਲਿਆ, ਹੁਣ ਪੁੱਤ ਬਣਨ ਦਾ ਵੇਲਾ ਆ ਗਿਆ। ਧੀ ਬਣ ਕੇ ਅੰਦਰ ਨਾ ਬੈਠ।' ਮਾਂ ਨੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਅੱਗੇ ਅਦਰਾਸ ਕੀਤੀ, ਗੁਰੂ ਸਾਹਿਬ ਮੇਰਾ ਜੱਜ, ਵਕੀਲ, ਕਮਿਸ਼ਨਰ ਤੇ ਮੌਕੇ ਦਾ ਗਵਾਹ ਸਭ ਤੂੰ। ਮੈਂ, ਤੇਰੀ ਕਚਿਹਰੀ ਕੇਸ ਲਾਇਆ, ਹੁਣ ਮੇਰੇ ਸਿਰ ਦੇ ਸਾਈਂ ਦੀ ਲਾਜ ਤੇਰੇ ਹੱਥ ਵੱਸ ਹੈ।"

ਕਹਿੰਦੇ ਨੇ ਅਰਦਾਸ ਕਰਨ ਤੋਂ ਪਹਿਲਾਂ ਵਿਸ਼ਵਾਸ ਜ਼ਰੂਰੀ ਹੁੰਦਾ, ਮਾਂ ਦੀ ਕੀਤੀ ਅਰਦਾਸ ਕਿਥੇ, ਕਿੱਦਾਂ ਕਿਵੇਂ ਸਹਾਈ ਹੋਈ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ। ਸਭ ਰਾਹ ਖੁੱਲ੍ਹਦੇ ਗਏ, ਇਨਕੁਆਰੀਆਂ ਸਾਡੇ ਹੱਕ ਵਿਚ ਹੋਈ ਇੱਕ ਵਾਰੀ ਫੇਰ। ਨੇਕੀ ਦੀ ਬਦੀ ਤੇ ਜਿੱਤ ਹੋਈ। ਮੇਰੇ ਪਰਿਵਾਰ ਵੱਲੋਂ ਮਿਲਿਆ ਹੌਂਸਲਾ, ਗੁਰੂ ਦੇ ਚਰਨਾਂ 'ਚ ਕੀਤੀ ਅਰਦਾਸ ਸਾਡੀ ਜਿੱਤ ਦਾ ਕਾਰਨ ਬਣੀ। ਝੂਠ ਕਿੰਨਾ ਵੀ ਵੱਡਾ ਜਾਲ਼ ਬਣ ਲਵੇ ਅਖੀਰ ਉਹ ਫੱਸਦਾ ਆਪ ਹੀ ਹੈ। ਆਪਣੇ ਬੁਣੇ ਜਾਲ਼ ਵਿਚ।

ਘਰ ਦੀ ਧੀ ਦਾ ਕਚਿਹਰੀ ਜਾਣਾ ਵੱਡੇ ਸਰਦਾਰਾਂ ਦੀ ਤੌਹੀਨ ਸੀ, ਜਿਸ ਗੱਲ ਦਾ ਵਿਰੋਧ ਹੁਣ ਤੀਕ ਹੁੰਦਾ। ਪਰ ਉਹ ਘੜੀ ਮੇਰੇ ਲਈ ਜੇ ਕਰ ਕੁਝ ਅਸਹਿਣ ਯੋਗ ਸੀ ਤਾਂ ਉਹ ਸੀ ਮੇਰੇ ਵੀਰ ਦੀਆਂ ਅੱਖਾਂ ਵਿਚਲੇ ਸਵਾਲ ਜੇ ਮੈਂ ਵੱਡਾ ਹੁੰਦਾ?

ਜੇ ਤੂੰ ਮੁੰਡਾ ਹੁੰਦੀ??

ਮੇਰੀ ਹੋਂਦ ਮੇਰੇ ਲਈ ਸਵਾਲ ਬਣ ਗਈ, ਇਨ੍ਹਾਂ ਸਵਾਲਾਂ ਦੇ ਭਾਰ ਹੇਠਾਂ, ਆਪਣੇ ਵਜ਼ੂਦ ਨੂੰ ਦੱਬ ਜਾਣ ਤੋਂ ਪਹਿਲਾਂ ਮੈਨੂੰ ਮੇਰੇ ਪੁਰਖਿਆ ਤੋਂ ਮਿਲੇ ਹੌਂਸਲੇ ਨੇ, ਮੁੜ ਖੜਾ ਕਰ ਦਿੱਤਾ। ਤੇ ਮੁਸੀਬਤ ਵੇਲੇ ਚੰਗੀ ਸੋਚ ਨੂੰ ਮੁੱਖ ਰੱਖ, ਇਹੀ ਸੋਚਿਆ ਕੀ ਥਾਣੇ ਕਚਿਹਰੀਆਂ 'ਚ ਕੰਮ ਕਰਨ ਵਾਲਿਆਂ ਵੀ ਚੰਗੇ ਘਰਾਂ ਦੀਆਂ ਨੂੰਹਾਂ, ਧੀਆਂ ਨੇ। ਉਹ ਜ਼ਿੰਦਗੀ ਦਾ ਅਜਿਹਾ ਮੋੜ ਸੀ, ਜਿਹਨੇ ਮੈਨੂੰ ਮੇਰੇ ਅੰਦਰ ਵੱਸਦੀ, 'ਮਾਈ ਭਾਗੋ' ਨਾਲ ਮਿਲਵਾਇਆ। ਤੇ ਰੋਜ਼ ਮਰਾਹਾ ਦੀ ਜ਼ਿੰਦਗੀ ਨਾਲ ਲੜਨ ਲਈ ਪ੍ਰੇਰਨਾ ਦਿੰਦੇ ਕਿਹਾ ਕਿ, ਕੋਈ ਕੰਮ ਅਧੂਰਾ ਨਾ ਰਹੇ। ਕਿਉਂਕਿ ਅਧੂਰਾ ਸੱਚ ਤੇ ਅਧੂਰੀ ਲੜਾਈ ਤੁਹਾਨੂੰ ਬਾਦਸ਼ਾਹ ਤੋਂ ਗੁਲਾਮ ਬਣਾ ਸਕਦੀ ਹੈ। ਜਿੱਤਣ ਲਈ ਹਲਾਤ ਦੀ ਗਹਿਰਾਈ ਨੂੰ ਮਾਪੋ ਫੇਰ ਆਪਣੀ ਰਣ ਨੀਤੀ ਤਿਆਰ ਕਰੋ। ਬਾਕੀ ਸਾਹਿਬ ਹੱਥ ਵਡਿਆਈਆਂ ਜਿਸ ਭਾਵੇਂ ਤੀਸ ਦੇ'

ਉਹ ਮੋੜ ਕਈ ਮੋੜ ਲੈ ਕੇ ਆਇਆ, ਮੇਰਾ ਸਵੈ ਵਿਸ਼ਵਾਸ ਕਈ ਰਿਸ਼ਤੇ ਤੋੜ ਗਿਆ। ਪਰ ਮੈਂ ਹਾਲੇ ਜ਼ਿੰਦਾ ਹਾਂ ਬਹੁਤ ਅਧੂਰੇ ਕੰਮ ਜੋ ਪੂਰੇ ਕਰਵਾਉਣੇ ਨੇ ਮੈਥੋਂ ਮੇਰੇ ਮਲਿਕ ਨੇ। ਹੁਣ ਸਵਾਲ ਦਾਦੀ-ਦਾਦਾ, ਨਾਨੀ ਨਾਨਾ ਦੇ ਆਪਸੀ ਸੰਬੰਧ ਕਿਵੇਂ ਦੇ ਸਨ? ਬਹੁਤ ਚੰਗੇ ਸਨ। ਨਿੱਘੇ ਸਨ। ਜੋ ਅੱਜ ਕੱਲ ਵੇਖਣ ਨੂੰ ਨਹੀਂ ਮਿਲਦੇ। ਉਹਨਾਂ ਵਿਚ ਕੋਈ ਔਗੁਣ? ਹਾਂ ਸੀ। ਗੁੱਸਾ। ਸ਼ਾਇਦ ਦਾਦਾ ਜੀ ਦੀ ਅਚਾਨਿਕ ਮੌਤ ਦਾ ਸਦਮਾ ਉਹਨਾਂ ਨੂੰ ਇਹ ਸੁਭਾਅ ਦੇ ਗਿਆ। ਪੰਜਾਬੀ ਸੱਸ ਬਿਨਾ ਗੁੱਸੇ ਤੋਂ ਆਪਣੇ ਰੋਲ ਵਿਚ ਚੰਗੀ ਨਹੀਂ ਲੱਗਦੀ। ਹਾਹਾ।

ਘਰ ਦੀਆਂ ਨੂੰਹਾਂ ਨੂੰ ਕੱਪੜਾ ਲੱਤਾ, ਗਹਿਣਾ ਗੱਟਾ, ਪੈਸਾ ਧੇਲਾ, ਖਾਣ ਪੀਣ, ਪਹਿਨਣ, ਘੁੰਮਣ ਫਿਰਨ ਤੇ ਕੋਈ ਮਨਾਹੀ ਨਹੀਂ, ਬੱਸ ਰੌਲਾ ਇਕੋ ਗੱਲ ਤੇ ਕੀ ਉਹਨਾਂ ਨੂੰ ਪੁੱਛੇ ਬਿਨਾ ਨੂੰਹਾਂ ਪੇਕੇ ਨਹੀਂ ਜਾ ਸਕਦੀਆਂ, ਸਵੇਰੇ ਉੱਠਣ ਸਾਰ ਨਹਾਉਣ ਪਿੱਛੋਂ ਬਿੰਦੀ, ਸੁਰਖੀ ਲਾ ਕੇ ਰਸੋਈ 'ਚ ਕੰਮ ਕਾਰ ਕਰਨਾ। ਜੇ ਗੱਲ ਮੂੰਹੋਂ ਕੱਢ ਤੀ ਪੱਥਰ ਤੇ ਲਕੀਰ।

ਤਾ ਸਾਡੀ ਨਾਨੀ ਮਾਡਰਨ ਹਾਹਾ ਹਾਹਾ ਉਹਨੇ ਨੂੰਹਾਂ ਨੂੰ ਕੁੱਝ ਨਹੀਂ ਕਿਹਾ। ਉਹਨੇ ਪੁੱਤ ਵਿਆਹੇ ਤੇ ਕੁਝ ਸਾਲਾਂ ਬਾਅਦ ਅੱਡ ਕਰਤੇ ਕਿਉਂ? ਗੱਲ ਸੋਚਣ ਵਾਲੀ ਸੀ। ਕਿਉਂਕਿ ਉਹ ਨੂੰਹਾਂ ਨੂੰ ਤੰਗ ਨਹੀਂ ਸੀ ਕਰਨਾ ਚਾਹੁੰਦੀ। ਜਾਂ ਫੇਰ ਆਪਣੀ ਰਸੋਈ ਤੇ ਘਰ ਦੀ ਮੁਖਤਿਆਰੀ ਕਿਸੇ ਦੂਜੇ ਨੂੰ ਦੇਣੀ ਨਹੀਂ ਸੀ।

ਦਿਮਾਗ਼ ਤੇ ਸਮੇਂ ਦੀ ਮੰਗ ਮੂਹਰੇ ਸੱਸ ਨੇ ਗੋਡੇ ਨਹੀਂ ਟੇਕੇ ਤੇ ਚੌਧਰ ਨੂੰ ਕਾਇਮ ਰੱਖਣ ਲਈ ਦਾਦੀ ਨਾਨੀ ਨੇ ਆਪਣੇ ਸਭ ਹੱਥ ਕੰਡੇ ਅਪਣਾਏ। ਚੌਧਰ ਜ਼ਿੰਦਾਬਾਦ !!!! ਹਾਹਾ।

(**ਸੰਪਰਕ**-+1-778-847-7207)

**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਦੇ ਜਿਨ੍ਹਾਂ ਪਾਠਕਾਂ ਦੇ ਚੰਦੇ ਨਹੀਂ ਪਹੁੰਚੇ ਉਨ੍ਹਾਂ ਦਾ ਪਰਚ ਇਸ ਅੰਕ ਤੋਂ ਬੰਦ ਕੀਤਾ ਜਾ ਰਹਾ ਹੈ। ਵਾਰ ਵਾਰ ਸੂਚਿਤ ਕਰਨ ਦੇ ਬਾਵਜੂਦ ਵੀ ਪਾਠਕ ਆਲਸ ਕਰੀ ਜਾ ਰਹੇ ਹਨ।

-ਸੰਪਾਦਕ

# ਮੇਰੇ ਪੁਰਖੇ /-ਕਰਨੈਲ ਚੰਦ

ਮੇਰੇ ਦਾਦੇ ਹੋਰੀ ਚਾਰ ਭਰਾ ਸਨ। ਸ਼ਾਹੂ, ਤੁਲਸੀ, ਰਾਮ ਦਾਸ ਅਤੇ ਨਾਮ੍ਹਾ। ਮੇਰੇ ਪੁਰਖਿਆਂ ਦਾ ਜੱਦੀ ਪਿੰਡ ਮੇਹਟੀਆਣਾ, ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ ਹੈ। ਰੋਜੀ ਰੋਟੀ ਦਾ ਸਾਧਨ ਮਿਹਨਤ ਹੋਣ ਸਦਕਾ ਮੇਰੇ ਪੁਰਖੇ ਵਸੀਲੇ ਦੇ ਤਹਿਤ ਪਿੰਡ ਡਾਕਦਾਰ ਵਾਲੀ, ਮੰਡੀ ਬਾਰ ਬਟਣ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਵੀ ਰਹੇ। ਮੇਰੇ ਦਾਦਾ ਜੀ ਸ਼ਾਹੂ ਰਾਮ ਦੇ ਚਾਰ ਪੁੱਤਰ ਸਨ, ਇਨ੍ਹਾਂ ਚਾਰਾਂ ਦੀ ਹੀ ਜਨਮ ਭੋਂਇ ਪਿੰਡ ਡਾਕਦਾਰ ਵਾਲੀ ਹੈ। ਮੇਰੀ ਇਕ ਭੂਆ ਸੀ। ਮੇਰੇ ਪਿਤਾ ਸੰਤ ਰਾਮ ਜੀ ਦਾ ਜਨਮ ਸਨ 1940 ਦੇ ਲਗਭਗ ਹੋਇਆ। ਦੇਸ਼ ਵੰਡ ਸਮੇਂ ਉਹ ਕੇਵਲ ਸੱਤ ਕੁ ਸਾਲ ਦੇ ਸਨ। ਉਹਨਾਂ ਦੀ ਮੁੱਢਲੀ ਪੜ੍ਹਾਈ ਪਿੰਡ ਦੀ ਮਸੀਤ ਵਿਚ ਹੋਈ। ਉਹ ਉਰਦੂ ਦੀਆਂ ਇਕ ਦੋ ਜਮਾਤਾਂ ਪੜ੍ਹੇ ਹੀ ਸਨ ਕਿ ਦੇਸ਼ ਵੰਡ ਹੋ ਗਈ। ਓਧਰ ਬਾਰ 'ਚ ਹੀ ਮੇਰੇ ਇਕ ਦਾਦਾ ਰਾਮ ਦਾਸ ਨੇ ਇਕ ਮੁਸਲਮਾਨ ਲੁਹਾਰ ਕੋਲੋਂ ਲੁਹਾਰਾ ਕੰਮ ਵਿਚ ਮੁਹਾਰਤ ਹਾਸਿਲ ਕੀਤੀ ਹੋਈ ਸੀ। ਉਹ ਉਸ ਸਮੇਂ ਚਿਲਮਾਂ ਮੜ੍ਹਨ ਅਤੇ ਲੁਹਾਰਾ ਸੰਦ ਬਣਾਉਣ ਦਾ ਕੰਮ ਕਰਦੇ ਸਨ। ਮੇਰੇ ਤਾਇਆ ਜੀ ਨੇ ਵੀ ਉਨ੍ਹਾਂ ਕੋਲੋਂ ਇਸ ਕੰਮ ਵਿਚ ਹੱਥ ਸਿੱਧੇ ਕਰ ਲਏ ਸਨ।

ਦੇਸ਼ ਵੰਡ ਦੀ ਮਾਰ ਅਤੇ ਫਿਰ ਉਸਦਾ ਸੰਤਾਪ ਝੱਲਦਿਆਂ ਮੇਰੇ ਇਹਨਾਂ ਬਜ਼ੁਰਗਾਂ ਦਾ ਜੀਵਨ ਬੀਤਿਆ। ਵਾਪਿਸ ਆਪਣੇ ਪਿੰਡ ਮੇਹਟੀਆਣੇ ਆ ਕੇ ਫਿਰ ਉਹੀ ਰੋਜੀ ਰੋਟੀ ਦੀ ਸਮੱਸਿਆ ਉਹਨਾਂ ਸਾਹਵੇਂ ਮੂੰਹ ਅੱਡੀ ਖੜੀ ਸੀ। ਮੇਰੇ ਪਿਤਾ ਜੀ ਦੇ ਦੱਸਣ ਅਨੁਸਾਰ, "ਅਸੀਂ ਛੋਟੀ ਉਮਰੇ ਹੀ ਪਿੰਡ ਦੇ ਜ਼ਿਮੀਦਾਰਾਂ ਦੇ ਢੇਰ ਗੱਡਿਆਂ ਉੱਤੇ ਸਾਰਾ ਸਾਰਾ ਦਿਨ ਅਤੇ ਰਾਤ ਉਨ੍ਹਾਂ ਦੇ ਖੇਤਾਂ ਵਿਚ ਢੋਂਦੇ ਰਹਿੰਦੇ। ਬੜਾ ਵਿਤਕਰਾ ਕਰਦੇ ਸਨ। ਉਹ ਲੋਕ ਸਾਡੇ ਨਾਲ।" ਇਨ੍ਹਾਂ ਹਾਲਾਤਾਂ ਵਿਚ ਹੀ ਉਹਨਾਂ ਦੀ ਪੜ੍ਹਨ ਪੜ੍ਹਾਉਣ ਦੀ ਉਮਰ ਵੀ ਲੰਘ ਗਈ। ਗੁਰਬਤ ਕੱਟਦਿਆਂ ਅਤੇ ਜ਼ਿੰਮੀਂਦਾਰਾਂ ਦੀਆਂ ਬੁੱਤੀਆਂ ਕਰਦਿਆਂ ਕਰਦਿਆਂ ਕਦੋਂ ਜਵਾਨ ਹੋਏ ਤੇ ਕਦੋਂ ਉਹਨਾਂ ਦਾ ਵਿਆਹ ਕਰ ਦਿੱਤਾ ਪਤਾ ਹੀ ਨਾ ਲੱਗਾ। ਸ਼ਾਦੀ ਤੋਂ ਬਾਅਦ ਮੇਰੇ ਪਿਤਾ ਜੀ ਆਪਣੇ ਆਲੇ-ਦੁਆਲੇ ਦੇ ਬਦਲਦੇ ਮਾਹੌਲ ਨੂੰ ਦੇਖਕੇ ਕਿਤੇ ਨਾ ਕਿਤੇ ਅੰਦਰੋਂ ਇਹਨਾਂ ਗੁਲਾਮੀ ਦੀਆਂ ਬੇੜੀਆਂ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਸਨ। ਉਹ ਆਪਣੇ ਮਨ ਵਿਚ ਕੁਝ ਨਵਾਂ ਕਰਨ ਕਰਾਉਣ ਦੀ ਮਨਸ਼ਾ ਦੱਬੀ ਬੈਠੇ ਸਨ।

ਬਚਪਨ ਤੋਂ ਹੀ ਕਿਰਤੀ ਸੁਭਾਅ ਤੇ ਪ੍ਰਤਿਭਾ ਦੇ ਮਾਲਕ ਹੋਣ ਸਦਕਾ ਸਾਡੇ ਪਿਤਾ ਜੀ ਨੇ ਆਪਣੇ ਵੱਡੇ ਭਰਾ ਦੀ ਤਰ੍ਹਾਂ ਦਸਤਕਾਰੀ ਸਿੱਖਣ ਦਾ ਸੰਕਲਪ ਲਿਆ। ਉਨ੍ਹਾਂ ਨੂੰ ਪਤਾ ਲੱਗਾ ਕਿ ਸਾਡੇ ਦੂਰ ਦੇ ਇੱਕ ਜਾਣਕਾਰ ਹਰਿਆਣੇ ਵਿਚ ਲੁਹਾਰਾ ਤਖਾਣਾ ਕੰਮ ਕਰਦੇ ਹਨ ਅਤੇ ਓਧਰ ਅਜੇ ਬਹੁਤਾ ਵਿਕਾਸ ਨਾ ਹੋਣ ਕਰਕੇ ਇਸ ਕੰਮ ਦੀ ਮੰਗ ਵੀ ਬਹੁਤ ਹੈ। ਮੇਰੇ ਪਿਤਾ ਜੀ ਨੇ ਉਹਨਾਂ ਦਾ ਪਤਾ ਠਿਕਾਣਾ ਲਿਆ ਤੇ ਪਰਿਵਾਰ ਦੀ ਰਜ਼ਾ ਨਾਲ ਉਹ 1960 ਦੇ ਲਗਭਗ ਸਾਡੀ ਮਾਤਾ ਜੀ ਸਮੇਤ ਆਪਣੇ ਘਰ ਤੋਂ 250 ਕਿਲੋ ਮੀਟਰ ਦੂਰ ਮਸਤਰਾੜ ਪਿੰਡ (ਹਰਿਆਣਾ) ਵਿਚ ਆ ਗਏ। ਇਸ ਕੰਮ ਵਿਚ ਉਹਨਾਂ ਦੀ ਮਦਦ ਸਾਡੇ ਦਾਦੇ ਦੇ ਇਕ ਪੱਗਵੱਟ ਭਰਾ ਕਰਮ ਚੰਦ ਨੇ ਕੀਤੀ। ਇਹ ਉਹ ਸਮਾਂ ਸੀ ਜਦੋਂ ਇਸ ਇਲਾਕੇ ਦੇ ਪਿੰਡਾਂ ਵਿਚ ਅਜੇ ਨਾ ਕੋਈ ਸੜਕ ਤੇ ਨਾ ਹੀ ਬਿਜਲੀ ਆਦਿ ਦਾ ਨਾਮ ਸੀ।

ਪਿਤਾ ਜੀ ਨੇ ਇੱਥੇ ਰਹਿ ਕੇ ਲਾਲ ਚੰਦ ਨਾਮ ਦੇ ਮਿਸਤਰੀ ਕੋਲੋਂ ਲੋਹੇ ਲੱਕੜੀ ਦਾ ਕੰਮ ਸਿੱਖਿਆ।

ਸਾਲ ਕੁ ਬਾਅਦ ਹੀ ਉਹ ਉੱਥੋਂ ਇਕ ਲਾਗਲੇ ਪਿੰਡ ਪ੍ਰਭੌਤ ਜ਼ਿਲ੍ਹਾ ਕੈਥਲ ਵਿਚ ਚਲੇ ਗਏ। ਇੱਥੇ ਹੀ ਉਹਨਾਂ ਦੇ ਜੀਵਨ ਦੀ ਸੰਘਰਸ਼ ਗਾਥਾ ਸ਼ੁਰੂ ਹੋਈ ਤੇ ਉਹਨਾਂ ਨੇ ਆਪਣੀ ਮਿਹਨਤ ਸਦਕਾ ਆਪਣੇ ਸੁਪਨਿਆਂ ਨੂੰ ਸਾਕਾਰ ਰੂਪ ਦਿੱਤਾ। ਹਰਿਆਣਾ ਦੇ ਉਸ ਸਮੇਂ ਦੇ ਇਸ ਨਿਰੋਲ ਜੰਗਲੀ ਇਲਾਕੇ ਵਰਗੇ ਪਿੰਡ ਵਿਚ ਆ ਕੇ ਸਾਡੇ ਪਿਤਾ ਜੀ ਨੇ ਆਪਣੇ ਜਨੂੰਨ ਸਦਕਾ ਜੰਗਲ ਵਿਚ ਮੰਗਲ ਕਰ ਦਿੱਤਾ।

ਇਸੇ ਪਿੰਡ ਵਿਚ ਹੀ ਮੇਰੇ ਪੰਜ ਭੈਣ ਭਰਾਵਾਂ ਦਾ ਜਨਮ ਹੋਇਆ। ਉਸ ਸਮੇਂ ਇੱਥੇ ਵੀ ਬਾਰ ਤੋਂ ਉੱਜੜ ਪੁੱਜੜ ਕੇ ਪੰਜਾਬੀ ਲੋਕ ਨਵੇਂ ਨਵੇਂ ਆਏ ਸਨ। ਸਾਡੇ ਪਿਤਾ ਜੀ ਦੀ ਦਸਤਕਾਰੀ ਵਾਲੇ ਇਸ ਕੰਮ ਦੀ ਇੱਥੇ ਬਹੁਤ ਮੰਗ ਅਤੇ ਇੱਜ਼ਤ ਸੀ। ਇਸੇ ਪਿੰਡ ਦੀ ਨਵੀਂ ਬਣੀ ਚੌਪਾਲ ਵਿਚ ਪਹਿਲਾ ਸਕੂਲ ਖੁੱਲ੍ਹਿਆ ਤੇ ਸਾਡੀ ਪੜ੍ਹਾਈ ਦਾ ਸਿਲਸਿਲਾ ਵੀ ਇੱਥੋਂ ਹੀ ਸ਼ੁਰੂ ਹੋਇਆ। ਮੇਰੇ ਬਜ਼ੁਰਗ ਦੀ ਇਹ ਸਭ ਤੋਂ ਵੱਡੀ ਇੱਛਾ ਸੀ ਕਿ ਉਹ ਆਪਣੇ ਆਪ ਤਾਂ ਨਹੀਂ ਪੜ੍ਹ ਸਕਿਆ ਪਰ ਆਪਣੇ ਬੱਚਿਆਂ ਨੂੰ ਮੈਂ ਇਹ ਗੁਲਾਮੀ ਭਰੀ ਜ਼ਿੰਦਗੀ ਨਹੀਂ ਜਿਉਣ ਦੇਵਾਂਗਾ। ਉਹਨਾਂ ਨੇ ਆਪਣੇ ਬਜ਼ੁਰਗਾਂ ਨੂੰ ਵੀ ਪੂਰਾ ਸਹਿਯੋਗ ਅਤੇ ਮਾਣ ਦਿੱਤਾ। ਇਸ ਤਰ੍ਹਾਂ ਮੇਰੇ ਬਜ਼ੁਰਗ ਸਾਊ ਅਤੇ ਆਪਣੀ ਦਸਾਂ ਨਹੁੰਆਂ ਦੀ ਨੇਕ ਕਮਾਈ ਵਿਚ ਵਿਸ਼ਵਾਸ ਰੱਖਣ ਵਾਲੇ ਕਿਰਤੀ ਯੋਧੇ ਸਨ ਨਾ ਕਿ ਉਪਭੋਗੀ ਯੁੱਗ ਵਿਚ ਖਪਤੀ ਮਨੁੱਖ ਦੀ ਤਰ੍ਹਾਂ ਜਸ਼ਨ ਮਨਾਉਣ ਵਾਲੇ ਵਿਹਲੜ ਅਤੇ ਚੌਧਰ ਦੇ ਭੁੱਖੇ ਸਫੈਦਪੋਸ਼।

ਕਈ ਵਾਰੀ ਜਦੋਂ ਮੈਂ ਆਪਣੇ ਬਜ਼ੁਰਗਾਂ ਦੇ ਇਤਹਾਸ ਤੇ ਪਿੱਛਲ ਝਾਤ ਮਾਰਦੇ ਹੋਏ ਸੋਚਦਾਂ ਹਾਂ ਕਿ ਸਾਡੇ ਪੁਰਖੇ ਹਜ਼ਾਰਾਂ ਸਾਲਾਂ ਤੋਂ ਇਸ ਕਾਇਨਾਤ ਦੇ ਅਸਲੀ ਸਿਰਜਕ ਭਾਵ ਨਾਇਕ ਰਹੇ ਹਨ, ਪਰ ਇਨ੍ਹਾਂ ਨੂੰ ਸਾਡੀਆਂ ਬ੍ਰਾਹਮਣਵਾਦੀ ਸਮਾਜਕ ਆਰਥਿਕ ਤੇ ਰਾਜਨੀਤਿਕ ਪਰਸਥਿਤੀਆਂ ਵਿਚਲੇ ਮੁੱਖ ਨਾਇਕ ਹੁੰਦਿਆਂ ਹੋਇਆਂ ਵੀ ਖਲਨਾਇਕ ਦੀ ਕਤਾਰ ਵਿਚ ਹੀ ਖੜਾ ਰੱਖਿਆ।

ਸਨ 1980 ਦੇ ਦੌਰ ਵਿਚ ਇਧਰਲੇ ਪਿੰਡਾਂ ਵਿੱਚ ਵੀ ਖੇਤੀ ਬਾੜੀ ਦੇ ਆਧੁਨਿਕ ਸੰਦ ਆ ਜਾਣ ਕਾਰਨ ਕਿਰਤੀ ਲੋਕਾਂ ਦੇ ਪਰੰਪਰਾਈ ਕੰਮ ਧੰਦੇ ਠੱਪ ਹੋਣ ਲੱਗੇ। ਦਸਤਕਾਰੀ ਕਰਨ ਵਾਲੇ ਲੋਕ ਜ਼ਿੰਮੀਦਾਰਾਂ ਦੇ ਵਸੀਲਿਆਂ ਤੇ ਗੁਜ਼ਾਰਾ ਕਰਨ ਵਾਲੇ ਲੋਕ ਸਨ। ਇਹ ਲੋਕ ਆਪਣਾ ਗੁਜਾਰਾ ਜਜਮਾਨੀ ਪ੍ਰਥਾ ਸੇਪੀ ਦੇ ਤਹਿਤ ਛਮਾਹੀ ਬਾਅਦ ਆਪਣੀ ਮਿਹਨਤ ਦੇ ਰੂਪ ਵਿਚ ਅਨਾਜ ਆਦਿ ਲੈ ਕੇ ਕਰਦੇ ਸਨ। ਸਾਡੇ ਬਜ਼ੁਰਗਾਂ ਦੁਆਰਾ ਬਿਤਾਏ ਇਸ ਸਬਰ ਅਤੇ ਸੰਤੋਖ ਭਰੇ ਜੀਵਨ ਨੂੰ ਵੇਖਕੇ ਮੈਂ ਅੱਜ ਨਤਮਸਤਕ ਹੁੰਦਾ ਹਾਂ। ਉਹਨਾਂ ਵਿਚਲਾ ਸਹਿਜ ਸਵਾਭਿਮਾਨ ਅਤੇ ਠਰੰਮਾ ਸਾਡੀ ਅੱਜ ਦੀ ਅਗਲੀ ਪੀੜ੍ਹੀ ਵਿਚ ਬਹੁਤ ਘੱਟ ਹੀ ਵੇਖਣ ਨੂੰ ਮਿਲਦਾ ਹੈ। ਸਚਮੁਚ ਹੀ ਸਾਡੇ ਇਹਨਾਂ ਬਜ਼ੁਰਗਾਂ ਦੀ ਮਿਹਨਤ ਇਸ ਦੇਸ਼ ਵਿਚ ਹਰਿਤ ਤੇ ਸ਼ਵੇਤ ਕ੍ਰਾਂਤੀ ਆਈ ਹੈ। ਦੂਜਾ ਸਾਡੇ ਅਜਿਹੇ ਬਜ਼ੁਰਗਾਂ ਸਦਕਾ ਹੀ ਪੰਜਾਬੀ ਵਿਰਸੇ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ ਤੇ ਉਹਨਾਂ ਨੇ ਆਪਣੀ ਸੱਚੀ ਸੁੱਚੀ ਕਿਰਤ ਰਾਹੀਂ ਸਾਨੂੰ ਅੱਗੇ ਵਧਣ ਦਾ ਮੌਕਾ ਦਿੱਤਾ।

ਮੇਰੇ ਪੁਰਖਿਆਂ ਨੇ ਆਪਣਾ ਸਾਰਾ ਜੀਵਨ ਬਿਨਾਂ ਕਿਸੇ ਈਰਖਾਂ, ਦਵੇਸ਼ ਅਤੇ ਵਲ਼ ਛਲ਼ ਤੋਂ ਸਿੱਧੇ ਸਾਦੇ ਢੰਗ ਨਾਲ ਜੀਵਿਆ। ਉਹ ਆਪਣੀ ਮਿਹਨਤ ਦੇ ਬਲਬੂਤੇ ਤੇ ਹੀ ਜੋ ਬਣਾ ਸਕੇ ਬਣਾਇਆ। ਲੋਕਾਂ ਦੀ ਭਰਪੂਰ ਮਦਦ ਕੀਤੀ ਪਰ ਆਪ ਜ਼ਮੀਨ ਜਾਂ ਸੰਪਤੀ ਬਣਾਉਣ ਦਾ ਕਦੇ ਲਾਲਚ ਨਹੀਂ ਪਾਲਿਆ। ਸਗੋਂ ਲੋਕਾਂ ਨੂੰ ਆਪਣੀ ਮਿਹਨਤ ਨਾਲ ਕਮਾਏ ਪੈਸੇ ਦੇ ਕੇ ਜ਼ਮੀਨਾਂ ਦੇ ਮਾਲਕ ਬਣਾਇਆ।

ਭਾਵੇਂ ਕਿ ਮੇਰੇ ਪੁਰਖੇ ਸਮੇਂ ਦੇ ਬਦਲਣ ਨਾਲ ਉਨ੍ਹਾਂ ਦੀ ਹੋਈ ਕਿਰਤ ਦੀ ਲੁੱਟ ਨੂੰ ਵੀ ਬਾਖੂਬੀ ਸਮਝਦੇ ਸਨ ਤੇ ਆਪਦੇ ਸਮੇਂ ਦੇ ਨਿਜ਼ਮ ਅਤੇ ਸਰਕਾਰਾਂ ਨੂੰ ਕੋਸਦੇ ਵੀ ਰਹਿੰਦੇ ਸਨ। ਪਰ ਆਪਣੀ ਜਮਾਤੀ

ਹੈਸੀਅਤ ਨਾ ਹੋਣ ਸਦਕਾ ਇਸਦੇ ਨਾਲ ਕਦੀ ਲੜ ਨਹੀਂ ਸਕੇ। ਇਸ ਸੰਤਾਪ ਅਤੇ ਅਣਹੋਣੀ ਨੂੰ ਉਹ ਆਪਣੇ ਹੀ ਅੰਦਰ ਪੀਂਦੇ ਰਹੇ। ਕੁਝ ਵੀ ਹੈ ਅਸੀਂ ਸਾਡੇ ਪੁਰਖਿਆਂ ਦੇ ਇਸ ਯੁੱਗ ਪਲਟਾਊ ਸੰਘਰਸ਼ ਨੂੰ ਸਲਾਮ ਕਰਦੇ ਹਾਂ। ਉਹਨਾਂ ਦੀ ਇਸ ਦੇਣ ਨੂੰ ਕਦੇ ਵੀ ਭੁੱਲਿਆ ਨਹੀਂ ਜਾ ਸਕਦਾ। ਉਹ ਸਾਡੇ ਮੀਲ ਪੱਥਰ ਹਨ ਅਤੇ ਰਹਿਣਗੇ। ਅਸੀਂ ਅੱਜ ਜੋ ਵੀ ਹਾਂ ਉਨ੍ਹਾਂ ਦੀ ਹੀ ਬਦੌਲਤ ਹਾਂ। ਉਹ ਸਾਡੇ ਲਈ ਹਮੇਸ਼ਾ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੇ ਚੱਲਣ ਵਾਲੇ ਉਨ੍ਹਾਂ ਦੇ ਅਨੁਯਾਈ ਭਾਈ ਲਾਲੋ ਦੇ ਰੂਪ ਵਿਚ ਸਾਡੇ ਸਾਮਣੇ ਮੌਜੂਦ ਹਨ। ਅੱਜ ਅਸੀਂ ਸਾਰਾ ਪਰਿਵਾਰ ਸਾਡੇ ਪੁਰਖਿਆ ਦੀ ਕੇਵਲ ਤੇ ਕੇਵਲ ਦਸਾਂ ਨਹੁੰਆਂ ਦੀ ਕਮਾਈ ਸਦਕਾ ਚੰਗੇ ਅਹੁਦਿਆਂ ਦੇ ਪੁੱਜੇ ਹਾਂ। ਜੋ ਉਹਨਾਂ ਨੇ ਕਦੇ ਸੁਪਨਾ ਦੇਖਿਆ ਸੀ ਉਹ ਪੂਰਾ ਕਰ ਕੇ ਦਿਖਾਇਆ।

ਸਾਡੇ ਮਾਤਾ ਪਿਤਾ ਜੀ ਨੇ ਹਰਿਆਣੇ ਵਿਚ ਬਿਤਾਏ ਕਰੀਬ 60 ਸਾਲਾਂ ਦੇ ਦੌਰਾਨ ਕਦੇ ਵੀ ਆਪਣੀ ਮਾਤ ਭਾਸ਼ਾ ਦਾ ਪੱਲਾ ਨਹੀਂ ਛੱਡਿਆ। ਉਹਨਾਂ ਨੇ ਇੱਥੇ ਕਦੇ ਵੀ ਕਿਸੇ ਨਾਲ ਹਿੰਦੀ ਜਾਂ ਹਰਿਆਣਵੀ ਵਿਚ ਕੁਦਰਤਨ ਹੀ ਸੰਵਾਦ ਨਹੀਂ ਰਚਾਇਆ। ਉਨ੍ਹਾਂ ਦੀ ਪ੍ਰੇਰਣਾ ਸਦਕਾ ਹੀ ਮੈਂ ਵੀ ਆਪਣੀ ਮਾਤ ਭਾਸ਼ਾ ਪੰਜਾਬੀ ਵਿਚ ਉੱਚ ਅਧਿਐਨ ਕਰਕੇ ਹਰਿਆਣਾ ਸਿੱਖਿਆ ਵਿਭਾਗ ਵਿਚ ਪੰਜਾਬੀ ਪ੍ਰਵਕਤਾ ਦੇ ਪਦ ਤੱਕ ਪਹੁੰਚਿਆ ਅਤੇ ਇਸਦਾ ਸੇਵਕ ਬਣ ਗਿਆ। ਆਪਣੇ ਬਜ਼ੁਰਗਾਂ ਦੀ ਮਾਤ ਭੂਮੀ ਦੁਆਬੇ ਨਾਲੋਂ ਟੁੱਟ ਕੇ ਇਕ ਵਾਰੀ ਫੇਰ ਉਸ ਨਾਲ ਜਾ ਜੁੜਿਆ। ਮੈਂ ਇਸਨੂੰ ਆਪਣਾ ਸੰਯੋਗ ਹੀ ਸਮਝਦਾ ਹਾਂ ਕਿ ਮੇਰੇ ਮਾਤਾ ਪਿਤਾ ਜੀ ਦੀ ਮਾਤ ਭਾਸ਼ਾ ਮੇਰੇ ਲਈ ਰੁਜ਼ਗਾਰ ਅਤੇ ਉੱਚ ਅਧਿਐਨ (ਪੀਐਚ. ਡੀ.) ਦਾ ਜ਼ਰੀਆ ਬਣੀ, ਜੋ ਮੇਰੇ ਮਾਤਾ ਪਿਤਾ ਨੇ ਕਦੇ ਪੰਜਾਬ ਤੋਂ ਵਿਛੜਦੇ ਹੋਏ ਆਪਣੇ ਸੁਪਨੇ ਦੇ ਤੌਰ ਤੇ ਦੇਖਿਆ ਸੀ। ਅੱਜ ਮੈਂ ਆਪਣੇ ਇਹਨਾਂ ਸਾਰੇ ਪੁਰਖਿਆ ਦੇ ਮਿਹਨਤ ਦੇ ਉਸ ਸੰਕਲਪ ਨੂੰ ਇਕ ਵਾਰੀ ਫਿਰ ਨਮਸਕਾਰ ਕਰਦਾ ਹਾਂ, ਜਿਸ ਸਦਕਾ ਮੇਰੇ ਨਵੇਂ ਭਾਰਤ ਦੀ ਇਹ ਤਸਵੀਰ ਬਣੀ ਹੈ।

ਸਾਡੇ ਮਾਤਾ ਪਿਤਾ ਜੀ ਨੇ ਮਿਲਕੇ ਇਸ ਸਾਰੇ ਸੰਘਰਸ਼ ਨਾਲ ਆਪਣੀ ਕਿਸਮਤ ਆਪ ਲਿਖੀ। ਉਨ੍ਹਾਂ ਨੇ ਕਦੇ ਵੀ ਪਿੱਛੇ ਮੁੜਕੇ ਨਹੀਂ ਦੇਖਿਆ। ਉਨ੍ਹਾਂ ਦੇ ਆਪਸੀ ਸੰਬੰਧ ਸਦਾ ਸੁਖਾਵੇਂ ਰਹੇ। ਮੇਰੇ ਮਾਤਾ ਜੀ ਵੀ ਪਿਤਾ ਜੀ ਤਰ੍ਹਾਂ ਸੰਘਰਸ਼ ਦਾ ਮੁਜੱਸਮ ਹਨ। ਉਹ ਹਮੇਸ਼ਾ ਪਿਤਾ ਜੀ ਅਤੇ ਸਾਰੇ ਪਰਿਵਾਰ ਨਾਲ ਮੋਢਾ ਜੋੜਕੇ ਚੱਲਣ ਵਾਲੇ ਹਨ। ਦੂਰ ਪ੍ਰਦੇਸ਼ਾਂ ਵਿਚ ਜਦੋਂ ਕੇਵਲ ਚਿੱਠੀ ਪੱਤਰ ਵੀ ਬੜੇ ਲੰਮੇ ਸਮੇਂ ਬਾਅਦ ਮਿਲਦੇ ਸਨ, ਉਦੋਂ ਵੀ ਉਹਨਾਂ ਨੇ ਆਪਣਾ ਹੌਂਸਲਾ ਨਹੀਂ ਛੱਡਿਆ ਤੇ ਕੁਦਰਤ ਦੀ ਰਜ਼ਾ ਵਿਚ ਰਹਿ ਕੇ ਆਪਣਾ ਕਰਮ ਕੀਤਾ।

ਜਿੰਨੀਆਂ ਤੰਗੀਆਂ ਤੁਰਸ਼ੀਆਂ ਭਰਿਆ ਜੀਵਨ ਸਾਡੇ ਇਹਨਾਂ ਪੁਰਖਿਆ ਨੇ ਬਿਤਾਇਆ ਹੈ ਉਹ ਆਪਣੇ ਆਪ ਵਿਚ ਪ੍ਰੇਰਣਾ ਦੀ ਇਕ ਬਹੁਤ ਵੱਡੀ ਮਿਸਾਲ ਹੈ। ਅਨਪੜ੍ਹਤਾ, ਸਾਧਨਹੀਣਤਾ, ਗਰੀਬੀ, ਜਾਤ-ਪਾਤ ਅਤੇ ਥੁੜ੍ਹਾਂ ਨਾਲ ਭਰੇ ਇਸ ਜੀਵਨ ਨੂੰ ਹੱਸ ਕੇ ਜੀਵਿਆ। ਦੂਜੇ ਪ੍ਰਦੇਸਾਂ ਵਿਚ ਇਕਲਿਆਂ ਰਹਿ ਕੇ ਜਿੰਨੀ ਜਦੋ ਜਹਿਦ ਤੇ ਸੰਘਰਸ਼ ਸਾਡੇ ਇਨ੍ਹਾਂ ਬਜ਼ੁਰਗਾਂ ਨੇ ਉਹਨਾਂ ਸਮਿਆਂ ਵਿਚ ਕੀਤੀ, ਉਹ ਆਪਣੇ ਆਪ ਵਿਚ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਮੀਲ ਦਾ ਪੱਥਰ ਕਿਹਾ ਜਾ ਸਕਦਾ ਹੈ।

(**ਸੰਪਰਕ-94161-21293**)

## ਜਬਰੀ ਬਣਾਏ ਪੁਰਖੇ/-ਸਰਣ ਕੁਮਾਰ ਲਿੰਬਾਲੇ

ਚਾਰ ਪੰਜ ਦਿਨ ਜਦੋਂ ਮੈਂ ਲਗਾਤਾਰ ਸਕੂਲ ਜਾਂਦਾ ਰਿਹਾ ਤਾਂ ਅਧਿਆਪਕ ਨੇ ਤੈਅ ਕੀਤਾ ਕਿ ਹਾਜ਼ਰੀ ਰਜਿਸਟਰ ਵਿੱਚ ਨਾਂਅ ਲਿਖਿਆ ਜਾਣਾ ਚਾਹੀਦੈ। ਮੈਨੂੰ ਪਿਤਾ ਦਾ ਨਾਂਅ ਪੁੱਛਿਆ। ਪਰ ਮੈਨੂੰ ਪਿਤਾ ਦਾ ਨਾਂਅ ਮਾਲੂਮ ਹੀ ਨਹੀਂ ਸੀ। ਮੇਰੇ ਪਿਤਾ ਵੀ ਹੋ ਸਕਦੇ ਹਨ। ਇਹ ਕਲਪਨਾ ਮੈਨੂੰ ਬਹੁਤ ਬਚਿੱਤਰ ਲੱਗੀ।

ਮੈਂ ਸਕੂਲ ਜਾਣ ਲੱਗਾ, ਭੌਂਸਲੇ ਗੁਰੂ ਜੀ ਮੈਨੂੰ ਬਾਸਲ ਗਾਂਵ ਦਾ 'ਪਟੇਲ' ਕਹਿੰਦੇ। ਪਟੇਲ ਸ਼ਬਦ ਸੁਣ ਕੇ ਮੈਨੂੰ ਚੰਗਾ ਵੀ ਲੱਗਦਾ ਤੇ ਬੁਰਾ ਵੀ।

ਸਕੂਲ 'ਚ ਮੇਰੇ ਨਾਂਅ ਅੱਗੇ ਹਣਮੰਤਾ ਲਿੰਬਾਲੇ ਦਾ ਨਾਂਅ ਲਗਾਇਆ ਗਿਆ। ਹਣਮੰਤਾ ਨੂੰ ਕਿਤੋਂ ਇਸ ਗੱਲ ਦਾ ਪਤਾ ਲੱਗ ਗਿਆ। ਚਾਰ ਪੰਜ ਬੰਦੇ ਲੈ ਕੇ ਉਹ ਤੁਰੰਤ ਹੱਜ਼ੂਰ ਆ ਧਮਕਿਆ। ਪਿੰਡ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਲੈ ਕੇ ਉਹ ਮੁੱਖ ਅਧਿਆਪਕ ਨੂੰ ਮਿਲਿਆ। ਉਨ੍ਹੀਂ ਦਿਨੀਂ ਭੌਂਸਲੇ ਗੁਰੂ ਜੀ ਮੁੱਖ ਅਧਿਆਪਕ ਸਨ। ਅਧਿਆਪਕਾਂ ਦਾ ਵੇਤਨ ਸੱਤਰ ਰੁਪਏ ਸੀ। ਹੱਥ 'ਚ ਸੌ ਰੁਪਏ ਦਾ ਨੋਟ ਲੈ ਕੇ ਹਣਮੰਤਾ ਭੌਂਸਲੇ ਗੁਰੂ ਜੀ ਦੇ ਪਾਸ ਗਿਆ। ਨਾਲ ਹੀ ਉਹ ਬੰਦੂਕ ਦਾ ਡਰ ਵੀ ਵਿਖਾ ਰਿਹਾ ਸੀ। ਪਰ ਗੁਰੂ ਜੀ ਜ਼ਬਰਦਸਤ ਆਦਮੀ ਸਨ। ਇੱਕਦਮ ਨਿਡਰ। ਉਨ੍ਹਾਂ ਦ੍ਰਿੜ੍ਹ ਸ਼ਬਦਾਂ 'ਚ ਕਿਹਾ, "ਇਸ ਲੜਕੀ ਦਾ ਬਾਬ ਕੌਣ ਹੈ, ਇਹ ਇਸ ਦੀ ਮਾਂ ਦੱਸੇਗੀ ਤੇ ਉਸ ਵੱਲੋਂ ਦੱਸਿਆ ਨਾਂਅ ਹੀ ਮੈਂ ਹਾਜ਼ਰੀ ਰਜ਼ਿਸਟਰ ਵਿੱਚ ਲਿਖਾਂਗਾ।" ਝਗੜਾ ਵਧ ਗਿਆ। ਹਣਮੰਤਾ ਨੇ ਬਹੁਤ ਕੋਸ਼ਿਸ਼ ਕੀਤੀ। ਉਹ ਗਿੜਗਿੜਾਉਣ ਲੱਗਾ। ਪਰ ਕੁਝ ਨਾ ਹੋ ਸਕਿਆ। ਭੌਂਸਲੇ ਗੁਰੂ ਜੀ ਦੇ ਕਾਰਨ ਮੈਨੂੰ ਪਿਤਾ ਦਾ ਨਾਂਅ ਮਿਲ ਗਿਆ।

ਮਸਾ ਮਾਂ ਹਮੇਸ਼ਾ ਕਹਿੰਦੀ ਕਿ ਕਾਕਾ ਦੀ ਬਹੁਤ ਵੱਡੀ ਕੋਠੀ ਹੈ ਕਾਲੇ ਪੱਥਰਾਂ ਦੀ। ਮੈਂ ਜਦੋਂ ਵੀ ਪਿੰਡ ਦੇ ਅੰਦਰ ਜਾਂਦਾ, ਉਸ ਕੋਠੀ ਨੂੰ ਲੱਭਦਾ। ਕਾਲੇ ਪੱਥਰਾਂ ਦੀ ਕਿਹੜੀ ਕੋਠੀ ਹੈ? ਕਾਕਾ ਉੱਥੇ ਕਿੱਥੇ ਰਹਿੰਦੇ ਹਨ? ਪਰ ਕਾਕਾ ਦੀ ਕੋਠੀ ਮੈਨੂੰ ਕਦੀ ਮਿਲੀ ਹੀ ਨਹੀਂ। ਮਾਂ ਕਹਿੰਦੀ, "ਕਾਕਾ ਦਾ ਲੜਕਾ ਹੈ, ਪਤਨੀ ਹੈ, ਮਾਂ ਬਾਪ ਹਨ।" ਇਹ ਸੁਣ ਮੈਂ ਬੇਚੈਨ ਹੋ ਜਾਂਦਾ।

ਕਾਕਾ ਦਾ ਦੂਸਰਾ ਘਰ ਹੈ, ਪਤਨੀ ਅਤੇ ਬੱਚੇ ਹਨ, ਤਾਂ ਉਹ ਸਾਡੇ ਘਰ ਕਿਉਂ ਆਉਂਦੇ ਹਨ? ਮੈਂ ਤਾਂ ਸਮਝਦਾ ਸੀ ਕਿ ਕਾਕਾ ਅਤੇ ਮਾਂ ਪਤੀ ਪਤਨੀ ਹਨ। ਬਹੁਤ ਅਜੀਬ ਜਿਹਾ, ਬਹੁਤ ਰਹੱਸ ਭਰਿਆ ਜਿਹਾ ਲਗਦਾ। ਕਾਕਾ ਸਾਡੇ ਘਰ ਛਿੱਪ ਕੇ ਆਉਂਦੇ। ਬਹਿੰਦੇ, ਬੋਲਦੇ, ਹੱਸਦੇ। ਘਰ ਦੇ ਆਦਮੀ ਵਾਂਗ ਹੀ ਵਿਹਾਰ ਕਰਦੇ। ਕਾਕਾ ਸਾਨੂੰ ਪਿਤਾ ਦੀ ਤਰ੍ਹਾਂ ਲੱਗਦੇ।

ਮੈਂ ਪਿੰਡ ਅੰਦਰ ਜਾਂਦਾ ਤਾਂ ਕਾਕਾ ਦੀ ਕੋਠੀ ਲੱਭਦਾ। ਕਾਕਾ ਦੀ ਪਤਨੀ ਗੋਰੀ ਹੋਵੇਗੀ ਕਿਆ? ਕਾਕਾ ਦਾ ਲੜਕਾ ਕਿਹੋ ਜਿਹਾ ਹੋਵੇਗਾ? ਉਸ ਦੇ ਮਾਂ ਪਿਓ ਕਿਹੋ ਜਿਹੇ ਹੋਣਗੇ? ਹਮੇਸ਼ਾ ਇਹੋ ਵਿਚਾਰ ਆਉਂਦੇ। ਮਾਂ ਨੇ ਜੋ ਨਿਸ਼ਾਨੀਆਂ ਦੱਸੀਆਂ ਹੁੰਦੀਆਂ, ਉਨ੍ਹਾਂ ਨੂੰ ਖੋਜਦਾ। ਇੱਕ ਵਾਰ ਇੱਕ ਘਰ 'ਚ ਮੈਨੂੰ ਕਾਕਾ ਦਿਖਾਈ ਦਿੱਤੇ। ਕਾਕਾ ਦੀ ਕੋਠੀ ਮਿਲ ਗਈ। ਮਨ 'ਚ ਆਇਆ ਕਾਕਾ ਮੈਨੂੰ ਦੇਖ ਲੈਣ, ਘਰ ਲੈ ਜਾਣ, ਖਾਣਾ ਖੁਆਉਣ। ਉਨ੍ਹਾਂ ਦੇ ਘਰ ਦੇ ਆਸ ਪਾਸ ਜਾਣ ਬੁੱਝ ਕੇ ਹੌਲੀ ਹੌਲੀ ਤੁਰਦਾ-ਫਿਰਦਾ ਰਿਹਾ। ਉਨ੍ਹਾਂ ਮੈਨੂੰ ਦੇਖ ਲਿਆ। ਮੈਨੂੰ ਲੱਗਿਆ ਕਿ ਉਹ ਹੁਣੇ ਮੈਨੂੰ ਬੁਲਾਉਣਗੇ। ਪਰ ਕਾਕਾ ਨੇ ਠਾਹ ਦੇਣੀ ਦਰਵਾਜ਼ਾ ਬੰਦ ਕਰ ਲਿਆ ਤੇ ਮੈਂ ਉਦਾਸ ਹੋ ਕੇ ਚੁੱਪ-ਚਾਪ ਮੁੜ ਆਇਆ। ਸਾਡੇ ਘਰ ਆ ਕੇ ਤਾਂ ਕਾਕਾ ਬਾਪ ਦੀ ਤਰ੍ਹਾਂ ਅਧਿਕਾਰ ਜਤਾਉਂਦੇ, ਰੋਬ੍ਹ ਦਿਖਾਉਂਦੇ। ਪਰ ਹੁਣ ਅਜਨਬੀ ਕਿਉਂ ਬਣ ਗਏ? ਕਿਉਂ ਨਹੀਂ ਉਨ੍ਹਾਂ ਨੇ ਮੈਨੂੰ ਅੰਦਰ ਬੁਲਾਇਆ? ਕਾਕਾ ਹੁਣ ਮੈਨੂੰ ਬਾਪ ਸਮਾਨ ਨਹੀਂ ਲੱਗ ਰਹੇ ਸਨ। ਮੈਨੂੰ ਉਨ੍ਹਾਂ ਤੇ ਗੁੱਸਾ

ਆਉਣ ਲੱਗਾ। ਮਨ 'ਚ ਆਉਂਦਾ ਕਿ ਕਾਕਾ ਦੀ ਮਾਂ ਨਾਲ ਬਲਾਤਕਾਰ ਕਰਾਂ। ਦਰਵਾਜ਼ੇ ਦੀ ਝੀਥ ਵਿਚੋਂ ਦੇਖਿਆ ਕਾਕਾ ਮਾਂ ਦਾ ਸੰਭੋਗ ਯਾਦ ਆਉਣ ਲੱਗਾ ਤੇ ਯਾਦ ਆਉਣ ਲੱਗੀ ਤਾਰਾਮਾਏ। ਕਾਕਾ ਦੀ ਮਾਂ।

ਇਕ ਦਿਨ ਕਾਕਾ ਦੇ ਘਰ ਜਾਣਾ ਸੀ। ਉਸ ਦੇ ਪਿਤਾ ਬਿਮਾਰ ਸਨ।

ਮਸਾ ਮਾਂ ਨੇ ਸਵੇਰੇ ਹੀ ਨਹਾ ਲਿਆ। ਨਾਗੀ ਦੇ ਵਾਲ਼ ਠੀਕ ਠਾਕ ਕਰ ਦਿੱਤੇ। ਮੈਨੂੰ ਵੀ ਸਜਾਇਆ ਗਿਆ। ਅਸੀਂ ਇਸ ਕਲਪਨਾ ਨਾਲ ਹੀ ਖੁਸ਼ ਸਾਂ ਕਿ ਕਾਕਾ ਦੇ ਘਰ ਜਾਣਾ ਹੈ। ਉਸ ਦੇ ਮਾਂ ਪਿਓ ਤੇ ਪਤਨੀ ਨੂੰ ਦੇਖਣ ਲਈ ਅਸੀਂ ਉਤਾਵਲੇ ਸਾਂ। ਇਸ ਸੋਚ ਕੇ ਕਿ ਅਸੀਂ ਕਾਕਾ ਦੇ ਘਰ ਮਹਿਮਾਨ ਬਣ ਕੇ ਜਾ ਰਹੇ ਹਾਂ, ਸਾਨੂੰ ਹੋਰ ਵੀ ਜ਼ਿਆਦਾ ਖੁਸ਼ੀ ਹੋ ਰਹੀ ਸੀ। ਮਾਂ ਤਾਂ ਲੱਗਦਾ ਸੀ ਜਿਵੇਂ ਸੱਜ ਧੱਜ ਕੇ ਸਹੁਰੇ ਜਾ ਰਹੀ ਹੋਵੇ।

ਇਕ ਮੰਜੇ ਤੇ ਕਾਕਾ ਤੇ ਪਿਤਾ ਸਿਦਰਾਮਾਪਾ ਸੁੱਤੇ ਹੋਏ ਸਨ। ਉਨ੍ਹਾਂ ਨੂੰ ਕੀ ਬਿਮਾਰੀ ਸੀ ਪਤਾ ਨਹੀਂ। ਮਸਾ ਮਾਂ ਉਨ੍ਹਾਂ ਦੇ ਪੈਰ ਛੋਹੇ, ਨੂੰਹ ਵਾਂਗ। ਬੁੱਢਾ ਖੰਘ ਰਿਹਾ ਸੀ। ਕੁਝ ਬੋਲ ਨਹੀਂ ਰਿਹਾ ਸੀ। ਮੈਂ, ਮਾਂ, ਨਾਗੀ ਉਸ ਦੀ ਮੰਜੀ ਤੋਂ ਦੂਰ ਸਾਂ। ਘਰ 'ਚ ਤਾਰਾ ਮਾਂ ਬੀੜੀ ਪੀਂਦੀ ਬੈਠੀ ਸੀ। ਕਲੂਆਣਾ ਖਾਣਾ ਖਾ ਰਹੇ ਸਨ। ਵੱਡੀ ਮਾਂ ਕਾਸ਼ੀ ਬਾਈ ਸਾਨੂੰ ਸਭ ਨੂੰ ਘੂਰ ਘੂਰ ਕੇ ਦੇਖ ਰਹੀ ਸੀ। ਕਾਕਾ ਘਰ 'ਚ ਕਿਤੇ ਛਿਪ ਕੇ ਬੈਠੇ ਸਨ।

ਕਾਕਾ ਦੀ ਕੋਠੀ ਤੇ ਸਾਡੀ ਝੌਂਪੜੀ। ਕੋਈ ਤੁਲਨਾ? ਇੰਨੀ ਵੱਡੀ ਕੋਠੀ 'ਚ ਰਹਿਣ ਵਾਲੇ ਕਾਕਾ ਸਾਡੀ ਝੌਂਪੜੀ 'ਚ ਕਿਉਂ ਆਉਂਦੇ ਹੋਣਗੇ? ਮਾਂ, ਨਾਗੀ ਤੇ ਅਸਾਂ ਸਾਰਿਆਂ ਨੂੰ ਬਿਹਤਰੀਨ ਕੱਪੜੇ ਜੇ ਪਹਿਨਣ ਨੂੰ ਮਿਲ ਜਾਣ ਤਾਂ ਸੱਚਮੁੱਚ ਮਾਂ ਇਸ ਵੱਡੀ ਮਾਂ ਤੋਂ ਵੀ ਜ਼ਿਆਦਾ ਖਾਨਦਾਨੀ ਦਿਖੇਗੀ।

ਕੀ ਕਦੇ ਅਸੀਂ ਲੋਕ ਠੀਕ ਠਾਕ ਖਾ ਪਹਿਣ ਸਕਾਂਗੇ? ਕੀ ਕਦੇ ਪੇਟ ਭਰ ਕੇ ਮਿੱਠੀਆਂ ਚੀਜ਼ਾਂ ਖਾ ਸਕਾਂਗੇ? ਇਸ ਕਾਲੇ ਪੱਥਰ ਦੀ ਕੋਠੀ ਨਾਲ ਸਾਡਾ ਕਿਹੋ ਜਿਹਾ ਅਨੈਤਿਕ ਸੰਬੰਧ ਹੈ? ਇਸ ਕੋਠੀ ਦੇ ਦਰਵਾਜ਼ਿਆਂ ਨਾਲ ਸਾਡਾ ਕਿੱਥੋਂ ਦਾ ਸੰਬੰਧ ਹੈ? ਇਸ ਪਟੇਲ ਦੀ ਅਸੀਂ ਕਿਹੋ ਜਿਹੀ ਸੰਤਾਨ ਹਾਂ? ਪਟੇਲ ਤੋਂ ਜਨਮ ਲੈਣ ਦੇ ਬਾਵਜੂਦ ਸਾਨੂੰ ਇਸ ਕੋਠੀ 'ਚ ਕਿਉਂ ਨਹੀਂ ਰਹਿਣ ਦਿੱਤਾ ਜਾਂਦਾ? ਇਹ ਖਾਨਦਾਨੀ ਦੀਵਾਰਾਂ ਕਿਉਂ ਨਹੀਂ ਸਵੀਕਾਰ ਕਰਦੀਆਂ ਮੈਨੂੰ? ਇਹ ਕੋਠੀ ਚੁੱਪ ਕਿਉਂ ਹੈ? ਇਹ ਗੂੰਗੀ ਕਿਉਂ ਹੋ ਗਈ ਹੈ? ਇਸ ਦੀ ਜੀਭ ਕਿੱਥੇ ਗੁੰਮ ਹੋ ਗਈ ਹੈ?

ਕਾਕਾ ਦੀ ਪਤਨੀ ਨੇ ਚਾਹ ਦਿੱਤੀ। ਉਸ ਦੇ ਮੱਥੇ 'ਤੇ ਤਿਊੜੀਆਂ ਪਈਆਂ ਹੋਈਆਂ ਸਨ। ਉਹ ਕੇਵਲ ਗੁੱਸੇ ਨਾਲ ਦੇਖ ਰਹੀ ਸੀ। ਲੋਹੇ ਦੇ ਬਰਤਨ 'ਚ ਤਿੰਨ ਕੱਪ ਚਾਹ ਉਲਟ ਦਿੱਤੀ। ਮੈਂ ਉਹ ਵੱਡਾ ਭਾਂਡਾ ਚੁੱਕ ਨਹੀਂ ਪਾ ਰਿਹਾ ਸੀ। ਹੱਥ ਕੰਬ ਰਹੇ ਸਨ। ਉਸ ਨਾਲ ਚਾਹ ਪੀ ਨਹੀਂ ਪਾ ਰਿਹਾ ਸੀ। ਪਰ ਪੀ ਗਿਆ। ਮਾਂ ਨੂੰ ਪਿੱਤਲ ਦੇ ਗਲਾਸ 'ਚ ਚਾਹ ਦਿੱਤੀ ਗਈ। ਨਾਗੀ ਚਾਹ ਲਈ ਰੋ ਰਹੀ ਸੀ। ਪਰ ਇੰਨੇ ਵੱਡੇ ਬਰਤਨ 'ਚੋਂ ਚਾਹ ਕਿਵੇਂ ਪੀ ਸਕਦੀ ਸੀ? ਮਸਾ ਮਾਂ ਨੂੰ ਕਾਕਾ ਦੇ ਘਰ ਦੀ ਚਾਹ ਮਿਲ ਗਈ। ਕਾਕਾ ਦੇ ਘਰ ਪ੍ਰਵੇਸ਼ ਮਿਲਿਆ। ਉਸ ਦੇ ਪਿਤਾ ਦੇ ਉਸ ਪੈਰ ਛੋਹ ਲਏ। ਉਸ ਦੀ ਪਤਨੀ ਨੇ ਖੁਦ ਚਾਹ ਬਣਾ ਕੇ ਦਿੱਤੀ। ਮਸਾਂ ਮਾਂ ਨੂੰ ਇਹ ਸਾਰੀਆਂ ਗੱਲਾਂ ਬਹੁਤ ਮਹੱਤਵਪੂਰਨ ਲੱਗਦੀਆਂ। ਬਹੁਤ ਅਭਿਮਾਨ ਨਾਲ ਉਹ ਇਹ ਸਾਰੀਆਂ ਗੱਲਾਂ ਬਸਤੀ ਵਾਲਿਆਂ ਨੂੰ ਦੱਸਦੀ। ਅਕਸਰ ਮਾਂ ਮੈਨੂੰ ਜਾਂ ਨਾਗੀ ਨੂੰ ਕਾਕਾ ਨੂੰ ਬੁਲਾਉਣ ਭੇਜ ਦਿੰਦੀ। ਅਸੀਂ ਡਰਦੇ। ਕਾਕਾ ਦਸ ਵੀਹ ਬੰਦਿਆਂ ਵਿੱਚ ਬੈਠੇ ਹੁੰਦੇ। ਉਨ੍ਹਾਂ ਨੂੰ ਸੁਨੇਹਾ ਕਿਵੇਂ ਭੇਜੀਏ? ਮਾਂ ਕਹਿੰਦੀ ਹੌਲੀ ਜਿਹੇ ਕਾਕਾ ਦੀ ਚੱਪਲ ਚੁੱਕ ਕੇ ਲੈ ਆਓ। ਠੀਕ ਹੈ। ਕਹਿ ਕੇ ਅਸੀਂ ਨਿਕਲ ਜਾਂਦੇ। ਪਰ ਹਿੰਮਤ ਨਾ ਹੁੰਦੀ। ਕਾਕਾ ਜਦ ਤੱਕ ਨਾ ਆਉਂਦੇ, ਮਾਂ ਖਾਣਾ ਨਹੀਂ ਖਾਂਦੀ ਸੀ। ਉਡੀਕਦੀ ਰਹਿੰਦੀ। ਕਾਕਾ ਚਾਰ ਚਾਰ ਦਿਨ ਨਹੀਂ ਆਉਂਦੇ ਸਨ। ਮਾਂ ਤੜਫਦੀ। ਸੋਚਦੀ ਇਸ ਦਾ ਵੀ ਮੇਰੇ ਤੋਂ ਦਿਲ ਭਰ ਗਿਆ ਹੈ?

# ਬਲਦੇਵ ਸਿੰਘ 'ਸੜਕਨਾਮਾ' ਦੀਆਂ ਕਹਾਣੀਆਂ : ਨਿਮਨ ਵਰਗ ਦੀ ਪੇਸ਼ਕਾਰੀ

**- ਰਾਜਪ੍ਰੀਤ ਸ਼ਰਮਾ**

ਬਲਦੇਵ ਸਿੰਘ 'ਸੜਕਨਾਮਾ' ਪੰਜਾਬੀ ਕਹਾਣੀ ਸਾਹਿਤ ਵਿੱਚ 'ਗਿੱਲੀਆਂ ਛਿੱਟੀਆਂ ਦੀ ਅੱਗ' (1977 ਈ.) 'ਚਿੜੀਆਖਾਨਾਂ' (1979), ਹਵੇਲੀ ਛਾਵੇਂ ਖੜ੍ਹਾ ਰੱਬ (1982), ਸਵੇਰ ਦੀ ਲੋਅ (1989), ਝੱਖੜ ਦੇ ਪਰਿੰਦੇ (1993), ਮਿੱਟੀ ਰੁਦਨ ਕਰੇ (1998), ਹਨੇਰੇ ਸਵੇਰੇ (2001) ਅਤੇ ਦਿੱਸਹੱਦਿਆਂ ਤੋਂ ਪਾਰ (2006) ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਸ ਦੀ ਵਿਸ਼ੇਸ਼ਤਾ ਉਸ ਮੱਧ ਵਰਗ ਦੇ ਵਰਤਾਰੇ ਮੌਜੂਦਾ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਰੱਖ ਕੇ ਸਮਝਣ ਅਤੇ ਫਿਰ ਢੁਕਵੇਂ ਸੰਗਠਨ ਰਾਹੀਂ ਪੇਸ਼ ਕਰਨ ਵਿੱਚ ਹੈ। ਪੂੰਜੀਵਾਦੀ ਦੌਰ ਵਿੱਚ ਮਨੁੱਖੀ ਜੀਵਨ ਯਥਾਰਥ ਲਗਾਤਾਰ ਬਦਲ ਰਿਹਾ ਹੈ। ਖੁਦਗਰਜੀ, ਵਿਕਰਤ ਸਿਸਟਮ, ਪੈਸੇ ਦੀ ਹੋੜ ਸਮੇਂ ਪੈਦਾ ਹੋ ਰਹੀਆਂ ਅਮਾਨਵੀ ਪ੍ਰਸਥਿਤੀਆਂ ਨੂੰ ਮਹਿੰਦਰ ਦੋਸਾਂਝ ਨੇ ਪੇਸ਼ ਕਰਨ ਦਾ ਸਫ਼ਲ ਜਤਨ ਕੀਤਾ ਹੈ। ਇਨ੍ਹਾਂ ਪ੍ਰਸਥਿਤੀਆਂ ਸਾਹਮਣੇ ਉਲਝੀ ਹੋਈ ਮਾਨਸਿਕਤਾ ਨਾਲ ਵਿਚਰ ਰਹੇ ਨਿਮਨ ਵਰਗ ਅਤੇ ਹੇਠਲੀ ਮੱਧ ਸ਼੍ਰੇਣੀ ਦੇ ਲੋਕਾਂ ਦੇ ਦਰਦ ਨੂੰ ਡੂੰਘਾਈ ਵਿੱਚ ਜਾ ਕੇ ਪਕੜਣ ਦਾ ਜਤਨ ਕੀਤਾ ਹੈ। ਕਹਾਣੀ ਪੇਸ਼ ਕਰਨ ਸਮੇਂ ਉਹ ਅਜਿਹੇ ਮੈਟਾਫ਼ਰ ਦੁਆਰਾ ਕਹਾਣੀ ਨੂੰ ਉਸਾਰਦਾ ਹੈ ਜਿਹੜੇ ਦਲਿਤ ਜੀਵਨ ਯਥਾਰਥ ਦੀਆਂ ਇਕ ਤੋਂ ਵਧੇਰੇ ਪਰਤਾਂ ਨੂੰ ਚਿਤਰਨ ਦੇ ਆਹਰ ਵਿੱਚ ਹਨ। ਉਸ ਦੀ ਕਹਾਣੀਆਂ ਵਿੱਚ ਨਿਮਨ ਵਰਗ ਦੇ ਲੋਕਾਂ ਦੀ ਪੀੜਾ ਪੂਰੀ ਸ਼ਿੱਦਤ ਨਾਲ ਪ੍ਰਗਟ ਹੁੰਦੀ ਹੈ। ਇਹ ਪੀੜਾ ਆਰਥਿਕ ਨਾ ਬਰਾਬਰੀ ਸਮਾਜਿਕ ਪਾੜੇ ਤੇ ਬੇਇਨਸਾਫੀ ਵਿੱਚੋਂ ਉੱਭਰਦੀ ਹੈ। ਪੂੰਜੀਵਾਦੀ ਵਰਗ ਗ਼ਰੀਬ ਵਰਗ ਦਾ ਸ਼ੋਸ਼ਣ ਕਰਦੇ ਹਨ। ਇਸ ਵਰਗ ਦਾ ਸੋਚਣ ਢੰਗ, ਸਮਾਜਿਕ ਵਰਤਾਰਾ, ਉੱਚ ਵਰਗ ਵੱਲੋਂ ਹੁੰਦੀਆਂ ਧੱਕੇਸ਼ਾਹੀਆਂ, ਮਨਮਾਨੀਆਂ ਵਿਰੁੱਧ ਇਨ੍ਹਾਂ ਦੀ ਬੇਬਸੀ ਜਾਂ ਲਾਲਾਚੀ ਬਲਦੇਵ ਸਿੰਘ 'ਸੜਕਨਾਮਾ' ਦੀਆਂ ਕਹਾਣੀਆਂ ਵਿੱਚ ਦ੍ਰਿਸ਼ਟਮਾਨ ਹੁੰਦੀ ਹੈ। ਉਸ ਦੀ ਕਹਾਣੀ ਕਲਾ ਪੂਰੀ ਤਰ੍ਹਾਂ ਜਮਾਤੀ ਸਮਾਜ ਤੇ ਦਾਵੰਦ ਨੂੰ ਸਮਝਦੀ ਤੇ ਮਹਿਸੂਸ ਕਰਦੀ ਹੈ। ਉਹ ਮੱਧ ਵਰਗੀ ਸਮਾਜ ਵਿੱਚ ਜੋ ਘਟਨਾਵਾਂ ਵਾਪਰਦੀਆਂ ਦੇਖਦਾ ਹੈ। ਉਹਨਾਂ ਨੂੰ ਆਪਣੀ ਕਲਾਮਈ ਸਮਰੱਥਾ ਦੇ ਅਧਾਰ ਤੇ ਸਿਰਜਦਾ ਹੈ। ਇਹਨਾਂ ਦੋਹਾਂ ਵਰਗਾਂ ਵਿਚਲੀ ਮੁੱਖ ਵਿਰੋਧਤਾਈ ਦੇ ਯਥਾਰਥ ਨੂੰ ਬਲਦੇਵ ਸਿੰਘ ਨੇ ਸਮਝਿਆ ਅਤੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ। ਉਸ ਦੀ ਕਹਾਣੀ ਜਿਨ੍ਹਾਂ ਮਸਲਿਆਂ ਨੂੰ ਪ੍ਰਤੱਖਦੀ ਅਤੇ ਨਜਿੱਠਦੀ ਆਪਣੇ ਨੈਣ ਨਕਸ਼ੇ ਨਿਖਾਰਦੀ ਹੈ। ਉਨ੍ਹਾਂ ਦਾ ਸੰਬੰਧ ਸਪੱਸ਼ਟ ਰੂਪ ਵਿੱਚ ਪੇਂਡੂ ਅਰਥਚਾਰੇ ਵਿੱਚ ਦਰਦ ਹੰਢਾਉਂਦੀ ਮੱਧ ਵਰਗੀ ਜ਼ਿੰਦਗੀ ਨਾਲ ਸੰਬੰਧਤ ਹੈ। ਪਰ ਉਸ ਦੀ ਨਰੋਈ ਤੇ ਨਿਆਸ਼ੀਲ ਦ੍ਰਿਸ਼ਟੀ ਵਰਣ ਵਿਵਸਥਾ ਵੱਲੋਂ ਨੀਵੀਂ ਜਾਤ ਬਾਰੇ ਘੜ੍ਹੇ ਉਨ੍ਹਾਂ ਵਿਚਾਰਾਂ ਦਾ ਵਿਰੋਧ ਵੀ ਕਰਦੀ ਹੈ ਜਿਹੜੇ ਨਿਮਨ ਵਰਗ ਨੂੰ ਤ੍ਰਿਸਕਾਰ ਦਾ ਅਧਿਕਾਰੀ ਬਣਾਉਂਦੇ ਹਨ।

'ਪਰਾਈ ਧਰਤੀ ਦੇ ਲੋਕ' ਕਹਾਣੀ ਵਿਚ ਉਹ ਇੱਕ ਗਰੀਬ ਰਿਕਸ਼ਾ ਮਜ਼ਦੂਰ ਦੀ ਜ਼ਿੰਦਗੀ ਦੇ ਕਸ਼ਟਾਂ ਅਤੇ ਔਕੜਾਂ ਨੂੰ ਪੇਸ਼ ਕਰਦਾ ਹੈ। ਜਿਸ ਦੀ ਮਾਂ ਦੌਰੇ ਨਾਲ ਬੇਹੋਸ਼ ਹੋ ਜਾਂਦੀ ਹੈ। ਇਲਾਜ਼ ਲਈ ਉਸ ਕੋਲ ਇੱਕ ਕਾਣੀ ਕੌਡੀ ਵੀ ਨਹੀਂ ਹੈ। ਇਲਾਜ਼ ਤਾਂ ਕਿਥੋਂ ਉਹਨਾਂ ਕੋਲ ਪੇਟ ਭਰਨ ਲਈ ਵੀ ਕੋਈ ਪੈਸਾ ਜਾਂ ਸਾਧਨ ਨਹੀਂ ਹੈ। ਘਰ ਦੀ ਮੰਦਹਾਲੀ ਹਾਲਤ ਕਾਰਨ ਉਸ ਦੇ ਭਰਾ ਨੂੰ ਸਕੂਲੋਂ ਹਟਣਾ ਪੈਂਦਾ ਹੈ। ਕਹਾਣੀਕਾਰ ਇਹਨਾਂ ਨੂੰ ਪਰਾਈ ਧਰਤੀ ਦੇ ਲੋਕ ਗਰਦਾਨਦਾ ਹੈ। ਅਸਲ ਵਿੱਚ ਸਾਡੇ ਦੇਸ਼ ਵਿਚ ਹਜ਼ਾਰਾ ਲੋਕ ਗਰੀਬੀ ਦੀ ਅਜਿਹੀ ਨਰਕ ਭਰੀ ਜ਼ਿੰਦਗੀ ਗੁਜਾਰਦੇ ਹਨ, ਜਿੰਨ੍ਹਾਂ ਨੂੰ ਆਪਣੇ

ਆਪੇ ਦੀ ਪਛਾਣ ਸਿਰਫ਼ ਜਾਨਵਰਾਂ ਵਰਗੀ ਲੱਗਦੀ ਹੈ। ਜੋ ਖ਼ਾਮੋਸ ਰੂਪੀ ਜ਼ਿੰਦਗੀ ਗੁਜਾਰਦੇ ਹਨ। ਜਿਵੇਂ ਕਿ:

'ਉਸਨੂੰ ਜਾਪਿਆ ਉਹ ਤੇ ਉਸਦੇ ਸਾਥੀ, ਉਹਨਾਂ ਜਾਨਵਰਾਂ ਵਾਂਗ ਹੀ ਦੋ ਪੈਰਾਂ ਵਾਲੇ ਪਸ਼ੂ ਹੋਣ ਜਿੰਨਾਂ ਨੂੰ ਆਪਣੇ ਵਰਗੇ ਲੋਕ ਹੀ ਖਿੱਚਣ ਦਾ ਸਰਾਪ ਮਿਲਿਆ ਹੈ।'

'ਝੰਡਾ ਝੂਲਦਾ ਰਿਹਾ' ਕਹਾਣੀ ਵਿੱਚ ਵੀ ਕਾਲੀਆਂ ਨਾ ਦਾ ਅਜਿਹਾ ਪਾਤਰ ਹੈ ਜੋ ਅਜਿਹੀ ਤ੍ਰਾਸਦਿਕ ਸਥਿਤੀ ਹੰਢਾਅ ਰਿਹਾ ਹੈ ਜੋ ਕਿ ਗੰਭੀਰ ਆਰਥਿਕ ਮੰਦਹਾਲੀਆਂ ਵਿੱਚ ਘਿਰਿਆ ਹੋਇਆ ਹੈ। ਇੱਕ ਸਰਮਾਏਦਾਰ ਉਦਯੋਗਪਤੀ ਕਾਲੀਆਂ ਅਤੇ ਉਸਦੇ ਪਰਿਵਾਰ ਨੂੰ ਉਜਾੜ ਦਿੰਦਾ ਹੈ। ਕਾਰਖਾਨੇ ਚੋਂ ਕਾਲੀਆਂ ਦੀ ਛਾਂਟੀ ਕਰ ਦਿੱਤੀ ਜਾਂਦੀ ਹੈ। ਛਾਂਟੀ ਤੋਂ ਬਾਅਦ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਜਿੱਥੇ ਫੁੱਟਪਾਥ ਤੇ ਸਹਾਰਾ ਲੈਣਾ ਪੈਂਦਾ ਹੈ। ਉੱਥੇ ਭੁੱਖ-ਨੰਗ ਨਾਲ ਵੀ ਘੁਲਣਾ ਪੈਂਦਾ ਹੈ। ਇਸ ਤੋਂ ਬਿਨ੍ਹਾਂ ਬਲਦੇਵ ਸਿੰਘ ਨੇ ਚਿੜਿਆਖਾਨਾ, ਮੋਤੀਆਂ ਜੇਹੇ ਪਲ, ਨਵਾਂ ਸਾਲ, ਸਿਉਂਕ, ਬਦਲਦੇ ਮੌਸਮ, ਕੀਮਤਾਂ, ਰਾਖੇ, ਦੂਸਰਾ ਫੁੱਟਪਾਥ, ਲਾਵਾਰਸ, ਲਹੂ ਪਾਣੀ ਹੈ। ਆਦਿ ਕਹਾਣੀਆਂ ਵਿੱਚ ਨਿਮਨ ਵਰਗ ਨਾਲ ਹੁੰਦੇ ਧੱਕਿਆਂ, ਜ਼ੁਲਮਾਂ ਦੀ ਯਥਾਰਥਕ ਤਸਵੀਰ ਪੇਸ਼ ਕੀਤੀ ਹੈ। ਇਸ ਵਰਗ ਦਾ ਉੱਚ ਵਰਗ ਵੱਲੋਂ ਕੀਤਾ ਜਾਂਦਾ ਸ਼ੋਸ਼ਣ ਤੇ ਅੰਨ੍ਹੀ ਲੁੱਟ ਦਾ ਜ਼ਿਕਰ ਕੀਤਾ ਗਿਆ ਹੈ। ਉਪਰੋਕਤ ਕਹਾਣੀਆਂ ਦੇ ਸਾਰੇ ਪਾਤਰ ਨਿਮਨ ਵਰਗ ਦਾ ਭਾਵ ਕਿਰਤੀ, ਮਜ਼ਦੂਰ ਤੇ ਕਿਰਸਾਨੀ ਜੀਵਨ ਸ਼੍ਰੇਣੀ ਨਾਲ ਸੰਬੰਧਤ ਹਨ ਜਿਹੜੇ ਕਿ ਮੰਦਹਾਲੀ ਆਰਥਿਕਤਾ ਕਾਰਨ ਇਸ ਪੂੰਜੀਵਾਦੀ ਸਮਾਜਿਕ ਸਿਸਟਮ ਵਿੱਚ ਸੰਤਾਪ ਹੰਢਾਅ ਰਹੇ ਹਨ। ਕਹਾਣੀਆਂ ਵਿੱਚ ਕਾਬਜ ਜਮਾਤ ਵੱਲੋਂ ਨਿਮਨ ਵਰਗ ਉੱਪਰ ਅੰਤਾਂ ਦੇ ਜ਼ੁਲਮ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਇਹਨਾਂ ਕਹਾਣੀਆਂ ਵਿੱਚ ਜਮਾਤੀ ਸੰਘਰਸ਼ ਦਾ ਵਰਣਨ ਵੀ ਮਿਲਦਾ ਹੈ। ਜਿਸ ਤੋਂ ਬਾਅਦ ਇਨ੍ਹਾਂ ਦੇ ਮਨਾਂ ਵਿੱਚ ਵਿਦਰੋਹ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਆਪਣੀ ਚੇਤਨਾ ਨੂੰ ਉਘਾੜਦੇ ਹਨ। ਜਿਵੇਂ ਕਿ 'ਪਰਾਈ ਧਰਤੀ ਦੇ ਲੋਕ' ਕਹਾਣੀ ਵਿੱਚ ਚਾਚਾ ਲਖਣ ਕਾਕਾ ਹੈ ਜੋ ਰਾਮਧਨੀ ਨੂੰ ਕਹਿੰਦਾ ਕਿ :

*'ਕਦੋਂ ਤੱਕ ਅਸੀਂ ਪਸ਼ੂਆਂ ਵਾਂਗ ਚੁੱਪ-ਚਾਪ ਮਾਰ ਖਾਂਦੇ ਰਹਾਂਗੇ ....'*

ਇਸ ਤਰ੍ਹਾਂ 'ਦੂਸਰਾ ਫੁੱਟਪਾਥ' ਕਹਾਣੀ ਕੁੱਝ ਭੁੱਖੇ ਬੱਚਿਆਂ 'ਦੇਸ਼ ਦਾ ਭਵਿੱਖ' ਬਾਰੇ ਹੈ। ਇੱਕ ਸੇਠ ਇੱਕ ਹੋਟਲ ਕੋਲ ਰਾਤ ਦੀ ਬਚੀ ਜੂਠ ਕੁੱਤਿਆਂ ਨੂੰ ਪਾ ਰਿਹਾ ਹੈ ਤਾਂ ਇਹ ਲਾਵਾਰਸ ਬੱਚੇ ਸੇਠ ਤੋਂ ਇਹ ਜੂਠ ਖੋਹ ਕੇ ਦੌੜ ਜਾਂਦੇ ਹਨ। ਇਹ ਵੀ ਇੱਕ ਜਮਾਤੀ ਵਿਦਰੋਹ ਹੈ। 'ਜਦੋਂ ਲੋਕ ਜਿਉਂਣ ਨਹੀਂ ਦਿੰਦਾ' ਦੀ ਰੱਤੀ 'ਕਰਕ ਕਲੇਜੇ' ਦਾ ਗਾਮਾਂ ਤੇ ਪਾਲਾ ਤੇ 'ਸਿਉਂਕ' ਦਾ ਕਰਮਾ ਵੀ ਆਪਣੀ-ਆਪਣੀ ਥਾਂ ਤੇ ਵਿਦਰੋਹ ਜਾਂ ਗੁੱਸੇ ਦਾ ਇਜਹਾਰ ਕਰਦੇ ਹਨ। ਬਲਦੇਵ ਸਿੰਘ ਦੀਆਂ ਕਹਾਣੀਆਂ ਦੇ ਪਾਤਰ ਆਪਣੀ-ਆਪਣੀ ਜਮਾਤ ਦੀ ਪ੍ਰਤੀਨਿਧਤਾ ਕਰਦੇ ਹਨ। ਉਸ ਦੀਆਂ ਕਹਾਣੀਆਂ ਵਿਚਲੇ ਪਾਤਰ ਨਿਮਨ ਵਰਗ ਨਾਲ ਸੰਬੰਧਤ ਹਨ। ਜੋ ਅਤਿ ਨੀਵੇਂ ਦਰਜੇ ਦਾ ਜੀਵਨ ਬਤੀਤ ਕਰਦੇ ਹਨ ਅਤੇ ਆਪਣੀ ਚੇਤਨਾ ਦੇ ਸਹਾਰੇ ਉੱਚ ਵਰਗ ਦੇ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਦੇ ਹਨ। ਜਿਵੇਂ ਕਿ ਕਹਾਣੀ 'ਸਵੇਰ ਦੀ ਲੋਅ' ਵਿਚ ਨਿਮਨ ਵਰਗ ਨੂੰ ਇੱਕ ਵਿਦਰੋਹੀ ਸੁਰ ਵਿਚ ਪੇਸ਼ ਕੀਤਾ ਗਿਆ ਹੈ ਕਿ ਹੁਣ ਨਿਮਨ ਵਰਗ ਦੇ ਲੋਕ ਸਰਮਾਏਦਾਰ ਦੀ ਹਰ ਲੁੱਟਮਾਰ ਅਤੇ ਜ਼ੁਲਮਾਂ ਤੋਂ ਜਾਣੂ ਹੋ ਗਏ ਹਨ ਜਿਵੇਂ ਕਿ ਕਹਾਣੀ ਵਿੱਚ ਪ੍ਰਗਟਾਇਆ ਗਿਆ ਹੈ:

*'ਬਾਬਾ ਆਪਣੀ ਹਾਲਤ ਤਾਂ ਭੇਡਾਂ ਬੱਕਰੀਆਂ ਨਾਲੋਂ ਵੀ ਭੈੜੀ ਹੋ ਗਈ ਐ। ਜੋ ਕੁਝ ਖਾਣ ਨੂੰ ਦਿੱਤਾ ਖਾ ਲਿਆ। ਜੇ ਚਾਰ ਲੱਤਾਂ ਮਾਰੀਆਂ ਸਹਿ-ਲਈਆਂ, ਪਰ ਮੌਕਾ ਲੱਗੇ ਤੋਂ ਤਾਂ ਪਸ਼ੂ ਵੀ ਸਿੰਗ ਮਾਰਨੋਂ ਹਟਦਾ ਨ੍ਹੀਂ, ਆਪਾ ਤਾਂ ਗਏ ਗੁਜ਼ਰੇ ਬਣੇ ਪਏ ਐ।'*

'ਇੱਕ ਸੁਲਘਦਾ ਅਤੀਤ' ਦਾ ਮੁੱਖ ਪਾਤਰ ਇਸਤਰੀ ਜਾਤੀ ਤੇ ਹੋ ਰਹੇ ਜ਼ੁਲਮ ਦੀ ਨਿੰਦਿਆਂ ਕਰਦਾ ਹੈ ਅਤੇ ਇਸ ਪੂੰਜੀਵਾਦੀ ਸਿਸਟਮ ਵਿਰੁੱਧ ਵਿਦਰੋਹ ਕਰਕੇ ਜਮਾਤੀ ਸੂਝ ਦਾ ਪ੍ਰਗਟਾ ਕਰਦਾ

ਹੈ। 'ਵਿਸ਼ਵਾਸ' ਕਹਾਣੀ ਦਾ ਇੱਕ ਰਾਹੀਂ ਹਨੇਰੇ ਨਾਲ ਲੜਦਾ ਅੱਗੇ ਵੱਧ ਰਿਹਾ ਹੈ। ਚਾਨਣ ਅਤੇ ਹਨੇਰੇ ਦੀ ਲੜਾਈ ਦੋ ਜਮਾਤਾਂ ਦੀ ਲੜਾਈ ਦਾ ਬਿੰਬ ਹੈ। 'ਜੇਹੇ ਪਲ' ਦਾ ਨੱਥੂ 'ਲਹੂ ਪਾਣੀ ਹੈ' ਦਾ ਪ੍ਰਫਲੋ 'ਭਾਰ ਤੋਲਣ ਵਾਲੀਆਂ ਮਸ਼ੀਨਾ' ਦੀਆਂ ਦੋ ਵੇਸਵਾਵਾਂ ਚੰਦਾ ਤੇ ਸਮ੍ਰਾ ਅੰਦਰ ਸਮਾਜ ਪ੍ਰਤੀ, ਲੁਟੇਰਿਆ ਪ੍ਰਤੀ, ਸਰਮਾਏਦਾਰਾਂ ਪ੍ਰਤੀ ਇੱਕ ਵਿਦਰੋਹੀ ਭਾਵਨਾ ਨੂੰ ਪ੍ਰਗਟਾਇਆ ਗਿਆ ਹੈ। ਬਲਦੇਵ ਸਿੰਘ ਸੰਕਟ ਵਿੱਚ ਘਿਰੇ ਪਾਤਰਾਂ ਦੀ ਸੋਚ, ਸੂਝ, ਸਵੈ-ਕਾਬੂ ਅਣਖ, ਦਲੇਰੀ ਸਾਂਝ ਤੇ ਕੁਰਬਾਨੀ ਦਾ ਚਿਤਰਣ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਸਮਾਜਿਕ ਜੀਵਨ, ਪ੍ਰਬੰਧਕੀ ਸਿਸਟਮ ਆਦਿ ਵਿਰੁੱਧ ਸਕਾਇਤਾਂ, ਗੁੱਸਾ ਤੇ ਵਿਦਰੋਹ ਹੈ। 'ਕੋਈ ਹੋਰ ਉਪਾਅ' ਕਹਾਣੀ ਵਿੱਚ ਵੀ ਇਹ ਵਿਦਰੋਹੀ ਭਾਵਨਾ ਆਉਂਦੀ ਹੈ। ਜਦੋਂ ਉਹ ਜੰਗ ਸਿੰਘ ਨੂੰ ਇੱਕ ਬਾੜੀ ਦੇ ਮਾਲਕ ਵਿਰੁੱਧ ਉਕਸਾਉਂਦਾ ਹੈ। ਜਿਵੇਂ ਕਿ:

*'ਮਰਜੋ ਸਿਰ ਚੜ੍ਹ ਕੇ ਉਹਨਾਂ ਦੇ ....ਕੱਠੇ ਹੋ ਕੇ ਪੈ ਜੋ ਟੁੱਟ ਕੇ ਪੰਜਾਹ ਘਰ ਐ, ਆਖੋ ਬਥੇਰਾ ਖਾ ਲਿਆ ਤੁਸੀਂ, ਹੁਣ ਸਾਡਾ ਹੱਕ ਬਣਦੈ...।'*

ਬਲਦੇਵ ਸਿੰਘ ਦੇ ਪਾਤਰ ਜਿੱਥੇ ਨਿਮਨ ਵਰਗ ਨਾਲ ਸੰਬੰਧਤ ਹਨ। ਉੱਥੇ ਉਹ ਆਪਣੀ-ਆਪਣੀ ਪਹੁੰਚ, ਸਮਰੱਥਾ ਮੁਤਾਬਕ ਨਿੱਜੀ ਤੌਰ ਤੇ ਜਾ ਜੱਥੇਬੰਦਕ ਤੌਰ ਤੇ ਸੰਘਰਸ਼ਸੀਲ ਹਨ, ਇਹ ਸੰਘਰਸ਼ ਉਹਨਾਂ ਦਾ ਜਮਾਤੀ ਸੰਘਰਸ਼ ਹੈ। 'ਨਾਕਾਬੰਦੀ' ਕਹਾਣੀ ਦਾ ਪਾਤਰ ਆਸਾ ਸਿੰਘ ਵੀ ਇਸ ਵਿਚਾਰਧਾਰਾ ਨੂੰ ਪੇਸ਼ ਕਰਦਾ ਹੈ। ਸੰਘਰਸ਼ਸੀਲ ਵਾਸਤਵਿਕਤਾ ਇਨ੍ਹਾਂ ਥੁੜਾਂ ਮਾਰੇ ਪੇਂਡੂ ਲੋਕਾਂ ਦੀ ਹੋਣੀ ਹੈ। ਅਜਿਹੀ ਹੋਣੀ ਨੂੰ ਝੱਲਦੇ ਇਹ ਲੋਕ ਨਾ ਤਾਂ ਕਿਸੇ ਇਨਕਲਾਬ ਦਾ ਪੱਲਾ ਫੜ੍ਹਦੇ ਹਨ ਅਤੇ ਨਾ ਹੀ ਕੋਈ ਜੀਵਨ ਪ੍ਰਤੀ ਆਕਰਸ਼ਕ ਹੋਂਦ ਨੂੰ ਅਪਣਾਉਂਦੇ ਹਨ। ਜਿਸ ਕਰਕੇ ਇਨ੍ਹਾਂ ਦੀਆਂ ਸਮੱਸਿਆਵਾਂ ਦਾ ਭਾਰ ਘਟਣ ਦੀ ਬਜਾਏ ਉਵੇਂ ਦਾ ਉਵੇਂ ਹੀ ਬਣਿਆ ਰਹਿੰਦਾ ਹੈ। ਜਿਸ ਸਦਕਾ ਮੱਧ ਵਰਗੀ ਲੋਕਾਂ ਦਾ ਜੀਵਨ ਸੰਕਟ ਦਰ ਸੰਕਟ ਦੀ ਇਕ ਲੰਮੀ ਲੜੀ ਵਿੱਚ ਘਿਰ ਕੇ ਰਹਿ ਜਾਂਦਾ ਹੈ। ਇਹ ਲੋਕ ਆਪਣੀ ਸੰਕਟ ਗ੍ਰਸ਼ਤ ਸਥਿਤੀ ਨੂੰ ਬਦਲਣ ਲਈ ਇਨਕਲਾਬ ਦੇ ਰਾਹ ਪੈਣ ਦੀ ਬਜਾਏ ਸਿਰਫ ਸੁਪਨੇ ਹੀ ਸਿਰਜਦੇ ਨਜ਼ਰ ਆਉਂਦੇ ਹਨ

*'ਕਿਸੇ ਤਕੜੇ ਤੋਂ ਡਰੋ ਨਾ ..... ਸਾਡੇ ਸਾਰਿਆ ਨਾਲੋਂ ਉਹ ਇਕੱਲਾ ਤਕੜਾ ਨਹੀਂ। ਗਰੀਬੀ ਤੇ ਝੋਰਾ ਨਾ ਕਰੋ, ਇਸ ਵਿਚੋਂ ਨਿਕਲਣ ਦੇ ਬਥੇਰੇ ਰਾਹ ਹਨ ਜੋ ਕੋਈ ਮੰਗਿਆ ਹੱਕ ਨਹੀਂ ਦਿੰਦਾ ਤਾਂ ਖੋਹ ਲੈਣ ਵਿਚ ਕੋਈ ਪਾਪ ਨਹੀ।'*

'ਜਿਸ ਤਨ ਲਾਗੇ' ਕਹਾਣੀ ਵਿੱਚ ਇੱਕ ਗਰੀਬ ਕਰਮੂ ਦੀ ਤਰਾਸਦਿਕ ਜ਼ਿੰਦਗੀ ਦਾ ਵਰਣਨ ਕੀਤਾ ਗਿਆ ਹੈ। ਉਸ ਨੂੰ ਦਿਨ ਰਾਤ ਕੰਮ ਕਰਨ ਦੇ ਬਾਵਜੂਦ ਵੀ ਭੁੱਖ-ਨੰਗ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿੰਡ ਦਾ ਇੱਕ ਅਮੀਰ ਬੰਤਾ ਸਿੰਘ ਉਸ ਦੀ ਕਿਰਤ ਦਾ ਸ਼ੋਸ਼ਣ ਕਰਦਾ ਹੈ ਉਸ ਤੋਂ ਕੰਮ ਵਧੇਰੇ ਕਰਵਾਉਂਦਾ ਹੈ ਤੇ ਕਿਰਤ ਦਾ ਮਿਹਨਤਾਨਾ ਬਹੁਤ ਘੱਟ ਦਿੰਦਾ ਹੈ। ਜਿਸ ਨਾਲ ਉਸਦੀਆਂ ਸਮਾਜਿਕ ਜੀਵਨ ਦੀਆਂ ਮੁੱਖ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ। ਬਲਦੇਵ ਸਿੰਘ ਦੀਆਂ ਕਹਾਣੀਆਂ ਵਿੱਚ ਜ਼ੁਲਮ ਦੇ ਸਤਾਏ, ਭੁੱਖ-ਜੰਗ ਦੇ ਲਤਾੜੇ ਪਾਤਰ ਆਮ ਹੀ ਵਿਦਰੋਹ ਕਰਦੇ ਹਨ ਜਾਂ ਵਿਦਰੋਹ ਦੀ ਭਾਵਨਾ ਰੱਖਦੇ ਹਨ। ਇਹ ਕੁਦਰਤੀ ਗੱਲ ਹੈ ਕਿ ਇਸ ਜਮਾਤੀ ਸਮਾਜ ਵਿੱਚ ਲੋਟੂ ਸ਼੍ਰੇਣੀ ਵਲੋਂ ਮਿਹਨਤਕਸ਼ ਜਨਤਾ ਦੀ ਦੂਹਰੀ ਲੁੱਟ (ਮਾਨਸਿਕ ਤੇ ਸਰੀਰਕ) ਕੀਤੀ ਜਾਂਦੀ ਹੈ।

ਬਲਦੇਵ ਸਿੰਘ ਨੇ ਭਾਰਤੀ ਰਾਜਨੀਤੀ ਦੀ ਭ੍ਰਿਸ਼ਟ ਨੀਤੀ ਨੂੰ ਨੰਗਾ ਕਰਕੇ ਪੇਸ਼ ਕੀਤਾ ਹੈ। ਕਿ ਕਿਸ ਤਰ੍ਹਾਂ ਆਮ ਲੋਕਾਂ ਉੱਪਰ ਬੁਰਜੂਆਂ ਜਮਾਤ ਵੱਲੋਂ ਪੈਸੇ ਦੇ ਜ਼ੋਰ ਤੇ ਭ੍ਰਿਸ਼ਟਾਚਾਰੀ ਸੋਚ ਨਾਲ ਦਬਾਅ ਪਾਇਆ ਜਾਂਦਾ ਹੈ ਤੇ ਉਹਨਾਂ ਦੇ ਮਨੁੱਖੀ ਵੋਟ ਅਧਿਕਾਰ ਦੀ ਗਲਤ ਵਰਤੋਂ ਕਰਵਾਈ ਜਾਂਦੀ ਹੈ। ਪ੍ਰੰਤੂ ਜਦੋਂ ਨਿਮਨ ਵਰਗ ਵਾਲੇ ਲੋਕ ਇਹਨਾਂ ਦੀਆਂ ਝੂਠੀਆਂ ਚਾਲਾਂ, ਝੂਠੇ ਵਾਅਦਿਆਂ ਤੇ ਸਵਾਰਥਪੁਣੇ ਤੋਂ ਜਾਣੂ ਹੋ ਜਾਂਦੇ ਹਨ ਤਾਂ ਬਾਅਦ ਵਿਚ ਚੇਤੰਨ ਹੋ ਕੇ ਇਹਨਾਂ ਝੂਠੀਆਂ ਪਾਰਟੀਆਂ ਦੇ

ਵਿਰੁੱਧ ਆਪਣੀ ਉੱਚੀ ਅਵਾਜ਼ ਉਠਾਉਂਦੇ ਹਨ। ਬਲਦੇਵ ਸਿੰਘ ਨੇ ਕਹਾਣੀ 'ਹਵੇਲੀ ਛਾਵੇਂ ਖੜ੍ਹਾ ਰੱਬ' ਵਿਚ ਅਜਿਹੀ ਸਥਿਤੀ ਨੂੰ ਦਰਸਾਇਆ ਹੈ ਕਿ ਆਮ ਲੋਕ ਹੁਣ ਨੇਤਾਵਾਂ ਦੀਆਂ ਕਾਰਗੁਜਾਰੀਆਂ ਤੋਂ ਤੰਗ ਆ ਗਏ ਹਨ। ਇਹੋ ਵਜ੍ਹਾ ਹੈ ਕਿ ਉਹ ਇੱਕ ਰਾਜਨੀਤਿਕ ਪਾਰਟੀ ਦੀ ਰੈਲੀ ਸਮੇਂ ਪੰਡਾਲ ਨੂੰ ਸਾੜ ਦਿੰਦੇ ਹਨ ਜਿਵੇਂ ਕਿ ਕਹਾਣੀ ਵਿਚ ਪ੍ਰਗਟਾਇਆ ਗਿਆ ਹੈ ਕਿ :

*'ਇਧਰ ਪੰਡਾਲ ਵਿਚ ਪ੍ਰਬੰਧਕ ਬਾਰ-ਬਾਰ ਆਖ ਰਹੇ ਸਨ ਉਹ ਆਉਣ ਹੀ ਵਾਲੇ ਹਨ.... ਬੱਸ ਉਹ ਆ ਹੀ ਰਹੇ ਹਨ। ਨਿਰਾਸ਼ ਹੋਏ ਲੋਕ ਹੁਣ ਖਿੱਝ ਗਏ ਸਨ। ਉਹਨਾਂ ਚੋਂ ਰੋਸ ਜਾਗ ਰਿਹਾ ਸੀ।'*

ਇਸ ਪ੍ਰਕਾਰ ਬਲਦੇਵ ਸਿੰਘ ਨੇ ਆਪਣੀਆਂ ਕਹਾਣੀਆਂ ਵਿੱਚ ਭ੍ਰਿਸ਼ਟ ਨੇਤਾਵਾਂ ਦਾ ਪਰਦਾ ਫਾਸ ਕੀਤਾ ਹੈ ਜੋ ਨਿਮਨ ਵਰਗ ਦੇ ਲੋਕਾਂ ਨੂੰ ਵੰਨ-ਸੁਵੰਨੇ ਹੱਥ ਕੰਢਿਆ ਨਾਲ ਖਰੀਦ ਲੈਂਦੇ ਹਨ ਅਤੇ ਫਿਰ ਆਪਣੇ ਸਵਾਰਥਾ ਦੀ ਪੂਰਤੀ ਲਈ ਵਰਤਦੇ ਹਨ। ਇੱਕ ਹੋਰ ਸਰਟੀਫਿਕੇਟ, ਇੱਕ ਪਲ ਦੀ ਖੁਸ਼ੀ, ਸਫ਼ਰ ਆਦਿ ਕਹਾਣੀਆਂ ਵਿਚ ਭ੍ਰਿਸ਼ਟ ਰਾਜਨੀਤੀ ਦਾ ਯਥਾਰਥਕ ਵਰਣਨ ਮਿਲਦਾ ਹੈ। ਬਲਦੇਵ ਸਿੰਘ ਨੂੰ ਲੋਕਾਂ ਦੀਆਂ ਮਾਨਸਿਕ ਹਾਲਤਾਂ ਬਾਰੇ ਗੂੜ੍ਹਾ ਗਿਆਨ ਹੈ। ਉਸਨੇ ਖ਼ਾਸ ਕਰਕੇ ਨਿਮਨ ਵਰਗ ਦੇ ਲੋਕਾਂ ਦੀਆਂ ਮਨੋ ਪ੍ਰਵਿਰਤੀਆਂ ਦਾ ਚਿਤਰਣ ਕੀਤਾ ਹੈ। ਮਨੁੱਖ ਜਾਤੀ ਦੇ ਸੁਪਨੇ, ਕਾਮ, ਡਰ, ਗੁੱਸਾ, ਪਿਆਰ, ਅਤ੍ਰਿਪਤ ਇਛਾਵਾਂ, ਖਾਹਸ਼ਾ ਦਾ ਵਰਨਣ ਕਰਕੇ ਬਲਦੇਵ ਸਿੰਘ ਨੇ ਆਪਣੀ ਕਲਮ ਨਾਲ ਨਵੇਂ ਦਿਸਹੱਦੇ ਛੋਹੇ ਹਨ। ਬਲਦੇਵ ਸਿੰਘ ਦਾ ਵਿਅੰਗ ਕਾਫ਼ੀ ਤਿੱਖਾ ਹੁੰਦਾ ਹੈ। ਉਸਨੇ ਰਾਜਨੀਤੀ, ਧਰਮ, ਸੱਭਿਆਚਾਰ, ਸਮਾਜ ਅਤੇ ਆਰਥਿਕਤਾ ਉੱਪਰ ਵਿਅੰਗ ਕੀਤੇ ਹਨ ਭਾਵ ਉਸਨੇ ਸਮਕਾਲੀ ਯਥਾਰਥ ਨੂੰ ਵਿਅੰਗ ਦੀ ਵਿਧੀ ਰਾਹੀਂ ਚਿਤਰਿਆ ਹੈ।

ਇਸ ਤਰ੍ਹਾਂ ਬਲਦੇਵ ਸਿੰਘ ਸੜਕਨਾਮਾ ਨੇ ਆਪਣੀਆਂ ਕਹਾਣੀਆਂ ਵਿਚ ਆਰਥਿਕ ਪੱਖੋਂ ਕਮਜੋਰ ਮੱਧ ਵਰਗ ਨਾਲ ਸੰਬੰਧਤ ਬਰਾਦਰੀ ਦੇ ਮਨੁੱਖ ਦੀ ਦਰਦਨਾਕ ਸਥਿਤੀ ਅਤੇ ਵਲੂੰਧਰੀ ਮਾਨਸਿਕਤਾ ਉੱਤੇ ਕਲਾਤਮਕ ਢੰਗ ਨਾਲ ਫੋਕਸ ਕੀਤਾ ਗਿਆ ਹੈ। ਉਸ ਦੀਆਂ ਕਹਾਣੀ ਦੇ ਬਿਰਤਾਂਤਕ ਵੇਰਵੇ ਪੰਜਾਬ ਦੇ ਪਿੰਡਾਂ ਵਿੱਚ ਜ਼ਿੱਲਤ ਭਰੀ ਜ਼ਿੰਦਗੀ ਬਤੀਤ ਕਰਦੇ ਕੰਮੀਆਂ ਕਮੀਣਾਂ ਦੇ ਦੁੱਖਾਂ ਦਰਦਾਂ, ਫ਼ਿਕਰਾਂ, ਵਿਗੋਚਿਆਂ, ਮਸਲਿਆਂ ਅਤੇ ਉਨ੍ਹਾਂ ਦੇ ਮਾਨਸਿਕ ਸੰਕਟ ਦੀ ਬਾਤ ਪਾਉਂਦੇ ਹੋਏ ਪਾਠਕ ਨੂੰ ਧੁਰ ਅੰਦਰ ਤੱਕ ਝਿੰਜੋੜਦੇ ਹੋਏ ਸੋਚਣ ਲਈ ਮਜਬੂਰ ਕਰਦੇ ਹਨ। ਉਹ ਦਲਿਤ ਵਰਗਾਂ ਦੀ ਤਰਸਯੋਗ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਯਥਾਰਥਕ, ਸਮਾਜਿਕ, ਸਮੱਸਿਆਵਾਂ ਅਤੇ ਮਾਨਸਿਕ ਵੇਦਨਾਵਾਂ ਦੀ ਨਿਸ਼ਾਨਦੇਹੀ ਦਾ ਨਵਾਂ ਰਚਨਾਤਮਕ ਵਿਵੇਕ ਸਿਰਜਦਾ ਹੈ ਕਿ ਕਿਸ ਤਰ੍ਹਾਂ ਮੱਧ ਵਰਗਾਂ ਦੀ ਹੱਡ ਤੋੜਵੀਂ ਮੇਹਨਤ ਮੁਸ਼ੱਕਤ ਉੱਪਰ ਲੋਟੂ ਵਰਗ ਐਸ਼ਪ੍ਰਸਤੀ ਕਰ ਰਿਹਾ ਹੈ ਅਤੇ ਨਿਮਨ ਜਾਤੀਆਂ ਮੂਕ ਦਰਦ ਹੰਢਾ ਰਹੀਆਂ ਹਨ।

(ਖੋਜਾਰਥੀ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ।)

**ਹਵਾਲੇ ਤੇ ਟਿੱਪਣੀਆਂ**

ਬਲਦੇਵ ਸਿੰਘ, ਜ਼ਿੰਦਗੀ **ਦੇ ਰੰਗ**, ਸੰਗਮ ਪਬਲੀਕੇਸ਼ਨਜ਼, ਸਮਾਣਾ, 2006, ਪੰਨਾ-74.

ਉਹੀ, ਪੰਨਾ 77

ਉਹੀ, ਸਵੇਰ **ਦੀ ਲੋਅ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨਾ-170

ਉਹੀ, ਚਿੜੀਆ ਖਾਨਾ, ਪੰਨਾ 77

ਉਹੀ, ਸਵੇਰ **ਦੀ ਲੋਅ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨਾ-100

ਟੀ. ਆਰ. ਵਿਨੋਦ, (ਡਾ.), (ਸੰਪਾ.), ਬਲਦੇਵ **ਸਿੰਘ ਦੀਆਂ ਸ੍ਰੇਸ਼ਟ ਕਹਾਣੀਆਂ, ਆਰਸ਼ੀ** ਪਬਲਿਸ਼ਰਜ਼, ਦਿੱਲੀ, 1995, ਪੰਨਾ-84

# ਨਾਰੀਵਾਦ ਅਤੇ ਅਜੋਕੀ ਪੰਜਾਬੀ ਕਹਾਣੀ/-ਬਲਜਿੰਦਰ ਸਿੰਘ

ਨਾਰੀਵਾਦ ਇੱਕ ਅਜਿਹਾ ਸਿਧਾਂਤ ਹੈ ਜਿਹੜਾ ਪੱਛਮ ਵਿੱਚ ਜਨਮਿਆਂ, ਵਿਗਸਿਆ ਅਤੇ ਨਿਰੰਤਰ ਗਤੀਸ਼ੀਲ ਹੈ। ਨਾਰੀਵਾਦ ਸਬੰਧੀ ਮਰਦ ਲੇਖਕਾਂ ਅਤੇ ਔਰਤ ਲੇਖਕਾਂ ਦੀਆਂ ਕਿਰਤਾਂ ਉਲੇਖਣਯੋਗ ਹਨ। ਜਿਸ ਵਿੱਚ ਮੇਰੀ ਵੋਲਸਨੋਟਕਰਾਫ਼ਟ, ਓਲਿਟ ਸ਼ਰੀਨਰ, ਸੀਮੋਨ-ਦ- ਬੋਇਆ ਪ੍ਰਮੁੱਖ ਹਨ। ਨਾਰੀਵਾਦ ਸੰਬੰਧੀ ਉਲੇਖਣਯੋਗ ਕਿਰਤ "The Second Sex" ਕਰਤਾ ਸੀਮੋਨ-ਦਾ-ਬੋਇਆ ਹੈ, ਜਿਸ ਨੇ ਨਾਰੀਵਾਦ ਸੰਬੰਧੀ ਕਾਫ਼ੀ ਡੂੰਘਾਈ ਤੱਕ ਜਾ ਕੇ ਅਧਿਐਨ ਕੀਤਾ ਅਤੇ ਨਾਰੀ ਤੇ ਮਰਦ ਦੇ ਆਪਸੀ ਰਿਸ਼ਤਿਆਂ ਉੱਪਰ ਗਹਿਰੀ ਨਿਗਾਹ ਮਾਰੀ। ਨਾਰੀਵਾਦ ਦੇ ਪਰਿਪੇਖ ਸੰਬੰਧੀ ਡਾ. ਬੇਅੰਤ ਕੌਰ ਲਿਖਦੇ ਹਨ, "ਨਾਰੀਵਾਦੀ ਪਰਿਪੇਖ ਪਿਤਰਕੀ ਪ੍ਰਬੰਧ ਨਾਲ ਸੰਬੰਧਤ ਅਜਿਹੀ ਆਲੋਚਨਾਤਮਕ ਗਿਆਨ ਮੀਮਾਂਸਾ ਹੈ ਜੋ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਸਾਹਿਤ ਅਤੇ ਸਾਹਿਤ ਅਲੋਚਨਾ ਨਾਲ ਸੰਬੰਧਤ ਹੈ। ਨਾਰੀਵਾਦੀ ਪਰਿਪੇਖ ਅੰਤਰਰਾਸ਼ਟਰੀ ਨਾਰੀ ਮੁਕਤੀ ਲਈ ਕੀਤੇ ਗਏ ਅੰਦੋਲਨਾਂ ਅਤੇ ਨਾਰੀ ਸਾਹਿਤ ਸ਼ਾਸ਼ਤਰ ਦੀਆਂ ਜ਼ਰੂਰਤਾਂ ਅਤੇ ਹੱਕਾਂ ਦੀ ਪੁਸ਼ਟੀ ਕਰਦੇ ਹਨ। ਇਹ ਜਤਨ 1960 ਵਿੱਚ, ਉਨ੍ਹਾਂ ਨਾਰੀਆਂ ਵਲੋਂ ਆਰੰਭੇ ਗਏ ਜੋ ਰਾਜਨੀਤਕ ਤੌਰ ਤੇ ਵਚਨ ਵਧ ਸਨ।"[1]

ਨਾਰੀਵਾਦੀ ਸਿਧਾਂਤ ਹੋਰਨਾਂ ਸਿਧਾਤਾਂ ਵਾਂਗ ਸਾਹਿਤਕ ਕਿਰਤਾਂ ਵਿੱਚੋਂ ਆਪਣੀਆਂ ਹੱਦਾਂ ਨੂੰ ਤਲਾਸ਼ਣ ਵੱਲ ਅਗਰਸਰ ਹੈ। ਨਾਰੀਵਾਦ ਸੰਬੰਧੀ ਚਰਚਾ ਲਗਭਗ ਹਰ ਸਿਧਾਂਤ ਵਿੱਚ ਹੋਈ ਹੈ ਜਿਵੇਂ:- ਮਾਰਕਸਵਾਦ, ਉਦਾਰਵਾਦ, ਉਗਰਵਾਦ, ਉੱਤਰ-ਬਸਤੀਵਾਦ, ਉਤਰ-ਆਧੁਨਿਕਤਾਵਾਦ ਆਦਿ। ਮਾਰਕਸਵਾਦ ਨਾਲ ਸਬੰਧਿਤ ਵਿਚਾਰਧਾਰਾ ਪਦਾਰਥਵਾਦ ਨਾਲ ਜੁੜੀ ਹੋਈ ਹੈ। ਇਸ ਸੰਬੰਧੀ ਪਰਮਜੀਤ ਕੌਰ ਅਤੇ ਵਿਨੋਦ ਮਿੱਤਲ ਲਿਖਦੇ ਹਨ, "ਔਰਤ ਦੇ ਸੰਦਰਭ ਵਿੱਚ ਵੇਖੀਏ ਤਾਂ ਇਹ ਕੁੱਝ ਏਦਾਂ ਹੋਵੇਗੀ ਕਿ ਔਰਤ ਦਾ ਉਤਪਾਦਨ ਉੱਪਰ ਕਿੰਨਾ ਕੁ ਕੰਟਰੋਲ ਹੈ? ਉਹ ਇਸ ਵਿੱਚ ਕਿੰਨੀ ਕੁ ਭਾਗੀਦਾਰ ਹੈ? ਉਸਦੀ ਮਾਲਕੀ ਕਿੰਨੀ ਕੁ ਹੈ? ਭਾਗੀਦਾਰ ਹੁੰਦਿਆ ਪਦਾਰਥਕ ਲੋੜਾਂ ਦੀ ਪੂਰਤੀ ਕਿੰਨੀ ਕੁ ਹੈ ਤੇ ਕਿਵੇਂ ਹੋ ਰਹੀ ਹੈ? ਆਦਿ।"[2] ਉਦਾਰਵਾਦੀ ਨਾਰੀਵਾਦ ਸੰਬੰਧੀ ਲਿਖਦੇ ਹਨ ਕਿ,"ਇਹ ਇਕ ਸੀਮਤ ਨਾਰੀਵਾਦ ਹੈ ਕਿਉਂਕਿ ਇਹ ਤਰਕ ਤੇ ਆਧਾਰਿਤ ਨਹੀਂ ਹੈ। ਨਾਰੀਵਾਦ ਕੇਵਲ ਸਰੀਰਕ ਆਜ਼ਾਦੀ ਦੀ ਗੱਲ ਕਰਦਾ ਹੈ। ਇਹ ਮਰਦਾਂ ਵਲ ਵੇਖਦਾ ਹੈ ਤੇ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦਾ ਹੈ।"[3]

ਸ਼ੁਰੂ-ਸ਼ੁਰੂ ਵਿੱਚ ਨਾਰੀਵਾਦ 'ਇਸਤਰੀ ਇੱਕ ਪਾਠਕ ਵੱਜੋਂ ਅਤੇ ਇਸਤਰੀ ਇੱਕ ਲਿਖਾਰੀ ਵੱਜੋਂ' ਵਰਗੇ ਸਰੋਕਾਰਾਂ ਉੱਪਰ ਆਪਣੀ ਸਮਰੱਥਾ ਨੂੰ ਅਜਮਾਉਂਦਾ ਰਿਹਾ ਹੈ ਪ੍ਰੰਤੂ ਸਮੇਂ ਦੀ ਤਬਦੀਲੀ ਅਤੇ ਸਮਾਜ ਦੀ ਤਰੱਕੀ ਦੇ ਨਾਲ-ਨਾਲ ਨਾਰੀ ਅਲੋਚਕਾਂ ਨੇ ਵੀ ਆਪਣੀਆਂ ਰੂੜ੍ਹੀਵਾਦੀ ਕੀਮਤਾਂ ਤੋਂ ਅਗਾਂਹ ਵੱਧ ਕੇ ਔਰਤ ਦੇ ਸਨਮਾਨ ਦੀ ਗੱਲ ਵੀ ਕੀਤੀ ਹੈ।

ਔਰਤ ਦੀ ਇੱਕ ਤ੍ਰਾਸਦੀ ਰਹੀ ਹੈ ਕਿ ਸਮੇਂ ਦੇ ਨਾਲ-ਨਾਲ ਤਰੱਕੀ ਕੀਤੇ ਸਮਾਜ ਨੇ ਔਰਤ ਨੂੰ ਉਸਦਾ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ। ਔਰਤ ਸਦੀਆਂ ਤੋਂ ਹੀ ਗੁਲਾਮਾਂ ਵਾਲੀ ਸਥਿਤੀ ਵਿੱਚ ਵਿਚਰਦੀ ਆ ਰਹੀ ਹੈ।ਮਰਦ ਪ੍ਰਧਾਨ ਸਮਾਜ ਹਮੇਸ਼ਾਂ ਹੀ ਔਰਤ ਨੂੰ ਮਾਨਣ ਵਾਲੀ ਵਸਤੂ ਸਮਝਦਾ ਆ ਰਿਹਾ ਹੈ। ਇਸ ਸੰਬੰਧੀ ਪਰਮਜੀਤ ਕੌਰ ਅਤੇ ਵਿਨੋਦ ਮਿੱਤਲ ਲਿਖਦੇ ਹਨ, "ਮੰਡੀ ਦਾ ਯੁੱਗ ਆ ਜਾਣ ਨਾਲ ਔਰਤ ਨੂੰ ਇਸ ਵਿੱਚ ਨਿਭਾਉਣ ਲਈ ਭੂਮਿਕਾ ਤਾਂ ਮਿਲੀ ਪਰ ਇਹ ਨਾਂਹ

ਪੱਖੀ ਸੀ। ਟੈਲੀਵਿਜ਼ਨ, ਫਿਲਮਾਂ, ਇਸ਼ਤਿਹਾਰਾਂ ਤੇ ਹੋਰ ਸੰਚਾਰ ਦੇ ਸਾਧਨਾਂ ਵਿੱਚ ਵਸਤੂ ਨੂੰ ਵੇਖਣ ਲਈ ਔਰਤ ਦੇ ਜਿਸਮ ਦਾ ਆਸਰਾ ਲੈਣਾ ਸ਼ੁਰੂ ਹੋ ਗਿਆ। ਔਰਤ ਨੂੰ ਪੈਸਾ ਕਮਾਉਣ ਦਾ ਰਾਹ ਤਾਂ ਮਿਲਿਆ, ਪਰ ਉਹ ਖੁਦ ਉਪਭੋਗ ਦੀ ਵਸਤੂ ਬਣ ਕੇ ਰਹਿ ਗਈ।"[4]

ਸਾਹਿਤ ਸਿਧਤਾਂ ਵਿੱਚ ਲਗਭਗ ਦੋ ਵਿਚਾਰਧਾਰਾਵਾਂ ਚਲਦੀਆਂ ਆ ਰਹੀਆਂ ਹਨ। ਪਹਿਲੀ ਪੂਰਬੀ ਵਿਚਾਰਧਾਰਾ ਅਤੇ ਦੂਸਰੀ ਪੱਛਮੀ ਵਿਚਾਰਧਾਰਾ। ਨਾਰੀਵਾਦ ਸੰਬੰਧੀ ਡਾ. ਵਨੀਤਾ ਵੀ ਨਾਰੀਵਾਦ ਨੂੰ ਦੋ ਭਾਗਾਂ ਵਿੱਚ ਵੰਡ ਕੇ ਇਸ ਦਾ ਅਧਿਐਨ ਵਿਸ਼ਲੇਸ਼ਣ ਕਰਦੀ ਹੈ- "ਪਹਿਲਾ-ਪੂਰਬੀ ਸਥਿਤੀ ਅਤੇ ਦੂਸਰਾ ਪੱਛਮੀ ਸਥਿਤੀ।"[5] ਜਦੋਂ ਵਿਸ਼ਵ ਪ੍ਰਸਿੱਧ ਸਾਹਿਤਕ ਕਿਰਤਾਂ ਦਾ ਅਲੋਚਨਾਤਮਕ ਅਧਿਐਨ ਕੀਤਾ ਗਿਆ ਤਾਂ ਹਾਸਲ ਕੀਤੇ ਲੇਖਕਾਂ ਦੀਆਂ ਸਾਹਿਤਕ ਕਿਰਤਾਂ ਵਿੱਚੋਂ ਔਰਤ ਦਾ ਅਪਮਾਨ ਹੁੰਦਾ ਵੇਖਿਆ ਗਿਆ ਹੈ। ਨਾਰੀਵਾਦ ਨੇ ਔਰਤ ਦੇ ਉੱਪਰ ਹੁੰਦੇ ਅਜਿਹੇ ਤਸੱਦਦ ਨੂੰ ਉਭਾਰਿਆ ਅਤੇ ਔਰਤ ਨੂੰ ਬਣਦਾ ਹੱਕ ਦਿਵਾਉਣ ਲਈ ਅੱਜ ਤੱਕ ਵੀ ਆਪਣੀ ਸਾਰਥਿਕ ਭੂਮਿਕਾ ਨਿਭਾਅ ਰਿਹਾ ਹੈ। ਭਾਵੇਂ ਨਾਰੀਵਾਦੀ ਚਿੰਤਕਾਂ ਨੂੰ ਔਰਤ ਵਿਰੋਧੀ ਗਰਦਾਨਿਆ ਗਿਆ ਹੈ ਪ੍ਰੰਤੂ ਕੁੱਝ ਪ੍ਰਸਿੱਧ ਚਿੰਤਕ ਚਾਸਰ, ਸ਼ੈਕਸਪੀਅਰ, ਸੈਮੂਅਲ ਰਿਚਰਸਨ, ਇਬਸਨ ਅਤੇ ਬਰਨਾਰਡ ਸ਼ਾਹ ਅਦਿ ਚਿੰਤਕਾਂ ਦੀ ਇਸ ਗੱਲੋਂ ਵਡਿਆਈ ਹੈ ਕਿ ਉਹਨਾਂ ਨੇ ਮਰਦ ਪ੍ਰਧਾਨ ਸਮਾਜ ਦੀਆਂ ਔਰਤ ਵਿਰੋਧੀ ਹਕੂਮਤਾਂ ਨੂੰ ਸਮਝਿਆ ਅਤੇ ਰੂੜ੍ਹੀਵਾਦੀ ਵਿਚਾਰਾਂ ਦਾ ਤਿਆਗ ਕਰਕੇ ਸਮਕਾਲੀ ਨਾਰੀਵਾਦੀ ਵਿਚਾਰਧਾਰਾ ਅਤੇ ਉਹਨਾਂ ਸਭਿਆਚਾਰਕ ਦਬਾਵਾਂ/ਕਾਰਨਾਂ ਨੂੰ ਸਮਝਿਆ, ਮਹਿਸੂਸਿਆਂ ਅਤੇ ਵਿਅਕਤ ਕੀਤਾ ਜਿਨ੍ਹਾਂ ਨੇ ਨਾਰੀ ਨੂੰ ਵਾਸਨਾ-ਪੂਰਤੀ ਦਾ ਇੱਕ ਖਿਡਾਉਣਾ, ਸਮਾਜ ਦੀ ਤਰੱਕੀ ਵਿੱਚ ਰੁਕਾਵਟ ਅਤੇ ਬੁਰਾਈ ਦਾ ਇੱਕ ਸੋਮਾ ਸਮਝਿਆ।

ਅਸਲ ਵਿੱਚ ਸੰਸਾਰ, ਜੀਵ ਅਤੇ ਮਨੁੱਖੀ ਫਿਤਰਤਾਂ ਪ੍ਰਤੀ ਮਨੁੱਖ ਦੀ ਨਵੀਂ ਚੇਤਨਾ ਨੇ ਮਨੁੱਖੀ ਜੀਵਨ ਦੇ ਬਹੁਤੇ ਪਹਿਲੂਆਂ ਨੂੰ ਪ੍ਰਭਾਵਤ ਕੀਤਾ । ਸਮਾਜਕ, ਧਾਰਮਕ, ਰਾਜਨੀਤਕ, ਆਰਥਿਕ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਔਰਤਾਂ ਨੂੰ ਹਮੇਸ਼ਾ ਹੀ ਦੂਜੈਲੇ ਦਰਜੇ ਤੋਂ ਵੀ ਪਰਾਂ ਹਾਸ਼ੀਏ ਉੱਪਰ ਧੱਕਿਆ ਜਾ ਰਿਹਾ ਸੀ ਅਤੇ ਅੱਜ ਵੀ ਇਹ ਆਪਣੇ ਬਦਲੇ ਸਰੂਪ ਰਾਹੀਂ ਨਿਰੰਤਰ ਗਤੀਸ਼ੀਲ ਹੈ। ਵਿਕਸਿਤ ਦੇਸ਼ਾਂ ਅਤੇ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਔਰਤ ਦੇ ਰੁਤਬੇ ਅਤੇ ਹੋਂਦ ਸਬੰਧੀ ਕਾਫ਼ੀ ਵੱਖਰਤਾ ਨਜ਼ਰ ਆਉਂਦੀ ਹੈ। ਔਰਤ ਦੀ ਬਦਲਦੀ ਸਥਿਤੀ ਅਤੇ ਉਸਦੇ ਬਣਦੇ ਹੱਕਾਂ ਪ੍ਰਤੀ ਨਾਰੀਵਾਦ ਨੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ।

ਨਾਰੀਵਾਦ ਹੁਣ ਇੱਕਲਾ ਸਿਧਾਂਤ, ਵਿਚਾਰਧਾਰਾ ਜਾਂ ਵਾਦ ਨਹੀਂ ਰਿਹਾ ਸਗੋਂ ਇਸ ਨੂੰ ਹੋਰ ਸਿਧਾਤਾਂ ਜਿਵੇਂ ਮਾਰਕਸਵਾਦ, ਉਤਰ ਸੰਰਚਨਾਵਾਦ, ਉਤਰ-ਆਧੁਨਿਕਤਾਵਾਦ, ਮਨੋਵਿਗਿਆਨ ਆਦਿ ਸਿਧਾਤਾਂ ਜਾਂ ਵਿਚਾਰਧਾਰਾਵਾਂ ਨੇ ਆਪਣਾ ਯੋਗਦਾਨ ਪਾਇਆ ਹੈ ਅਤੇ ਨਾਰੀਵਾਦ ਨੂੰ ਇਕੱਲਤਾ ਦੀ ਥਾਵੇਂ ਅਨੇਕਤਾਵਾਂ ਬਖ਼ਸ਼ੀਆਂ ਹਨ। ਨਾਰੀ ਦੀ ਜੇਕਰ ਇਤਿਹਾਸਕ ਸਥਿਤੀ ਨੂੰ ਪਰਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਮੁੱਢਲੀਆਂ ਸੱਭਿਅਤਾਵਾਂ ਤੋਂ ਲੈ ਕੇ ਅੱਜ ਤੱਕ ਪੁਰਸ਼ ਕੇਂਦਰਿਤ ਅਤੇ ਪੁਰਸ਼ ਨਿਯੰਤ੍ਰਿਤ ਇਸ ਸਮਾਜ ਵਿੱਚ ਨਾਰੀ ਹਮੇਸ਼ਾ ਹੀ ਪਿਸਦੀ ਆ ਰਹੀ ਹੈ। ਮਨੂੰ ਸਿਮਰਤੀ ਵਿੱਚ ਲਿਖਿਆ ਹੈ ਕਿ, "ਜੇ ਕੋਈ ਇਸਤਰੀ ਬੇਗਾਨੇ ਪੁਰਸ਼ ਨਾਲ ਵਿਭਚਾਰ ਕਰਦੀ ਹੈ ਤਾਂ ਉਹ ਮਰਨ ਪਿੱਛੋਂ ਗਿਦੜ ਦੀ ਜੂਨ ਪੈਂਦੀ ਹੈ ਜਾਂ ਕੁਸ਼ਠ ਰੋਗ ਨਾਲ ਪੀੜਤ ਹੋ ਜਾਂਦੀ ਹੈ। ਪਤੀ ਦੇ ਮਰਨ ਤੇ ਇਸਤਰੀ ਕੰਦਮੂਲ ਖਾ ਕੇ ਗੁਜ਼ਾਰਾ ਕਰੇ ਤੇ ਕਿਸੇ ਹੋਰ ਪੁਰਖ ਦਾ ਨਾ ਉਸਦੀ ਜ਼ੁਬਾਨ ਤੇ ਨਾ ਆਵੇ।"[6] ਰਿਗਵੇਦ ਵਿੱਚ ਇੰਦਰ ਆਖਦਾ ਹੈ ਕਿ ,"ਨਾਰੀ ਨੂੰ ਸਿੱਖਿਆ ਨਹੀ ਦਿੱਤੀ ਜਾ ਸਕਦੀ

ਕਿਉਂਕਿ ਉਸ ਨੂੰ ਅਕਲ ਘੱਟ ਹੁੰਦੀ ਹੈ।"[7] ਤੁਲਸੀ ਰਮਾਇਣ ਵਿੱਚ ਕਥਨ ਹੈ,"ਇਸਤਰੀ ਦਾ ਹਿਰਦਾ ਸਾਰੇ ਕਪਟਾਂ, ਪਾਪਾਂ ਤੇ ਔਗਣਾ ਦੀ ਖਾਨ ਹੈ।" [8]

ਸਮਾਜਿਕ, ਧਾਰਮਿਕ, ਰਾਜਨੀਤਕ, ਕਲਾ, ਕਾਨੂੰਨੀ, ਆਰਥਿਕ ਖੇਤਰਾਂ ਵਿੱਚ ਨਾਰੀ ਦੇ ਅਧਿਕਾਰਾਂ ਤੋਂ ਉਸਨੂੰ ਵਾਂਝਾ ਰੱਖਿਆ ਜਾਂਦਾ ਰਿਹਾ ਹੈ। ਸਮਾਜ ਦਾ ਜ਼ਰੂਰੀ ਅੰਗ ਹੋਣ ਦੇ ਨਾਤੇ ਵੀ ਔਰਤ ਨੂੰ ਉਸਤੋਂ ਪਾਸੇ ਰੱਖਿਆ ਜਾਂਦਾ ਰਿਹਾ ਹੈ ਅਤੇ ਲਿੰਗਕ ਹੀਣਤਾਵਾਂ ਦੇ ਪ੍ਰਭਾਵ ਵਿੱਚ ਉਹ ਖ਼ੁਦ ਹੀ ਆਪਣੇ ਲਿੰਗ ਪ੍ਰਤੀ ਹੀਣਭਾਵਨਾ ਰੱਖਣ ਲੱਗ ਪਈ। ਮਾਰਟਿਨ ਲੂਥਰ ਅਨੁਸਾਰ, "ਨਾਰੀਆਂ ਨੂੰ ਘਰ ਰਹਿਣਾ ਚਾਹੀਦਾ ਅਤੇ ਘਰ ਦੀ ਦੇਖਭਾਲ ਕਰਨੀ ਚਾਹੀਦੀ ਹੈ, ਉਹ ਪੁਰੋਹਿਤਪਨ ਦੇ ਯੋਗ ਨਹੀਂ ਹੁੰਦੀਆਂ।[9] ਜ਼ੌਹਨ ਕੈਲਵਿਨ ਦਾ ਵਿਸ਼ਵਾਸ਼ ਸੀ ਕਿ, "ਨਾਰੀ ਦਾ ਮਰਦ ਦੇ ਅਧੀਨ ਹੋਣਾ ਰੱਬ ਵਲੋਂ ਫ਼ਰਮਾਨ ਹੈ ।"[10]

ਨਾਰੀਵਾਦੀ ਚਿੰਤਕ ਸੀਮੋਨ ਦਾ ਬੋਇਆ ਕਹਿੰਦੀ ਹੈ ਕਿ ਇਸਤਰੀ ਪੈਦਾ ਨਹੀਂ ਹੁੰਦੀ, ਬਣਾਈ ਜਾਂਦੀ ਹੈ। ਅਜੋਕੇ ਸਮਾਜ ਵਿੱਚ ਇਸਤਰੀ ਦੇ ਦੋ ਰੂਪ ਹਨ ਪਹਿਲਾ ਸਰੀਰ-ਵਿਗਿਆਨਕ ਅਤੇ ਦੂਜਾ ਸਭਿਆਚਾਰਕ। ਸਰੀਰ ਵਿਗਿਆਨ ਵਿੱਚ ਔਰਤ ਦੀ ਸਰੀਰਕ ਬਣਤਰ ਨੂੰ ਰੱਖਿਆ ਜਾਂਦਾ ਹੈ ਜੋ ਕੁਦਰਤੀ ਤੌਰ 'ਤੇ ਪੁਰਸ਼ਾਂ ਦੇ ਸ਼ਰੀਰ ਤੋਂ ਅਲੱਗ ਦਿਸਦੀ ਨਜਰ ਆਉਂਦੀ ਹੈ। ਦੂਜੇ ਸਭਿਆਚਾਰਕ ਰੂਪ ਵਿੱਚ ਔਰਤ ਨੂੰ 'ਇਸਤਰੀ' ਕਿਹਾ ਜਾਂਦਾ ਹੈ ਜਿਸ ਵਿੱਚ ਉਸ ਔਰਤ ਨੂੰ ਅਕਿਰਿਆਸ਼ੀਲ, ਅਪ੍ਰਬਲ, ਵਿਵੇਕਹੀਨ, ਡਰਪੋਕ, ਜਜ਼ਬਾਤੀ, ਰਵਾਇਤੀ ਆਦਿ ਉਪਨਾਮ ਬਖਸ਼ੇ ਜਾਂਦੇ ਹਨ।

ਨਾਰੀਵਾਦੀ ਚਿੰਤਕਾਂ ਨੇ ਇੱਕ ਹੋਰ ਪੱਖ ਉਜਾਗਰ ਕੀਤਾ ਹੈ ਜਿਸ ਰਾਹੀਂ ਉਹ ਆਖਦੇ ਹਨ ਕਿ ਸ਼ੁਰੂਆਤੀ ਮਹਾਨ ਸਾਹਿਤਕ ਕਿਰਤਾਂ ਵਿੱਚ ਹਮੇਸ਼ਾਂ ਹੀ ਪੁਰਸ਼ ਪ੍ਰਧਾਨ ਸਮਾਜ ਦੀ ਚੜ੍ਹਤ ਅਤੇ ਨਾਰੀ ਨੂੰ ਇੱਕ ਜੀਵ ਦੀ ਥਾਵੇਂ ਇੱਕ ਵਸਤੂ ਵਿੱਚ ਤਬਦੀਲ ਕਰ ਦਿੱਤਾ ਦਰਸਾਇਆ ਗਿਆ ਹੈ। ਔਰਤ ਦੀ ਹਸਤੀ ਨੂੰ ਇਕ ਪੇਸ਼ਗੀ ਵਜੋਂ ਵਰਤਿਆ ਗਿਆ ਹੈ । ਇਹ ਸਨਮਾਨ ਅੱਜ ਵੀ ਨਿਰੰਤਰ ਗਤੀਸ਼ੀਲ ਹੈ। ਨਾਰੀਵਾਦੀ ਚਿੰਤਕਾਂ ਨੇ ਸਾਹਿਤਕ ਕਿਰਤਾਂ ਵਿੱਚ ਅਜਿਹੇ ਨਾਰੀ ਕਿਰਦਾਰਾਂ ਦੀ ਢੂੰਡ-ਭਾਲ ਕਰਕੇ ਨਾਰੀ ਦੀ ਤਰਸਯੋਗ ਹਾਲਤ ਨੂੰ ਉਭਾਰਨ ਦਾ ਯਤਨ ਕੀਤਾ ਹੈ।

ਨਾਰੀਵਾਦੀ ਫਲਸਫ਼ਾ ਸੁਧਾਰਵਾਦੀ ਦ੍ਰਿਸ਼ਟੀ ਦਾ ਸਮਰਥਕ ਹੁੰਦਾ ਹੈ ਅਤੇ ਕ੍ਰਾਂਤੀ ਦੀ ਹਾਮੀ ਭਰਦਾ ਹੈ। ਨਾਰੀਵਾਦ ਇੱਕ ਔਰਤ ਦੀ ਬਜਾਏ ਪੂਰੀ ਔਰਤ ਜਾਤੀ ਪ੍ਰਤੀ ਆਪਣੀ ਫਲਸਫੀ ਪਹੁੰਚ ਆਪਣਾਉਂਦਾ ਹੈ। ਨਾਰੀਵਾਦ ਰਾਸ਼ਟਰਵਾਦੀ ਪਹੁੰਚ ਦੀ ਥਾਵੇਂ ਮਾਨਵਤਾਵਾਦੀ ਵਿਚਾਰਾਂ ਦਾ ਧਾਰਨੀ ਹੁੰਦਾ ਹੈ। ਵਿਗਿਆਨਕ ਤਰੱਕੀ ਨੇ ਆਪਣੇ ਚਮਤਕਾਰੀ ਪਦਾਰਥਾਂ ਰਾਹੀਂ ਸਭਿਅਤਾ ਅਤੇ ਸਭਿਆਚਾਰਕ ਵਿਕਾਸ ਦੇ ਨਾਲ-ਨਾਲ ਸਮਾਜਕ-ਚੇਤਨਾ ਅਤੇ ਸਮੂਹਕ ਭਾਈਚਾਰਕ ਸੰਵੇਦਨਾ ਦੇ ਨਾਲ-ਨਾਲ ਨਾਰੀ ਦੀ ਖਸਤਾ ਹਾਲਤ ਨੂੰ ਸੁਧਾਰਨ ਲਈ ਪੂਰਾ ਯਤਨ ਕੀਤਾ ਹੈ। ਇਤਿਹਾਸਕ ਤੌਰ 'ਤੇ ਫਰਾਇਡ ਦੀ ਮਨੋਵਿਗਿਆਨ, ਮਾਰਕਸ ਦੇ ਦਵੰਤਵਾਦ ਭੌਤਿਕਵਾਦ ਅਤੇ ਪ੍ਰਗਤੀਵਾਦੀ ਕਾਢਾਂ/ ਸਿਧਾਤਾਂ ਨੇ ਮਨੁੱਖ ਨੂੰ ਚੇਤਨਾ ਦੇ ਪੱਧਰ ਉੱਤੇ ਇੱਕ ਸੇਧ ਪ੍ਰਦਾਨ ਕੀਤੀ ਹੈ ਜੋ ਅਜੋਕੇ ਨਾਰੀਵਾਦ ਨੂੰ ਵੀ ਪ੍ਰਭਾਵਤ ਕਰਦੀ ਹੈ ਅਤੇ ਖ਼ੁਦ ਵੀ ਪ੍ਰਭਾਵਤ ਹੁੰਦੀ ਹੈ। ਅਜਿਹਾ ਵਾਪਰਨ ਪਿੱਛੇ ਮਨੁੱਖੀ ਚੇਤਨਾ ਅਤੇ ਪੂੰਜੀਵਾਦ ਦਾ ਗਲਬਾ ਨਜ਼ਰੀ ਪੈਂਦਾ ਹੈ।

ਅਖ਼ੀਰ ਅਸੀਂ ਆਖ ਸਕਦੇ ਹਾਂ ਕਿ ਨਾਰੀਵਾਦੀ ਦ੍ਰਿਸ਼ਟੀ ਔਰਤਾਂ ਦੇ ਹੱਕਾਂ, ਉਮੰਗਾਂ, ਚਾਵਾਂ ਆਦਿ ਦੇ ਸਨਮੁੱਖ ਖੜ੍ਹਦੀ ਹੈ ਅਤੇ ਔਰਤ ਨੂੰ ਸੁਚੇਤ ਕਰਦੀ ਹੋਈ ਆਪਣੇ ਹੱਕਾਂ ਪ੍ਰਤੀ ਲੜਨ ਲਈ

ਸ਼ਕਤੀ ਪ੍ਰਦਾਨ ਕਰਦੀ ਹੈ। ਪੁਰਸ਼ ਪ੍ਰਧਾਨ ਸਮਾਜ ਦੇ ਪ੍ਰਭਾਵ ਤੋਂ ਮੁਨਕਰ ਕਰਵਾਉਂਦੀ ਹੈ। ਨਾਰੀ ਨੂੰ ਅਬਲਾ ਨਾਰੀ ਦੀ ਥਾਂ ਉੱਤੇ ਉਸਦਾ ਸਵੈ ਮਾਣ, ਉਸਦੀ ਹਸਤੀ, ਉਸਦਾ ਵਜੂਦ ਅਤੇ ਉਸਦੇ ਹੱਕਾਂ ਪ੍ਰਤੀ ਸੁਚੇਤ ਕਰਦੀ ਹੈ। ਸਦੀਆਂ ਤੋਂ ਹੁੰਦੇ ਆ ਰਹੇ ਵਿਤਕਰਿਆਂ ਦੇ ਪ੍ਰਭਾਵ ਤੋਂ ਪੱਲਾ ਛੁਡਾਉਂਦੀ ਨਜ਼ਰੀ ਪੈਂਦੀ ਹੈ।

ਪੰਜਾਬੀ ਸਾਹਿਤ ਉੱਪਰ ਜੇਕਰ ਨਜ਼ਰਸ਼ਾਨੀ ਕੀਤੀ ਜਾਵੇ ਤਾਂ ਨਾਰੀ ਦੀ ਸਥਿਤੀ ਦੀ ਝਲਕ ਪੰਜਾਬੀ ਸਾਹਿਤ ਵਿੱਚ ਨਾਰੀ ਚੇਤਨਾ ਦੇ ਤੌਰ 'ਤੇ ਅਗਰਸਰ ਹੁੰਦੀ ਦਿਸਦੀ ਹੈ। ਇਸ ਸਬੰਧੀ ਧਨਵੰਤ ਕੌਰ ਲਿਖਦੀ ਹੈ, "ਸਮਕਾਲੀ ਪੰਜਾਬੀ ਕਹਾਣੀ ਬਾਰੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਇਸਦਾ ਮੁੱਖ ਆਕਰਸ਼ਣ ਔਰਤ/ਚੇਤਨਾ ਹੈ। ਔਰਤ ਦੇ ਅਤਿ ਨਿੱਜੀ, ਅਤਿ ਰੁਮਾਂਚਕਾਰੀ ਅਤੇ ਅਤਿ ਅਧੁਘਾਟਨੀ ਅਨੁਭਵ ਜਿਸ ਕਿਸਮ ਨਾਲ ਅਤੇ ਜਿੰਨੀ ਤਦਾਦ ਵਿੱਚ ਕਹਾਣੀ ਦਾ ਵਿਸ਼ਾ ਬਣ ਰਿਹਾ, ਉਨਾਂ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ।"[11]

ਗੁਰੂ ਨਾਨਕ ਦੇਵ ਜੀ ਨੇ ਵੀ ਨਾਰੀ ਪ੍ਰਤੀ ਕਿਹਾ ਹੈ ਕਿ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਨ'। ਅਰਥਾਤ ਉਸ ਔਰਤ ਨੂੰ ਬੁਰਾ ਭਲਾ ਨਹੀਂ ਕਹਿਣਾ ਚਾਹੀਦਾ ਜਿਸਨੇ ਵੱਡੇ-ਵੱਡੇ ਰਾਜਿਆਂ ਮਹਾਰਾਜਿਆਂ ਨੂੰ ਜਨਮ ਦਿੱਤਾ ਹੈ। ਪੰਜਾਬੀ ਸਾਹਿਤ ਵਿੱਚ ਜੇਕਰ ਨਾਰੀ ਲੇਖਕਾਂ ਬਾਰੇ ਗੱਲ ਕਰੀਏ ਤਾਂ ਨਾਰੀ ਲੇਖਕਾਂ ਦਾ ਯੋਗਦਾਨ ਗਿਣਾਤਮਕ ਪੱਖ ਤੋਂ ਭਾਵੇਂ ਘੱਟ ਹੈ ਪਰ ਗੁਣਾਤਤਮਕ ਪੱਖ ਤੋਂ ਨਾਰੀ ਲੇਖਕਾਂ ਦੀ ਭੂਮਿਕਾ ਕਾਬਿਲ-ਏ-ਤਾਰੀਫ਼ ਹੈ। ਜਿਵੇਂ- ਅੰਮਿਤਾ ਪ੍ਰੀਤਮ, ਪ੍ਰਭਜੋਤ ਕੌਰ, ਅਜੀਤ ਕੌਰ, ਬਲਜੀਤ ਕੌਰ ਬਲੀ, ਵਨੀਤਾ, ਵੀਨਾ ਵਰਮਾ, ਚੰਦਨ ਨੇਗੀ, ਮਨਜੀਤ ਪਾਲ ਕੌਰ,ਦਲੀਪ ਕੌਰ ਟਿਵਾਣਾ ਆਦਿ। ਇਹਨਾਂ ਨਾਰੀ ਲੇਖਕਾਂ ਦੀਆਂ ਰਚਨਾਵਾਂ ਅਤੇ ਵਿਸ਼ਿਆਂ ਦਾ ਵਿਸ਼ਲੇਸ਼ਣ ਕੀਤਿਆਂ ਪਤਾ ਲਗਦਾ ਹੈ ਕਿ ਇਹਨਾਂ ਨੇ ਨਾਰੀ ਚੇਤਨਾ ਅਤੇ ਨਾਰੀ ਵੇਦਨਾ ਉੱਪਰ ਲਿਖਿਆ।

ਅਜੋਕੀ ਪੰਜਾਬੀ ਕਹਾਣੀ ਵਿੱਚ ਜੇਕਰ ਨਾਰੀਵਾਦ ਦੀ ਗੱਲ ਕਰੀਏ ਤਾਂ ਕਹਾਣੀਕਾਰ ਤਲਵਿੰਦਰ ਸਿੰਘ ਦੀਆਂ ਕਹਾਣੀਆਂ ਵਿਚਲੀਆਂ ਔਰਤਾਂ ਆਪਣੇ ਹੱਕਾਂ ਲਈ ਜਾਗਰੂਕ ਦਿਸਦੀਆਂ ਹਨ। 'ਵਿਚਲੀ ਔਰਤ' ਕਹਾਣੀ ਵਿੱਚ ਪਾਤਰ ਰਵਿੰਦਰ ਦਾ ਪਤੀ ਮਰ ਜਾਂਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਇਸ ਸੰਸਾਰਕ-ਮੰਡਲ ਵਿੱਚੋਂ ਕੱਢ ਕੇ ਆਪਣੇ-ਆਪ ਨੂੰ ਰਹੱਸਮਈ ਵਾਤਾਵਰਨ ਵਿੱਚ ਵਿਅਸਤ ਕਰਨਾ ਲੋਚਦੀ ਹੈ, ਪਰ ਰਵਿੰਦਰ ਵਿਚਲੀ ਔਰਤ ਉਸਨੂੰ ਉਸਦੇ ਮਨਸੂਬੇ ਵਿੱਚ ਸਫ਼ਲ ਨਹੀਂ ਹੋਣ ਦਿੰਦੀ। ਇਹ ਕਹਾਣੀ ਮਨੋਵਿਗਿਆਨਕ ਵਿਸ਼ੇ ਉੱਪਰ ਅਧਾਰਿਤ ਹੈ ਪ੍ਰੰਤੂ ਪਤੀ ਬਾਹਰੋਂ ਔਰਤ ਦੀ ਤ੍ਰਾਸਦੀ ਨੂੰ ਵੀ ਵਿਅਕਤ ਕਰਦੀ ਹੈ ਅਤੇ ਮਰਦ ਪਰਧਾਨ ਸਮਾਜ ਵਿੱਚ ਔਰਤ ਦੇ ਸਿਰ ਦੇ ਸਾਈਂ ਦੇ ਉਠ ਜਾਣ ਤੋਂ ਬਾਅਦ ਜਿਵੇਂ ਇਕ ਮਰਦ ਔਰਤ ਦੇ ਸਾਥ ਲਈ ਔਰਤ ਦੀ ਭਾਲ ਕਰਦਾ ਹੈ, ਉਸੇ ਤਰ੍ਹਾਂ ਔਰਤ ਨੂੰ ਵੀ ਮਰਦ ਦੇ ਸਾਥ ਦੀ ਜ਼ਰੂਰਤ ਹੁੰਦੀ ਹੈ। ਜਿਹੜਾ ਕਿ ਸਭਿਆਚਾਰਕ ਕਾਰਨਾਂ ਕਰਕੇ ਉਸਨੂੰ ਨਹੀਂ ਦਿੱਤਾ ਜਾਂਦਾ। ਪੰਜਾਬੀ ਸੱਭਿਆਚਾਰ ਵਿੱਚ ਪਤੀ ਦੇ ਮਰ ਜਾਣ ਤੋਂ ਬਾਅਦ ਜੇਕਰ ਸਬੰਧਿਤ ਔਰਤ ਕਿਸੇ ਹੋਰ ਮਰਦ ਦਾ ਸਾਥ ਮਾਣਦੀ ਹੈ ਤਾਂ ਉਸਨੂੰ ਪੰਜਾਬੀ ਸਭਿਆਚਾਰ ਦੇ ਮੁਤਾਬਕ ਬਦਚਲਨ ਕਿਹਾ ਜਾਂਦਾ ਹੈ ਜੋ ਕਿ ਉਸਦੀ ਸ਼ਰੀਰਕ ਅਤੇ ਕੁਦਰਤੀ ਲੋੜ ਹੈ।

ਸਰੂਪ ਸਿਆਲਵੀ ਦੀਆਂ ਕਹਾਣੀਆਂ ਰੇਪ, ਨੇੜਿਉਂ ਨੇੜੇ ਦੂਰੋਂ ਦੂਰ, ਮੋਨਾਇਜ਼ਾ ਵੀ ਔਰਤ ਦੀ ਅਜੋਕੀ ਮਨੋਦਸ਼ਾ ਨੂੰ ਬਿਆਨ ਕਰਦੀਆਂ ਹਨ। ਜਿਸ ਵਿੱਚ ਔਰਤ ਆਪਣੇ ਹੱਕਾਂ ਵੱਲ ਅਗਰਸਰ ਹੁੰਦੀ ਵਿਖਾਈ ਗਈ ਹੈ। 'ਮੈਂ ਆਕੀ ਹਾਂ' ਕਹਾਣੀ ਵਿੱਚ ਸਰੂਪ ਸਿਆਲਵੀ ਮੁੱਖ ਪਾਤਰ ਨੂੰ ਮਰਦਾਂ ਦੇ ਬਰਾਬਰ

ਦੀ ਹਿੰਮਤੀ, ਸਾਹਸਭਰੀ, ਮਜ਼ਬੂਤ ਅਤੇ ਨਿੱਡਰ ਔਰਤ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਕਹਾਣੀ ਵਿੱਚ ਅਕਵਿੰਦਰ ਕੌਰ ਇਹ ਸਾਬਤ ਕਰਦੀ ਹੈ ਕਿ ਮੈਂ ਕਿਸੇ ਵੀ ਪੱਖ ਤੋਂ ਮਰਦਾਂ ਤੋਂ ਪਿੱਛੇ ਨਹੀਂ ਹਾਂ ਅਤੇ ਹਰ ਮੋੜ, ਹਰ ਰਸਤੇ, ਹਰ ਗਲੀ ਉੱਤੇ ਮੈਂ ਮਰਦਾ ਦਾ ਮੁਕਾਬਲਾ ਕਰਨ ਦੇ ਸਮੱਰਥ ਹਾਂ। ਇਹ ਕਹਾਣੀ ਮਰਦ ਪ੍ਰਧਾਨ ਸਮਾਜ ਦੇ ਅਖੌਤੀ ਸਭਿਆਚਾਰਕ ਅਡੰਬਰਾਂ ਨੂੰ ਨਕਾਰਦੀ ਹੋਈ ਔਰਤ ਦੀ ਸਥਿਤੀ ਨੂੰ ਸਭਿਆਚਾਰਕ ਤੌਰ ਉੱਤੇ ਹਾਵੀ ਕਰਦੀ ਹੈ।

'ਸ਼ੀਲੋ' ਕਹਾਣੀ ਨਾਰੀ ਵੇਦਨਾ ਨਾਲ ਸਬੰਧਤ ਕਹਾਣੀ ਹੈ। ਇਸ ਕਹਾਣੀ ਵਿੱਚ ਸ਼ੀਲੋ ਨੂੰ ਆਪਣੇ ਔਰਤ ਹੋਣ ਦਾ ਅਹਿਸਾਸ ਹੁੰਦਾ ਪ੍ਰਤੀਤ ਹੁੰਦਾ ਹੈ। ਇਕ ਫੌਜੀ ਨਾਲ ਵਿਆਹੀ ਹੋਣ ਕਰਕੇ ਉਹ ਆਪਣੀਆਂ ਮਾਨਸਿਕ ਲੋੜਾਂ ਦੀ ਪੂਰਤੀ ਲਈ ਛੋਟੇ ਦਿਉਰ ਨਾਲ ਆਪਣਾ ਸ਼ਰੀਰਕ ਸਬੰਧ ਕਾਇਮ ਕਰਦੀ ਹੈ ਜੋ ਸ਼ੀਲਾ ਦੀ ਮਾਨਸਿਕ ਪੂਰਤੀ ਦਾ ਸਾਧਨ ਹੈ ਪ੍ਰੰਤੂ ਜਦੋਂ ਸ਼ੀਲਾ ਨਾਲ ਉਸਦਾ ਸਹੁਰਾ ਜ਼ਬਰੀ ਸ਼ਰੀਰਕ ਸਬੰਧ ਕਾਇਮ ਕਰਦਾ ਹੈ ਤਾਂ ਸ਼ੀਲਾ ਆਪਣੇ ਔਰਤ ਹੋਣ ਉੱਤੇ ਰੋਸ ਪ੍ਰਗਟ ਕਰਦੀ ਹੈ, ਜੋ ਉਸਨੂੰ ਅੱਗੇ ਜਾ ਕੇ ਜਿਸਮ ਫਿਰੋਸ਼ੀ ਵਰਗੇ ਧੰਦੇ ਲਈ ਰਸਤਾ ਖੋਲ ਦਿੰਦੀ ਹੈ।

ਨਿਰਮਲ ਜਸਵਾਲ ਇਕ ਚਰਚਿਤ ਕਹਾਣੀਕਾਰਾ ਹੈ, ਜਿਸ ਨੇ ਆਪਣੇ ਪ੍ਰਥਮ ਕਹਾਣੀ ਸੰਗ੍ਰਹਿ 'ਚੁੱਪ ਜਿਹੀ ਕੁੜੀ' ਨਾਲ ਆਪਣੀ ਵੱਖਰੀ ਪਹਿਚਾਣ ਬਣਾਈ। ਨਿਰਮਲ ਜਸਵਾਲ ਦੀਆਂ ਕਹਾਣੀਆਂ ਦੀ ਪਰਖ-ਪੜਚੋਲ ਕਰਕੇ ਪਤਾ ਲਗਦਾ ਹੈ ਕਿ ਆਪ ਨੇ ਔਰਤ ਦੀ ਹੋਂਦ, ਔਰਤ-ਮਰਦ ਦੇ ਸਬੰਧ, ਮਰਦ ਦੀ ਬੇਵਫਾਈ, ਸੰਤੁਸ਼ਟੀ-ਅਸੰਤੁਸ਼ਟੀ, ਨਾਰੀ ਚੇਤਨਾ, ਔਰਤ ਦਾ ਇਕਲਾਪਾ, ਸੱਭਿਆਚਾਰਕ ਰੂੜ੍ਹੀਆਂ ਵਿੱਚ ਫਸੀ ਔਰਤ ਦੇ ਬੱਝਵੇਂ ਰਿਸ਼ਤੇ, ਸਮਾਜਿਕ ਬੰਧਨ ਆਦਿ ਪੱਖਾਂ ਆਧਾਰਿਤ ਆਪਣੀਆਂ ਕਹਾਣੀਆਂ ਲਿਖੀਆਂ। ਨਿਰਮਲ ਜਸਵਾਲ ਦੀਆਂ ਗੂੰਗੀਆਂ, ਅੱਧੀ ਕੰਧ, ਗਾਰਸਾ, ਰੇਤ ਦਾ ਰਿਸ਼ਤਾ, ਕੰਡਿਆਲੀ, ਅਧੀਨ, ਤਿਲਕਣ, ਕਾੱਕਟੇਲ ਕਹਾਣੀਆਂ ਉਪਰੋਕਤ ਵਿਸ਼ਿਆਂ ਨਾਲ ਸਬੰਧਿਤ ਕਹਾਣੀਆਂ ਹਨ, ਜੋ ਨਾਰੀਵਾਦ, ਨਾਰੀ ਵੇਦਨਾ, ਨਾਰੀ ਚੇਤਨਾ ਆਦਿ ਵਿਚਾਰਧਾਰਾ ਨਾਲ ਜੁੜੀਆਂ ਹੋਈਆਂ ਹਨ।

ਸੁਖਜੀਤ ਵੀ ਸਮਕਾਲੀ ਕਹਾਣੀਕਾਰ ਹੈ ਜਿਸ ਨੇ ਵੀ ਆਪਣੀਆਂ ਕਹਾਣੀਆਂ ਰਾਹੀਂ ਔਰਤ ਦੇ ਮਨ ਦੇ ਡੂੰਘੇ ਵਹਿਣਾਂ ਵਿੱਚ ਵਹਿਕੇ ਉਸਦੀਆਂ ਅੰਦਰੂਨੀਆਂ ਸੰਵੇਦਨਾਵਾਂ ਨੂੰ ਆਪਣੀਆਂ ਕਹਾਣੀਆਂ ਦੇ ਵਿਸ਼ੇ ਵਜੋਂ ਵਰਤਿਆ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਔਰਤ ਦੇ ਮਨ ਦੀ ਸਥਿਤੀ ਨੂੰ ਬਿਰਤਾਂਤਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੁਖਜੀਤ ਦੀ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਇਕ ਚਰਚਿਤ ਨਾਰੀਵਾਦੀ ਸਿਧਾਂਤ ਉੱਤੇ ਆਧਾਰਿਤ ਕਹਾਣੀ ਹੈ ਜਿਸ ਰਾਹੀਂ ਸੁਖਜੀਤ ਨੇ ਔਰਤ ਦੇ ਹੁੰਦੇ ਰੋਜ਼ਾਨਾ ਰੇਪ ਨੂੰ ਇੰਜੁਆਏ ਕਰਦੇ ਦਰਸਾਇਆ ਹੈ। ਇਹ ਰੇਪ ਔਰਤ ਦੀ ਉਸ ਗੁਲਾਮੀ ਦਾ ਪ੍ਰਤੀਕ ਹੈ ਜਿਸ ਵਿੱਚ ਔਰਤ ਸਰੀਰਕ ਤੌਰ ਤੇ ਤਾਂ ਮਰਦ ਨਾਲ ਸਰੀਰਕ ਸਬੰਧ ਬਣਾ ਰਹੀਂ ਹੁੰਦੀ ਹੈ ਪਰ ਮਾਨਸਿਕ ਤੌਰ ਤੇ ਔਰਤ ਨੂੰ ਇਹ ਸਭ ਇਕ ਰੇਪ ਹੀ ਲਗਦਾ ਹੈ ਕਿਉਂਕਿ ਔਰਤ ਦੇ ਸਰੀਰ ਨਾਲ ਜੁੜਨ ਤੋਂ ਭਾਵ ਹੈ ਔਰਤ ਦੇ ਮਨ ਨੂੰ ਵੀ ਆਪਣਾ ਬਣਾਉਣਾ।

ਅਖ਼ੀਰ ਅਸੀਂ ਕਹਿ ਸਕਦੇ ਹਾਂ ਕਿ ਨਾਰੀਵਾਦ ਔਰਤਾਂ ਦੇ ਹੱਕ ਪ੍ਰਤੀ ਸੁਚੇਤ ਇੱਕ ਅਜਿਹੀ ਵਿਚਾਰਧਾਰਾ ਹੈ ਜਿਹੜੀ ਪੱਛਮ ਵਿੱਚ ਉੱਭਰੀ ਅਤੇ ਹੌਲੀ-ਹੌਲੀ ਆਪਣਾ ਗਲਬਾ ਵਿਸ਼ਵੀ ਸਾਹਿਤ ਉੱਪਰ ਸਥਾਪਿਤ ਕਰ ਚੁੱਕੀ ਹੈ। ਨਾਰੀ ਜੋ ਸਮਾਜ ਦੀ ਉਤਪਤੀ ਦਾ ਆਧਾਰ ਹੈ ਨੂੰ ਉਹਨਾਂ ਦੇ ਬਣਦੇ ਹੱਕਾਂ ਪ੍ਰਤੀ ਸੁਚੇਤ, ਉਹਨਾਂ ਦੀਆਂ ਭਾਵਨਾਵਾਂ, ਸੰਵੇਦਨਾਵਾਂ ਨਾਲ ਹੁੰਦੇ ਖਿਲਵਾੜ, ਔਰਤਾਂ ਨੂੰ

ਸਮਾਜਕ ਬਰਾਬਰੀ ਦੀ ਥਾਵੇਂ ਹਾਸ਼ੀਏ ਉੱਪਰ ਸੁੱਟਣਾ, ਸੱਭਿਆਚਾਰਕ ਦਬਾਵਾਂ ਪ੍ਰਤੀ ਜ਼ਿੰਦਗੀ ਜਿਉਣਾ, ਉਸਨੂੰ ਇੱਕ ਵਰਤਣ ਵਾਲੀ ਵਸਤੂ ਬਣਾ ਕੇ ਰੱਖਣਾ ਆਦਿ ਨਾਰੀ ਪੱਖਾਂ ਉੱਪਰ ਚਰਚਾ ਕਰਦਾ ਹੈ ਅਤੇ ਨਾਰੀ ਨੂੰ ਸੁਚੇਤ ਕਰਦਾ ਹੈ। ਜੇਕਰ ਪੰਜਾਬੀ ਸਾਹਿਤ ਦੀ ਗੱਲ ਕਰੀਏ ਖਾਸਕਰ ਅਜੋਕੀ ਪੰਜਾਬੀ ਕਹਾਣੀ ਦੀ ਤਾਂ ਅੱਜ ਦੀ ਪੰਜਾਬੀ ਕਹਾਣੀ ਨਾਰੀਵਾਦ ਦੇ ਸਿਧਾਂਤਾ ਉੱਪਰ ਖੜ੍ਹਦੀ ਨਜ਼ਰੀ ਪੈਂਦੀ ਹੈ। ਜਿਸ ਵਿੱਚ ਔਰਤ ਦੀਆਂ ਵੱਖ-ਵੱਖ ਸਮਾਜਿਕ ਬੰਦਸ਼ਾ, ਰੋਕਾਂ, ਔਰਤਾਂ ਉੱਪਰ ਹੁੰਦੇ ਸਭਿਆਚਾਰਕ ਹਮਲੇ ਆਦਿ ਪੱਖ ਉਜਾਗਰ ਹੁੰਦੇ ਹਨ। ਕਹਾਣੀਕਾਰ ਤਲਵਿੰਦਰ, ਸਰੂਪ ਸਿਆਲਵੀ, ਨਿਰਮਲ ਜਸਵਾਲ, ਸੁਖਜੀਤ ਆਦਿ ਦੀਆਂ ਕਹਾਣੀਆਂ ਵਿੱਚ ਔਰਤ ਦੇ ਉਪਰੋਕਤ ਮਮਲਿਆਂ ਸਬੰਧੀ ਚਰਚਾ ਛੇੜੀ ਗਈ ਹੈ।

ਅਜੋਕੀ ਪੰਜਾਬੀ ਕਹਾਣੀ ਨਾਰੀਵਾਦ ਦੇ ਵਿਸ਼ਿਆਂ ਸਬੰਧੀ ਆਪਣਾ ਗਲਬਾ ਪਸਾਰ ਕੇ ਆਪਣਾ ਅਸਰ-ਰਸੂਖ਼ ਸਥਾਪਤ ਕਰ ਗਈ ਹੈ, ਜੋ ਕਿ ਸੰਪੂਰਨ ਨਾਰੀਵਾਦ ਜਾਂ ਔਰਤ ਜਾਤੀ ਪ੍ਰਤੀ ਇੱਕ ਸ਼ੁਭ-ਸੰਕੇਤ ਹੈ। (ਖੋਜਾਰਥੀ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ।)

## ਹਵਾਲੇ

1. ਬੇਅੰਤ ਕੌਰ(ਡਾ), ਨਾਰੀਵਾਦ ਚਿੰਤਨਃ ਪਰਿਪੇਖ ਤੇ ਵਿਹਾਰ, ਨਵਚੇਤਨ ਪਬਲੇਸ਼ਰਜ, ਨਵੀਂ ਦਿੱਲੀ, 2001, ਪੰਨਾਃ 13

2. ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, ਨਾਰੀਵਾਦ ਤੇ ਸਾਹਿਤ ਸਮੀਖਿਆ, ਆਬ ਪਬਲੀਕੇਸ਼ਨਜ਼, ਸਮਾਣਾ/ਲੁਧਿਆਣਾ, 2013, ਪੰਨਾ-23

3. ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, ਨਾਰੀਵਾਦ ਤੇ ਸਾਹਿਤ ਸਮੀਖਿਆ, ਆਬ ਪਬਲੀਕੇਸ਼ਨਜ਼, ਸਮਾਣਾ/ਲੁਧਿਆਣਾ, 2013, ਪੰਨਾ-26

4. ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, ਨਾਰੀਵਾਦ ਤੇ ਸਾਹਿਤ ਸਮੀਖਿਆ, ਆਬ ਪਬਲੀਕੇਸ਼ਨਜ਼, ਸਮਾਣਾ/ਲੁਧਿਆਣਾ, 2013, ਪੰਨਾ-23

5. ਵਨੀਤਾ (ਡਾ), ਨਾਰੀਵਾਦ ਤੇ ਸਾਹਿਤ, ਅੰਜਤਾ ਬੁਕਸ ਇੰਟਰਨੈਸ਼ਨਲ, 2000, ਪੰਨਾ-10

6. ਵਨੀਤਾ (ਡਾ), ਨਾਰੀਵਾਦ ਤੇ ਸਾਹਿਤ, ਅੰਜਤਾ ਬੁਕਸ ਇੰਟਰਨੈਸ਼ਨਲ, 2000, ਪੰਨਾ-13

7. ਵਨੀਤਾ (ਡਾ), ਨਾਰੀਵਾਦ ਤੇ ਸਾਹਿਤ, ਅੰਜਤਾ ਬੁਕਸ ਇੰਟਰਨੈਸ਼ਨਲ, 2000, ਪੰਨਾ-13

8. ਵਨੀਤਾ (ਡਾ), ਨਾਰੀਵਾਦ ਤੇ ਸਾਹਿਤ, ਅੰਜਤਾ ਬੁਕਸ ਇੰਟਰਨੈਸ਼ਨਲ, 2000, ਪੰਨਾ-13

9. ਵਨੀਤਾ (ਡਾ), ਨਾਰੀਵਾਦ ਤੇ ਸਾਹਿਤ, ਅੰਜਤਾ ਬੁਕਸ ਇੰਟਰਨੈਸ਼ਨਲ, 2000, ਪੰਨਾ-29

10. ਵਨੀਤਾ (ਡਾ), ਨਾਰੀਵਾਦ ਤੇ ਸਾਹਿਤ, ਅੰਜਤਾ ਬੁਕਸ ਇੰਟਰਨੈਸ਼ਨਲ, 2000, ਪੰਨਾ-23

11.ਉਧਰਿਤ, ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, ਨਾਰੀਵਾਦ ਤੇ ਸਾਹਿਤ ਸਮੀਖਿਆ, ਆਬ ਪਬਲੀਕੇਸ਼ਨਜ਼, ਸਮਾਣਾ/ਲੁਧਿਆਣਾ, 2013, ਪੰਨਾ-135


Year:12 Issue No.47
'KAHANI DHARA'(PUNJABI QUARTERLY) Oct.-Dec.,2017 R.N.I. Regd No. PUN PUN 2006/19971


**ਪੁਸਤਕਾਂ ਮੰਗਵਾਉਣ ਲਈ Whats App ਨੰਬਰ 94170-64350 ਤੇ ਆਪਣਾ ਡਾਕ ਪਤਾ ਭੇਜੋ**

'ਪਰਵਾਜ਼ ਪ੍ਰਕਾਸ਼ਨ' ਵੱਲੋਂ ਪ੍ਰਕਾਸ਼ਤ ਪੰਜ ਕਿਤਾਬਾਂ ਦਾ ਸੈਟ ਜਿਸ ਦੀ ਅਸਲ ਕੀਮਤ 1250 ਰੁਪਏ ਹੈ। 'ਕਹਾਣੀ ਧਾਰਾ' ਦੇ ਪਾਠਕਾਂ ਨੂੰ ਕੇਵਲ 500 ਰੁਪਏ ਵਿਚ ਦਿੱਤਾ ਜਾਵੇਗਾ। ਡਾਕ ਖਰਚ ਵੱਖਰਾ ਹੋਵੇਗਾ। ਸੁੰਦਰ ਦਿੱਖ, ਉੱਤਮ ਕਾਗਜ਼ ਤੇ ਨਿੱਗਰ ਸਮੱਗਰੀ ਨਾਲ ਭਰਪੁਰ ਹਨ ਇਹ ਪੁਸਤਕਾਂ

1. ਜ਼ਲਾਲਤ (ਸਵੈ ਜੀਵਨੀ) ਪੰਨੇ:96 ਮੁੱਲ:180
2. ਮੈਂ ਸ਼ੈਤਾਨ ਤੇ ਇੰਦੂਮਣੀ (ਕਹਾਣੀ ਸੰਗ੍ਰਹਿ) ਪੰਨੇ :144 ਮੁੱਲ:180 ਰੁਪਏ
3. ਪੰਜਾਬੀ ਦਲਿਤ ਕਹਾਣੀ (ਆਲੋਚਨਾ) ਪੰਨੇ :208 ਮੁੱਲ: 330
4. ਸਰੂਪ ਸਿਆਲਵੀ ਬਿਰਤਾਂਤ ਤੇ ਵਿਚਾਰਧਾਰਾ (ਆਲੋਚਨਾ) ਪੰਨੇ:182 ਮੁੱਲ:200
5. ਦਲਿਤ ਸਮਾਜ (ਲੇਖ ਸੰਗ੍ਰਹਿ) ਪੰਨੇ:288 ਮੁੱਲ:280











'ਪਰਵਾਜ਼ ਪ੍ਰਕਾਸ਼ਨ' ਵੱਲੋਂ ਪ੍ਰਕਾਸ਼ਤ ਕੀਤੀਆਂ ਗਈਆਂ ਚਾਰ ਬਿਲਕੁੱਲ ਨਵੀਆਂ ਪੁਸਤਕਾਂ। ਇਹ ਪੁਸਤਕਾਂ 630 ਰੁਪਏ ਮੁੱਲ ਦੀਆਂ ਹਨ। 'ਕਹਾਣੀ ਧਾਰਾ' ਦੇ ਪਾਠਕਾਂ ਨੂੰ ਚਾਰ ਕਿਤਾਬਾਂ ਦਾ ਸੈਟ ਕੇਵਲ 250 ਰੁਪਏ ਵਿਚ ਦਿੱਤਾ ਜਾਵੇਗਾ। ਡਾਕ ਖਰਚ ਵੱਖਰਾ ਹੋਵੇਗਾ। ਸੁੰਦਰ ਦਿੱਖ, ਉੱਤਮ ਕਾਗਜ਼ ਤੇ ਨਿੱਗਰ ਸਮੱਗਰੀ ਨਾਲ ਭਰਪੁਰ ਹਨ ਇਹ ਪੁਸਤਕਾਂ-

1. ਚਾਰ ਤੱਤ ਦਾ ਪੁਤਲਾ (ਕਹਾਣੀ ਸੰਗ੍ਰਹਿ) ਪੰਨੇ:160 ਮੁੱਲ:200
ਸਰੂਪ ਸਿਆਲਵੀ ਦੀਆਂ ਭਾਰਤੀ ਦਰਸ਼ਨ ਦੀ ਬਾਤ ਪਾਉਂਦੀਆਂ ਕਹਾਣੀਆਂ
2. ਦਿਸ਼ਾ (ਨਾਵਲ) ਪੰਨੇ :96 ਮੁੱਲ:80 ਰੁਪਏ
ਕੇਵਲ ਸਿੰਘ ਪਰਵਾਨਾ ਦਾ ਅੰਤਰਜਾਤੀ ਦੀਆਂ ਪਰਤਾਂ ਖੋਹਲਦਾ ਨਾਵਲ
3. ਦਿਲਦਾਰ ਗੀਤਕਾਰ (ਰੇਖਾ ਚਿੱਤਰ) ਪੰਨੇ :168 ਮੁੱਲ: 200
ਅਵਿਨਾਸ਼ ਜੱਜ ਵੱਲੋਂ ਪੰਜਾਬੀ ਗੀਤਕਾਰਾਂ ਦੇ ਰੇਖਾ ਚਿੱਤਰਾ ਦੀ ਪੁਸਤਕ
4. ਕਿਉਂਕਿ ਮੇਰੀ ਭਰੂਣ ਹੱਤਿਆ ਨਹੀਂ ਹੋਈ (ਲੇਖ) ਪੰਨੇ:160 ਮੁੱਲ:150
ਗੁਣਜੋਤ ਸਿੰਘ ਬੇਦੀ ਵੱਲੋਂ ਸੰਪਾਦਤ ਭਰੂਣ ਹੱਤਿਆ ਸਬੰਧੀ ਵੱਖ ਵੱਖ ਔਰਤਾਂ ਵੱਲੋਂ ਲਿਖੇ ਲੇਖਾਂ ਦਾ ਸੰਗ੍ਰਹਿ

ਪਰਵਾਜ਼ ਪ੍ਰਕਾਸ਼ਨ
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350

Parwaz Parkashan
E.mail:
parwazparkashan@gmail.com
Mob. 94170-64350